ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

| ਸਾਲ : ਸਤਾਰ੍ਹਾਂ | ਪੂ : ਲੜੀ : ਅਠਾਹਠ | ਅਕਤੂਬਰ-ਦਸੰਬਰ, 2014 |
|---|---|---|


*ਸੰਪਾਦਕ*

**ਜਿੰਦਰ**

984, Rajput Nagar, Model House,
Near Surinder Welding Works, Jalandhar-144003
Mobile : 98148 03254
Email : saifsm20@yahoo.com
jinder340@gmail.com

*ਸੰਪਾਦਕੀ ਮੰਡਲ*

**ਹਰਜੀਤ ਅਟਵਾਲ**

Email: harjeetatwal@yahoo.co.uk
harjeetatwal@gmail.com
Mobile : 00447782-265726

**ਹਰਮਹਿੰਦਰ ਚਹਿਲ**

Email : chahals57@yahoo.com
Ph. 001-703-362-3239

**ਪ੍ਰੇਮ ਮਾਨ**

Ph. 001-860-983-5002
Email:premmann@yahoo.com

*Managing Editor*

**Shiv, Vinod Kumar**

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
984, Rajput Nagar, Model House,
Near Surinder Welding Works, Jalandhar-144003

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਪੰਜਾਬੀ ਸਮੀਖਿਆ ਦੀ ਉਮਰ ਵੀ ਆਧੁਨਿਕ ਪੰਜਾਬੀ ਸਾਹਿਤ ਕੁ ਜਿੰਨੀ ਹੈ। ਪਹਿਲੇ ਆਲੋਚਕਾਂ ਵਿਚੋਂ ਪ੍ਰੋ. ਪੂਰਨ ਸਿੰਘ ਦਾ ਨਾਂ ਵੀ ਲਿਆ ਜਾ ਸਕਦਾ ਹੈ। ਭਾਵੇਂ ਉਸ ਨੇ ਭਾਈ ਵੀਰ ਸਿੰਘ ਦੀ ਕਵਿਤਾ ਦੀ ਭਾਵੁਕ ਹੋ ਕੇ ਸਮੀਖਿਆ ਕੀਤੀ ਪਰ ਉਸ ਦੀ ਸਮੀਖਿਆ ਸਿਰਜਨਾਤਮਕ ਤੱਤਾਂ ਵਾਲੀ ਸੀ। ਭਾਈ ਵੀਰ ਸਿੰਘ ਬਾਰੇ ਬਾਵਾ ਬੁੱਧ ਸਿੰਘ ਨੇ ਵੀ ਲਿਖਿਆ। ਅਸਲ ਵਿਚ ਬਾਵਾ ਬੁੱਧ ਸਿੰਘ ਦੀ ਸਮੀਖਿਆ ਅਜੋਕੀ-ਸਮੀਖਿਆ ਦੇ ਮੁੱਢਲੇ ਯਤਨ ਕਹੇ ਜਾ ਸਕਦੇ ਸਨ। ਉਸ ਨੇ ਛੰਦਾਂ ਦੇ ਹਿਸਾਬ ਪੰਜਾਬੀ ਕਵਿਤਾ ਦੀ ਨਿਰਖ-ਪਰਖ ਕੀਤੀ। ਡਾ. ਬਲਬੀਰ ਸਿੰਘ, ਜੋ ਕਿ ਭਾਈ ਵੀਰ ਸਿੰਘ ਦਾ ਭਰਾ ਵੀ ਸੀ, ਨੇ ਰਚਨਾ ਨੂੰ ਅਲੰਕਾਰਾਂ ਰਾਹੀਂ ਪਛਾਣਨ ਦੀ ਕੋਸ਼ਿਸ਼ ਕੀਤੀ। ਉਹ ਪੰਜਾਬੀ ਸਾਹਿਤ ਦੀ ਸਮੀਖਿਆ ਪੁਰਾਣੇ ਕਾਵਿ-ਸ਼ਾਸਤਰਾਂ ਅਨੁਸਾਰ ਕਰਦਾ ਸੀ। ਡਾ. ਗੁਪਾਲ ਸਿੰਘ ਦਰਦੀ ਦੀ ਸਮੀਖਿਆ ਰੁਮਾਂਟਿਕ ਬ੍ਰਿਤੀ ਵਾਲੀ ਸੀ। ਉਹ ਦੇਖਦਾ ਕਿ ਕਵਿਤਾ ਦਾ ਰਚਨਾ ਦਾ ਪਾਠਕ 'ਤੇ ਕੀ ਪ੍ਰਭਾਵ ਪੈਂਦਾ ਹੈ ਤੇ ਉਸ ਦਾ ਜ਼ੋਰ ਸੀ ਕਿ ਰਚਨਾ ਕੀ ਕਹਿੰਦੀ ਹੈ। ਡਾ. ਤਾਰਨ ਸਿੰਘ ਤੇ ਡਾ. ਦੀਵਾਨ ਸਿੰਘ ਵਰਗੇ ਤਾਂ ਭਾਈ ਵੀਰ ਸਿੰਘ ਨੂੰ ਮਹਾਨ ਸਿੱਖ ਸਿੱਧ ਕਰਨ ਵਿਚ ਹੀ ਲੱਗੇ ਰਹੇ ਤੇ ਮਿੱਥਾਂ ਜਿਹੀਆਂ ਹੀ ਸਿਰਜਦੇ ਰਹੇ ਪਰ ਫਿਰ ਵੀ ਸਮੀਖਿਆ ਦੇ ਇਤਿਹਾਸ ਵਿਚ ਉਹਨਾਂ ਦੀ ਆਪਣੀ ਜਗ੍ਹਾ ਹੈ। ਪ੍ਰਿੰ. ਤੇਜਾ ਸਿੰਘ ਦੀ ਪੰਜਾਬੀ ਸਮੀਖਿਆ ਨੂੰ ਦੇਣ ਇਹ ਹੈ ਕਿ ਉਹ ਰਚਨਾ ਵਿਚ ਭਾਸ਼ਾ ਦੀ ਗੱਲ ਕਰਦਾ ਹੈ।

ਇਹਨਾਂ ਤੋਂ ਬਾਅਦ ਮਾਰਕਸਵਾਦੀ ਸਮੀਖਿਆ ਪ੍ਰਣਾਲੀ ਦਾ ਮੋਢੀ ਸੰਤ ਸਿੰਘ ਸੇਖੋਂ ਹੈ। ਉਸ ਨੇ ਕਿਸੇ ਮਿੱਥ ਦੀ ਵਜਾਏ ਵਿਗਿਆਨ ਨੂੰ ਤਰਜੀਹ ਦਿੱਤੀ। ਸੰਤ ਸਿੰਘ ਸੇਖੋਂ ਨੇ ਤਾਂ ਪੰਜਾਬੀ ਸਮੀਖਿਆ ਪ੍ਰਣਾਲੀ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ। ਉਹ ਜਦੋਂ ਭਾਈ ਵੀਰ ਸਿੰਘ ਦੀ ਗੱਲ ਕਰਦਾ ਹੈ ਤਾਂ ਵੀ ਮਾਰਕਸਵਾਦ ਨਾਲ ਲੈ ਕੇ ਚਲਦਾ ਹੈ। ਮਾਰਕਸਵਾਦ ਦੇ ਨਾਲ ਨਾਲ ਉਹ ਸਮੀਖਿਆ ਕਰਨ ਸਮੇਂ ਭਾਰਤੀ ਕਾਵਿ-ਸ਼ਾਸਤਰ ਦਾ ਸਹਾਰਾ ਵੀ ਲੈਂਦਾ ਹੈ। ਸੇਖੋਂ ਦੀ ਸਮੀਖਿਆ ਨੇ ਪੰਜਾਬੀ ਸਮੀਖਿਆਕਾਰਾਂ ਦੀ ਪੂਰੀ ਇਕ ਪੀੜ੍ਹੀ ਨੂੰ ਹੀ ਪ੍ਰਭਵਿਤ ਕੀਤਾ। ਸੇਖੋਂ ਦਾ ਸਮਕਾਲੀ ਹੀ ਪ੍ਰੋ. ਕਿਸ਼ਨ ਸਿੰਘ ਵੀ ਸੀ ਤੇ ਪ੍ਰੋ. ਕਿਸ਼ਨ ਸਿੰਘ ਸਦਾ ਹੀ ਸੇਖੋਂ ਦੇ ਵਿਰੋਧ ਵਿਚ ਵਿਚਾਰ ਦਿੰਦਾ ਰਿਹਾ। ਇਹਨਾਂ ਦੋਹਾਂ ਵਿਦਵਾਨਾਂ ਦੇ ਲਿਖੇ ਹੋਏ ਲੇਖ ਸਮਕਾਲੀ ਪਰਚਿਆਂ ਵਿਚ ਛਪਦੇ ਤੇ ਬੜੇ ਤਾਂਘ ਕੇ ਪੜ੍ਹੇ ਜਾਂਦੇ ਸਨ। ਅਸਲ ਵਿਚ ਸਮੀਖਿਆ ਦਾ ਉਹ ਸੁਨਹਿਰੀ ਦੌਰ ਸੀ। ਐਦਾਂ ਹੀ ਜਸਬੀਰ ਸਿੰਘ ਆਹਲੂਵਾਲੀਆ ਨੇ ਸਾਹਿਤ ਵਿਚੋਂ ਪ੍ਰਗਤੀਵਾਦੀ ਤੇ ਪ੍ਰਗਤੀਗਾਮੀ ਤੱਤ ਪਛਾਨਣੇ ਸ਼ੁਰੂ ਕੀਤੇ। ਵੈਸੇ ਜਸਬੀਰ ਸਿੰਘ ਆਹਲੂਵਾਲੀਆ ਦਾ ਬਹੁਤਾ ਵਾਹ ਪ੍ਰਯੋਗਸ਼ੀਲ ਲਹਿਰ ਨਾਲ ਰਿਹਾ ਹੈ।

ਅਤਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਆਧੁਨਿਕਤਾ ਦੇ ਸੰਕਲਪ ਦੀ ਦ੍ਰਿਸ਼ਟੀ ਰਾਹੀਂ ਦੇਖਿਆ। ਅਤਰ ਸਿੰਘ ਦੀ ਲੀਹ 'ਤੇ ਚਲਣ ਵਾਲਿਆਂ ਵਿਚ ਕਿਰਪਾਲ ਸਿੰਘ ਕਸੇਲ, ਹਰਨਾਮ ਸਿੰਘ ਨਾਜ਼, ਨਰਿੰਦਰਪਾਲ ਸਿੰਘ, ਜਸਵੰਤ ਸਿੰਘ ਜੱਸ, ਅਮਰਜੀਤ ਸਿੰਘ ਆਦਿ ਦੇ ਨਾਂ ਆਉਂਦੇ ਹਨ। ਇਹਨਾਂ ਦੇ ਸਮਕਾਲ ਵਿਚ ਸੁਰਿੰਦਰ ਸਿੰਘ ਨਰੂਲਾ, ਸੇਵਾ ਸਿੰਘ ਸੇਵਕ, ਹਰਨਾਮ ਸਿੰਘ ਸ਼ਾਨ, ਹਰਬੰਸ ਸਿੰਘ, ਦਲੀਪ ਸਿੰਘ ਦੀਪ, ਸੁਰਿੰਦਰ ਸਿੰਘ ਕੋਹਲੀ, ਮੇਵਾ ਸਿੰਘ ਤੁੰਗ, ਮਨਮੋਹਨ ਸਿੰਘ ਤੇ ਗੁਰਚਰਨ ਸਿੰਘ ਮਹਿਤਾ ਆਦਿ ਨੇ ਵੀ ਸਮੀਖਿਆ ਉਪਰ ਕਾਫੀ ਕੰਮ ਕੀਤਾ ਹੈ। ਤਰਲੋਕ ਸਿੰਘ ਕੰਵਰ ਰਚਨਾ ਨੂੰ ਰੁਪਾਂਤਕ ਦ੍ਰਿਸ਼ਦੀ ਤੋਂ ਪਰਖਦਾ ਹੋਇਆ ਵਿਗਿਆਨ ਦੀਆਂ ਲੀਹਾਂ 'ਤੇ ਚਲਦਾ

ਰਿਹਾ ਹੈ। ਉਸ ਨੇ ਸੰਰਚਨਾਵਾਦੀ ਵਿਧੀ ਵੀ ਅਪਣਾਈ ਹੈ। ਡਾ. ਸਤਿੰਦਰ ਸਿੰਘ ਨੂਰ ਨੇ ਵੀ ਸੰਰਚਨਾਵਾਦੀ ਵਿਧੀ ਅਪਣਾਉਂਦਿਆਂ ਕਵਿਤਾ ਵਿਚ ਆਉਂਦੇ ਖੱਪਿਆਂ ਦੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਡਾ. ਅਮਰੀਕ ਸਿੰਘ ਪੂਨੀ ਆਪਣੇ ਹਿਸਾਬ ਨਾਲ ਸਮੀਖਿਆ ਵਿਚ ਸਰਗਰਮ ਰਹੇ ਹਨ। ਡਾ. ਸਤਿੰਦਰ ਸਿੰਘ ਦੀ ਸਾਰੀ ਸਮੀਖਿਆ ਰੂਪ ਤੇ ਸਿਧਾਂਤ ਦੀ ਦ੍ਰਿਸ਼ਟੀ 'ਤੇ ਕੇਂਦਰਤ ਰਹੀ ਹੈ। ਇਹਨਾਂ ਸਭ ਤੋਂ ਉਪਰ ਤੇ ਸੇਖੋਂ ਤੋਂ ਬਾਅਦ ਜਿਹੜਾ ਪੰਜਾਬੀ ਸਮੀਖਿਆ ਵਿਚ ਮੀਲ ਪੱਥਰ ਬਣਦਾ ਹੈ ਉਹ ਹੈ ਡਾ. ਹਰਿਭਜਨ ਸਿੰਘ। ਡਾ. ਹਰਿਭਜਨ ਸਿੰਘ ਨੇ ਸਾਹਿਤ ਨੂੰ ਸੰਰਚਨਾਵਾਦ ਦੀ ਦ੍ਰਿਸ਼ਟੀ ਤੋਂ ਦੇਖਿਆ। ਉਸ ਨੇ ਭਾਸ਼ਾ ਵਿਗਿਆਨ ਨੂੰ ਆਧਾਰ ਬਣਾ ਕੇ ਵੀ ਸਮੀਖਿਆ ਕੀਤੀ ਹੈ। ਉਸ ਦੀ ਸਮੀਖਿਆ ਕਵੀ ਦੀ ਰਚਨਾ ਦੀ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਨਿਰਖ-ਪਰਖ ਕਰਦੀ ਹੈ ਤੇ ਭਾਸ਼ਾ ਵਿਗਿਆਨਕ ਮਾਡਲਾਂ ਦੇ ਆਧਾਰ 'ਤੇ ਰਚਨਾ ਵਿਚ ਕਾਰਜਸ਼ੀਲ ਨੇਮ-ਸਿਸਟਮ ਨੂੰ ਪਛਾਣਨ ਦਾ ਯਤਨ ਕਰਦੀ ਹੈ। ਡਾ. ਹਰਿਭਜਨ ਸਿੰਘ ਦੀ ਸਮੀਖਿਆ ਦ੍ਰਿਸ਼ਟੀ ਨੂੰ ਅੱਗੇ ਤੋਰਨ ਵਾਲਿਆਂ ਵਿਚ ਡਾ. ਹਰਭਜਨ ਸਿੰਘ ਭਾਟੀਆ, ਡਾ. ਦੇਵਿੰਦਰ ਕੌਰ, ਡਾ. ਮਨਜੀਤ ਸਿੰਘ, ਡਾ. ਮੋਹਨਜੀਤ, ਡਾ. ਮਨਜੀਤ ਕੌਰ, ਡਾ. ਨਰਿੰਦਰ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ। ਐਦਾਂ ਹੀ ਸਤਿੰਦਰ ਨੂਰ ਦੀ ਦ੍ਰਿਸ਼ਟੀ ਨੂੰ ਅੱਗੇ ਤੋਰਨ ਵਾਲਿਆਂ ਵਿਚ ਵਨੀਤਾ, ਅਮੀਆਂ ਕੁੰਵਰ, ਜਸਪਾਲ ਕੌਰ, ਹਰਚਰਨ ਕੌਰ ਆਦਿ ਦੇ ਨਾਂ ਲਏ ਜਾ ਸਕਦੇ ਹਨ। ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ ਸਮੀਖਿਆ ਪ੍ਰਣਾਲੀ ਨੂੰ ਅੱਗੇ ਤੋਰਨ ਵਾਲਿਆਂ ਦੀ ਵੀ ਲੰਮੀ ਲਿਸਟ ਹੈ ਜਿਵੇਂ ਕਿ ਡਾ. ਤੇਜਵੰਤ ਗਿੱਲ, ਡਾ. ਰਘਬੀਰ ਸਿੰਘ, ਡਾ. ਰਵਿੰਦਰ ਰਵੀ, ਡਾ. ਟੀ. ਆਰ. ਵਿਨੋਦ, ਡਾ. ਸਵਰਨ ਚੰਦਨ, ਡਾ. ਸੁਰਜੀਤ ਬਰਾੜ, ਡਾ. ਤੇਜਵੰਤ ਮਾਨ, ਡਾ. ਰਜਨੀਸ਼ ਬਹਾਦਰ ਤੇ ਕਈ ਹੋਰ। ਐਦਾਂ ਹੀ ਪੰਜਾਬੀ ਸਮੀਖਿਆ ਵਿਚ ਬਹੁਤ ਸਾਰੇ ਨਾਂ ਸਰਗਰਮ ਰਹੇ ਹਨ ਜਿਵੇਂ ਕਿ ਡਾ. ਬਲਕਾਰ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਹਰਸਿਮਰਨ ਸਿੰਘ ਰੰਧਾਵਾ, ਡਾ. ਰਮਿੰਦਰ ਕੌਰ, ਡਾ. ਹਰਚੰਦ ਸਿੰਘ ਬੇਦੀ, ਡਾ. ਗੁਰਪਾਲ ਸਿੰਘ ਸੰਧੂ, ਡਾ. ਧਨਵੰਤ ਕੌਰ, ਡਾ. ਮਨਜੀਤ ਕੌਰ ਸੰਧੂ, ਸੁਖਦੇਵ ਸਿੰਘ ਖਾਹਰਾ, ਸੁਖਦੇਵ ਸਿੰਘ, ਬ੍ਰਹਮ ਜਗਦੀਸ਼ ਸਿੰਘ, ਬਲਦੇਵ ਧਾਲੀਵਾਲ, ਸਰਬਜੀਤ ਸਿੰਘ, ਜਸਵਿੰਦਰ ਕੌਰ ਬਿੰਦਰਾ ਤੇ ਕੁਝ ਹੋਰ। ਇਹਨਾਂ ਤੋਂ ਬਾਅਦ ਨਵੀਂ ਪੀੜ੍ਹੀ ਦੇ ਵੀ ਕੁਝ ਨਾਂ ਸਾਹਮਣੇ ਆ ਰਹੇ ਹਨ ਜਿਵੇਂ ਕਿ ਸੁਰਜੀਤ ਸਿੰਘ, ਗੁਰਮਖ ਸਿੰਘ, ਗੁਰਜੀਤ ਸਿੰਘ ਸੰਧੂ, ਸੁਖਵਿੰਦਰ ਰੰਧਾਵਾ, ਰਵੀ ਰਵਿੰਦਰ, ਸੁਖਪਾਲ ਥਿੰਦ, ਪਰਮਜੀਤ ਸਿੰਘ, ਆਤਮ ਰੰਧਾਵਾ, ਜੇ. ਬੀ. ਸੇਖੋਂ ਤੇ ਜਗਦੀਪ ਸਿੰਘ ਆਦਿ। ਪਰ ਹਾਲਾਤ ਦੱਸਦੇ ਹਨ ਕਿ ਪੰਜਾਬੀ ਸਮੀਖਿਆ ਵਿਚ ਨਵੇਂ ਨਾਂ ਜੁੜਨ ਦੇ ਬਹੁਤੇ ਆਸਾਰ ਨਹੀਂ ਹਨ।

ਜੋ ਵੀ ਹੈ ਸੇਖੋਂ ਤੋਂ ਬਾਅਦ ਤੇ ਫਿਰ ਹਰਿਭਜਨ ਸਿੰਘ ਤੇ ਤਰਲੋਕ ਕੰਵਰ ਤੋਂ ਬਾਅਦ ਇਹਨਾਂ ਦੀ ਪੱਧਰ ਦਾ ਕੋਈ ਵੀ ਸਕੌਲਰ ਪੈਦਾ ਨਹੀਂ ਹੋਇਆ। ਹਰਿਭਜਨ ਸਿੰਘ ਵਰਗਿਆਂ ਨੇ ਰਿਸ਼ੀਆਂ ਵਾਂਗ ਸਾਰੀ ਉਮਰ ਚਿੰਤਨ ਨੂੰ ਦੇ ਦਿੱਤੀ। ਡਾ. ਰਵਿੰਦਰ ਰਵੀ ਤੋਂ ਜ਼ਰੂਰ ਆਸਾਂ ਬੱਝੀਆਂ ਸਨ ਪਰ ਉਹ ਜਨੂਨੀ ਤਾਕਤਾਂ ਦਾ ਸ਼ਿਕਾਰ ਹੋ ਗਿਆ। ਪਰ ਅੱਜ ਦੇ ਸਮੀਖਿਆਕਾਰਾਂ ਵਿਚ ਅਜਿਹਾ ਕੁਝ ਵੀ ਨਹੀਂ ਦਿੱਸ ਰਿਹਾ। ਕਿਸੇ ਨੇ ਹਰਿਭਜਨ ਸਿੰਘ ਵਰਗਾ ਤਾਂ ਕੀ ਬਣਨਾ ਹੈ ਕੋਈ ਉਸ ਦੇ ਨੇੜੇ ਤੇੜੇ ਵੀ ਨਹੀਂ ਪਹੁੰਚਦਾ। ਇਹ ਬਹੁਤ ਹੀ ਫਿਕਰ ਵਾਲੀ ਸਥਿਤੀ ਹੈ। ਅੱਜ ਦੀ ਸਮੀਖਿਆ ਵਿਚ ਕੋਈ ਸ਼ਿੱਦਤ ਤਾਂ ਹੈ ਹੀ ਨਹੀਂ। ਸਮੀਖਿਆਕਾਰਾਂ ਦਾ ਸਮੀਖਿਆ ਨਾਲ ਰੂਹ ਦਾ ਰਿਸ਼ਤਾ ਰਿਹਾ ਹੀ



ਨਹੀਂ। ਇਸ ਦੇ ਕਾਰਨ ਲੱਭਣ ਜਾਈਏ ਤਾਂ ਬਹੁਤੀ ਦੂਰ ਨਹੀਂ ਜਾਣਾ ਪੈਂਦਾ। ਇਸ ਦਾ ਵੱਡਾ ਕਾਰਨ ਤਾਂ ਮਿਹਨਤ ਤੋਂ ਕੰਨੀ ਕਤਰਾਉਣਾ ਹੀ ਹੈ। ਅੱਜ ਦੇ ਡਾਕਟਰਾਂ ਪ੍ਰੋਫੈਸਰਾਂ ਦੀ ਸਮੀਖਿਆ ਪ੍ਰਤੀ ਕੋਈ ਕਮਿਟਮੈਂਟ ਨਹੀਂ ਹੈ। ਉਹ ਜੋ ਕਰਦੇ ਹਨ ਆਪਣੀਆਂ ਨੌਕਰੀਆਂ ਨੂੰ ਮੂਹਰੇ ਰੱਖ ਕੇ ਕਰਦੇ ਹਨ। ਲੈਕਚਰਾਰ ਨੇ ਰੀਡਰ ਲਗਣਾ ਹੋਵੇ ਜਾਂ ਰੀਡਰ ਨੇ ਪ੍ਰੋਫੈਸਰ ਬਣਨਾ ਹੋਵੇ ਜਾਂ ਕਿਸੇ ਪ੍ਰੋਫੈਸਰ ਨੇ ਪ੍ਰਿੰਸੀਪਲ ਬਣਨਾ ਹੋਵੇ ਤਾਂ ਰਾਤੋ-ਰਾਤ ਆਲੋਚਨਾ ਦੀਆਂ ਕਿਤਾਬਾਂ ਲਿਖ ਕੇ ਛਪਵਾ ਮਾਰਦੇ ਹਨ ਕਿਉਂਕਿ ਛਪੀ ਹੋਈ ਕਿਤਾਬ ਦੇ ਨੌਕਰੀ ਦੇ ਮਾਮਲੇ ਵਿਚ ਕੁਝ ਨੰਬਰ ਹੁੰਦੇ ਹਨ। ਐਦਾਂ ਹੀ ਪੀਐਚ ਡੀ. ਕਰ ਕੇ ਹਟੇ ਮੁੰਡੇ ਵੀ ਨੰਬਰ ਲੈਣ ਲਈ ਕੱਚੀ-ਪਿਲੀ ਸਮੀਖਿਆ ਦੀ ਕਿਤਾਬ ਛਪਵਾ ਲੈਂਦੇ ਹਨ। ਐਦਾਂ ਹੀ ਲੇਖਕਾਂ-ਅਲੇਖਕਾਂ ਉਪਰ ਕਿਤਾਬਾਂ ਲਿਖ ਕੇ ਵੀ ਗਰੇਸ-ਮਾਰਕਸ ਹਾਂਸਲ ਕੀਤੇ ਜਾਂਦੇ ਹਨ। ਸਾਹਿਤਕ ਰਸਾਲਿਆਂ ਵਿਚ ਛਪਦੇ ਪਰਚੇ ਵੀ ਰਿਵੀਊ ਜਿਹੇ ਹੀ ਹੁੰਦੇ ਹਨ। ਸਮੀਖਿਆ ਦਾ ਮਿਆਰ ਬਹੁਤ ਡਿਗ ਚੁੱਕਿਆ ਹੈ। ਇਹਨਾਂ ਸਮੀਖਿਆਕਾਰਾਂ ਦਾ ਸਮੀਖਿਆ ਨਾਲ ਰੂਹ ਦਾ ਰਿਸ਼ਤਾ ਬਹੁਤ ਦੂਰ ਦੀ ਗੱਲ ਹੈ। ਉਹ ਸਮੀਖਿਆ ਕਰਦੇ ਹੀ ਨਹੀਂ ਸਿਰਫ ਪਰਚੇ ਲਿਖਦੇ ਹਨ। ਦੋ-ਚਾਰ ਹਜ਼ਾਰ ਲੈ ਕੇ ਪਰਚੇ ਲਿਖ ਦਿੱਤੇ, ਯੂਨੀਵਰਸਟੀਆਂ ਵਿਚ ਪੜ੍ਹ ਦਿੱਤੇ ਤੇ ਉਸੇ ਨੂੰ ਹੀ ਸਮੀਖਿਆ ਕਹਿ ਲਿਆ। ਇਸ ਸਮੀਖਿਆਕਾਰੀ ਵਿਚੋਂ ਸਕੌਲਰਸ਼ਿੱਪ ਗਾਇਬ ਹੈ। ਜਿੰਨਾ ਕੁ ਲਿਖਿਆ ਵੀ ਜਾ ਰਿਹਾ ਹੈ ਉਸ ਵਿਚ ਵੀ ਨਿਰਪੱਖ ਸਟੱਡੀ ਦੀ ਘਾਟ ਹੈ। ਕਿਸੇ ਨੂੰ ਢਾਹੁਣ ਤੇ ਬਣਾਉਣ ਵਿਚ ਜ਼ਿਆਦਾ ਰੁਚਿਤ ਹਨ। ਕਈ ਆਲੋਚਕਾਂ ਵੱਲੋਂ ਸਿੱਧਾ ਹੀ ਕਿਹਾ ਜਾ ਰਿਹਾ ਹੈ ਕਿ ਇਹ ਸਾਡਾ ਬੰਦਾ ਹੈ। ਸਾਡੀ ਜਾਤ ਦਾ ਹੈ। ਅਸੀਂ ਇਸ ਦੀ ਗੁੱਡੀ ਚੜ੍ਹਾਉਣੀ ਹੈ। ਕਈ ਲੇਖਕ ਬਣੇ ਆਲੋਚਕਾਂ ਦੀ ਸਥਿਤੀ ਤਾਂ ਬਹੁਤ ਹੀ ਨਿੰਦਣਯੋਗ ਹੈ। ਉਹ ਤਾਂ ਸਟੇਜ ਤੋਂ ਹੀ ਐਲਾਨ ਕਰਦੇ ਹਨ ਕਿ ਅਸੀਂ ਆਪਣੇ ਜਾਤ ਭਰਾਵਾਂ ਦੀ ਗੱਲ ਕਰਨੀ ਹੈ। ਉਹ ਲੇਖਕ ਮਾੜਾ ਹੈ ਜਾਂ ਚੰਗਾ, ਇਸ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ। ਇਹ ਬਹੁਤ ਹੀ ਮਾਰੂ ਤੇ ਇਕ ਪਾਸੜ ਕਿਸਮ ਦੀ ਸਮੀਖਿਆ ਹੋ ਰਹੀ ਹੈ। ਗੱਲ ਤਾਂ ਇੱਥੋਂ ਤੱਕ ਵੀ ਪਹੁੰਚ ਗਈ ਹੈ ਕਿ ਸਾਨੂੰ 'ਆਪਣੇ ਆਲੋਚਕ' ਪੈਦਾ ਕਰਨੇ ਪੈਣੇ ਹਨ ਕਿਉਂਜੁ ਦੂਜੇ ਉਨ੍ਹਾਂ ਨਾਲ ਭੇਦ-ਭਾਵ ਕਰਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਨਾਲ ਨਿਆਂ ਨਹੀਂ ਕਰਦੇ। ਕੁਝ ਸਮੀਖਿਆਕਾਰ ਅਵੱਸ਼ ਪੈਦਾ ਹੋਏ-ਪਰ ਪੰਜ-ਸੱਤ ਸਾਲਾਂ ਬਾਅਦ ਹੀ ਉਹ ਇਸ ਖੇਤਰ ਤੋਂ ਅਲੋਪ ਹੋ ਗਏ ਕਿਉਂਜੁ ਇਹ ਉਨ੍ਹਾਂ ਦੀ ਮੰਜ਼ਿਲ ਨਹੀਂ ਸੀ। ਇਸ ਵੇਲੇ ਲੋੜ ਹੈ ਕਿ ਸਮੀਖਿਆਕਾਰ ਸਾਹਿਤਕ ਰਚਨਾ ਨਾਲ ਨਿਆਂ ਕਰਨ। ਅਜਿਹਾ ਵੀ ਹੋ ਰਿਹਾ ਹੈ ਕਿ ਵਿਦੇਸ਼ਾਂ ਵਿਚ ਵਸਦੇ ਲੇਖਕ ਸਮੀਖਿਆਕਾਰਾਂ ਨੂੰ ਪੈਸੇ ਦੇ ਕੇ ਘਟੀਆ ਸਮੀਖਿਆ ਕਰਨ ਲਈ ਪ੍ਰੇਰਦੇ ਹਨ। ਅਜਿਹਾ ਦੇਖਣ ਵਿਚ ਵੀ ਆਇਆ ਹੈ ਕਿ ਲੇਖਕਾਂ ਨੇ ਆਪਣੇ ਆਲੋਚਕ ਰੱਖੇ ਹੋਏ ਹਨ। ਖੈਰ, ਇਹ ਤਾਂ ਪੁਰਾਣੀ ਰਿਵਾਇਤ ਰਹੀ ਹੈ। ਕੁਲ ਮਿਲਾ ਕੇ ਸਾਹਿਤ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਪਾਸੇ ਵੱਲ ਇਮਾਨਦਾਰੀ ਨਾਲ ਸੋਚਣ ਦੀ ਲੋੜ ਹੈ।

**-ਜਿੰਦਰ**

(ਤੇਲਗੂ ਨਾਵਲ)

# ਜਿੱਤ/ਡਾ. ਕੇਸ਼ਵ ਰੇੱਡੀ

**ਅਨੁਵਾਦ : ਤਰਸੇਮ**

## ਇੱਕ

ਬੁੱਢਾ ਪੁਰਾਣੀ ਸਿੱਲ ਵੱਖ-ਵੱਖ ਪਿਆ ਹੈ। ਖੁੱਲ੍ਹੇ ਬੂਹੇ ’ਚੋਂ ਆਥਣ ਦੀ ਧੁੱਪ ਆ ਕੇ ਪੈਰਾਂ ’ਤੇ ਪੈ ਰਹੀ ਹੈ। ਬੁੱਢੇ ਦੇ ਪੈਰ ਛੱਜ ਵਾਂਗ ਚੌੜੇ ਅਤੇ ਪੱਥਰ ਵਰਗੇ ਬੇਢਬੇ ਹਨ। ਉੱਪਰੋਂ ਕਿਤੇ-ਕਿਤੇ ਬਿਆਈ ਪਾਟੀ ਹੈ ਜਿਸ ’ਚ ਕੰਕਰ ਫਸ ਗਏ ਹਨ। ਉਹ ਕੁਹਣੀ ਦਾ ਸਿਰਹਾਣਾ ਲਾਈ ਸੌਂ ਰਿਹਾ ਹੈ। ਉਂਜ ਸੂਰਜ ਛਿਪਣ ਦੇ ਇਸ ਕੁਵੇਲੇ ਉਹ ਘੱਟ ਹੀ ਸੌਂਦਾ ਹੈ।

ਅੱਜ ਤੜਕੇ ਉੱਠਣ ਦੇ ਬਾਅਦ ਤੋਂ ਕੁਝ ਢਿੱਲਾ-ਢਿੱਲਾ ਮਹਿਸੂਸ ਕਰ ਰਿਹਾ ਹੈ। ਉਸ ਨੂੰ ਹਲਕਾ ਜਿਹਾ ਬੁਖ਼ਾਰ ਵੀ ਲੱਗ ਰਿਹਾ ਹੈ। ਸਾਰੇ ਜੋੜ ਟੁੱਟ ਰਹੇ ਹਨ। ਇਸ ਲਈ ਉਹ ਸਾਰਾ ਦਿਨ ਘਰੇ ਹੀ ਰਿਹਾ ਹੈ। ਕੁਵੇਲੇ ਰੋਟੀ ਖਾ ਰਿਹਾ ਹੈ। ਕੁਵੇਲੇ ਸੌਂ ਰਿਹਾ ਹੈ। ਵਿਚਾਰਾ, ਬੁਢਾਪੇ ’ਚ ਬੀਮਾਰੀ ਨੇ ਦੱਬਿਆ ਤਾਂ ਉਸਦਾ ਸਾਰਾ ਨਿੱਤ ਦਾ ਕੰਮ-ਕਾਰ ਹੀ ਗੜਬੜਾ ਗਿਆ।

ਉਹ ਜਿਸ ਝੁੱਗੀ ’ਚ ਸੌਂ ਰਿਹਾ ਹੈ, ਉਸਦੇ ਬਾਹਰ ਸੂਰਾਂ ਦੇ ਦੋ ਬਾੜੇ ਹਨ। ਇਕ ਬਾੜੇ ’ਚ ਸੂਰੀ ਆਪਣੇ ਬੱਚਿਆਂ ਨੂੰ ਕੋਲੇ ਪਾ ਕੇ ਸੌਂ ਰਹੀ ਹੈ। ਚਾਰੇ ਪੈਰ ਪਸਾਰੇ, ਥੂਥਣੀ ਭੁੰਜੇ ਰੱਖੀ, ਉਹ ਬੜੇ ਆਨੰਦ ਦਾ ਅਨੁਭਵ ਕਰ ਰਹੀ ਹੈ। ਉਸ ਦੀਆਂ ਅੱਖਾਂ ਅੱਧ-ਖੁੱਲ੍ਹੀਆਂ ਹਨ। ਬੱਚੇ ਮਾਂ ਦੀਆਂ ਛਾਤੀਆਂ ’ਚੋਂ ਛਾਲਾਂ-ਛਾਲਾਂ ਮਾਰ ਕੇ ਦੁੱਧ ਚੁੰਘ ਰਹੇ ਹਨ। ਉਹ ਜਦ ਕੁਝ ਜ਼ਿਆਦਾ ਹੀ ਜ਼ੋਰ ਨਾਲ ਕੁੱਦਦੇ ਹਨ ਤਾਂ ਮਾਂ ਮਸਤੀ ’ਚ ਹਲਕੇ ਜਿਹੇ ਕਰਾਹ ਉੱਠਦੀ ਹੈ। ‘ਹੁਣ ਮੈਂ ਬਾਰ੍ਹਾਂ ਬੱਚਿਆਂ ਦੀ ਮਾਂ ਹਾਂ’ – ਇਸ ਗੱਲ ਦਾ ਮਾਣ ਅਤੇ ਆਨੰਦ ਉਸ ਦੀਆਂ ਅੱਖਾਂ ’ਚੋਂ ਝਲਕ ਰਿਹਾ ਹੈ।

ਦੂਜਾ ਬਾੜਾ ਖਾਲੀ ਹੈ। ਉਸ ’ਚ ਰਹਿਣ ਵਾਲੇ ਸੂਰਾਂ ਨੂੰ ਬੁੱਢੇ ਦਾ ਪੋਤਾ ਚਰਾਉਣ ਲੈ ਗਿਆ ਹੈ। ਅੱਜ ਤਬੀਅਤ ਠੀਕ ਨਾ ਹੋਣ ਕਾਰਨ ਬੁੱਢੇ ਨੇ ਸੂਰਾਂ ਨੂੰ ਚਰਾਉਣ ਦੀ ਜਿੰਮੇਵਾਰੀ ਆਪਣੇ ਪੋਤੇ ਨੂੰ ਦਿੱਤੀ ਹੈ।

ਬੁੱਢੇ ਦੀ ਨੀਂਦ ਖੁੱਲ੍ਹੀ। ਉਸਨੇ ਸੁੰਗੜੇ ਹੋਏ ਹੱਥਾਂ, ਪੈਰਾਂ ਅਤੇ ਗਰਦਨ ਨੂੰ ਫੈਲਾਇਆ। ਲੱਗਿਆ ਜਿਵੇਂ ਕੋਈ ਸੱਪ ਕੁੰਡਲੀ ਮਾਰ ਕੇ ਪਏ ਰਹਿਣ ਦੇ ਬਾਅਦ ਕਿਤੇ ਜਾ ਰਿਹਾ ਹੋਵੇ। ਧੋਤੀ ਟੰਗਦਿਆਂ ਉੱਠ ਕੇ ਖੜ੍ਹਾ ਹੋ ਗਿਆ। ਹਥੇਲੀਆਂ ਨੂੰ ਪਹਿਲਾਂ ਜ਼ਮੀਨ ’ਤੇ, ਬਾਅਦ ’ਚ ਗੋਡਿਆਂ ’ਤੇ ਧਰ ਕੇ ਉੱਠਣ ’ਚ ਉਸਦੇ ਗੋਡੇ, ਲੱਕ ਅਤੇ ਰੀੜ੍ਹ ਦੇ ਮਣਕੇ ਚਰਮਰਾਏ।

ਉਹ ਗੋਡਿਆਂ ਤੱਕ ਲੰਬੀਆਂ ਬਾਹਾਂ ਵਾਲਾ ਹੈ। ਜੋ ਸਰੀਰ ਕਦੇ ਬੜਾ ਗੱਠਿਆ ਹੋਇਆ ਸੀ, ਹੁਣ ਉਮਰ ਦੀ ਮਾਰ ਨਾਲ ਢਿੱਲਾ ਪੈ ਗਿਆ। ਸਿੱਧੇ ਖੜ੍ਹੇ ਰਹਿਣ ’ਤੇ ਵੀ ਉਸਦੇ ਗੋਡੇ ਅਤੇ ਲੱਕ ਕੁਝ-ਕੁਝ ਝੁਕੇ ਹਨ।

ਉਹ ਦੋ ਕਦਮ ਤੁਰਿਆ ਅਤੇ ਝੁੱਗੀ ਦੇ ਬਾਹਰ ਆ ਕੇ ਖੜ੍ਹਾ ਹੋ ਗਿਆ। ਬਾੜੇ ਦੀ ਸੂਰੀ ਉਸਨੂੰ ਦੇਖ ਕੇ ਗੁਰਰ...ਗੁਰਰ...ਕਰਨ ਲੱਗੀ ਹੈ। ਉਸਦੇ ਬੱਚੇ ਕਿਚਕਿਚ ਦੀ ਆਵਾਜ਼ ਕਰਦਿਆਂ ਦੁੱਧ ਪੀ ਰਹੇ ਹਨ।

ਬੁੱਢੇ ਨੇ ਗ਼ੌਰ ਨਾਲ ਦੇਖਿਆ ਕਿ ਜੰਗਲ ’ਚੋਂ ਸੂਰ ਹਾਲੇ ਮੁੜੇ ਨਹੀਂ ਹਨ। ਸੂਰਜ ਅਸਤਾਚਲ[1] ਨੂੰ



ਛੂਹ ਰਿਹਾ ਹੈ। ਬੁੱਢੇ ਨੇ ਸੋਚਿਆ, ‘ਸੂਰਾਂ ਦਾ ਹੁਣ ਤੱਕ ਮੁੜ ਕੇ ਨਾ ਆਉਣਾ ਹੈਰਾਨੀ ਦੀ ਗੱਲ ਏ।’ ਕਾਰਣ ਨੂੰ ਲੈ ਕੇ ਉਹ ਫਿਕਰਮੰਦ ਹੋ ਗਿਆ। ਡਰ ਅਤੇ ਸ਼ੱਕ ਉਸਦੇ ਮਨ ’ਚ ਧੂੰਏਂ ਵਾਂਗ ਉੱਠਣ ਲੱਗੇ ਹਨ। ਕਲਪਨਾਵਾਂ ਲਗਾਤਾਰ ਉਸ ’ਚ ਹਲਚਲ ਪੈਦਾ ਕਰ ਰਹੀਆਂ ਹਨ। ਸੂਰ ਹੀ ਉਸਦੇ ਸਭ ਕੁਝ ਹਨ। ਸੂਰ ਹੀ ਉਸਦੀ ਚਲ-ਅਚਲ ਸੰਪੱਤੀ ਹਨ।

ਉਸਦੇ ਮਨ ’ਚ ਖਲਬਲੀ ਹੈ। ਦਿਨ ਡੁੱਬ ਰਿਹਾ ਹੈ, ਥੋੜ੍ਹੀ ਦੇਰ ’ਚ ਹਨੇਰਾ ਵੀ ਹੋ ਜਾਵੇਗਾ, ਪਰ ਸੂਰ ਹਾਲੇ ਮੁੜੇ ਨਹੀਂ ਹਨ। ਸੋਚਦੇ-ਸੋਚਦੇ ਉਸਦੀ ਬੇਚੈਨੀ ਵਧਦੀ ਹੀ ਗਈ।

ਭਾਰੀ ਮਨ ਅਤੇ ਨੀਂਦ ਨਾਲ ਭਾਰੀ ਹੋਏ ਸਰੀਰ ਨਾਲ ਉਹ ਪਿੱਛੇ ਵੱਲ ਚੱਲ ਪਿਆ ਹੈ। ਪਿੱਛੇ ਹੌਦੀ ਹੈ। ਉਸ ਵਿਚ ਅੱਧਾ ਪਾਣੀ ਹੈ ਜਿਸ ’ਚ ਕਾਈ ਤੈਰ ਰਹੀ ਹੈ।

ਪਾਣੀ ਦੇ ਤਲ ’ਤੇ ਬੈਠਾ ਹੋਇਆ ਡੱਡੂ ਬੁੱਢੇ ਦਾ ਖੜਕਾ ਸੁਣ ਕੇ ਕਾਈ ’ਚ ਗਾਇਬ ਹੋ ਗਿਆ। ਬੁੱਢਾ ਪਾਣੀ ਲੈ ਕੇ ਮੂੰਹ ਅਤੇ ਗਰਦਨ ’ਤੇ ਛਿੜਕਣ ਲੱਗਿਆ।

ਉਹ ਕਦੇ-ਕਦਾਈਂ ਹੀ ਨ੍ਹਾਉਂਦਾ ਹੈ। ਨ੍ਹਾਉਣ ਦੇ ਪ੍ਰਤਿ ਉਸਦੇ ਮਨ ’ਚ ਉਦਾਸੀਨ ਭਾਵ ਹੀ ਰਹਿੰਦਾ ਹੈ। ਸਫ਼ਾਈ ਦਾ ਉਹ ਕਾਇਲ ਨਹੀਂ ਹੈ। ਭਰੋਸਾ ਉਸਦਾ ਦ੍ਰਿੜ੍ਹਤਾ ’ਤੇ ਹੀ ਹੈ ਅਤੇ ਉਹੀ ਉਸਦਾ ਉਦੇਸ਼ ਹੈ। ਸੰਸਾਰ ’ਚ ਕੁਝ ਲੋਕ ਦਿਨ ’ਚ ਦੋ ਵਾਰ ਨ੍ਹਾਉਂਦੇ ਹਨ, ਇਸ ਗੱਲ ਨੂੰ ਉਹ ਕਲਯੁੱਗ ਦੀ ਮਾਇਆ ਦਾ ਇਕ ਅੰਸ਼ ਮੰਨਦਾ ਹੈ।

ਮੂੰਹ ’ਚ ਪਾਣੀ ਭਰ ਕੇ ਉਸਨੇ ਕੁਰਲੀ ਕੀਤੀ ਅਤੇ ਲੱਕ ਸਿੱਧਾ ਕਰਕੇ ਖੜ੍ਹਾ ਹੋ ਗਿਆ। ਪਾਣੀ ਉਸਦੀ ਛਾਤੀ ਅਤੇ ਪਿੱਠ ਤੋਂ ਪਤਲੀਆਂ ਧਾਰਾਵਾਂ ’ਚ ਤਿਲਕ ਰਿਹਾ ਹੈ। ਸਾਰੇ ਦਿਨ ਦੇ ਤਪੇ ਸਰੀਰ ਨੂੰ ਠੰਢਾ ਪਾਣੀ ਮਿਲਿਆ ਤਾਂ ਉਸਨੂੰ ਬੜਾ ਚੰਗਾ ਲੱਗਿਆ। ਉਸਨੇ ਉਸਨੂੰ ਪੂੰਝਿਆ ਨਹੀਂ।

ਪਾਣੀ ਪੈਣ ਨਾਲ ਉਸਦੀ ਖੁਮਾਰੀ ਕੁਝ ਹੌਲੀ ਹੋਈ। ਹਥੇਲੀਆਂ ਦਾ ਪਾਣੀ ਪੱਟਾਂ ’ਤੇ ਪੂੰਝਦਿਆਂ ਉਹ ਫੇਰ ਤੋਂ ਝੁੱਗੀ ਦੇ ਅੱਗੇ ਆਇਆ। ਅਸਤਾਚਲ ਨੂੰ ਛੋਂਹਦਿਆਂ ਸੂਰਜ ਆਪਣੀਆਂ ਕਿਰਣਾਂ ਟੇਢੀਆਂ ਕਰਕੇ ਫੈਲਾ ਰਿਹਾ ਹੈ। ਉਨ੍ਹਾਂ ਕਿਰਣਾਂ ਨੂੰ ਹਥੇਲੀਆਂ ’ਤੇ ਲੈਂਦਿਆਂ ਬੁੱਢੇ ਨੇ ਕੱਚੀ ਸੜਕ ’ਤੇ ਨਜ਼ਰ ਮਾਰੀ। ਸੜਕ ਮੂੰਗਫਲੀ ਦੇ ਖੇਤਾਂ ਵਿਚੋਂ ਕੁਝ ਦੂਰ ਜਾਣ ਦੇ ਬਾਅਦ ਦੋ ਪਹਾੜੀਆਂ ਦੇ ਵਿਚਕਾਰ ਮੁੜ ਕੇ ਫੇਰ ਗਾਇਬ ਹੋ ਰਹੀ ਹੈ। ਕੱਚੀ ਸੜਕ ’ਤੇ ਕੋਈ ਮਨੁੱਖ ਜਾਂ ਪਸ਼ੂ ਆਉਂਦਾ-ਜਾਂਦਾ ਦਿਖਾਈ ਨਹੀਂ ਦੇ ਰਿਹਾ ਹੈ।

ਸੂਰਾਂ ਦਾ ਕੀ ਬਣਿਆ ? ਮੁੰਡਾ ਕਿੱਥੇ ਗਿਆ ? ਸੋਚਦਿਆਂ ਬੁੱਢਾ ਦੁੱਖੀ ਹੋ ਰਿਹਾ ਹੈ। ਬੁੜ-ਬੁੜ ਕਰ ਰਿਹਾ ਹੈ। ਹਥੇਲੀਆਂ ਮਲ ਰਿਹਾ ਹੈ। ਪੈਰ ਇਕ ਥਾਵੇਂ ਟਿਕ ਨਹੀਂ ਰਹੇ ਹਨ। ਨਜ਼ਰ ਅਤੇ ਮਨ ਵੱਖੋ-ਵੱਖਰੀਆਂ ਦਿਸ਼ਾਵਾਂ ’ਚ ਖਿੰਡੇ ਜਾ ਰਹੇ ਹਨ।

‘ਸੂਰ ਸ਼ਾਇਦ ਮੁੰਡੇ ਦੀ ਪਹੁੰਚ ਤੋਂ ਬਾਹਰਲੀ ਕਿਸੇ ਬਿੱਪਤਾ ’ਚ ਫਸ ਗਏ ਹੋਣ ?’ ਬੁੱਢਾ ਸੋਚਣ ਲੱਗਿਆ। ‘ਮੈਨੂੰ ਨਿਕਲ ਕੇ ਦੇਖਣਾ ਚਾਹੀਦਾ ਏ।’ ਉਸਨੇ ਮਨ ਬਣਾਇਆ। ਪਰ ਜਾਵੇ ਤਾਂ ਜਾਵੇ ਕਿੱਥੇ ? ਕਿਸ ਦਿਸ਼ਾ ’ਚ ਜਾਵੇ ? ਪਲ ਭਰ ਉਹ ਸ਼ੱਕ ’ਚ ਘਿਰਿਆ ਰਿਹਾ।

ਉਸਦੀ ਬੇਚੈਨੀ ਪਲ-ਪਲ ਵਧਦੀ ਗਈ। ‘ਨਿਕਲ ਪਵਾਂ ਤਾਂ ਰਸਤਾ ਆਪਣੇ ਆਪ ਹੀ ਦਿਖਾਈ ਪਵੇਗਾ। ਫਰਜ਼ ਸੁੱਝੇਗਾ।’ ਇਹ ਸੋਚ ਕੇ ਉਹ ਝੁੱਗੀ ’ਚ ਚਲਾ ਗਿਆ।

ਬੂਹਾ ਖੁੱਲ੍ਹਾ ਹੋਵੇ ਜਾਂ ਬੰਦ, ਝੁੱਗੀ ਵਿਚ ਲੋੜੀਂਦਾ ਚਾਨਣ ਰਹਿੰਦਾ ਹੈ। ਝੁੱਗੀ ਦਾ ਛਪਰਾ ਅੱਧੇ ਤੋਂ ਵੱਧ ਉੱਡ ਚੁੱਕਿਆ ਹੈ। ਕੰਧਾਂ ’ਚ ਕਿਤੇ-ਕਿਤੇ ਦਰਾਰਾਂ ਹਨ। ਇਨ੍ਹਾਂ ਦਰਾਰਾਂ ’ਚ ਸੂਰਜ ਦੀਆਂ ਕਿਰਣਾਂ ਅੰਦਰ ਆ ਰਹੀਆਂ ਹਨ। ਦਰਾਰ ’ਚ ਬੈਠਾ ਹੋਇਆ ਇਕ ਗਿਰਗਿਟ ਬੁੱਢੇ ਦੀਆਂ ਕੋਸ਼ਿਸ਼ਾਂ ’ਤੇ ਸਿਰ ਹਿਲਾ ਰਿਹਾ ਹੈ। ਤਾੜੀ[1] ਦੀ ਮਟਕੀ ਕੰਧ ਦੇ ਨਾਲ ਲਟਕ ਰਹੀ ਹੈ।

ਬੁੱਢੇ ਨੇ ਮਟਕੀ ਦੋਵੇਂ ਹੱਥਾਂ 'ਚ ਫੜ ਕੇ ਬੁੱਲ੍ਹਾਂ ਨੂੰ ਲਾਈ। ਤਾੜੀ ਮੂੰਹ 'ਚ ਜਾਣੂ ਸੁਆਦ ਪੈਦਾ ਕਰਦਿਆਂ ਗਲ਼ੇ 'ਚ ਉਤਰ ਰਹੀ ਹੈ। ਇਕ ਹੀ ਗੇੜੇ 'ਚ ਖਾਲੀ ਕਰਕੇ ਮਟਕੀ ਉਸਨੇ ਕੰਧ 'ਤੇ ਟੰਗ ਦਿੱਤੀ। ਬੁੱਲ੍ਹ ਪੂੰਝ ਕੇ ਚਟਖਾਰੇ ਲਏ।

'ਹੁਣ ਮੈਂ ਸੂਰਾਂ ਨੂੰ ਲੱਭਣ ਜਾ ਰਿਹਾ ਹਾਂ। ਸੂਰ ਜੇਕਰ ਕਿਸੇ ਮੁਸੀਬਤ 'ਚ ਫਸੇ ਹੋਣ ਤਾਂ ਉਨ੍ਹਾਂ ਨੂੰ ਬਚਾਉਣਾ ਪਵੇਗਾ। ਉਸ ਵੇਲੇ ਹੌਸਲੇ ਤੇ ਤਾਕਤ ਦੀ ਲੋੜ ਹੋਵੇਗੀ।' ਉਸ ਵੇਲੇ ਝੁੱਗੀ 'ਚ ਕੁਝ ਹੋਰ ਤਾੜੀ ਨਾ ਹੋਣ ਕਾਰਣ ਉਹ ਕੁਝ ਫਿਕਰਮੰਦ ਹੋਇਆ।

ਬੁੱਢਾ ਨਿਕਲ ਪੈਣ ਦੇ ਲਈ ਤਿਆਰ ਹੋ ਰਿਹਾ ਹੈ। ਉਸਨੇ ਸਿਰ 'ਤੇ ਪੱਗ ਕੱਸ ਕੇ ਬੰਨ੍ਹ ਲਈ। ਛੁਰਾ ਕੱਢ ਕੇ ਲੱਕ 'ਚ ਬੁੰਨ ਲਿਆ। ਓਰੀ[2] 'ਚ ਰੱਖਿਆ ਭਾਲਾ ਕੱਢ ਕੇ ਹੱਥ 'ਚ ਫੜ ਲਿਆ। 'ਪਤਾ ਨਹੀਂ, ਸੂਰਾਂ ਤੇ ਮੁੰਡੇ ਨੂੰ ਕੇਹੀ ਹਾਲਤ 'ਚ ਦੇਖਾਂਗਾ। ਹਥਿਆਰ ਨਾਲ ਲਿਜਾਣਾ ਹੀ ਠੀਕ ਏ।' ਉਸਨੇ ਸੋਚਿਆ।

ਉਹ ਝੁੱਗੀ 'ਚੋਂ ਨਿਕਲ ਕੇ ਕੱਚੀ ਸੜਕ ਤੋਂ ਹੁੰਦਾ ਹੋਇਆ ਪੱਛਮ ਦੇ ਵੱਲ ਤੁਰਨ ਲੱਗਿਆ। ਲੰਬੇ-ਲੰਬੇ ਕਦਮਾਂ ਨਾਲ ਅਤੇ ਹੱਥ ਵਾਲੇ ਭਾਲੇ ਨੂੰ ਝੁਲਾਉਂਦਿਆਂ ਉਹ ਤੁਰ ਰਿਹਾ ਸੀ ਜਿਵੇਂ ਛਿਪਦੇ ਸੂਰਜ 'ਤੇ ਹਮਲਾ ਕਰਨ ਜਾ ਰਿਹਾ ਹੋਵੇ। ਉਸਨੂੰ ਲੱਗਿਆ ਕਿ ਢਿੱਡ ਦੀ ਤਾੜੀ ਗਰਮ ਹੋ ਕੇ ਉੱਬਲ ਰਹੀ ਹੈ।

## ਦੋ

ਸੂਰਜ ਅਸਤਾਚਲ ਦੇ ਪਿੱਛੇ ਛਿਪ ਗਿਆ। ਪੂਰਨਮਾਸ਼ੀ ਤੋਂ ਪਹਿਲਾਂ ਦਾ ਦਿਨ ਹੈ। ਆਕਾਸ਼ 'ਚ ਚੰਦਰਮਾ ਹੁਣੇ ਤੋਂ ਹੀ ਤਾੜ[1] ਦੀ ਉਚਾਈ ਤੱਕ ਚੜ੍ਹ ਕੇ ਆਪਣੇ ਭਾਈ ਨੂੰ ਵਿਦਾ ਕਰ ਰਿਹਾ ਹੈ।

ਬੁੱਢਾ ਤੁਰ ਰਿਹਾ ਹੈ ਤਾਂ ਉਸਦੇ ਲੱਕ ਅਤੇ ਗੋਡੇ ਹੋਰ ਵੀ ਝੁਕੇ ਹੋਏ ਦਿਖ ਰਹੇ ਹਨ। ਫੇਰ ਵੀ ਉਸਦੀ ਤੋਰ 'ਚ ਗੰਭੀਰਤਾ ਹੈ। ਸ਼ਾਹ ਰਾਹ 'ਤੇ ਮਸਤ ਹਾਥੀ ਵਾਂਗੂ ਅਤੇ ਆਕਾਸ਼ 'ਚ ਕਾਲੇ ਬੱਦਲ ਵਾਂਗੂ ਉਹ ਹੌਲੀ-ਹੌਲੀ ਅੱਗੇ ਵਧ ਰਿਹਾ ਹੈ।

ਅਸਤਾਚਲ ਦੇ ਪਿੱਛਿਉਂ ਸਿੱਧੀਆਂ ਫੈਲ ਕੇ ਆਕਾਸ਼ ਨੂੰ ਬਿੰਨ੍ਹਦੀਆਂ ਸੂਰਜ ਦੀਆਂ ਕਿਰਣਾਂ ਹੌਲੀ-ਹੌਲੀ ਸੁੰਘੜ ਰਹੀਆਂ ਸਨ। ਹਵਾ ਹੋਰ ਜ਼ਿਆਦਾ ਠੰਢੀ ਹੁੰਦੀ ਜਾ ਰਹੀ ਹੈ। ਪੂਰਬ 'ਚ ਚੰਦਰਮਾ ਹਾਲੇ ਬਾਲਿਗ ਹੋਣ ਨੂੰ ਹੈ। ਉਸ ਦੀਆਂ ਬਣਾਈਆਂ ਪਰਛਾਈਆਂ ਕਿਸ਼ੋਰ ਦੀਆਂ ਮੁੱਛਾਂ ਵਾਂਗੂ ਪਤਲੀਆਂ ਅਤੇ ਧੁੰਦਲੀਆਂ ਹਨ।

ਬੁੱਢਾ ਆਪਣੇ ਲੰਬੇ ਪਰਛਾਵੇਂ ਨੂੰ ਮਿੱਧਦਾ ਹੋਇਆ ਤੁਰ ਰਿਹਾ ਹੈ। ਉਸ ਤੋਂ ਅਤੇ ਉਸਦੇ ਪਰਛਾਵੇਂ ਤੋਂ ਵੀ ਵੱਧ ਤੇਜ਼ ਰਫ਼ਤਾਰ ਨਾਲ ਸੂਰਾਂ ਦੀ ਸੁਰੱਖਿਆ ਨੂੰ ਲੈ ਕੇ ਬੇਚੈਨ ਉਸਦਾ ਮਨ ਦੌੜ ਰਿਹਾ ਹੈ।

ਉਹ ਵੀਹ ਸੂਰਾਂ ਦਾ ਮਾਲਿਕ ਹੈ। ਉਨ੍ਹਾਂ 'ਚ ਦੋ ਮਾਦਾ ਹਨ। ਪਹਿਲੀ ਸੂਰੀ ਇਸ ਵੇਲੇ ਆਪਣੇ ਬੱਚਿਆਂ ਦੇ ਕੋਲੇ ਬਾੜੇ 'ਚ ਹੈ। ਉਹ ਚਾਰ ਦਿਨ ਪਹਿਲਾਂ ਹੀ ਸੂਈ ਹੈ। ਉਹ ਦਿਨ ਬੁੱਢੇ ਦੇ ਜੀਵਨ ਦਾ ਮਿਠਾਸ ਭਰਿਆ ਰਿਹਾ ਹੈ। ਇਹ ਖ਼ਬਰ ਕੰਨ 'ਚ ਪੈਂਦੇ ਹੀ ਕਿ ਬਾੜੇ 'ਚ ਸੂਰੀ ਸੂਈ ਹੈ, ਉਹ ਖ਼ੁਸ਼ੀ ਨਾਲ ਫੁੱਲ ਕੇ ਕੁੱਪਾ ਹੋ ਗਿਆ। ਕੋਹ ਕੁ ਦੀ ਦੂਰੀ ਤੋਂ ਤੇਜ਼ੀ ਨਾਲ ਭੱਜਦਾ ਹੋਇਆ ਬਾੜੇ ਦੇ ਕੋਲ ਪਹੁੰਚਿਆ। ਮੁੜੇ ਗੋਡੇ ਅਤੇ ਝੁਕੇ ਲੱਕ ਨੂੰ ਸਿੱਧੇ ਕੀਤੇ ਬਗ਼ੈਰ ਦੋ ਪਹਿਰਾਂ ਤੱਕ ਬਾੜੇ ਦੇ ਚਾਰੇ ਪਾਸੇ ਨੱਚਦਾ ਰਿਹਾ। ਮੁੰਡਾ ਵੀ ਉਸਦੇ ਨਾਲ ਨੱਚਦਾ ਰਿਹਾ ਪਰ ਉਸਦੇ ਮੁਲਾਇਮ ਪੈਰ



ਥੋੜ੍ਹੀ ਹੀ ਦੇਰ 'ਚ ਥੱਕ ਗਏ। ਉਹ ਉੱਠ ਕੇ ਹੱਥ ਦੀਆਂ ਉਂਗਲਾਂ ਨੂੰ ਮੂੰਹ 'ਚ ਰੱਖ ਕੇ ਸੀਟੀ ਵਜਾਉਂਦਿਆਂ ਬਾੜੇ ਦੇ ਚਾਰੇ ਪਾਸੇ ਭੱਜਿਆ ਸੀ। ਇਕ-ਦੋ ਦਿਨ ਮਟਕੀਆਂ 'ਚ ਤਾੜੀ ਲਿਆ ਕੇ ਦੋਵਾਂ ਨੇ ਧੁੱਤ ਹੋਣ ਤੱਕ ਪੀਤੀ। ਮੁੰਡਾ ਤਾੜੀ ਝੱਲ ਨਾ ਸਕਿਆ। ਉਲਟੀਆਂ ਕੀਤੀਆਂ ਤਾਂ ਬੁੱਢੇ ਨੇ ਮਸ਼ਕ 'ਚੋਂ ਪਾਣੀ ਲਿਆ ਕੇ ਉਸਦੇ ਸਿਰ 'ਤੇ ਡੋਲਿਆ ਅਤੇ ਤਾੜੀ ਦੀ ਇੱਕ ਹੋਰ ਮਟਕੀ ਉਸਨੂੰ ਫੜਾ ਦਿੱਤੀ। ਦੋਵੇਂ ਸਭ ਕੁਝ ਭੁੱਲ ਕੇ ਬੁੱਢਾ ਬੱਚਾ ਹੋ ਕੇ ਅਤੇ ਬੱਚਾ ਬੁੱਢਾ ਬਣ ਕੇ ਲੁੜਕੇ। ਵਾਰੀ-ਵਾਰੀ ਨਾਲ ਗਾਉਂਦਿਆਂ ਦੋਵਾਂ ਨੇ ਉਸ ਗਲੀ 'ਚ ਲੋਕਾਂ ਦੀ ਨੀਂਦ ਹਰਾਮ ਕੀਤੀ।

ਤੜਕੇ ਬੁੱਢੇ ਦਾ ਗਲ਼ਾ ਬੈਠ ਗਿਆ ਅਤੇ ਉਸਦੇ ਲਈ ਗੱਲ ਕਰਨਾ ਵੀ ਦੁਸ਼ਵਾਰ ਹੋ ਗਿਆ। ਉਸਨੂੰ ਹੱਥ ਦੇ ਇਸ਼ਾਰਿਆਂ ਨਾਲ ਅਤੇ ਮੂੰਹ ਦੀਆਂ ਅਦਾਵਾਂ ਨਾਲ ਗੱਲ-ਬਾਤ ਕਰਨੀ ਪਈ। ਸਰੀਰ ਦੇ ਸਾਰੇ ਜੋੜ ਰਿਸਦੇ ਜ਼ਖ਼ਮ ਹੋ ਗਏ। ਦਰਦ ਮਿਟਾਉਣ ਦੇ ਲਈ ਉਸਨੇ ਅੰਗਿਆਰਿਆਂ 'ਚ ਬਲਦੀਆਂ ਟਾਹਣੀਆਂ ਮਿੱਧੀਆਂ। ਜੋੜਾਂ 'ਤੇ ਇਮਲੀ ਦੇ ਪੱਤਿਆਂ ਦਾ ਲੇਪ ਰੱਖਿਆ।

ਸੂਰੀ ਨੂੰ ਸੂਏ ਤਿੰਨ ਦਿਨ ਹੋ ਗਏ। ਬੱਚਿਆਂ ਦੀ ਨਮੀ ਸੁੱਕ ਗਈ ਹੈ ਅਤੇ ਉਹ ਅੱਖਾਂ ਖੋਲ੍ਹ ਕੇ ਕੁਰਬਲ-ਕੁਰਬਲ ਕਰ ਰਹੇ ਹਨ ਪਰ ਬੁੱਢਾ ਹਾਲੇ ਠੀਕ ਨਹੀਂ ਹੋਇਆ ਹੈ। ਜੋੜਾਂ ਦਾ ਸੋਜਾ ਘਟਿਆ ਹੈ ਪਰ ਦਰਦ ਘੱਟ ਨਹੀਂ ਹੋਇਆ ਹੈ। ਗਲ਼ੇ ਦੀ ਜਲਣ ਚਲੀ ਗਈ ਪਰ ਗੱਲਾਂ ਠੀਕ ਤਰ੍ਹਾਂ ਨਹੀਂ ਕਰ ਪਾ ਰਿਹਾ ਹੈ।

ਬੁੱਢੇ ਦੀ ਦੂਜੀ ਸੂਰੀ ਅੱਜ ਜਾਂ ਕੱਲ੍ਹ ਨੂੰ ਸੂਣ ਵਾਲੀ ਹੈ। ਮੁੰਡਾ ਉਸਨੂੰ ਦੂਜੇ ਸੂਰਾਂ ਦੇ ਨਾਲ ਚਰਾਉਣ ਲੈ ਗਿਆ ਹੈ। 'ਜਿੱਥੇ ਚਰਨ ਗਈ ਏ ਉੱਥੇ ਹੀ ਸ਼ਾਇਦ ਸੂ ਪਈ ਹੋਵੇ।' ਬੁੱਢੇ ਦੇ ਮਨ 'ਚ ਵਿਚਾਰ ਚਮਕਿਆ।

ਉਹ ਆਪਣੇ ਆਪ ਹੀ ਸੜਕ 'ਤੇ ਰੁਕ ਗਿਆ। ਆਕਾਸ਼ 'ਚ ਪੂਰਬ ਦੀ ਢਲਾਣ 'ਤੇ ਚੰਦਰਮਾ ਨੂੰ ਦੇਖਦਿਆਂ ਉਹ ਸੋਚਣ ਲੱਗਿਆ, 'ਮੇਰੀਆਂ ਦੋਵੇਂ ਸੂਰੀਆਂ ਇਕੋ ਹੀ ਵੇਲੇ ਬੋਲੀਆਂ ਸਨ। ਰੱਬ ਜਾਣੇ ਕਿਸ ਨੇ ਦੱਸਿਆ ਤੇ ਕਿਵੇਂ ਦੱਸਿਆ ਪਰ ਸੂਰੀਆਂ ਦੇ ਹੇਹੇ ਦੀ ਗੱਲ ਪਿੰਡ ਦੇ ਸਾਰੇ ਸੂਰਾਂ ਨੂੰ ਪਤਾ ਚੱਲ ਗਈ। ਉਹ ਥੂਥਣ ਤੇ ਪੂਛ ਉੱਪਰ ਚੁੱਕ ਕੇ 'ਗੀ ਗੀ' ਕਰਦਿਆਂ ਇਨ੍ਹਾਂ ਦੋਵਾਂ ਦੇ ਪਿੱਛੇ-ਪਿੱਛੇ ਘੁੰਮਣ ਲੱਗੇ। ਇਨ੍ਹਾਂ ਦੋਵਾਂ ਨਾਲ ਸੰਭੋਗ ਕਰਨ ਦੇ ਮੁਕਾਬਲੇ 'ਚ ਦਾਣਾ-ਪਾਣੀ ਤੇ ਨੀਂਦ ਛੱਡ ਕੇ ਵੀ ਜੁੜੇ ਰਹੇ।' ਬੁੱਢਾ ਚਾਹੁੰਦਾ ਸੀ ਕਿ ਉਸ ਦੀਆਂ ਸੂਰੀਆਂ ਦਾ ਮੇਲ ਚੰਗੀ ਨਸਲ ਦੇ ਸੂਰਾਂ ਨਾਲ ਹੀ ਹੋਵੇ। ਉਸਨੇ ਡੰਡਾ ਹੱਥ 'ਚ ਲੈ ਕੇ ਘਟੀਆ ਨਸਲ ਦੇ ਸੂਰਾਂ ਨੂੰ ਨੇੜੇ-ਤੇੜੇ ਵੀ ਨਾ ਆਉਣ ਦਿੱਤਾ। ਸਭ ਨੂੰ ਭਜਾਉਂਦਾ ਰਿਹਾ। ਆਖ਼ਿਰ 'ਚ ਉਸਦੀ ਇੱਛਾ ਨੂੰ ਬੂਰ ਪਿਆ। ਉਸ ਦੀਆਂ ਦੋਵੇਂ ਸੂਰੀਆਂ ਦੇ ਮੇਲ ਚੰਗੇ ਨਸਲ ਦੇ ਸੂਰਾਂ ਦੇ ਨਾਲ ਹੀ ਹੋਇਆ।

ਉਸਨੇ ਆਸ ਕੀਤੀ ਕਿ ਦੋਵੇਂ ਸੂਰੀਆਂ ਇਕੋ ਦਿਨ ਸੂਣਗੀਆਂ। ਪਰ ਅਜਿਹਾ ਨਹੀਂ ਹੋਇਆ। ਪਹਿਲੀ ਸੂਰੀ ਪੂਰਣਮਾਸ਼ੀ ਤੋਂ ਚਾਰ ਦਿਨ ਪਹਿਲਾਂ ਹੀ ਸੂ ਪਈ। ਦੂਜੀ ਅੱਜ ਜਾਂ ਕੱਲ੍ਹ ਨੂੰ ਸੂਣ ਵਾਲੀ ਹੈ।

'ਕੋਈ ਸ਼ੱਕ ਨਹੀਂ ਕਿ ਚਰਨ ਦੇ ਲਈ ਜਿੱਥੇ ਗਈ, ਉੱਥੇ ਹੀ ਸੂ ਗਈ ਏ। ਕੀ ਕੀਤਾ ਜਾਵੇ, ਸਮਝ ਨਾ ਸਕਣ ਕਾਰਣ ਮੁੰਡੇ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੋਵੇਗੀ। ਇਸ ਲਈ ਦੇਰ ਹੋ ਗਈ ਏ।' ਬੁੱਢੇ ਨੇ ਸੋਚਿਆ।

ਉਸਨੇ ਫੇਰ ਤੋਂ ਤੁਰਨਾ ਸ਼ੁਰੂ ਕੀਤਾ। 'ਦਿਨ ਪੂਰੇ ਹੋਣ 'ਤੇ ਸੂਰੀ ਨੂੰ ਬਾਹਰ ਨਹੀਂ ਜਾਣ ਦੇਣਾ ਸੀ। ਬਾੜੇ 'ਚ ਹੀ ਦਾਣਾ-ਪਾਣੀ ਦੇਣਾ ਸੀ ਪਰ ਜੋੜਾਂ ਦੇ ਦਰਦ ਦੇ ਕਾਰਣ ਮੈਂ ਇਨ੍ਹਾਂ ਸਭ ਗੱਲਾਂ ਦਾ

ਖ਼ਿਆਲ ਰੱਖ ਨਾ ਸਕਿਆ। ਇਕ ਨੁਕਰੇ ਹੀ ਪਿਆ ਰਿਹਾ। ਮੁੰਡੇ ਨੂੰ ਗਿਆਨ ਤੇ ਅਨੁਭਵ ਹੈ ਨਹੀਂ।' ਬੁੱਢਾ ਵਿਚਾਰਨ ਲੱਗਿਆ। ਉਸਦੇ ਦਿਮਾਗ਼ 'ਚ ਸੂਰੀ ਨਾਲ ਜੁੜੇ ਅਨੇਕ ਵਿਚਾਰ ਆਉਣ ਲੱਗੇ।

ਮੂਰਖਤਾ ਅਤੇ ਗੁੱਸੇ ਦੇ ਮਾਮਲੇ 'ਚ ਸੂਰੀ ਦਾ ਨੰਬਰ ਪਹਿਲਾ ਹੈ। ਸੂਣ ਦੇ ਬਾਅਦ ਹਫ਼ਤੇ 'ਚ ਹੀ ਉਹ ਭੂਤ ਵਾਂਗ ਵਿਹਾਰ ਕਰਦੀ ਹੈ। ਆਪਣੇ ਹੋਣ ਜਾਂ ਪਰਾਏ ਕਿਸੇ ਨੂੰ ਨੇੜੇ ਨਹੀਂ ਫਟਕਣ ਦਿੰਦੀ। ਕੋਈ ਨੇੜੇ ਆਉਂਦਾ ਹੈ ਤਾਂ ਧੱਜੀਆਂ ਉਡਾ ਦਿੰਦੀ ਹੈ। ਜਦ ਤੱਕ ਦੇਹ 'ਚ ਜਾਨ ਹੈ, ਤਦ ਤੱਕ ਬੱਚਿਆਂ 'ਤੇ ਮੱਖੀ ਵੀ ਬੈਠਣ ਨਹੀਂ ਦਿੰਦੀ। ਬੱਚਿਆਂ ਨੂੰ ਹਿੱਕ ਨਾਲ ਲਾਈ ਪਈ ਹੋਵੇ ਤਾਂ ਕੀੜੀ ਦਾ ਵੀ ਖੜਕਾ ਹੁੰਦੇ ਹੀ ਝੱਟ ਦੇਣੇ ਥੂਥਣ ਚੁੱਕ ਕੇ ਦੇਖਦੀ ਹੈ। ਨੇੜੇ ਕੋਈ ਮਨੁੱਖ ਜਾਂ ਪਸ਼ੂ ਦਿੱਸੇ ਤਾਂ ਉਹ ਤੁਰੰਤ ਭਿਆਨਕ ਰੂਪ ਧਾਰਣ ਕਰ ਲਵੇਗੀ। ਇਹੀ ਸੋਚਦੀ ਹੈ ਕਿ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਕੋਈ ਵੈਰੀ ਘਾਤ ਲਾਈ ਬੈਠਾ ਹੈ। ਆਪਣੇ ਜਨਮਜਾਤ ਉੱਜਡਪੁਣੇ ਨਾਲ ਉਹ ਦੁਸ਼ਮਣ 'ਤੇ ਟੁੱਟ ਪੈਂਦੀ ਹੈ। ਜਦ ਤੱਕ ਦੁਸ਼ਮਣ ਭੱਜ ਨਹੀਂ ਜਾਂਦਾ ਜਾਂ ਜਾਨ ਤੋਂ ਹੱਥ ਨਹੀਂ ਧੋ ਬੈਠਦਾ, ਤਦ ਤੱਕ ਮੁੜ ਕੇ ਨਹੀਂ ਆਉਂਦੀ।

ਬੁੱਢਾ ਕੱਚੀ ਸੜਕ 'ਤੇ ਛੋਹਲੇ ਕਦਮੀਂ ਤੁਰ ਰਿਹਾ ਹੈ। ਵਾਰ-ਵਾਰ 'ਓਇ ਗੋਪਾਲ' ਚੀਕ-ਚੀਕ ਕੇ ਪੋਤੇ ਨੂੰ ਸੱਦ ਰਿਹਾ ਹੈ। ਕਿਸੇ ਵੀ ਦਿਸ਼ਾ 'ਚੋਂ ਉਸਦੇ ਸੱਦਣ ਦਾ ਜੁਆਬ ਨਹੀਂ ਆ ਰਿਹਾ ਹੈ। ਬੈਠੇ ਗਲ਼ੇ 'ਚ ਹਾਲੇ ਕੁਝ ਹੀ ਸੁਧਾਰ ਹੋਣ ਨਾਲ ਉਸਦੀ ਹਾਕ ਜ਼ੋਰ ਨਾਲ ਸੁਣਾਈ ਨਹੀਂ ਪੈ ਰਹੀ ਹੈ। ਉਹ ਇਉਂ ਸੁਣਾਈ ਦੇ ਰਹੀ ਹੈ ਜਿਵੇਂ ਕੋਈ ਘੱਟ ਉਮਰ ਦਾ ਮੁਰਗਾ ਬਾਂਗ ਦੇ ਰਿਹਾ ਹੋਵੇ ਜਾਂ ਕੋਈ ਅਜਿਹਾ ਗਿੱਦੜ ਹੁਆਂਕ ਰਿਹਾ ਹੋਵੇ, ਜਿਸਦੇ ਗਲ਼ 'ਚ ਮੱਛੀ ਦਾ ਕੰਡਾ ਫਸ ਗਿਆ ਹੈ।

## ਤਿੰਨ

ਕੁਝ ਦੇਰ ਬਾਅਦ ਬੁੱਢੇ ਨੂੰ ਸੜਕ 'ਤੇ ਸਾਹਮਣਿਉਂ ਆਪਣੇ ਸੂਰ ਆਉਂਦੇ ਦਿੱਸੇ। ਉਹ ਤੇਜ਼-ਤੇਜ਼ ਤੁਰੇ ਆ ਰਹੇ ਸੀ ਤਾਂ ਇਉਂ ਲੱਗ ਰਿਹਾ ਸੀ ਜਿਵੇਂ ਕਾਲੇ ਗੋਲੇ ਰੁੜ੍ਹਦੇ ਆ ਰਹੇ ਹੋਣ। ਉਹ ਉਡੀਕਦਿਆਂ ਸੜਕ 'ਤੇ ਖੜ੍ਹਾ ਨਾ ਰਹਿ ਸਕਿਆ। ਸੂਰਾਂ ਦੇ ਆਉਣ ਦੀ ਦਿਸ਼ਾ 'ਚ ਹੋਰ ਤੇਜ਼ੀ ਨਾਲ ਤੁਰ ਕੇ ਉਨ੍ਹਾਂ ਨਾਲ ਜਾ ਮਿਲਿਆ। ਸਾਰੇ ਸੂਰ ਆਪਣੇ ਮਾਲਿਕ ਨੂੰ ਪਛਾਣ ਕੇ ਸੜਕ 'ਤੇ ਖੜ੍ਹੇ ਹੋ ਗਏ। ਥੂਥਣ ਉੱਪਰ ਚੁੱਕ ਕੇ ਮੂੰਹ ਹਿਲਾਉਂਦਿਆਂ 'ਗੁਰਰ-ਗੁਰਰ' ਕਰਨ ਲੱਗੇ। ਛੋਟੀ-ਛੋਟੀ ਪੂਛ ਹਿਲਾਉਂਦੇ ਹੋਏ ਉਸਦੇ ਮੂਹਰੇ ਉਘੜੇ-ਦੁਘੜੇ ਘੁੰਮਣ ਲੱਗੇ ਅਤੇ ਇਕ-ਦੂਜੇ ਦੇ ਢਿੱਡ 'ਚ ਥੂਥਣ ਮਾਰਦਿਆਂ ਰੌਲਾ ਪਾਉਣ ਲੱਗੇ।

ਬੁੱਢੇ ਦੀਆਂ ਅੱਖਾਂ ਸੂਰੀ ਨੂੰ ਭਾਲਣ ਲੱਗੀਆਂ। ਝੁੰਡ 'ਚ ਸੂਰੀ ਨਹੀਂ ਸੀ। ਝੁੰਡ ਨੂੰ ਦੋ-ਤਿੰਨ ਵਾਰ ਪੂਰਾ-ਪੂਰਾ ਦੇਖਣ ਦੇ ਬਾਅਦ ਉਸਦੀ ਨਜ਼ਰ ਮੁੰਡੇ 'ਤੇ ਜਾ ਕੇ ਟਿਕ ਗਈ।

ਲੱਗਿਆ ਕਿ ਉਹ ਬਹੁਤ ਦੇਰ ਤੋਂ ਰੋਂਦਾ ਰਿਹਾ ਹੈ। ਉਸ ਦੀਆਂ ਧੂੜ ਨਾਲ ਭਰੀਆਂ ਗੱਲ੍ਹਾਂ 'ਤੇ ਹੰਝੂਆਂ ਦੇ ਨਿਸ਼ਾਨ ਦਿਖਾਈ ਦੇ ਰਹੇ ਸਨ। ਅੱਖਾਂ ਲਾਲ ਹੋ ਗਈਆਂ ਹਨ। ਅੱਖਾਂ ਮਲਦਿਆਂ ਉਹ ਡੁਸਕਦਾ ਖੜ੍ਹਾ ਹੈ।

"ਸੂਰੀ ਕਿੱਥੇ ਏ ਉਇ?" ਬੁੱਢੇ ਨੇ ਪੁੱਛਿਆ। ਉਹ ਜਾਣਦਾ ਸੀ ਕਿ ਸੂਰੀ ਦੇ ਨਾ ਦਿੱਸਣ ਅਤੇ ਮੁੰਡੇ ਦੇ ਰੋਣ ਦਾ ਕਾਰਣ ਇਕੋ ਹੀ ਹੈ।

ਆਪਣੇ ਲੱਕ ਤੋਂ ਤਿਲਕਦੇ ਪਰਨੇ ਨੂੰ ਇਕ ਹੱਥ ਨਾਲ ਫੜ ਕੇ ਅਤੇ ਦੂਜੇ ਹੱਥ ਨਾਲ ਅੱਖਾਂ ਮਲ਼ਦਿਆਂ ਮੁੰਡੇ ਨੇ ਕਿਹਾ, "ਤੀਜੇ ਪਹਿਰ ਦੇ ਬਾਅਦ ਦਿਖੀ ਨਹੀਂ।"



ਭਵਾਂ ਟੇਢੀਆਂ ਕਰਕੇ ਬੁੱਢੇ ਨੇ ਪੁੱਛਿਆ, "ਇਹ ਕਿਵੇਂ ਹੋਇਆ?"

"ਸਭ ਥਾਵੇਂ ਲੱਭਿਆ ਪਰ ਤੀਜੇ ਪਹਿਰ ਦੇ ਬਾਅਦ ਤੋਂ ਦਿਖਾਈ ਨਹੀਂ ਦਿੱਤੀ। ਮੈਂ ਸੋਚਿਆ ਸੂਣ ਲਈ ਘਰੇ ਆ ਗਈ ਹੋਵੇਗੀ।" "ਘਰ ਕਿੱਥੇ ਆਈ। ਹੁਣ ਤੱਕ ਮੈਂ ਘਰੇ ਹੀ ਤਾਂ ਸੀ। ਉਡੀਕਦੇ-ਉਡੀਕਦੇ ਤੰਗ ਆ ਗਿਆ ਤਾਂ ਇੱਧਰ ਤੁਰ ਆਇਆ।" ਕਹਿ ਕੇ ਉਹ ਕੁਝ ਰੁਕਿਆ ਅਤੇ ਫੇਰ ਪੁੱਛਿਆ, "ਤੂੰ ਕਿਵੇਂ ਸੋਚ ਲਿਆ ਕਿ ਸੂਣ ਲਈ ਘਰ ਆਈ ਏ? ਪਾਣੀ ਛੱਡ ਰਹੀ ਸੀ।"

"ਨਹੀਂ, ਮੈਂ ਨਹੀਂ ਦੇਖਿਆ। ਖਜੂਰਾਂ ਦੇ ਝੁਰਮਟ 'ਚ ਕੁਝ ਦੇਰ ਪਈ ਦਰਦ ਨਾਲ ਚੀਕਦੀ ਰਹੀ। ਫੇਰ ਉੱਠ ਕੇ ਆ ਗਈ। ਉੱਪਰੋਂ ਤੁਸੀਂ ਤਾਂ ਕਹਿੰਦੇ ਸੀ ਨਾ - ਪੂਰਨਮਾਸ਼ੀ ਵਾਲੇ ਦਿਨ ਜਾਂ ਉਸ ਤੋਂ ਇਕ ਦਿਨ ਪਹਿਲਾਂ ਸੂਏਗੀ।"

'ਅੱਗ ਲਾ ਮੇਰੇ ਕਹਿਣ ਨੂੰ,' ਬੁੱਢਾ ਬੁੜਬੁੜਾਇਆ ਅਤੇ ਮੁੰਡੇ ਨੂੰ ਝਿੜਕਦੇ ਹੋਏ ਕਹਿਣ ਲੱਗਿਆ, "ਅੱਜ ਜਾਂ ਕੱਲ੍ਹ 'ਚ ਸੂਣ ਵਾਲੀ ਸੂਰੀ ਨੂੰ ਬਾੜੇ 'ਚ ਹੀ ਰਹਿਣ ਦਿੰਦਾ। ਬਾਹਰ ਕਿਉਂ ਕੱਢਿਆ? ਬਾਹਰ ਕੱਢਿਆ ਵੀ ਤਾਂ ਉਸ 'ਤੇ ਨਜ਼ਰ ਰੱਖਦਾ। ਕਿੱਥੇ ਭਕਾਈ ਕਰ ਰਿਹਾ ਸੀ?"

ਮੁੰਡਾ ਥੁੱਕ ਲੰਘਾਉਂਦਾ ਖੜ੍ਹਾ ਰਿਹਾ। ਉਸਦੇ ਖੱਬੇ ਮੋਢੇ 'ਤੇ ਗੁਲੇਲ ਲਟਕ ਰਹੀ ਸੀ। ਸੱਜੇ ਮੋਢੇ 'ਤੇ ਝੋਲਾ ਟੰਗਿਆ ਸੀ। ਉਸਨੇ ਜੋ ਚਿੜੀਆਂ ਮਾਰੀਆਂ ਸਨ, ਉਹ ਝੋਲੇ 'ਚ ਸਨ। ਚਿੜੀਆਂ ਦੇ ਭੂਰੇ ਖੰਭ ਅਤੇ ਲਾਲ ਪੈਰ ਉੱਪਰ ਨੂੰ ਦਿਖਾਈ ਦੇ ਰਹੇ ਸਨ।

'ਬੱਚੇ 'ਤੇ ਗੁੱਸਾ ਕਰਨ ਦਾ ਫਾਇਦਾ ਨਹੀਂ।' ਬੁੱਢੇ ਨੇ ਸੋਚਿਆ। 'ਉਹ ਗੁਲੇਲ ਹੱਥ 'ਚ ਲੈ ਕੇ ਬਿਰਖਾਂ ਦੇ ਆਲੇ-ਦੁਆਲੇ ਘੁੰਮਦਾ ਰਿਹਾ ਹੋਵੇਗਾ। ਗੁਲੇਲ 'ਚ ਰੋੜਾ ਰੱਖ ਕੇ ਚਿੜੀਆਂ ਨੂੰ ਮਾਰਨ 'ਚ ਮਸਤ ਰਿਹਾ ਹੋਵੇਗਾ।'

"ਹੁਣ ਕੁੜੀਆਂ ਵਾਂਗ ਰੋਂਦਾ ਕਿਉਂ ਏਂ? ਇਨ੍ਹਾਂ ਨੂੰ ਧਿਆਨ ਨਾਲ ਲੈ ਜਾ ਤੇ ਬਾੜੇ 'ਚ ਪਹੁੰਚਾ। ਸੂਰੀ ਦਾ ਕੀ ਹੋਇਆ ਇਹ ਮੈਂ ਜਾ ਕੇ ਦੇਖਦਾਂ।" ਕਹਿ ਕੇ ਉਹ ਤੁਰ ਪਿਆ ਅਤੇ ਚਾਰ ਕਦਮ ਤੁਰਨ ਦੇ ਬਾਅਦ ਹੀ ਰੁਕ ਕੇ ਪੁੱਛਿਆ, "ਸੂਰਾਂ ਨੂੰ ਕਿੱਥੇ-ਕਿੱਥੇ ਲੈ ਗਿਆ ਸੀ? ਉਸਨੂੰ ਆਖ਼ਿਰੀ ਵਾਰ ਦੇਖਿਆ ਕਿੱਥੇ ਸੀ?"

"ਛੱਪੜੀ ਦੇ ਕੋਲ। ਫੇਰ ਦਿਖਾਈ ਨਹੀਂ ਦਿੱਤੀ।" ਮੁੰਡੇ ਨੇ ਕਿਹਾ।

"ਠੀਕ ਏ, ਤੂੰ ਜਾ। ਸੂਰਾਂ ਨੂੰ ਦਾਣਾ-ਪਾਣੀ ਦੇ ਤੇ ਹਿਫਾਜ਼ਤ ਨਾਲ ਰੱਖ। ਸੂਰੀ ਨੂੰ ਮੈਂ ਦੇਖ ਲੈਂਦਾ ਹਾਂ।" ਕਹਿੰਦਾ ਹੋਇਆ ਬੁੱਢਾ ਤੁਰ ਪਿਆ।

ਉਹ ਛੋਹਲੇ ਕਦਮੀਂ ਤੁਰਨ ਲੱਗਿਆ। ਉਸਦੇ ਮਨ ਦੀ ਗਤੀ ਬੇਚੈਨੀ ਨੂੰ ਜ਼ਾਹਿਰ ਕਰ ਰਹੀ ਸੀ। ਹੱਥ ਦੇ ਭਾਲੇ ਨੂੰ ਝੁਲਾਉਂਦਾ ਹੋਇਆ ਉਹ ਇਉਂ ਕਦਮ ਵਧਾ ਰਿਹਾ ਸੀ ਜਿਵੇਂ ਆਪਣੇ ਪਰਛਾਵੇਂ ਦਾ ਕਚੂਮਰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸਦਾ ਮਨ ਉਸ ਤੋਂ ਵੀ ਅੱਗੇ ਭੱਜ ਕੇ ਉਸਨੂੰ ਘੜੀਸ ਰਿਹਾ ਸੀ। ਹੌਲੀ-ਹੌਲੀ ਉਸ ਦੀ ਤੋਰ ਦੌੜ 'ਚ ਬਦਲ ਗਈ। ਸੜਕ 'ਤੇ ਹੁਣ ਉਸਦੇ ਪੈਰ ਥਪ-ਥਪ ਪੈ ਰਹੇ ਸਨ।

## ਚਾਰ

ਥੋੜ੍ਹੀ ਦੇਰ 'ਚ ਉਹ ਛੱਪੜੀ ਦੇ ਕੋਲ ਪਹੁੰਚਿਆ। ਗਰਮੀ ਦੇ ਦਿਨ ਹੋਣ ਕਾਰਣ ਉਹ ਲਗਭਗ ਸੁੱਕੀ ਸੀ। ਬਸ ਕਿਨਾਰੇ 'ਤੇ ਹੀ ਥੋੜ੍ਹਾ ਪਾਣੀ ਸੀ।

ਲੱਗਿਆ ਕਿ ਸੂਰ ਪਾਣੀ 'ਚ ਪਿਆਰ ਨਾਲ ਲਿਟਦੇ ਰਹੇ ਸਨ। ਚਾਨਣੀ 'ਚ ਦਿੱਸ ਰਿਹਾ ਸੀ ਕਿ ਪਾਣੀ 'ਚ ਚਿੱਕੜ ਭਰਿਆ ਹੈ। ਬੁੱਢਾ 'ਹੂਚ'-'ਹੂਚ' ਕਹਿ ਕੇ ਚੀਕਦਿਆਂ ਕਿਨਾਰੇ-ਕਿਨਾਰੇ ਤੁਰਨ ਲੱਗਿਆ। ਸਾਰਾ ਦਿਨ ਗੰਦਲੇ ਪਾਣੀ 'ਚ ਲਿਟ-ਲਿਟ ਕੇ ਕਿਨਾਰੇ 'ਤੇ ਆਉਣ ਬਾਅਦ ਸੂਰ ਅਤੇ ਝੋਟੇ ਦੇ ਸਰੀਰ ਤੋਂ ਚੋਏ ਪਾਣੀ ਦੀ ਨਮੀ 'ਤੇ ਪੈਰ ਰੱਖਦਿਆਂ ਉਹ ਤੁਰ ਰਿਹਾ ਹੈ। ਛੱਪੜੀ ਦੇ ਚਾਰੇ ਪਾਸੇ ਝਾੜੀਆਂ 'ਚ ਵੜਦਿਆਂ ਉਹ ਸੂਰੀ ਨੂੰ ਲੱਭ ਰਿਹਾ ਹੈ।

ਉਹ ਫੇਰ ਤੋਂ ਪਾਣੀ ਦੇ ਕਿਨਾਰੇ ਆਇਆ ਅਤੇ ਝੁਕ ਕੇ ਗਿੱਲੀ ਜ਼ਮੀਨ ਦੇ ਉੱਤੇ ਸੂਰੀ ਦੇ ਖੁਰਾਂ ਦੇ ਨਿਸ਼ਾਨ ਲੱਭਣ ਲੱਗਿਆ। ਜ਼ਮੀਨ 'ਤੇ ਤਰ੍ਹਾਂ-ਤਰ੍ਹਾਂ ਦੇ ਨਿਸ਼ਾਨ ਰਲ-ਮਿਲ ਗਏ ਸਨ। ਹਲ ਵਾਹੁਣ ਨਾਲ ਘਿਸੇ ਪਸ਼ੂਆਂ ਦੇ ਖੁਰਾਂ ਦੇ ਨਿਸ਼ਾਨ ਅਤੇ ਨਾਲ ਠੋਕੇ ਗਏ ਬਲ਼ਦਾਂ ਦੇ ਖੁਰਾਂ ਦੇ ਨਿਸ਼ਾਨ ਕਿਤੇ-ਕਿਤੇ ਦਿਖਾਈ ਦੇ ਰਹੇ ਹਨ। ਉਨ੍ਹਾਂ ਦੇ ਵਿਚਕਾਰ ਭੇਡਾਂ ਅਤੇ ਸੂਰਾਂ ਦੇ ਖੁਰ ਧੁੰਦਲੇ ਜਿਹੇ ਦਿਖਾਈ ਦੇ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਮਿਲਾਉਂਦੀਆਂ ਜੋਕਾਂ ਅਤੇ ਮਲੱਪਾਂ ਦੀਆਂ ਲਕੀਰਾਂ ਦਿਖਾਈ ਪੈ ਰਹੀਆਂ ਹਨ।

ਲੱਕ ਸਿੱਧਾ ਕਰਕੇ ਖੜ੍ਹੇ ਹੋ ਕੇ ਉਸਨੇ ਲੰਬਾ ਸਾਹ ਛੱਡਿਆ। ਚਾਨਣੀ 'ਚ ਛੱਪੜੀ ਦੇ ਨੇੜੇ-ਤੇੜੇ ਸੰਨਾਟਾ ਸੀ।

ਬੱਚਾ ਜਣਨ ਦੇ ਲੱਛਣ ਉਜਾਗਰ ਹੁੰਦੇ ਹੀ ਸੂਰੀ ਅਨੋਖੇ ਢੰਗ ਨਾਲ ਵਿਹਾਰ ਕਰਦੀ ਹੈ। ਉਹ ਸੁੰਨੀ ਥਾਂ ਨੂੰ ਲੱਭਦਿਆਂ ਨਿਕਲ ਪੈਂਦੀ ਹੈ। ਕਦੇ-ਕਦੇ ਤਾਂ ਉਹ ਇਉਂ ਮੀਲਾਂ ਤੱਕ ਚਲੀ ਜਾਂਦੀ ਹੈ। ਤੁਰਦੇ-ਤੁਰਦੇ ਅੰਤ 'ਚ ਕਿਸੇ ਝਾੜੀ ਜਾਂ ਗੁਫ਼ਾ 'ਚ ਪਹੁੰਚ ਕੇ ਸੂੰਦੀ ਹੈ।

ਬੁੱਢੇ ਨੇ ਪਾਣੀ ਦੇ ਕਿਨਾਰੇ ਖੜ੍ਹੇ ਹੋ ਕੇ ਚਾਰੇ ਪਾਸੇ ਦੇਖਿਆ। ਉੱਥੋਂ ਦੀਆਂ ਝਾੜੀਆਂ 'ਚੋਂ ਕੋਈ ਵੀ ਏਨੀ ਵੱਡੀ ਨਹੀਂ ਸੀ ਕਿ ਸੂਰੀ ਨੂੰ ਆਸਰਾ ਦੇ ਸਕੇ। 'ਤੀਸਰੇ ਪਹਿਰ ਉਹ ਇਸ ਇਲਾਕੇ ਨੂੰ ਛੱਡ ਕੇ ਕਿਤੇ ਗਈ ਹੋਵੇਗੀ।' ਉਸਨੇ ਸੋਚਿਆ। ਪਰ ਏਥੋਂ ਤੁਰ ਕੇ ਕਿੱਥੇ ਗਈ ਹੋਵੇਗੀ ?

ਪੂਰਬ ਦੇ ਵੱਲ ਜਾਂਦੀ ਤਾਂ ਪਗਡੰਡੀ ਰਾਹੀਂ ਘਰ ਪਹੁੰਚ ਜਾਂਦੀ। ਉਹ ਪਗਡੰਡੀ ਉਸਦੀ ਜਾਣੀ-ਪਛਾਣੀ ਹੈ। ਪਰ ਅਜਿਹਾ ਨਹੀਂ ਹੋਇਆ। ਇਸ ਲਈ ਪੂਰਬ ਵੱਲ ਨਹੀਂ ਗਈ ਹੈ।

ਛੱਪੜੀ ਦੇ ਉੱਤਰ 'ਚ ਇਕ ਛੋਟੀ ਜਿਹੀ ਨਦੀ ਵਗ ਰਹੀ ਹੈ। ਸੂਣ ਵਾਲੀ ਸੂਰੀ ਦਾ ਤੈਰ ਕੇ ਨਦੀ ਪਾਰ ਕਰਨਾ ਅਸੰਭਵ ਹੀ ਹੈ।

ਛੱਪੜੀ ਦੇ ਦੱਖਣ 'ਚ ਉਸ ਦੇ ਕੋਲ ਇੱਕ ਵੱਡਾ ਸਾਰਾ ਮੈਦਾਨ ਹੈ। ਸਾਰੇ ਮੈਦਾਨ 'ਚ ਹਰਾ ਘਾਹ ਅਤੇ ਥੋੜ੍ਹੇ ਜਿਹੇ ਬਿਰਖ ਹਨ। ਬਸ ! ਗੋਡਿਆਂ ਤੱਕ ਉੱਚੀ ਇੱਕ ਵੀ ਝਾੜੀ ਨਹੀਂ ਹੈ। ਸੁੰਨੇ ਥਾਂ ਦੀ ਭਾਲ 'ਚ ਗਈ ਸੂਰੀ ਉੱਧਰ ਨਹੀਂ ਗਈ ਹੋਵੇਗੀ।

ਹੁਣ ਛੱਪੜੀ ਦੇ ਕੋਲ ਸ਼ੁਰੂ ਹੋ ਕੇ ਇੱਕ ਜੰਗਲ ਪੱਛਮ ਵੱਲ ਫੈਲਿਆ ਹੈ। ਵਰਖਾ ਰੁੱਤ 'ਚ ਛੱਪੜੀ ਨੂੰ ਭਰਨ ਵਾਲਾ ਝਰਨਾ ਜੰਗਲ ਦੇ ਅੰਦਰੋਂ ਆਉਂਦਾ ਹੈ। ਜੰਗਲ ਕਾਲਾ, ਸੰਘਣਾ ਅਤੇ ਬੇਅੰਤ ਹੋ ਕੇ ਪਸਰ ਗਿਆ ਹੈ।

'ਸੂਰੀ ਇਉਂ ਪੱਛਮ ਦੇ ਵੱਲ ਜੰਗਲ 'ਚ ਗਈ ਹੋਵੇਗੀ।' ਬੁੱਢੇ ਨੇ ਸੋਚਿਆ। ਉਸਨੇ ਆਪਣੇ ਆਪ ਨੂੰ ਸੁਆਲ ਕੀਤਾ, 'ਮੇਰੇ ਇਉਂ ਸੋਚਣ ਦਾ ਕੋਈ ਆਧਾਰ ਵੀ ਏ ?' ਫੇਰ ਉਸਨੇ ਸੋਚਿਆ, 'ਦੂਜਾ ਕੋਈ ਆਧਾਰ ਨਹੀਂ ਏ। ਸੂਣ ਦੀ ਘੜੀ ਆਉਂਦੇ ਹੀ ਸੂਰੀ ਝਾੜੀਆਂ ਤੇ ਗੁਫ਼ਾਵਾਂ ਨੂੰ ਲੱਭਦਿਆਂ ਕੋਹਾਂ ਤੱਕ ਜਾਂਦੀ ਏ। ਬਸ, ਇਹੀ ਇੱਕ ਆਧਾਰ ਏ।'

ਚੰਦ ਆਕਾਸ਼ 'ਚ ਉੱਪਰ ਦੇ ਵੱਲ ਸਰਕ ਰਿਹਾ ਹੈ। ਰਾਤ ਗਹਿਰਾ ਰਹੀ ਹੈ। ਵੇਲਾ ਗੁਆਉਣਾ ਬੁੱਢੇ ਨੂੰ ਪਸੰਦ ਨਹੀਂ। ਉਹ ਛੱਪੜੀ ਛੱਡ ਕੇ ਪੱਛਮ ਦੇ ਵੱਲ ਜੰਗਲ ਦੀ ਦਿਸ਼ਾ 'ਚ ਤੁਰਨ ਲੱਗਿਆ ਹੈ।



## ਪੰਜ

ਜੰਗਲ 'ਚ ਉਸਦੇ ਤੁਰਨ ਦੇ ਲਈ ਬਣੇ ਬਣਾਏ ਰਸਤੇ ਨਹੀਂ ਹਨ। ਉਹ ਚੱਟਾਨਾਂ ਅਤੇ ਰੋੜਿਆਂ 'ਤੇ ਚੱਲ ਰਿਹਾ ਹੈ। ਉੱਚਾਈਆਂ 'ਤੇ ਚੜ੍ਹਦਿਆਂ ਅਤੇ ਢਲਾਣਾਂ 'ਚ ਉਤਰਦਿਆਂ ਵਧ ਰਿਹਾ ਹੈ। ਘਾਹ ਨੂੰ ਮਿੱਧਦਿਆਂ ਅਤੇ ਛੋਟੇ-ਛੋਟੇ ਬਿਰਖਾਂ ਦੀਆਂ ਟਾਹਣੀਆਂ ਨੂੰ ਪਾਸੇ ਹਟਾਉਂਦਿਆਂ ਤੁਰ ਰਿਹਾ ਹੈ।

ਜੰਗਲੀ ਜਾਨਵਰਾਂ ਦੇ ਲਗਾਤਾਰ ਤੁਰਦੇ ਰਹਿਣ ਨਾਲ ਬਣੀਆਂ ਪਤਲੀਆਂ ਪਗਡੰਡੀਆਂ ਤੋਂ ਹੁੰਦਾ ਹੋਇਆ ਉਹ ਤੁਰਨ ਲੱਗਿਆ। ਉਹ ਰਸਤਾ ਹੋਰ ਵੀ ਜ਼ਿਆਦਾ ਧੁੰਦਲਾ ਹੈ। ਕੁਝ ਦੇਰ ਬਾਅਦ ਜਾਦੂਗਰ ਵਾਂਗੂ ਉਹ ਲਾਲੜੀ ਦੀਆਂ ਝਾੜੀਆਂ ਵਿਚਕਾਰ ਗਾਇਬ ਹੋ ਗਿਆ। ਇਸ ਤੋਂ ਉਹ ਘਬਰਾਇਆ ਨਹੀਂ। 'ਇਹ ਰਾਸਤੇ ਅਜੀਬੋ-ਗਰੀਬ ਥਾਵਾਂ ਤੋਂ ਸ਼ੁਰੂ ਹੋ ਕੇ ਅਜੀਬੋ-ਗਰੀਬ ਰਾਹਾਂ 'ਤੇ ਖ਼ਤਮ ਹੋ ਜਾਂਦੇ ਨੇ। ਅਜਿਹੇ ਰਸਤਿਉਂ ਹੋ ਕੇ ਜਾਣਾ ਬਿਲਕੁਲ ਬੇਕਾਰ ਏ।' ਉਸਨੇ ਸੋਚਿਆ।

ਉਹ ਜੰਗਲ ਦੇ ਵੱਲ ਤੁਰਿਆ ਜਾ ਰਿਹਾ ਹੈ। ਝਾੜੀਆਂ ਅਤੇ ਗੁਫ਼ਾਵਾਂ ਨੂੰ ਖੰਗਾਲ ਰਿਹਾ ਹੈ। ਵਾਰ-ਵਾਰ ਜ਼ੋਰ-ਜ਼ੋਰ ਦੀ 'ਹੂਚ-ਹੂਚ' ਕਰ ਰਿਹਾ ਹੈ।

ਤਾੜੀ ਹੁਣ ਆਪਣਾ ਅਸਰ ਦਿਖਾ ਰਹੀ ਹੈ। ਉਸਨੂੰ ਲੱਗਿਆ ਜਿਵੇਂ ਸਾਰੇ ਸਰੀਰ 'ਚ ਗਰਮਾਹਟ ਫੈਲ ਰਹੀ ਹੈ ਅਤੇ ਪੈਰ ਹਵਾ 'ਚ ਤੈਰ ਰਹੇ ਹਨ। ਉਸਨੂੰ ਬੜਾ ਚੰਗਾ ਲੱਗ ਰਿਹਾ ਹੈ ਕਿ ਚੰਦ ਹੱਸ ਰਿਹਾ ਹੈ, ਬਿਰਖ ਨੱਚ ਰਹੇ ਹਨ ਅਤੇ ਹਵਾ ਮਲਯ ਪਰਬੱਤ ਦੀ ਖ਼ੁਸ਼ਬੂ ਬਹਾ ਕੇ ਲਿਆ ਰਹੀ ਹੈ। 'ਢਿੱਡ 'ਚ ਤਾੜੀ ਉੱਬਲ ਰਹੀ ਹੈ। ਉਸਦੀ ਭਾਫ ਉੱਪਰ ਨੂੰ ਜ਼ੋਰ ਮਾਰ ਰਹੀ ਏ।' ਉਸਨੇ ਸੋਚਿਆ। ਤਾੜੀ ਤੋਂ ਕਿੰਨਾ ਵੀ ਨਸ਼ਾ ਹੋਵੇ, ਸੂਰੀ ਨੂੰ ਲੈ ਕੇ ਉਸਦੀ ਬੇਚੈਨੀ ਜ਼ਰਾ ਵੀ ਘੱਟ ਨਹੀਂ ਹੋਈ।

ਉਸਨੂੰ ਫੇਰ ਤੋਂ ਜੰਗਲੀ ਜਾਨਵਰਾਂ ਦੀ ਬਣਾਈ ਹੋਈ ਇੱਕ ਪਗਡੰਡੀ ਦਿਖਾਈ ਦਿੱਤੀ। 'ਨੀਂਦ ਦੇ ਸਾਡੇ ਸੁਪਨਿਆਂ ਵਾਂਗੂ ਇਹ ਰਸਤੇ ਬੇਸਿਰ-ਪੈਰ ਦੇ ਹੁੰਦੇ ਨੇ।' ਬੁੱਢਾ ਇਹ ਸੋਚਦਾ ਹੋਇਆ ਵੀ ਉਸੇ 'ਤੇ ਤੁਰਨ ਲੱਗਿਆ। ਰਸਤੇ 'ਤੇ ਤਰ੍ਹਾਂ-ਤਰ੍ਹਾਂ ਦੇ ਖੁਰਾਂ ਦੇ ਨਿਸ਼ਾਨ ਹਨ। ਉਨ੍ਹਾਂ 'ਤੇ ਪੈਰ ਧਰਦਿਆਂ ਉਹ ਤੁਰਨ ਲੱਗਿਆ।

ਆਪਣੀ ਝੁੱਗੀ ਵਰਗੀਆਂ ਵੱਡੀਆਂ ਝਾੜੀਆਂ ਦਾ ਚੱਕਰ ਲਾਉਂਦਿਆਂ, ਚੰਦਰਮਾ ਦੀਆਂ ਕਿਰਣਾਂ ਦੇ ਲਈ ਮਜ਼ਬੂਤ ਸੰਘਣੇ ਬਿਰਖਾਂ ਦੇ ਹੇਠਾਂ ਤੁਰਦਿਆਂ, ਡੂੰਘੀਆਂ ਘਾਟੀਆਂ ਨੂੰ ਪਾਰ ਕਰਦਿਆਂ ਅਤੇ ਦੀਪਾਂ ਵਰਗੀਆਂ ਚੱਟਾਨਾਂ 'ਤੇ ਚੜ੍ਹਦੇ-ਉਤਰਦੇ ਹੋਏ ਉਹ ਤੁਰਿਆ ਜਾ ਰਿਹਾ ਹੈ।

ਸਿਰ ਚੁੱਕ ਕੇ ਉਸਨੇ ਦੇਖਿਆ ਤਾਂ ਬਿਰਖਾਂ ਦੇ ਵਿਚੋਂ ਥੋੜ੍ਹਾ ਜਿਹਾ ਆਕਾਸ਼ ਦਿੱਸਿਆ। ਪਰ ਸੂਰਜ ਨੂੰ ਆਪਣੇ ਪਿੱਛੇ ਜਿਸ ਨੇ ਲੁਕੋ ਲਿਆ ਸੀ, ਉਹ ਪੱਛਮ ਦਾ ਪਹਾੜ ਜਾਂ ਚੰਦਰਮਾ ਨੂੰ ਜਿਸਨੇ ਆਕਾਸ਼ 'ਚ ਸੁੱਟਿਆ ਸੀ, ਉਹ ਪੂਰਬ ਦਾ ਪਹਾੜ ਦਿੱਸ ਨਹੀਂ ਰਿਹਾ ਹੈ। ਉਸਨੂੰ ਘੇਰ ਕੇ ਬਿਰਖ, ਝਾੜੀਆਂ ਅਤੇ ਚੱਟਾਨਾਂ ਗੰਭੀਰ ਮੁਦਰਾ 'ਚ ਖੜ੍ਹੇ ਹਨ। ਜੰਗਲੀ ਆਵਾਜ਼ਾਂ ਲਗਾਤਾਰ ਸੁਣਾਈ ਦੇ ਰਹੀਆਂ ਹਨ। ਅੱਖਾਂ ਨਾ ਦਿੱਸਣ 'ਤੇ ਵੀ ਉਨ੍ਹਾਂ ਦੇ ਸਰੋਤਾਂ ਨੂੰ ਉਹ ਪੱਕੇ ਤੌਰ 'ਤੇ ਜਾਣਦਾ ਹੈ। ਪਰ ਅਜਿਹੀਆਂ ਵੀ ਬਹੁਤ ਸਾਰੀਆਂ ਆਵਾਜ਼ਾਂ ਹਨ, ਜੋ ਉਸਦੀ ਸਮਝ ਤੋਂ ਪਰੇ ਹਨ। ਉਹ ਕਿਵੇਂ ਪੈਦਾ ਹੁੰਦੀਆਂ ਹਨ ਉਨ੍ਹਾਂ ਦੀ ਮੰਸ਼ਾ ਕੀ ਹੈ, ਇਹ ਉਹ ਨਾ ਸਮਝ ਸਕਿਆ ਹੈ, ਨਾ ਉਸਦੇ ਪੁਰਖੇ ਹੀ। 'ਜੰਗਲ ਬਹੁਤ ਭੇਤ ਭਰਿਆ ਹੁੰਦਾ ਏ। ਏਥੇ ਬਹੁਤ ਸਾਰੇ ਭੇਤ ਅਜਿਹੇ ਨੇ ਜੋ ਕਿਸੇ ਵੀ ਅਨੁਭਵ ਜਾਂ ਸਮਝ ਦੀ ਪਕੜ 'ਚ ਨਹੀਂ ਆਉਂਦੇ।' ਬੁੱਢੇ ਨੇ ਸੋਚਿਆ।

'ਪਰ ਮੇਰਾ ਅਨੁਭਵ ਘੱਟ ਤਾਂ ਨਹੀਂ ਏ।' ਉਸਨੇ ਫੇਰ ਸੋਚਿਆ। ਵੀਹ ਸਾਲ ਦੀ ਉਮਰ 'ਚ ਉਹ

ਇੱਕ ਸੰਘਣੇ ਜੰਗਲ 'ਚ ਦੋ ਸਾਲ ਤੱਕ ਰਿਹਾ ਸੀ। ਉਨ੍ਹਾਂ ਦਿਨਾਂ 'ਚ ਇਸ ਇਲਾਕੇ 'ਚ ਭਿਆਨਕ ਸੋਕਾ ਪਿਆ ਸੀ। ਘਾਹ ਦੀ ਘਾਟ 'ਚ ਪਸ਼ੂਆਂ ਦੇ ਝੁੰਡਾਂ ਦੇ ਝੁੰਡ ਮਰਨ ਲੱਗੇ ਸਨ। ਇੱਕ ਜ਼ਿਮੀਦਾਰ ਨੇ ਬੁੱਢੇ ਨੂੰ (ਉਦੋਂ ਉਹ ਜੁਆਨ ਸੀ) ਪਸ਼ੂਆਂ ਦਾ ਇੱਕ ਝੁੰਡ ਸਮ੍ਹਾ ਕੇ ਹੁਕਮ ਦਿੱਤਾ ਕਿ ਉਹ ਪੰਜਾਹ ਮੀਲ ਦੂਰ ਜੰਗਲ 'ਚ ਉਨ੍ਹਾਂ ਨੂੰ ਲੈ ਕੇ ਰਹੇ ਅਤੇ ਵਰਖਾ ਦੇ ਬਾਅਦ ਸੋਕੇ ਦੇ ਖ਼ਤਮ ਹੋਣ 'ਤੇ ਹੀ ਮੁੜੇ। ਪਸ਼ੂਆਂ ਨੂੰ ਚਰਾਉਂਦਿਆਂ ਅਤੇ ਉਨ੍ਹਾਂ ਨੂੰ ਹਿੰਸਕ ਜਾਨਵਰਾਂ ਦੇ ਚੁੰਗਲ 'ਚੋਂ ਬਚਾਉਂਦੇ ਹੋਏ ਉਸਨੇ ਜੋ ਦੋ ਸਾਲ ਦਾ ਵਕਤ ਜੰਗਲ 'ਚ ਬਿਤਾਇਆ ਸੀ, ਉਸਦਾ ਹਰ ਦਿਨ ਰੋਮਾਂਚਕ ਸੀ। ਅਜਿਹੇ ਬਿਰਖਾਂ ਦੇ ਹੇਠ ਰਿਹਾ, ਜੋ ਚਾਰ ਪੀੜ੍ਹੀਆਂ ਦੇ ਗਵਾਹ ਰਹੇ ਸਨ। ਅਜਿਹੀਆਂ ਝਾੜੀਆਂ 'ਚ ਪਿਆ ਰਿਹਾ ਜੋ ਅਜਿਹੀਆਂ ਵੇਲਾਂ ਨਾਲ ਬਣੀਆਂ ਸਨ, ਜਿਨ੍ਹਾਂ ਦਾ ਆਦਿ-ਅੰਤ ਸਭ ਬੁਝਾਰਤ ਸੀ। ਅਜਿਹੀਆਂ ਗੁਫ਼ਾਵਾਂ 'ਚ ਰਿਹਾ ਜਿਨ੍ਹਾਂ 'ਚ ਮਾਰੀਆਂ ਹਾਕਾਂ ਪਹਿਰਾਂ ਤੱਕ ਗੂੰਜਦੀਆਂ ਰਹਿਣ। ਗਿੱਦੜਾਂ ਅਤੇ ਚੀਤਿਆਂ ਦਾ ਮੁਕਾਬਲਾ ਕਰਦਿਆਂ, ਹਿਰਣਾਂ ਅਤੇ ਮੁਰਗਾਬੀਆਂ ਨਾਲ ਦੋਸਤੀ ਗੰਢਦਿਆਂ ਅਤੇ ਖਰਗੋਸ਼ਾਂ ਅਤੇ ਜੰਗਲੀ ਸੂਰਾਂ ਦਾ ਸ਼ਿਕਾਰ ਕਰਦਿਆਂ, ਉਸਨੇ ਜੀਵਨ ਬਿਤਾਇਆ ਸੀ। ਉਨ੍ਹਾਂ ਸਾਰੇ ਅਨੁਭਵਾਂ 'ਤੇ ਵਿਚਾਰ ਕਰਦਿਆਂ ਬੁੱਢਾ ਸੋਚਣ ਲੱਗਿਆ, 'ਜੰਗਲ ਬੜਾ ਅਨੋਖਾ ਹੁੰਦਾ ਏ। ਉਸਦੇ ਰਹੱਸ ਸ਼ਾਇਦ ਉਸਨੂੰ ਖੁਦ ਵੀ ਨਹੀਂ ਪਤਾ।'

ਚੰਦ ਠੰਢੀ ਆਭਾ ਨਾਲ ਚਮਕ ਰਿਹਾ ਹੈ। ਘਾਹ 'ਤੇ, ਬਿਰਖਾਂ 'ਤੇ, ਘਾਟੀਆਂ 'ਤੇ ਅਤੇ ਪਹਾੜਾਂ 'ਤੇ ਚਾਨਣੀ ਝਰ ਰਹੀ ਹੈ। ਵਿਸਾਖ ਦੀ ਧੁੱਪ ਨਾਲ ਝੁਲਸੀ ਕੁਦਰਤ ਚਾਨਣੀ ਦਾ ਸੁਆਦ ਲੈਂਦਿਆਂ ਆਪਣੀ ਥਕਾਵਟ ਮਿਟਾ ਰਹੀ ਹੈ।

ਜੰਗਲ ਦੇ ਸ਼ਬਦ ਹੌਲੀ-ਹੌਲੀ ਖੀਣ ਹੋ ਰਹੇ ਹਨ। ਜੀਵ-ਜੰਤੂ ਇੱਕ-ਇੱਕ ਕਰਕੇ ਨੀਂਦ ਦੀ ਦੇਵੀ ਦੀ ਗੋਦੀ 'ਚ ਸਮਾਉਂਦੇ ਜਾ ਰਹੇ ਹਨ।

ਚੰਦਰਮਾ ਦੀਆਂ ਕਿਰਣਾਂ ਦੀ ਛੋਹ ਨਾਲ ਹੋਸ਼ 'ਚ ਆ ਕੇ ਸਿਰ ਚੁੱਕਦੇ ਹੋਏ ਘਾਹ ਅਤੇ ਬੂਟਿਆਂ ਨੂੰ ਮਿੱਧਦਿਆਂ ਉਹ ਤੁਰ ਰਿਹਾ ਹੈ।

ਰਸਤੇ ਦੇ ਸੱਜੇ ਪਾਸੇ ਉਸਨੂੰ ਇੱਕ ਗੁਫ਼ਾ ਦਿਖਾਈ ਪਈ ਜੋ ਦੋ ਚੱਟਾਨਾਂ ਦੇ ਜੁੜੇ ਹੋਣ ਕਾਰਣ ਬਣੀ ਹੈ।

ਬੁੱਢਾ ਗੁਫ਼ਾ ਦੇ ਸਾਹਮਣੇ ਖੜ੍ਹਾ ਹੋ ਗਿਆ ਅਤੇ ਹਥੇਲੀਆਂ ਮੂੰਹ 'ਤੇ ਧਰ ਕੇ 'ਹੂਚ-ਹੂਚ' ਕਰਕੇ ਚੀਕਿਆ। ਗੁਫ਼ਾ 'ਚ ਹਨੇਰਾ ਹੈ। ਚੰਦਰਮਾ ਦੇ ਵਿਚਕਾਰ ਆਕਾਸ਼ 'ਚ ਰਹਿਣ ਦੇ ਕਾਰਣ ਚਾਨਣੀ ਗੁਫ਼ਾ ਦੇ ਅੰਦਰ ਫੈਲ ਨਹੀਂ ਪਾ ਰਹੀ ਹੈ। ਗੁਫ਼ਾ ਦੇ ਸਾਹਮਣੇ ਦਰਬਾਨਾਂ ਵਾਂਗੂ ਦੋ ਬਿਰਖ ਖੜ੍ਹੇ ਹਨ। ਉਸਨੇ ਭਾਲੇ ਨੂੰ ਹੇਠਾਂ ਰੱਖਿਆ। ਫੇਰ ਗੁਫ਼ਾ ਦੇ ਅੰਦਰ ਜਾਣ ਵਾਲੇ ਰਸਤੇ 'ਤੇ ਸੂਰੀ ਦੇ ਖੁਰਾਂ ਦੇ ਨਿਸ਼ਾਨ ਲੱਕ ਝੁਕਾ ਕੇ ਲੱਭਣ ਲੱਗਿਆ। ਪਿਛਲੇ ਹਫ਼ਤੇ ਹੋਈ ਪਹਿਲੀ ਬਾਰਿਸ਼ ਦੇ ਕਾਰਣ ਹਰਾ ਘਾਹ ਸੰਘਣਾ ਹੋ ਗਿਆ। ਬੁੱਢੇ ਦੇ ਮਤਲਬ ਦੇ ਕੋਈ ਨਿਸ਼ਾਨ ਉੱਥੇ ਦਿਖਾਈ ਨਹੀਂ ਪਏ। ਉਸਨੇ ਦੋ ਰੋੜੇ ਹੱਥ 'ਚ ਫੜ ਕੇ ਉਸ ਹਨੇਰੀ ਗੁਫ਼ਾ 'ਚ ਸੁੱਟੇ। ਫੇਰ ਗੁਫ਼ਾ ਦੇ ਪਾਸੇ ਖੜ੍ਹ ਕੇ ਨਤੀਜੇ ਦੀ ਉਡੀਕ ਕਰਨ ਲੱਗਿਆ। 'ਮੈਨੂੰ ਹੁਸ਼ਿਆਰ ਰਹਿਣਾ ਚਾਹੀਦਾ ਏ। ਜੇਕਰ ਸੂਰੀ ਗੁਫ਼ਾ 'ਚ ਹੋਵੇ ਤੇ ਮੇਰੀ ਮੌਜੂਦਗੀ ਜਾਣ ਲਵੇ ਤਾਂ ਅਗਲੇ ਹੀ ਪਲ ਉਹ ਸ਼ੇਰਨੀ ਵਾਂਗੂ ਮੇਰੇ ਉੱਪਰ ਛਾਲ ਮਾਰੇਗੀ। ਹੱਥ ਜਾਂ ਪੈਰ ਜੋ ਵੀ ਕਾਬੂ ਆ ਗਿਆ, ਚੱਬ-ਚੱਬ ਕੇ ਖਿਚੜੀ ਬਣਾ ਦੇਵੇਗੀ। ਜਾਨ ਵੀ ਲੈ ਸਕਦੀ ਏ। ਉਹ ਬੜਾ ਭਿਆਨਕ ਜੀਵ ਏ। ਉਸ 'ਚ ਏਨੀ ਸਮਝ ਨਹੀਂ ਏ ਕਿ ਵੈਰੀ-ਮਿੱਤਰ 'ਚ ਫਰਕ ਕਰ ਸਕੇ।' ਉਸਨੇ ਸੋਚਿਆ। ਗੁਫ਼ਾ ਦੇ ਅੰਦਰ ਕੋਈ ਹਲਚਲ ਨਾ ਹੋਈ। ਉਹ ਗੁਫ਼ਾ ਦੇ ਦਰਵਾਜ਼ੇ ਦੇ ਕੋਲ ਗਿਆ, ਬਿਰਖਾਂ ਦੇ ਕੋਲ ਖੜ੍ਹਾ ਹੋ ਗਿਆ ਅਤੇ ਥੋੜ੍ਹੀ ਦੇਰ ਜ਼ੋਰ ਨਾਲ ਸਾਹ ਖਿੱਚਣ ਦੇ ਬਾਅਦ ਸਿਰ ਟੇਢਾ ਘੁਮਾਉਂਦੇ ਹੋਏ ਪਿੱਛੇ ਮੁੜ ਗਿਆ।



ਏਨੇ 'ਚ ਉਸ ਪਿੱਛਿਉਂ ਧੜ-ਧੜ ਦੀ ਆਵਾਜ਼ ਆਈ। ਬੁੱਢਾ ਝੁਕ ਕੇ ਛੱਡੀ ਗਈ ਬੈਂਤ ਵਾਂਗੂ ਤੇਜ਼ੀ ਨਾਲ ਛਾਲ ਮਾਰ ਕੇ ਭਾਲੇ ਦੇ ਕੋਲ ਪਹੁੰਚਿਆ ਅਤੇ ਉਸਨੂੰ ਹੱਥ 'ਚ ਲੈ ਕੇ ਝਟ ਦੇਣੇ ਪਿੱਛੇ ਮੁੜ ਗਿਆ। ਚਾਰ-ਪੰਜ ਚਮਗਿੱਦੜ ਖੰਭ ਫੜਫੜਾਉਂਦੇ ਹੋਏ ਗੁਫ਼ਾ 'ਚੋਂ ਬਾਹਰ ਨਿਕਲ ਕੇ ਉੱਡਦੇ ਦਿਖਾਈ ਦਿੱਤੇ। ਭਾਲੇ ਦੇ ਚਾਰੇ ਪਾਸੇ ਕਸੀਆਂ ਉਸ ਦੀਆਂ ਉਂਗਲਾਂ ਢਿੱਲੀਆਂ ਪਈਆਂ। ਖੱਬੇ ਹੱਥ ਨੂੰ ਛਾਤੀ 'ਤੇ ਰੱਖ ਕੇ ਉਸਨੇ ਮਨ 'ਚ ਕਿਹਾ, 'ਸੋਚਿਆ ਸੀ ਸੂਰੀ ਹੋਵੇਗੀ। ਦਿਲ ਦਹਿਲ ਗਿਆ ਸੀ।'

ਉਸਨੇ ਫੇਰ ਤੁਰਨਾ ਸ਼ੁਰੂ ਕੀਤਾ। ਜੰਗਲ ਇਉਂ ਦਿਖਾਈ ਦੇ ਰਿਹਾ ਹੈ ਜਿਵੇਂ ਦੁਮੇਲਾਂ ਤੱਕ ਧਰਤੀ ਨੂੰ ਢਕਿਆ ਹੋਇਆ ਹੋਵੇ। ਝਾੜੀਆਂ, ਗੁਫ਼ਾਵਾਂ, ਬਿਰਖ, ਘਾਟੀਆਂ ਅਤੇ ਚੱਟਾਨਾਂ ਇੱਕ ਦੂਜੇ ਤੋਂ ਅਲੱਗ ਅਤੇ ਵਿਸ਼ੇਸ਼ ਹਨ। ਬਲਦੇ ਪੱਥਰ 'ਤੇ ਛੱਡੀ ਗਈ ਕੀੜੀ ਵਾਂਗੂ ਅਤੇ ਰਾਤ ਦੇ ਹਨੇਰੇ 'ਚ ਭੁੱਖੇ ਜੁਗਨੂੰ ਦੀ ਉਹ ਘੁੰਮ ਰਿਹਾ ਹੈ। ਉਸਨੂੰ ਵਿਚ-ਵਿਚ ਸ਼ੱਕ ਹੋ ਰਿਹਾ ਹੈ ਕਿ ਉਹ ਪਹਿਲਾਂ ਵਾਲੇ ਰਸਤੇ 'ਤੇ ਹੀ ਦੁਬਾਰਾ ਚੱਲ ਰਿਹਾ ਹੈ। 'ਇਸ ਜੰਗਲ 'ਚ ਸੂਰੀ ਪਤਾ ਨਹੀਂ ਕਿਸ ਕੋਨੇ 'ਚ ਏ, ਕਿਸ ਹਾਲਤ 'ਚ ਏ। ਅਨੋਖਿਆਂ ਦੇ ਰਹਿਣ ਦੀ ਥਾਂ ਤੇ ਹਨੇਰੇ ਦੇ ਗੜ੍ਹ ਇਸ ਜੰਗਲ ਵਿਚ, ਜਿੱਥੇ ਸਰੀਰ ਜਿੰਨਾ ਵਧਦਾ ਏ, ਉੱਨਾਂ ਦਿਲ ਨਹੀਂ, ਸੂਰੀ ਪਤਾ ਨਹੀਂ ਕੇਹੀ ਆਫ਼ਤ 'ਚ ਫਸ ਗਈ ਏ।' ਬੁੱਢੇ ਨੇ ਸੋਚਿਆ।

## ਛੇ

ਉਸਦੇ ਪੈਰ ਦੁਖ ਰਹੇ ਹਨ। ਤਾੜੀ ਨੇ ਜੋ ਮਾਇਆ ਜਾਲ ਫੈਲਾਇਆ ਸੀ, ਉਹ ਹੌਲੀ-ਹੌਲੀ ਖ਼ਤਮ ਹੁੰਦਾ ਜਾ ਰਿਹਾ ਹੈ। 'ਜਿੱਥੇ ਕੁੱਝ ਵੀ ਵਾਪਰ ਸਕਦਾ ਏ, ਇਸ ਜੰਗਲ 'ਚ ਗੁਆਚੀ ਸੂਰੀ ਹੁਣ ਸ਼ਾਇਦ ਮੈਨੂੰ ਨਹੀਂ ਮਿਲੇਗੀ।' ਬੁੱਢੇ ਨੇ ਸੋਚਿਆ। ਜਿਵੇਂ ਕੁੰਡਲੀ ਮਾਰ ਕੇ ਸੁੱਤਾ ਹੋਇਆ ਸੱਪੋਲੀਆ ਜਾਗ ਕੇ ਸਿਰ ਚੁੱਕਦਾ ਹੈ, ਉਸੇ ਤਰ੍ਹਾਂ ਉਸਦੇ ਮਨ ਦੇ ਇੱਕ ਕੋਨੇ 'ਚ ਨਿਰਾਸ਼ਾ ਜਾਗ ਪਈ।

ਸਾਲ ਕੁ ਪਹਿਲਾਂ ਠੀਕ ਇਸੇ ਤਰ੍ਹਾਂ ਦੀਆਂ ਹਾਲਤਾਂ 'ਚ ਬੁੱਢੇ ਦਾ ਗੁਆਂਢੀ ਧਾਨੁਕ ਆਪਣਾ ਸੂਰ ਗੁਆ ਬੈਠਾ ਸੀ। ਉਸਨੇ ਸੂਰ ਦੇ ਲਈ ਜੰਗਲ ਛਾਣਦਿਆਂ ਤਿੰਨ ਦਿਨ ਅਤੇ ਤਿੰਨ ਰਾਤਾਂ ਕੱਟੀਆਂ ਸਨ। ਛੇਕੜ ਖਾਲੀ ਹੱਥ ਮੁੜਿਆ। ਛੇ ਮਹੀਨੇ ਬਾਅਦ ਕਿਸੇ ਚੀਜ਼ ਦੇ ਲਈ ਜੰਗਲ 'ਚ ਗਏ ਕੁਝ ਲੋਕ ਸੂਰ ਦੇ ਗਾਇਬ ਹੋਣ ਦੇ ਢੰਗ ਦੀ ਜਾਣਕਾਰੀ ਹਾਸਿਲ ਕਰ ਸਕੇ। ਇੱਕ ਬੜੀ ਸੰਘਣੀ ਝਾੜੀ 'ਚ ਸੂਰ ਦੀਆਂ ਚਿੱਟੀਆਂ-ਚਿੱਟੀਆਂ ਚਮਕਦੀਆਂ ਹੋਈਆਂ ਹੱਡੀਆਂ ਉਨ੍ਹਾਂ ਨੂੰ ਦਿੱਸੀਆਂ। ਸੂਰ ਦੇ ਗਲ਼ 'ਚ ਬੰਨ੍ਹੀ ਜੰਜ਼ੀਰੀ ਵੀ ਹੱਡੀਆਂ ਦੇ ਵਿਚਕਾਰ ਦਿਖਾਈ ਦਿੱਤੀ। ਕੁਝ ਲੋਕਾਂ ਦਾ ਮੰਨਣਾ ਸੀ ਕਿ ਰਿੱਛ ਨੇ ਉਸਨੂੰ ਖਾ ਲਿਆ ਹੋਵੇਗਾ। ਹੋਰਾਂ ਦਾ ਕਹਿਣਾ ਸੀ ਕਿ ਭੀਲਾਂ ਨੇ ਉਸ ਦੀ ਦਾਅਵਤ ਉਡਾਈ ਹੋਵੇਗੀ।

'ਪਰ ਮੈਂ ਉਸ ਧਾਨੁਕ ਵਰਗਾ ਮੂਰਖ ਨਹੀਂ ਹਾਂ।' ਬੁੱਢੇ ਨੇ ਸੋਚਿਆ। ਉਹ ਬਿਰਖਾਂ ਦੇ ਵਿਚਕਾਰ ਤੁਰਦਿਆਂ ਅੱਗੇ ਸੋਚਦਾ ਰਿਹਾ - 'ਮੈਂ ਭੀਲਾਂ ਦੇ ਜੰਗਲ 'ਚ ਦੋ ਸਾਲ ਤੱਕ ਰਿਹਾ। ਸੂਰਾਂ ਦੇ ਪੇਸ਼ੇਵਰ ਖਰੀਦਾਰਾਂ ਤੋਂ ਜ਼ਿਆਦਾ ਆਸਾਨੀ ਨਾਲ ਮੈਂ ਪਸ਼ੂਆਂ ਦੀ ਭਾਸ਼ਾ ਸਮਝ ਸਕਦਾ ਹਾਂ। ਬਿਰਖ ਆਪਣੀਆਂ ਟਾਹਣੀਆਂ ਦੇ ਸੰਚਾਲਨ ਤੇ ਪੱਤਿਆਂ ਦੀ ਖੜ-ਖੜ ਨਾਲ ਜੋ ਸੁਨੇਹਾ ਦਿੰਦੇ ਨੇ, ਉਹ ਮੇਰੇ ਲਈ ਹੱਥ 'ਚ ਆਏ ਔਲੇ ਦੇ ਸਮਾਨ ਏ।'

ਭੀਲਾਂ ਦੇ ਜੰਗਲ 'ਚ ਜਿਨ੍ਹਾਂ ਦਿਨਾਂ 'ਚ ਉਹ ਆਜੜੀ ਬਣ ਕੇ ਰਿਹਾ ਸੀ, ਉਨ੍ਹਾਂ ਦਿਨਾਂ ਦੀ ਇੱਕ ਸ਼ਾਮ ਉਸਨੂੰ ਯਾਦ ਆ ਗਈ। ਉਨ੍ਹੀਂ ਦਿਨੀਂ ਲੋਕ ਮੌਸਮ ਦੀ ਪਹਿਲੀ ਬਾਰਿਸ਼ ਦੀ ਉਡੀਕ ਕਰ ਰਹੇ ਸਨ।

ਸਾਰੇ ਆਜੜੀ ਨੀਂਦ ਆਉਣ ਤੱਕ ਕਹਾਣੀਆਂ ਸੁਣ-ਸੁਣਾ ਕੇ ਝੁੱਗੀਆਂ 'ਚ ਪਏ ਹਨ। ਖੁੱਲ੍ਹੇ 'ਚ ਸਾਰੇ ਪਸ਼ੂ ਕਿੱਲਿਆਂ ਨਾਲ ਬੰਨ੍ਹੇ ਹਨ।

ਅੱਧੀ ਰਾਤ ਨੂੰ ਵਰਖਾ ਸ਼ੁਰੂ ਹੋ ਗਈ। ਗੜੇ ਵੀ ਪੈਣ ਲੱਗੇ। ਗੜੇ ਝੁੱਗੀ ਦੀ ਛੱਤ 'ਤੇ ਤੜ-ਤੜ ਕਰਕੇ ਪੈਣ ਲੱਗੇ ਤਾਂ ਸਾਰੇ ਆਜੜੀ ਜਾਗ ਕੇ ਬਾਹਰ ਆ ਗਏ। ਬਾਹਰ ਚਾਰੇ ਪਾਸੇ ਹਨੇਰਾ ਹੈ। ਹਵਾ, ਵਰਖਾ ਅਤੇ ਬਿਜਲੀ ਸਭ ਮਿਲ ਕੇ ਭਿਆਨਕ ਦ੍ਰਿਸ਼ ਦੀ ਰਚਨਾ ਕਰ ਰਹੇ ਹਨ। ਹਵਾ ਪੂਰਬ 'ਚੋਂ ਸ਼ਾਂ-ਸ਼ਾਂ ਕਰਕੇ ਚੱਲ ਰਹੀ ਹੈ। ਹਵਾ ਦੇ ਰੁਖ਼ ਨਾਲ ਮੀਂਹ ਅਤੇ ਗੜੇ ਟੇਢੇ ਡਿੱਗ ਰਹੇ ਹਨ। ਗੜਿਆਂ ਦੇ ਲਗਾਤਾਰ ਡਿਗਦੇ ਰਹਿਣ ਨਾਲ ਕਿੱਲਿਆਂ ਦੇ ਕੋਲ ਹੋ ਰਹੀ ਪਸ਼ੂਆਂ ਦੀ ਖਿੱਚੋਤਾਣ ਹਨੇਰੇ 'ਚ ਪਰਛਾਵੇਂ ਵਾਂਗੂ ਦਿੱਸ ਰਹੀ ਹੈ।

ਉਹ ਲੋਕ ਛੇਤੀ-ਛੇਤੀ ਸਾਰੇ ਪਸ਼ੂਆਂ ਨੂੰ ਕਿੱਲਿਆਂ ਤੋਂ ਖੋਲ੍ਹ ਕੇ ਬਿਰਖਾਂ ਹੇਠਾਂ ਹੱਕ ਲਿਆਏ। ਇੱਕ ਕਿੱਲੇ ਦੇ ਕੋਲ ਟੁੱਟੀ ਹੋਈ ਅੱਧੀ ਰੱਸੀ ਬੁੱਢੇ ਨੂੰ ਦਿਖਾਈ ਦਿੱਤੀ। ਬਿਰਖਾਂ ਦੇ ਹੇਠ ਪਹੁੰਚਾਏ ਗਏ ਝੁੰਡ ਦੇ ਪਸ਼ੂਆਂ ਦੀ ਗਿਣਤੀ ਕੀਤੀ ਗਈ ਤਾਂ ਪਤਾ ਲੱਗਿਆ ਕਿ ਇੱਕ ਝੋਟਾ ਗਾਇਬ ਹੈ। ਗੜਿਆਂ ਦੇ ਸ਼ੁਰੂ ਹੁੰਦੇ ਹੀ ਝੋਟਾ ਰੱਸਾ ਤੁੜਾ ਕੇ ਕਿਤੇ ਭੱਜ ਗਿਆ ਸੀ। ਉਨ੍ਹਾਂ ਲੋਕਾਂ ਨੇ ਨਿਸ਼ਚਾ ਕੀਤਾ ਕਿ ਉਸਨੂੰ ਲੱਭ ਲਿਆਉਣ ਦੇ ਲਈ ਫੌਰਨ ਚੱਲਣਾ ਪਵੇਗਾ। ਕਿਸ ਦਿਸ਼ਾ 'ਚ ਜਾਇਆ ਜਾਵੇ, ਇਸ ਗੱਲ ਨੂੰ ਲੈ ਕੇ ਕੁੱਝ ਦੇਰ ਬਹਿਸ ਹੁੰਦੀ ਰਹੀ।

ਉੱਥੋਂ ਦਾ ਚੱਪਾ-ਚੱਪਾ ਉਹ ਜਾਣਦੇ ਹਨ। ਜਿੱਥੇ ਉਹ ਰਹਿੰਦੇ ਸਨ, ਉੱਥੋਂ ਪੂਰਬ ਦੇ ਵੱਲ ਇੱਕ ਵੱਡਾ ਸਾਰਾ ਮੈਦਾਨ ਹੈ। ਉਸ ਮੈਦਾਨ 'ਚ ਹਰਾ ਘਾਹ ਅਤੇ ਰੋੜੇ-ਰੱਪਿਆਂ ਤੋਂ ਇਲਾਵਾ ਕੁਝ ਨਹੀਂ। ਬਾਕੀ ਤਿੰਨ ਦਿਸ਼ਾਵਾਂ 'ਚ ਬਹੁਤ ਉੱਚੇ ਬਿਰਖ ਹਨ।

ਜਦ ਬੁੱਢੇ ਨੇ ਸੁਝਾਇਆ ਕਿ ਝੋਟੇ ਨੂੰ ਲੱਭਣ ਦੇ ਲਈ ਪੂਰਬ ਦਿਸ਼ਾ 'ਚ ਜਾਇਆ ਜਾਵੇ ਤਾਂ ਸਾਥੀ ਮੰਨੇ ਨਹੀਂ। ਉਨ੍ਹਾਂ ਲੋਕਾਂ ਨੇ ਉਸਦਾ ਮਜ਼ਾਕ ਉਡਾਇਆ ਕਿ ਉਸ 'ਚ ਜ਼ਰਾ ਵੀ ਵਿਹਾਰਕ ਸਮਝ ਨਹੀਂ ਹੈ। ਸਿਰ ਲੁਕਾਉਣ ਲਈ ਜਾਨਵਰ ਜਿੱਧਰ ਬਿਰਖ ਹੋਣ, ਉੱਧਰ ਜਾਏਗਾ, ਨਾ ਕਿ ਮੈਦਾਨ ਦੇ ਰਸਤੇ ਦੌੜੇਗਾ, ਉਨ੍ਹਾਂ ਲੋਕਾਂ ਨੇ ਤਰਕ ਦਿੱਤਾ। ਉਨ੍ਹਾਂ ਨਾਲ ਬਹਿਸ ਕਰਦਿਆਂ ਸਮਾਂ ਖਰਾਬ ਨਾ ਕਰਨ ਦੇ ਵਿਚਾਰ ਨਾਲ ਬੁੱਢਾ ਇਕੱਲਾ ਹੀ ਪੂਰਬ ਦੇ ਵੱਲ ਤੁਰ ਪਿਆ। ਬਹੁਤ ਪੱਕੇ ਮੋਟੇ ਤਾੜ ਦੇ ਪੱਠੇ ਨੂੰ ਉਸਨੇ ਕੱਟਿਆ ਅਤੇ ਛਤਰੀ ਵਾਂਗੂ ਫੜ ਕੇ ਗੜਿਆਂ ਤੋਂ ਖ਼ੁਦ ਨੂੰ ਬਚਾਉਂਦੇ ਹੋਏ ਉਹ ਭੱਜਣ ਲੱਗਿਆ।

ਉਸਦੇ ਸਾਥੀਆਂ ਨੇ ਇਹ ਤਾਂ ਜਾਣਿਆ ਕਿ ਪੂਰਬ ਦੇ ਵੱਲ ਮੈਦਾਨ ਹੈ ਪਰ ਇਹ ਨਹੀਂ ਸੋਚ ਸਕੇ ਕਿ ਉੱਧਰੋਂ ਹੀ ਮੀਂਹ ਟੇਢਾ ਪੈ ਰਿਹਾ ਹੈ। ਹਨੇਰੇ 'ਚ ਫਸੇ ਹੋਣ 'ਤੇ ਵਰਖਾ ਹੋਵੇ ਤਾਂ ਝੋਟੇ ਜਿੱਧਰੋਂ ਟੇਢੀਆਂ ਕਣੀਆਂ ਪੈਣ, ਜਿੱਧਰੋਂ ਹਵਾ ਚੱਲੇ, ਉੱਧਰ ਹੀ ਭੱਜਣਾ ਸ਼ੁਰੂ ਕਰ ਦਿੰਦੇ ਹਨ। ਉਸ ਵੇਲੇ ਉਨ੍ਹਾਂ ਦਾ ਵਿਹਾਰ ਉੱਨਾ ਹੀ ਸਹਿਜ ਹੁੰਦਾ ਹੈ ਜਿੰਨਾ ਵਹਾਅ ਦੇ ਖਿਲਾਫ਼ ਮੱਛੀਆਂ ਦਾ ਤੈਰਨਾ। ਹਨੇਰਾ, ਵਰਖਾ ਅਤੇ ਬਿਜਲੀ ਰਾਹੀਂ ਪੈਦਾ ਹੋਣ ਵਾਲੇ ਡਰ ਨਾਲ ਉਹ ਥੁਥਣ ਝੁਕਾ ਕੇ ਸਿੰਗਾਂ ਨੂੰ ਅੱਗੇ ਵੱਲ ਨੂੰ ਫੈਲਾ ਕੇ ਇਉਂ ਭੱਜਦੇ ਹਨ ਜਿਵੇਂ ਉਨ੍ਹਾਂ 'ਚ ਭੂਤ ਆ ਗਿਆ ਹੋਵੇ। ਇਉਂ ਲਗਾਤਾਰ ਭੱਜਦੇ-ਭੱਜਦੇ ਥਕਾਨ ਨਾਲ ਜਾਂ ਫੇਰ ਡੂੰਘੀਆਂ ਘਾਟੀਆਂ 'ਚ ਗਿਰ ਕੇ ਇਹ ਮਰ ਸਕਦੇ ਹਨ।

ਉਸ ਰਾਤ ਗੜਿਆਂ ਦੀ ਬਾਰਿਸ਼ 'ਚ ਉਹ ਪਹਿਰ ਕੁ ਦੌੜਦਾ ਰਿਹਾ ਤਾਂ ਉਸ ਨੂੰ ਝੋਟਾ ਦਿਖਾਈ ਦਿੱਤਾ। ਬਿਜਲੀ ਦੀ ਰੌਸ਼ਨੀ 'ਚ ਬੁੱਢੇ ਨੇ ਉਸਨੂੰ ਕੁਝ ਦੂਰੀ 'ਤੇ ਪੂਛ ਚੁੱਕੀ, ਜ਼ਮੀਨ ਛੋਹਣ ਤੱਕ ਥੁਥਣ ਲਟਕਾਏ ਦੌੜਦਿਆਂ ਦੇਖਿਆ। ਉਸਨੂੰ ਯਾਦ ਆਇਆ ਕਿ ਉਸੇ ਰਸਤੇ 'ਤੇ ਦੋ ਕੋਹ ਅੱਗੇ ਡੂੰਘੀ ਘਾਟੀ ਹੈ। ਉਹ ਹੋਰ ਤੇਜ਼ ਦੌੜ ਕੇ ਉਸਦੇ ਕੋਲ ਪਹੁੰਚ ਗਿਆ। ਅੱਧ-ਪਾਗਲ ਹੋ ਕੇ ਦੌੜਦਿਆਂ ਝੋਟੇ ਨੂੰ



ਖਾਲੀ ਹੱਥ ਰੋਕਣਾ ਉਸ ਤੋਂ ਨਾ ਹੋਇਆ। ਉਹ ਧਮ-ਧਮ ਕਰਦਾ, ਵਰਖਾ ਦੇ ਪਾਣੀ ਨੂੰ ਖਿੰਡਾਉਂਦਾ, ਫੁੰਕਾਰਦਾ, ਮੂੰਹ ਦੇ ਕਿਨਾਰਿਉਂ ਝੱਗ ਡੇਗਦਾ ਭੱਜ ਰਿਹਾ ਸੀ। ਉਸਦੇ ਨਾਲ-ਨਾਲ ਕੁਝ ਦੂਰ ਦੌੜਨ ਦੇ ਬਾਅਦ ਮੌਕਾ ਦੇਖ ਕੇ ਬੁੱਢੇ ਨੇ ਝੋਟੇ ਦੇ ਗੋਡੇ ਦੇ ਪਿੱਛੇ ਪੂਰੇ ਜ਼ੋਰ ਨਾਲ ਲੱਤ ਮਾਰੀ। ਪੈਰ ਦੇ ਮੁੜਨ ਨਾਲ ਝੋਟਾ ਧੜੰਮ ਦੇਣੇ ਅੱਗੇ ਨੂੰ ਡਿੱਗ ਪਿਆ। ਪਲ ਭਰ ਦੇ ਲਈ ਵੀ ਦੇਰ ਕੀਤੇ ਬਿਨਾਂ ਬੁੱਢੇ ਨੇ ਉਸ 'ਤੇ ਡਿਗ ਕੇ ਨੱਕੇਲ ਹੱਥ 'ਚ ਲੈ ਲਈ ਅਤੇ ਝੋਟੇ 'ਤੇ ਕਾਬੂ ਪਾ ਲਿਆ।

ਚਾਲੀ ਸਾਲ ਪਹਿਲਾਂ ਦੀ ਇਸ ਘਟਨਾ 'ਤੇ ਵਿਚਾਰ ਕਰਦਿਆਂ ਬੁੱਢਾ ਤੁਰ ਰਿਹਾ ਹੈ।

'ਮੈਂ ਉਸ ਅਨੁਭਵ 'ਤੇ ਵਿਚਾਰ ਕਿਉਂ ਕੀਤਾ ?' ਉਸਨੇ ਆਪਣੇ ਆਪ ਨੂੰ ਸੁਆਲ ਕੀਤਾ। ਉਸਨੇ ਉਸ ਵਿਸ਼ੇ 'ਤੇ ਜਾਣ-ਬੁੱਝ ਕੇ ਸੋਚ-ਵਿਚਾਰ ਨਹੀਂ ਕੀਤੀ ਸੀ। ਇਹ ਆਪਣੇ ਆਪ ਹੀ ਹੋਇਆ ਸੀ। ਸਿੱਟਾ ਪਰ ਚੰਗਾ ਹੀ ਨਿਕਲਿਆ। ਹੁਣ ਉਸਨੂੰ ਆਪਣੇ ਅਨੁਭਵਾਂ, ਜੁਗਤਾਂ ਅਤੇ ਸਰੀਰ 'ਤੇ ਭਰੋਸਾ ਹੋ ਗਿਆ। ਉਸਦੇ ਮਨ 'ਚ ਪੈਦਾ ਹੋਈ ਨਿਰਾਸ਼ਾ ਗਾਇਬ ਹੋ ਗਈ।

'ਇਸ ਪ੍ਰਸੰਗ 'ਤੇ ਸੋਚ-ਵਿਚਾਰ ਬਾਅਦ 'ਚ ਕਰ ਲਵਾਂਗਾ। ਛੋਟੇ-ਛੋਟੇ ਬਿਉਰਿਆਂ ਨੂੰ ਵੀ ਖੁਰਚ-ਖੁਰਚ ਕੇ ਵਾਰ-ਵਾਰ ਸੋਚ-ਵਿਚਾਰ ਕਰਾਂਗਾ।' ਉਸਨੇ ਫੈਸਲਾ ਕੀਤਾ।

## ਸੱਤ

ਉਹ 'ਹੁਚ-ਹੁਚ' ਚੀਕਦਿਆਂ ਘਾਹ-ਫੂਸ ਅਤੇ ਮਲ੍ਹੇ-ਝਾੜੀਆਂ ਦੇ ਉੱਤੋਂ. ਦੀ ਤੁਰ ਰਿਹਾ ਹੈ। ਉਸਦੇ ਪੱਥਰ ਵਰਗੇ ਪੈਰਾਂ ਨੂੰ ਨਿੱਕੇ-ਨਿੱਕੇ ਕੰਡਿਆਂ ਨਾਲ ਕੋਈ ਰੁਕਾਵਟ ਨਹੀਂ ਹੋ ਰਹੀ ਹੈ। ਖੁਰਕ ਵਾਲੇ ਘਾਹ ਤੋਂ ਖੁਰਕ ਵੀ ਨਹੀਂ।

ਕੰਡਿਆਲੀਆਂ ਝਾੜੀਆਂ ਤੋਂ ਪਰ੍ਹੇ ਲਾਲੜੀ ਦੀ ਇੱਕ ਝਾੜੀ ਉਸ ਨੂੰ ਦਿਖਾਈ ਦਿੱਤੀ। ਫਲੀਆਂ ਪੱਕੀਆਂ ਸਨ ਅਤੇ ਲਾਲ-ਲਾਲ ਦਾਣੇ ਚਾਨਣੀ 'ਚ ਚਮਕ ਰਹੇ ਸਨ। ਬੁੱਢੇ ਨੇ ਦੂਰੋਂ ਝਾੜੀ 'ਚ ਰੋੜੇ ਮਾਰੇ। ਝਾੜੀ ਇੱਧਰ-ਉੱਧਰ ਝੂਮੀ। ਉਹ ਨੇੜੇ ਜਾ ਕੇ ਭਾਲੇ ਨਾਲ ਇੱਧਰ-ਉੱਧਰ ਹਿਲਾਉਣ ਲੱਗਿਆ। ਕਾਲੀ ਬਿੰਦੀ ਵਾਲੇ ਲਾਲ-ਲਾਲ ਦਾਣੇ ਝਰ-ਝਰ ਕੇ ਹੇਠਾਂ ਡਿਗੇ। ਦੋ ਖਰਗੋਸ਼ ਝਾੜੀ 'ਚੋਂ ਛਾਲ ਮਾਰਦਿਆਂ ਝੱਟ ਦੇਣੇ ਨਿਕਲ ਗਏ। ਅੱਖੋਂ ਓਹਲੇ ਹੋਣ ਤੱਕ ਉਨ੍ਹਾਂ ਵੱਲ ਦੇਖਦਿਆਂ ਉਸਨੇ ਸੋਚਿਆ, 'ਬਿਚਾਰੇ ਮਿਆਂ-ਬੀਵੀ ਨੇ, ਲੱਗਦੈ ਰਾਸ ਰਚਾ ਰਹੇ ਸਨ।'

ਦੂਜੀ ਝਾੜੀ 'ਚੋਂ ਉਸਨੇ ਕਿਸੇ ਚਿੜੀ ਦੀ ਆਵਾਜ਼ ਸੁਣੀ। ਉਹ ਆਂਡੇ ਸੇਂਦਿਆਂ ਲਗਾਤਾਰ 'ਤੁਰਰ-ਤੁਰਰ' ਕਰ ਰਹੀ ਹੈ। 'ਇਸ ਝਾੜੀ 'ਚ ਲੱਭਣ ਦੀ ਲੋੜ ਨਹੀਂ। ਏਥੇ ਸੂਰੀ ਨਹੀਂ ਹੋਵੇਗੀ। ਹੁੰਦੀ ਤਾਂ ਉਹ ਚਿੜੀ ਇਉਂ ਬੇਝਿਜਕ ਚਹਿਚਹਾਉਂਦੇ ਹੋਏ ਏਥੇ ਬੈਠੀ ਨਾ ਰਹਿੰਦੀ।' ਉਸਨੇ ਸੋਚਿਆ।

ਇੱਕ ਪਾਸੇ ਨਾਗਫਨੀ ਦੀ ਝਾੜੀ 'ਚੋਂ ਫੁੱਸ-ਫੁੱਸ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਝਾੜੀ 'ਚ ਇੱਕ ਪੱਥਰ ਨਾਲ ਸਿਰ ਰਗੜ-ਰਗੜ ਕੇ ਕੋਈ ਆਪਣੀ ਕੁੰਜ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੱਪ ਦਾ ਫੂੰਕਾਰਾ ਸੁਣਦਿਆਂ ਝਾੜੀ ਦੇ ਕੋਲ ਥੋੜ੍ਹੀ ਦੇਰ ਖੜ੍ਹੇ ਰਹਿਣ ਦੇ ਬਾਅਦ ਬੁੱਢੇ ਨੇ ਫੇਰ ਤੋਂ ਤੁਰਨਾ ਸ਼ੁਰੂ ਕੀਤਾ। ਝਾੜੀ ਦੇ ਅੰਦਰ ਵਲ਼ ਖਾਂਦਿਆਂ, ਲੁੜਕਦਿਆਂ, ਫੂੰਕਾਰੇ ਨਾਲ ਧੂੜ ਉਡਾਉਂਦਿਆਂ ਕੁੰਜ ਲਾਹੁਣ ਦੀ ਕੋਸ਼ਿਸ਼ ਕਰਨ ਵਾਲੇ ਸੱਪ ਦੇ ਬਾਰੇ 'ਚ ਸੋਚਦਿਆਂ ਉਹ ਤੁਰ ਰਿਹਾ ਹੈ।

ਰਾਸਤੇ 'ਚ ਉਸ ਨੂੰ ਇੱਕ ਨਿਉਲਾ ਦਿੱਸਿਆ। ਉਹ ਘਾਹ ਦੇ ਦਾਣੇ ਚੁਗ-ਚੁਗ ਕੇ ਖਾ ਰਿਹਾ ਸੀ। ਉਸਨੂੰ ਦੇਖਦੇ ਹੀ ਬੁੱਢੇ ਨੇ ਸੋਚਿਆ, 'ਇਸਨੂੰ ਸੌ ਸਾਲ ਦੀ ਉਮਰ ਮਿਲੀ ਏ।' ਅਤੇ ਉਸ ਵੱਲ ਦੇਖ ਕੇ

ਕਿਹਾ, "ਘਾਹ ਦੇ ਇਹ ਦਾਣੇ ਖਾਣ ਨਾਲ ਤੇਰਾ ਢਿੱਡ ਨਹੀਂ ਭਰੇਗਾ। ਨਾਗਫਨੀ ਦੀ ਝਾੜੀ 'ਚ ਇੱਕ ਚੀਤਲ ਸੱਪ ਤੜਪ ਰਿਹਾ ਏ। ਜਾ ਕੇ ਸਿਰ ਇੱਧਰ ਤੇ ਧੜ ਉੱਧਰ ਕੱਟ ਕੇ ਖਾਹ।" ਨਿਉਲੇ ਨੂੰ ਉਸ ਦੀਆਂ ਗੱਲਾਂ ਸਮਝ 'ਚ ਨਹੀਂ ਆਈਆਂ। ਮੁੱਛਾਂ ਨੂੰ ਹਿਲਾਉਂਦਿਆਂ, ਗਰਦਨ ਅਕੜਾਏ ਥੋੜ੍ਹੀ ਦੇਰ ਦੇਖਣ ਦੇ ਬਾਅਦ ਉਹ ਝਟ ਦੇਣੇ ਪਿੱਛੇ ਮੁੜ ਕੇ ਭੱਜਿਆ ਅਤੇ ਇੱਕ ਬਿਰਖ ਦੀ ਖੋੜ 'ਚ ਗਾਇਬ ਹੋ ਗਿਆ।

ਉਹ ਇੱਕ ਮੈਦਾਨੀ ਇਲਾਕੇ 'ਚ ਚੱਲ ਰਿਹਾ ਹੈ। ਉੱਥੇ ਹਲਕੀ-ਹਲਕੀ ਘਾਹ ਉੱਗੀ ਹੈ। ਝਾੜੀਆਂ ਦੂਰ-ਦੂਰ ਹਨ।

'ਮੈਨੂੰ ਵੀ ਭੁੱਖ ਲੱਗੀ ਏ।' ਉਸਨੇ ਸੋਚਿਆ ਜੋ ਤਾੜੀ ਪੀਤੀ ਸੀ, ਉਹ ਪੂਰੀ ਤਰ੍ਹਾਂ ਉੱਡ ਗਈ ਸੀ। ਨਸ਼ਾ ਉਤਰੇ ਬੜੀ ਦੇਰ ਹੋ ਗਈ। ਢਿੱਡ ਵਿੱਚ ਅੰਤੜੀਆਂ ਦੇ ਰਗੜ ਖਾਣ ਦੀ ਆਵਾਜ਼ ਉਸਨੂੰ ਸੁਣ ਰਹੀ ਹੈ।

'ਮੈਨੂੰ ਲਾਲੜੀ ਦੀਆਂ ਝਾੜੀਆਂ 'ਚੋਂ ਬਾਹਰ ਭੱਜੇ ਖਰਗੋਸ਼ਾਂ 'ਚੋਂ ਇੱਕ ਨੂੰ ਮਾਰ ਕੇ ਖਾਣਾ ਚਾਹੀਦਾ ਸੀ।' ਬੁੱਢੇ ਨੇ ਸੋਚਿਆ। ਅਜਿਹਾ ਨਾ ਕਰਨ ਦੇ ਲਈ ਉਹ ਥੋੜ੍ਹੀ ਦੇਰ ਆਪਣੇ ਆਪ ਨੂੰ ਕੋਸਦਾ ਰਿਹਾ। 'ਪਰ ਉਸ ਵੇਲੇ ਮੈਨੂੰ ਭੁੱਖ ਜੋ ਨਹੀਂ ਸੀ। ਉੱਪਰੋਂ ਉਹ ਖਰਗੋਸ਼ਾਂ ਦੀ ਜੋੜੀ ਸੀ। ਜੋੜੀ ਨੂੰ ਅਲੱਗ ਕਰਨ ਨਾਲ ਬੜਾ ਪਾਪ ਲੱਗਦਾ ਏ।' ਸੋਚ ਕੇ ਉਸਨੇ ਆਪਣੇ ਆਪ ਨੂੰ ਤਸੱਲੀ ਦਿੱਤੀ।

'ਹੁਣ ਵੀ ਕੀ ਬਿਗੜਿਆ ਏ ? ਇਸ ਜੰਗਲ 'ਚ ਬਹੁਤ ਸਾਰੇ ਖਰਗੋਸ਼ ਹੋਣਗੇ। ਮੇਰੇ ਹੱਥ 'ਚ ਭਾਲਾ ਏ। ਦਿਮਾਗ਼ 'ਚ ਬੜੀਆਂ ਜੁਗਤਾਂ ਨੇ। ਮੈਨੂੰ ਕਿਸੇ ਗੱਲ ਦੇ ਲਈ ਫ਼ਿਕਰ ਕਰਨ ਦੀ ਲੋੜ ਨਹੀਂ ਏ।' ਉਸਨੇ ਸੋਚਿਆ।

ਉਹ ਝੁਕ ਕੇ ਖਰਗੋਸ਼ਾਂ ਦੇ ਪੈਰਾਂ ਦੇ ਨਿਸ਼ਾਨ ਲੱਭਣ ਲੱਗਿਆ। ਘਾਹ ਖਿੰਡੀ ਹੋਣ ਨਾਲ ਧੂੜ 'ਚ ਅਣਗਿਣਤ ਪੈਰਾਂ ਦੇ ਨਿਸ਼ਾਨ ਦਿਖਾਈ ਦੇ ਰਹੇ ਹਨ। ਥੋੜ੍ਹੀ ਦੇਰ 'ਚ ਉਹ ਖਰਗੋਸ਼ ਦੇ ਪੈਰਾਂ ਦੇ ਨਿਸ਼ਾਨਾਂ ਨੂੰ ਪਛਾਣ ਲਵੇਗਾ। ਲੱਕ ਸਿੱਧਾ ਕੀਤੇ ਬਗ਼ੈਰ ਉਹ ਉਨ੍ਹਾਂ ਨਿਸ਼ਾਨਾਂ ਦਾ ਪਿੱਛਾ ਕਰਦਿਆਂ ਤੁਰਨ ਲੱਗਿਆ। ਇਉਂ ਕੁਝ ਦੂਰ ਜਾਣ ਦੇ ਬਾਅਦ ਚਾਰ ਹੱਥ ਟੇਢੇ-ਮੇਢੇ ਵਧ ਕੇ ਉਹ ਨਿਸ਼ਾਨ ਗਾਇਬ ਹੋ ਗਏ। 'ਉਹ ਜਿਸ ਝਾੜੀ 'ਚ ਲੁਕਿਆ ਏ, ਉਹ ਏਥੇ ਹੀ ਨੇੜੇ-ਤੇੜੇ ਹੋਣੀ ਚਾਹੀਦੀ ਏ।' ਇਹ ਸੋਚਦਿਆਂ ਬੁੱਢਾ ਲੱਕ ਸਿੱਧਾ ਕਰਕੇ ਖੜ੍ਹਾ ਹੋ ਗਿਆ।

'ਆਪਣੇ ਘਰ ਦੇ ਕੋਲ ਪਹੁੰਚਣ 'ਤੇ ਖਰਗੋਸ਼ ਜਾਣ-ਬੁਝ ਕੇ ਇਉਂ ਟੇਢਾ-ਮੇਢਾ ਚਲਦਾ ਏ। ਇਸ ਤਰ੍ਹਾਂ ਆਪਣੇ ਸ਼ਿਕਾਰੀਆਂ ਨੂੰ ਗੁਮਰਾਹ ਕਰ ਦਿੰਦਾ ਏ। ਮੈਨੂੰ ਗੁਮਰਾਹ ਕਰਨਾ ਉਸਦੇ ਬਸ ਦੀ ਗੱਲ ਨਹੀਂ। ਉਸਦੇ ਬਾਪ ਦੇ ਵੀ ਬਸ ਦੀ ਗੱਲ ਨਹੀਂ।' ਬੁੱਢੇ ਨੇ ਸੋਚਿਆ।

ਕੋਲੇ ਹੀ ਖਜੂਰ ਦੀ ਇੱਕ ਝਾੜੀ ਸੀ। ਉਹ ਲੱਕ 'ਚ ਬੰਨੇ ਛੁਰੇ ਨਾਲ ਉੱਥੋਂ ਦੇ ਬਬੂਲ ਬਗ਼ੈਰਾ ਦੀਆਂ ਕੰਡੇਦਾਰ ਟਾਹਣੀਆਂ ਕੱਟ ਕੇ ਲੈ ਆਇਆ ਅਤੇ ਖਜੂਰ ਦੀ ਝਾੜੀ ਨੂੰ ਘੇਰ ਕੇ ਤਿੰਨ ਪਾਸਿਉਂ ਲੱਕ ਜਿੰਨਾ ਘੇਰਾ ਬਣਾਇਆ।

'ਭੱਜਣ 'ਚ ਖਰਗੋਸ਼ ਤੋਂ ਵਧ ਕੇ ਕੋਈ ਨਹੀਂ ਏ। ਮੂੰਹੋਂ ਨਿਕਲੇ ਥੁੱਕ ਦੇ ਸੁੱਕਣ ਤੱਕ ਉਹ ਦੋ ਵਾਰ ਇਸ ਜੰਗਲ ਦਾ ਚੱਕਰ ਲਾ ਲਵੇਗਾ। ਪਰ ਗੋਡਿਆਂ ਤੱਕ ਦਾ ਘੇਰਾ ਵੀ ਰਾਹ 'ਚ ਆਏ ਤਾਂ ਉਹ ਫੇਰ ਅੱਗੇ ਨਹੀਂ ਵਧੇਗਾ। ਗੋਡੇ ਚੱਟਦਿਆਂ ਬੈਠਾ ਰਹੇਗਾ।' ਬੁੱਢੇ ਨੇ ਸੋਚਿਆ।

ਉਹ ਖਜੂਰ ਦੀ ਝਾੜੀ ਦੇ ਤਿੰਨ ਪਾਸੇ ਘੇਰਾ ਪੂਰਾ ਕਰਕੇ ਚੌਥੇ ਪਾਸੇ ਖ਼ੁਦ ਖੜ੍ਹਾ ਹੋ ਗਿਆ। ਭਾਲੇ ਨੂੰ ਸੱਜੇ ਹੱਥ 'ਚ ਫੜੀ ਉੱਚੀ ਆਵਾਜ਼ 'ਚ 'ਹਾ-ਹਾ-ਹੂ-ਹੂ' ਕਹਿ ਕੇ ਚੀਕਦਿਆਂ ਉਸਨੇ ਝਾੜੀ ਦੇ ਖਰਗੋਸ਼ 'ਚ ਦਹਿਸ਼ਤ ਪੈਦਾ ਕੀਤੀ। ਝਾੜੀ 'ਚੋਂ ਕਿਸੇ ਜੀਵ ਨੂੰ ਬਾਹਰ ਨਿਕਲਦੇ ਨਾ



ਦੇਖ ਕੇ ਅਤੇ ਜ਼ੋਰ ਦੀ ਚੀਕਦਿਆਂ ਅਤੇ ਮੂੰਹ 'ਤੇ ਹੱਥ ਮਾਰਦਿਆਂ ਉਸਨੇ ਭਿਆਨਕਤਾ ਦੀ ਰਚਨਾ ਕੀਤੀ। ਇਸ ਨਾਲ ਖਰਗੋਸ਼ ਝਾੜੀ 'ਚੋਂ ਝੱਟ ਦੇਣੇ ਛਾਲ ਮਾਰ ਕੇ ਬਾਹਰ ਨਿਕਲਿਆ। ਉਹ ਤਿੰਨ ਪਾਸੇ ਦੇ ਘੇਰੇ ਨੂੰ ਦੇਖ ਕੇ ਹੋਰ ਜ਼ਿਆਦਾ ਡਰ ਗਿਆ ਅਤੇ ਚੌਥੀ ਦਿਸ਼ਾ 'ਚ ਭੱਜ ਕੇ ਆਇਆ। ਏਨੇ 'ਚ ਬੁੱਢੇ ਦਾ ਭਾਲਾ ਉਸਦੀ ਛਾਤੀ 'ਚ ਗੁੜ ਗਿਆ। ਉਹ ਕਿਚ-ਕਿਚ ਕਰਦਿਆਂ ਬੁੜਕ ਕੇ ਚਾਰ ਹੱਥ ਪਰ੍ਹੇ ਗਿਰ ਕੇ ਛਟਪਟਾਉਣ ਲੱਗਿਆ।

'ਅੱਜ ਤੂੰ ਖੱਬੇ ਪਾਸਿਉਂ ਨੀਂਦ 'ਚੋਂ ਉੱਠਿਆ ਸੀ।' ਸੋਚਦਿਆਂ ਬੁੱਢਾ ਤੜਪਦੇ ਹੋਏ ਜੀਵ ਦੇ ਕੋਲ ਪਹੁੰਚਿਆ। ਹੁਣ ਉਹ ਤੜਪ ਨਹੀਂ ਰਿਹਾ ਹੈ। ਉਸਦੇ ਸਰੀਰ 'ਚੋਂ ਨਿਕਲਿਆ ਲਹੂ ਚਾਨਣੀ 'ਚ ਚਮਕ ਰਿਹਾ ਹੈ। ਭਾਲਾ ਉਸਦੇ ਸਰੀਰ 'ਚ ਹਾਲੇ ਵੀ ਉਵੇਂ ਹੀ ਗੁੜਿਆ ਹੈ। ਬੁੱਢੇ ਨੇ ਭਾਲਾ ਚੁੱਕ ਕੇ ਮੋਢੇ 'ਤੇ ਰੱਖ ਲਿਆ। ਭਾਲੇ ਦੇ ਸਿਰ 'ਤੇ ਗੰਢੜੀ ਵਾਂਗੂ ਲਟਕਦੇ ਖਰਗੋਸ਼ ਨੂੰ ਲੈ ਕੇ ਉਹ ਤੁਰ ਪਿਆ।

ਸਿੰਮਲ ਦੇ ਇੱਕ ਬਿਰਖ ਹੇਠਾਂ ਉਸਨੇ ਖਰਗੋਸ਼ ਨੂੰ ਲਾਹਿਆ। ਬਿਰਖ ਦੇ ਹੇਠਾਂ ਸਿੰਮਲ ਦੀਆਂ ਫਲੀਆਂ ਖਿੰਡੀਆਂ ਪਈਆਂ ਸਨ। ਕੁਝ ਫਲੀਆਂ ਦਾ ਢਿੱਡ ਫਟਿਆ ਹੋਇਆ ਸੀ। ਉਸਨੇ ਅੰਦਰਲੀ ਚਿੱਟੀ ਰੂੰ ਬਾਹਰ ਕੱਢੀ ਅਤੇ ਆਪਣੀਆਂ ਮਜ਼ਬੂਤ ਹਥੇਲੀਆਂ 'ਚ ਮਸਲ ਦਿੱਤੀ। ਦੋ ਪੱਥਰਾਂ ਨੂੰ ਇਕ ਦੂਜੇ ਨਾਲ ਟਕਰਾ ਕੇ ਚੰਗਿਆੜੀ ਪੈਦਾ ਕਰਕੇ ਰੂੰ ਸੁਲਗਾਈ। ਨੇੜਿਉਂ ਸੁੱਕੀਆਂ ਟਾਹਣੀਆਂ ਚੁਗ ਕੇ ਲਿਆਇਆ ਅਤੇ ਧੂਣੀ ਬਾਲੀ। ਭਾਲਾ ਬਾਹਰ ਕੱਢ ਕੇ ਖਰਗੋਸ਼ ਨੂੰ ਅੱਗ ਦੀਆਂ ਲਾਟਾਂ 'ਚ ਝੋਕ ਦਿੱਤਾ। ਅੱਗ ਮੱਠੀ ਨਾ ਪਵੇ, ਇਸ ਲਈ ਟਾਹਣੀਆਂ ਝੋਕਦਿਆਂ ਅਤੇ ਖਰਗੋਸ਼ ਨੂੰ ਇੱਧਰ-ਉੱਧਰ ਪਲਟਦਿਆਂ ਉਹ ਅੱਗ ਦੇ ਕੋਲ ਹੀ ਬੈਠਾ ਰਿਹਾ। ਦੇਖਦੇ-ਦੇਖਦੇ ਖਰਗੋਸ਼ ਦੇ ਸਾਰੇ ਵਾਲ ਸੜ ਗਏ। ਮਾਸ ਚਰਬੀ ਨਾਲ ਘਿਰ ਕੇ ਖੁਸ਼ਬੂ ਖਿੰਡਾਉਂਦੇ ਹੋਏ ਭੁੰਨਣ ਲੱਗਿਆ। ਬਹੁਤ ਭੁੰਨਣ ਦੇ ਬਾਅਦ ਉਸਨੇ ਅੱਗ 'ਚੋਂ ਬਾਹਰ ਕੱਢ ਕੇ ਪਾਸੇ ਰੱਖ ਦਿੱਤਾ। ਛੁਰੇ ਨਾਲ ਮਾਸ ਦੇ ਟੁਕੜੇ-ਟੁਕੜੇ ਕਰ ਦਿੱਤੇ। ਸਿਰ 'ਤੇ ਬੰਨ੍ਹੇ ਕੱਪੜੇ ਨੂੰ ਖੋਲ੍ਹ ਕੇ ਭੁੰਜੇ ਵਿਛਾਇਆ ਅਤੇ ਉਨ੍ਹਾਂ ਟੁਕੜਿਆਂ ਨੂੰ ਉਸ 'ਤੇ ਪਾ ਦਿੱਤਾ।

ਉਸਨੂੰ ਥੋੜ੍ਹੀ ਦੂਰੀ 'ਤੇ ਜੰਗਲੀ ਨੀਂਬੂ ਦਾ ਬਿਰਖ਼ ਦਿਖਾਈ ਦਿੱਤਾ। ਨੀਂਬੂ ਹਵਾ 'ਚ ਝੂਲਦਿਆਂ ਟਾਹਣੀਆਂ 'ਤੇ ਲਟਕ ਰਹੇ ਸਨ। ਬੁੱਢਾ ਉੱਠ ਕੇ ਗਿਆ ਅਤੇ ਰੋੜਾ ਮਾਰ ਕੇ ਥੋੜ੍ਹੇ ਨੀਂਬੂ ਤੋੜ ਲਿਆਇਆ। ਉਨ੍ਹਾਂ ਨੂੰ ਕੱਟ ਕੇ ਬੋਟੀਆਂ 'ਤੇ ਨਿਚੋੜਿਆ। ਖੱਟੇ ਜੰਗਲੀ ਨੀਂਬੂ ਦੇ ਰਸ ਨਾਲ ਭਿੱਜੀਆਂ ਬੋਟੀਆਂ ਤੋਂ ਰਾਖ ਛੰਡ-ਛੰਡ ਕੇ ਉਹ ਖਾਣ ਲੱਗਿਆ।

ਟਾਹਣੀਆਂ ਦੀ ਅੱਗ ਹੌਲੀ-ਹੌਲੀ ਬੁਝ ਗਈ। ਰਾਖ ਦੇ ਹੇਠ ਦੱਬੇ ਚੰਗਿਆੜੇ ਜਦ ਵੀ ਹਵਾ ਚੱਲਦੀ, ਆਪਣੀ ਹੋਂਦ ਦੱਸ ਦਿੰਦੇ।

ਉਹ ਛੇਤੀ-ਛੇਤੀ ਖਾ ਰਿਹਾ ਹੈ। ਹੱਡੀਆਂ ਨੂੰ ਕੋਲੇ ਹੀ ਸੁੱਟ ਰਿਹਾ ਹੈ। ਉਸਦੀ ਅੱਗ ਬੁਝੀ ਸੁਆਹ ਵਾਂਗੂ ਸ਼ਾਂਤ ਹੋ ਗਈ। ਪਰਨੇ 'ਚ ਹਾਲੇ ਮੁੱਠੀ ਕੁ ਮਾਸ ਦੇ ਟੁਕੜੇ ਬਚੇ ਹੋਏ ਹਨ। ਥੋੜ੍ਹੇ ਜਿਹੇ ਜੰਗਲੀ ਨੀਂਬੂ ਵੀ ਬਚੇ ਹਨ। ਉਸਨੇ ਉਨ੍ਹਾਂ ਦੀ ਗੰਢੜੀ ਬਣਾਈ। ਉੱਪਰ ਉੱਠ ਕੇ ਹਥੇਲੀਆਂ ਆਪਣੇ ਵਾਲਾਂ ਵਾਲੇ ਪੱਟਾਂ ਨਾਲ ਪੂੰਝ ਲਈਆਂ। ਗੰਢੜੀ ਭਾਲੇ ਦੇ ਸਿਰੇ 'ਤੇ ਲਟਕਾਈ ਅਤੇ ਉਸਨੂੰ ਮੋਢੇ 'ਤੇ ਰੱਖ ਕੇ ਤੁਰਨ ਲੱਗਿਆ।

ਦਿਲ ਤਾਂ ਇਹੀ ਕੀਤਾ ਕਿ ਦੰਦ ਕਿਰਚਦਿਆਂ ਥੋੜ੍ਹੀ ਦੇਰ ਕਿਸੇ ਬਿਰਖ਼ ਹੇਠ ਬੈਠੇ। 'ਉਸਦੇ ਲਈ ਇਹ ਵੇਲਾ ਨਹੀਂ ਏ। ਸੂਰੀ ਨੂੰ ਪਤਾ ਨਹੀਂ ਕਦ ਇਨ੍ਹਾਂ ਅੱਖਾਂ ਨਾਲ ਦੇਖਾਂਗਾ। ਉਦੋਂ ਤੱਕ ਮੈਨੂੰ ਚੈਨ ਨਹੀਂ ਏ। ਹਾਲੇ ਤਾਂ ਮੈਨੂੰ ਢਿੱਡ ਭਰ ਕੇ ਨਵੀਂ ਤਾਕਤ ਮਿਲੀ ਏ। ਥੋੜ੍ਹੀ ਦੇਰ 'ਚ ਫੇਰ ਭੁੱਖ ਲੱਗ ਸਕਦੀ ਏ। ਰਾਤ ਢਲਣ ਦੇ ਨਾਲ-ਨਾਲ ਨੀਂਦ ਮੈਨੂੰ ਦਬੋਚ ਸਕਦੀ ਏ। ਜਾਂ ਕੁਝ ਹੋਰ ਵੀ ਵਾਪਰ ਸਕਦਾ ਏ ਜੋ ਫਰਜ਼ ਨਿਭਾਉਣ 'ਚ ਰੋੜਾ ਬਣੇ।' ਉਸਨੇ ਸੋਚਿਆ।

## ਅੱਠ

ਉਹ ਛੋਹਲੇ ਕਦਮੀਂ ਤੁਰ ਰਿਹਾ ਹੈ। ਚਾਰੇ ਦਿਸ਼ਾਵਾਂ 'ਚ ਘੁੰਮ-ਘੁੰਮ ਕੇ 'ਹੁਚ-ਹੁਚ' ਚੀਕ ਰਿਹਾ ਹੈ। ਝਾੜੀਆਂ ਅਤੇ ਗੁਫ਼ਾਵਾਂ ਨੂੰ ਫਰੋਲਦਿਆਂ ਤੁਰ ਰਿਹਾ ਹੈ।

ਸੌਂਧਰੀ ਨੂੰ ਕੀਚਕ ਦੇ ਚੁੰਗਲ 'ਚੋਂ ਬਾਹਰ ਕੱਢਣ ਦੇ ਲਈ ਜਾਣ ਵਾਲੇ ਭੀਮ ਵਾਂਗੂ ਉਹ ਬੇਚੈਨ ਹੋ ਉੱਠਿਆ ਹੈ।

'ਇਹ ਕਾਹਲ ਦਾ ਕੰਮ ਨਹੀਂ ਏ। ਸਿਰ ਦਾ ਬੋਝ ਨਹੀਂ ਏ ਕਿ ਬਸ ਝਟਕ ਦਿੱਤਾ। ਅਜਿਹੀਆਂ ਅਨੇਕ ਮੁਸ਼ਕਿਲ ਹਾਲਤਾਂ 'ਚੋਂ ਉੱਭਰ ਕੇ ਆਇਆ ਹਾਂ। ਮੈਂ ਭੀਲਾਂ ਦੇ ਜੰਗਲ 'ਚ, ਤੂਫ਼ਾਨ ਤੇ ਮੋਹਲੇਧਾਰ ਮੀਂਹ 'ਚ ਮੱਸਿਆ ਦੀ ਰਾਤ 'ਚ ਗੁਆਚੇ ਝੋਟੇ ਨੂੰ ਫੜ ਕੇ ਲੈ ਆਇਆ ਸੀ। ਅੱਜ ਵੀ ਪਹੁ ਫਟਣ ਤੋਂ ਪਹਿਲਾਂ ਹੀ ਸੂਰੀ ਦਾ ਅਤਾ-ਪਤਾ ਲਾ ਲਵਾਂਗਾ। ਬਸ, ਥੋੜ੍ਹਾ ਜਿਹਾ ਕਿਸਮਤ ਸਾਥ ਦੇਵੇ ਤੇ ਰੱਬ ਦੀ ਕਿਰਪਾ ਬਣੀ ਰਹੇ।' ਬੁੱਢੇ ਨੇ ਸੋਚਿਆ।

ਚੰਦਰਮਾ ਆਕਾਸ਼ ਦੇ ਵਿਚਾਲੇ ਖੜ੍ਹਾ ਠੰਢੀ ਚਾਨਣੀ ਵਰ੍ਹਾ ਰਿਹਾ ਹੈ। ਬੁੱਢੇ ਨੇ ਸਿਰ ਚੁੱਕ ਕੇ ਆਕਾਸ਼ ਦੇ ਵੱਲ ਦੇਖਿਆ। ਇੱਕ ਚਿੜੀ ਆਪਣੇ ਪਤਲੇ ਖੰਭ ਫੜਫੜਾਉਂਦੀ ਹੋਈ ਚੰਦ ਦਾ ਰਾਹ ਕੱਟਦੀ ਨਿਕਲ ਗਈ। ਚੰਦ ਦੇ ਬਿੰਬ ਨਾਲ ਚਾਨਣੀ ਜੁਆਨੀ ਵਾਂਗੂ, ਦੁੱਖ ਵਾਂਗੂ, ਗਿਆਨ ਵਾਂਗੂ ਫੁੱਟ ਰਹੀ ਹੈ। ਚੰਦ ਮੋਹ ਦੀ ਨਦੀ 'ਚ ਸਾਰੇ ਜੰਗਲ ਨੂੰ ਡੁਬੋਈ ਜਾ ਰਿਹਾ ਹੈ।

ਖੁੱਲ੍ਹੇ 'ਚ ਖੜ੍ਹੇ ਬੁੱਢੇ ਨੇ ਨਿਰਮਲ ਚਾਨਣੀ ਨਾਲ ਚਮਕੇ ਜੰਗਲ 'ਚ ਚਾਰੇ ਪਾਸੇ ਦੇਖਿਆ। 'ਜੰਗਲ ਚੁੱਪ ਰਹਿ ਕੇ ਰੱਬ ਦੀ ਭਗਤੀ ਕਰ ਰਿਹਾ ਏ। ਮੇਰੀ ਸੂਰੀ ਦੇ ਬਾਰੇ ਰੱਬ ਜਾਣਦਾ ਏ। ਤੂੰ ਆਪਣੇ ਹੱਥ ਦੀਆਂ ਲਕੀਰਾਂ ਨੂੰ ਜਿਵੇਂ ਸਾਫ਼-ਸਾਫ਼ ਦੇਖ ਸਕਦਾ ਏਂ, ਉਵੇਂ ਹੀ ਰੱਬ ਇਸ ਜੰਗਲ ਨੂੰ ਦੇਖ ਸਕਦੇ ਨੇ। ਸੂਰੀ ਨੂੰ ਉਹ ਸਾਖਿਆਤ ਦੇਖ ਰਿਹਾ ਹੋਵੇਗਾ।' ਬੁੱਢੇ ਨੇ ਸੋਚਿਆ।

ਇੱਕ ਕਾਲਾ ਜਿਹਾ ਬੱਦਲ ਹੌਲੀ-ਹੌਲੀ ਚੰਦਰਮਾ ਦੇ ਵੱਲ ਤੈਰਦਾ ਆ ਰਿਹਾ ਹੈ। ਥੋੜ੍ਹਾ ਕੁ ਨੇੜੇ ਆਉਣ ਦੇ ਬਾਅਦ ਉਹ ਦੋ ਟੁਕੜਿਆਂ 'ਚ ਪਾਟ ਗਿਆ। ਫੇਰ ਇੱਕ ਟੁਕੜਾ ਇੱਧਰ ਅਤੇ ਇੱਕ ਟੁਕੜਾ ਉੱਧਰ ਹੋ ਕੇ ਚਲਾ ਗਿਆ। ਚੰਦ ਆਪਣੀ ਧੁਨ 'ਚ ਲਗਾਤਾਰ ਚਾਨਣੀ ਅਤੇ ਠੰਢਕ ਦੀ ਪੈਦਾਵਾਰ ਕਰਕੇ ਧਰਤੀ 'ਤੇ ਛਿੜਕ ਰਿਹਾ ਹੈ।

'ਰੱਬ ਚਾਹੇ ਤਾਂ ਮੈਨੂੰ ਸੂਰੀ ਦਾ ਪਤਾ ਦੇ ਸਕਦਾ ਹੈ। ਪਰ ਮੈਂ ਮੂਰਖ ਹਾਂ। ਅਗਿਆਨੀ ਹਾਂ। ਮੇਰੇ ਵਰਗੇ ਲੋਕਾਂ ਨਾਲ ਰੱਬ ਵਾਸਤਾ ਨਹੀਂ ਰੱਖਦਾ। ਸੂਈਆਂ ਚੁਭੇ ਹੱਥਾਂ 'ਤੇ ਸਿਰ ਦੇ ਭਾਰ ਖੜ੍ਹੇ ਹੋ ਕੇ ਆਪਣੇ ਚਾਰੇ ਪਾਸੇ ਵਰਮੀਆਂ ਦੇ ਉੱਗਣ ਤੱਕ ਜੋ ਤਪ ਕਰਦੇ ਨੇ, ਉਨ੍ਹਾਂ ਨੂੰ ਰੱਬ ਦਰਸ਼ਨ ਦਿੰਦਾ ਏ। ਵਰ ਦਿੰਦਾ ਏ।'

ਅੰਮ੍ਰਿਤਮਈ ਚਾਨਣੀ 'ਚ ਭਿੱਜਦਿਆਂ ਉਹ ਖੜ੍ਹਾ ਰਿਹਾ। ਚੰਦ ਦੇ ਵਿਚਕਾਰ ਆਕਾਸ਼ 'ਚ ਰਹਿਣ ਦੇ ਕਾਰਣ ਉਸ ਦੀਆਂ ਪਰਛਾਈਆਂ ਬੌਣੀਆਂ ਹੋ ਕੇ ਰੇਤ 'ਤੇ ਪੈ ਰਹੀਆਂ ਹਨ। ਉਸ ਰੇਤ 'ਤੇ ਬਹੁਤ ਤਰ੍ਹਾਂ ਦੇ ਪਸ਼ੂਆਂ ਦੇ ਪੈਰਾਂ ਦੇ ਨਿਸ਼ਾਨ ਦਿਖਾਈ ਦੇ ਰਹੇ ਹਨ। ਉਨ੍ਹਾਂ ਨੂੰ ਦੇਖਦਿਆਂ ਉਹ ਚਾਰ ਕਦਮ ਤੁਰਿਆ। ਫੇਰ ਚਾਣਚੱਕ ਰੁਕਿਆ ਅਤੇ ਹੁਸ਼ਿਆਰੀ ਨਾਲ ਗੋਡਿਆਂ ਦੇ ਭਾਰ ਬੈਠ ਕੇ ਰੇਤ 'ਤੇ ਬਣੇ ਨਿਸ਼ਾਨਾਂ ਦੀ ਜਾਂਚ ਕਰਨ ਲੱਗਿਆ। 'ਇਹ ਸੂਰ ਦੇ ਖੁਰ ਨੇ ਜਾਂ ਹਿਰਨ ਦੇ ?' ਉਹ ਸੋਚਣ ਲੱਗਿਆ। ਘੱਟ ਰੌਸ਼ਨੀ ਦੇਣ ਵਾਲੀ ਲਾਲਟੇਨ ਦੇ ਵੱਲ ਦੇਖਿਆ। ਉੱਪਰ ਉੱਠੇ ਬਗੈਰ ਗੋਡਿਆਂ ਦੇ ਭਾਰ ਹੀ ਚਾਰ ਹੱਥ ਵਧ ਚੜ੍ਹ ਕੇ ਉਹ ਫੇਰ ਤੋਂ ਜਾਂਚ ਕਰਨ ਲੱਗਿਆ। ਸੂਈ 'ਚ ਧਾਗਾ ਪਿਰੋਣ ਵਾਲੇ ਦੇ ਚਿਹਰੇ 'ਤੇ ਜਾਂ ਅੱਧੇ ਬਾਹਰ ਆਏ ਵੱਛੇ ਨੂੰ ਗਰਭ 'ਚੋਂ ਖਿਚਦੇ ਹੋਏ ਪਸ਼ੂਆਂ ਦੇ ਡਾਕਟਰ ਦੇ ਚਿਹਰੇ



'ਤੇ ਦਿਖਾਈ ਦੇਣ ਵਾਲੀ ਇਕਾਗਰਤਾ ਉਸਦੇ ਚਿਹਰੇ 'ਤੇ ਦਿਖਾਈ ਦੇ ਰਹੀ ਹੈ। ਅੱਖਾਂ ਟੱਡੀ ਅਤੇ ਸਾਹ ਰੋਕੀ ਉਹ ਜਾਂਚ ਕਰਨ ਲੱਗਿਆ। ਬੇਚੈਨੀ ਦੇ ਕਾਰਣ ਉਹ ਗੋਡਿਆਂ ਦੇ ਭਾਰ ਪੈਰਾਂ ਦੇ ਨਿਸ਼ਾਨਾਂ ਦਾ ਪਿੱਛਾ ਕਰਦਿਆਂ ਤੁਰਿਆ ਜਾ ਰਿਹਾ ਹੈ। ਥੋੜ੍ਹੀ ਦੇਰ 'ਚ ਉਸਦੇ ਗੋਡਿਆਂ 'ਚ ਦਰਦ ਹੋਣ ਲੱਗਿਆ। ਉਹ ਉੱਠ ਕੇ ਖੜ੍ਹਾ ਹੋ ਗਿਆ। ਸਿੱਧਾ ਤੁਰਨ ਨਾਲ ਨਿਸ਼ਾਨ ਖੋ ਸਕਦੇ ਹਨ। ਇਸ ਡਰ ਨਾਲ ਅਤੇ ਨਜ਼ਰ ਕਮਜ਼ੋਰ ਹੋਣ ਦੇ ਕਾਰਣ ਉਹ ਜਿੱਥੋਂ ਤੱਕ ਹੋ ਸਕਿਆ, ਝੁਕ ਕੇ ਤੁਰਨ ਲੱਗਿਆ।

ਵਲ ਖਾਂਦਿਆਂ ਭੱਜਣ ਵਾਲੇ ਸਪੋਲੀਏ ਦਾ ਪਿੱਛਾ ਕਰਦਿਆਂ ਮੌਕਾ ਦੇਖ ਕੇ ਚੁੰਝ ਮਾਰਨ ਦਾ ਯਤਨ ਕਰਨ ਵਾਲੇ ਜੰਗਲੀ ਮੁਰਗੇ ਵਾਂਗੂ ਤੁਰ ਰਿਹਾ ਹੈ।

ਇਉਂ ਝੁਕ ਕੇ ਤੁਰਨ ਨਾਲ ਲੱਕ ਦੁਖ ਰਿਹਾ ਹੈ। ਭਾਲੇ ਨੂੰ ਹੱਥ ਦੀ ਸੋਟੀ ਵਾਂਗੂ ਠਕੋਰਦਿਆਂ ਅਤੇ ਸਰੀਰ ਦਾ ਭਾਰ ਵੱਧ ਤੋਂ ਵੱਧ ਉਸ 'ਤੇ ਪਾਉਂਦਿਆਂ ਤਿੰਨ ਟੰਗਾਂ 'ਤੇ ਉਹ ਚੱਲ ਰਿਹਾ ਹੈ।

'ਮੇਰਾ ਵਿਸ਼ਵਾਸ ਏ ਕਿ ਇਹ ਨਿਸ਼ਾਨ ਜ਼ਰੂਰ ਸੂਰੀ ਦੇ ਹੋਣਗੇ।' ਬੁੱਢੇ ਨੇ ਸੋਚਿਆ। 'ਮੈਨੂੰ ਭਰਮ ਤਾਂ ਨਹੀਂ ਹੋ ਰਿਹਾ ਏ ? ਮਾੜੀ ਸੰਭਾਵਨਾ ਭਰਮ ਦੇ ਰੂਪ 'ਚ ਤੇ ਚੰਗੇ ਭਰਮ, ਸੰਭਾਵਨਾ ਦੇ ਰੂਪ ਮਨੁੱਖ ਦੇ ਸਾਹਮਣੇ ਆਉਂਦੇ ਨੇ।'' ਉਸਨੇ ਫੇਰ ਸੋਚਿਆ।

ਨਿਸ਼ਾਨ ਇੱਕ ਸੰਘਣੀ ਕਰੌਂਦੇ[1] ਦੀ ਝਾੜੀ ਦੇ ਅੰਦਰ ਜਾ ਰਹੇ ਹਨ। ਬੁੱਢਾ ਲੱਕ ਦੇ ਛੁਰੇ ਨੂੰ ਕੱਢ ਕੇ ਰਾਹ 'ਚ ਆਉਣ ਵਾਲੀਆਂ ਡਾਲੀਆਂ ਅਤੇ ਵੇਲਾਂ ਨੂੰ ਕੱਟਦਿਆਂ ਅੱਗੇ ਜਾ ਰਿਹਾ ਹੈ। ਚੰਦਰਮਾ ਜਦ ਕਾਲੇ ਬੱਦਲਾਂ ਨੂੰ ਬਿਨ੍ਹ ਕੇ ਨਿਕਲਿਆ, ਤਦੇ ਬੁੱਢਾ ਵੀ ਝਾੜੀ 'ਚੋਂ ਬਾਹਰ ਨਿਕਲ ਆਇਆ।

'ਏਥੇ ਕੋਈ ਭਰਮ ਜਾਂ ਸ਼ੱਕ ਨਹੀਂ ਏ। ਇਹ ਸੱਚਮੁੱਚ ਹੀ ਸੂਰੀ ਦੇ ਨਿਸ਼ਾਨ ਨੇ। ਕੋਈ ਸ਼ੱਕ ਨਹੀਂ। ਹਿਰਨ ਹੁੰਦਾ ਤਾਂ ਇਸ ਕਰੌਂਦੇ ਦੀ ਝਾੜੀ ਦੇ ਅੰਦਰ ਨਾ ਵੜਦਾ। ਝਾੜੀ ਦੇ ਉੱਪਰ ਛਾਲ ਮਾਰਦਾ। ਜਾਂ ਚੱਕਰ ਕੱਢ ਕੇ ਜਾਂਦਾ।' ਨਿਸ਼ਾਨਾਂ ਦਾ ਪਿੱਛਾ ਕਰਦਿਆਂ ਉਸਨੇ ਸੋਚਿਆ। ਉਹ ਲੱਕ ਝੁਕਾ ਕੇ ਝਰਨੇ ਦੇ ਨਾਲ-ਨਾਲ ਤੁਰਨ ਲੱਗਿਆ ਜੋ ਹੌਲੀ-ਹੌਲੀ ਉਸਨੂੰ ਇੱਕ ਦੂਜੀ ਛੱਪੜੀ ਦੇ ਵੱਲ ਲੈ ਗਿਆ।

## ਨੌਂ

ਛੱਪੜੀ 'ਚ ਸਿਰਫ ਅੱਧਾ ਕੁ ਪਾਣੀ ਹੀ ਹੈ। ਉਹ ਮਨੁੱਖ ਰਾਹੀਂ ਬਣਾਈ ਨਾ ਹੋ ਕੇ ਕੁਦਰਤੀ ਹੈ। ਛੱਪੜੀ ਦੇ ਚਾਰੇ ਪਾਸੇ ਕਾਸ[2] ਬਹੁਤ ਵਧਿਆ ਹੋਇਆ ਹੈ। ਕਾਸ ਦਾ ਮੁਕਟ ਚਾਨਣੀ 'ਚ ਝਿਲਮਿਲਾ ਰਿਹਾ ਹੈ। ਪੈਰਾਂ ਦੇ ਨਿਸ਼ਾਨ ਗੋਡਿਆਂ ਤੱਕ ਵਧੇ ਕਾਸ ਨੂੰ ਪਾਰ ਕਰਕੇ ਪਾਣੀ ਦੇ ਕੋਲ ਜਾ ਰਹੇ ਹਨ।

'ਸੂਰੀ ਪਾਣੀ ਦੇ ਲਈ ਏਥੇ ਆਈ ਹੋਵੇਗੀ। ਵਿਚਾਰੀ ! ਪਤਾ ਨਹੀਂ ਉਸਨੂੰ ਕਿੰਨੀ ਤੇਹ ਲੱਗੀ ਸੀ।' ਬੁੱਢੇ ਨੇ ਸੋਚਿਆ।

ਸੂਰੀ ਦੇ ਪਾਣੀ 'ਚ ਉਤਰਨ ਦੇ ਨਿਸ਼ਾਨ ਤਾਂ ਦਿਖਾਈ ਦੇ ਰਹੇ ਹਨ, ਪਰ ਮੁੜਨ ਦੇ ਨਿਸ਼ਾਨ ਗਾਇਬ ਹਨ। ਛੱਪੜੀ ਦੇ ਤਲ 'ਤੇ ਚੰਦ ਅਤੇ ਉਸਨੂੰ ਘੇਰੇ ਹੋਏ ਬੱਦਲ ਦਿਖ ਰਹੇ ਹਨ। ਕਿਤੇ-ਕਿਤੇ ਕਾਸ ਦਾ ਮੁਕਟ ਤੈਰ ਰਿਹਾ ਹੈ। ਬੇਚੈਨੀ ਨਾਲ ਲੱਭਦੇ ਬੁੱਢੇ ਨੂੰ ਪਾਣੀ 'ਚ ਨਾਰੀਅਲ ਦੀ ਅੱਧੀ ਠੂਠੀ ਵਰਗਾ ਕੁਝ ਤੈਰਦਾ ਹੋਇਆ ਦਿੱਸਿਆ। ਉਸਨੇ ਉਸੇ ਸਮੇਂ ਛੁਰੇ ਅਤੇ ਭਾਲੇ ਨੂੰ ਹੇਠਾਂ ਸੁੱਟ ਕੇ ਪਾਣੀ 'ਚ ਛਾਲ ਮਾਰੀ ਅਤੇ ਅੱਧੀ ਠੂਠੀ ਜਿਹੇ ਵੱਲ ਤੈਰਨ ਲੱਗਿਆ। ਉਸਨੇ ਉਸ ਅੱਧ-ਠੂਠੀ ਵਰਗੇ ਨੂੰ ਆਪਣੇ ਹੀ ਹੱਥ ਨਾਲ ਸੂਰੀ ਦੇ ਗਲ਼ੇ 'ਚ ਬੰਨ੍ਹਿਆ ਸੀ। ਮਹੀਨੇ ਪੂਰੇ ਹੋਣ 'ਤੇ ਗਦਰਾਈ ਹੋਈ ਸੂਰੀ ਨੂੰ ਦੇਖ ਕੇ ਗੁਆਂਢੀ ਦੰਦਾਂ 'ਚ ਉਂਗਲਾਂ ਦੇ ਕੇ ਦੇਖਦੇ ਅਤੇ ਸਰਾਹਨਾ ਕਰਦੇ, ਤਾਂ ਉਸਨੇ ਨਜ਼ਰ ਲੱਗਣ ਤੋਂ

ਬਚਾਉਣ ਦੇ ਲਈ ਇਹ ਖੋਪੇ ਦਾ ਬਾਹਰੀ ਖਾਲੀ ਹਿੱਸਾ ਬੰਨ੍ਹ ਦਿੱਤਾ ਸੀ।

ਛੱਪੜੀ ਛੋਟੀ ਹੋਣ 'ਤੇ ਬੁੱਢੇ ਦੇ ਹੱਥ-ਪੈਰ ਮਾਰਨ ਨਾਲ ਲਹਿਰਾਂ ਉੱਠਣ ਲੱਗੀਆਂ। ਲਹਿਰਾਂ ਇੱਕ ਦੂਜੀ ਦਾ ਪਿੱਛਾ ਕਰਦਿਆਂ ਚਾਰੇ ਪਾਸੇ ਫੈਲਣ ਲੱਗੀਆਂ।

ਖੋਪੇ ਦੇ ਬਾਹਰੀ ਖਾਲੀ ਹਿੱਸੇ ਨੂੰ ਲੈ ਕੇ ਉਹ ਪਿੱਛੇ ਨੂੰ ਤੈਰ ਕੇ ਕਿਨਾਰੇ 'ਤੇ ਪਹੁੰਚਿਆ। 'ਸੂਰੀ ਦੇ ਉੱਤੇ ਕੋਈ ਆਫ਼ਤ ਆਈ ਏ। ਇਸ ਛੋਟੀ ਛੱਪੜੀ 'ਚ ਮਗਰਮੱਛ ਦਾ ਹੋਣਾ ਸੰਭਵ ਨਹੀਂ। ਹੋ ਸਕਦਾ ਏ ਡਾਕੂਆਂ ਨੇ ਉਸਨੂੰ ਮਾਰ ਕੇ ਖਾ ਲਿਆ ਹੋਵੇ ਤੇ ਹੱਡੀਆਂ ਤੇ ਪਿੰਜਰ ਪਾਣੀ 'ਚ ਸੁੱਟ ਕੇ ਚਲੇ ਗਏ ਹੋਣ।' ਉਹ ਸੋਚਣ ਲੱਗਿਆ। ਜਿੰਨਾ ਸੋਚਦਾ, ਉੱਨਾ ਹੀ ਉਸਦਾ ਦਿਲ ਬੈਠ ਜਾਂਦਾ।

ਛੁਰਾ ਅਤੇ ਭਾਲਾ ਪਾਣੀ ਦੇ ਕਿਨਾਰੇ ਘੋਘਿਆਂ ਦੇ ਵਿਚਕਾਰ ਬੇਵਸ ਪਏ ਹਨ। ਉਹ ਪੈਰ ਘੜੀਸਦੇ ਹੋਏ ਆ ਕੇ ਹਤਾਸ਼ ਮਨ ਨਾਲ ਆਪਣੇ ਹਥਿਆਰਾਂ ਦੇ ਕੋਲ ਬੈਠ ਗਿਆ। ਉਹ ਹਤਾਸ਼ਾ 'ਚ ਡੁੱਬ-ਉਤਰ ਹੀ ਰਿਹਾ ਸੀ ਕਿ ਨੇੜਲੇ ਤਾੜ ਦੇ ਇੱਕ ਪੱਤੇ ਨੇ ਟਿਕ-ਟਿਕ ਕਰਨਾ ਸ਼ੁਰੂ ਕਰ ਦਿੱਤਾ। ਬੁੱਢੇ ਨੇ ਸਿਰ ਚੁੱਕ ਕੇ ਦੇਖਿਆ। ਮਾਦਾ ਮੈਨਾ ਨੂੰ ਬੁਲਾਉਣ ਵਾਲੇ ਨਰ ਮੈਨਾ ਦੀ ਪੂਛ ਵਾਂਗੂ ਉਹ ਪੱਤਾ ਟਿਕ-ਟਿਕ ਕਰ ਰਿਹਾ ਸੀ। 'ਹਵਾ ਵੀ ਨਹੀਂ ਚੱਲ ਰਹੀ ਏ। ਫੇਰ ਇਹ ਪੱਤਾ ਕਿਉਂ ਖੜ-ਖੜ ਕਰ ਰਿਹਾ ਏ? ਸ਼ਾਇਦ ਮੇਰੀ ਸੋਚ ਦੇ ਉਟ-ਪਟਾਂਗ ਤਰੀਕਿਆਂ ਨੂੰ ਦਰੁਸਤ ਕਰ ਲੈਣ ਦੀ ਚੁਣੌਤੀ ਦੇ ਰਿਹਾ ਏ।' ਬੁੱਢੇ ਨੇ ਸੋਚਿਆ।

ਉਹ ਇਉਂ ਤਾੜ ਦੇ ਪੱਤੇ ਵੱਲ ਦੇਖ ਰਿਹਾ ਸੀ ਤਾਂ ਹੱਥ ਦੀ ਫਾਕੜ ਤਿਲਕ ਕੇ ਹੇਠਾਂ ਡਿੱਗ ਪਈ। ਬੁੱਢੇ ਨੇ ਪਹਿਲੀ ਵਾਰ ਫਾਕੜ ਦੇ ਨਾਲ ਬੰਨ੍ਹੀ ਡੋਰੀ ਦੇ ਵੱਲ ਧਿਆਨ ਨਾਲ ਦੇਖਿਆ। ਅੱਖਾਂ ਪਾੜ-ਪਾੜ ਕੇ ਡੋਰੀ ਦੀ ਜਾਂਚ ਕੀਤੀ। 'ਇਹ ਸੂਤੀ ਡੋਰੀ ਏ। ਮੈਂ ਸੂਰੀ ਦੇ ਗਲ਼ੇ 'ਚ ਬੰਨ੍ਹੀ ਸੀ, ਉਹ ਤਾਂ ਬਾਲ ਦੀ ਸੀ।' ਸੋਚਦਿਆਂ ਉਸਨੇ ਉਸਨੂੰ ਪਾਣੀ 'ਚ ਸੁੱਟ ਦਿੱਤਾ। ਫੇਰ ਪਾਣੀ 'ਚ ਉਤਰੀ ਸੂਰੀ ਦਾ ਕੀ ਹੋਇਆ? ਉਸਨੇ ਆਪਣੇ ਆਪ ਨੂੰ ਸੁਆਲ ਕੀਤਾ।

'ਮੇਰੀ ਅਕਲ 'ਤੇ ਪਰਦਾ ਪਿਆ ਏ। ਖੋਪੇ ਦੀ ਫਾਕੜ 'ਤੇ ਨਜ਼ਰ ਪੈਂਦੇ ਹੀ ਦਿਲ ਬੈਠ ਗਿਆ ਤੇ ਮੈਂ ਆਪਣੀ ਭਾਲ ਰੋਕ ਦਿੱਤੀ।' ਸੋਚਦਿਆਂ ਉਸਨੇ ਛੱਪੜੀ ਦੇ ਚਾਰੇ ਪਾਸੇ ਸੂਰੀ ਦੀ ਖੁਰੀ ਲੱਭਣੀ ਸ਼ੁਰੂ ਕੀਤੀ। ਘੋਘਿਆਂ ਦੀ ਚਰਰ-ਚਰਰ ਮਿੱਧਦਿਆਂ ਉਹ ਪਾਣੀ ਦੇ ਕਿਨਾਰੇ-ਕਿਨਾਰੇ ਤੁਰਨ ਲੱਗਿਆ।

ਕੁਝ ਦੂਰ ਜਾਂਦੇ ਹੀ ਉਸ ਦਾ ਚਿਹਰਾ ਇਉਂ ਚਮਕ ਉੱਠਿਆ ਜਿਵੇਂ ਚੰਦਰਮਾ ਦੀ ਸਾਰੀ ਚਾਨਣੀ ਉਸ 'ਤੇ ਢਲਕ ਪਈ ਹੋਵੇ। ਉਸਨੂੰ ਖੁਰੀ ਦਿੱਸ ਗਈ ਸੀ। ਖੁਰੀ ਤਾਂ ਬਿਲਕੁਲ ਸਾਫ਼ ਦਿੱਸ ਰਹੀ ਸੀ ਪਰ ਸੂਰੀ ਦੇ ਸਰੀਰ ਤੋਂ ਚੋਏ ਪਾਣੀ ਦੀ ਨਮੀ ਕਿਤੇ ਨਜ਼ਰ ਨਹੀਂ ਆ ਰਹੀ ਸੀ। 'ਨਮੀ ਸੁੱਕ ਗਈ ਏ। ਇਸਦਾ ਮਤਲਬ ਹੈ, ਉਸਨੂੰ ਇਸ ਛੱਪੜੀ ਨੂੰ ਛੱਡ ਕੇ ਗਈ ਨੂੰ ਕੁਝ ਦੇਰ ਹੋ ਗਈ ਏ।' ਬੁੱਢੇ ਨੇ ਹਿਸਾਬ ਲਾਇਆ। ਉਨ੍ਹਾਂ ਨਿਸ਼ਾਨਾਂ 'ਤੇ ਮਲ੍ਹੱਪਾਂ ਜਾਂ ਕੋਈ ਦੂਜੇ ਕੀੜਿਆਂ ਦੇ ਘਿਸਰਨ ਦੇ ਨਿਸ਼ਾਨ ਨਹੀਂ ਸਨ। 'ਉਸਨੂੰ ਛੱਪੜੀ ਨੂੰ ਛੱਡੇ ਹੋਏ ਬਹੁਤੀ ਦੇਰ ਵੀ ਨਹੀਂ ਹੋਈ ਏ।' ਉਸਨੇ ਹਿਸਾਬ ਅੱਗੇ ਤੋਰਿਆ।

ਉਹ ਤੇਜ਼ ਕਦਮਾਂ ਨਾਲ ਪਿੱਛੇ ਆਇਆ, ਛੁਰੇ ਨੂੰ ਲੱਕ 'ਚ ਥੁੰਨ ਲਿਆ ਅਤੇ ਭਾਲਾ ਹੱਥ 'ਚ ਲੈ ਕੇ ਖੁਰੀ ਦੇ ਪਿੱਛੇ-ਪਿੱਛੇ ਤੁਰਨ ਲੱਗਿਆ। ਕੁਝ ਦੂਰ ਜਾਣ ਦੇ ਬਾਅਦ ਇੱਕ ਘਾਹ ਦਾ ਮੈਦਾਨ ਉਸਦੇ ਮੂਹਰੇ ਆਇਆ। ਉੱਥੇ ਚਾਰੇ ਪਾਸੇ ਦੂਰ-ਦੂਰ ਤੱਕ ਘਾਹ ਦਾ ਮੈਦਾਨ ਹੀ ਦਿਖਾਈ ਦੇ ਰਿਹਾ ਸੀ। ਕਿੱਧਰ ਜਾਵੇ, ਇਹ ਸੁੱਝਿਆ ਨਹੀਂ ਤਾਂ ਬੁੱਢਾ ਉਸੇ ਤਰ੍ਹਾਂ ਖੜ੍ਹਾ ਰਿਹਾ।

ਹਵਾ ਸਰਰ-ਸਰਰ ਕਰਕੇ ਇਉਂ ਵਗਣ ਲੱਗੀ ਜਿਵੇਂ ਹੁਣੇ-ਹੁਣੇ ਜਾਗੀ ਹੋਵੇ। ਕੋਲੇ ਖੜ੍ਹੇ ਪਲਾਸ ਦੀਆਂ ਟਹਿਣੀਆਂ ਇੱਕ ਦੂਜੇ ਨਾਲ ਰਗੜ ਖਾ ਕੇ ਆਵਾਜ਼ ਕਰ ਰਹੀਆਂ ਸਨ। ਸੁੱਕੇ ਪੱਤੇ ਝੜ ਕੇ ਘਾਹ ਉੱਤੇ ਦੌੜ ਲਾ ਰਹੇ ਸਨ।



## ਦਸ

ਕੁਝ ਦੇਰ 'ਚ ਉਸਨੂੰ ਕੁਝ ਸੁੱਝਿਆ। ਬਿਰਖ਼ ਦੇ ਹੇਠਾਂ ਤੱਕ ਜਾ ਕੇ ਉਸਨੇ ਛੁਰਾ ਅਤੇ ਭਾਲਾ ਭੁੰਜੇ ਰੱਖ ਦਿੱਤਾ। ਖਰਗੋਸ਼ ਦਾ ਮਾਸ ਜਿਸ ਗੰਢੜੀ 'ਚ ਸੀ, ਉਸਨੂੰ ਹੇਠਾਂ ਤੱਕ ਆਈ ਇੱਕ ਟਾਹਣੀ 'ਤੇ ਟੰਗ ਦਿੱਤਾ। ਫੇਰ ਲਾਂਗੜ ਕਸ ਕੇ ਉਸਨੇ ਬਿਰਖ਼ 'ਤੇ ਚੜ੍ਹਨਾ ਸ਼ੁਰੂ ਕੀਤਾ। ਉਮਰ ਨੇ ਸਰੀਰ ਦੀ ਜਿਸ ਨਿਪੁੰਨਤਾ ਦਾ ਹਰਨ ਕੀਤਾ ਸੀ, ਕੰਮ ਕਰਨ ਦੇ ਸਹਾਰੇ ਉਸਦੀ ਪੂਰਤੀ ਕਰਦਿਆਂ ਉਹ ਬਿਰਖ਼ 'ਤੇ ਚੜ੍ਹਦਾ ਜਾ ਰਿਹਾ ਹੈ। ਕਦੇ ਲੰਬਾ ਸਾਹ ਲੈਂਦਿਆਂ ਅਤੇ ਕਦੇ ਸਾਹ ਰੋਕਦਿਆਂ, ਸਰੀਰ ਦੀਆਂ ਕੁਝ ਮਾਸਪੇਸ਼ੀਆਂ ਨੂੰ ਕਸਦਿਆਂ, ਕੁਝ ਢਿੱਲਾ ਛੱਡਦਿਆਂ ਬੇਹੱਦ ਨਿਪੁੰਨਤਾ ਦੇ ਨਾਲ ਉਹ ਵਧਦਾ ਜਾ ਰਿਹਾ ਹੈ।

ਟੀਸੀ ਤੱਕ ਪਹੁੰਚਣ 'ਤੇ ਉਸਦਾ ਸਾਹ ਫੁੱਲਣ ਲੱਗਿਆ। ਸਾਰੇ ਸਰੀਰ 'ਤੇ ਹਲਕਾ-ਹਲਕਾ ਮੁੜ੍ਹਕਾ ਆ ਗਿਆ। ਟਾਹਣੀ 'ਤੇ ਖੜ੍ਹੇ ਹੋ ਕੇ ਉਹ ਜੰਗਲ ਦੀ ਛਾਣਬੀਣ ਕਰਨ ਲੱਗਿਆ। ਚਾਨਣੀ 'ਚ ਜੰਗਲ ਸੋਹਣਾ ਲੱਗ ਰਿਹਾ ਹੈ। ਉਹ ਹੁਣੇ-ਹੁਣੇ, ਜਿਸ ਝਰਨੇ ਦੇ ਨਾਲ-ਨਾਲ ਤੁਰ ਕੇ ਆਇਆ ਸੀ, ਉਸਦੀ ਰੇਤ ਚਿੱਟੀ-ਚਿੱਟੀ ਦਿਖਾਈ ਦੇ ਰਹੀ ਹੈ। ਝਾੜੀ ਦੇ ਚਾਰੇ ਪਾਸੇ ਦੇ ਕਾਸ ਦਾ ਮੁਕਟ ਝਿਲਮਿਲਾ ਰਿਹਾ ਹੈ। ਹਵਾ ਚੱਲਣ ਨਾਲ ਛੱਪੜੀ ਦਾ ਪਾਣੀ ਹਿਲੋਰੇ ਲੈਣ ਲੱਗਿਆ ਹੈ। ਦੁੱਧ-ਮੂੰਹੇ ਬੱਚੇ ਦੁੱਧ ਚੁੰਘ ਰਹੇ ਹਨ ਤਾਂ ਖੁਮਾਰੀ 'ਚ ਪਈਆਂ ਮਾਵਾਂ ਵਾਂਗੂ ਜੰਗਲ ਦੇ ਮਹਾਬਿਰਖ਼ ਬਾਂਦਰ, ਚਿੜੀਆਂ, ਰਿੱਛ ਆਦਿ ਜੀਵਾਂ ਨੂੰ ਟਾਹਣੀਆਂ ਅਤੇ ਖੋੜਾਂ 'ਚ ਸੁਰੱਖਿਅਤ ਕਰ ਕੇ ਸੌਂ ਰਹੇ ਹਨ। ਕਿਤੇ-ਕਿਤੇ ਪਲਾਸ ਸਾਰੇ ਪੱਤੇ ਡੇਗ ਕੇ ਸਰੀਰ 'ਚ ਲਾਲ-ਲਾਲ ਫੁੱਲ ਧਾਰਨ ਕਰੀ, ਯੁੱਧ ਭੂਮੀ 'ਚ ਜ਼ਖ਼ਮੀ ਯੋਧਿਆਂ ਵਾਂਗੂ ਖੜ੍ਹੇ ਹਨ। ਕੁਝ ਕੋਹ ਦੂਰ ਇੱਕ ਪਹਾੜ 'ਤੇ ਅੱਗ ਲੱਗੀ ਹੈ। ਲਾਟਾਂ ਪੈਰਾਂ ਤੋਂ ਉੱਠ ਕੇ ਟੀਸੀ ਵੱਲ ਵਧ ਰਹੀਆਂ ਹਨ।

ਬੁੱਢਾ ਬਿਰਖ਼ ਦੇ ਉੱਪਰ ਖੜ੍ਹਾ ਹੋ ਕੇ ਜੰਗਲ ਦੀ ਜਾਂਚ ਕਰ ਰਿਹਾ ਹੈ। ਤੜਕੇ ਪਿੰਡ ਦੇ ਵਿਚਾਲੇ ਖੜ੍ਹੇ ਇਮਲੀ ਦੇ ਬਿਰਖ਼ 'ਤੇ ਬੈਠ ਕੇ ਟੋਕਰਿਆਂ ਦੇ ਹੇਠੋਂ ਬਾਹਰ ਨਿਕਲਦੇ ਚੂਜ਼ਿਆਂ ਨੂੰ ਅਤੇ ਪਿਛਿਉਂ ਛਾਲਾਂ ਮਾਰਦਿਆਂ ਆਉਣ ਵਾਲੇ ਡੱਡੂਆਂ ਨੂੰ ਇੱਲਾਂ ਜਿਵੇਂ ਲੱਭਦੀਆਂ ਹਨ, ਉਵੇਂ ਬੁੱਢਾ ਜੰਗਲ ਦੀ ਨਿਰਖ-ਪਰਖ ਕਰ ਰਿਹਾ ਹੈ।

ਹੌਲੀ-ਹੌਲੀ ਹਵਾ ਦਾ ਵੇਗ ਵਧ ਰਿਹਾ ਹੈ। ਉਹ ਆਪਣੇ ਨਾਲ ਦੁਨੀਆ ਭਰ ਦੀਆਂ ਆਵਾਜ਼ਾਂ ਢੋਹ ਕੇ ਲਿਆ ਰਹੀ ਹੈ। ਕੰਨ ਲਾ ਕੇ ਸੁਣਦਿਆਂ ਬੁੱਢੇ ਨੂੰ ਜਾਣੀ-ਪਛਾਣੀ ਆਵਾਜ਼ ਸੁਣਾਈ ਦਿੱਤੀ। ਇਹ ਤਾਂ ਤੋਟੀ ਪੰਛੀ ਦੀ ਆਵਾਜ਼ ਹੈ। 'ਈਸ਼ਾਨ[1] ਦਿਸ਼ਾ ਵਿਚ ਕਿਤੇ ਚੀਕ ਰਿਹਾ ਏ।' ਬੁੱਢੇ ਨੇ ਸੋਚਿਆ।

ਤੋਟੀ ਪੰਛੀ ਜਗਿਆਸੂ ਹੈ। ਜੰਗਲ 'ਚ ਕਿਤੇ ਕਿਸੇ ਵੀ ਕੋਨੇ 'ਚ ਕੁਝ ਅਨੋਖਾ ਵਾਪਰੇ ਤਾਂ ਉਸਨੇ ਇਸਦੀ ਨਜ਼ਰ ਦੀ ਰਾਹ 'ਚ ਆਉਣਾ ਹੀ ਹੋਵੇਗਾ। ਜਿੱਥੇ ਕੁਝ ਹੋਇਆ ਹੋਵੇ, ਉੱਥੇ ਪਹੁੰਚ ਕੇ ਅਕੇਵਾਂ ਅਤੇ ਥਕਾਨ ਨੂੰ ਪਰਾਂ ਧੱਕ ਕੇ ਇਹ ਰੌਲਾ ਪਾਉਂਦਾ ਹੈ। ਜਦ ਤੱਕ ਸਾਰੇ ਜੰਗਲ ਨੂੰ ਪਤਾ ਨਹੀਂ ਲੱਗ ਜਾਂਦਾ, ਤਦ ਤੱਕ ਚੈਨ ਨਾਲ ਨਹੀਂ ਬੈਠਦਾ। ਉਹ ਜੰਗਲ 'ਚ ਲੁਕੇ ਚੋਰਾਂ ਨੂੰ ਫੜਵਾਉਂਦਾ ਹੈ। ਗੁੰਮੇ ਹੋਏ ਪਾਲਤੂ ਜਾਨਵਰਾਂ ਦਾ ਅਤਾ-ਪਤਾ ਦਿੰਦਾ ਹੈ। ਕਦੇ-ਕਦੇ ਤਾਂ ਉਹ ਹੱਦੋਂ ਵੱਧ ਉਤਸੁਕਤਾ ਦਾ ਦਿਖਾਵਾ ਵੀ ਕਰਦਾ ਰਹਿੰਦਾ ਹੈ। ਖਰਗੋਸ਼ਾਂ ਅਤੇ ਗਿੱਦੜਾਂ ਦੇ ਲਾਏ ਗਏ ਖੜਕੇਦਾਰ ਪਿੰਜਰਿਆਂ ਨੂੰ ਦੇਖ ਕੇ ਆਪਣੀ ਸਹਿਜ ਉਤਸੁਕਤਾ ਨਾਲ ਪਿੰਜਰੇ ਦਾ ਚੱਕਰ ਕੱਢਦੇ-ਕੱਢਦੇ ਛੇਕੜ ਖ਼ੁਦ ਉਸ ਪਿੰਜਰੇ 'ਚ ਫਸ ਕੇ ਅਕਸਰ ਜਾਨ ਤੋਂ ਹੱਥ ਧੋ ਬੈਠਦਾ ਹੈ।

ਬੁੱਢਾ ਧਿਆਨ ਲਾ ਕੇ ਸੁਣਦੇ-ਸੁਣਦੇ ਈਸ਼ਾਨ ਦਿਸ਼ਾ ਦੀ ਹਵਾ 'ਚ ਤੈਰ ਕੇ ਆਉਂਦੀਆਂ ਹੋਈਆਂ ਧੁਨੀ-ਤਰੰਗਾਂ ਦੀ ਜਾਂਚ ਕਰ ਰਿਹਾ ਹੈ। 'ਇਹ ਤੋਟੀ ਪੰਛੀ ਹੀ ਏ। ਸੂਰੀ ਈਸ਼ਾਨ ਦਿਸ਼ਾ 'ਚ ਕਿਤੇ ਸੂਈ ਏ। ਇਹੀ ਦੇਖ ਕੇ ਤੋਟੀ ਪੰਛੀ ਨੇ ਰੌਲਾ ਪਾਉਣਾ ਸ਼ੁਰੂ ਕੀਤਾ ਏ।' ਉਸਨੇ ਸੋਚਿਆ।

ਉਸਨੇ ਪੂਰਬ ਦੇ ਵੱਲ ਨਿਗਾਹ ਮਾਰੀ। ਰੋੜੇ ਪੱਥਰਾਂ ਨਾਲ ਭਰੀ ਘਾਟੀ ਲੰਬੀ ਅਤੇ ਵੱਡੀ ਦਿਖਾਈ ਦੇ ਰਹੀ ਹੈ। ਘਾਟੀ ਦੇ ਹੇਠਾਂ ਝਰਨਾ ਹੌਲੀ-ਹੌਲੀ ਵਗ ਰਿਹਾ ਹੈ। ਘਾਟੀ ਦੇ ਉਸ ਪਾਰ ਬਾਂਸ ਦੀਆਂ ਝਾੜੀਆਂ ਬੜੀਆਂ ਉੱਚੀਆਂ ਗਈਆਂ ਹਨ। ਘਾਟੀ ਦੇ ਇਸ ਪਾਰ ਵੇਲਾਂ ਨਾਲ ਲੱਦੀਆਂ ਝਾੜੀਆਂ ਹਨ। ਕਿਤੇ-ਕਿਤੇ ਪਲਾਸ ਦੇ ਬਿਰਖ਼ ਖੜ੍ਹੇ ਹਨ।

ਹੌਲੀ-ਹੌਲੀ ਬੁੱਢੇ ਨੂੰ ਤੋਟੀ ਪੰਛੀ ਦੀ ਆਵਾਜ਼ ਹੋਰ ਸਾਫ਼ ਸੁਣਾਈ ਦੇਣ ਲੱਗੀ। 'ਤੋਟੀ ਪੰਛੀ ਉਸ ਝਾੜੀ ਜਾਂ ਪਲਾਸ 'ਤੇ ਬੈਠਾ ਹੋਵੇਗਾ। ਹੁਣ ਮੈਨੂੰ ਆਪਣਾ ਕੰਮ ਕਰਨਾ ਚਾਹੀਦਾ ਏ।' ਇਹ ਸੋਚਦਿਆਂ ਉਸਨੇ ਬਿਰਖ਼ ਤੋਂ ਉਤਰਨਾ ਸ਼ੁਰੂ ਕੀਤਾ। ਉਸਦੀ ਜਾਨ ਘਾਟੀ ਦੇ ਕਿਨਾਰੇ ਦੀਆਂ ਝਾੜੀਆਂ 'ਚ ਅੜੀ ਹੋਈ ਹੈ। ਉਸਦੀ ਇੱਛਾ ਹੋਈ ਕਿ ਟਾਹਣੀ ਤੋਂ ਟੁੱਟੀ ਫਲੀ ਤੋਂ ਵੀ ਤੇਜ਼ੀ ਨਾਲ ਹੇਠਾਂ ਪਹੁੰਚੇ ਪਰ ਵੱਡੀ ਉਮਰ ਦੇ ਕਾਰਣ ਉਸਦੇ ਲਈ ਇਹ ਸੰਭਵ ਨਹੀਂ ਹੋਇਆ।

ਪੱਟਾਂ ਅਤੇ ਬਾਹਾਂ 'ਚ ਜਲਨ ਜਿਹੀ ਹੋਣ ਲੱਗੀ ਤਾਂ ਉਹ ਬਿਰਖ਼ ਤੋਂ ਤਿਲਕ ਕੇ ਹੇਠਾਂ ਪਹੁੰਚਿਆ। ਛੁਰੇ ਨੂੰ ਲੱਕ 'ਚ ਥੁੰਨਦਿਆਂ ਭਾਲੇ ਦੇ ਸਿਰੇ 'ਤੇ ਗੰਢੜੀ ਟੰਗ ਕੇ ਮੋਢੇ 'ਤੇ ਸੁੱਟ ਲਈ। ਫੇਰ ਪਲ ਭਰ ਦੀ ਵੀ ਦੇਰ ਨਾ ਕਰਦਿਆਂ ਈਸ਼ਾਨ ਦਿਸ਼ਾ ਵੱਲ ਤੁਰ ਪਿਆ।

## ਗਿਆਰ੍ਹਾਂ

ਬਿਰਖ਼ ਦੇ ਉੱਪਰੋਂ ਤੋਟੀ ਪੰਛੀ ਦੀ ਆਵਾਜ਼ ਜਿੰਨੀ ਸਾਫ਼ ਸੁਣਾਈ ਦੇ ਰਹੀ ਸੀ, ਹੁਣ ਉੱਨੀ ਸਾਫ਼ ਸੁਣਾਈ ਨਹੀਂ ਦੇ ਰਹੀ। ਹਵਾ ਦੇ ਰੁਖ਼ ਦੇ ਅਨੁਸਾਰ ਤੋਟੀ ਪੰਛੀ ਦੀ ਆਵਾਜ਼ ਕਦੇ ਸਾਫ਼ ਅਤੇ ਕਦੇ ਸਾਫ਼ ਨਹੀਂ ਹੁੰਦੀ। ਉਸੇ ਦੇ ਅਨੁਸਾਰ ਬੁੱਢੇ ਦੀ ਰਫ਼ਤਾਰ ਅਤੇ ਸਾਹ ਦੀ ਲੈਅ ਬਦਲ ਰਹੀ ਹੈ।

ਉਹ ਘਾਟੀ ਦੇ ਕਿਨਾਰੇ ਪਹੁੰਚਿਆ। ਪਲਾਸ ਦੇ ਲਾਲ ਫੁੱਲ ਚਾਨਣੀ 'ਚ ਸੋਹਣੇ ਦਿਖਾਈ ਦੇ ਰਹੇ ਹਨ। ਝਾੜੀਆਂ ਮਜ਼ਬੂਤ ਵੇਲਾਂ ਅਤੇ ਚੌੜੇ ਪੱਤਿਆਂ ਦੇ ਕਾਰਣ ਡਰਾਉਣੀਆਂ ਲੱਗ ਰਹੀਆਂ ਹਨ। ਉਨ੍ਹਾਂ ਬਿਰਖ਼ਾਂ ਅਤੇ ਝਾੜੀਆਂ ਦੇ ਵਿਚਾਲੇ ਉਹ ਤੁਰਨ ਲੱਗਿਆ। ਹੌਲੀ-ਹੌਲੀ ਤੋਟੀ ਪੰਛੀ ਦੀਆਂ ਚੀਕਾਂ ਹੋਰ ਜ਼ੋਰ ਨਾਲ ਸੁਣਾਈ ਪੈਣ ਲੱਗੀਆਂ। ਉਹ ਅੱਖਾਂ ਨਾਲ ਪਲਾਸ ਦੀ ਟਾਹਣੀ ਨੂੰ ਹਿਲਾ ਰਿਹਾ ਹੈ। ਝਾੜੀਆਂ ਦੇ ਪੱਤਿਆਂ ਨੂੰ ਉਲਟ-ਪੁਲਟ ਰਿਹਾ ਹੈ। ਅੱਖਾਂ ਨੂੰ ਕੰਨਾਂ 'ਚ ਅਤੇ ਕੰਨਾਂ ਨੂੰ ਅੱਖਾਂ 'ਚ ਬਦਲ ਕੇ ਲੱਭ ਰਿਹਾ ਹੈ।

ਥੋੜ੍ਹੀ ਦੇਰ ਬਾਅਦ ਤੋਟੀ ਪੰਛੀ ਉਸਨੂੰ ਦਿੱਸ ਪਿਆ। ਝੱਟ ਦੇਣੇ ਉਹ ਭੁੰਜੇ ਲਿਟ ਕੇ ਘਿਸਰਦਿਆਂ ਉਹ ਇੱਕ ਚੱਟਾਨ ਦੀ ਓਟ 'ਚ ਪਹੁੰਚਿਆ। ਨਹੀਂ ਚਾਹੁੰਦਾ ਸੀ ਕਿ ਉੱਥੇ ਉਸਦੇ ਆਉਣ ਨਾਲ ਪੰਛੀ ਨੂੰ ਕੋਈ ਘਬਰਾਹਟ ਹੋਵੇ। ਉਹ ਚੱਟਾਨ ਦੇ ਪਿੱਛਿਉਂ ਝਾਕਣ ਲੱਗਿਆ। ਇੱਕ ਕਾਲਾ ਤੋਟੀ ਝਾੜੀ 'ਤੇ ਬੈਠ ਕੇ ਗਰਦਨ ਚਾਰੇ ਪਾਸੇ ਘੁਮਾਉਂਦਿਆਂ ਅਤੇ ਪੂਛ ਨਾਲ ਟਿਕ-ਟਿਕ ਕਰਦਿਆਂ ਚੀਕੀ ਜਾ ਰਿਹਾ ਸੀ। ਮੁੱਠੀ ਕੁ ਜਿੱਡਾ ਇਹ ਪੰਛੀ ਬਿਨਾਂ ਥੱਕੀ ਮਸ਼ੀਨ ਵਾਂਗੂ ਗਲ਼ਾ ਪਾੜ-ਪਾੜ ਕੇ ਆਪਣੀ ਅੱਖੋਂ ਦੇਖੀ ਕਿਸੇ ਅਨੋਖੀ ਘਟਨਾ ਦੀ ਖ਼ਬਰ ਦੁਨੀਆ ਨੂੰ ਪਹੁੰਚਾ ਰਿਹਾ ਹੈ।

'ਵਿਚਾਰਾ ਪਤਾ ਨਹੀਂ ਕਦ ਤੋਂ ਚੀਕ ਰਿਹਾ ਏ।' ਬੁੱਢੇ ਨੂੰ ਤਰਸ ਆਇਆ। ਅਜਿਹਾ ਕੋਈ



ਸੰਕੇਤ ਨਹੀਂ ਮਿਲ ਰਿਹਾ ਹੈ ਕਿ ਇਸਦਾ ਗਲ਼ਾ ਮੰਦ ਪੈ ਰਿਹਾ ਹੋਵੇ ਜਾਂ ਸਰੀਰ ਥੱਕ ਰਿਹਾ ਹੈ। ਮੁੱਠੀ ਕੁ ਦਾ ਵੀ ਤਾਂ ਨਹੀਂ ਹੈ। ਇਸ 'ਚ ਏਨਾ ਹੌਸਲਾ ਕਿੱਥੋਂ ਆਉਂਦਾ ਹੈ। ਜਿੰਨਾ ਚੀਕਦਾ ਹੈ, ਉੱਨੀ ਹੀ ਤਾਕਤ ਇਸਦੇ ਸਰੀਰ 'ਚ ਪੈਦਾ ਹੁੰਦੀ ਹੈ ਸ਼ਾਇਦ। ਉਹ ਪ੍ਰਸੰਸਾ ਨਾਲ ਭਰ ਉੱਠਿਆ ਹੈ।

'ਉਇ, ਉਇ ਤੋਟੀ! ਹੁਣ ਬਸ ਵੀ ਕਰ। ਮੈਂ ਆ ਗਿਆ ਹਾਂ ਨਾ? ਤੇਰੀਆਂ ਜ਼ਿੰਮੇਵਾਰੀਆਂ ਖ਼ਤਮ ਹੋ ਗਈਆਂ। ਹੁਣ ਤੂੰ ਚੁੱਪ ਹੋ ਜਾ।' ਬੁੱਢੇ ਨੇ ਮਨ 'ਚ ਕਿਹਾ। ਪਰ ਪੰਛੀ ਚੁੱਪ ਨਹੀਂ ਹੋਇਆ। ਪੂਛ ਨਾਲ ਟਿਕ-ਟਿਕ ਕਰਦਿਆਂ ਚੀਕਦਾ ਹੀ ਰਿਹਾ।

ਬੁੱਢਾ ਅੰਦਰ ਹੀ ਅੰਦਰ ਹੱਸਿਆ। 'ਮੇਰਾ ਇਹ ਸੋਚਣਾ ਪਾਗਲਪਣ ਹੀ ਏ ਕਿ ਇਹ ਮੇਰੇ ਲਈ ਚੀਕ ਰਿਹਾ ਏ। ਇਹ ਕਿਸੇ ਬੁੱਢੇ ਜਾਂ ਸੂਰੀ ਦੀ ਮਦਦ ਕਰਨ ਦੇ ਇਰਾਦੇ ਨਾਲ ਨਹੀਂ ਚੀਕ ਰਿਹਾ। ਆਪਣੇ ਹੀ ਫਾਇਦੇ ਦੇ ਲਈ ਇਹ ਸਭ ਕਰ ਰਿਹਾ ਏ।' ਬੁੱਢੇ ਨੇ ਸੋਚਿਆ।

'ਪਰ ਹੁਣ ਇਸਨੂੰ ਕਿਹੜਾ ਫਾਇਦਾ ਹੋਣ ਵਾਲਾ ਏ?' ਉਸਨੇ ਆਪਣੇ-ਆਪ ਨੂੰ ਸੁਆਲ ਕੀਤਾ। 'ਮੈਂ ਨਹੀਂ ਜਾਣਦਾ। ਸ਼ਾਇਦ ਇਸਦੀ ਜਾਤ ਹੀ ਅਜਿਹੀ ਏ। ਮੁੱਠੀ ਕੁ ਦਾ ਕਾਲਾ ਸਰੀਰ, ਦੋ ਹਿੱਸਿਆਂ 'ਚ ਵੰਡੀ ਗਿੱਠ ਕੁ ਦੀ ਪੂਛ, ਤੋਰੀ ਦੇ ਬੀਜ ਜਿੰਨੀ ਚੁੰਝ ਲੈ ਕੇ ਤੋਟੀ ਪੰਛੀ ਦੇ ਰੂਪ 'ਚ ਪੈਦਾ ਹੋ ਗਿਆ ਏ। ਆਪਣੇ ਜਨਮ ਨੂੰ ਸਾਰਥਕ ਕਰਨ ਦੇ ਲਈ ਚੀਕ ਰਿਹਾ ਏ।' ਉਸਨੇ ਸੋਚਿਆ।

ਬੁੱਢਾ ਚੱਟਾਨ ਦੇ ਪਿੱਛਿਉਂ ਝਾਕਦਿਆਂ ਹੀ ਜਾ ਰਿਹਾ ਹੈ। ਝਾੜੀ 'ਤੇ ਪੱਤਿਆਂ ਦੇ ਵਿਚਕਾਰ ਬੈਠ-ਬੈਠ ਕੇ ਤੋਟੀ 'ਗਿੱਕੁਕ-ਗਿੱਕੁਕ' ਕਰਕੇ ਚੀਕ ਰਿਹਾ ਹੈ।

ਹਵਾ ਪੂਰਬ ਵਾਲੀ ਝਾੜੀ 'ਚੋਂ ਹੁੰਦੀ ਹੋਈ ਬੁੱਢੇ ਦੇ ਵੱਲ ਚੱਲ ਰਹੀ ਹੈ। ਆਪਣੀ ਖੋਜ ਵਿਚ ਜੋ ਹੁਣ ਤੱਕ ਅੱਖਾਂ ਅਤੇ ਕੰਨਾਂ ਦੀ ਵਰਤੋਂ ਕਰਦਾ ਰਿਹਾ ਹੈ, ਇਹ ਹੁਣ ਪ੍ਰਾਣ-ਇੰਦਰੀਆਂ ਦੀ ਵੀ ਵਰਤੋਂ ਕਰ ਰਿਹਾ ਹੈ। ਉਹ ਝਾੜੀ ਦੇ ਉੱਪਰੋਂ ਆਪਣੇ ਵੱਲ ਵਗਦੀ ਹਵਾ ਦੀ ਜਾਂਚ ਕਰਨ ਲੱਗਿਆ। ਕੁਝ ਦੇਰ ਸੁੰਘਣ ਦੇ ਬਾਅਦ ਉਸਨੇ ਸੋਚਿਆ, 'ਸੂਣ ਦੀ ਬੂ ਆ ਰਹੀ ਏ। ਸੂਰੀ ਇਸੇ ਝਾੜੀ 'ਚ ਸੂਈ ਏ।' ਉਸਦਾ ਜੀਅ ਕੀਤਾ ਕਿ ਪਲ ਭਰ ਦੀ ਵੀ ਦੇਰ ਕੀਤੇ ਬਗ਼ੈਰ ਝਾੜੀ 'ਚ ਬੱਚਿਆਂ ਦੇ ਕੋਲ ਉੱਡ ਕੇ ਪਹੁੰਚੇ। ਸੂਰੀ ਅਜਿਹੀ ਹਾਲਤ ਵਿਚ ਰਾਖਸ਼ਣੀ ਬਣ ਜਾਂਦੀ ਹੈ। ਜਦ ਉਸਦੀ ਨਜ਼ਰ ਮੇਰੇ 'ਤੇ ਪਵੇਗੀ ਤਾਂ ਮੇਰੇ ਟੁਕੜੇ-ਟੁਕੜੇ ਕਰ ਦੇਵੇਗੀ। ਮੇਰੀ ਬੋਟੀ-ਬੋਟੀ ਕੱਟ ਸੁੱਟੇਗੀ। ਇਸ ਚੱਟਾਨ ਦੀ ਓਟ 'ਚ ਇੱਕ ਪੈਰ ਵੀ ਬਾਹਰ ਕੱਢਦਾ ਹਾਂ ਤਾਂ ਬਸ ਤੋਟੀ ਝਾੜੀ ਦੇ ਉੱਪਰੋਂ ਉੱਡ ਜਾਵੇਗਾ। ਉਸਦਾ ਇਸ਼ਾਰਾ ਸਮਝ ਕੇ ਸੂਰੀ ਝਾੜੀ 'ਚੋਂ ਬਾਹਰ ਛਾਲ ਮਾਰ ਕੇ ਮੇਰੇ ਉੱਪਰ ਆ ਚੜ੍ਹੇਗੀ।' ਬੁੱਢੇ ਨੇ ਸੋਚਿਆ।

ਬੇਚੈਨੀ ਨਾਲ ਉਬਲਦਿਆਂ ਉਹ ਚੱਟਾਨ ਦੇ ਪਿੱਛਿਉਂ ਝਾਕ ਰਿਹਾ ਹੈ। ਝਾੜੀ ਉੱਥੋਂ ਵੀਹ ਹੱਥ ਦੂਰ ਹੈ।

'ਇਹ ਤੋਟੀ ਇਸ ਝਾੜੀ ਨੂੰ ਛੱਡ ਕੇ ਕਿਤੇ ਹੋਰ ਜਾ ਮਰੇ ਤਾਂ ਚੈਨ ਮਿਲੇ। ਪਰ ਉਹ ਜਾਵੇਗਾ ਨਹੀਂ। ਸਾਰਾ ਸਰੀਰ ਪਿਘਲ ਕੇ ਪਿੰਜਰ ਬਣ ਜਾਣ ਤੱਕ ਇਉਂ ਹੀ ਚੀਕਦਾ ਰਹੇਗਾ।' ਉਸਨੇ ਸੋਚਿਆ।

'ਤਦ ਤੱਕ ਮੈਂ ਠਹਿਰ ਨਹੀਂ ਸਕਦਾ। ਬੱਚਿਆਂ ਤੇ ਸੂਰੀ ਨੂੰ ਦੇਖੇ ਬਗ਼ੈਰ ਕਿਵੇਂ ਰਹਾਂਗਾ? ਘੱਟੋ-ਘੱਟ ਇਹ ਹਵਾ ਦਾ ਦੇਵਤਾ ਹੀ ਆਪਣੀ ਦਿਸ਼ਾ ਬਦਲ ਲਵੇ ਤਾਂ ਵਧੀਆ ਹੋਵੇ।' ਉਤਾਵਲੇਪਣ 'ਚ ਉਸਨੇ ਇੱਛਾ ਪ੍ਰਗਟਾਈ।

ਕੁਝ ਦੇਰ 'ਚ ਬੁੱਢੇ ਦੀ ਇੱਛਾ ਪੂਰੀ ਹੋਈ। ਹਵਾ ਦੀ ਦਿਸ਼ਾ ਬਦਲੀ ਅਤੇ ਉਹ ਦੱਖਣ ਅਤੇ ਪੱਛਮ ਦੇ ਵਿਚਲੇ ਕੋਣ ਦੀ ਦਿਸ਼ਾ 'ਚ ਤੁਰਨ ਲੱਗਿਆ।

ਉਸਨੇ ਲੱਕ ਦੇ ਪਰਨੇ ਨੂੰ ਜ਼ੋਰ ਦੀ ਫੜਿਆ ਅਤੇ ਛੁਰੇ ਅਤੇ ਭਾਲੇ ਨੂੰ ਸੰਭਾਲ ਕੇ ਬਿੱਲੀ ਵਾਂਗੂ ਚੱਟਾਨ ਦੇ ਪਿੱਛਿਉਂ ਕੂਹਣੀਆਂ ਅਤੇ ਗੋਡਿਆਂ ਦੇ ਭਾਰ ਸਰਕਦਿਆਂ ਉਹ ਇਸ ਝਾੜੀ ਦੇ ਵੱਲ ਵਧ

ਰਿਹਾ ਹੈ। ਖੜਕਾ ਨਾ ਹੋਵੇ, ਇਸ ਲਈ ਹੌਲੀ-ਹੌਲੀ ਸਾਹ ਲੈ ਰਿਹਾ ਹੈ। ਭੁੰਜੇ ਗਿਰੇ ਸੁੱਕੇ ਪੱਤਿਆਂ ਨਾਲ ਸਰੀਰ ਨਾ ਛੋਹੇ, ਇਸਦੇ ਲਈ ਸਾਵਧਾਨੀ ਵਰਤ ਰਿਹਾ ਹੈ। ਲੱਕ ਦਾ ਪਰਨਾ ਹਵਾ 'ਚ ਫੜਫੜਾਏ ਨਾ, ਇਸ ਦਾ ਧਿਆਨ ਰੱਖ ਰਿਹਾ ਹੈ। ਭਾਲਾ ਰੋੜੇ-ਪੱਥਰਾਂ ਨਾਲ ਟਕਰਾਏ ਨਾ, ਇਸ ਲਈ ਉਸਨੂੰ ਉੱਪਰ ਚੁੱਕ ਕੇ ਫੜਿਆ ਹੋਇਆ ਹੈ। ਪਾਣੀ ਦੇ ਤਲ ਦੀ ਮੱਛੀ ਵਾਂਗੂ ਅਤੇ ਵੱਡੇ ਸਾਰੇ ਡੱਡੂ ਨੂੰ ਲੰਘਾਏ ਸੱਪ ਵਾਂਗੂ ਉਹ ਉਸ ਝਾੜੀ ਦੇ ਵੱਲ ਜਾ ਰਿਹਾ ਹੈ।

ਝਾੜੀ ਹਾਲੇ ਛੇ ਹੱਥ ਦੂਰ ਹੈ। ਏਨੇ 'ਚ ਹਵਾ ਦਾ ਦੇਵਤਾ ਉਸ ਦੇ ਖਿਲਾਫ਼ ਹੋ ਗਿਆ। ਹਵਾ ਅਚਾਨਕ ਪਲਟ ਕੇ ਈਸ਼ਾਨ ਦੇ ਵੱਲ ਵਗਣ ਲੱਗੀ। ਬੁੱਢਾ ਆਪਣੀ ਰਫ਼ਤਾਰ ਰੋਕ ਕੇ ਉਸ ਵੇਲੇ ਦੇ ਫਰਜ਼ ਦੇ ਬਾਰੇ 'ਚ ਸੋਚ ਹੀ ਰਿਹਾ ਸੀ ਕਿ ਤੋਟੀ ਝਾੜੀ ਦੇ ਉੱਪਰੋਂ ਚਾਣਚੱਕ ਉੱਡਿਆ ਅਤੇ ਦੁਗਣੇ ਜੋਸ਼ ਨਾਲ ਚੀਕਣ ਲੱਗਿਆ। ਅਗਲੇ ਹੀ ਪਲ ਸੂਰੀ ਝਾੜੀ ਦੇ ਬਾਹਰ ਆ ਗਈ। ਉਹ ਭਿਆਨਕ ਰੂਪ ਨਾਲ ਚੀਕਦੀ ਹੋਈ ਤੀਰ ਵਾਂਗੂ ਬੁੱਢੇ ਦੇ ਉੱਪਰ ਆ ਗਈ।

ਬੁੱਢੇ ਨੂੰ ਪਤਾ ਨਹੀਂ ਚੱਲ ਰਿਹਾ ਹੈ ਕਿ ਉਸਦੀ ਕੀ ਗਤ ਹੋਣ ਵਾਲੀ ਹੈ। ਡਰ ਦੇ ਮਾਰੇ ਉਸਦਾ ਸਰੀਰ ਅਤੇ ਦਿਲ ਜੰਮ ਗਏ। ਉਸਨੂੰ ਲੱਗਿਆ ਕਿ ਜੰਗਲ ਦੇ ਸਾਰੇ ਪਹਾੜਾਂ ਟੁੱਟ ਕੇ ਉੱਪਰ ਡਿਗ ਰਹੇ ਹਨ, ਧਰਤੀ ਦੇ ਸਾਰੇ ਬਿਰਖ਼ ਆਕਾਸ਼ 'ਚ ਉੱਡ ਰਹੇ ਹਨ ਅਤੇ ਆਕਾਸ਼ ਦੇ ਸਾਰੇ ਬੱਦਲ ਡਿਗਦੇ ਜਾ ਰਹੇ ਹਨ। ਸੂਰੀ ਉਸਨੂੰ ਹੇਠਾਂ ਸੁੱਟ ਕੇ ਜਿੱਥੇ-ਜਿੱਥੇ ਜਾ ਸਕਦੀ ਸੀ, ਉੱਥੋਂ-ਉੱਥੋਂ ਕੱਟ ਰਹੀ ਸੀ। ਡਰ ਦੇ ਮਾਰੇ ਸਾਰੀਆਂ ਨਾੜਾਂ ਦੇ ਸੁੰਨ ਪੈ ਜਾਣ ਨਾਲ ਬੁੱਢੇ ਨੂੰ ਦਰਦ ਮਹਿਸੂਸ ਨਹੀਂ ਹੋ ਰਿਹਾ ਹੈ। ਹਰੀ ਘਾਹ ਅਤੇ ਪਲਾਸ ਦੇ ਸੁੱਕੇ ਪੱਤਿਆਂ ਨੂੰ ਮਿੱਧਦਿਆਂ ਉਹ ਭੁੰਜੇ ਡਿਗ ਰਿਹਾ ਹੈ। ਸੂਰੀ ਆਪਣੇ ਤੇਜ਼ ਦੰਦਾਂ ਨਾਲ ਉਸਦੇ ਪੈਰਾਂ, ਪੱਟਾਂ ਅਤੇ ਬਾਹਾਂ ਦੀਆਂ ਮਾਸਪੇਸ਼ੀਆਂ ਨੂੰ ਚੀਰ ਰਹੀ ਹੈ। ਹੱਡੀਆਂ ਨੂੰ ਆਪਣੇ ਤਕੜੇ ਮੂੰਹ ਨਾਲ ਕੱਟ ਕੇ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਘਾਹ 'ਤੇ ਡਿਗਦੇ-ਢਹਿੰਦੇ, ਉਛਲਦੇ-ਕੁੱਦਦੇ ਅਤੇ ਗੁੱਥਮਗੁੱਥੀ ਹੁੰਦੇ ਮਨੁੱਖ ਨੂੰ ਟੁਕੜੇ-ਟੁਕੜੇ ਕਰਨ ਦੇ ਪੱਕੇ ਇਰਾਦੇ ਨਾਲ ਸੂਰੀ ਨੇ ਭਿਆਨਕ ਰੂਪ ਧਾਰ ਲਿਆ ਹੈ।

ਥੋੜ੍ਹੀ ਦੇਰ ਤੱਕ ਇਸ ਦਰਦ ਤੋਂ ਲੰਘਣ ਦੇ ਬਾਅਦ ਬੁੱਢਾ ਉਨ੍ਹਾਂ ਤੇਜ਼ ਦੰਦਾਂ ਦੇ ਵਿਚਾਲਿਉਂ ਇਉਂ ਅਨੋਖੇ ਅਤੇ ਰਹੱਸਮਈ ਢੰਗ ਨਾਲ ਬਚ ਨਿਕਲਿਆ ਜਿਵੇਂ ਮਾਂ ਦੀ ਕੁੱਖ 'ਚੋਂ ਬਾਹਰ ਨਿਕਲਿਆ ਹੋਵੇ ਅਤੇ ਨੇੜਲੇ ਪਲਾਸ ਦੇ ਬਿਰਖ਼ 'ਤੇ ਚੜ੍ਹ ਕੇ ਬੈਠ ਗਿਆ। ਸੂਰੀ ਉਸਦਾ ਪਿੱਛਾ ਕਰਦੀ ਹੋਈ ਬਿਰਖ਼ ਦੇ ਤਣੇ ਤੱਕ ਆਈ ਅਤੇ ਥੂਥਣ ਚੁੱਕ ਕੇ ਭਿਆਨਕ ਰੂਪ ਤੋਂ ਗਰਜਦੀ ਹੋਈ ਤਣੇ ਦੇ ਚਾਰੇ ਪਾਸੇ ਗੇੜੇ ਕੱਢਣ ਲੱਗੀ। ਇਉਂ ਕੋਹਲੂ ਦੇ ਬਲ਼ਦ ਵਾਂਗੂ ਗੇੜੇ ਕੱਢਦੀ ਰਹੀ ਤਾਂ ਬਿਰਖ਼ ਦੇ ਹੇਠਲੀ ਘਾਹ ਦਬਦੀ ਗਈ ਅਤੇ ਪਗਡੰਡੀ ਨਿਕਲ ਆਈ।

### ਬਾਰ੍ਹਾਂ

ਟਾਹਣੇ 'ਤੇ ਬੈਠਾ ਬੁੱਢਾ ਸੋਚਣ ਲੱਗਿਆ, 'ਮੈਂ ਕਿਵੇਂ ਬਚ ਨਿਕਲਿਆ ? ਏਨੀ ਤਾਕਤ ਤੇ ਜੁਗਤਾਂ ਮੇਰੇ 'ਚ ਕਿੱਥੋਂ ਆ ਗਈਆਂ ?' ਹੇਠਾਂ ਵੱਲ ਦੇਖ ਕੇ ਉਹ ਚੀਕਿਆ, "ਨੀ ਲੜਾਕੀਏ...! ਹੁਣ ਜਾ ਕੇ ਬੱਚਿਆਂ ਦੇ ਕੋਲ ਪੈ ਜਾ। ਐਵੇਂ ਹੀ ਪਲਾਸ ਦੇ ਬਿਰਖ਼ ਦੇ ਗੇੜੇ ਲਾ ਕੇ ਸਰੀਰ ਨੂੰ ਥਕਾ ਨਾ।"

ਸੂਰੀ ਥੂਥਣ ਉੱਤੇ ਚੁੱਕੀ ਬਿਰਖ਼ ਦੇ ਗੇੜੇ ਲਾਉਂਦੀ ਹੀ ਰਹੀ।

'ਬੱਚਿਆਂ ਨੂੰ ਝਾੜੀ 'ਚ ਛੱਡ ਕੇ ਇਸਦਾ ਏਥੇ ਰਹਿਣਾ ਮੈਨੂੰ ਜ਼ਰਾ ਵੀ ਪਸੰਦ ਨਹੀਂ। ਇਹ ਛੇਤੀ ਦੇਣੇ ਝਾੜੀ 'ਚ ਜਾਵੇ, ਇਸਦੇ ਲਈ ਕੀ ਕਰਨਾ ਚਾਹੀਦਾ ਏ ? ਜ਼ੋਰ-ਜ਼ੋਰ ਨਾਲ ਇਸ ਨੂੰ ਗਾਲ੍ਹਾਂ ਕੱਢਾਂ ? ਭਾਲਾ ਦਿਖਾ ਕੇ ਧਮਕਾਵਾਂ ਕਿ ਅੱਖਾਂ ਭੰਨ ਦੇਵਾਂਗਾ ?' ਉਸਨੇ ਆਪਣੇ-ਆਪ ਨੂੰ ਸੁਆਲ ਕੀਤਾ, 'ਇਹ ਸਭ ਤਾਂ ਮੈਥੋਂ ਨਿਬੜੇਗਾ ਨਹੀਂ। ਫੇਰ ਜਿੰਨਾ ਇਹ ਸਭ ਕਰਾਂਗਾ, ਉੱਨਾ ਹੀ ਉਸਨੂੰ ਮੇਰੇ 'ਤੇ ਸ਼ੱਕ ਹੋਵੇਗਾ। ਬੱਚਿਆਂ ਨੂੰ ਛੱਡ ਕੇ ਸਾਰੀ ਰਾਤ ਇਸੇ ਬਿਰਖ਼ ਦੇ ਦੁਆਲੇ ਗੇੜੇ ਲਾਉਂਦੀ ਰਹੇਗੀ।' ਉਸਨੇ ਸੋਚਿਆ। ਥੋੜ੍ਹੀ ਦੇਰ ਬਾਅਦ ਫੇਰ ਆਪਣੇ-ਆਪ ਨੂੰ ਕਿਹਾ, 'ਹਿਲਾਂਗਾ-ਜੁੱਲਾਂਗਾ ਨਹੀਂ। ਰੌਲਾ-ਰੱਪਾ ਕੁਝ ਨਹੀਂ ਪਾਵਾਂਗਾ। ਦੁਪਹਿਰ ਦੀ ਧੁੱਪ 'ਚ ਪਾਣੀ ਦੇ ਹੇਠਾਂ ਪਈ ਰਹਿਣ ਵਾਲੀ ਆਲਸੀ ਮੱਛੀ ਵਾਂਗੂ ਇਸ ਟਾਹਣ 'ਤੇ ਸੁੰਗੜ ਕੇ ਪਵਾਂਗਾ।' ਉਸਨੇ ਭਾਲਾ ਨਾਲ ਦੀ ਟਾਹਣੀ 'ਤੇ ਰੱਖਿਆ ਅਤੇ ਹੱਥ-ਪੈਰ ਸੁੰਗੇੜ ਕੇ ਟਾਹਣ 'ਤੇ ਪੈਂਦਿਆਂ ਸੋਚਣ ਲੱਗਿਆ, 'ਲੋੜ ਪਈ ਤਾਂ ਸਾਹ ਵੀ ਰੋਕ ਕੇ ਰੱਖਾਂਗਾ।'

ਉਸਦੀ ਜੁਗਤ ਸਫ਼ਲ ਹੋਈ। ਥੋੜ੍ਹੀ ਦੇਰ ਗੇੜੇ ਕੱਢਣ ਦੇ ਬਾਅਦ ਸੂਰੀ ਆਖਰੀ ਵਾਰ ਥੂਥਣ ਚੁੱਕ ਕੇ ਚਿੱਟੇ-ਚਿੱਟੇ ਤਿੱਖੇ ਦੰਦ ਦਿਖਾਉਂਦਿਆਂ ਗਰਜੀ, ਅਗਲੇ ਪੈਰਾਂ ਨਾਲ ਜ਼ਮੀਨ 'ਤੇ ਚਾਰ ਵਾਰ ਹਮਲਾ ਕੀਤਾ ਅਤੇ ਪਿੱਛੇ ਮੁੜ ਕੇ ਝਾੜੀ 'ਚ ਚਲੀ ਗਈ।

ਬਿਰਖ਼ ਦੇ ਹੇਠੋਂ ਸੂਰੀ ਦੇ ਪੈਰਾਂ ਦਾ ਖੜਕਾ ਬੰਦ ਹੋ ਗਿਆ ਤਾਂ ਬੁੱਢੇ ਨੇ ਹੌਲੀ-ਹੌਲੀ ਸਿਰ ਚੁੱਕ ਕੇ ਦੇਖਿਆ। ਸੂਰੀ ਨੂੰ ਆਪਣੀ ਝਾੜੀ 'ਚ ਵੜਦੇ ਦੇਖ ਕੇ ਉਸਨੇ ਸੁੱਖ ਦਾ ਸਾਹ ਲਿਆ।

ਹੁਣ ਉਸਦਾ ਧਿਆਨ ਇੱਕ ਅਜਿਹੇ ਵਿਸ਼ੇ ਵੱਲ ਗਿਆ ਜਿਸ ਵੱਲ ਪਹਿਲਾਂ ਨਹੀਂ ਗਿਆ ਸੀ। ਬਹੁਤ ਦੇਰ ਤੱਕ ਉਸਦਾ ਸਰੀਰ ਥਰ-ਥਰ ਕੰਬਦਾ ਰਿਹਾ। ਉਸਦੇ ਨਾਲ-ਨਾਲ ਉਹ ਜਿਸ ਟਾਹਣੇ 'ਤੇ ਬੈਠਾ ਸੀ, ਉਹ ਵੀ ਕੰਬ ਰਿਹਾ ਸੀ। ਟਾਹਣ ਦੇ ਪੱਤੇ ਅਤੇ ਫੁੱਲ ਵੀ ਕੰਬ ਰਹੇ ਸਨ।

'ਮੈਂ ਬਹੁਤ ਡਰ ਗਿਆ ਸੀ। ਪਤਾ ਨਹੀਂ ਇਹ ਕੰਬਣੀ ਕਦ ਸ਼ੁਰੂ ਹੋਈ।' ਉਹ ਸੋਚਣ ਲੱਗਿਆ। 'ਸ਼ਾਇਦ ਉਦੋਂ ਸ਼ੁਰੂ ਹੋਈ ਸੀ ਜਦ ਮੇਰੀ ਛਾਤੀ 'ਤੇ ਖੜ੍ਹੀ ਹੋ ਕੇ ਸੂਰੀ ਨੇ ਮੇਰੀ ਗਰਦਨ ਦੇ ਚਾਰੇ ਪਾਸੇ ਆਪਣਾ ਥੂਥਣ ਕਸਿਆ ਸੀ।'

ਬੁੱਢੇ ਦਾ ਸਰੀਰ ਹੁਣ ਵੀ ਕੰਬ ਰਿਹਾ ਹੈ। ਸਰੀਰ ਨੂੰ ਵਸ 'ਚ ਕਰਨਾ ਉਸਦੇ ਲਈ ਮੁਸ਼ਕਿਲ ਹੋ ਰਿਹਾ ਹੈ। ਡਰ ਉਸਦੀਆਂ ਹੱਡੀਆਂ 'ਚ ਲਹਿ ਗਿਆ ਹੈ। ਉਸਨੂੰ ਆਪਣੇ-ਆਪ 'ਤੇ ਤਰਸ ਆਇਆ। ਉਸ ਦਾ ਜੀਅ ਕੀਤਾ ਕਿ ਕੋਈ ਮੋਢੇ ਥਾਪੜ ਕੇ ਹੌਸਲੇ ਵਾਲੀਆਂ ਗੱਲਾਂ ਕਰੇ ਤਾਂ ਚੰਗਾ ਹੋਵੇ। ਉਸਨੇ ਸਿਰ ਕੱਢ ਕੇ ਦੇਖਿਆ। ਉੱਪਰ ਦੂਰ-ਦੂਰ ਤੱਕ ਆਕਾਸ਼ ਫੈਲਿਆ ਹੈ। ਚੰਦਰਮਾ ਅਕੇਵੇਂ ਜਾਂ ਥਕਾਨ ਤੋਂ ਅਨਜਾਣ ਜਿਹਾ ਚਾਨਣੀ ਖਿੰਡਾ ਰਿਹਾ ਹੈ। ਅਣਗਿਣਤ ਨਛੱਤਰ ਟਿਮਟਿਮਾ ਰਹੇ ਹਨ। ਵੱਖ-ਵੱਖ ਨਾਪ ਅਤੇ ਅਕਾਰਾਂ ਦੇ ਬੱਦਲ ਇਉਂ ਘੁੰਮ ਰਹੇ ਹਨ ਜਿਵੇਂ ਕੁਝ ਸੁੱਝ ਨਾ ਰਿਹਾ ਹੋਵੇ। ਹੇਠਾਂ ਧਰਤੀ ਆਕਾਸ਼ ਦੇ ਵਾਂਗੂ ਹੀ ਅਨੰਤ ਹੋ ਕੇ ਫੈਲੀ ਹੈ। ਬਿਰਖ਼, ਪਹਾੜ, ਨਦੀਆਂ ਅਤੇ ਘਾਟੀਆਂ ਸੁੰਘੜ ਕੇ ਇਉਂ ਚੁੱਪ ਹੋ ਗਏ ਹਨ ਜਿਵੇਂ ਇੱਕ ਦੂਜੇ ਦੀ ਹੋਂਦ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਾ ਹੋਵੇ।

'ਕੀ ਇਹ ਸਭ ਸੱਚਮੁੱਚ ਹੀ ਵਾਪਰਿਆ ਸੀ ? ਸੂਰੀ ਮੈਨੂੰ ਸੱਚਮੁੱਚ ਦਿਖਾਈ ਦਿੱਤੀ ਸੀ ? ਜਾਂ ਮੈਂ ਸੁਪਨਾ ਦੇਖਿਆ ਸੀ ?' ਬੁੱਢੇ ਨੇ ਖ਼ੁਦ ਨੂੰ ਸੁਆਲ ਕੀਤਾ। ਉਸਨੇ ਬਿਰਖ਼ ਦੇ ਹੇਠਾਂ ਨਜ਼ਰ ਮਾਰੀ। ਸੂਰੀ ਨਾਲ ਸੰਘਰਸ਼ ਦੇ ਦੌਰਾਨ ਉਸਦੇ ਹੇਠ ਆ ਕੇ ਮਿੱਧੇ ਸੁੱਕੇ ਪੱਤੇ ਅਤੇ ਹਰਾ ਘਾਹ ਦਿੱਸਿਆ। ਉਸਦੇ ਲੱਕ 'ਚੋਂ ਤਿਲਕ ਕੇ ਡਿੱਗਿਆ ਛੁਰਾ ਪਲਾਸ ਦੇ ਬਿਰਖ਼ ਤੋਂ ਕੁਝ ਦੂਰ ਪਿਆ ਸੀ। ਬਿਰਖ਼ ਨੂੰ ਘੇਰ ਕੇ ਬਣਾਈ ਗਈ ਪਗਡੰਡੀ ਵੀ ਤਾਂ ਦਿਖਾਈ ਦੇ ਰਹੀ ਹੈ।

ਉਸਦਾ ਸਰੀਰ ਹੁਣ ਵੀ ਕੰਬ ਰਿਹਾ ਹੈ। ਪੱਟਾਂ ਅਤੇ ਬਾਹਾਂ ਤੇ ਮਾਸ ਕੱਟ ਕੇ ਲਟਕ ਰਿਹਾ ਹੈ। ਲਹੂ ਬੂੰਦ-ਬੂੰਦ ਕਰਕੇ ਹੇਠਾਂ ਪਲਾਸ ਦੇ ਸੁੱਕੇ ਪੱਤਿਆਂ 'ਤੇ ਟਪ-ਟਪ ਦੀ ਆਵਾਜ਼ ਕਰ ਰਿਹਾ ਹੈ। ਜ਼ਖ਼ਮਾਂ 'ਤੇ

ਲੱਗਿਆ ਰੇਤਾ ਉਹ ਕੰਬਦੇ ਹੱਥਾਂ ਨਾਲ ਪੂੰਝਣ ਲੱਗਿਆ। ਹੌਲੀ-ਹੌਲੀ ਜ਼ਖ਼ਮਾਂ 'ਚੋਂ ਲਹੂ ਰਿਸਣਾ ਘੱਟ ਹੁੰਦਾ ਜਾ ਰਿਹਾ ਹੈ। 'ਹੁਣ ਹੋਰ ਕਿੰਨੀ ਦੇਰ ਵਗੇਗਾ ਇਹ ਲਹੂ ? ਖਰੀਂਡ ਆਵੇਗਾ ਤਾਂ ਆਪਣੇ-ਆਪ ਰੁਕ ਜਾਵੇਗਾ।' ਉਸਨੇ ਸੋਚਿਆ।

ਜ਼ਖ਼ਮਾਂ 'ਚੋਂ ਲਹੂ ਰਿਸਣਾ ਘੱਟ ਤਾਂ ਹੋ ਰਿਹਾ ਹੈ, ਪਰ ਰੁਕ ਨਹੀਂ ਰਿਹਾ ਹੈ। 'ਇਨ੍ਹਾਂ 'ਤੇ ਖਰੀਂਡ ਆਉਣ 'ਚ ਬਹੁਤ ਦੇਰ ਲੱਗੇਗੀ। ਇਹ ਸਾਧਾਰਣ ਜ਼ਖ਼ਮ ਨਹੀਂ ਨੇ। ਮੇਰੇ ਪੱਟ ਚੀਰ ਸੁੱਟੇ। ਪੈਰ ਨਿਚੋੜ ਦਿੱਤੇ ਨੇ। ਅਜਿਹਾ ਦਰਦ ਤਾਂ ਮੈਂ ਕਦੇ ਕਿਸੇ ਦੇ ਹੱਥੋਂ ਨਹੀਂ ਝੱਲਿਆ ਏ।' ਉਸਨੇ ਸੋਚਿਆ।

'ਫੇਰ ਏਨਾ ਪਿਆਰ ਵੀ ਤਾਂ ਮੈਂ ਕਦੇ ਕਿਸੇ ਨੂੰ ਨਹੀਂ ਕੀਤਾ ਏ। ਸੂਰੀ ਜਦ ਵੱਢ ਰਹੀ ਸੀ, ਉਦੋਂ ਮੈਂ ਜ਼ਮੀਨ 'ਤੇ ਲੁੜਕਦਾ ਹੀ ਤਾਂ ਰਿਹਾ। ਲੱਕ 'ਚ ਛੁਰੇ ਜਾਂ ਹੱਥ ਦੇ ਭਾਲੇ ਦੀ ਵਰਤੋਂ ਨਹੀਂ ਕੀਤੀ।' ਉਸਨੇ ਫੇਰ ਸੋਚਿਆ।

ਡਰ ਨਾਲ ਸੁੰਨ ਹੋਈਆਂ ਉਸ ਦੀਆਂ ਨਾੜੀਆਂ 'ਚ ਹੁਣੇ-ਹੁਣੇ ਹੋਸ਼ ਆਈ ਹੈ। ਜ਼ਖ਼ਮ ਦਰਦ ਕਰਨ ਲੱਗੇ ਹਨ। 'ਏਨਾ ਖੂਨ ਨਿਕਲ ਜਾਣ 'ਤੇ ਵੀ ਮੈਂ ਬੇਹੋਸ਼ ਨਹੀਂ ਹੋਇਆ। ਮੇਰੀ ਥਾਵੇਂ ਕੋਈ ਹੋਰ ਹੁੰਦਾ ਤਾਂ ਆਕੜ ਕੇ ਮਰ ਜਾਂਦਾ। ਸੂਰੀ ਦੇ ਦਿੱਸਣ ਨਾਲ ਮੈਨੂੰ ਅਜਿਹੀ ਖੁਸ਼ੀ ਹੋ ਰਹੀ ਹੈ ਜਿਵੇਂ ਹਾਥੀ 'ਤੇ ਚੜ੍ਹਿਆ ਹੋਵਾਂ। ਅਜਿਹੀ ਹਾਲਤ 'ਚ ਕਿੰਨਾ ਵੀ ਖੂਨ ਨਿਕਲ ਜਾਵੇ, ਮੈਨੂੰ ਬੇਹੋਸ਼ੀ ਨਹੀਂ ਆਵੇਗੀ। ਯਮਰਾਜ ਦੇ ਸਾਰੇ ਦੂਤ ਚਲੇ ਆਉਣ ਤਦ ਵੀ ਮੈਨੂੰ ਮਾਰ ਨਹੀਂ ਸਕਦੇ।' ਉਸਨੇ ਸੋਚਿਆ।

'ਪਰ ਮੈਂ ਹੁਣ ਤੱਕ ਬੱਚਿਆਂ ਨੂੰ ਏਨ੍ਹਾਂ ਅੱਖਾਂ ਨਾਲ ਦੇਖਿਆ ਤਾਂ ਹੈ ਹੀ ਨਹੀਂ।' ਸੋਚਦਿਆਂ ਬੁੱਢਾ ਬੇਚੈਨ ਹੋਣ ਲੱਗਿਆ। ਹੌਲੀ-ਹੌਲੀ ਗਰਦਨ ਉੱਚੀ-ਲੰਬੀ ਕਰਕੇ ਉਸਨੇ ਦੇਖਿਆ। ਬਰੇਰੀ ਦੀਆਂ ਵੇਲਾਂ ਚਾਰੇ ਪਾਸੇ ਸੰਘਣੀਆਂ ਹੋ ਕੇ ਫੈਲੀਆਂ ਹਨ। ਸੂਰੀ ਥੂਥਣ ਜ਼ਮੀਨ 'ਤੇ ਸੁੱਟੀ ਪਈ ਹੈ। ਬੱਚੇ ਵੀ ਛਾਤੀ ਨਾਲ ਚਿੰਬੜੇ ਦੁੱਧ ਪੀ ਰਹੇ ਹਨ।

"ਉਇ ਬਦਮਾਸ਼ੋ! ਕਿਵੇਂ ਚੰਦ ਦੇ ਵਾਂਗ ਚਮਕ ਰਹੇ ਹੋ ਉਇ!" ਬੁੱਢਾ ਚੀਕਿਆ। ਅਜਿਹੇ ਭਗਤ ਵਾਂਗੂ ਜੋ ਰੱਬ ਦੇ ਰੂ-ਬ-ਰੂ ਹੋ ਗਿਆ ਹੋਵੇ ਅਤੇ ਅਜਿਹੇ ਲੋਭੀ ਵਾਂਗੂ ਜਿਸਨੇ ਮਣੀਆਂ ਦੇ ਢੇਰ ਹਾਸਿਲ ਕਰ ਲਏ ਹੋਣ, ਉਹ ਕੰਬਣ ਲੱਗਿਆ। ਫੇਰ ਛੇਤੀ ਦੇਣੇ ਬੱਚਿਆਂ ਦੀ ਗਿਣਤੀ ਸ਼ੁਰੂ ਕੀਤੀ। ਗਿਣਤੀ ਵਿਚਾਲੇ ਰੋਕ ਕੇ ਅੱਖਾਂ ਨਾਲ ਉਨ੍ਹਾਂ ਦੀ ਸੁੰਦਰਤਾ ਨੂੰ ਨਿਹਾਰਨ ਲੱਗਿਆ। ਉਸ ਦੀਆਂ ਅੱਖਾਂ ਸਥਿਰ ਨਹੀਂ ਰਹੀਆਂ। ਉਹ ਗੇਂਦ ਦੇ ਆਕਾਰ ਵਾਲੇ ਬੱਚਿਆਂ 'ਤੇ, ਅੱਧ ਖੁੱਲ੍ਹੀਆਂ ਅੱਖਾਂ ਲਈ ਲਿਟੀ ਸੂਰੀ 'ਤੇ, ਦੁੱਧ ਉਤਰੀਆਂ ਉਸ ਦੀਆਂ ਛਾਤੀਆਂ 'ਤੇ ਅੱਗੇ-ਪਿੱਛੇ ਦੌੜ ਰਹੀਆਂ ਹਨ। ਕੰਬ ਕੇ ਕਿਨਾਰੇ ਤੋੜਨ ਦੇ ਲਈ ਜ਼ੋਰ ਮਾਰਦੇ ਤਲਾਅ ਵਾਂਗੂ ਉਸਦਾ ਮਨ ਉਬਲ ਰਿਹਾ ਹੈ। ਉਸਨੇ ਆਪਣੇ-ਆਪ ਕੁਝ ਬੇਮਤਲਬ ਆਵਾਜ਼ਾਂ ਕੱਢੀਆਂ। "ਇੱਕ-ਦੋ..." ਕਹਿ ਕੇ ਬੱਚਿਆਂ ਦੀ ਗਿਣਤੀ ਕੀਤੀ ਅਤੇ "ਦਸ! ਪੂਰੇ ਦਸ ਨੇ ਸਾਲੇ!" ਕਹਿ ਕੇ ਜ਼ੋਰ ਦੀ ਅਸੁਭਾਵਿਕ ਰੂਪ ਨਾਲ ਹੱਸ ਪਿਆ। ਉਹ ਜਿਸ ਟਾਹਣੇ 'ਤੇ ਬੈਠਾ ਸੀ, ਉਹ ਵੀ ਹਿੱਲਿਆ। ਹਾਸੀ ਰੁਕਣ 'ਤੇ, "ਉਹ ਦਸ ਸਾਲੇ ਪੈਦਾ ਹੋਏ ਨੇ। ਉਇ ਸਾਲਿਓ! ਇਹ ਕੀ ਛਾਤੀਆਂ ਦੇ ਕੋਲ ਹੀ ਘੁੰਮੀ ਜਾਂਦੇ ਹੋ। ਕੀ ਕਰ ਰਹੇ ਹੋ ਉੱਥੇ ?" ਚੀਕਦਿਆਂ ਉਹ ਅਨਜਾਣੇ 'ਚ ਹੀ ਗਾਉਣ ਲੱਗਿਆ।

"ਕਿਉਂ ਉਇ ਸਾਲਿਉ ਬਦਮਾਸ਼ੋ!
ਕੀ ਕਰ ਰਹੇ ਹੋ ਉਇ।
ਸੁਣਿਆ ਹੈ ਅਸੀਂ ਕਿ
ਘੀਸੂ ਦੀ ਕੁੜੀ ਨੂੰ ਪਹਿਲੀ ਵਾਰ ਮਹੀਨਾ ਆਇਆ ਹੈ।"

ਬਹੁਤ ਜ਼ਿਆਦਾ ਖੁਸ਼ੀ ਦੀ ਹਾਲਤ 'ਚ ਉਸਨੂੰ ਗਾਲ੍ਹਾਂ ਭਰੇ ਗੀਤ ਗਾਉਣ ਦੀ ਆਦਤ ਹੈ। ਇਸ



ਗਾਣੇ ਦੀਆਂ ਗਾਲ੍ਹਾਂ 'ਤੇ ਜ਼ੋਰ ਦੇ-ਦੇ ਕੇ ਉਹ ਗਾ ਰਿਹਾ ਹੈ।

"ਮਾਧੋ ਦਾ ਵੱਡਾ ਮੁੰਡਾ
ਵੜ ਗਿਆ ਤੇਰੇ ਡੇਰੇ 'ਚ..."

ਇਸ ਗਾਉਣ ਦੇ ਰਾਗ ਜਾਂ ਲੈਅ ਦੀ ਉਸਨੂੰ ਪਰਵਾਹ ਨਹੀਂ ਹੈ। ਅਰਥ ਵੱਲ ਵੀ ਉਸਦਾ ਧਿਆਨ ਨਹੀਂ ਹੈ। ਉਹ ਆਪਣੀ ਖੁਸ਼ੀ ਨੂੰ ਧੁਨੀ ਤਰੰਗਾਂ 'ਚ ਬਦਲ ਕੇ ਬਾਹਰ ਖਿੰਡਾ ਰਿਹਾ ਹੈ। ਉਬਲਦਾ ਪਾਣੀ, ਭਾਫ਼ ਦੇ ਰੂਪ 'ਚ ਜਿਸ ਤਰ੍ਹਾਂ ਫੁਟ ਨਿਕਲਦਾ ਹੈ, ਉਸੇ ਤਰ੍ਹਾਂ ਉਸਦੇ ਅੰਦਰ ਦੀ ਖੁਸ਼ੀ ਗਾਉਣ ਦੇ ਰੂਪ ਵਿਚ ਫੁੱਟ ਰਹੀ ਹੈ।

ਚੰਦ ਬੱਦਲਾਂ ਦੇ ਪਿੱਛੇ ਲੁਕ ਗਿਆ ਜਿਵੇਂ ਉਸਦੇ ਗਾਲ੍ਹਾਂ ਭਰੇ ਗਾਣੇ ਨੂੰ ਸੁਣਨ 'ਚ ਸ਼ਰਮਾ ਰਿਹਾ ਹੋਵੇ। ਹਵਾ ਉਸਦੇ ਗਾਣੇ ਨੂੰ ਢੋ ਕੇ ਜੰਗਲਾਂ ਦੇ ਰਸਤੇ ਭੱਜ ਰਹੀ ਹੈ। ਸਾਰੇ ਬਿਰਖ਼ ਸਿਰ ਹਿਲਾਉਂਦਿਆਂ ਉਸਦਾ ਗਾਣਾ ਸੁਣ ਰਹੇ ਹਨ। ਝਰਨੇ ਦਾ ਪਾਣੀ ਇਉਂ ਉਛਲ ਰਿਹਾ ਹੈ ਜਿਵੇਂ ਬੁੱਢੇ ਦੀ ਖੁਸ਼ੀ 'ਚ ਹਿੱਸਾ ਪਾ ਰਿਹਾ ਹੋਵੇ।

ਗਲ਼ਾ ਬੈਠਣ ਤੱਕ ਉਹ ਗਾਉਂਦਾ ਹੀ ਰਿਹਾ।

ਬਹੁਤ ਖਮੀਰ ਉੱਠੀ, ਧੁੱਪ 'ਚ ਉਬਲੀ ਤਾੜੀ ਪੀ ਕੇ ਰੱਜ ਕੇ ਨਸ਼ੇ 'ਚ ਆਉਣ ਦੇ ਬਾਅਦ ਉਹ ਬਹੁਤ ਸਾਰੇ ਕੰਮ ਕਰਿਆ ਕਰਦਾ ਸੀ। ਜਿਸ 'ਤੇ ਦਸ ਜਣੇ ਬੈਠ ਸਕਦੇ ਹਨ, ਅਜਿਹੇ ਪੱਥਰ ਨੂੰ ਇੱਕੋ ਵਾਰ 'ਚ ਹੀ ਜ਼ਮੀਨ 'ਚੋਂ ਉਖਾੜ ਲੈਂਦਾ ਸੀ। ਬਲ਼ਦਾਂ ਦੀ ਜੋੜੀ ਦੇ ਵਸ ਦਾ ਵੀ ਨਾ ਹੋਵੇ, ਅਜਿਹੀ ਲੱਦੀ ਗੱਡੀ ਨੂੰ ਛੇਤੀ-ਛੇਤੀ ਖਿੱਚ ਕੇ ਲੈ ਜਾਂਦਾ ਸੀ। ਆਪਣੇ ਰਾਹ ਜਾਂਦੀਆਂ ਭਲੀਆਂ ਤੀਵੀਆਂ ਨੂੰ ਪੁੱਠਾ-ਸਿੱਧਾ ਬੋਲ ਕੇ ਟੰਟਾ ਖੜਾ ਕਰ ਲੈਂਦਾ ਸੀ। ਵੱਡੇ-ਵੱਡੇ ਟਿੱਲਿਆਂ 'ਤੇ ਆਸਾਨੀ ਨਾਲ ਇੱਧਰੋਂ ਚੜ੍ਹ ਕੇ ਉੱਧਰੋਂ ਉਤਰ ਜਾਂਦਾ ਸੀ। ਸੜਕ ਕਿਨਾਰੇ ਛੋਟੇ-ਛੋਟੇ ਪੱਥਰਾਂ ਨਾਲ ਠੋਕਰ ਖਾ ਕੇ ਮੂਧੇ-ਮੂੰਹ ਡਿਗ ਜਾਂਦਾ ਸੀ। ਸਰੀਰ 'ਤੇ ਜ਼ਖ਼ਮ ਲੈ ਕੇ ਝੁੱਗੀ 'ਚ ਪਹੁੰਚਦਾ ਸੀ। ਕੋਈ ਘੜਾ ਕੁ ਠੰਢਾ ਪਾਣੀ ਸਿਰ 'ਤੇ ਪੈਂਦਾ ਤਾਂ ਭੁੰਜੇ ਢਹਿ ਕੇ ਸ਼ਤੀਰ ਵਾਂਗੂ ਸੌਂ ਜਾਂਦਾ ਸੀ।

ਪਰ ਅੱਜ ਉਹ ਜਿਸ ਬੇਵਸੀ ਨੂੰ ਮਹਿਸੂਸ ਕਰ ਰਿਹਾ ਹੈ, ਅਜਿਹੀ ਉਸਨੇ ਕਦੇ ਮਹਿਸੂਸ ਨਹੀਂ ਕੀਤੀ। 'ਅਜਿਹੀ ਜੀਵਨ ਸ਼ੈਲੀ ਦੇ ਕਾਰਣ ਹੀ ਮੈਂ ਬਚ ਗਿਆ। ਨਹੀਂ ਤਾਂ ਸੂਰੀ ਤੋਂ ਏਨਾ ਜ਼ਖ਼ਮੀ ਹੋ ਕੇ ਤੇ ਏਨਾ ਖੂਨ ਵਗ ਜਾਣ ਦੇ ਬਾਅਦ ਬੇਹੋਸ਼ ਹੋ ਕੇ ਮਰਨ ਦੀ ਬਜਾਏ ਹੁਣ ਵੀ ਜਿਉਂਦਾ ਰਹਿੰਦਾ ?' ਬੁੱਢੇ ਨੇ ਸੋਚਿਆ।

ਚੰਦ ਹਾਲੇ ਬੱਦਲਾਂ ਦੇ ਪਿੱਛੇ ਹੀ ਹੈ। ਸਿਰ ਚੁੱਕ ਕੇ ਪਲਾਸ ਦੇ ਬਿਰਖ਼ ਦੀਆਂ ਟਾਹਣੀਆਂ ਦੇ ਵਿਚਕਾਰੋਂ ਉੱਪਰ ਦੇਖਦਿਆਂ ਬੁੱਢੇ ਨੇ ਮਨ 'ਚ ਕਿਹਾ, 'ਤੈਨੂੰ ਬਾਹਰ ਆਉਣ ਦੀ ਕੋਈ ਲੋੜ ਨਹੀਂ ਏ। ਏਥੇ ਇਸ ਝਾੜੀ 'ਚ ਦਸ-ਦਸ ਚੰਦ ਨੇ। ਤੂੰ ਬਾਹਰ ਆਵੇ ਤਾਂ ਕੀ, ਨਾ ਆਵੇਂ ਤਾਂ ਕੀ ?'

ਚੰਦਰਮਾ ਬੱਦਲਾਂ ਨੂੰ ਚੀਰ ਕੇ ਬਾਹਰ ਆ ਗਿਆ। 'ਆ... ਆ ਕੇ ਦੇਖ ਲੈ। ਇਸ ਝਾੜੀ 'ਚ ਤੇਰੇ ਵਰਗੇ, ਤੈਥੋਂ ਵੀ ਵਧੀਆ ਦਸ ਜਣੇ ਨੇ।' ਬੁੱਢੇ ਨੇ ਮਨ 'ਚ ਕਿਹਾ।

### ਤੇਰ੍ਹਾਂ

ਤੋਟੀ ਝਾੜੀ 'ਤੇ ਗੋਲ-ਗੋਲ ਘੁੰਮਦਿਆਂ ਚੀਕ ਰਿਹਾ ਹੈ। 'ਫਿਟੇ ਮੂੰਹ! ਤੈਨੂੰ ਤਾਂ ਭੁੱਲ ਹੀ ਗਿਆ ਸੀ ਉਇ! ਤੂੰ ਨਿਸ਼ਾਨੀ ਦੱਸ ਕੇ ਮੇਰਾ ਭਲਾ ਨਾ ਕਰਦਾ ਤਾਂ ਮੈਂ ਸੂਰੀ ਨੂੰ ਇਨ੍ਹਾਂ ਅੱਖਾਂ ਨਾਲ ਦੇਖ ਨਾ ਸਕਦਾ। ਸਾਰੀ ਰਾਤ ਜੰਗਲ 'ਚ ਘੁੰਮਦਾ ਰਹਿੰਦਾ। ਤੇਰੀ ਭਲਾਈ ਨਹੀਂ ਭੁੱਲਾਂਗਾ। ਕਦੇ ਲੋੜ ਹੋਵੇ ਤਾਂ

ਦੱਸੀਂ। ਤੇਰੀ ਇਸ ਤੋਂ ਦੁੱਗਣੀ ਮਦਦ ਕਰਾਂਗਾ।' ਬੁੱਢੇ ਨੇ ਮਨ 'ਚ ਕਿਹਾ। ਤੋਟੀ 'ਗਿੱਕੂਕ-ਗਿੱਕੂਕ' ਚੀਕਦਿਆਂ ਝਾੜੀ ਅਤੇ ਪਲਾਸ ਦੇ ਵਿਚਕਾਰ ਚੱਕਰ ਲਾਉਣ ਲੱਗਿਆ। ਉਹ ਝੱਟ ਦੇਣੇ ਉੱਪਰ ਉੱਡਦਾ, ਫੇਰ ਉਤਰਦਾ, ਉਲਟਦਾ ਅਤੇ ਚੱਕਰ ਕੱਢਦਿਆਂ ਰੌਲਾ ਪਾ ਰਿਹਾ ਹੈ। ਆਪਣੇ ਗਲ਼ੇ ਜਾਂ ਖੰਭਾਂ ਨੂੰ ਪਲ ਭਰ ਲਈ ਵੀ ਆਰਾਮ ਨਹੀਂ ਦੇ ਰਿਹਾ ਹੈ।

'ਇਸ ਤੋਟੀ ਦੀ ਮਦਦ ਮੈਂ ਕਿਵੇਂ ਕਰ ਸਕਦਾ ਹਾਂ?' ਬੁੱਢਾ ਸੋਚਣ ਲੱਗਿਆ। 'ਜਾਲ 'ਚ ਫਸਾ ਕੇ ਇਸਨੂੰ ਘਰੇ ਲਿਜਾ ਸਕਦਾ ਹਾਂ। ਪਿੰਜਰੇ 'ਚ ਰੱਖ ਕੇ ਪਾਲ ਸਕਦਾ ਹਾਂ। ਪਿੰਜਰੇ ਦੀਆਂ ਸੀਖਾਂ ਦੇ ਵਿਚਾਲੇ ਅਨਾਜ ਤੇ ਕੀੜੇ ਖੁਆ ਸਕਦਾ ਹਾਂ।' ਉਹ ਯੋਜਨਾਵਾਂ ਬਣਾਉਣ ਲੱਗਿਆ।

'ਪਰ ਇਉਂ ਕਰਨ ਨਾਲ ਤੋਟੀ ਦਾ ਕਿਹੜਾ ਭਲਾ ਹੋਵੇਗਾ? ਮੈਂ ਜੋ ਪਿੰਜਰਾ ਦੇਵਾਂਗਾ ਬੁਣ ਕੇ, ਉਸ ਤੋਂ ਮਜ਼ਬੂਤ ਬਿਰਖ਼ਾਂ ਦੀਆਂ ਖੋੜਾਂ ਇਸ ਜੰਗਲ 'ਚ ਬਹੁਤ ਨੇ। ਅੰਬ ਦੀ ਖੋਖਲੀ ਗੁਠਲੀ 'ਚ ਜੋ ਪਾਣੀ ਪਿਲਾਵਾਂਗਾ, ਉਸ ਤੋਂ ਸਾਫ਼ ਪਾਣੀ ਏਥੇ ਏ। ਇਸਨੂੰ ਜੋ ਖਾਣਾ ਚਾਹੀਦਾ ਹੈ, ਉਹ ਇਸ ਜੰਗਲ 'ਚ ਬਹੁਤ ਮਿਲਦਾ ਏ। ਕਿੰਨਾ ਹੀ ਸੋਚਾਂ ਅਜਿਹਾ ਕੁਝ ਵੀ ਨਹੀਂ ਏ, ਜੋ ਮੈਂ ਇਸ ਪੰਛੀ ਦੀ ਭਲਾਈ ਦੇ ਲਈ ਕਰ ਸਕਾਂ।' ਉਸਨੇ ਸੋਚਿਆ।

'ਇਹ ਬੜੇ ਦੁਰਭਾਗ ਦੀ ਗੱਲ ਏ। ਏਥੋਂ ਜੋ ਮੇਰਾ-ਸਾਥੀ ਰਿਹਾ ਏ, ਉਸਦਾ ਕਿਸੇ ਵੀ ਤਰ੍ਹਾਂ ਨਾਲ ਹਿਤ ਦੇ ਬਦਲੇ ਹਿਤ ਨਹੀਂ ਕਰ ਪਾ ਰਿਹਾ ਹਾਂ। ਇਸਨੂੰ ਮਾਰੇ ਬਗ਼ੈਰ ਛੱਡ ਦੇਣਾ ਹੀ ਮੈਥੋਂ ਹੋਣ ਵਾਲਾ ਭਲਾ ਏ। ਭਾਵੇਂ ਪੰਛੀ ਹੋਣ ਜਾਂ ਪਸ਼ੂ ਉਨ੍ਹਾਂ 'ਤੇ ਮਨੁੱਖ ਇਹੀ ਇੱਕ ਮਹਾਨ ਉਪਕਾਰ ਕਰ ਸਕਦਾ ਏ ਕਿ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਜਿਉਣ ਦੇਈਏ। ਉਨ੍ਹਾਂ ਦੇ ਰਿਸ਼ਤੇ-ਨਾਤੇ ਅਜਿਹੇ ਹੀ ਨੇ।' ਲੱਗਿਆ ਜਿਵੇਂ ਕੋਈ ਕੌੜਾ ਫ਼ਲ ਮੂੰਹ 'ਚ ਆ ਗਿਆ ਹੋਵੇ।

'ਅਜਿਹਾ ਸੋਚਣਾ ਮੇਰੀ ਭੁੱਲ ਹੋਵੇਗੀ। ਹੁਣ ਮੈਂ ਸੂਰੀ ਦੀ ਰੱਖਿਆ ਕਰ ਰਿਹਾ ਹਾਂ ਨਾ? ਹੁਣ ਮੈਂ ਇਸਦੀ ਰੱਖਿਆ ਦੇ ਲਈ ਹੀ ਤਾਂ ਜੰਗਲ 'ਚ ਬਿਰਖ਼ 'ਤੇ ਟੰਗਿਆ ਹੋਇਆ ਹਾਂ?' ਉਸਨੇ ਇਉਂ ਸੋਚਿਆ ਜਿਵੇਂ ਕੌੜੇ ਫਲ ਨੂੰ ਥੁੱਕਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

'ਤੂੰ ਸੱਚਮੁੱਚ ਉਸਦੇ ਲਈ ਏਥੇ ਨਹੀਂ ਆਇਆ ਸੀ। ਸੂਰੀ ਦੀ ਤੂੰ ਕੀ ਰੱਖਿਆ ਕਰੇਂਗਾ? ਇਹ ਭੀਮ ਵਾਂਗੂ ਆਪਣੀ ਬਹਾਦਰੀ ਦਿਖਾ ਸਕਦੀ ਏ। ਇਹ ਥੂਥਣ ਨਾਲ ਵਾਰ ਕਰੇ ਤਾਂ ਚੱਟਾਨ 'ਚ ਵੀ ਤਰੇੜਾਂ ਪੈ ਜਾਂਦੀਆਂ ਨੇ। ਫੇਰ ਵੀ ਉਸਨੂੰ ਮੇਰੀ ਬੜੀ ਲੋੜ ਏ। ਹੁਣ ਉਹ ਸ਼ਿਲੇ 'ਚ ਏ। ਦਸ-ਦਸ ਬੱਚੇ ਜੰਮ ਕੇ ਬੜੀ ਕਮਜ਼ੋਰ ਤੇ ਬੇਵਸ ਹੋ ਗਈ ਏ। ਇਸ ਜੰਗਲ 'ਚ ਕਮੀਨੇ ਤੋਂ ਕਮੀਨੇ ਦਰਿੰਦੇ ਨੇ। ਇਸਨੂੰ ਤੇ ਇਸਦੇ ਬੱਚਿਆਂ ਨੂੰ ਉਨ੍ਹਾਂ ਦਰਿੰਦਿਆਂ ਤੋਂ ਬਚਾਉਣਾ ਹੋਵੇਗਾ।' ਇਹ ਸੋਚਦਿਆਂ ਉਸਨੇ ਆਪਣੇ ਆਉਣ ਦਾ ਸਮਰਥਨ ਕਰ ਲਿਆ।

ਸੂਰੀ ਹੁਣ ਵੀ ਉਸੇ ਤਰ੍ਹਾਂ ਪਈ ਹੈ। ਬੱਚੇ ਉਸ ਦੀਆਂ ਛਾਤੀਆਂ ਚੁੰਘ ਰਹੇ ਹਨ। 'ਬੇਫਿਕਰੀ ਨਾਲ ਸੌਂ ਜਾਉ। ਪਲਕ ਅੱਖ ਦੀ ਤੇ ਨਹੁੰ ਉਂਗਲ ਦੀ ਜਿਵੇਂ ਰੱਖਿਆ ਕਰਦੇ ਨੇ, ਉਵੇਂ ਹੀ ਮੈਂ ਤੇਰੀ ਤੇ ਤੇਰੇ ਬੱਚਿਆਂ ਦੀ ਰੱਖਿਆ ਕਰਾਂਗਾ। ਬੇਫਿਕਰ ਰਹੋ। ਇਹ ਨਾ ਸੋਚਿਉ ਕਿ ਇਹ ਬੁੱਢਾ ਸਾਡੀ ਕੀ ਰੱਖਿਆ ਕਰੇਗਾ। ਹੋ ਸਕਦਾ ਹੈ, ਤੁਹਾਡੇ ਵਰਗੀ ਤਾਕਤ ਤੇ ਤਿੱਖੇ ਦੰਦ ਮੇਰੇ ਕੋਲ ਨਾ ਹੋਣ ਪਰ ਮੇਰੇ ਕੋਲ ਦਿਮਾਗ ਏ, ਉਹ ਥੋਡੇ ਕੋਲ ਨਹੀਂ ਏ। ਮੇਰੇ ਸਰੀਰ 'ਚ ਜੋ ਨਿਪੁੰਨਤਾ ਏ, ਉਹ ਥੋਡੇ ਸਰੀਰ 'ਚ ਨਹੀਂ ਏ। ਫੇਰ ਮੇਰੇ ਹੱਥ 'ਚ ਭਾਲਾ ਵੀ ਤਾਂ ਏ।' ਉਸਨੇ ਸੋਚਿਆ।

ਤੋਟੀ ਬੋਲਣਾ ਬੰਦ ਕਰਕੇ ਅਚਾਨਕ ਹੇਠਾਂ ਆ ਕੇ ਘਾਹ 'ਤੇ ਬੈਠ ਗਿਆ। ਠੰਢੀ ਚਾਨਣੀ 'ਚ ਪੰਗਤ 'ਚ ਚਲਦਿਆਂ ਕੀੜਿਆਂ ਨੂੰ ਉਹ ਚੁਗਣ ਲੱਗਿਆ। ਕੀੜੇ ਤਿੱਤਰ-ਬਿੱਤਰ ਹੋ ਕੇ ਘਾਹ-ਫੂਸ ਅਤੇ ਰੋੜਿਆਂ ਦੇ ਹੇਠਾਂ ਲੁਕਣ ਲੱਗੇ। ਕੁਝ ਦੇਰ 'ਚ ਤੋਟੀ ਦਾ ਢਿੱਡ ਭਰ ਗਿਆ। ਕੋਲ ਪਏ ਗੋਲ ਪੱਥਰ



ਨਾਲ ਰਗੜਦਿਆਂ ਉਸਨੇ ਆਪਣੀ ਚੁੰਝ ਪੂੰਝ ਲਈ। ਬਾਅਦ 'ਚ ਬੋਝਿਲ ਜਿਹਾ ਹੋ ਕੇ ਖੰਭ ਫੜਫੜਾਉਂਦੇ ਹੋਏ ਉੱਡ ਗਿਆ। ਇਸ ਤਰ੍ਹਾਂ ਜਾਂਦੇ ਹੋਏ ਪੰਛੀ ਨੂੰ ਦੇਖ ਕੇ ਬੁੱਢੇ ਨੇ ਸੋਚਿਆ, 'ਪਾਣੀ ਪੀਣ ਜਾ ਰਿਹਾ ਏ ਸ਼ਾਇਦ।'

'ਕੱਲ੍ਹ ਘਰ ਪਹੁੰਚਣ ਦੇ ਬਾਅਦ ਸੂਰੀ ਤੇ ਬੱਚਿਆਂ ਨੂੰ ਕਿੱਥੇ ਰੱਖੂੰ?'' ਉਹ ਸੋਚਣ ਲੱਗਿਆ। ਹੁਣ ਜੋ ਬਾੜਾ ਹੈ, ਉਸ 'ਚ ਬਾਕੀ ਸੂਰਾਂ ਦੇ ਨਾਲ ਇਸਨੂੰ ਅਤੇ ਇਸਦੇ ਬੱਚਿਆਂ ਨੂੰ ਰੱਖਿਆ ਨਹੀਂ ਜਾ ਸਕਦਾ। ਵੱਖਰਾ ਇੱਕ ਬਾੜਾ ਬਣਾਉਣਾ ਹੀ ਪਵੇਗਾ। ਪਰ ਬਾੜਾ ਬਣਾਉਣਾ ਗੱਲਾਂ ਨਾਲ ਹੋਣ ਵਾਲਾ ਕੰਮ ਤਾਂ ਹੈ ਨਹੀਂ। ਇੱਟਾਂ ਚਾਹੀਦੀਆਂ ਹਨ, ਲਾਲ ਮਿੱਟੀ ਚਾਹੀਦੀ ਹੈ, ਤਾੜ ਦੀ ਲੱਕੜ ਨੂੰ ਕੱਟ ਕੇ ਲਿਆਉਣਾ ਹੋਵੇਗਾ, ਉਨ੍ਹਾਂ ਨੂੰ ਪੱਥਰ ਦੇ ਹੇਠਾਂ ਦੱਬ ਕੇ ਰੱਖਣਾ ਪਵੇਗਾ। ਮੁੰਜ ਕੱਟ ਕੇ ਲਿਆਉਣੀ ਹੋਵੇਗੀ ਤੇ ਉਸਨੂੰ ਭਿਉਂ ਕੇ ਰੇਸ਼ੇ ਕੱਢਣੇ ਪੈਣਗੇ। ਬਾੜਾ ਪੂਰਾ ਹੋਣ 'ਤੇ ਘੱਟੋ-ਘੱਟ ਵੀਹ ਦਿਨ ਤਾਂ ਲੱਗਣਗੇ ਹੀ। ਉਦੋਂ ਤੱਕ ਇਹ ਖੁੱਲ੍ਹੇ 'ਚ ਪਏ ਰਹਿਣਗੇ?' ਉਹ ਸੋਚਾਂ 'ਚ ਪੈ ਗਿਆ।

ਕੁਝ ਦੇਰ ਬਾਅਦ ਉਸਨੂੰ ਇੱਕ ਉਪਾਅ ਸੁੱਝਿਆ। 'ਖੁੱਲ੍ਹੇ 'ਚ ਮੁਸੀਬਤ ਝੱਲਣ ਦੀ ਇਨ੍ਹਾਂ ਨੂੰ ਕੀ ਪਈ ਏ? ਇਨ੍ਹਾਂ ਨੂੰ ਲਿਜਾ ਕੇ ਸਿੱਧੇ ਝੌਂਪੜੀ 'ਚ ਰੱਖ ਦਿਆਂਗਾ। ਜਦ ਤੱਕ ਲੋੜ ਹੋਵੇ, ਇਹ ਮੇਰੀ ਝੁੱਗੀ 'ਚ ਹੀ ਰਹਿਣਗੇ। ਉਦੋਂ ਤੱਕ ਮੈਂ ਤੇ ਮੁੰਡਾ ਝੁੱਗੀ ਦੇ ਸਾਹਮਣੇ ਵਾਲੇ ਬਿਰਖ਼ ਦੇ ਹੇਠ ਰਹਿ ਲਵਾਂਗੇ। ਸਾਡਾ ਕੀ ਏ? ਸਾਡਾ ਵਕਤ ਕਿਤੇ ਵੀ ਕੱਟ ਜਾਵੇਗਾ।' ਉਸਨੇ ਸੋਚਿਆ।

ਇੱਧਰ-ਉੱਧਰ ਖਿੰਡੇ ਕੀੜੇ ਮੁੜ ਕੇ ਫੇਰ ਪੰਗਤ 'ਚ ਤੁਰਨ ਲੱਗੇ ਹਨ। ਬਾਲੂ ਦੇ ਕਣਾਂ 'ਤੇ ਚੜ੍ਹਦੇ-ਉਤਰਦੇ ਅਤੇ ਤਿਣਕਿਆਂ ਦੇ ਹੇਠਾਂ ਵੜਦੇ-ਨਿਕਲਦੇ ਤੁਰੇ ਜਾ ਰਹੇ ਹਨ।

ਪਿਆਸ ਬੁਝਾ ਕੇ ਤੋਟੀ ਮੁੜ ਆਇਆ। ਉਹ ਚੀਕ-ਚਿਹਾੜਾ ਪਾਉਂਦਿਆਂ ਇਉਂ ਆਇਆ ਜਿਵੇਂ ਗਾਂ ਆਪਣੇ ਵੱਛੇ ਨੂੰ ਦੇਖ ਕੇ ਰੰਭਦੀ ਹੋਈ ਆਉਂਦੀ ਹੈ। ਸਿੱਧੇ ਆ ਕੇ ਫੇਰ ਤੋਂ ਉਸ ਝਾੜੀ 'ਤੇ ਬੈਠ ਕੇ ਪਹਿਲਾਂ ਵਾਂਗ ਚੀਕਣ ਲੱਗਿਆ।

'ਤੋਟੀ ਬੱਚਿਆਂ ਨੂੰ ਲੋਰੀ ਸੁਣਾ ਰਿਹਾ ਏ।' ਬੁੱਢੇ ਨੇ ਸੋਚਿਆ। ਚੰਦਰਮਾ ਦੁਧੀਆ ਚਾਨਣੀ ਬਰਸਾ ਰਿਹਾ ਹੈ। ਠੰਢੀ-ਠੰਢੀ ਹਵਾ ਚੱਲ ਰਹੀ ਹੈ। 'ਸਭ ਬੱਚਿਆਂ ਦੇ ਲਈ ਹੀ ਏ। ਭਾਲਾ ਕੱਛ 'ਚ ਲੈ ਕੇ ਪਲਾਸ 'ਤੇ ਮੈਂ ਜੋ ਬੈਠਾ ਹਾਂ... ਉਹ ਵੀ ਬੱਚਿਆਂ ਦੇ ਲਈ ਹੀ ਤਾਂ ਏ।' ਉਸਨੇ ਸੋਚਿਆ।

'ਅੱਜ ਮੈਨੂੰ ਬੜੀ ਖੁਸ਼ੀ ਹੋ ਰਹੀ ਏ, ਜਿਵੇਂ ਕਿਸੇ ਨੇ ਮੇਰੇ ਮੂੰਹ 'ਚ ਖੰਡ ਪਾ ਦਿੱਤੀ ਹੋਵੇ। ਜਿਵੇਂ ਢਿੱਡ 'ਚ ਦੁੱਧ ਪਾਇਆ ਹੋਵੇ। ਤੜਕੇ ਉੱਠ ਕੇ ਪਤਾ ਨਹੀਂ ਕਿਸਦਾ ਮੂੰਹ ਦੇਖਿਆ ਸੀ,' ਉਸਨੂੰ ਯਾਦ ਕਰਨ ਦੀ ਕੋਸ਼ਿਸ਼ ਉਸਨੇ ਕੀਤੀ। ਦੰਦਾਂ ਨਾਲ ਹੇਠਲੇ ਬੁੱਲ੍ਹ ਨੂੰ ਕੱਟਦਿਆਂ ਅਤੇ ਸਿਰ ਨੂੰ ਖੁਰਕਦਿਆਂ ਉਹ ਯਾਦ ਕਰਨ ਲੱਗਿਆ। ਕਿੰਨੀ ਵੀ ਕੋਸ਼ਿਸ਼ ਕਰੇ, ਉਸਨੂੰ ਯਾਦ ਨਹੀਂ ਆ ਰਿਹਾ ਸੀ।

'ਸ਼ਾਇਦ ਮੁੰਡੇ ਦਾ ਮੂੰਹ ਦੇਖਿਆ ਸੀ। ਨਹੀਂ-ਨਹੀਂ। ਉਸ 'ਤੇ ਤਾਂ ਮੇਰੀ ਨਜ਼ਰ ਉਦੋਂ ਪਈ ਸੀ ਜਦ ਵੱਡਾ ਦਿਨ ਚੜ੍ਹ ਆਇਆ ਸੀ।' ਉਸਨੇ ਸੋਚਿਆ। ਪਿਛਲੀ ਰਾਤ ਮੁੰਡਾ ਗੁਆਂਢ ਦੇ ਪਿੰਡ 'ਚ ਨਾਟਕ ਦੇਖਣ ਗਿਆ ਹੋਇਆ ਸੀ। ਉਨੀਂਦਰੇ ਨਾਲ ਲਾਲ ਅੱਖਾਂ ਅਤੇ ਮੁਰਝਾਇਆ ਚਿਹਰਾ ਲਈ ਪੈਰ ਘੜੀਸਦਾ ਹੋਇਆ ਉਹ ਉਦੋਂ ਘਰ ਆਇਆ ਸੀ ਜਦ ਵੱਡਾ ਦਿਨ ਚੜ੍ਹ ਚੁੱਕਿਆ ਸੀ।

'ਫੇਰ ਕਿਸ ਦਾ ਮੂੰਹ ਦੇਖਿਆ ਸੀ?' ਬੁੱਢਾ ਫੇਰ ਯਾਦ ਕਰਨ ਲੱਗਿਆ। ਉਸਦੀ ਝੁੱਗੀ ਪਿੰਡ ਦੇ ਬਾਹਰ ਇਉਂ ਦਿਖਾਈ ਸੀ ਜਿਵੇਂ ਵੱਖਰੀ ਸੁੱਟ ਦਿੱਤੀ ਗਈ ਹੋਵੇ। ਇਹ ਅਨਹੋਣੀ ਹੀ ਹੋਵੇਗੀ ਕਿ ਤੜਕੇ ਹੀ ਪਿੰਡ ਦਾ ਕੋਈ ਬੰਦਾ ਨੀਂਦੋਂ ਉੱਠ ਕੇ ਬੁੱਢੇ ਦੀ ਝੁੱਗੀ ਕੋਲ ਆਇਆ। ਬੁੱਢੇ ਦੀ ਪਿੰਡ 'ਚ ਕੋਈ ਗਿਣਤੀ ਨਹੀਂ ਹੈ। ਕਿਤੇ ਕੋਈ ਉਸਦੀ ਕੇਂਦਰੀ ਭੂਮਿਕਾ ਨਹੀਂ ਹੈ।

ਸੋਚਦੇ-ਸੋਚਦੇ ਬੁੱਢੇ ਨੇ ਅਚਾਨਕ ਹੱਥ ਦੀਆਂ ਉਂਗਲਾਂ ਨੂੰ ਮੱਥੇ ਨਾਲ ਮਾਰਿਆ ਅਤੇ ਆਪਣੇ-

ਆਪ ਨੂੰ ਕਹਿਣ ਲੱਗਿਆ, 'ਮੇਰੀ ਅਕਲ 'ਤੇ ਪਰਦਾ ਪੈ ਗਿਆ ਏ। ਤੜਕੇ ਉੱਠ ਕੇ ਤਾਂ ਮੈਂ ਸੂਰੀ ਨੂੰ ਹੀ ਦੇਖਿਆ ਸੀ। ਮੇਰਾ ਹਾਲ ਉਵੇਂ ਹੀ ਏ ਜਿਵੇਂ ਕੋਈ ਆਜੜੀ ਮੋਢੇ 'ਤੇ ਲੱਦੇ ਬੱਕਰੇ ਦੇ ਲਈ ਜੰਗਲ ਛਾਣਦਾ ਫਿਰੇ।'

ਸਵੇਰੇ ਉੱਠਦੇ ਹੀ ਉਹ ਸਭ ਤੋਂ ਪਹਿਲਾਂ ਆਪਣੇ ਸੂਰਾਂ ਨੂੰ ਹੀ ਦੇਖਦਾ ਹੈ। ਰਾਤ ਨੂੰ ਸੌਣ ਤੋਂ ਪਹਿਲਾਂ ਵੀ ਸੂਰਾਂ ਨੂੰ ਹੀ ਦੇਖਦਾ ਹੈ। ਸਵੇਰੇ ਤੋਂ ਆਥਣ ਤੱਕ ਸੂਰਾਂ ਦੇ ਨਾਲ ਹੀ ਰਹਿੰਦਾ ਹੈ। ਆਥਣ ਤੋਂ ਲੈ ਕੇ ਸਵੇਰ ਹੋਣ ਤੱਕ ਸੁਪਨੇ ਵੀ ਸੂਰਾਂ ਦੇ ਹੀ ਦੇਖਦਾ ਹੈ।

ਬੁੱਢੇ ਨੇ ਫੇਰ ਸੋਚਿਆ, 'ਇਉਂ ਲੱਗ ਰਿਹਾ ਹੈ ਜਿਵੇਂ ਮੇਰੇ ਮੂੰਹ 'ਚ ਖੰਡ ਪੈ ਗਈ ਹੋਵੇ। ਢਿੱਡ 'ਚ ਦੁੱਧ ਪੈ ਗਿਆ ਹੋਵੇ।' ਉਸਨੂੰ ਲੱਗਿਆ ਕਿ ਉਸਦੇ ਸਿਰ 'ਤੇ ਮੁਕਟ ਹੈ, ਬਾਹਾਂ 'ਤੇ ਬਾਜੂਬੰਦ ਹਨ।

## ਚੌਦ੍ਹਾਂ

ਅੱਧੀ ਰਾਤ ਬੀਤ ਗਈ ਹੈ। ਤਰ੍ਹਾਂ-ਤਰ੍ਹਾਂ ਦੇ ਜੰਗਲੀ ਫੁੱਲ ਖਿੜਨ ਲੱਗੇ ਹਨ। ਉਨ੍ਹਾਂ ਦੀ ਖੁਸ਼ਬੂ ਹਵਾ 'ਚ ਤੈਰ ਕੇ ਆ ਰਹੀ ਹੈ। ਕੁਝ ਫੁੱਲ ਹਰੀ ਕਾਈ 'ਚ ਲਿਪਟੇ ਘੋਂਘਿਆਂ ਦੀ ਤਰ੍ਹਾਂ ਕੁਝ-ਕੁਝ ਚਿੱਟੇ ਅਤੇ ਲਾਲ ਪੰਖੜੀਆਂ ਦਿਖਾ ਰਹੇ ਹਨ। ਰੰਗ-ਬਿਰੰਗੀਆਂ ਪੰਖੜੀਆਂ ਵਾਲੇ ਫੁੱਲਾਂ ਨਾਲ ਭਰਿਆ ਘਾਹ ਦਾ ਮੈਦਾਨ ਸੋਹਣਾ ਦਿੱਸ ਰਿਹਾ ਹੈ।

'ਹੁਣ ਮੈਨੂੰ ਹੁਸ਼ਿਆਰ ਰਹਿਣਾ ਪਵੇਗਾ। ਜੰਗਲ 'ਚ ਹਿੰਸਕ ਜੀਵਾਂ ਦਾ ਸ਼ਿਕਾਰ ਦੇ ਲਈ ਨਿਕਲ ਪੈਣ ਦਾ ਵੇਲਾ ਹੋ ਗਿਆ ਏ। ਇਸ ਤੋਂ ਇਲਾਵਾ ਇਹ ਮਹੀਨਾ ਵੀ ਚੇਤ ਦਾ ਏ।'

'ਗਿੱਦੜ, ਭੇੜੀਏ ਬਗੈਰਾ ਦੇ ਲਈ ਗਰਮੀ ਦੇ ਦਿਨਾਂ 'ਚ ਬੱਚੇ ਪੈਦਾ ਕਰਨੇ ਹੁੰਦੇ ਨੇ। ਬੱਚੇ ਜੰਮਣ ਦੇ ਲਈ ਤਿਆਰ ਤੇ ਹੁਣੇ-ਹੁਣੇ ਸੂਈਆਂ ਗਿਦੜੀਆਂ ਆਪਣੀ-ਆਪਣੀ ਗੁਫ਼ਾ ਛੱਡ ਕੇ ਆਉਂਦੀਆਂ ਨਹੀਂ। ਆਪਣਾ ਢਿੱਡ ਭਰਨ ਤੋਂ ਇਲਾਵਾ ਆਪਣੀਆਂ ਘਰਵਾਲੀਆਂ ਦਾ ਢਿੱਡ ਭਰਨ ਦੀ ਵੀ ਜ਼ਿੰਮੇਵਾਰੀ ਆ ਪੈਣ 'ਤੇ ਗਿੱਦੜ ਇਸ ਰੁੱਤ 'ਚ ਦੁਗਣੇ ਖਾਣੇ ਦੀ ਭਾਲ 'ਚ ਰਹਿੰਦੇ ਨੇ। ਇਸ ਭਾਲ ਦੇ ਦੌਰਾਨ ਇਹ ਕੁਝ ਵੀ ਜ਼ਿਆਦਤੀ ਕਰ ਸਕਦੇ ਨੇ। ਜੀਵਾਂ 'ਤੇ ਸ਼ਾਸਨ ਵੇਲੇ-ਕੁਵੇਲੇ ਹੀ ਤਾਂ ਕਰਦੇ ਨੇ।' ਬੁੱਢੇ ਨੇ ਸੋਚਿਆ।

ਉਸਦੇ ਜ਼ਖ਼ਮਾਂ ਨਾਲ ਭਰੇ ਪੱਟ ਅਤੇ ਪੈਰਾਂ 'ਚ ਦਰਦ ਹੋ ਰਿਹਾ ਹੈ। ਜ਼ਖ਼ਮਾਂ 'ਤੇ ਖਰੀਂਡ ਬਣ ਜਾਣ ਨਾਲ ਜਿੱਥੇ ਲਹੂ ਦਾ ਵਗਣਾ ਬੰਦ ਹੋ ਗਿਆ, ਉੱਥੇ ਦਰਦ ਵਧ ਗਿਆ। ਟਾਹਣੀਆਂ 'ਤੇ ਇੱਧਰ-ਉੱਧਰ ਹਿਲਦਿਆਂ ਜੋ ਦਰਦ ਹੁੰਦਾ ਹੈ, ਉਸਨੂੰ ਸਹਿਣ ਕਰਨ ਦੇ ਲਈ ਉਹ ਬੁੱਲ੍ਹ ਘੁੱਟਦਾ ਰਿਹਾ। ਉਸਨੇ ਉਂਗਲਾਂ ਨਾਲ ਪੱਟਾਂ ਨੂੰ ਛੂ ਕੇ ਦੇਖ ਲਿਆ। ਜੰਮਿਆ ਹੋਇਆ ਲਹੂ ਉਸਦੇ ਹੱਥ ਦੀਆਂ ਉਂਗਲਾਂ 'ਚ ਲੱਗ ਗਿਆ। ਬੂ ਦਾ ਭਬੂਕਾ ਉੱਠਿਆ। ਉਸਨੇ ਆਪਣੇ ਲਹੂ ਨੂੰ ਕਦੇ ਸੁੰਘਿਆ ਨਹੀਂ ਹੈ। ਕਿਸੇ ਦੂਜੇ ਮਨੁੱਖ ਦੇ ਲਹੂ ਨੂੰ ਵੀ ਨਹੀਂ। ਪਰ ਅਣਗਿਣਤ ਪਸ਼ੂਆਂ ਦੇ ਲਹੂ ਨੂੰ ਉਹ ਸੁੰਘ ਚੁੱਕਿਆ ਹੈ। ਟਾਹਣੀਆਂ 'ਤੇ ਹੱਥ ਦਾ ਲਹੂ ਪੂੰਝਦਿਆਂ ਉਸਨੇ ਸੋਚਿਆ, 'ਆਦਮੀ ਦੇ ਲਹੂ 'ਚ ਤੇ ਪਸ਼ੂਆਂ ਦੇ ਲਹੂ 'ਚ ਕੋਈ ਫ਼ਰਕ ਨਹੀਂ ਏ। ਘੱਟੋ-ਘੱਟ ਅਜਿਹਾ ਕੋਈ ਫ਼ਰਕ ਨਹੀਂ ਏ ਜਿਸਨੂੰ ਪੰਜ-ਇੰਦਰੀਆਂ ਰਾਹੀਂ ਫੜਿਆ ਜਾ ਸਕੇ।'

ਢੱਕਣ ਦੇ ਹੇਠਾਂ ਜਿਸ ਤਰ੍ਹਾਂ ਪਾਣੀ ਉਬਲਦਾ ਹੈ, ਉਸੇ ਤਰ੍ਹਾਂ ਖਰੀਂਡਾਂ ਦੇ ਹੇਠਾਂ ਜ਼ਖ਼ਮਾਂ 'ਚ ਦਰਦ ਉੱਭਰ ਰਿਹਾ ਏ। 'ਇਹ ਖਰੀਂਡ ਏਨੀ ਛੇਤੀ ਨਹੀਂ ਬਣਦੇ ਤਾਂ ਚੰਗਾ ਹੁੰਦਾ, ਪਰ ਇਹ ਨਹੀਂ ਬਣਦੇ ਤਾਂ ਲਹੂ ਦਾ ਵਗਣਾ ਵੀ ਤਾਂ ਨਹੀਂ ਰੁਕਦਾ। ਹੁਣ ਤੱਕ ਮੈਂ ਬੇਹੋਸ਼ ਹੋ ਕੇ ਮਰ ਚੁੱਕਿਆ ਹੁੰਦਾ। ਰੱਬ ਨੇ ਸਭ



ਦੇ ਲਈ ਸਭ ਤਰ੍ਹਾਂ ਦਾ ਇੰਤਜ਼ਾਮ ਕਰ ਰੱਖਿਆ ਏ। ਉਹ ਕੁਝ ਲੋਕਾਂ ਨੂੰ ਦਰਦ ਦੇ ਰੂਪ ਵਿਚ ਵਰ ਦਿੰਦਾ ਏ।' ਉਸਨੇ ਸੋਚਿਆ।

'ਫੇਰ ਅੱਜ ਮੇਰੀ ਨੀਂਦ ਦਾ ਕੀ ਹੋਵੇਗਾ ?' ਉਸਨੇ ਆਪਣੇ-ਆਪ ਨੂੰ ਸੁਆਲ ਕੀਤਾ। 'ਅੱਜ ਸੌਣ ਦਾ ਖ਼ਿਆਲ ਹੀ ਬੇਅਰਥ ਏ। ਮੈਂ ਰਣਭੂਮੀ 'ਚ ਹਾਂ। ਵੈਰੀਆਂ ਦਾ ਮੁਕਾਬਲਾ ਕਰਨ ਦੇ ਲਈ ਮੈਨੂੰ ਹੁਸ਼ਿਆਰ ਰਹਿਣਾ ਪਵੇਗਾ।' ਸੋਚਦਿਆਂ ਉਸਨੇ ਹੱਥ ਪਸਾਰ ਕੇ ਨਾਲ ਦੀ ਟਾਹਣੀ 'ਤੇ ਰੱਖੇ ਭਾਲੇ ਨੂੰ ਹੱਥ 'ਚ ਲੈਣ ਦੀ ਕੋਸ਼ਿਸ਼ ਕੀਤੀ। ਇਸਦੇ ਲਈ ਹਿਲਦੇ ਹੀ ਪੱਟਾਂ 'ਚ ਅਜਿਹੀ ਪੀੜ ਹੋਈ ਜਿਵੇਂ ਛੁਰੇ ਨਾਲ ਉਹ ਚੀਰ ਦਿੱਤਾ ਹੋਵੇ। ਬੁੱਲ੍ਹ ਮੀਚਦੇ ਹੋਏ ਉਸਨੇ ਆਪਣੇ ਹੱਥ ਪਿੱਛੇ ਕੀਤੇ। 'ਸਾਰੇ ਸਰੀਰ 'ਚ ਏਨੇ ਜ਼ਖ਼ਮਾਂ ਦੇ ਹੁੰਦਿਆਂ ਮੈਨੂੰ ਨੀਂਦ ਆਏਗੀ ਵੀ ਤਾਂ ਕਿਵੇਂ ? ਘੱਟੋ-ਘੱਟ ਇੱਕ ਮਟਕੀ ਤਾੜੀ ਪੀਵਾਂ ਤਦ ਕਿਤੇ ਇਹ ਜ਼ਖ਼ਮ ਭੁੱਲ ਕੇ ਇੱਕ ਝਪਕੀ ਲੈ ਸਕਾਂਗਾ।' ਉਸਨੇ ਸੋਚਿਆ।

'ਇਸ ਜੰਗਲ 'ਚ ਸੌਣ ਨਹੀਂ ਆਇਆ ਹਾਂ। ਗਲ਼ ਤੱਕ ਤਾੜੀ ਪੀ ਕੇ ਤੇ ਪੈਰ ਪਸਾਰ ਕੇ ਘੁਰਾੜੇ ਹੀ ਮਾਰਨੇ ਹੁੰਦੇ ਤਾਂ ਫੇਰ ਝੁੱਗੀ 'ਚ ਨਾ ਪਿਆ ਰਹਿੰਦਾ ? ਏਥੇ ਮੈਂ ਸੂਰੀ ਦੀ ਪਹਿਰੇਦਾਰੀ ਕਰਨ ਆਇਆ ਹਾਂ। ਮੈਨੂੰ ਉਸਦੀ ਦੇਖ-ਭਾਲ ਕਰਨੀ ਹੋਵੇਗੀ। ਉਸਨੂੰ ਕਿਤੇ ਡੂੰਘੀ ਨੀਂਦ ਨਾ ਆ ਜਾਵੇ।' ਸੋਚਦੇ ਹੋਏ ਬੁੱਢੇ ਨੇ ਉਸ ਝਾੜੀ ਦੇ ਅੰਦਰ ਝਾਕ ਕੇ ਦੇਖਿਆ।

ਸੂਰੀ ਥੂਥਣ ਫੈਲਾਈ ਮੂੰਹ ਨੂੰ ਭੁੰਜੇ ਸੁੱਟੀ ਅੱਖਾਂ ਬੰਦ ਕਰਕੇ ਪਈ ਹੈ। ਕੁਝ ਬੱਚੇ ਦੁੱਧ ਪੀ ਰਹੇ ਹਨ। ਬਾਕੀ ਉਸਦੇ ਪੈਰ ਦੇ ਵਿਚਕਾਰ ਤੁਰ-ਫਿਰ ਰਹੇ ਹਨ। ਸੰਸਾਰ ਭਰ ਦੀ ਤਸੱਲੀ ਸੂਰੀ ਦੇ ਚਿਹਰੇ 'ਤੇ ਫੈਲੀ ਹੈ। 'ਮਨ 'ਚ ਸਾਉਣ ਦੀ ਹਵਾ ਵਾਂਗੂ ਖੁਸ਼ੀ ਲਹਿਰਾ ਰਹੀ ਹੋਵੇ ਤਾਂ ਉਸਨੂੰ ਨੀਂਦ ਆਏਗੀ ਵੀ ਕਿਵੇਂ ? ਰੱਬ ਕਰੇ ਮੇਰੀ ਖੁਸ਼ੀ ਤੇ ਇਸਦੀ ਖੁਸ਼ੀ 'ਚ ਕੋਈ ਖਲਲ ਨਾ ਪਵੇ।' ਉਸਨੇ ਸੋਚਿਆ।

ਰਾਤ ਨੂੰ ਜਾਗਣਾ ਉਸਦੇ ਲਈ ਕੋਈ ਨਵੀਂ ਗੱਲ ਨਹੀਂ ਹੈ। ਭੀਮ ਸੰਬੰਧੀ ਨਾਟਕ ਜਦ ਕਿਤੇ ਖੇਡੇ ਜਾਂਦੇ ਹਨ, ਤਦ ਸਾਰੀ ਰਾਤ ਜਾਗ ਕੇ ਉਹ ਦੇਖਦਾ ਹੈ। ਉਹ ਨਾਟਕ ਕਿੰਨੀ ਵੀ ਦੂਰ ਦੇ ਪਿੰਡਾਂ 'ਚ ਖੇਡੇ ਜਾ ਰਹੇ ਹੋਣ, ਉਹ ਦੇਖ ਕੇ ਆਉਂਦਾ ਹੈ। ਵੱਖ-ਵੱਖ ਪ੍ਰਸੰਗਾਂ 'ਚ ਭੀਮ ਰਾਹੀਂ ਗਾਏ ਜਾਣ ਵਾਲੇ ਗੀਤ ਉਸਨੂੰ ਜ਼ੁਬਾਨੀ ਯਾਦ ਹਨ। ਹੋਰ ਵੀ ਬਹੁਤ ਸਾਰੇ ਅਜਿਹੇ ਵਿਸ਼ੇ ਹਨ ਜਿਨ੍ਹਾਂ ਨਾਲ ਉਸਦਾ ਮੇਲ-ਜੋਲ ਹੋ ਜਾਂਦਾ ਹੈ। ਆਕਾਸ਼ 'ਚ ਹੌਲੀ-ਹੌਲੀ ਤੈਰਦੇ ਕਾਲੇ ਬੱਦਲ, ਤੇਜ਼ ਗਰਜਣਾਂ ਦੇ ਨਾਲ ਚਮਕ ਕੇ ਵੱਡੀਆਂ-ਵੱਡੀਆਂ ਚੱਟਾਨਾਂ ਨੂੰ ਚੀਰਦੀਆਂ ਬਿਜਲੀਆਂ, ਦ੍ਰਿੜ ਅਤੇ ਭੇਤ ਭਰੇ ਭਾਵ ਨਾਲ ਖੜ੍ਹੇ ਪਹਾੜ-ਸਭ ਨੂੰ ਦੇਖ ਕੇ ਉਹ ਇਹੀ ਸਮਝਦਾ ਹੈ ਕਿ ਇਹ ਤਾਂ ਪਿੱਤਰਾਂ ਦੇ ਵਾਂਗ ਉਸਨੂੰ ਅਸੀਸ ਦੇ ਰਹੇ ਹਨ ਅਤੇ ਉਸਨੂੰ ਨਿਹਾਰ ਰਹੇ ਹਨ। ਉਹ ਜਿਸ ਜੀਵ 'ਚ ਖੋ ਜਾਂਦਾ ਹੈ, ਉਹ ਹੈ ਸੂਰੀ। ਉਸਦੀ ਤਾਕਤਵਰ ਦੇਹ ਦੀ ਲਾਠੀ ਨੂੰ, ਵੈਰੀ 'ਤੇ ਧਾਵਾ ਬੋਲਦਿਆਂ ਉਸਦੀ ਭਿਆਨਕਤਾ ਤੇ ਜੋਸ਼ ਨੂੰ ਉਹ ਕਦੇ ਮਾਣ ਨਾਲ ਅਤੇ ਕਦੇ ਮਮਤਾ ਭਾਵ ਨਾਲ ਦੇਖਦਾ ਰਹਿੰਦਾ ਹੈ।

ਠੰਢੀ ਚਾਨਣੀ ਦਾ ਫੁੱਲ ਆਪਣੀ ਖੁਸ਼ਬੂ ਅਤੇ ਸੁੰਦਰਤਾ ਖਿੰਡਾ ਰਹੇ ਹਨ। 'ਅੱਧੀ ਰਾਤ ਲੰਘ ਚੱਲੀ ਏ। ਦੁਸ਼ਮਣ ਸੱਚਮੁੱਚ ਆਉਣਗੇ ?' ਉਸਨੇ ਆਪਣੇ-ਆਪ ਨੂੰ ਸੁਆਲ ਕੀਤਾ। 'ਇਸ ਜੰਗਲ 'ਚ ਬੇਅੰਤ ਗੁਫ਼ਾਵਾਂ ਨੇ, ਝਾੜੀਆਂ ਨੇ। ਉਨ੍ਹਾਂ 'ਚ ਗਿੱਦੜ, ਭੇੜੀਏ ਤੇ ਚੀਤੇ ਨੇ। ਜਦ ਇਨ੍ਹਾਂ 'ਚ ਲਹੂ ਦੀ ਪਿਆਸ ਜਾਗਦੀ ਏ, ਉਦੋਂ ਇਹ ਆਪਣੇ ਤੇਜ਼ ਦੰਦ ਤੇ ਮਜ਼ਬੂਤ ਪੰਜਿਆਂ ਦੇ ਨਾਲ ਨਿਕਲ ਪੈਂਦੇ ਨੇ। ਕਮਜ਼ੋਰਾਂ ਤੇ ਬੇਵਸਾਂ ਦਾ ਸ਼ਿਕਾਰ ਕਰਕੇ ਉਨ੍ਹਾਂ ਨੂੰ ਪਾੜ ਦਿੰਦੇ ਨੇ। ਉਸ ਲਹੂ ਤੇ ਮਾਸ ਨਾਲ ਆਪਣੇ ਬਾਲ-ਬੱਚਿਆਂ ਦਾ ਢਿੱਡ ਭਰਦੇ ਨੇ।' ਉਸਨੇ ਸੋਚਿਆ।

ਤੋਤੀ ਉਸੇ ਝਾੜੀ 'ਤੇ ਬੈਠ ਕੇ ਚੀਕੀ ਜਾ ਰਿਹਾ ਏ। 'ਇਉਂ ਚੀਕਦੇ ਹੋਏ ਇਹ ਤਾਂ ਅੱਕਦਾ ਨਹੀਂ ਹੋਵੇਗਾ। ਪਰ ਸੁਣ-ਸੁਣ ਕੇ ਮੈਂ ਅੱਕ ਗਿਆ ਹਾਂ।' ਸੋਚਦੇ ਹੋਏ ਬੁੱਢੇ ਨੇ ਮੂੰਹ ਫੇਰ ਲਿਆ।

ਇਉਂ ਉਸਨੇ ਮੂੰਹ ਫੇਰਿਆ ਤਾਂ ਪਥਰੀਲੀ ਘਾਟੀ 'ਚ ਉਸਨੂੰ ਇੱਕ ਗਿੱਦੜ ਦਿੱਸ ਪਿਆ।

"ਹਾਂ, ਗਿੱਦੜ! ਦੁਸ਼ਟ ਸਾਲਾ ਆ ਗਿਆ।" ਬੁੱਢੇ ਨੇ ਗਾਲ੍ਹ ਕੱਢੀ।

ਘਾਟੀ 'ਚ ਦੋ ਪੱਥਰਾਂ ਦੇ ਵਿਚਕਾਰ ਗਿੱਦੜ ਖੜ੍ਹਾ ਹੈ। ਥੂਥਣ ਉੱਪਰ ਚੁੱਕੀ ਹਵਾ 'ਚ ਸੁੰਘ ਰਿਹਾ ਹੈ। ਕੁਝ ਦੇਰ ਸੁੰਘਣ ਦੇ ਬਾਅਦ ਉਹ ਇਉਂ ਚੱਲ ਪਿਆ ਜਿਵੇਂ ਕਿਸੇ ਨਿਸ਼ਚੇ 'ਤੇ ਪਹੁੰਚ ਗਿਆ ਹੋਵੇ। ਘਾਟੀ ਦੇ ਵਿਚਕਾਰ ਵਗਦੇ ਝਰਨੇ ਨੂੰ ਛਾਲ ਮਾਰ ਕੇ ਉਸਨੇ ਪਾਰ ਕੀਤਾ। ਜਦ ਘਾਟੀ ਦੇ ਉੱਪਰ ਚੜ੍ਹ ਰਿਹਾ ਸੀ, ਤਦ ਥੋੜ੍ਹੀ ਦੇਰ ਬਾਅਦ ਉਹ ਬੁੱਢੇ ਦੀ ਨਜ਼ਰ ਤੋਂ ਓਹਲੇ ਰਿਹਾ। ਕਿਨਾਰੇ 'ਤੇ ਚੜ੍ਹਨ ਬਾਅਦ ਉਹ ਫੇਰ ਤੋਂ ਹਵਾ 'ਚ ਸੁੰਘ ਕੇ, ਹੌਲੀ-ਹੌਲੀ ਕਦਮ ਰੱਖਦਿਆਂ ਕਰੌਂਦੇ ਦੀ ਝਾੜੀ ਦੇ ਵੱਲ ਤੁਰਨ ਲੱਗਿਆ।

'ਫਿਟੇ ਮੂੰਹ ਕਮੀਨਿਆ! ਲਾਲਚੀ ਸਾਲਿਆ! ਇਉਂ ਆ ਰਿਹਾ ਏਂ ਜਿਵੇਂ ਏਥੇ ਤੇਰਾ ਕੋਈ ਖਜ਼ਾਨਾ ਗੱਡਿਆ ਹੋਵੇ।' ਉਸਨੇ ਮਨ 'ਚ ਕਿਹਾ। ਉਹ ਗਿੱਦੜ ਦੀਆਂ ਸਾਰੀਆਂ ਹਰਕਤਾਂ 'ਤੇ ਨਜ਼ਰ ਰੱਖ ਰਿਹਾ। 'ਹੁਸ਼ਿਆਰੀ 'ਚ ਗਿੱਦੜ ਤੋਂ ਵਧ ਕੇ ਕੋਈ ਨਹੀਂ ਏ। ਹਵਾ ਨੂੰ ਸੁੰਘ ਕੇ ਪਤਾ ਲਾ ਸਕਦਾ ਏ ਕਿ ਸੌ ਮੀਲ ਦੂਰ ਕੀ ਹੋ ਰਿਹਾ ਏ। ਚਾਲ ਚੱਲਣ 'ਚ ਵੀ ਉਸਨੂੰ ਮਾਤ ਦੇਣ ਵਾਲਾ ਕੋਈ ਨਹੀਂ ਏ।' ਉਸਨੇ ਸੋਚਿਆ।

ਗਿੱਦੜ ਦੀਆਂ ਚਾਲਾਂ ਦੇ ਬਾਰੇ 'ਚ ਉਹ ਚੰਗੀ ਤਰ੍ਹਾਂ ਜਾਣਦਾ ਹੈ। ਕੇਕੜੇ ਦੀ ਖੁੱਡ 'ਚ ਉਸਦਾ ਪੂਛ ਘੁਮਾਉਣਾ, ਪੂਛ ਘੁਮਾ-ਘੁਮਾ ਕੇ ਕੇਕੜੇ ਨੂੰ ਬਾਹਰ ਕੱਢਣ ਦਾ ਉਸਦਾ ਤਰੀਕਾ, ਖੇਤ 'ਤੇ ਪਹਿਰਾ ਦਿੰਦੇ ਕਿਸਾਨਾਂ ਦੀ ਅੱਖ 'ਚ ਧੂੜ ਝੋਕ ਕੇ ਗੰਨੇ ਅਤੇ ਮੂੰਗਫਲੀ ਗਾਇਬ ਕਰ ਦੇਣ ਦੀ ਉਸਦੀ ਤਰਕੀਬ, ਲੋੜ ਪੈਣ 'ਤੇ ਆਪਣੇ ਸਰੀਰ ਨੂੰ ਗੋਲ ਪੱਥਰ ਦੇ ਵਾਂਗ ਬਣਾ ਕੇ ਹਲ਼ ਦੀ ਲਕੀਰ 'ਚ ਲੁਕਣ ਦਾ ਉਸਦਾ ਢੰਗ-ਬੁੱਢੇ ਨੂੰ ਸਭ ਚੰਗੀ ਤਰ੍ਹਾਂ ਪਤਾ ਹੈ।

'ਬ੍ਰਹਮਾ ਨੇ ਇਸਦੇ ਮੱਥੇ 'ਤੇ ਇਹੀ ਲਿਖਿਆ ਏ ਕਿ ਚਲਾਕੀ ਦੇ ਨਾਲ ਖਾਂਦੇ ਰਹੋ।' ਉਸਨੇ ਸੋਚਿਆ।

ਗਿੱਦੜ ਫੁੱਲਾਂ ਦੇ ਬੂਟੇ ਦੇ ਵਿਚਾਲੇ ਤੁਰਦਿਆਂ ਉਸੇ ਝਾੜੀ ਦੇ ਵੱਲ ਜਾ ਰਿਹਾ ਹੈ। ਜਿਉਂ-ਜਿਉਂ ਝਾੜੀ ਦੇ ਕੋਲ ਆ ਰਿਹਾ ਹੈ ਤਿਉਂ-ਤਿਉਂ ਉਹ ਆਪਣੀ ਰਫ਼ਤਾਰ ਹੌਲੀ ਕਰ ਰਿਹਾ ਹੈ।

'ਆ ਜਾ ਲੋਭੀਆ, ਲੁੱਚਿਆ! ਇਹ ਪਤਾ ਨਹੀਂ ਤੂੰ ਕਿੱਥੇ ਜੰਮਿਆ ਸੀ ਤੇ ਕਿੱਥੇ ਪਲਿਆ ਸੀ ਪਰ ਤੇਰੀ ਮੌਤ ਇਸੇ ਦੇ ਕੋਲ ਲਿਖੀ ਹੋਈ ਏ,' ਇਹ ਸੋਚਦਿਆਂ ਬੁੱਢੇ ਨੇ ਭਾਲਾ ਸੱਜੇ ਹੱਥ ਨਾਲ ਫੜ ਲਿਆ। ਗਿੱਦੜ ਆਪਣੀਆਂ ਅੱਖਾਂ ਨੂੰ ਝਾੜੀ 'ਤੇ ਟਿਕਾ ਕੇ ਜ਼ਰਾ ਵੀ ਖੜਕਾ ਨਾ ਕਰਦਿਆਂ ਕੋਲ ਪਹੁੰਚ ਗਿਆ ਹੈ। ਸਰੀਰ ਨੂੰ ਕਮਾਨ ਵਾਂਗੂ ਝੁਕਾ ਕੇ ਅਤੇ ਸਭ ਮਾਸਪੇਸ਼ੀਆਂ ਨੂੰ ਕਸ ਕੇ ਉਹ ਝਾੜੀ 'ਚ ਛਾਲ ਮਾਰਨ ਦੇ ਲਈ ਤਿਆਰ ਹੋ ਰਿਹਾ ਹੈ। 'ਰੱਬ ਦਾ ਨਾਂ ਲੈ ਉਇ ਲੋਭੀ-ਲਫੰਗਿਆ।' ਮਨ 'ਚ ਆਖਦਿਆਂ ਬੁੱਢਾ ਭਾਲਾ ਉੱਪਰ ਚੁੱਕ ਕੇ ਉਸਦੀ ਛਾਤੀ ਦਾ ਨਿਸ਼ਾਨਾ ਲਾਉਂਦਿਆਂ ਸੁੱਟਣ ਹੀ ਵਾਲਾ ਸੀ ਕਿ ਸੂਰੀ ਝਾੜੀ 'ਚੋਂ ਅਚਾਨਕ ਬਿਜਲੀ ਦੇ ਵਾਂਗ ਚਮਕੀ। ਛਾਲ ਮਾਰ ਕੇ ਸਿੱਧੀ ਗਿੱਦੜ ਦੀ ਪਿੱਠ 'ਤੇ ਆ ਡਿੱਗੀ। ਡਿੱਗਣ ਦੇ ਤੁਰੰਤ ਬਾਅਦ ਉਸਨੇ ਆਪਣੇ ਦੰਦ ਗਿੱਦੜ ਦੇ ਅਗਲੇ ਪੈਰਾਂ 'ਚ ਗੱਡ ਦਿੱਤੇ। ਗਿੱਦੜ ਗੋਡੇ ਮੋੜ ਕੇ ਜ਼ਮੀਨ 'ਤੇ ਢੇਰ ਹੋ ਗਿਆ। ਸੂਰੀ ਨੇ ਆਪਣੇ ਭਿਆਨਕ ਦੰਦ ਉਸਦੀ ਧੌਣ 'ਚ ਖੋਭ ਕੇ ਉਸਦਾ ਗਲ਼ਾ ਵੱਢ ਦਿੱਤਾ। ਗਲ਼ 'ਚੋਂ ਲਹੂ ਚਾਰੇ ਪਾਸੇ ਨਿਕਲਿਆ ਤਾਂ ਗਿੱਦੜ ਘਾਹ 'ਤੇ ਲਿਟਣ ਲੱਗਿਆ। ਉਸਦਾ ਜੋ ਵੀ ਅੰਗ ਮਿਲਦਾ, ਉਸਨੂੰ ਦੰਦਾਂ ਨਾਲ ਚੀਰਦਿਆਂ ਆਪਣੀ ਬਹਾਦਰੀ ਦਿਖਾਉਂਦੀ ਰਹੀ।

ਪਲਾਸ 'ਤੇ ਬੈਠੇ ਬੁੱਢੇ ਨੇ ਲਲਕਾਰਿਆ, "ਸ਼ਾਬਾਸ਼ ਬੇਟੇ! ਸ਼ਾਬਾਸ਼!..." ਅਤੇ ਠਹਾਕੇ ਮਾਰ ਕੇ



ਹੱਸਣ ਲੱਗਿਆ।

ਸੂਰੀ ਮਰ ਕੇ ਡਿਗੇ ਹੋਏ ਗਿੱਦੜ ਦੇ ਚਾਰੇ ਪਾਸੇ ਗੁਰਰਾਉਂਦੇ ਹੋਏ ਕੁਝ ਦੇਰ ਦੇਖਦੀ ਰਹੀ। ਉਸਦੇ ਸਿਰ ਦੇ ਕੋਲ ਰੁਕ ਕੇ ਆਪਣੇ ਮੂੰਹ 'ਚ ਲੱਗੇ ਲਹੂ ਨੂੰ ਜੀਭ ਨਾਲ ਚੱਟਦਿਆਂ ਉਹ ਖੜ੍ਹੀ ਰਹੀ। ਗਿੱਦੜ ਸ਼ਾਇਦ ਹਿੱਲੇ, ਇਹ ਸੋਚ ਕੇ ਕੁਝ ਦੇਰ ਅੱਖਾਂ ਗੜਾਏ, ਕਰੂਰਤਾ ਨਾਲ ਦੇਖਣ ਬਾਅਦ ਉਹ ਪਿੱਛੇ ਮੁੜ ਕੇ ਆਪਣੀ ਝਾੜੀ ਦੇ ਅੰਦਰ ਚਲੀ ਗਈ।

ਬਿਰਖ਼ 'ਤੇ ਬੁੱਢਾ ਹਾਲੇ ਵੀ ਹੱਸ ਹੀ ਰਿਹਾ ਹੈ। ਹਾਸੀ ਰੋਕਣ ਦੀ ਲੋੜ ਉਸਨੂੰ ਨਹੀਂ ਹੈ। ਉਹ ਸੁੱਖ-ਦੁੱਖ ਤੋਂ ਪਰ੍ਹੇ ਨਹੀਂ ਹੈ। ਹਾਰ 'ਤੇ ਦੁਖੀ ਹੋਏ ਬਗ਼ੈਰ ਰਹਿਣਾ ਜਾਂ ਜਿੱਤ 'ਤੇ ਖ਼ੁਸ਼ ਹੋਏ ਬਿਨਾਂ ਰਹਿਣਾ ਉਸ ਤੋਂ ਨਹੀਂ ਹੁੰਦਾ। ਉਹ ਇਹ ਵੀ ਨਹੀਂ ਮੰਨਦਾ ਕਿ ਜਿੰਨਾ ਹੱਸੋਗੇ ਉੱਨਾ ਹੀ ਨੁਕਸਾਨ ਹੋਵੇਗਾ। ਇਹ ਯਾਦ ਦਵਾਉਣ ਦੇ ਲਈ ਕਿ ਖ਼ੁਸ਼ੀ ਛਿਣ ਭੰਗਰ ਹੈ ਜਾਂ ਈਰਖਾ ਨਾਲ ਮੂੰਹ ਬਿਗਾੜਨ ਦੇ ਲਈ, ਇਸ ਜੰਗਲ 'ਚ ਹੋਰ ਕੋਈ ਬੰਦਾ ਨਹੀਂ ਹੈ। ਇਸਤੋਂ ਇਲਾਵਾ ਉਹ ਅਜਿਹੀ ਸਥਿਤੀ 'ਚ ਨਹੀਂ ਹੈ ਕਿ ਇਨ੍ਹਾਂ ਸ਼ਗੁਨਾਂ ਅਤੇ ਸ਼ਸਤਰਾਂ ਨੂੰ ਜਾਂ ਅੱਗੇ ਪਿੱਛੇ ਦੀਆਂ ਗੱਲਾਂ ਨੂੰ ਲੈ ਕੇ ਦਿਮਾਗ ਖਪਾ ਸਕੇ।

ਪੱਟਾਂ ਦੇ ਜ਼ਖ਼ਮਾਂ ਤੋਂ ਜ਼ਿਆਦਾ ਢਿੱਡ ਦੀਆਂ ਮਾਸਪੇਸ਼ੀਆਂ 'ਚ ਦਰਦ ਹੋਣ ਤੱਕ ਉਹ ਹੱਸਦਾ ਰਿਹਾ। ਹਾਸੀ 'ਤੇ ਕਾਬੂ ਪਾਉਂਦੇ ਹੋਏ ਉਸਨੇ ਭਾਲਾ ਨਾਲ ਦੀ ਟਾਹਣੀ 'ਤੇ ਰੱਖ ਦਿੱਤਾ।

ਤਲਾਅ 'ਚ ਪਾਣੀ ਘੱਟ ਹੋਣ ਬਾਅਦ ਜਿਵੇਂ ਤਲ ਦੇ ਪੱਥਰ ਨਜ਼ਰ ਆਉਣ ਲੱਗਦੇ ਹਨ, ਉਵੇਂ ਹੀ ਬੁੱਢੇ ਦੇ ਠਹਾਕਿਆਂ ਦੇ ਰੁਕਣ ਦੇ ਬਾਅਦ ਤੋਟੀ ਦੀਆਂ ਆਵਾਜ਼ਾਂ ਸੁਣਨ ਲੱਗੀਆਂ।

'ਕਿੱਥੇ ਹੈਂ ਓ ਤੋਟੀਆ!' ਮਨ 'ਚ ਕਹਿੰਦੇ ਹੋਏ ਬੁੱਢੇ ਨੇ ਚਾਰੇ ਪਾਸੇ ਦੇਖਿਆ। ਜਿੱਥੇ ਤੱਕ ਹੋ ਸਕੇ ਉਸਦੀ ਨਜ਼ਰ ਗਈ, ਉੱਥੋਂ ਤੱਕ ਕਿਤੇ ਵੀ ਉਹ ਨਹੀਂ ਦਿੱਸਿਆ ਪਰ ਉਸਦਾ ਚੀਕ-ਚਿਹਾੜਾ ਤਾਂ ਪਹਿਲਾਂ ਵਾਂਗ ਹੀ ਸੁਣਾਈ ਦੇ ਰਿਹਾ ਸੀ।

'ਸੂਰੀ ਨੇ ਜੋ ਭਿਆਨਕ ਕਾਂਡ ਕੀਤਾ, ਉਸਨੂੰ ਦੇਖ ਕੇ ਤੋਟੀ ਡਰ ਦੇ ਮਾਰੇ ਕਿਤੇ ਲੁਕ ਗਿਆ ਹੋਵੇਗਾ। ਕਿੰਨਾ ਵੀ ਡਰੇ ਜਾਂ ਇਸਦੀ ਜ਼ਬਾਨ ਨੂੰ ਵੱਢ ਕੇ ਸੁੱਟ ਹੀ ਕਿਉਂ ਨਾ ਦਿੱਤਾ ਜਾਵੇ, ਇਹ ਚੀਕਣਾ ਬੰਦ ਕਰੇਗਾ ਨਹੀਂ। ਸੂਰੀ ਨੂੰ ਲੈ ਕੇ ਮੇਰੇ ਜੰਗਲ ਛੱਡ ਕੇ ਜਾਣ ਤੱਕ ਇਹ ਚੀਕਦਾ ਹੀ ਰਹੇਗਾ। ਇਹ ਜਾਤ ਹੀ ਅਜਿਹੀ ਏ।' ਬੁੱਢੇ ਨੇ ਸੋਚਿਆ।

ਝਾੜੀ ਦੇ ਕੋਲ ਗਿੱਦੜ ਦੀ ਲਾਸ਼ ਪਈ ਹੈ। ਆਂਦਰਾਂ ਬਾਹਰ ਆ ਕੇ ਹਰੀ ਘਾਹ 'ਤੇ ਖਿੰਡੀਆਂ ਹਨ। ਕੱਟੇ ਗਲ਼ 'ਚੋਂ ਨਿਕਲੇ ਲਹੂ ਦੀ ਝੱਗ ਦਿਖਾਈ ਦੇ ਰਹੀ ਹੈ, ਜਿਸਦੇ ਬੁਲਬੁਲੇ ਹਵਾ ਨਾਲ ਇੱਕ-ਇੱਕ ਕਰਕੇ ਫੁੱਟ ਰਹੇ ਹਨ।

ਏਨਾ ਭਿਆਨਕ ਕਾਂਡ ਜਿਸਨੇ ਕੀਤਾ ਸੀ, ਉਹ ਸੂਰੀ ਝਾੜੀ 'ਚ ਸ਼ਾਂਤੀ ਨਾਲ ਪਈ ਹੈ। ਬੱਚੇ ਉਸਦੇ ਸਰੀਰ ਨੂੰ ਮਿੱਧ-ਮਧੋਲ ਰਹੇ ਹਨ ਅਤੇ ਛਾਤੀਆਂ ਚੁੰਘ ਰਹੇ ਹਨ ਤਾਂ ਉਹ ਮੂੰਹ ਜ਼ਮੀਨ 'ਤੇ ਸੁੱਟੀ ਅੱਧ-ਖੁੱਲ੍ਹੀਆਂ ਅੱਖਾਂ ਨਾਲ ਪਈ ਹੈ। ਵਿਚ-ਵਿਚ ਜੀਭ ਨਾਲ ਮੂੰਹ ਚੱਟ ਰਹੀ ਹੈ। 'ਦੇਖਣ 'ਚ ਇਹ ਸ਼ਾਂਤ ਭਾਵ ਨਾਲ ਪਈ ਏ ਪਰ ਇਸ ਦੀ ਛਾਤੀ 'ਚ ਗੁੱਸਾ ਉਬਲ ਰਿਹਾ ਏ। ਰਾਖਸ਼ ਨੂੰ ਮਾਰਨ ਬਾਅਦ ਨਰਸਿੰਘ ਦੀ ਤਰ੍ਹਾਂ ਅੰਦਰੇ-ਅੰਦਰ ਸੁਲਗ ਰਹੀ ਏ। ਪਰ ਇਹ ਆਪਣੇ ਮਨ ਦੇ ਗੁੱਸੇ ਨੂੰ ਜਾਂ ਕਿਸੇ ਵੀ ਵਿਕਾਰ ਨੂੰ ਜ਼ਾਹਿਰ ਨਹੀਂ ਹੋਣ ਦਿੰਦੀ। ਸਮੁੰਦਰ ਵਾਂਗੂ, ਧਰਤੀ ਵਾਂਗੂ, ਪਰਬਤ ਵਾਂਗੂ ਅਤੇ ਬੱਦਲ ਵਾਂਗੂ ਇਹ ਗੰਭੀਰ ਹੈ। ਇਹ ਗੰਭੀਰਤਾ ਹੀ ਉਸਦੀ ਸ਼ੋਭਾ ਏ, ਇਸ ਦੀ ਵਿਸ਼ੇਸ਼ ਅਦਾ ਏ।' ਬੁੱਢੇ ਨੇ ਸੋਚਿਆ।

ਸੂਰੀ ਦਾ ਢਿੱਡ ਹੌਲੀ-ਹੌਲੀ ਕੰਬ ਰਿਹਾ ਹੈ। ਬੁੱਢੇ ਨੂੰ ਲੱਗਿਆ ਕਿ ਉਸ ਦੀਆਂ ਅੱਖਾਂ 'ਚ ਪਾਣੀ ਹੈ। ਚਿਹਰੇ 'ਤੇ ਦੀਨਤਾ ਦੀ ਝਲਕ ਹੈ। 'ਆਪਣੇ ਹਿੰਸਾ ਕਾਂਡ ਨੂੰ ਯਾਦ ਕਰਕੇ ਸ਼ਾਇਦ ਪਛਤਾ ਰਹੀ

ਏ ਪਰ ਉਸਨੇ ਜੋ ਕੀਤਾ ਏ ਉਹ ਹੱਤਿਆ ਨਹੀਂ, ਹਵਨ ਸੀ।' ਉਸਨੇ ਸੋਚਿਆ।

ਸੂਰੀ ਨੇ ਆਪਣੇ ਕੰਨ ਫੜਫੜਾਏ।

'ਕੇਕੜੇ ਖਾ ਕੇ ਜਿਉਣ ਵਾਲਾ ਲਾਲਚੀ ਬਦਮਾਸ਼ ਤੈਨੂੰ ਲੁੱਟਣ ਆਏ ਤਾਂ ਤੂੰ ਚੁੱਪ ਰਹੇਂਗੀ ? ਤੂੰ ਉਸਦਾ ਗਲ਼ ਨਹੀਂ ਕੱਟਦੀ, ਅੰਤੜੀਆਂ ਬਾਹਰ ਨਹੀਂ ਕੱਢਦੀ ਤਾਂ ਮੈਂ ਆਪਣਾ ਗਲ਼ ਘੁੱਟ ਕੇ ਮਰ ਜਾਂਦਾ। ਉਸ ਤੋਂ ਹਾਰ ਜਾਂਦੀ ਤਾਂ ਉਹ ਭੀਮ, ਉਹ ਬੱਦਲ, ਉਹ ਪਹਾੜ ਤੇ ਉਹ ਬਿਜਲੀਆਂ ਸਭ ਸ਼ਰਮ ਨਾਲ ਗੱਡੇ ਜਾਂਦੇ।' ਉਸਨੇ ਮਨ 'ਚ ਕਿਹਾ।

ਬਾਰੂਦ ਲੱਗੀ ਨਿੱਕੀ ਜਿਹੀ ਰੱਸੀ ਨੂੰ ਅੱਗ ਲਾਉਣ ਨਾਲ ਚੱਟਾਨਾਂ ਜਿਵੇਂ ਬੁੜਕਦੀਆਂ ਹਨ, ਉਵੇਂ ਝਾੜੀ 'ਚੋਂ ਸੂਰੀ ਦਾ ਬੁੜਕਣਾ, ਗਿੱਦੜ ਦੇ ਉੱਪਰ ਕੁੱਦਣਾ, ਧਰਤੀ ਨੂੰ ਚੀਰਨ ਵਾਲੀ ਬਿਜਲੀ ਵਾਂਗੂ ਆਪਣੇ ਤੇਜ਼ ਦੰਦਾਂ ਨਾਲ ਗਿੱਦੜ ਨੂੰ ਚੀਰਨਾ, ਇਸ ਸਭ ਕਾਸੇ ਨੂੰ ਉਹ ਦੁਹਰਾਉਣ ਲੱਗਿਆ।

ਪ੍ਰਸ਼ੰਸਾ ਦੀ ਨਜ਼ਰ ਨਾਲ ਸੂਰੀ ਦੇ ਵੱਲ ਦੇਖਦਿਆਂ ਉਸਨੇ ਮਨ 'ਚ ਕਿਹਾ, 'ਤੈਨੂੰ ਕੋਈ ਇਨਾਮ ਦੇਣ ਨੂੰ ਜੀਅ ਕਰਦਾ ਹੈ। ਮੰਗ ਕੀ ਮੰਗਦੀ ਏਂ।' ਸੂਰੀ ਚੁੱਪ-ਚਾਪ ਪੈ ਕੇ ਪੂਛ ਜ਼ਮੀਨ 'ਤੇ ਮਾਰ ਰਹੀ ਹੈ। 'ਉਂਜ ਤੈਨੂੰ ਘਾਟ ਕਿਸ ਗੱਲ ਦੀ ਏ ? ਚੰਦ ਵਰਗੇ ਦਸ ਬੱਚੇ ਮਿਲੇ ਨੇ। ਅਜਿਹਾ ਭਰਪੂਰ ਵਰਦਾਨ ਸਾਰੀ ਧਰਤੀ 'ਤੇ ਕਿਸੇ ਨੂੰ ਵੀ ਨਹੀਂ ਮਿਲਿਆ ਏ।' ਮਨ 'ਚ ਉਸਨੇ ਕਿਹਾ।

ਸੂਰੀ ਤੋਂ ਉਸਨੇ ਆਪਣੀ ਨਜ਼ਰ ਨਹੀਂ ਹਟਾਈ। 'ਤੇਰੇ 'ਚ ਲੀਨ ਹੋਣ ਦਾ ਮਨ ਕਰ ਰਿਹਾ ਏ। ਤੇਰੇ ਕੋਲ ਆ ਕੇ ਬੈਠਣ ਤੇ ਤੇਰੇ ਸਰੀਰ 'ਤੇ ਹੱਥ ਫੇਰਨ ਨੂੰ ਜੀਅ ਕਰ ਰਿਹਾ ਏ ਪਰ ਤੂੰ ਮੈਨੂੰ ਕੋਲ ਆਉਣ ਨਹੀਂ ਦੇਵੇਂਗੀ। ਤੂੰ ਮੂਰਖ ਏਂ। ਆਪਣੇ-ਪਰਾਏ 'ਚ ਫ਼ਰਕ ਨਾ ਕਰਨ ਵਾਲੀ। ਪਰ ਤੂੰ ਬਹਾਦਰ ਏਂ। ਤੂੰ ਬਿਜਲੀ ਦੀ ਵਾਂਗੂ ਉਛਲ ਸਕਦੀ ਏਂ। ਬਿਜਲੀ ਵਾਂਗੂ ਚੀਰ ਸਕਦੀ ਏਂ।' ਉਸਨੇ ਮਨ 'ਚ ਕਿਹਾ।

ਇੱਕ ਲੰਬਾ ਸਾਹ ਲੈਣ ਦੇ ਬਾਅਦ, 'ਤੈਨੂੰ ਕਿਸੇ ਕਿਸਮ ਦਾ ਤੋਹਫ਼ਾ ਨਹੀਂ ਦੇ ਸਕਿਆ, ਤੇਰੇ 'ਤੇ ਹੱਥ ਫੇਰ ਨਹੀਂ ਸਕਿਆ। ਇਸ ਲਈ ਤੇਰੇ ਬਾਰੇ ਇੱਕ ਗਾਣਾ ਗਾਵਾਂਗਾ।' ਇਹ ਸੋਚ ਕੇ ਉਸਨੇ ਚਿਹਰਾ ਆਕਾਸ਼ ਦੇ ਵੱਲ ਚੁੱਕਿਆ ਅਤੇ ਗਾਣਾ ਯਾਦ ਕਰਨ ਲੱਗਿਆ। ਕੋਈ ਗਾਣਾ ਯਾਦ ਨਾ ਆਇਆ। 'ਨਹੀਂ, ਤੇਰੇ ਬਾਰੇ 'ਚ ਕਿਸੇ ਨੇ ਗਾਣਾ ਨਹੀਂ ਲਿਖਿਆ। ਮੋਰਾਂ ਦੇ ਬਾਰੇ 'ਚ ਲਿਖਿਆ ਏ। ਹੰਸਾਂ ਦੇ ਬਾਰੇ ਲਿਖਿਆ ਏ ਪਰ ਤੇਰੇ ਬਾਰੇ ਲਿਖਣ ਦੀ ਕਿਸੇ ਨੂੰ ਪਰਵਾਹ ਨਹੀਂ ਸੀ। ਹੁਣ, ਇਸ ਵੇਲੇ ਗਾਣਾ ਤਿਆਰ ਕਰਾਂ, ਏਨੀ ਯੋਗਤਾ ਮੇਰੇ 'ਚ ਨਹੀਂ ਏ।' ਉਸਨੇ ਮਨ 'ਚ ਕਿਹਾ।

ਰੁੱਸ ਕੇ ਨੁੱਕਰੇ ਬੈਠੀ ਸੁਆਣੀ ਵਾਂਗੂ ਸੂਰੀ ਝਾੜੀ 'ਚ ਮੂੰਹ ਫੁਲਾਏ ਬੈਠੀ ਹੈ।

'ਕੋਈ ਗੱਲ ਨਹੀਂ। ਭੀਮ ਨੂੰ ਲੈ ਕੇ ਅਣਗਿਣਤ ਗਾਣੇ ਨੇ। ਛੰਦ ਨੇ। ਕਹਾਣੀਆਂ ਨੇ। ਉਹ ਹੀ ਗਾਵਾਂਗਾ। ਭੀਮ ਦੇ ਬਾਰੇ 'ਚ ਗਾਉਣਾ ਤੇਰੇ ਬਾਰੇ 'ਚ ਗਾਉਣ ਵਰਗਾ ਹੀ ਏ।' ਉਸਨੇ ਸੋਚਿਆ।

**ਭੀਮ ਹਾਂ ਮੈਂ ਭੀਮ ਹਾਂ**
**ਅੰਨੇ ਦੇ ਮੁੰਡਿਆਂ ਨੂੰ ਕੁਹਾੜੀ ਨਾਲ**
**ਟੁਕੜੇ-ਟੁਕੜੇ ਕਰਨ ਨੂੰ**
**ਭੀਮ ਹਾਂ ਮੈਂ ਭੀਮ ਹਾਂ।**

ਜ਼ਖ਼ਮਾਂ ਨਾਲ ਪੱਟਾਂ 'ਚ ਜਿਵੇਂ ਦਰਦ ਉੱਠਿਆ ਸੀ, ਹੱਦ ਤੋਂ ਜ਼ਿਆਦਾ ਹੱਸਣ ਨਾਲ ਢਿੱਡ 'ਚ ਜਿਸ ਤਰ੍ਹਾਂ ਦਰਦ ਹੋਇਆ, ਉਵੇਂ ਗਲ਼ ਸੁੱਕ ਕੇ ਦਰਦ ਕਰਨ ਤੱਕ ਉਹ ਗਾਉਂਦਾ ਹੀ ਰਿਹਾ। ਆਪਣੇ ਗਾਣੇ ਦੀ ਟੇਕ ਖ਼ੁਦ ਹੀ ਭਰਦਿਆਂ, ਅਤੇ ਗਾਈ ਹੋਈ ਪੰਗਤੀ ਨੂੰ ਵਾਰ-ਵਾਰ ਦੁਹਰਾਉਂਦਿਆਂ ਉਹ ਆਪਣੇ-ਆਪ ਨੂੰ ਭੁੱਲਣ ਲੱਗਿਆ।

ਗਲ਼ ਪਲੋਸਦਿਆਂ ਉਸਨੇ ਸੋਚਿਆ, 'ਗਲ਼ ਸੁੱਕ ਗਿਆ। ਘੁੱਟ ਕੁ ਪਾਣੀ ਮਿਲੇ ਤਾਂ ਚੰਗਾ ਏ।



ਮੋਢਿਆਂ 'ਤੇ ਦੋ ਖੰਭ ਹੁੰਦੇ ਤਾਂ ਉਸ ਤੋਤੀ ਵਾਂਗੂ ਉੱਡ ਕੇ ਜਾਂਦਾ ਤੇ ਤਲਾਅ ਦਾ ਪਾਣੀ ਪੀ ਆਉਂਦਾ।'

ਟਾਹਣੀ 'ਤੇ ਇੱਕ ਹੀ ਤਰ੍ਹਾਂ ਨਾਲ ਦੇਰ ਤੱਕ ਬੈਠੇ ਰਹਿਣ ਨਾਲ ਉਸਦੇ ਦੋਵੇਂ ਪੈਰ ਸੁੰਨ ਹੋ ਗਏ। ਟਾਹਣੀਆਂ 'ਤੇ ਕੀੜੀਆਂ ਘੁੰਮ ਰਹੀਆਂ ਹਨ। 'ਇਹ ਸਾਰਾ ਦਿਨ ਕਿੱਥੇ ਰਹਿੰਦੀਆਂ ਨੇ, ਇਹ ਰੱਬ ਵੀ ਨਹੀਂ ਜਾਣਦਾ। ਰਾਤ 'ਚ ਤਾਂ ਜਿੱਥੇ ਦੇਖੋ, ਉੱਥੇ ਹੀ।' ਬੁੱਢੇ ਨੇ ਮਨ 'ਚ ਕਿਹਾ।

ਕੀੜੀਆਂ ਉਸਦੇ ਪੈਰਾਂ ਅਤੇ ਪੱਟਾਂ ਦੇ ਉੱਪਰੋਂ ਦੌੜ ਰਹੀਆਂ ਹਨ। ਉਹ ਕੁੱਲ੍ਹੇ ਉੱਪਰ ਚੁੱਕੀ ਛੋਹਲੇ ਕਦਮੀਂ ਤੁਰਦਿਆਂ ਇਉਂ ਦੌੜ ਰਹੀਆਂ ਹਨ ਜਿਵੇਂ ਕਿਸੇ ਮੁਹਿੰਮ 'ਤੇ ਜਾ ਰਹੀਆਂ ਹੋਣ। ਪੱਤਿਆਂ 'ਚੋਂ ਛਣ ਕੇ ਆਉਂਦੀ ਚਾਨਣੀ 'ਚ ਬੁੱਢਾ ਉਨ੍ਹਾਂ ਨੂੰ ਗ਼ੌਰ ਨਾਲ ਦੇਖ ਰਿਹਾ ਹੈ।

'ਇਨ੍ਹਾਂ ਗਊ ਕੀੜੀਆਂ ਨੂੰ ਨਾ ਕੱਟਣਾ ਆਉਂਦਾ ਏ, ਨਾ ਡੰਗ ਮਾਰਨਾ ਹੀ। ਪਤਾ ਨਹੀਂ ਕਿਵੇਂ ਜਿਉਂ ਲੈਂਦੀਆਂ ਨੇ ?' ਉਸਨੇ ਸੋਚਿਆ। ਕੀੜੀਆਂ ਉਸਦੇ ਸਰੀਰ 'ਤੇ ਸਰਕ ਰਹੀਆਂ ਸਨ ਤਾਂ ਲੱਗਣ ਲੱਗਿਆ ਜਿਵੇਂ ਕੋਈ ਆਪਣਾ ਉਸਨੂੰ ਗਲਵਕੜੀ ਪਾ ਰਿਹਾ ਹੋਵੇ।

ਕੁਝ ਦੇਰ ਬਾਅਦ ਸਿਰ ਦੇ ਉੱਪਰ ਵਾਲੀ ਟਾਹਣੀ ਦੇ ਸਹਾਰੇ ਖੜ੍ਹੇ ਹੋ ਕੇ ਉਸਨੇ ਪਿਸ਼ਾਬ ਕੀਤਾ।

## ਪੰਦਰ੍ਹਾਂ

ਉਸ ਪਤਲੀ ਟਾਹਣੀ 'ਤੇ ਸੁੰਘੜ ਕੇ ਬੈਠਣ 'ਚ ਉਸਨੂੰ ਬੜੀ ਔਖ ਮਹਿਸੂਸ ਹੋ ਰਹੀ ਹੈ। 'ਇਉਂ ਕਿੰਨੀ ਦੇਰ ਬੈਠਾ ਰਹਾਂਗਾ ? ਸਵੇਰਾ ਹੋਣ ਤੱਕ ਇਉਂ ਹੀ ਬੈਠੇ ਰਹਿਣਾ ਹੋਵੇਗਾ ? ਪਰ ਅਜਿਹੀ ਕਿਹੜੀ ਚੀਜ਼ ਏ ਜੋ ਔਖਾਂ ਨਾਲ ਭਰੀ ਨਾ ਹੋਵੇ। ਮਿਹਨਤ ਤੇ ਪੀੜ ਤੋਂ ਬਚ ਕੇ ਕਿਹੜੀ ਚੀਜ਼ ਹਾਸਿਲ ਹੁੰਦੀ ਏ ? ਢਿੱਡ ਪਾਟਣ ਤੱਕ ਤਾੜੀ ਪੀ ਕੇ ਖਜੂਰ ਦੇ ਦਰਖਤਾਂ ਦੇ ਹੇਠਾਂ ਪਏ-ਪਏ ਹੁੰਗਰਨਾ ਆਸਾਨ ਏ। ਗਲ਼ ਤੱਕ ਖਾ ਕੇ ਕੋਨੇ ਵਿਚ ਪਏ-ਪਏ ਘੁਰਾੜੇ ਮਾਰਨਾ ਸੌਖਾ ਏ। ਸੂਰੀ ਤੇ ਉਸਦੇ ਬੱਚਿਆਂ ਨੂੰ ਹਿੰਸਕ ਜੀਵਾਂ ਦੇ ਮੂੰਹ 'ਚ ਛੱਡ ਕੇ ਝੁੱਗੀ 'ਚ ਚਲੇ ਜਾਣਾ ਸੌਖਾ ਏ ਪਰ ਫੇਰ ਜੁਆਬਦੇਹੀ ਨਾ ਪਛਾਣਨ ਵਾਲਿਆਂ ਤੇ ਘਾਟੀ ਦੇ ਇਨ੍ਹਾਂ ਪੱਥਰਾਂ 'ਚ ਫਰਕ ਕੀ ਏ ?' ਬੁੱਢੇ ਨੇ ਸੋਚਿਆ।

ਟਾਹਣੀ 'ਤੇ ਸੰਭਲ ਕੇ ਬੈਠਣ ਲੱਗਿਆਂ ਉਸਨੇ ਅਗਵਾੜੀ ਲਈ। 'ਛਿ! ਇਹ ਤਾਂ ਨੱਕ ਕੱਟਣ ਵਾਲੀ ਗੱਲ ਏ। ਜਦ ਢੇਰ ਸਾਰੇ ਕੰਮ ਪਏ ਹੋਣ, ਤਦ ਅਕੇਵਾਂ ਤੇ ਥਕਾਨ ਨੇ ਨੇੜੇ ਆਉਣ ਦੇਣਾ ਬੜੀ ਬੇਇੱਜ਼ਤੀ ਦੀ ਗੱਲ ਹੁੰਦੀ ਏ।' ਇਹ ਕਹਿ ਕੇ ਉਸਨੇ ਖ਼ੁਦ ਆਪਣੀ ਨਿੰਦਾ ਕੀਤੀ। 'ਪਰ ਇਹ ਅਗਵਾੜੀ ਤਾਂ ਸਰੀਰਕ ਏ। ਮੈਂ ਸਰੀਰ ਤੋਂ ਸੱਚਮੁੱਚ ਥੱਕਿਆ ਹੋਇਆ ਹਾਂ।' ਉਸਨੇ ਫੇਰ ਸੋਚਿਆ।

'ਮੈਂ ਬਹੁਤ ਬੁੱਢਾ ਹੋ ਗਿਆ ਹਾਂ। ਇੱਕ ਹੀ ਵਾਰ 'ਚ ਏਨੇ ਜ਼ਖ਼ਮ ਝੱਲਣੇ ਤੇ ਏਨਾ ਲਹੂ ਗੁਆਉਣਾ ਮੇਰੇ ਵਰਗੇ ਆਦਮੀ ਦੇ ਵਸ ਦਾ ਨਹੀਂ ਏ।' ਇਹ ਸੋਚਦਿਆਂ ਉਸਨੇ ਆਪਣੇ ਪੱਟਾਂ ਦੇ ਵੱਲ ਦੇਖਿਆ। 'ਪਰ ਜੋ ਥੱਕਿਆ ਏ, ਉਹ ਸਿਰਫ਼ ਮੇਰਾ ਸਰੀਰ ਹੀ ਏ, ਮੇਰੇ ਹੌਸਲੇ 'ਚ ਕੋਈ ਘਾਟ ਨਹੀਂ ਏ। ਹੌਸਲਾ ਢਿੱਲਾ ਪਿਆ ਹੋਵੇ, ਇਸਦੇ ਲਈ ਮੌਕਾ ਹੀ ਕਿਹੜਾ ਆਇਆ ਏ ? ਉੱਪਰ ਦੇਖੋ, ਮੇਰੇ ਦੁਸ਼ਮਣ ਦਾ ਢਿੱਡ ਚੀਰ ਗਿਆ ਏ ਤੇ ਉਸ ਦੀਆਂ ਅੰਤੜੀਆਂ ਬਾਹਰ ਨਿਕਲੀਆਂ ਪਈਆਂ ਨੇ। ਸੂਰੀ ਆਪਣੇ ਬੱਚਿਆਂ ਦੇ ਨਾਲ ਝਾੜੀ 'ਚ ਸੁਰੱਖਿਅਤ ਏ।' ਉਸਨੇ ਸੋਚਿਆ।

ਹਵਾ ਤੋਂ ਬੁੱਢੇ ਨੂੰ ਚਿੜ ਹੋਈ। ਉਸਨੇ ਸਿਰ ਘੁਮਾ ਕੇ ਜਿੱਧਰੋਂ ਹਵਾ ਵਗ ਰਹੀ ਸੀ, ਉੱਧਰ ਦੇਖਿਆ। ਉਸਨੂੰ ਘਾਟੀ 'ਚ ਚਾਰ ਗਿੱਦੜ ਦਿਖਾਈ ਦਿੱਤੇ। ਪਲ ਭਰ ਦੇ ਲਈ ਉਸਨੂੰ ਲੱਗਿਆ ਕਿ ਸਾਰੇ ਸਰੀਰ ਨੂੰ ਲਕਵਾ ਮਾਰ ਗਿਆ ਹੈ।

ਪਹਿਲੇ ਗਿੱਦੜ ਵਾਂਗੂ ਹੀ ਇਹ ਗਿੱਦੜ ਵੀ ਘਾਟੀ 'ਚ ਪੱਥਰਾਂ ਵਿਚਾਲੇ ਖੜ੍ਹੇ ਹਨ। ਈਸ਼ਾਨ ਦੇ ਵੱਲ ਮੁੜ ਕੇ ਇੱਕ ਹੀ ਮੁਦਰਾ 'ਚ ਖੜ੍ਹੇ ਹਨ। ਮੂੰਹਾਂ ਨੂੰ ਆਕਾਸ਼ ਵੱਲ ਘੁਮਾ ਕੇ ਕੁਝ ਦੇਰ ਹਵਾ ਨੂੰ ਸੁੰਘਣ ਦੇ ਬਾਅਦ ਗਿੱਦੜਾਂ ਨੇ ਆਪਣੇ ਸਿਰ ਹੇਠਾਂ ਕਰ ਲਏ। ਸ਼ਿਕਾਰੀ ਜਿਸ ਤਰ੍ਹਾਂ ਅੱਖ ਦੇ ਸਾਹਮਣੇ ਆਉਣ ਵਾਲੇ ਮਕੜਜਾਲ ਨੂੰ ਖਿਚ ਕੇ ਵੱਖ ਕਰ ਦਿੰਦਾ ਹੈ, ਉਸੇ ਤਰ੍ਹਾਂ ਇਹ ਅਗਲੇ ਆਪਣੇ ਪੈਰਾਂ ਨਾਲ ਨੱਕ ਦੇ ਪਸੀਨੇ ਨੂੰ ਪੂੰਝ ਕੇ ਫੇਰ ਤੋਂ ਮੂੰਹ ਚੁੱਕ ਕੇ ਹਵਾ ਦੀ ਜਾਂਚ ਕਰਨ ਲੱਗੇ। ਸ਼ਾਇਦ ਉਨ੍ਹਾਂ ਦੀ ਖੋਜ ਸਫ਼ਲ ਹੋ ਗਈ – ਉਹ ਖਜੂਰ ਦੇ ਪੱਠਿਆਂ ਵਰਗੀਆਂ ਆਪਣੀਆਂ ਮੁੱਛਾਂ ਨੂੰ ਜ਼ਮੀਨ 'ਤੇ ਰਗੜਨ ਲੱਗੇ। ਫੇਰ ਆਪਣੀ ਥਾਂ ਤੋਂ ਇਉਂ ਨਿਕਲ ਪਏ ਜਿਵੇਂ ਚਾਰਾਂ ਨੂੰ ਇੱਕ ਹੀ ਸਾਂਝੀ ਆਤਮਾ, ਇੱਕ ਹੀ ਦਿਲ ਅਤੇ ਇੱਕ ਹੀ ਸਰੀਰ ਮਿਲਿਆ ਹੋਵੇ।

'ਇਹ ਖ਼ਬਰ ਕਿ ਇਸ ਝਾੜੀ 'ਚ ਸੂਰੀ ਬੱਚੇ ਜੰਮ ਕੇ ਪਈ ਏ, ਇਨ੍ਹਾਂ ਗਿੱਦੜਾਂ ਨੂੰ ਕਿਵੇਂ ਮਿਲ ਗਈ ?' ਬੁੱਢੇ ਨੇ ਸੋਚਿਆ। 'ਜਣੇਪੇ ਦੀ ਗੰਧ ਤੋਂ ਪਤਾ ਲੱਗ ਗਿਆ ਹੋਵੇਗਾ। ਅਜਿਹਾ ਕੁਝ ਵੀ ਨਹੀਂ ਏ ਜੋ ਜੰਗਲੀ ਜਾਨਵਰਾਂ ਦੇ ਨੱਕ ਤੋਂ ਪਰ੍ਹੇ ਹੋਵੇ। ਵੈਰੀ ਦਾ ਆਉਣਾ, ਖਾਈਏ ਦੀ ਹੋਂਦ ਜਾਂ ਫੇਰ ਹੇਹੇ 'ਚ ਆਈ ਮਾਦਾ ਸਭ ਕੁਝ ਇਹ ਗੰਧ ਰਾਹੀਂ ਹੀ ਜਾਣ ਲੈਂਦੇ ਨੇ। ਉੱਤੋਂ ਤੋਟੀ ਗਲ਼ ਪਾੜਨ ਤੱਕ ਚੀਕ-ਚੀਕ ਕੇ ਆਪਣੇ ਅਦਭੁਤ-ਦਰਸ਼ਨ ਦੀ ਮੁਨਿਆਦੀ ਤਾਂ ਕਰ ਹੀ ਰਿਹਾ ਏ।'

ਹੁਣ ਤੱਕ ਨਾ ਦਿਖ ਪੈਣ ਵਾਲਾ ਉਹ ਤੋਟੀ ਹੁਣ ਉਸੇ ਝਾੜੀ 'ਚ ਬੈਠ ਕੇ ਬੋਲਦਾ ਹੋਇਆ ਦਿਖਾਈ ਦਿੱਤਾ। ਉਸਦਾ ਕਾਲਾ ਆਕਾਰ ਅਤੇ ਤਿੱਖੀ ਆਵਾਜ਼ ਬੁੱਢੇ ਤੋਂ ਬਰਦਾਸ਼ਤ ਨਹੀਂ ਹੋ ਰਹੀ ਹੈ। 'ਸਾਨੂੰ ਮੁਸੀਬਤ 'ਚ ਪਾਈ ਜਾ ਰਿਹਾ ਏਂ ਓਇ ਤੋਟੀਆ। ਸ਼ਾਇਦ ਤੂੰ ਨਹੀਂ ਜਾਣਦਾ ਕਿ ਅਜਿਹਾ ਰੌਲਾ ਪਾ ਕੇ ਤੂੰ ਮੇਰਾ ਨੁਕਸਾਨ ਕਰ ਰਿਹਾ ਏਂ।' ਉਸਨੇ ਮਨ 'ਚ ਕਿਹਾ।

ਏਨੇ 'ਚ ਘਾਟੀ ਦੇ ਕਿਨਾਰੇ 'ਤੇ ਚਾਰੇ ਗਿੱਦੜ ਆ ਗਏ। ਚੁੰਧਿਆ ਦੇਣ ਵਾਲੇ ਚਾਨਣ 'ਚ ਜਿਸ ਤਰ੍ਹਾਂ ਅੱਖ ਦੀ ਪੁਤਲੀ ਸੁੰਘੜ ਜਾਂਦੀ ਹੈ, ਉਸੇ ਤਰ੍ਹਾਂ ਬੁੱਢੇ ਦੀਆਂ ਉਂਗਲਾਂ ਨੇ ਭਾਲੇ ਦੇ ਘੇਰੇ ਨੂੰ ਕਸ ਲਿਆ।

ਗਿੱਦੜ ਝਾੜੀ ਦੇ ਵੱਲ ਜਾ ਰਹੇ ਹਨ। ਲਾਲ-ਲਾਲ ਜੀਭ ਬਾਹਰ ਲਮਕਾਏ, ਪੂਛ ਉੱਪਰ ਚੁੱਕੀ ਤੁਰ ਰਹੇ ਹਨ। ਝਾੜੀ ਦੇ ਜਿੰਨੇ ਕੋਲ ਆਉਂਦੇ, ਉੱਨੀ ਹੀ ਉਨ੍ਹਾਂ ਦੀ ਬੇਚੈਨੀ ਅਤੇ ਰਫ਼ਤਾਰ ਵਧਦੀ ਜਾ ਰਹੀ ਹੈ।

ਝਾੜੀ ਦੇ ਕੋਲ ਮਰੇ ਪਏ ਗਿੱਦੜ ਨੂੰ ਦੇਖ ਕੇ ਇਹ ਅਚਾਨਕ ਰੁਕ ਗਏ। ਅੱਗੇ ਰੱਖਣ ਦੇ ਲਈ ਚੁੱਕੇ ਹੋਏ ਪੈਰਾਂ ਨੂੰ ਪਿਛਾਂਹ ਹਟਾ ਲਿਆ। ਜੀਭ ਨੂੰ ਅੰਦਰ ਖਿਚ ਕੇ, ਪੂਛ ਚੱਡਿਆਂ 'ਚ ਦਬਾ ਲਈ। ਫੇਰ ਕੁਝ ਦੇਰ ਉਸੇ ਤਰ੍ਹਾਂ ਖੜ੍ਹੇ ਰਹੇ। ਬਾਅਦ ਵਿਚ ਹੌਲੀ-ਹੌਲੀ ਚਲ ਕੇ ਲੋਥ ਦੇ ਚਾਰੇ-ਪਾਸੇ ਖੜ੍ਹੇ ਹੋ ਗਏ ਅਤੇ ਉਸਦੀ ਜਾਂਚ ਕਰਨ ਲੱਗੇ। ਉਸਦਾ ਗਲ਼ਾ ਕੱਟਿਆ ਹੋਇਆ ਹੈ। ਢਿੱਡ ਚੀਰਿਆ ਗਿਆ ਹੈ ਅਤੇ ਅੰਤੜੀਆਂ ਬਾਹਰ ਡਿਗੀਆਂ ਹਨ। ਸਾਰਾ ਸਰੀਰ ਜ਼ਖ਼ਮਾਂ ਨਾਲ ਭਰਿਆ ਹੈ।

ਆਪਣੀ ਜਾਂਚ ਪੂਰੀ ਕਰਕੇ ਉਹ ਚਾਰੇ ਇੱਕ-ਦੂਜੇ ਦਾ ਮੂੰਹ ਦੇਖਦੇ ਰਹੇ। ਫੇਰ ਇੱਕ-ਦੂਜੇ ਦੇ ਕੰਨ 'ਚ ਜਿਵੇਂ ਕੁਝ ਬੁੜਬੁੜਾਉਣ ਲੱਗੇ।

ਬੁੱਢੇ ਨੇ ਭਾਲੇ ਦਾ ਨਿਸ਼ਾਨਾ ਲਾ ਤਾਂ ਰੱਖਿਆ ਪਰ ਉਸਦੀ ਵਰਤੋਂ ਨਹੀਂ ਕੀਤੀ।

'ਇੱਕ ਵਾਰ ਭਾਲੇ ਦੀ ਵਰਤੋਂ ਕਰਦਾ ਹਾਂ ਤਾਂ ਫੇਰ ਨਿਹੱਥਾ ਹੋ ਜਾਵਾਂਗਾ। ਅਕਾਰਣ ਹੀ ਨਿਹੱਥਾ ਹੋਣਾ ਮੈਂ ਨਹੀਂ ਚਾਹੁੰਦਾ। ਇਸ ਤੋਂ ਇਲਾਵਾ, ਲੱਗਦਾ ਹੈ ਕਿ ਭਾਲੇ ਨੂੰ ਛੱਡਣ ਦੀ ਲੋੜ ਵੀ ਨਹੀਂ ਪੈਣ ਵਾਲੀ ਏ। ਅੰਤੜੀਆਂ ਨੂੰ ਬਾਹਰ ਸੁੱਟ ਕੇ ਮਰੇ ਪਏ ਆਪਣੇ ਭਾਈ ਨੂੰ ਦੇਖਣ ਦੇ ਬਾਅਦ ਇਹ ਚਾਰੇ ਹੁਣ ਅੱਗੇ ਨਹੀਂ ਵਧਣਗੇ। ਇਨ੍ਹਾਂ ਦਾ ਦਿਲ ਦਹਿਲ ਗਿਆ ਹੋਵੇਗਾ। ਪੂਛ ਚੱਡਿਆਂ 'ਚ ਦਬਾ ਕੇ



ਜਿੱਧਰੋਂ ਆਏ ਹਨ, ਉੱਧਰ ਹੀ ਚਲੇ ਜਾਣਗੇ।' ਉਸਨੇ ਸੋਚਿਆ। ਫੇਰ ਉਹ ਉਨ੍ਹਾਂ ਦੀਆਂ ਗਤੀਵਿਧੀਆਂ ਨੂੰ ਬੇਚੈਨੀ ਨਾਲ ਦੇਖਣ ਲੱਗਿਆ।

ਗਿੱਦੜ ਉੱਥੋਂ ਟਲ ਕੇ ਵੱਖ-ਵੱਖ ਦਿਸ਼ਾਵਾਂ 'ਚ ਚਲੇ ਗਏ। ਇਉਂ ਕੁਝ ਦੂਰ ਜਾਣ ਬਾਅਦ ਉਹ ਪਿੱਛੇ ਮੁੜੇ ਅਤੇ ਇੱਕ ਪੂਰਬ 'ਚੋਂ, ਦੂਜਾ ਪੱਛਮ 'ਚੋਂ, ਤੀਜਾ ਉੱਤਰ ਅਤੇ ਚੌਥਾ ਦੱਖਣ 'ਚੋਂ ਝਾੜੀ 'ਤੇ ਧਾਵਾ ਬੋਲਣ ਦੀ ਯੋਜਨਾ ਬਣਾਉਣ ਲੱਗੇ।

'ਅਜਿਹਾ ਕਿਹੜਾ ਯੁੱਧਤੰਤਰ ਏ ਜੋ ਗਿੱਦੜ ਨੂੰ ਨਾ ਪਤਾ ਹੋਵੇ।' ਬੁੱਢੇ ਨੇ ਸੋਚਿਆ। 'ਇਹ ਸਮਝ ਗਏ ਹਨ ਕਿ ਚਾਰੇ ਇੱਕੋ ਹੀ ਦਿਸ਼ਾ 'ਚ ਜਾਣ ਤਾਂ ਸੂਰੀ ਦੇ ਮੂਹਰਿਉਂ ਜਾਨ ਬਚਾ ਕੇ ਭੱਜਣਾ ਸੰਭਵ ਨਹੀਂ ਏ। ਸੋਚਿਆ ਹੋਵੇਗਾ ਕਿ ਚਾਰੇ ਦਿਸ਼ਾਵਾਂ 'ਤੇ ਸੂਰੀ ਨੂੰ ਖੇਡ ਖਿਡਾਈ ਜਾ ਸਕਦੀ ਏ।' ਇਹ ਸੋਚਦਿਆਂ ਉਸਨੇ ਭਾਲਾ ਫੜ ਲਿਆ।

ਡੱਡੂ ਲੰਘੇ ਸੱਪ ਵਾਂਗੂ ਹੌਲੀ-ਹੌਲੀ ਅਤੇ ਚੰਦਰਮਾ ਨੂੰ ਨਿਗਲ ਜਾਣ ਵਾਲੇ ਰਾਹੂ ਵਾਂਗੂ ਦ੍ਰਿੜ ਨਿਸ਼ਚੇ ਦੇ ਨਾਲ ਉਹ ਗਿੱਦੜ ਝਾੜੀ ਦੇ ਵੱਲ ਵਧਦੇ ਰਹੇ।

ਝਾੜੀ ਤੋਂ ਅੱਠ ਹੱਥ ਦੀ ਦੂਰੀ 'ਤੇ ਉਹ ਪਹੁੰਚੇ ਤਾਂ ਸੂਰੀ ਇਉਂ ਤ੍ਰਬਕ ਕੇ ਉੱਠੀ ਜਿਵੇਂ ਕੋਈ ਭਿਆਨਕ ਸੁਪਨਾ ਦੇਖ ਰਹੀ ਹੋਵੇ। ਇੱਕ-ਇੱਕ ਕਰਕੇ ਉਸਨੇ ਚਾਰੇ ਗਿੱਦੜਾਂ 'ਤੇ ਨਜ਼ਰ ਮਾਰੀ। ਉਹ ਅਖਾੜੇ ਦੀ ਸਾਂਡ ਵਾਂਗੂ ਜਿੱਥੇ ਸੀ, ਉੱਥੇ ਹੀ ਝਾੜੀ 'ਚ ਗੇੜੇ ਕੱਢਣ ਲੱਗੀ।

ਬੁੱਢੇ ਨੇ ਭਾਲੇ ਨੂੰ ਮੋਢੇ ਦੇ ਉੱਪਰ ਚੁੱਕ ਕੇ ਫੜ ਲਿਆ ਅਤੇ ਨਿਸ਼ਾਨਾ ਲਾਇਆ। 'ਇਨ੍ਹਾਂ ਗਿੱਦੜਾਂ ਦੀਆਂ ਖੇਡਾਂ ਹੁਣ ਨਹੀਂ ਚੱਲ ਸਕਦੀਆਂ। ਸੂਰੀ ਬਿਜਲੀ ਵਾਂਗੂ ਛਾਲ ਮਾਰ ਕੇ ਵੈਰੀਆਂ ਦਾ ਸਫਾਇਆ ਕਰ ਸਕਦੀ ਏ। ਇਸ ਤੋਂ ਇਲਾਵਾ ਮੇਰੇ ਹੱਥ 'ਚ ਭਾਲਾ ਹੈ। ਇਸਦੀ ਨੋਕ ਨੇ ਪਤਾ ਨਹੀਂ ਕਿੰਨੇ ਕੁ ਜਾਨਵਰਾਂ ਦੇ ਸਿਰ ਪਾੜੇ ਨੇ।' ਉਸਨੇ ਸੋਚਿਆ।

ਏਨੇ 'ਚ ਸੂਰੀ ਛਾਲ ਮਾਰ ਕੇ ਪੂਰਬ 'ਚੋਂ ਆਏ ਗਿੱਦੜ ਦੇ ਕੋਲ ਪਹੁੰਚੀ। ਚਾਰੇ ਪੈਰਾਂ 'ਤੇ ਦ੍ਰਿੜਤਾ ਨਾਲ ਖੜ੍ਹੇ ਹੋ ਕੇ ਗਿੱਦੜ ਦੇ ਹੇਠਾਂ ਜ਼ੋਰ ਦੀ ਮੂੰਹ ਮਾਰਿਆ। ਗਿੱਦੜ ਚੀਕਦਾ ਹੋਇਆ ਖੜ੍ਹੇ-ਖੜ੍ਹੇ ਹੀ ਹਵਾ 'ਚ ਉੱਡਿਆ ਅਤੇ ਪੁੱਠਾ ਹੋ ਕੇ ਧੜੰਮ ਦੇਣੇ ਡਿੱਗਿਆ। ਉਹ ਪੁੱਠਾ ਡਿੱਗ ਕੇ ਚਾਰੇ ਪੈਰ ਮਾਰਦਿਆਂ ਉੱਪਰ ਉੱਠਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਸੂਰੀ ਉਸਦੇ ਉੱਪਰ ਚੜ੍ਹ ਕੇ ਖੜ੍ਹੀ ਹੋ ਗਈ ਅਤੇ ਆਪਣੇ ਭਿਆਨਕ ਦੰਦਾਂ ਨਾਲ ਕੱਟ ਕੇ ਉਸਨੇ ਅੰਤੜੀਆਂ ਬਾਹਰ ਕੱਢੀਆਂ ਅਤੇ ਘਾਹ 'ਤੇ ਸੁੱਟ ਦਿੱਤੀਆਂ। ਮੂੰਹ, ਗਰਦਨ ਅਤੇ ਪੈਰਾਂ ਨੂੰ ਕੱਟ-ਕੱਟ ਕੇ ਉਹ ਟੁਕੜੇ ਕਰਨ ਲੱਗੀ।

ਏਨੇ 'ਚ ਪੱਛਮ 'ਚੋਂ ਆਇਆ ਹੋਇਆ ਗਿੱਦੜ ਪੂਛ ਉੱਪਰ ਚੁੱਕੀ, ਫਟੀ ਲੱਕੜ ਵਾਂਗੂ ਮੂੰਹ ਚੁੱਕੀ ਝਾੜੀ ਦੇ ਅੰਦਰ ਵੜਨ ਨੂੰ ਤਿਆਰ ਹੋ ਗਿਆ। ਬੁੱਢੇ ਨੇ ਨਿਸ਼ਾਨਾ ਲਾ ਕੇ ਉਸਦੇ ਵੱਲ ਛੱਡਿਆ। ਉਹ ਤੇਜ਼ੀ ਨਾਲ ਜਾ ਕੇ ਉਸ ਦੀਆਂ ਦੋਵੇਂ ਅੱਖਾਂ ਦੇ ਵਿਚਾਲਿਉਂ ਵੱਜ ਕੇ ਗਰਦਨ ਦੇ ਪਿੱਛਿਉਂ ਬਾਹਰ ਨਿਕਲ ਆਇਆ। ਗਿੱਦੜ ਦੋ ਹੱਥ ਉੱਚਾ ਬੁੜਕ ਕੇ ਹੇਠਾਂ ਡਿਗਿਆ ਅਤੇ ਪੈਰ ਪਟਕ-ਪਟਕ ਕੇ ਮਰ ਗਿਆ।

ਠੀਕ ਉਸੇ ਵੇਲੇ ਉੱਤਰ ਅਤੇ ਦੱਖਣ 'ਚੋਂ ਆਏ ਦੋਵੇਂ ਗਿੱਦੜ ਝਾੜੀ 'ਚ ਅਜਿਹੇ ਵੜੇ ਜਿਵੇਂ ਖਾਲੀ ਹੋਏ ਪਿੰਡ 'ਚ ਚੋਰ ਵੜਦੇ ਹਨ। ਦੋਵੇਂ ਇੱਕ-ਇੱਕ ਬੱਚੇ ਨੂੰ ਮੂੰਹ 'ਚ ਫੜੀ ਉੱਥੋਂ ਭੱਜ ਗਏ। ਬੱਚਿਆਂ ਨੂੰ ਮੂੰਹ 'ਚ ਫੜੀ ਭੱਜਦਿਆਂ ਗਿੱਦੜਾਂ ਨੂੰ ਦੇਖਦੇ ਹੀ ਬੁੱਢਾ ਇਉਂ ਪੂਰੀ ਗਰਭਵਤੀ ਵਾਂਗੂ ਚੀਕ ਉੱਠਿਆ ਜਿਸਦੇ ਢਿੱਡ ਮੋਹਲੇ ਦੀ ਸੱਟ ਪਈ ਹੋਵੇ। ਉਹ ਟਾਹਣੀ 'ਤੇ ਗੋਡੇ ਲਾ ਕੇ ਇਉਂ ਬੈਠ ਗਿਆ ਜਿਵੇਂ ਕਿਸੇ ਸ਼ਿਕਾਰੀ ਦੇ ਤੀਰ ਉਸਦੇ ਗੋਡਿਆਂ 'ਚ ਆ ਲੱਗੇ ਹੋਣ। ਉਸਦਾ ਸਰੀਰ ਬੇਵਸ ਪੀੜ ਨਾਲ ਇਉਂ ਕੰਬਣ ਲੱਗਿਆ ਜਿਵੇਂ ਜ਼ਹਿਰ 'ਚ ਬੁਝੇ ਕੰਡੇ ਚੁਭ ਗਏ ਹੋਣ। ਸੂਰਜ ਦੇ ਨਾ

ਚੜ੍ਹਨ ਸਦਕਾ ਸਵੇਰੇ ਪੈਣ ਵਾਲੇ ਕੋਹਰੇ ਵਾਂਗੂ ਗਹਿਰਾਈ ਵੇਦਨਾ ਨੇ ਉਸਨੂੰ ਘੇਰ ਲਿਆ।

ਉਸਨੇ ਆਪਣੇ ਪੀੜ ਭਰੇ ਚਿਹਰੇ ਨੂੰ ਚੁੱਕ ਕੇ ਦੇਖਿਆ। ਝਾੜੀ 'ਚ ਸੂਰੀ ਬੱਚਿਆਂ ਨੂੰ ਮੂੰਹ ਨਾਲ ਆਪਣੇ ਕੋਲ ਕਰ ਰਹੀ ਹੈ। ਉਹ ਦਾ ਮੂੰਹ ਲਹੂ ਨਾਲ ਲਿਬੜਿਆ ਹੈ। ਪਿੱਠ 'ਤੇ ਇੱਕ ਲੰਬਾ ਜ਼ਖ਼ਮ ਖੁੱਲ੍ਹਿਆ ਹੋਇਆ ਦਿਖਾਈ ਦੇ ਰਿਹਾ ਹੈ। ਜ਼ਖ਼ਮ 'ਚੋਂ ਨਿਕਲਦਾ ਲਹੂ ਅੱਗੇ ਅਤੇ ਪਿੱਛੇ ਦੇ ਪੈਰਾਂ 'ਤੇ ਹੋ ਕੇ ਵਗ ਰਿਹਾ ਹੈ।

ਬੁੱਢੇ ਨੇ ਛੇਤੀ-ਛੇਤੀ ਬੱਚਿਆਂ ਦੀ ਗਿਣਤੀ ਕੀਤੀ। ਸਿਰਫ਼ ਅੱਠ ਹਨ। 'ਦੋ ਬੱਚੇ ਤਾਂ ਮੈਂ ਗੁਆ ਦਿੱਤੇ।' ਉਸਨੇ ਸੋਚਿਆ। ਉਸ ਦਾ ਗਲ਼ਾ ਭਰ ਆਇਆ ਤਾਂ ਗੱਲਾਂ ਸਪੱਸ਼ਟਤਾ ਨਾਲ ਬਾਹਰ ਨਿਕਲ ਨਹੀਂ ਰਹੀਆਂ। 'ਕੇਹਾ ਨੀਚ-ਪਾਪੀ ਹਾਂ। ਦੋ ਬੱਚਿਆਂ ਨੂੰ ਗੁਆ ਬੈਠਾ ਹਾਂ।' ਆਖਦਿਆਂ ਉਹ ਉੱਠ ਕੇ ਟਾਹਣੀ 'ਤੇ ਖੜ੍ਹਾ ਹੋ ਗਿਆ। ਸਿੱਧੇ ਖੜ੍ਹੇ ਹੋ ਕੇ ਉਹ ਉਸ ਦਿਸ਼ਾ 'ਚ ਧਿਆਨ ਨਾਲ ਦੇਖਣ ਲੱਗਿਆ ਜਿੱਧਰ ਬੱਚਿਆਂ ਨੂੰ ਮੂੰਹ 'ਚ ਦਬੇ ਗਿੱਦੜ ਭੱਜੇ ਸਨ।

ਚਾਨਣੀ ਇਉਂ ਚਮਕ ਰਹੀ ਹੈ ਜਿਵੇਂ ਬੜਾ ਚਿੱਟਾ ਆਟਾ ਖਿੰਡਾਇਆ ਗਿਆ ਹੋਵੇ। ਹਵਾ ਹੌਲੀ-ਹੌਲੀ ਚੁੱਪ-ਚਾਪ ਵਗ ਰਹੀ ਹੈ। ਜੰਗਲ ਹੱਕਾ-ਬੱਕਾ ਹੈ। ਗਿੱਦੜਾਂ ਦੇ ਜਾਣ ਦਾ ਆਭਾਸ ਕਿਤੇ ਨਹੀਂ ਹੋ ਰਿਹਾ ਹੈ। ਸੰਘਣੀਆਂ ਝਾੜੀਆਂ ਅਤੇ ਮੂੰਹ ਚੁੱਕੀ ਖੜ੍ਹੀਆਂ ਗੁਫ਼ਾਵਾਂ ਦਿੱਸ ਰਹੀਆਂ ਹਨ। 'ਲਾਲਚੀ ਸਾਲੇ ਉਨ੍ਹਾਂ ਝਾੜੀਆਂ 'ਚ ਕਿਤੇ ਲੁਕੇ ਹੋਣਗੇ। ਇਹ ਗਿੱਦੜ, ਉਨ੍ਹਾਂ ਨੂੰ ਆਸਰਾ ਦੇਣ ਵਾਲੀਆਂ ਝਾੜੀਆਂ, ਗੁਫ਼ਾਵਾਂ ਸਭ ਦਾ ਸੱਤਿਆਨਾਸ ਹੋਵੇ।' ਉਸਨੇ ਸਰਾਪ ਜਿਹਾ ਦਿੱਤਾ।

ਉਸ 'ਚ ਗੁੱਸਾ ਉਬਲਦਾ ਰਿਹਾ। ਉਸਨੂੰ ਭੱਜਦੇ ਗਿੱਦੜਾਂ ਦੇ ਮੂੰਹ 'ਚ ਲਟਕਦੇ ਬੱਚੇ ਯਾਦ ਆ ਗਏ। ਉਨ੍ਹਾਂ ਝਾੜੀਆਂ ਅਤੇ ਗੁਫ਼ਾਵਾਂ 'ਚ ਹੁਣ ਬੱਚਿਆਂ ਦੀ ਕੀ ਗਤ ਹੋਈ ਹੋਵੇਗੀ, ਉਹ ਇਸਦੀ ਕਲਪਨਾ ਕਰਨ ਲੱਗਿਆ।

ਦਿਮਾਗ 'ਚੋਂ ਉਨ੍ਹਾਂ ਕਲਪਨਾਵਾਂ ਅਤੇ ਵਿਚਾਰਾਂ ਨੂੰ ਪਰ੍ਹੇ ਧੱਕਣ ਦੀ ਕੋਸ਼ਿਸ਼ ਕਰਦਿਆਂ ਉਹ ਦਮ ਘੁਟਦੇ ਜੀਵ ਵਾਂਗੂ ਤੜਪਦਾ ਰਿਹਾ। ਉਸਦੇ ਅੱਖਾਂ ਦੇ ਕੋਇਆਂ 'ਚ ਹੰਝੂ ਭਰ ਗਏ। ਤੇਜ਼ ਰਹਿਤ ਹੋ ਕੇ ਸੂਰਜ ਜਿਸ ਤਰ੍ਹਾਂ ਅਸਤਾਚਲ 'ਤੇ ਢੇਰ ਹੋ ਜਾਂਦਾ ਹੈ, ਉਸੇ ਤਰ੍ਹਾਂ ਉਹ ਟਾਹਣੀ 'ਤੇ ਢੇਰ ਹੋ ਗਿਆ।

'ਮੈਂ ਜੇਕਰ ਬਿਰਖ਼ ਤੋਂ ਉੱਤਰ ਕੇ ਭਾਲਾ ਹੱਥ 'ਚ ਫੜ ਲੈਂਦਾ ਤੇ ਝਾੜੀ ਦੇ ਕੋਲ ਖੜ੍ਹਾ ਰਹਿੰਦਾ ਤਾਂ ਇਹ ਹੱਤਿਆਕਾਂਡ ਨਾ ਹੁੰਦਾ। ਪਰ ਸੂਰੀ ਮੈਨੂੰ ਬਿਰਖ਼ ਤੋਂ ਉਤਰਨ ਦੇਵੇ, ਤਦ ਨਾ? ਪਰ ਅੱਖੜਪੁਣਾ ਹੀ ਤਾਂ ਇਸਦੀ ਸੁੰਦਰਤਾ ਏ, ਇਸਦੀ ਵਿਸ਼ੇਸ਼ਤਾ ਏ। ਇਸ ਸੰਸਾਰ 'ਚ ਜਦ ਤੱਕ ਅੱਖੜਪੁਣਾ ਰਹੇਗਾ, ਉਦੋਂ ਤੱਕ ਇਹ ਗੁਣ ਸੂਰੀ ਦੇ ਨਾਲ ਜੁੜਿਆ ਰਹੇਗਾ। ਨਹੀਂ, ਨਹੀਂ! ਸੂਰੀ ਜਦ ਤੱਕ ਜਿਉਂਦੀ ਰਹੇਗੀ, ਉਦੋਂ ਤੱਕ ਅੱਖੜਪੁਣੇ ਦਾ ਪੋਸ਼ਣ ਕਰਦੀ ਰਹੇਗੀ।' ਬੁੱਢੇ ਨੇ ਸੋਚਿਆ।

'ਇੱਕ ਭਲੇ ਮਨੁੱਖ ਦੇ ਸੁਖਾਂ-ਦੁਖਾਂ ਦਾ ਇੱਕ ਅੱਖੜ ਪਸ਼ੂ 'ਤੇ ਨਿਰਭਰ ਰਹਿਣਾ ਕਿੰਨਾ ਅਨੋਖਾ ਏ। ਜੀਵਨ ਹੀ ਤਰ੍ਹਾਂ-ਤਰ੍ਹਾਂ ਦੇ ਵਿਰੋਧਾਂ ਨਾਲ ਭਰਿਆ ਹੋਇਆ ਏ।' ਉਸਨੇ ਸੋਚਿਆ।

ਗਿੱਦੜ ਦੇ ਸਿਰ 'ਚ ਚੁਭ ਕੇ ਸਿੱਧੇ ਖੜ੍ਹੇ ਭਾਲੇ 'ਤੇ ਤੋਟੀ ਬੈਠਾ ਹੋਇਆ ਹੈ। ਆਪਣੀ ਆਵਾਜ਼ ਨੂੰ ਥੋੜ੍ਹਾ ਵੀ ਹੇਠਾਂ ਲਿਆਏ ਬਿਨਾਂ ਅਤੇ ਬਦਲੇ ਬਿਨਾਂ ਉਹ ਲਗਾਤਾਰ ਚੀਕੀ ਜਾ ਰਿਹਾ ਹੈ। ਵਿਚ-ਵਿਚ ਸਿਰ ਝੁਕਾ ਕੇ ਸ਼ੀਸ਼ੇ ਦੀਆਂ ਠੀਕਰੀਆਂ ਵਰਗੀਆਂ ਗਿੱਦੜ ਦੀਆਂ ਅੱਖਾਂ 'ਚ ਦੇਖ ਰਿਹਾ ਹੈ। ਉਹ ਸ਼ਾਇਦ ਪਹਿਲਾਂ ਮੁਰਦਾ ਸਰੀਰ ਦੇ ਏਨੇ ਕੋਲ ਕਦੇ ਨਹੀਂ ਆਇਆ ਹੋਵੇਗਾ। ਆਵਾਜ਼ ਬੜੀ ਉੱਚੀ ਕਰਕੇ ਚੀਕਣ ਲੱਗਿਆ ਹੈ।

'ਤੋਟੀ ਮੇਰੀ ਮਦਦ ਕਰਨ ਆਇਆ ਏ ਜਾਂ ਮੇਰਾ ਬੇੜਾ ਗਰਕ ਕਰਨ, ਸਮਝ 'ਚ ਨਹੀਂ ਆ ਰਿਹਾ ਏ। ਉਸਨੇ ਕੋਈ ਅਜੂਬਾ ਦੇਖ ਹੀ ਲਿਆ, ਤਾਂ ਕੀ ਉਸਨੂੰ ਅਨੰਤ ਕਾਲ ਤੱਕ ਚੀਕਦੇ ਰਹਿਣਾ



ਚਾਹੀਦਾ ਏ? ਇਹ ਆਲ੍ਹਣੇ 'ਚ ਜਾਵੇ ਜਾਂ ਨਾ ਜਾਵੇ, ਫ਼ਿਕਰ ਕਰਨ ਵਾਲਾ ਸ਼ਾਇਦ ਕੋਈ ਨਹੀਂ ਏ ਪਰ ਆਪਣੀ ਸੂਰੀ ਦੇ ਨੇੜੇ-ਤੇੜੇ ਇਸ ਹੋਸ਼ੇ ਸਾਲੇ ਦਾ ਚੀਕ-ਚਿਹਾੜਾ ਪਾ ਕੇ ਰੌਲਾ ਪਾਉਣਾ ਮੈਂ ਬਿਲਕੁਲ ਬਰਦਾਸ਼ਤ ਨਹੀਂ ਕਰਾਂਗਾ।' ਬੁੱਢੇ ਨੇ ਮਨ 'ਚ ਕਿਹਾ।

ਤੋਟੀ ਉਸ ਇਲਾਕੇ ਦੀ ਗਤੀਹੀਣਤਾ ਨੂੰ ਭੰਗ ਕਰ ਰਿਹਾ ਏ। ਉਹ ਅਜਿਹੀ ਲਗਨ ਅਤੇ ਨਿਸ਼ਠਾ ਨਾਲ ਚੀਕ ਰਿਹਾ ਹੈ ਜਿਵੇਂ ਕੋਈ ਤਪ ਕਰ ਰਿਹਾ ਹੋਵੇ।

'ਇਉਂ ਚੀਕ-ਚੀਕ ਕੇ ਇਹ ਇੱਕ ਵਾਰ ਹੋਰ ਗਿੱਦੜਾਂ ਨੂੰ ਨਿਉਂਦਾ ਦੇਵੇਗਾ।' ਬੁੱਢੇ ਨੇ ਸੋਚਿਆ। ਇਹ ਖਿਆਲ ਆਉਂਦੇ ਹੀ ਮਨ 'ਚ ਅੱਗ ਮਘ ਗਈ। ਹੁਣ ਤੱਕ ਅੱਖਾਂ ਦੀਆਂ ਜੋ ਪੁਤਲੀਆਂ ਹੰਝੂਆਂ ਦੀਆਂ ਪਰਤਾਂ ਨਾਲ ਢਕੀਆਂ ਸਨ, ਉਹ ਹੁਣ ਲਾਲ ਹੋ ਗਈਆਂ। 'ਇਹ ਨਹੀਂ ਹੋ ਸਕਦਾ। ਲੋੜ ਪਈ ਤਾਂ ਇਸ ਸਾਰੇ ਜੰਗਲ ਨੂੰ ਸੁਆਹ ਕਰ ਦੇਵਾਂਗਾ।' ਮਨ 'ਚ ਆਖਦਿਆਂ ਉਸਨੇ ਲੱਕ 'ਚ ਬੁੰਨਿਆ ਹੋਇਆ ਛੁਰਾ ਕੱਢਿਆ ਅਤੇ ਨਿਸ਼ਾਨਾ ਬਿੰਨ੍ਹ ਕੇ ਤੋਟੀ ਵੱਲ ਸੁੱਟਿਆ। ਪੰਛੀ ਤੇਜ਼ੀ ਨਾਲ ਕੁਝ ਦੂਰ ਘਾਹ 'ਤੇ ਜਾ ਡਿੱਗਿਆ ਅਤੇ ਖੰਭ ਮਾਰਨ ਲੱਗਿਆ। ਹੁਣ ਉਸਦੇ ਚੀਕ-ਚਿਹਾੜੇ ਦੇ ਬਦਲੇ ਉਸਦੇ ਖੰਭਾਂ ਦੀ ਫੜਫੜਾਹਟ ਸੁਣਨ ਲੱਗੀ। ਉਹ ਆਪਣੇ ਖੰਭਾਂ ਨਾਲ ਰੇਤ ਦੇ ਕਣ ਉਡਾਉਂਦਾ ਹੋਇਆ ਕੁਝ ਦੇਰ ਤੜਪਦਾ ਰਿਹਾ। ਬਾਅਦ 'ਚ ਹਵਾ 'ਚ ਉੱਡਣ ਦੀ ਕੋਸ਼ਿਸ਼ ਕਰਕੇ ਦੋ ਵਾਰ ਉਲਟ ਗਿਆ ਅਤੇ ਫੇਰ ਉਲਟੇ ਖੰਭਾਂ 'ਤੇ ਝਟ ਦੇਣੇ ਹੇਠਾਂ ਡਿਗ ਕੇ ਮਰ ਗਿਆ। ਟਾਹਣੀ 'ਤੇ ਬੈਠਾ ਬੁੱਢਾ ਦੰਦ ਪੀਂਹਦਿਆਂ ਕਰੂਰ ਬਦਲੇ ਦੀ ਭਾਵਨਾ ਨਾਲ ਦੇਖਦਾ ਰਿਹਾ।

ਤੋਟੀ ਦੇ ਜਾਣ ਬਾਅਦ ਉਸ ਇਲਾਕੇ ਨੂੰ ਚੁੱਪ ਨੇ ਘੇਰ ਲਿਆ। ਹਵਾ ਦੇ ਘੱਟ ਹੋਣ ਨਾਲ ਪੱਤਾ ਵੀ ਨਹੀਂ ਹਿੱਲ ਰਿਹਾ ਹੈ। ਕਾਲੇ ਬੱਦਲ ਚੁੱਪ-ਚਾਪ ਚੰਦਰਮਾ ਨੂੰ ਆਪਣੇ ਓਹਲੇ 'ਚ ਲੈ ਕੇ ਉੱਡੇ ਜਾ ਰਹੇ ਹਨ। ਜੁਗਨੂਆਂ ਅਤੇ ਤਾਰਿਆਂ ਵਾਂਗੂ ਅਣਗਿਣਤ ਸਫੇਦ ਜੰਗਲੀ ਫੁੱਲ ਖਿੜ ਕੇ ਖੁਸ਼ਬੂ ਖਿੰਡਾ ਰਹੇ ਹਨ।

## ਸੋਲ੍ਹਾਂ

ਰਾਤ ਬੀਤਦੇ-ਬੀਤਦੇ ਬੁੱਢੇ ਦੀ ਛਾਤੀ ਦਾ ਬੋਝ ਵਧਦਾ ਗਿਆ। ਸਾਰੇ ਮਾਹੌਲ 'ਚੋਂ ਉਸਨੂੰ ਗਲਿਆਣ ਆਉਣ ਲੱਗੀ। ਉੱਥੇ ਤਿੰਨ ਗਿੱਦੜ ਮਰੇ ਪਏ ਹਨ। ਇੱਕ ਦਾ ਢਿੱਡ ਪਾੜ ਦਿੱਤਾ ਗਿਆ ਅਤੇ ਉਸ ਦੀਆਂ ਅੰਤੜੀਆਂ ਬਾਹਰ ਨਿਕਲੀਆਂ ਪਈਆਂ ਹਨ। ਦੂਜੇ ਦਾ ਗਲ਼ ਕੱਟਿਆ ਹੋਇਆ ਹੈ। ਤੀਜੇ ਦੇ ਸਿਰ 'ਚ ਭਾਲਾ ਗੱਡਿਆ ਹੋਇਆ ਹੈ। ਇਨ੍ਹਾਂ ਸਭ ਤੋਂ ਕੁਝ ਦੂਰ ਤੋਟੀ ਖੰਭ ਟੇਢੇ ਕਰਕੇ ਮੂਧਾ ਪਿਆ ਹੈ।

ਪ੍ਰਤੱਖ ਦੁਸ਼ਟਤਾ ਵਾਂਗੂ ਦਿੱਸਦੀਆਂ ਗਿੱਦੜਾਂ ਦੀਆਂ ਲਾਸ਼ਾਂ ਨੂੰ ਉਹ ਵੈਰੀਆਂ ਵਾਂਗੂ ਦੇਖਣ ਲੱਗਿਆ। ਪਰ ਤੋਟੀ ਨੂੰ ਦੇਖ ਕੇ ਉਸ 'ਚ ਹਮਦਰਦੀ ਜਾਗੀ। 'ਇਨ੍ਹਾਂ ਗਿੱਦੜਾਂ 'ਚ ਜੋ ਲਾਲਚ ਏ, ਉਸਦਾ ਭੋਰਾ ਵੀ ਇਸ ਪੰਛੀ 'ਚ ਨਹੀਂ ਏ। ਉਸਦੇ ਚੀਕਣ ਦੇ ਪਿੱਛੇ ਕੋਈ ਮਾੜੀ ਨੀਤ ਨਹੀਂ ਏ। ਬੁਰੀ ਚਾਹਨਾ ਨਹੀਂ ਏ। ਭੋਲੇਪਣ ਤੋਂ ਇਲਾਵਾ ਉਸ 'ਚ ਕੁਝ ਵੀ ਨਹੀਂ ਏ। ਪਰ ਕਦੇ-ਕਦੇ ਦੁਸ਼ਟ ਤੋਂ ਕਿਤੇ ਜ਼ਿਆਦਾ ਨੁਕਸਾਨ ਭੋਲੇ ਜੀਵ ਦਾ ਹੋ ਜਾਂਦਾ ਏ।' ਬੁੱਢੇ ਨੇ ਸੋਚਿਆ।

'ਕੁਝ ਵੀ ਏ, ਮੇਰੇ ਸਦਭਾਵ ਦੇ ਪਾਤਰ ਬਣੇ ਤੋਟੀ ਨੂੰ ਮਾਰਨਾ ਠੀਕ ਨਹੀਂ ਸੀ।' ਕਹਿ ਕੇ ਉਸਨੇ ਖ਼ੁਦ ਆਪਣੀ ਨਿੰਦਾ ਕੀਤੀ।

'ਤੋਟੀ ਆਪਣੇ ਭੋਲੇਪਣ ਦੇ ਕਾਰਣ ਤੇ ਸੂਰੀ ਆਪਣੀ ਮੂਰਖਤਾ ਦੇ ਕਾਰਣ ਮੇਰੇ ਫਰਜ਼ ਨਿਭਾਉਣ

ਦੇ ਰਾਹ 'ਚ ਰੋੜ ਬਣੇ। ਬੜੀ ਅਜੀਬ ਸਥਿਤੀ ਏ। ਜਿਸ ਸੂਰੀ ਦੇ ਲਈ ਮੈਂ ਏਨੇ ਤਸੀਹੇ ਝੱਲ ਰਿਹਾ ਹਾਂ, ਉਹੀ ਥੋੜ੍ਹਾ ਵੀ ਮੌਕਾ ਮਿਲੇ ਤਾਂ ਮੇਰੀ ਬੋਟੀ-ਬੋਟੀ ਕਰਨ ਨੂੰ ਤਿਆਰ ਏ। ਇਸ ਵਿਧਨਾ ਦੇ ਬਾਰੇ 'ਚ ਸਿਰ ਫਟਣ ਤੱਕ ਸੋਚਦੇ ਰਿਹਾ ਜਾ ਸਕਦਾ ਏ।' ਬੁੱਢੇ ਨੇ ਸੋਚਿਆ।

'ਜ਼ਿੰਦਗੀ ਤਰ੍ਹਾਂ-ਤਰ੍ਹਾਂ ਦੇ ਵਿਰੋਧਾਂ ਨਾਲ ਭਰੀ ਏ।' ਉਸਨੇ ਇੱਕ ਵਾਰ ਫੇਰ ਆਪਣੇ-ਆਪ ਨੂੰ ਕਿਹਾ।

ਇਹ ਜਿੰਨਾ ਦੁੱਖ ਭੋਗ ਰਿਹਾ ਹੈ, ਉਸ ਤੋਂ ਵੀ ਜ਼ਿਆਦਾ ਦੁੱਖ ਲਈ ਸੂਰੀ ਪਈ ਹੈ। ਪਿੱਠ ਦੇ ਜ਼ਖ਼ਮ 'ਤੇ ਮੱਖੀਆਂ ਬੈਠਣ ਲੱਗੀਆਂ ਤਾਂ ਉਹ ਆਪਣੀ ਪੂਛ ਨਾਲ ਉਨ੍ਹਾਂ ਨੂੰ ਉਡਾ ਰਹੀ ਹੈ। 'ਇਹ ਮੋਈਆਂ ਮੱਖੀਆਂ ਉਸਦੇ ਜ਼ਖ਼ਮ 'ਤੇ ਬੈਠ ਕੇ ਉਸਨੂੰ ਨਾ ਤੰਗ ਕਰਨ ਤਾਂ ਚੰਗਾ ਹੋਵੇ। ਇਹ ਜੰਗਲੀ ਮੱਖੀਆਂ ਬੜੀਆਂ ਕਮੀਨੀਆਂ ਹੁੰਦੀਆਂ ਨੇ। ਅਕਸਰ ਬਲ਼ਦਾਂ ਦੇ ਫੋੜਿਆਂ 'ਤੇ ਬੈਠ ਕੇ ਉਨ੍ਹਾਂ ਨੂੰ ਭੜਕਾ-ਭੜਕਾ ਸਾਰੇ ਜੰਗਲ 'ਚ ਭਜਾਉਂਦੀਆਂ ਰਹਿੰਦੀਆਂ ਨੇ।' ਉਸਨੇ ਸੋਚਿਆ।

ਸੂਰੀ ਦੇ ਮੂੰਹ ਦਾ ਲਹੂ ਹੁਣ ਸੁੱਕ ਗਿਆ ਪਰ ਪਿੱਠ ਦੇ ਜ਼ਖ਼ਮ ਤੋਂ ਤਾਂ ਲਹੂ ਵਗ ਹੀ ਰਿਹਾ ਹੈ - ਚਮ-ਚਮ ਕਰਦਾ। 'ਜ਼ਖ਼ਮ 'ਚ ਪੀਕ ਨਾ ਪੈ ਜਾਵੇ। ਜ਼ਖ਼ਮ ਨੂੰ ਫੌਰਨ ਨਮਕ ਦੇ ਪਾਣੀ ਨਾਲ ਧੋ ਕੇ ਜ਼ਖ਼ਮ ਭਰਨ ਵਾਲੀ ਬੂਟੀ ਤੇ ਪੱਤਿਆਂ ਦਾ ਲੇਪ ਕਰ ਦੇਵਾਂ ਤਾਂ ਜ਼ਖ਼ਮ ਇਉਂ ਭਰ ਜਾਵੇਗਾ ਕਿ ਦਾਗ਼ ਵੀ ਨਾ ਛੱਡੇ। ਪਰ ਹੁਣ ਮੈਂ ਰੁੱਖ ਤੋਂ ਉੱਤਰ ਨਾ ਸਕਣ ਦੀ ਨਭਾਗਾ ਸਥਿਤੀ 'ਚ ਹਾਂ।' ਟਾਹਣੀ 'ਤੇ ਮੁਸ਼ਕਿਲ ਨਾਲ ਸਰਕਦਿਆਂ ਉਸਨੇ ਸੋਚਿਆ।

'ਕੱਲ੍ਹ ਸਵੇਰੇ ਘਰ ਪਹੁੰਚਦੇ ਹੀ ਜੋ ਕੰਮ ਕਰਨਾ ਏ, ਉਹ ਇਹੀ ਏ। ਬੂਟੀ ਤੇ ਪੱਤਿਆਂ ਦੇ ਲਈ ਮੁੰਡੇ ਨੂੰ ਭੇਜਣਾ ਹੋਵੇਗਾ। ਉਸਦੇ ਜ਼ਖ਼ਮ 'ਤੇ ਪੱਟੀ ਕਰਨ ਤੋਂ ਪਹਿਲਾਂ ਕਿਸੇ ਹੋਰ ਕੰਮ ਦੇ ਬਾਰੇ 'ਚ ਸੋਚਿਆ ਵੀ ਨਹੀਂ ਜਾ ਸਕਦਾ।' ਉਸਨੇ ਤੈਅ ਕੀਤਾ।

'ਸਿਰਫ਼ ਉਸਦੇ ਸਰੀਰ ਦੇ ਜ਼ਖ਼ਮ ਦੇ ਬਾਰੇ 'ਚ ਸੋਚ ਰਿਹਾ ਹਾਂ। ਉਸਦੇ ਮਨ ਦੇ ਜ਼ਖ਼ਮ ਦਾ ਕੀ ਹੋਵੇਗਾ ? ਪਹਿਲੇ ਸੂਏ ਦੇ ਦੋ-ਦੋ ਬੱਚੇ ਗੁਆ ਦੇਣਾ ਕੀ ਮਾਮੂਲੀ ਗੱਲ ਏ ? ਹੁਣ ਉਸਦਾ ਮਨ ਪੱਕੇ ਜ਼ਖ਼ਮ ਵਾਂਗੂ ਹੋ ਰਿਹਾ ਹੋਵੇਗਾ। ਉਸਦੇ ਕੋਲ ਬੈਠ ਕੇ ਪਿੱਠ 'ਤੇ ਹੱਥ ਫੇਰਦਿਆਂ ਦੋ ਪਿਆਰ ਦੀਆਂ ਗੱਲਾਂ ਕਰ ਸਕਦਾ ਤਾਂ ਕਿੰਨਾ ਚੰਗਾ ਹੁੰਦਾ। ਕੀ ਕਰਾਂ ? ਮੇਰਾ ਮਨ ਸਥਿਰ ਹੋਵੇ, ਤਦੇ ਤਾਂ ਉਸਨੂੰ ਦਿਲਾਸਾ ਦੇ ਸਕਦਾ ਹਾਂ।' ਉਸਨੇ ਸੋਚਿਆ।

ਰੁਕੀ ਹੋਈ ਹਵਾ ਹੌਲੀ-ਹੌਲੀ ਚੱਲਣ ਲੱਗੀ। ਜੜ੍ਹ ਹੋਏ ਪੱਤੇ ਥੋੜ੍ਹਾ-ਥੋੜ੍ਹਾ ਹਿੱਲਣ ਲੱਗੇ।

'ਅੱਜ ਮਰੇ ਹੋਏ ਬੱਚੇ ਸ਼ਾਇਦ ਥੋੜ੍ਹੀ ਉਮਰ ਲੈ ਕੇ ਪੈਦਾ ਹੋਏ ਸਨ। ਇਹੀ ਸੋਚਣਾ ਠੀਕ ਰਹੇਗਾ ਕਿ ਉਹ ਪੈਦਾ ਹੀ ਨਹੀਂ ਹੋਏ ਸਨ। ਸੋਚਾਂਗਾ ਕਿ ਅੱਠ ਹੀ ਸਨ। ਕੱਲ੍ਹ ਪਿੰਡ 'ਚ ਕਹਾਂਗਾ ਕਿ ਅੱਠ ਹੀ ਪੈਦਾ ਹੋਏ ਸਨ। ਸਾਰੇ ਪਿੰਡ ਵਾਲੇ ਯਕੀਨ ਕਰ ਲੈਣਗੇ। ਮੁੰਡਾ ਵੀ ਯਕੀਨ ਕਰੇਗਾ।' ਉਸਨੇ ਸੋਚਿਆ।

ਹੌਲੀ-ਹੌਲੀ ਹਵਾ 'ਚ ਤੈਰ ਕੇ ਆਉਂਦੀ ਫੁੱਲਾਂ ਦੀ ਖ਼ੁਸ਼ਬੂ ਉਸਨੂੰ ਮਸਤੀ ਨਾਲ ਛੂ ਰਹੀ ਹੈ।

'ਹੋ ਸਕਦੈ ਕਿ ਮੈਂ ਸਾਰੀ ਦੁਨੀਆ ਨੂੰ ਯਕੀਨ ਦਵਾ ਦੇਵਾਂ। ਪਰ ਸੱਚੀ ਗੱਲ ਸੂਰੀ ਤਾਂ ਜਾਣਦੀ ਏ। ਭਾਲਾ ਜਾਣਦਾ ਏ। ਮੇਰੀ ਅੰਤਰ ਆਤਮਾ ਜਾਣਦੀ ਏ।' ਉਸਨੇ ਸੋਚਿਆ।

ਉਸਨੂੰ ਇਉਂ ਲੱਗਿਆ ਜਿਵੇਂ ਮੰਦ-ਮੰਦ ਹਵਾ ਗਰਮ ਹੋ ਗਈ ਹੈ ਅਤੇ ਫੁੱਲਾਂ ਦੀ ਸੁਗੰਧ ਮਹਿਕ ਵਿਹੂਣੀ ਹੋ ਚੁੱਕੀ ਹੈ।

'ਇਸ ਲਈ ਮੇਰੇ ਜਾਂ ਸੂਰੀ ਦੇ ਲਈ ਅੱਜ ਦੀ ਮਾੜੀ ਕਿਸਮਤ ਨੂੰ ਭੁੱਲਣਾ ਸੰਭਵ ਨਹੀਂ ਹੋਵੇਗਾ ਪਰ ਵਕਤ ਸਭ ਕੁਝ ਭੁਲਾ ਦਿੰਦਾ ਏ। ਬਾਲੂ ਦੀ ਪਗਡੰਡੀ ਨੂੰ ਪਾਣੀ ਦੀ ਲਹਿਰ ਜਿੰਨੀ ਆਸਾਨੀ ਨਾਲ ਮਿਟਾਉਂਦੀ ਏ, ਘਰ ਦੇ ਵਿਹੜੇ 'ਚ ਛਿੜਕੇ ਪਾਣੀ ਦੀ ਨਮੀ ਨੂੰ ਸੂਰਜ ਜਿੰਨੀ ਆਸਾਨੀ ਨਾਲ



ਸੋਖਦਾ ਏ, ਉੱਨੀ ਹੀ ਆਸਾਨੀ ਨਾਲ ਵਕਤ ਮਾੜੀ ਕਿਸਮਤ ਨੂੰ ਭੁਲਾਉਂਦਾ ਏ।' ਉਸਨੇ ਸੋਚਿਆ।

'ਪੱਛਮ ਦੇ ਵੱਲ ਚੰਦਰਮਾ ਦੇ ਝੁਕਣ ਨਾਲ ਝਾੜੀ ਦੀ ਛਾਂ ਸੂਰੀ 'ਤੇ ਪੈ ਰਹੀ ਏ। ਜ਼ਖ਼ਮ 'ਚੋਂ ਲਹੂ ਹਾਲੇ ਵੀ ਵਗ ਰਿਹਾ ਹੈ ਜਾਂ ਨਹੀਂ, ਪਤਾ ਨਹੀਂ ਚੱਲ ਰਿਹਾ ਏ। ਸੂਰੀ ਦਾ ਸਰੀਰ ਅੱਧਾ ਛਾਂ 'ਚ ਤੇ ਅੱਧਾ ਚਾਨਣੀ 'ਚ ਏ। ਕੁਝ ਬੱਚੇ ਦੁੱਧ ਪੀ ਰਹੇ ਹਨ। ਕੁਝ ਹੋਰ ਅੰਨ੍ਹਿਆਂ ਵਾਂਗ ਮਾਂ ਦੇ ਕੋਲ ਹਿਲ-ਜੁਲ ਰਹੇ ਹਨ।'

'ਸੂਰੀ ਕਿਸ ਚੀਜ਼ ਬਾਰੇ ਸੋਚ ਰਹੀ ਏ ? ਉਸਨੇ ਜਿਹੜੇ ਦੋ ਬੱਚੇ ਗੁਆਏ ਨੇ, ਉਨ੍ਹਾਂ ਦੇ ਲਈ ਸ਼ਾਇਦ ਦੁੱਖ ਮਨ੍ਹਾ ਰਹੀ ਹੋਵੇ। ਬਚੇ ਹੋਏ ਅੱਠ ਬੱਚਿਆਂ ਦੀ ਰੱਖਿਆ ਕਰਨ ਦੇ ਲਈ ਸ਼ਾਇਦ ਰੱਬ ਨੂੰ ਪ੍ਰਾਰਥਨਾ ਕਰ ਰਹੀ ਹੋਵੇ। ਉਹ ਆਪਣੇ ਦੁੱਖੜੇ ਮੈਨੂੰ ਸੁਣਾਉਂਦੀ ਤੇ ਮੇਰੇ ਦੁੱਖੜੇ ਸੁਣਦੀ ਤਾਂ ਕਿੰਨਾ ਚੰਗਾ ਹੁੰਦਾ।' ਉਸਨੇ ਸੋਚਿਆ।

'ਕੀੜੀਆਂ ਦਿਖ ਨਹੀਂ ਰਹੀਆਂ ਨੇ। ਇੱਕ ਵੀ ਨਹੀਂ। ਉਨ੍ਹਾਂ ਦਾ ਕੀ ਹੋਇਆ ਹੋਵੇਗਾ ? ਖਾਣੇ ਦੀ ਭਾਲ 'ਚ ਗਈਆਂ ਹੋਣਗੀਆਂ। ਜਿਵੇਂ ਮੈਂ ਖਰਗੋਸ਼ ਨੂੰ ਮਾਰ ਕੇ ਖਾਧਾ ਏ ਤੇ ਗਿੱਦੜਾਂ ਨੇ ਬੱਚਿਆਂ ਨੂੰ, ਉਵੇਂ ਹੀ ਇਹ ਵੀ ਕਿਸੇ ਨੂੰ ਮਾਰ ਕੇ ਖਾਣ ਗਈਆਂ ਹੋਣਗੀਆਂ। ਮਰੇ ਪਏ ਗਿੱਦੜਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਦਾ ਭੋਗ ਲਾਉਣ ਗਈਆਂ ਹੋਣ ਸ਼ਾਇਦ। ਕੀੜੀਆਂ ਵਰਗੇ ਸਹਿਜ ਜੀਵ ਵੀ ਆਖਿਰ ਹਿੰਸਾ ਦੇ ਸਹਾਰੇ ਹੀ ਜੀ ਰਹੇ ਏ।'' ਉਸਨੇ ਸੋਚਿਆ।

ਉਸ ਵਿੱਚ ਆਪਣੇ ਦਾਇਰੇ ਦੇ ਪ੍ਰਤਿ ਨਫ਼ਰਤ ਪੈਦਾ ਹੋਣ ਲੱਗੀ। ਗਿੱਦੜਾਂ ਦੀਆਂ ਲਾਸ਼ਾਂ ਵੱਲ ਮੁੜ ਕੇ ਖੰਗਾਰ ਕੇ ਥੁੱਕ ਦਿੱਤਾ। ਦੁੱਧ ਵਰਗੀ ਚਾਨਣੀ ਵੀ ਉਸਨੂੰ ਠੰਢਕ ਨਹੀਂ ਦੇ ਰਹੀ ਹੈ। ਤਰ੍ਹਾਂ-ਤਰ੍ਹਾਂ ਦੀਆਂ ਮਹਿਕਾਂ ਨਾਲ ਲੱਦੀ ਹਵਾ ਉਸਨੂੰ ਖੁਸ਼ੀ ਨਹੀਂ ਦੇ ਪਾ ਰਹੀ ਹੈ। ਇਸ ਮਾਹੌਲ 'ਚ ਸ਼ਾਮਿਲ ਹਿੰਸਾ-ਬਿਰਤੀ ਅਤੇ ਲੁੱਟ ਦੀ ਪ੍ਰਵਿਰਤੀ ਉਸ ਦੀਆਂ ਪੰਜ ਇੰਦਰੀਆਂ ਨੂੰ ਛੋਂਹਦਿਆਂ ਉਸ 'ਚ ਨਫ਼ਰਤ ਉਭਾਰ ਰਹੀਆਂ ਹਨ। 'ਸਿਰਫ ਦੰਦ ਤੇ ਪੰਜੇ ਰੱਖਣ ਵਾਲੇ ਹਿੰਸਕ ਜੀਵ ਹੀ ਇਸ ਜੰਗਲ 'ਚ ਆਪਣੀ ਹੋਂਦ ਬਣਾਈ ਰੱਖ ਸਕਦੇ ਨੇ।' ਇਹ ਸੋਚ ਕੇ ਇੱਕ ਵਾਰ ਫੇਰ ਖੰਗਾਰ ਕੇ ਗਿੱਦੜਾਂ ਦੀਆਂ ਲਾਸ਼ਾਂ ਦੀ ਦਿਸ਼ਾ 'ਚ ਥੁਕਦੇ-ਥੁਕਦੇ ਉਹ ਰੁਕ ਗਿਆ। 'ਏਥੇ ਅਜਿਹਾ ਹੈ ਕੌਣ ਜੋ ਹਿੰਸਾ ਨਹੀਂ ਕਰ ਰਿਹਾ ਏ ? ਥੋੜ੍ਹੀ ਭੁੱਖ ਲੱਗਦੇ ਹੀ ਮੈਂ ਖਰਗੋਸ਼ ਮਾਰ ਕੇ ਖਾਧਾ ਨਹੀਂ ਸੀ।' ਉਸਨੇ ਸੋਚਿਆ। ਸਿਰ ਝੁਕਾ ਕੇ ਟਾਹਣੀ ਦੇ ਹੇਠਾਂ ਥੁੱਕ ਕੇ ਉਸਨੇ ਫੇਰ ਸੋਚਿਆ, 'ਮੈਂ ਵੀ ਇਸੇ ਪ੍ਰਕਿਰਤੀ ਦਾ ਇੱਕ ਹਿੱਸਾ ਹਾਂ।'

'ਉਸ 'ਚ ਅਸਹਿਣਸ਼ੀਲਤਾ ਵਧਦੀ ਜਾ ਰਹੀ ਏ। ਛੇਤੀ ਸਵੇਰਾ ਹੋਵੇ ਤਾਂ ਚੰਗਾ ਹੋਵੇ।' ਇਹ ਸੋਚਦਿਆਂ ਉਸਨੇ ਚਾਹਨਾ ਨਾਲ ਪੂਰਬ ਦੇ ਵੱਲ ਵੇਖਿਆ। ਪੂਰਬ ਦੇ ਆਕਾਸ਼ 'ਚ ਸਵੇਰ ਦਾ ਨਾਂ ਨਿਸ਼ਾਨ ਨਹੀਂ ਸੀ। ਸ਼ੀਤ ਰੋਗ ਨਾਲ ਪੀੜਤ ਗਾਂ ਜਾਂ ਭਿੱਜੇ ਖੰਭਾਂ ਵਾਲੀ ਚਿੜੀ ਵਾਂਗੂ ਉਹ ਸੁੰਘੜਿਆ ਸੀ।

'ਸਵੇਰਾ ਹੋਣ 'ਤੇ ਸੂਰੀ ਦੀ ਅਕਲ ਟਿਕਾਣੇ ਆਵੇਗੀ ਤੇ ਉਹ ਮੇਰੇ ਕਾਬੂ ਆ ਜਾਵੇਗੀ। ਮੈਂ ਬਾਂਸ ਦੀਆਂ ਪੱਚਰਾਂ ਤੇ ਵੇਲਾਂ ਨਾਲ ਛਾਬਾ ਬੁਣ ਕੇ ਬੱਚਿਆਂ ਨੂੰ ਉਸ 'ਚ ਰੱਖ ਲਵਾਂਗਾ ਤੇ ਸੂਰੀ ਨੂੰ ਨਾਲ ਲੈ ਕੇ ਜੰਗਲ ਛੱਡ ਕੇ ਚਲਾ ਜਾਵਾਂਗਾ, ਰੱਬ ਕਰੇ, ਇਸ ਦੌਰਾਨ ਕੋਈ ਮਾੜੀ ਘਟਨਾ ਨਾ ਵਾਪਰੇ।' ਉਸਨੇ ਸੋਚਿਆ।

'ਏਥੋਂ ਜਾਣ ਦੇ ਬਾਅਦ ਬਹੁਤ ਦਿਨਾਂ ਤੱਕ ਮੈਂ ਇਸ ਝਾੜੀ ਤੇ ਪਲਾਸ ਦੇ ਇਸ ਬਿਰਖ਼ ਨੂੰ ਯਾਦ ਰੱਖਾਂਗਾ। ਏਨੇ ਥੋੜ੍ਹੇ ਸਮੇਂ 'ਚ ਹੀ ਇਨ੍ਹਾਂ ਨਾਲ ਮੇਰਾ ਡੂੰਘਾ ਸੰਬੰਧ ਜੋ ਸਥਾਪਤ ਹੋ ਗਿਆ ਏ। ਦੋਸਤੀ 'ਚ ਸਮੇਂ ਨਾਲੋਂ ਜ਼ਿਆਦਾ ਪੱਕਾਪਣ ਹੀ ਮਹੱਤਵਪੂਰਣ ਹੁੰਦਾ ਏ।' ਬੁੱਢੇ ਨੇ ਸੋਚਿਆ।

'ਹੋ ਸਕਦਾ ਏ ਕਿ ਕੁਝ ਸਮੇਂ ਬਾਅਦ ਮੈਂ ਇਸ ਜੰਗਲ 'ਚ ਆ ਕੇ ਇਸ ਇਲਾਕੇ ਨੂੰ ਦੇਖਾਂ। ਉਦੋਂ

ਇਹ ਲਹੂ ਦੇ ਕੁੰਡ ਗਾਇਬ ਹੋ ਚੁੱਕੇ ਹੋਣਗੇ। ਇਹ ਝਾੜੀ ਸੁੱਕ-ਸੱਕ ਗਈ ਹੋਵੇਗੀ। ਪਲਾਸ ਦੀਆਂ ਟਾਹਣੀਆਂ ਖੋਖਲੀਆਂ ਹੋ ਚੁੱਕੀਆਂ ਹੋਣਗੀਆਂ। ਗਿੱਦੜਾਂ ਦੀਆਂ ਖੋਪੜੀਆਂ ਤੇ ਹੱਡੀਆਂ ਘਾਹ 'ਚ ਧਸ ਗਈਆਂ ਹੋਣਗੀਆਂ।'

ਲਾਸ਼ਾਂ ਦੀ ਹੋਣ ਵਾਲੀ ਦੁਰਗਤੀ ਨੂੰ ਲੈ ਕੇ ਉਹ ਹਿੰਸਕ ਭਾਵ ਨਾਲ ਸੋਚਣ ਲੱਗਿਆ। 'ਕੱਲ੍ਹ ਸਵੇਰੇ ਵੱਡਾ ਦਿਨ ਚੜ੍ਹਨ ਤੱਕ ਇਹ ਥਾਂ ਇੱਲ੍ਹਾਂ ਨਾਲ ਭਰ ਚੁੱਕੀ ਹੋਵੇਗੀ। ਇੱਲ੍ਹਾਂ ਜੋ ਮਾਸ ਛੱਡ ਦੇਣਗੀਆਂ, ਉਸਨੂੰ ਹੌਲੀ-ਹੌਲੀ ਸਿਉਂਕ ਖਾ ਜਾਵੇਗੀ। ਇਨ੍ਹਾਂ ਖੋਪੜੀਆਂ 'ਚ ਨੂੰਹੇ ਤੇ ਸੱਪ ਘਰ ਬਣਾ ਲੈਣਗੇ।' ਉਸਨੇ ਸੋਚਿਆ।

ਉਹ ਤਿੰਨੇ ਗਿੱਦੜ ਇਉਂ ਪਏ ਹਨ ਜਿਵੇਂ ਕਮੀਨੇਪਣ ਦੀਆਂ ਗੱਠਾਂ ਬੰਨ੍ਹ ਕੇ ਸੁੱਟ ਦਿੱਤੀਆਂ ਗਈਆਂ ਹੋਣ। ਝਾੜੀ ਦੇ ਕੋਲ ਪਏ ਗਿੱਦੜ ਦੇ ਸਿਰ 'ਚ ਗੁੜਿਆ ਭਾਲਾ ਸਿੱਧਾ ਖੜ੍ਹਾ ਸੀ। ਉਸਦੇ ਮਿਚੇ ਹੋਏ ਦੰਦ ਅਤੇ ਖੁੱਲ੍ਹੀਆਂ ਅੱਖਾਂ 'ਚ ਚਾਨਣੀ ਚਮਕ ਰਹੀ ਹੈ। ਉਸਨੂੰ ਦੇਖ ਕੇ ਲੱਗਦਾ ਹੈ ਜਿਵੇਂ ਕਿਸੇ ਵੀ ਪਲ ਉੱਠ ਕੇ ਭੱਜ ਜਾਵੇਗਾ।

'ਹੁਣ ਕੀ ਉੱਠੇਗਾ, ਭਾਲਾ ਉਸ ਦੀਆਂ ਅੱਖਾਂ ਦੇ ਵਿਚਾਲੇ ਵੜ ਕੇ ਗਰਦਨ 'ਚੋਂ ਹੋ ਕੇ ਬਾਹਰ ਜੋ ਨਿਕਲ ਆਇਆ ਏ।' ਉਸਨੇ ਸੋਚਿਆ।

'ਇਨ੍ਹਾਂ ਤਿੰਨਾਂ ਦੀਆਂ ਖੋਪੜੀਆਂ ਲਿਜਾ ਕੇ ਝੁੱਗੀ 'ਚ ਰੱਖ ਲਵਾਂ ਤਾਂ ਉਹ ਅੱਜ ਰਾਤ ਦੇ ਮੇਰੇ ਅਨੁਭਵਾਂ ਦੀ ਯਾਦਗਾਰ ਹੋਣਗੀਆਂ। ਸੂਰੀ ਦਾ ਗੁੱਸਾ ਤੇ ਬਾਹਾਂ ਦੀ ਤਾਕਤ ਇਨ੍ਹਾਂ ਦੇ ਰੂਪ 'ਚ ਮੇਰੇ ਕੋਲ ਸੁਰੱਖਿਅਤ ਰਹੇਗੀ। ਪਰ ਇਹ ਬੜੀ ਭਿਆਨਕ ਰਾਤ ਏ। ਬੁਰੇ ਸੁਪਨਿਆਂ ਨਾਲ ਭਰੀ ਨੀਂਦ ਵਰਗੀ। ਜਿਸ ਰਾਤ ਨੇ ਮੇਰੇ ਦੋ ਬੱਚੇ ਹਰ ਲਏ, ਉਸਨੂੰ ਮੈਂ ਯਾਦ ਨਹੀਂ ਰੱਖਣਾ ਚਾਹੁੰਦਾ। ਅਤੀਤ ਦੀਆਂ ਬਦਕਿਸਮਤਾਂ ਨੂੰ ਵਾਰ-ਵਾਰ ਯਾਦ ਕਰਨਾ ਠੀਕ ਨਹੀਂ। ਉਨ੍ਹਾਂ ਨੂੰ ਛੇਤੀ ਹੀ ਭੁੱਲ ਜਾਣਾ ਚਾਹੀਦਾ ਏ। ਭੁੱਲਣ ਨਾਲੋਂ ਵੀ ਜ਼ਿਆਦਾ ਮਹੱਤਵਪੂਰਣ ਏ ਸਬਕ ਲੈਣਾ। ਪਰ ਇਸ ਬਦਕਿਸਮਤ ਤੋਂ ਮੈਂ ਕੀ ਸਿੱਖਿਆ ਏ ?" ਉਸਨੇ ਖ਼ੁਦ ਨੂੰ ਸੁਆਲ ਕੀਤਾ।

'ਮੇਰੀ ਭੁੱਲ ਤਾਂ ਸਾਫ਼ ਹੀ ਏ। ਜੋ ਸੂਰੀ ਅੱਜ ਜਾਂ ਕੱਲ੍ਹ ਸੂਣ ਵਾਲੀ ਹੋਵੇ ਉਸਨੂੰ ਬਾਹਰ ਛੱਡਣਾ ਹੀ ਮੇਰੀ ਭੁੱਲ ਸੀ। ਉਸਨੂੰ ਬਾੜੇ 'ਚ ਰੱਖ ਕੇ ਹੀ ਦਾਣਾ-ਪਾਣੀ ਦੇਣਾ ਸੀ।' ਉਸਨੇ ਸੋਚਿਆ। ਸੂਰਜ ਦੀਆਂ ਸਿੱਧੀਆਂ ਕਿਰਣਾਂ ਵਾਂਗੂ ਉਸਦੀ ਭੁੱਲ ਉਸਨੂੰ ਦੁੱਖੀ ਕਰਨ ਲੱਗੀ।

'ਸਵੇਰੇ ਮਨ ਠੀਕ ਨਹੀਂ ਸੀ। ਮੁੰਡੇ ਦਾ ਬਾੜਾ ਖੋਲ੍ਹਣਾ ਤੇ ਸੂਰਾਂ ਨੂੰ ਬਾਹਰ ਕੱਢਣਾ, ਝੁੱਗੀ 'ਚ ਪਏ-ਪਏ ਮੈਂ ਸੁਣ ਤਾਂ ਰਿਹਾ ਸੀ, ਪਰ ਉੱਠ ਕੇ ਬਾਹਰ ਆਉਣ ਤੇ ਮੁੰਡੇ ਨੂੰ ਲੋੜੀਂਦੀਆਂ ਹਿਦਾਇਤਾਂ ਦੇਣ ਦੀ ਤਾਕਤ ਮੇਰੇ 'ਚ ਨਹੀਂ ਸੀ।' ਬੁੱਢੇ ਨੇ ਸੋਚਿਆ।

'ਹੁਣ ਇਨ੍ਹਾਂ ਖਿਆਲਾਂ ਨੂੰ ਛੱਡਦਾ ਹਾਂ।' ਇਹ ਸੋਚਦਿਆਂ ਉਸਨੇ ਇੱਕ ਲੰਬਾ ਸਾਹ ਛੱਡਿਆ ਅਤੇ ਦੋਵੇਂ ਹੱਥਾਂ ਨਾਲ ਸਿਰ ਖੁਰਕਿਆ।

ਪੱਥਰ ਨੂੰ ਤਲਾਅ 'ਚ ਸੁੱਟਣ ਤੋਂ ਫਟਣ ਵਾਲੀ ਕਾਈ ਜਿਸ ਤਰ੍ਹਾਂ ਫੇਰ ਤੋਂ ਜੁੜ ਜਾਂਦੀ ਹੈ, ਉਸ ਤਰ੍ਹਾਂ ਉਹ ਖਿਆਲ ਫੇਰ ਤੋਂ ਜੁੜ ਗਏ।

'ਮੈਂ ਉਨ੍ਹਾਂ ਖਿਆਲਾਂ ਨੂੰ ਪਾਸੇ ਨਹੀਂ ਕਰ ਸਕਦਾ। ਅੱਜ ਮੈਥੋਂ ਹੋਈਆਂ ਭੁੱਲਾਂ ਇੱਕ ਜਾਂ ਦੋ ਨਹੀਂ, ਬਹੁਤ ਸਾਰੀਆਂ ਦਿਖ ਰਹੀਆਂ ਨੇ। ਘਰੋਂ ਨਿਕਲਦੇ ਸਮੇਂ ਘੱਟੋ-ਘੱਟ ਗੁਲੇਲ ਹੱਥ 'ਚ ਲੈ ਕੇ ਆਉਣਾ ਸੀ। ਭਾਲਾ ਕਿੰਨਾ ਵੀ ਤਾਕਤਵਰ ਹੋਵੇ, ਉਸਦੀ ਵਰਤੋਂ ਤਾਂ ਇੱਕੋ ਹੀ ਵਾਰ ਕਰ ਸਕਦਾ ਹਾਂ। ਬਹੁਤ ਸਾਰੇ ਰੋੜੇ ਕੋਲੇ ਰੱਖ ਕੇ ਗੁਲੇਲ ਹੱਥ 'ਚ ਹੁੰਦੀ ਤਾਂ ਗਿੱਦੜਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਭੰਨ ਸੁੱਟਦਾ। ਇੱਕ ਬੱਚੇ ਦਾ ਵੀ ਨੁਕਸਾਨ ਨਾ ਹੁੰਦਾ।'



ਉਸਨੂੰ ਗੁਲੇਲ ਨੂੰ ਵਰਤਿਆਂ ਬਹੁਤ ਸਮਾਂ ਹੋ ਗਿਆ ਹੈ। ਨਿੱਕੇ ਹੁੰਦਿਆਂ ਉਹ ਉੱਚੀ ਤੋਂ ਉੱਚੀ ਟਾਹਣੀ 'ਤੇ ਬੈਠੀ ਕਾਟੋ ਨੂੰ ਜਾਂ ਵੱਧੋ-ਵੱਧ ਤੇਜ਼ ਉੱਡਦੀ ਚਿੜੀ ਨੂੰ ਜਿਸ ਬਿੰਦੂ 'ਤੇ ਚਾਹੁੰਦਾ, ਉਸੇ ਬਿੰਦੂ 'ਤੇ ਮਾਰ ਕੇ ਸੁੱਟ ਦਿੰਦਾ ਸੀ।

ਉਸਨੂੰ ਮੁੰਡਾ ਯਾਦ ਆਇਆ। 'ਉਹ ਗੁਲੇਲ ਚਲਾਉਣ ਵਿਚ ਮਾਹਿਰ ਹੈ। ਉਸਨੂੰ ਨਿਸ਼ਾਨਾ ਲਾਉਣਾ ਮੈਂ ਹੀ ਸਿਖਾਇਆ ਏ।' ਮਾਣ ਨਾਲ ਉਸਨੇ ਸੋਚਿਆ। 'ਉਸਦੀ ਕਾਠੀ ਜ਼ਰਾ ਭਰੇ ਤਾਂ ਭਾਲਾ ਚਲਾਉਣਾ ਸਿਖਾਵਾਂਗਾ। ਮੋਢਿਆਂ ਤੇ ਬਾਹਾਂ 'ਚ ਠੋਸ ਮਾਸ ਨਾ ਹੋਵੇ ਤਾਂ ਭਾਲਾ ਨਹੀਂ ਸੁੱਟਿਆ ਜਾ ਸਕਦਾ।' ਉਸਨੇ ਸੋਚਿਆ।

ਰਾਤ ਬੀਤਦੀ ਜਾ ਰਹੀ ਹੈ। ਚੰਦਰਮਾ ਨੂੰ ਅਕਾਸ਼ ਦੇ ਵਿਚਾਲਿਉਂ ਉਤਰਨਾ ਸ਼ੁਰੂ ਕੀਤਿਆਂ ਬਹੁਤ ਸਮਾਂ ਹੋ ਚੁੱਕਿਆ ਹੈ। ਕਦੇ-ਕਦੇ ਚੰਦਰਮਾ ਨੂੰ ਲੁਕੋਂਦਿਆਂ ਬੱਦਲਾਂ ਦੀ ਛਾਂ ਸੰਨਾਟੇ 'ਚ ਸਰਕਦੀ ਜਾ ਰਹੀ ਹੈ।

## ਸਤਾਰ੍ਹਾਂ

ਰਾਤ ਬੀਤਦੇ-ਬੀਤਦੇ ਬੁੱਢੇ ਨੂੰ ਹਤਾਸ਼ਾ ਘੇਰਨ ਲੱਗੀ। 'ਇਹ ਸ਼ੁਭ ਨਹੀਂ ਏ। ਹਤਾਸ਼ਾ ਕਰਮਵੀਰ ਦਾ ਲੱਛਣ ਨਹੀਂ ਹੁੰਦੀ।' ਉਸਨੇ ਸੋਚਿਆ। 'ਮੇਰਾ ਘੇਰਾ ਬੜਾ ਮਾੜਾ ਏ। ਅੱਖਾਂ ਖੋਲ੍ਹੋ ਤਾਂ ਮੌਤ ਦੇ ਮੂੰਹ 'ਚ ਗਏ ਜੀਵ ਜਾਂ ਹਿੰਸਾ ਨਾਲ ਪੀੜਤ ਜੀਵ ਦਿਖਾਈ ਦੇ ਰਹੇ ਨੇ। ਇਸ ਜੰਗਲ ਦੀ ਹਰ ਝਾੜੀ 'ਚ, ਹਰ ਗੁਫ਼ਾ 'ਚ ਲੋਭ ਤੇ ਨੀਚਤਾ ਲੁਕੀ ਏ। ਏਥੋਂ ਦੀ ਹਵਾ 'ਚ ਮੌਤ ਦਾ ਤਾਂਡਵ ਹੋ ਰਿਹਾ ਏ।'

ਕਮਜ਼ੋਰ ਹੁੰਦੇ ਮਨੋਬਲ ਨੂੰ ਵਧਾਉਣ ਦੇ ਲਈ ਉਸਨੇ ਆਪਣੇ ਵਿਚਾਰਾਂ ਨੂੰ ਵਰਤਮਾਨ ਤੋਂ ਅਤੀਤ ਵੱਲ ਮੋੜ ਦਿੱਤਾ।

ਕਿਸੇ ਵੀ ਸਥਿਤੀ 'ਚ ਅਤੇ ਕਿਸੇ ਦੇ ਮੂਹਰੇ ਉਸਦਾ ਸਿਰ ਝੁਕਿਆ ਨਹੀਂ ਸੀ। ਉਸਦੇ ਰੋਏਂ ਭਿੱਜ ਹੀ ਰਹੇ ਸਨ ਜਦ ਇੱਕ ਵਾਰ ਉਸ ਪਿੰਡ 'ਚ ਬਿਪਤਾ ਆਈ ਸੀ। ਪਿੰਡ ਦੇ ਕੋਲ ਸੜਕ ਦੇ ਉਸ ਪਾਸੇ ਸੈਨਾ ਦੀ ਇੱਕ ਟੁਕੜੀ ਨੇ ਪੜਾਅ ਕੀਤਾ ਸੀ। ਪਿੰਡ ਦੇ ਕਿਸੇ ਵੀ ਬੰਦੇ ਨੂੰ ਇਹ ਪਤਾ ਨਹੀਂ ਸੀ ਕਿ ਉੱਥੇ ਇਹ ਲੋਕ ਤੰਬੂ ਲਾ ਕੇ ਕਿਉਂ ਰਹਿ ਰਹੇ ਹਨ। ਲੋਕ ਆਪਸ ਵਿਚ ਇਹੀ ਕਿਹਾ ਕਰਦੇ ਸਨ ਕਿ ਕਿਤੇ ਸੰਸਾਰ-ਯੁੱਧ ਹੋ ਰਿਹਾ ਹੈ ਅਤੇ ਉਸ 'ਚ ਹਿੱਸਾ ਲੈਣ ਇਹ ਸਿਪਾਹੀ ਜਾ ਰਹੇ ਹਨ। ਇਹ ਸਿਪਾਹੀ ਕਾਲੇ ਅਤੇ ਬੜੇ ਲੰਬੇ ਹੋਇਆ ਕਰਦੇ ਸਨ। ਬੁੱਲ੍ਹ ਇਉਂ ਚੁੱਕੇ ਹੋਏ ਹੁੰਦੇ ਸਨ, ਜਿਵੇਂ ਕਿਸੇ ਕੀੜੇ ਨੇ ਡੰਗ ਮਾਰਿਆ ਹੋਵੇ। ਸਿਰ ਦੇ ਵਾਲ ਛੋਟੇ-ਛੋਟੇ ਘੁੰਗਰਾਲੇ ਹੁੰਦੇ ਸਨ।

ਉਨ੍ਹਾਂ ਦੇ ਆਉਣ ਦੇ ਨਾਲ ਪਿੰਡ 'ਚ ਬੜੀ ਹਲਚਲ ਹੋਈ। ਉਹ ਸਿਪਾਹੀ ਭਾਰੀ ਬੂਟ ਅਤੇ ਮੋਟੇ ਕੱਪੜੇ ਪਾਈ, ਸਿਰ 'ਤੇ ਲੋਹੇ ਦੀ ਟੋਪੀ ਅਤੇ ਮੋਢੇ 'ਤੇ ਬੰਦੂਕ ਰੱਖੇ ਘੁੰਮਿਆ ਕਰਦੇ ਸਨ। ਉਨ੍ਹਾਂ ਤੋਂ ਡਰ ਕੇ ਪਿੰਡ ਦੇ ਲੋਕ ਸੜਕ ਪਾਰ ਨਹੀਂ ਜਾਂਦੇ ਸਨ। ਹਨੇਰਾ ਹੋਣ ਦੇ ਬਾਅਦ ਗਲੀਆਂ 'ਚ ਨਹੀਂ ਨਿਕਲਦੇ ਸਨ।

ਪਰ ਲਗਾਤਾਰ ਉਨ੍ਹਾਂ ਸਿਪਾਹੀਆਂ ਨੇ ਪਿੰਡ ਦੇ ਲੋਕਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਦਿਨ-ਦਿਹਾੜੇ ਪਿੰਡ 'ਚ ਵੜ ਜਾਂਦੇ ਅਤੇ ਅਨਾਜ, ਮੁਰਗੇ ਅਤੇ ਬੱਕਰੇ ਚੁੱਕ ਕੇ ਲੈ ਜਾਂਦੇ। ਪਿੰਡ ਦਾ ਕੋਈ ਆਦਮੀ ਰੋਕਦਾ ਤਾਂ ਉਸਦੀ ਬੜੀ ਕੁਟਾਈ ਕਰਦੇ।

ਪਿੰਡ ਦੇ ਇੱਕ ਕਿਨਾਰੇ 'ਤੇ ਬੁੱਢੇ (ਉਦੋਂ ਗੱਭਰੂ) ਦੀ ਝੁੱਗੀ ਹੋਇਆ ਕਰਦੀ ਸੀ। ਇੱਕ ਦਿਨ ਤੜਕੇ ਦੋ ਸਿਪਾਹੀ ਉਸਦੀ ਝੁੱਗੀ 'ਚ ਆਏ ਅਤੇ ਦੋ ਸੂਰਾਂ ਦੀ ਮੰਗ ਕਰਦਿਆਂ ਰੌਲਾ ਪਾਉਣ ਲੱਗੇ।

ਉਸ ਵੇਲੇ ਉਹ ਬਾਸੇ ਚੌਲ ਖਾ ਕੇ ਬਾਹਰ ਚਰਾਉਣ ਜਾਣ ਵਾਲਾ ਹੀ ਸੀ। ਉਸਨੇ ਸੂਰ ਦੇਣ ਤੋਂ ਮਨ੍ਹਾ ਕਰ ਦਿੱਤਾ। ਭੂਸਰੇ ਹੋਏ ਸਿਪਾਹੀਆਂ ਨੇ ਮੋਢਿਆਂ ਤੋਂ ਬੰਦੂਕਾਂ ਲਾਹੀਆਂ ਅਤੇ ਖਟ-ਖਟ ਕਰਦੇ ਘੋੜੇ ਚੜ੍ਹਾ ਲਏ। ਉਸਨੇ ਇੱਕ ਵਾਰ ਛਾਤੀ ਭਰ ਕੇ ਹਵਾ ਖਿੱਚੀ। ਆਪਣੀ ਰੋਮਾਂ ਨਾਲ ਭਰੀ ਛਾਤੀ 'ਤੇ ਚਮਕਦੇ ਸ਼ੇਰ ਦੇ ਨਹੁੰ 'ਤੇ ਇੱਕ ਨਜ਼ਰ ਮਾਰੀ। ਤਾਕਤਵਰ ਬਾਂਹ 'ਤੇ ਬੰਨ੍ਹੇ ਤਬੀਤ ਦੇ ਵੱਲ ਦੇਖਿਆ। ਫੇਰ ਉਨ੍ਹਾਂ ਸਿਪਾਹੀਆਂ ਦੇ ਵੱਲ ਦੇਖ ਕੇ ਉਸਨੇ ਮਨ 'ਚ ਕਿਹਾ, 'ਮੈਂ ਇਨ੍ਹਾਂ ਭਾੜੇ ਦੇ ਟੱਟੂਆਂ ਦੇ ਸਾਹਮਣੇ ਹਾਰ ਮੰਨਾਗਾ ?' ਜਿੱਥੇ ਖੜ੍ਹਾ ਸੀ, ਉੱਥੋਂ ਛਾਲ ਮਾਰ ਕੇ ਉਨ੍ਹਾਂ ਦੋਵਾਂ ਨੂੰ ਇੱਕੋ ਨਾਲ ਜ਼ੋਰ ਦੇਣੇ ਮਾਰਿਆ। ਦੋਵੇਂ ਸਿਪਾਹੀ ਮੂਧੇ ਜਾ ਡਿਗੇ। ਬੰਦੂਕਾਂ ਹੱਥੋਂ ਛੁਟ ਗਈਆਂ। ਉਸਨੇ ਉਹ ਬੰਦੂਕਾਂ ਚੁੱਕ ਕੇ ਚਾਰ ਆਦਮੀਆਂ ਜਿੰਨੀ ਉੱਚੀ ਕੰਧ ਦੇ ਪਾਰ ਸੁੱਟ ਦਿੱਤੀਆਂ। ਏਨੇ 'ਚ ਦੋਵੇਂ ਸਿਪਾਹੀ ਉੱਠ ਕੇ ਉਸ 'ਤੇ ਟੁੱਟ ਪਏ। ਉਸਨੇ ਉਨ੍ਹਾਂ ਦੋਹਾਂ ਦਾ ਮੁਕਾਬਲਾ ਕੀਤਾ। ਉਨ੍ਹਾਂ ਤਿੰਨਾਂ ਦੇ ਮੁੱਕਿਆਂ ਨਾਲ, ਗੋਡਿਆਂ 'ਤੇ ਮਾਰੀਆਂ ਸੱਟਾਂ ਨਾਲ, ਲਲਕਾਰ ਅਤੇ ਦਹਾੜਾਂ ਨਾਲ ਉਹ ਸਾਰਾ ਇਲਾਕਾ ਗੂੰਜ ਉੱਠਿਆ। ਯੁੱਧ ਖਤਮ ਹੋਣ ਤੱਕ ਉਨ੍ਹਾਂ ਦੋਹਾਂ 'ਚੋਂ ਇੱਕ ਦੇ ਲੱਕ ਦੀ ਹੱਡੀ ਖਿਸਕ ਗਈ। ਦੂਜੇ ਦੇ ਗੋਡੇ 'ਚ ਮੋਚ ਆ ਗਈ। ਉਹ ਦੋਵੇਂ ਆਪਣੇ ਹਿੱਲੇ ਜੋੜਾਂ ਨੂੰ ਸੰਭਾਲਦਿਆਂ ਸੜਕ ਪਾਰ ਕਰਕੇ ਆਪਣੇ ਤੰਬੂਆਂ ਵੱਲ ਭੱਜੇ। ਉਨ੍ਹਾਂ ਸਿਪਾਹੀਆਂ ਨੂੰ ਚਿੱਤ ਕਰਨ 'ਚ ਉਸਨੇ ਜਿਨ੍ਹਾਂ ਜੁਗਤਾਂ ਦੀ ਵਰਤੋਂ ਕੀਤੀ ਸੀ, ਉਸ ਬਾਰੇ ਵਿਸਥਾਰ ਨਾਲ ਸੋਚ-ਵਿਚਾਰ ਕਰਦਿਆਂ ਬੁੱਢਾ ਪਲਾਸ 'ਤੇ ਬੈਠਾ ਹੈ। ਹੌਲੀ-ਹੌਲੀ ਉਸਦੇ ਮਨ 'ਚ ਖ਼ੁਸ਼ੀ ਦਾ ਸੰਚਾਰ ਹੋਇਆ। ਢਿੱਡ ਭਰ ਕੇ ਦੁੱਧ ਪੀਤੇ ਬੱਚੇ ਵਾਂਗ ਉਸਦਾ ਮਨ ਕਿਲਕਾਰੀਆਂ ਮਾਰਨ ਲੱਗਿਆ। 'ਆਪਣੇ ਉਤਸ਼ਾਹ ਤੇ ਮਨੋਬਲ ਨੂੰ ਬਣਾਈ ਰੱਖਣਾ ਮੇਰੇ ਲਈ ਬੜਾ ਜ਼ਰੂਰੀ ਏ। ਅੱਧੀ ਰਾਤ ਬੀਤੇ ਬੜਾ ਸਮਾਂ ਹੋਇਆ ਏ। ਹੁਣ ਤੋਂ ਲੈ ਕੇ ਤੜਕੇ ਦੇ ਤਾਰੇ ਦੇ ਨਿਕਲਣ ਤੱਕ ਹਿੰਸਕ ਜੀਵਾਂ ਦੀ ਹਲਚਲ ਜ਼ਿਆਦਾ ਰਹਿੰਦੀ ਏ।' ਉਸਨੇ ਸੋਚਿਆ।

'ਤੇਟੀ ਨੂੰ ਮਾਰ ਦੇਣ ਨਾਲ ਇਹ ਨਹੀਂ ਸਮਝਣਾ ਚਾਹੀਦਾ ਕਿ ਸਾਰੇ ਦੁਸ਼ਮਣਾਂ ਦਾ ਨਾਸ਼ ਹੋ ਗਿਆ। ਬਹੁਤ ਜ਼ਿਆਦਾ ਸੰਘਰਸ਼ ਦੇ ਲਈ ਮੈਨੂੰ ਤਿਆਰ ਰਹਿਣਾ ਪਵੇਗਾ।' ਇਹ ਸੋਚਦਿਆਂ ਉਸਨੇ ਆਪਣੀਆਂ ਬਾਹਾਂ ਚੁੱਕੀਆਂ, ਗਰਦਨ ਪਿੱਛੇ ਵੱਲ ਅਤੇ ਸਰੀਰ ਤਾਣ ਕੇ ਸੁਸਤੀ ਨੂੰ ਝਟਕ ਦਿੱਤਾ। ਯੁੱਧ ਦਾ ਉਤਸ਼ਾਹ ਉਸ 'ਚ ਉਬਲ ਰਿਹਾ ਹੈ। ਉਹ ਦੀ ਸੱਜੇ ਹੱਥ ਦੀ ਮੁੱਠੀ ਵਾਰ-ਵਾਰ ਖੁੱਲ੍ਹਦੀ ਬੰਦ ਹੁੰਦੀ ਹੈ। ਉਸਨੂੰ ਲੱਗਿਆ ਕਿ ਉਹ ਉਂਗਲਾਂ ਕਿਸੇ ਚੀਜ਼ ਨੂੰ ਲੱਭ ਰਹੀਆਂ ਹਨ। ਤਦ ਉਸਨੂੰ ਭਾਲਾ ਯਾਦ ਆਇਆ।

ਭਾਲਾ ਝਾੜੀ ਦੇ ਕੋਲ ਪਏ ਗਿੱਦੜ ਦੇ ਸਿਰ 'ਚ ਖੁਭਿਆ ਹੋਇਆ ਹੈ। 'ਹੁਣ ਮੈਂ ਇੱਕ ਪਲ ਵੀ ਨਿਹੱਥਾ ਨਹੀਂ ਰਹਿ ਸਕਦਾ।' ਇਹ ਸੋਚਦਿਆਂ ਬੁੱਢਾ ਟਾਹਣੀ ਤੋਂ ਤਣੇ ਵੱਲ ਬੈਠੇ-ਬੈਠੇ ਹੀ ਸਰਕਣ ਲੱਗਿਆ। ਜਿੱਥੋਂ ਤਣੇ ਦੀ ਟਾਹਣੀ ਫੁੱਟਦੀ ਸੀ, ਉੱਥੇ ਬੈਠ ਗਿਆ। ਉਸਨੂੰ ਸੂਰੀ ਦੇ ਤੇਜ਼ ਦੰਦ ਯਾਦ ਆ ਗਏ। ਉਸਨੇ ਆਪਣੇ ਪੱਟਾਂ ਦੇ ਵੱਲ ਦੇਖਿਆ। 'ਭਾਲਾ ਲੈ ਕੇ ਸੂਰੀ ਤੋਂ ਬਚ ਕੇ ਆਉਣ 'ਚ ਹੀ ਮੇਰੀ ਹੁਸ਼ਿਆਰੀ ਏ।' ਇਹ ਸੋਚਦਿਆਂ ਉਸਨੇ ਝਾੜੀ ਦੇ ਅੰਦਰ ਦੇਖਿਆ।

ਸੂਰੀ ਮੂੰਹ ਭੂੰਜੇ ਸੁੱਟੀ ਨਿਸਲ ਹੋ ਕੇ ਚੁੱਪਚਾਪ ਪਈ ਹੈ। ਜ਼ਖ਼ਮ 'ਚੋਂ ਲਹੂ ਦਾ ਵਗਣਾ ਬੰਦ ਹੋ ਗਿਆ। ਹਵਾ ਝਾੜੀ ਦੇ ਵੱਲੋਂ ਹੌਲੀ-ਹੌਲੀ ਵਗ ਰਹੀ ਹੈ।

ਬੁੱਢੇ ਨੇ ਬੈਠੇ-ਬੈਠੇ ਸੋਚਿਆ, 'ਹਵਾ ਰੁਕਦੇ ਹੀ ਹੇਠਾਂ ਉਤਰਾਂਗਾ। ਫੇਰ ਤੋਂ ਹਵਾ ਚੱਲਣ ਨਾਲ ਹੀ ਭਾਲਾ ਲੈ ਕੇ ਬਿਰਖ਼ 'ਤੇ ਚੜ੍ਹ ਜਾਵਾਂਗਾ।'

ਬਿਰਖ਼ ਦੀਆਂ ਟਾਹਣੀਆਂ ਹੌਲੀ-ਹੌਲੀ ਹਿਲ ਰਹੀਆਂ ਹਨ। ਸਿੰਮਲ ਦੀ ਰੂੰ ਗੇਂਦਾਂ ਦੇ ਅਕਾਰ 'ਚ ਹਵਾ 'ਚ ਤੈਰ ਰਹੀ ਹੈ। ਬੁੱਢਾ ਟਾਹਣੀਆਂ ਅਤੇ ਰੂੰ ਨੂੰ ਧਿਆਨ 'ਚ ਰੱਖਦਿਆਂ ਬੈਠਾ ਹੈ।



ਥੋੜ੍ਹੀ ਦੇਰ 'ਚ ਹਵਾ ਚਾਣਚੱਕ ਥਮ ਗਈ। ਟਾਹਣੀਆਂ ਵੀ ਹਿੱਲਣੋਂ ਬੰਦ ਹੋ ਗਈਆਂ। ਰੂੰ ਹੌਲੀ-ਹੌਲੀ ਹੇਠਾਂ ਉਤਰਨ ਲੱਗੀ। ਬੁੱਢੇ ਨੇ ਫੁਰਤੀ ਨਾਲ ਬਿਨਾਂ ਕੋਈ ਖੜਕਾ ਕੀਤਿਆਂ ਟਾਹਣੀ 'ਤੋਂ ਹੇਠਾਂ ਛਾਲ ਮਾਰੀ। ਪਲ ਭਰ ਵੀ ਗੁਆਏ ਬਗ਼ੈਰ ਭੱਜ ਕੇ ਗਿੱਦੜ ਦੇ ਸਿਰ 'ਚ ਖੁਭੇ ਭਾਲੇ ਨੂੰ ਖਿੱਚ ਲਿਆ, ਉਸਨੂੰ ਹੱਥ 'ਚ ਲੈ ਕੇ ਬਿਜਲੀ ਵਾਂਗੂ ਪਿੱਛੇ ਮੁੜਿਆ ਅਤੇ ਬਿਰਖ਼ 'ਤੇ ਚੜ੍ਹ ਕੇ ਬੈਠ ਗਿਆ। 'ਵਾਯੂ ਦੇਵ ਨੇ ਮੇਰੇ 'ਤੇ ਕਿਰਪਾ ਕੀਤੀ। ਨਹੀਂ ਤਾਂ ਮੈਂ ਬਿਰਖ਼ ਤੋਂ ਉਤਰਨ ਦਾ ਹੌਸਲਾ ਨਾ ਕਰਦਾ। ਕਿਸੇ ਤਰ੍ਹਾਂ ਉਤਰਦਾ ਵੀ ਤਾਂ ਸੂਰੀ ਤੋਂ ਬਚ ਨਹੀਂ ਸਕਦਾ।' ਉਸਨੇ ਸੋਚਿਆ।

ਰੂੰ ਦੇ ਗੋਲੇ ਇੱਕ-ਇੱਕ ਕਰਕੇ ਧਰਤੀ 'ਤੇ ਡਿੱਗਦੇ ਜਾ ਰਹੇ ਹਨ।

ਹੱਥ 'ਚ ਭਾਲੇ ਦੇ ਆ ਜਾਣ ਨਾਲ ਬੁੱਢੇ ਨੂੰ ਲੱਗਿਆ ਕਿ ਯੁੱਧ ਦੀ ਉਸਦੀ ਤਿਆਰੀ ਪੂਰੀ ਹੋ ਗਈ ਹੈ। ਇਹ ਭਾਲਾ ਲਗਭਗ ਤੀਹ ਸਾਲ ਪਹਿਲਾਂ ਉਸਦਾ ਆਪਣਾ ਹੋ ਗਿਆ ਸੀ। ਉਨ੍ਹੀਂ ਦਿਨੀਂ ਇਸਦੀ ਲੰਬਾਈ ਹੁਣ ਨਾਲੋਂ ਗਿੱਠ ਕੁ ਜ਼ਿਆਦਾ ਹੁੰਦੀ ਸੀ। ਲਗਾਤਾਰ ਵਰਤੋਂ ਨਾਲ ਅਤੇ ਤੇਜ਼ ਕੀਤੇ ਜਾਂਦੇ ਰਹਿਣ ਨਾਲ ਉਹ ਛੋਟਾ ਹੋ ਗਿਆ। ਬਿਨਾਂ ਭਾਲਾ ਹੱਥ 'ਚ ਲਈ ਉਹ ਕਦੇ ਝੁੱਗੀ ਨਹੀਂ ਛੱਡਦਾ ਹੈ, ਉਸਨੂੰ ਆਪਣੇ ਅੰਗਾਂ 'ਚ ਹੀ ਗਿਣਦਾ ਹੈ।

ਬੁੱਢਾ ਭਾਲਾ ਆਪਣੀ ਗੋਦੀ 'ਚ ਰੱਖ ਕੇ ਬੈਠਾ ਹੈ। 'ਇਹ ਸਾਰੀ ਤਿਆਰੀ ਸ਼ਾਇਦ ਜ਼ਰੂਰੀ ਨਾ ਹੋਵੇ। ਹੋ ਸਕਦੈ ਹਿੰਸਕ ਪਸ਼ੂ ਹੁਣ ਇਸ ਝਾੜੀ 'ਤੇ ਹਮਲਾ ਨਾ ਕਰਨ। ਬਚੀ-ਖੁਚੀ ਰਾਤ ਸ਼ਾਂਤੀ ਨਾਲ ਵੀ ਬੀਤ ਸਕਦੀ ਏ।' ਉਸਨੇ ਸੋਚਿਆ। 'ਪਰ ਇਹ ਅਸੰਭਵ ਏ। ਕਿਸੇ ਵੀ ਯੁੱਗ 'ਚ ਅਜਿਹਾ ਨਹੀਂ ਹੋਇਆ ਕਿ ਕਿਸੇ ਜੀਵ ਦਾ ਜੀਵਨ ਦੁਸ਼ਮਣ ਦੇ ਡਰ ਤੋਂ ਮੁਕਤ ਰਿਹਾ ਹੋਵੇ।' ਉਸਨੇ ਆਪਣੀ ਹੀ ਗੱਲ ਕੱਟੀ।

## ਅਠਾਰ੍ਹਾਂ

ਪਲਾਸ ਦੇ ਬਿਰਖ਼ ਪਿੱਛੇ ਵਾਲੀ ਝਾੜੀ 'ਚੋਂ ਭੂਰਾ ਕਾਂ 'ਗੁੱਘੂ-ਗੁੱਘੂ' ਚੀਕ ਰਿਹਾ ਹੈ। ਉਹ ਟਿੱਡੀਆਂ ਖਾ ਕੇ ਬਦਹਜ਼ਮੀ ਨਾਲ ਹੂੰਗਰਾਂ ਮਾਰ ਰਿਹਾ ਹੈ।

ਅਚਾਨਕ ਤੇਜ਼ ਹਵਾ ਚੱਲੀ ਜਿਵੇਂ ਭੂਤਾਂ ਦੇ ਆਉਣ ਦੀ ਸੂਚਨਾ ਦੇ ਰਹੀ ਹੋਵੇ। ਸਿੰਮਲ ਦੀ ਰੂੰ ਦੇ ਗੋਲੇ ਹਵਾ 'ਚ ਤੈਰਦੇ ਭੱਜ ਰਹੇ ਹਨ। ਟਾਹਣੀਆਂ ਇੱਕ-ਦੂਜੇ ਨਾਲ ਰਗੜ ਖਾ ਰਹੀਆਂ ਹਨ। ਇਸ ਖਲਬਲੀ 'ਚ ਬਹੁਤ ਦੂਰ ਕਿਤੇ ਗਿੱਦੜਾਂ ਦੀ ਹੁਆ-ਹੁਆ ਦੀ ਆਵਾਜ਼ ਬੁੱਢੇ ਨੂੰ ਸੁਣਾਈ ਦਿੱਤੀ।

ਉਸਦੀ ਦੇਹ ਕੰਬ ਗਈ। ਉਸਨੇ ਇਉਂ ਪਿੱਛੇ ਮੁੜ ਕੇ ਦੇਖਿਆ ਜਿਵੇਂ ਪਿੱਠਾਂ 'ਤੇ ਕੋਰੜਾ ਪਿਆ ਹੋਵੇ। ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਅਣਗਿਣਤ ਕਾਲੀਆਂ ਝਾੜੀਆਂ ਅਤੇ ਗੁਫ਼ਾਵਾਂ ਪੁੰਜੀਭੂਤ ਪਾਪ ਵਰਗੀਆਂ ਦਿੱਸੀਆਂ। ਪਰ ਗਿੱਦੜਾਂ ਦਾ ਕਿਤੇ ਪਤਾ ਨਹੀਂ ਸੀ।

ਹੌਲੀ-ਹੌਲੀ ਹੁਆ-ਹੁਆ ਜ਼ੋਰ ਫੜਨ ਲੱਗੀ। ਇੱਕ-ਦੂਜੇ ਦਾ ਪਿੱਛਾ ਕਰਦੇ ਭੱਜੀਆਂ ਆਉਣ ਵਾਲੀਆਂ ਸਮੁੰਦਰ ਦੀਆਂ ਤਰੰਗਾਂ ਵਾਂਗੂ ਇਹ ਆਵਾਜ਼ ਇੱਕ ਦੇ ਬਾਅਦ ਇੱਕ-ਇੱਕ ਸੁਣਾਈ ਪੈਣ ਲੱਗੀ। ਇਉਂ ਥੋੜ੍ਹੀ ਦੇਰ ਵਾਰੀ-ਵਾਰੀ ਨਾਲ ਚੀਕਣ ਦੇ ਬਾਅਦ ਇੱਕੋ ਸਾਰ ਇੱਕ ਗਲੋਂ ਚੀਕਣ ਲੱਗੇ। ਬੁੱਢੇ ਨੂੰ ਲੱਗਿਆ ਕਿ ਉਨ੍ਹਾਂ ਦੇ ਮਨ ਦਾ ਜ਼ਹਿਰ ਧੁਨੀ ਤਰੰਗਾਂ ਵਿਚ ਬਦਲ ਕੇ ਪੂਰੇ ਜੰਗਲ ਨੂੰ ਝੁਲਸਾ ਰਿਹਾ ਹੈ।

ਉਸਦੇ ਤਲਿਆਂ 'ਚੋਂ ਪਸੀਨਾ ਛੁਟ ਰਿਹਾ ਹੈ। ਮੂੰਹ ਸੁੱਕ ਰਿਹਾ ਹੈ। 'ਇੱਕ ਜਾਂ ਦੋ ਨਹੀਂ ਦਸ ਤੇ ਵੀਹ ਦੀ ਗਿਣਤੀ 'ਚ ਆ ਰਹੇ ਨੇ। ਸ਼ਾਇਦ ਪੰਜਾਹ ਹੋਣ।' ਉਸਨੇ ਸੋਚਿਆ।

ਆਵਾਜ਼ਾਂ ਨੇੜੇ ਆਉਣ ਲੱਗੀਆਂ ਹਨ। ਜਿੱਧਰੋਂ ਆਵਾਜ਼ਾਂ ਆ ਰਹੀਆਂ ਸਨ ਉਸਨੇ ਝਿਜਕਦੇ ਹੋਏ ਉੱਧਰ ਦੇਖਿਆ। ਸਾਰੀ ਘਾਟੀ ਗਿੱਦੜਾਂ ਨਾਲ ਭਰ ਗਈ। ਉਹ ਬਿਨਾਂ ਸ਼ੱਕ ਦੇ ਅਤੇ ਬੇਡਰ ਹੋ ਕੇ ਘਾਟੀ 'ਤੇ ਚੜ੍ਹਦਿਆਂ ਉਸੇ ਝਾੜੀ ਦੇ ਵੱਲ ਵਧੇ ਆ ਰਹੇ ਹਨ।

'ਪੰਜਾਹਾਂ ਤੋਂ ਉੱਪਰ ਹੀ ਹੋਣਗੇ।' ਬੁੱਢੇ ਨੇ ਸੋਚਿਆ। ਉਨ੍ਹਾਂ ਨੂੰ ਗਿਣਦਿਆਂ ਸਮਾਂ ਜ਼ਾਇਆ ਕਰਨਾ ਉਹ ਨਹੀਂ ਚਾਹੁੰਦਾ ਸੀ। ਉਸਦੇ ਸੱਜੇ ਹੱਥ ਦੀਆਂ ਉਂਗਲਾਂ ਭਾਲੇ 'ਤੇ ਕਸੀਆਂ ਗਈਆਂ।

ਪਹਾੜ ਜਿੱਡਾ ਇੱਕ ਬੱਦਲ ਆਕਾਸ਼ 'ਚ ਚੰਦਰਮਾ ਨੂੰ ਲੁਕਾਉਂਦਾ ਹੋਇਆ ਆ ਕੇ ਖੜ੍ਹਾ ਹੋ ਗਿਆ। ਹਵਾ ਤੇਜ਼ ਵਗਣ ਲੱਗੀ ਜਿਵੇਂ ਉਸ ਬੱਦਲ ਨੂੰ ਉਡਾ ਦੇਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਚੰਦਰਮਾ ਦੇ ਛਿਪਣ ਨਾਲ ਜੋ ਕਾਲਸ ਫੈਲੀ ਉਸਨੂੰ ਦੂਰ ਕਰਨ ਦਾ ਯਤਨ ਕਰਦਿਆਂ ਤਾਰੇ ਚਮਕ ਰਹੇ ਹਨ।

ਗਿੱਦੜ ਘੇਰੇ ਦੇ ਆਕਾਰ 'ਚ ਝਾੜੀ ਨੂੰ ਘੇਰੀ ਖੜ੍ਹੇ ਹਨ। ਹੌਲੀ-ਹੌਲੀ ਉਹ ਘੇਰਾ ਛੋਟਾ ਹੁੰਦਾ ਜਾ ਰਿਹਾ ਹੈ।

'ਲੱਗਦਾ ਏ, ਹਾਰ ਤੋਂ ਬਚਾਂਗਾ ਨਹੀਂ। ਇੱਕ ਭਾਲੇ ਨਾਲ ਏਨੇ ਗਿੱਦੜਾਂ ਨੂੰ ਮਾਰ ਸਕਣਾ ਅਸੰਭਵ ਏ। ਮੇਰੇ ਹੱਥ 'ਚ ਗੁਲੇਲ ਹੁੰਦੀ ਤਾਂ ਬੇਹਤਰ ਹੁੰਦਾ।' ਉਸਨੇ ਸੋਚਿਆ। 'ਇੱਧਰ-ਉੱਧਰ ਦੀਆਂ ਗੱਲਾਂ 'ਚ ਸਿਰ ਨਾ ਖਪਾ। ਜੋ ਤੇਰੇ ਹੱਥ 'ਚ ਨਹੀਂ ਏ, ਉਸ ਗੁਲੇਲ ਦੇ ਬਾਰੇ ਸੋਚ ਨਾ। ਤੇਰੇ ਕੋਲ ਜੋ ਮੁੰਡਾ ਨਹੀਂ ਏ, ਉਸਦੇ ਬਾਰੇ 'ਚ ਸੋਚ ਨਾ।' ਉਸਨੇ ਫੇਰ ਖ਼ੁਦ ਨੂੰ ਹੁਕਮ ਦਿੱਤਾ।

ਗਿੱਦੜ ਝਾੜੀ ਦੇ ਬੜੇ ਨੇੜੇ ਆ ਗਏ। ਉਨ੍ਹਾਂ ਦੀ ਗੰਧ ਅਤੇ ਆਹਟ ਪਾ ਕੇ ਸੂਰੀ ਝਾੜੀ 'ਚ ਉੱਠ ਖੜ੍ਹੀ ਹੋਈ। ਉਸੇ ਪਲ ਦੁਸ਼ਮਣਾਂ 'ਤੇ ਛਾਲ ਮਾਰ ਕੇ ਉਨ੍ਹਾਂ ਨੂੰ ਚੀਰ ਦੇਣ ਦੇ ਬਦਲੇ ਦੀ ਭਾਵਨਾ ਅਤੇ ਬੱਚਿਆਂ ਨੂੰ ਛੱਡ ਕੇ ਨਾ ਜਾ ਸਕਣ ਦੀ ਬੇਵਸੀ ਦੇ ਵਿਚਕਾਰ ਉਹ ਝਾੜੀ 'ਚ ਝੂਲਦੀ ਰਹੀ।

ਉਸੇ ਸਮੇਂ ਬੁੱਢੇ ਦੇ ਮਨ 'ਚ ਇੱਕ ਵਿਚਾਰ ਆਇਆ ਜਿਵੇਂ ਖਲਾਅ 'ਚ ਬਿਜਲੀ ਚਮਕੀ ਹੋਵੇ। ਭਿਆਨਕ ਬੱਦਲਾਂ ਦੀ ਗਰਜਣ ਨੂੰ ਆਪਣੇ ਪਿੱਛੇ ਲੈ ਕੇ ਆਕਾਸ਼ ਨੂੰ ਸ਼ਾਖਾਵਾਂ-ਪ੍ਰਸ਼ਾਖਾਵਾਂ 'ਚ ਚੀਰਨ ਵਾਲੀ ਬਿਜਲੀ ਵਾਂਗੂ ਉਸ ਵਿਚਾਰ ਨੇ ਉਸਦੇ ਮਨ ਨੂੰ ਵੱਖ ਕਰ ਦਿੱਤਾ। ਉਸਦਾ ਸਾਰਾ ਸਰੀਰ ਇਉਂ ਕੰਬਿਆ ਜਿਵੇਂ ਜ਼ਹਿਰੀਲੇ ਕੰਡੇ ਖੁੱਭ ਗਏ ਹੋਣ। ਪੁੜਪੁੜੀਆਂ 'ਚੋਂ ਮੁੜ੍ਹਕਾ ਚੋਣ ਲੱਗਿਆ।

ਸੱਜੇ ਹੱਥ ਨਾਲ ਉਸਨੇ ਭਾਲਾ ਉੱਪਰ ਚੁੱਕਿਆ। ਮੋਢਾ ਕੰਬਿਆ। ਖੱਬੇ ਹੱਥ ਨਾਲ ਸੱਜੇ ਮੋਢੇ ਨੂੰ ਉਸਨੇ ਥਪਥਪਾਇਆ। 'ਇਸ ਵੇਲੇ ਮੇਰੇ ਸਾਹਮਣੇ ਬੇਹੱਦ ਭਿਆਨਕ ਘਟਨਾ ਵਾਪਰਨ ਜਾ ਰਹੀ ਏ। ਕੁਰੂਕਸ਼ੇਤਰ ਦੇ ਇਲਾਵੰਤ ਵਾਂਗੂ ਮੈਂ ਸਿਰਫ਼ ਦਰਸ਼ਕ ਨਹੀਂ ਰਹਿ ਸਕਦਾ। ਮੈਂ ਆਪਣੀ ਕਾਰਵਾਈ 'ਚ ਜ਼ਰਾ ਵੀ ਘਾਟ ਜਾਂ ਦੇਰੀ ਨਹੀਂ ਕਰ ਸਕਦਾ। ਇਸ ਪਲ ਮੇਰੇ ਜੀਵਨ ਨੇ ਪ੍ਰਚੰਡ ਵੇਗ ਹਾਸਿਲ ਕਰ ਲਿਆ ਏ।' ਉਸਨੇ ਸੋਚਿਆ। ਉਸਨੇ ਇੱਕ ਵਾਰ ਫੇਰ ਖੱਬੇ ਹੱਥ ਨਾਲ ਸੱਜੇ ਮੋਢੇ ਨੂੰ ਥਾਪੜਿਆ। ਬੁੱਲ੍ਹ ਮੀਚਦਿਆਂ ਪੂਰੀ ਤਾਕਤ ਨਾਲ ਉਸਨੇ ਭਾਲਾ ਸੂਰੀ ਵੱਲ ਸੁੱਟਿਆ।

ਭਾਲਾ ਤੀਰ ਵਾਂਗੂ ਹਵਾ ਨੂੰ ਚੀਰਦਿਆਂ ਗਿਆ ਅਤੇ ਸੂਰੀ ਦੇ ਢਿੱਡ 'ਚ ਖੱਬੇ ਪਾਸੇ ਖੁਭ ਕੇ ਸੱਜੇ ਪਾਸਿਉਂ ਨਿਕਲ ਗਿਆ। ਸੂਰੀ ਸਾਰੇ ਜੰਗਲ ਨੂੰ ਦਹਿਲਾਉਣ ਵਾਲੀਆਂ ਚੀਕਾਂ ਨਾਲ ਝਾੜੀ ਤੋਂ ਬਾਹਰ ਬੁੜ੍ਹਕ ਕੇ ਹਰੀ ਘਾਹ 'ਤੇ ਲਿਟਣ ਲੱਗੀ।

ਭਾਲੇ ਦਾ ਸੂਰੀ ਦੇ ਸਰੀਰ 'ਚ ਖੁਭਣਾ ਅਤੇ ਬੁੱਢੇ ਦਾ ਬਿਰਖ਼ ਤੋਂ ਛਾਲ ਮਾਰਨਾ ਇੱਕੋ ਵੇਲੇ ਹੀ ਹੋਇਆ। ਹੇਠਾਂ ਛਾਲ ਮਾਰ ਕੇ ਉਹ ਗਿੱਦੜਾਂ ਵੱਲ ਮੁੜਿਆ। ਭਿਆਨਕ ਚੀਕ-ਚਿਹਾੜੇ ਨਾਲ ਉਨ੍ਹਾਂ ਨੂੰ ਡਰਾਇਆ। ਫੇਰ ਦੋਵੇਂ ਹੱਥਾਂ 'ਚ ਇੱਕ-ਇੱਕ ਰੋੜਾ ਲੈ ਕੇ ਖੜ੍ਹਾ ਹੋ ਗਿਆ। ਉਸਨੇ ਦੇਖਿਆ ਕਿ ਸਾਰੇ ਗਿੱਦੜ ਇੱਧਰ-ਉੱਧਰ ਭੱਜ ਰਹੇ ਹਨ। ਲੱਤਾਂ 'ਚ ਪੂਛ ਦੇ ਕੇ ਗਿੱਦੜ ਭੱਜ ਰਹੇ ਸਨ ਤਾਂ ਉਨ੍ਹਾਂ



ਪਿੱਛੇ ਧੂੜ ਦੇ ਬੱਦਲ ਉੱਡ ਰਹੇ ਸਨ। ਉਨ੍ਹਾਂ ਦੇ ਪੈਰਾਂ 'ਚ ਟਕਰਾ ਕੇ ਰੋੜੇ-ਰੱਪੇ ਚੰਗਿਆੜੀਆਂ ਪੈਦਾ ਕਰ ਰਹੇ ਸਨ। ਮੌਤ ਦੇ ਡਰ ਤੋਂ ਭੱਜਦੇ ਉਨ੍ਹਾਂ ਡਰਪੋਕ ਗਿੱਦੜਾਂ 'ਤੇ ਨਿੰਦਾਭਰੀ ਨਜ਼ਰ ਮਾਰਦਾ ਉਹ ਖੜ੍ਹਾ ਰਿਹਾ। ਅੱਖਾਂ ਤੋਂ ਉਨ੍ਹਾਂ ਦੇ ਪਰ੍ਹੇ ਹੋਣ ਬਾਅਦ ਉਸਦੇ ਹੱਥੋਂ ਰੋੜੇ ਛੁਟ ਗਏ।

ਉਸ ਦਾ ਲੱਕ ਅਤੇ ਗੋਡੇ ਝੁਕੇ ਜਾ ਰਹੇ ਸਨ। ਉਹ ਸੂਰੀ ਦੇ ਕੋਲ ਗਿਆ। ਉਹ ਕਾਲੇ ਗੋਲੇ ਵਾਂਗੂ ਅਹਿਲ ਪਈ ਸੀ। ਭਾਲਾ ਉਸਦੀ ਛਾਤੀ ਦੇ ਆਰ-ਪਾਰ ਹੋ ਕੇ ਉਸੇ ਤਰ੍ਹਾਂ ਪਿਆ ਸੀ। ਉਸ ਦੀਆਂ ਕੱਛਾਂ ਅਤੇ ਪੱਟ ਲਹੂ ਨਾਲ ਭਿੱਜੇ ਸਨ।

ਬੁੱਢੇ ਨੇ ਆਪਣੇ ਦੋਵੇਂ ਹੱਥਾਂ ਨਾਲ ਭਾਲੇ ਨੂੰ ਜ਼ੋਰ ਦੀ ਫੜਿਆ, ਖੱਬੇ ਪੈਰ ਨੂੰ ਸੂਰੀ ਦੇ ਮੂੰਹ 'ਤੇ ਰੱਖਿਆ ਅਤੇ ਇੱਕ ਵਾਰ ਜ਼ੋਰ ਦੀ ਹੁੰਕਾਰ ਕੇ ਭਾਲੇ ਨੂੰ ਬਾਹਰ ਖਿੱਚਿਆ। ਗਾੜ੍ਹਾ ਲਹੂ ਭਾਲੇ ਦੀ ਨੋਕ ਦੇ ਨਾਲ ਬਾਹਰ ਆ ਗਿਆ। ਉਸਨੇ ਭਾਲੇ ਨੂੰ ਚੰਦ ਦੇ ਵੱਲ ਚੁੱਕ ਕੇ ਫੜਿਆ ਅਤੇ ਭਰੇ ਗਲ਼ੇ ਨਾਲ ਜ਼ੋਰ ਦੀ ਚੀਕਿਆ, 'ਸੂਰੀ ਨੂੰ ਮਾਰ ਸੁੱਟਿਆ। ਆਪਣੇ ਹੀ ਹੱਥੋਂ ਮਾਰ ਸੁੱਟਿਆ।' ਫੇਰ ਭਾਲੇ ਨੂੰ ਜ਼ਮੀਨ 'ਚ ਫੱਸ ਕਰਕੇ ਗੱਡਿਆ ਅਤੇ ਸੂਰੀ 'ਤੇ ਦੋਵੇਂ ਹੱਥ ਧਰ ਕੇ ਹੌਲੀ ਜਿਹੇ ਬੋਲਿਆ, "ਦੂਜਾ ਹੋਰ ਕੋਈ ਰਾਹ ਵੀ ਤਾਂ ਨਹੀਂ ਸੀ। ਬੱਚਿਆਂ ਨੂੰ ਬਚਾਉਣ ਦਾ ਸਿਰਫ਼ ਇਹੀ ਇੱਕ ਹੱਲ ਸੀ।"

ਚੰਦ ਬੱਦਲ ਦੇ ਓਹਲੇ 'ਚੋਂ ਬਾਹਰ ਆਇਆ। ਹਵਾ ਪਹਿਲਾਂ ਵਾਂਗ ਰੌਲਾ ਪਾਉਂਦੀ ਇਉਂ ਵਗਣ ਲੱਗੀ ਜਿਵੇਂ ਭੂਤਾਂ ਦੇ ਨਾਚ ਦੀ ਸੰਗਤ ਕਰ ਰਹੀ ਹੋਵੇ।

ਬੁੱਢਾ ਭਾਲਾ ਉੱਥੇ ਹੀ ਛੱਡ ਕੇ ਝਾੜੀ ਅੰਦਰ ਚਲਾ ਗਿਆ। ਅੱਠ ਪਿਆਰੇ-ਪਿਆਰੇ ਬੱਚੇ ਉੱਥੇ ਤੁਰ-ਫਿਰ ਰਹੇ ਸਨ। ਗੋਡਿਆਂ ਭਾਰ ਬੈਠ ਕੇ ਉਸਨੇ ਹੱਥਾਂ 'ਚ ਇੱਕ-ਇੱਕ ਬੱਚਾ ਚੁੱਕ ਲਿਆ। ਉਨ੍ਹਾਂ ਵੱਲ ਪਿਆਰ ਨਾਲ ਦੇਖਦਿਆਂ ਉਹ ਮੁਸਕਰਾਇਆ ਤਾਂ ਉਸਦੇ ਚਿਹਰੇ ਦੀਆਂ ਝੁਰੜੀਆਂ ਦੁਗਣੀਆਂ ਹੋ ਗਈਆਂ।

'ਇਨ੍ਹਾਂ ਨੂੰ ਪਾਲ ਕੇ ਵੱਡਾ ਕਿਵੇਂ ਕਰਾਂਗਾ?' ਉਸਨੇ ਖ਼ੁਦ ਨੂੰ ਸੁਆਲ ਕੀਤਾ। 'ਬਾੜੇ 'ਚ ਇੱਕ ਹੋਰ ਸੂਰੀ ਏ। ਪਰਸੋਂ ਹੀ ਸੂਈ ਏ। ਇਨ੍ਹਾਂ ਬੱਚਿਆਂ ਨੂੰ ਉਸਦੇ ਕੋਲ ਛੱਡ ਦੇਵਾਂਗਾ।' ਉਸਨੇ ਸੋਚਿਆ।

'ਸੂਰੀਆਂ ਬੇਗਾਨੇ ਬੱਚਿਆਂ ਨੂੰ ਸ਼ਾਇਦ ਆਪਣੇ ਕੋਲ ਆਉਣ ਨਹੀਂ ਦਿੰਦੀਆਂ। ਇਹ ਪਰਾਏ ਬੱਚਿਆਂ ਨੂੰ ਦੁੱਧ ਪਿਆਉਂਦੀਆਂ ਹੋਣ, ਇਹ ਨਾ ਕਿਸੇ ਨੇ ਦੇਖਿਆ ਏ, ਨਾ ਸੁਣਿਆ ਏ।' ਉਸਨੂੰ ਸ਼ੱਕ ਹੋਇਆ।

'ਸਭ ਕੁਝ ਸੰਭਵ ਏ। ਮੈਂ ਅਜਿਹੇ ਬਹੁਤ ਸਾਰੇ ਕੰਮ ਕੀਤੇ ਨੇ, ਜਿਨ੍ਹਾਂ ਨੂੰ ਕਿਸੇ ਨੇ ਨਾ ਦੇਖਿਆ ਸੀ, ਨਾ ਸੁਣਿਆ ਤੇ ਅੱਗੇ ਵੀ ਕਰਦਾ ਰਹਾਂਗਾ।' ਉਸਦਾ ਵਿਸ਼ਵਾਸ ਜਾਗਿਆ।

ਜਿੱਥੇ ਬੈਠਾ ਸੀ, ਉੱਥੋਂ ਹੀ ਉਸਨੇ ਸੂਰੀ ਵੱਲ ਦੇਖਿਆ। 'ਜਿਸਨੂੰ ਆਪਣੇ ਹੱਥੀਂ ਪਾਲ ਕੇ ਵੱਡਾ ਕੀਤਾ ਸੀ, ਉਸਨੂੰ ਮੈਂ ਆਪਣੇ ਹੱਥੀਂ ਮਾਰ ਦਿੱਤਾ। ਇਹ ਗੱਲ ਮੈਂ ਕਦੇ ਨਹੀਂ ਭੁੱਲ ਸਕਦਾ। ਸਾਰੀ ਉਮਰ ਹਰ ਰਾਤ ਸੁਪਨੇ 'ਚ ਮੈਨੂੰ ਦਿਖਾਈ ਦਿੰਦੀ ਰਹੇਗੀ।' ਉਸਨੇ ਸੋਚਿਆ।

ਹਵਾ ਅਚਾਨਕ ਰੁਕ ਗਈ। ਹਵਾ 'ਚ ਉੱਡਦੇ ਸੁੱਕੇ ਪੱਤੇ ਚੱਕਰ ਕੱਢਦੇ ਹੋਏ ਭੁੰਜੇ ਡਿਗਨ ਲੱਗੇ। ਜੋ ਬਿਰਖ਼ ਸਿਰ ਝੁਕਾਏ ਹੋਏ ਸਨ, ਹੁਣ ਉਹ ਸਿੱਧੇ ਖੜ੍ਹੇ ਹੋ ਗਏ।

'ਯੁੱਧ ਖ਼ਤਮ ਹੋ ਗਿਆ।' ਸੋਚਦਿਆਂ ਬੁੱਢਾ ਵੀ ਉੱਠ ਖੜ੍ਹਿਆ। ਕੁਝ ਕਾਲੇ ਪੰਛੀ 'ਗੀ ਗੀ ਗੀ ਗੀ' ਚੀਕਦਿਆਂ ਆਕਾਸ਼ 'ਚ ਉੱਡ ਰਹੇ ਹਨ। 'ਇਹ ਵੀ ਆਲ੍ਹਣਿਆਂ ਦੇ ਵੱਲ ਜਾਣ ਲੱਗੇ ਨੇ। ਹੁਣ ਛੇਤੀ ਹੀ ਤੜਕੇ ਦਾ ਤਾਰਾ ਨਿਕਲ ਆਏਗਾ। ਦਿਨ ਚੜ੍ਹਨ ਤੱਕ ਮੈਨੂੰ ਝੁੱਗੀ 'ਚ ਪਹੁੰਚ ਜਾਣਾ ਚਾਹੀਦਾ ਏ।' ਬੁੱਢੇ ਨੇ ਸੋਚਿਆ।

ਬੱਚੇ ਕਿਚ-ਕਿਚ ਦੀ ਆਵਾਜ਼ ਕਰ ਰਹੇ ਹਨ। ਜਿਸਦੇ ਆਸਰੇ ਦੀ ਲਾਠੀ ਖੋ ਗਈ ਹੋਵੇ,

ਅਜਿਹੇ ਅੰਨ੍ਹੇ ਵਾਂਗ ਲੜਖੜਾਉਂਦਿਆਂ ਇੱਧਰ-ਉੱਧਰ ਸਰਕ ਰਹੇ ਹਨ। ਹਲਕੇ-ਹਲਕੇ ਕੰਬਦੇ ਉਨ੍ਹਾਂ ਦੇ ਢਿੱਡ ਦੇਖ ਕੇ ਬੁੱਢੇ ਨੇ ਸੋਚਿਆ, 'ਮੇਰਾ ਇਹ ਸਮਝਣਾ ਕਿ ਯੁੱਧ ਖ਼ਤਮ ਹੋ ਗਿਆ ਏ, ਭੁੱਲ ਹੋਵੇਗੀ। ਦਿਨ ਚੜ੍ਹਨ ਤੋਂ ਪਹਿਲਾਂ ਇਨ੍ਹਾਂ ਬੱਚਿਆਂ ਨੂੰ ਬਾੜੇ ਦੀ ਸੂਰੀ ਕੋਲ ਛੱਡ ਕੇ ਦੁੱਧ ਪਿਆਉਣਾ ਹੋਵੇਗਾ। ਦੁੱਧ ਦੇ ਬਗੈਰ ਇਹ ਨਿੱਕੇ ਜੀਵ ਬਹੁਤ ਦੇਰ ਜਿਉਂਦੇ ਨਹੀਂ ਰਹਿ ਸਕਦੇ। ਦਿਨ ਚੜ੍ਹਨ ਤੋਂ ਪਹਿਲਾਂ ਇਨ੍ਹਾਂ ਨੂੰ ਝੁੱਗੀ 'ਚ ਪਹੁੰਚਾਉਣਾ ਜ਼ਰੂਰੀ ਏ। ਗਿੱਦੜਾਂ ਨੂੰ, ਤੋਟੀ ਪੰਛੀ ਨੂੰ ਤੇ ਸੂਰੀ ਤੱਕ ਨੂੰ ਮਾਰ ਕੇ ਬੱਚਿਆਂ ਨੂੰ ਬਚਾ ਲੈਣਾ ਅੱਧਾ ਹੀ ਕੰਮ ਹੋਇਆ। ਬਾਕੀ ਅੱਧਾ ਤਾਂ ਬਚਾਏ ਹੋਏ ਬੱਚਿਆਂ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਝੁੱਗੀ ਤੱਕ ਪਹੁੰਚਾਉਣ ਦਾ ਏ। ਇਸ ਲਈ ਇਹ ਸੋਚਣਾ ਕਿ ਯੁੱਧ ਖ਼ਤਮ ਹੋ ਗਿਆ ਏ, ਗਲਤ ਹੋਵੇਗਾ। ਇਸ ਵੇਲੇ ਮੇਰੀ ਕਮਜ਼ੋਰੀ ਹੀ ਮੇਰੀ ਦੁਸ਼ਮਣ ਏ।' ਉਸਨੇ ਸੋਚਿਆ।

ਘਾਹ 'ਚ ਪਏ ਛੁਰੇ ਨੂੰ ਲੈ ਕੇ ਉਹ ਘਾਟੀ ਦੇ ਦੂਜੇ ਕਿਨਾਰੇ 'ਤੇ ਉੱਗੀਆਂ ਬਾਂਸ ਦੀ ਝਾੜੀਆਂ ਵੱਲ ਤੁਰਨ ਲੱਗਿਆ। ਉਸਨੇ ਦੋ ਬਾਂਸ ਕੱਟੇ ਅਤੇ ਉਨ੍ਹਾਂ ਨੂੰ ਮੋਢੇ 'ਤੇ ਰੱਖ ਕੇ ਪਲਾਸ ਦੇ ਹੇਠਾਂ ਤੱਕ ਖਿਚ ਲਿਆਇਆ। ਬਾਂਸ ਦੀਆਂ ਪੱਚਰਾਂ ਅਤੇ ਵੇਲਾਂ ਨਾਲ ਉਸਨੇ ਛਾਬਾ ਬਣਾਉਣਾ ਸ਼ੁਰੂ ਕੀਤਾ।

'ਝੁੱਗੀ 'ਚ ਮੁੰਡਾ ਮੇਰੀ ਉਡੀਕ ਕਰ ਰਿਹਾ ਹੋਵੇਗਾ।' ਬੁੱਢੇ ਨੇ ਸੋਚਿਆ। 'ਅੱਜ ਰਾਤ ਤਾਂ ਉਸ ਦਾ ਜਗਰਾਤਾ ਹੀ ਹੋ ਜਾਵੇਗਾ। ਖਾਣਾ-ਪੀਣਾ ਛੱਡ ਕੇ ਸੜਕ 'ਤੇ ਅੱਖਾਂ ਟਿਕਾਈ ਬੈਠਾ ਹੋਵੇਗਾ। ਜੰਗਲ 'ਚ ਜਿੰਨੀ ਦੇਰ ਤੱਕ ਮੈਂ ਸੂਰੀ ਨੂੰ ਲੱਭਦੇ ਹੋਏ ਤੁਰਿਆ-ਫਿਰਦਾ ਰਿਹਾ ਅਤੇ ਜਿੰਨੀ ਦੇਰ ਉਸ 'ਤੇ ਪਹਿਰਾ ਦਿੰਦਿਆਂ ਪਲਾਸ 'ਤੇ ਬੈਠਾ ਰਿਹਾ, ਉੱਨੀ ਦੇਰ ਉਹ ਉਡੀਕਦਾ ਰਿਹਾ ਹੋਵੇਗਾ। ਅੱਗੇ ਇਨ੍ਹਾਂ ਨੂੰ ਛਾਬੇ 'ਚ ਪਾ ਕੇ ਜਦ ਵਾਪਸ ਜਾਵਾਂਗਾ, ਉਦੋਂ ਤੱਕ ਵੀ ਉਹ ਝੁੱਗੀ ਦੇ ਮੂਹਰੇ ਬੈਠਾ ਮੇਰੀ ਉਡੀਕ ਹੀ ਕਰਦਾ ਹੋਵੇਗਾ। ਮੇਰੀ ਤੇ ਸੂਰਾਂ ਦੀ ਰਾਜ਼ੀ-ਖੁਸ਼ੀ ਦੇ ਲਈ ਹਜ਼ਾਰ ਦੇਵਤਿਆਂ ਦੀ ਉਸਨੇ ਸੁੱਖ ਸੁੱਖੀ ਹੋਵੇਗੀ। ਸੂਰੀ ਜਿਸ ਢੰਗ ਨਾਲ ਮਰੀ ਤੇ ਜਿਸ ਢੰਗ ਨਾਲ ਮੇਰੇ ਪੱਟ ਕਟੇ-ਫਟੇ ਨੇ ਇਹ ਸਭ ਜਾਣ ਕੇ ਉਹ ਕੀ ਕਰੇਗਾ। ਸ਼ਾਇਦ ਨਾ ਸਹਿਣਯੋਗ ਦੁੱਖ ਨਾਲ ਧਰਤੀ 'ਤੇ ਲਿਟ-ਲਿਟ ਕੇ ਰੋਵੇਗਾ ਜਾਂ ਸ਼ਾਇਦ ਅੱਖਾਂ 'ਚ ਕੱਪੜਾ ਦਿੰਦਿਆਂ ਮੇਰੀ ਗੋਦੀ 'ਚ ਆ ਕੇ ਡੁਸਕਦਾ ਰਹੇਗਾ।'

ਛਾਬਾ ਪੂਰਾ ਕਰਕੇ ਉਹ ਖੜ੍ਹਿਆ। ਸੂਰੀ ਨੂੰ ਚੁੱਕ ਕੇ ਛਾਬੇ 'ਚ ਪਾ ਦਿੱਤਾ। ਉਸਦੇ ਉੱਪਰ ਗਿੱਠ ਕੁ ਉੱਚੇ ਢਾਕ ਦੇ ਪੱਤੇ ਵਿਛਾ ਕੇ ਉਸ ਗੱਦੇ 'ਤੇ ਉਸਨੇ ਇੱਕ-ਇੱਕ ਬੱਚੇ ਨੂੰ ਬੜੇ ਧਿਆਨ ਅਤੇ ਪਿਆਰ ਨਾਲ ਲਿਜਾ ਕੇ ਰੱਖ ਦਿੱਤਾ। ਫੇਰ ਛਾਬੇ ਨੂੰ ਸਿਰ 'ਤੇ ਚੁੱਕ ਲੈਣ ਦੀ ਇੱਕ ਵਾਰ ਕੋਸ਼ਿਸ਼ ਕੀਤੀ। ਛਾਬਾ ਜ਼ਮੀਨ ਤੋਂ ਹਿੱਲਿਆ ਨਾ। ਟਸ ਤੋਂ ਮਸ ਨਾ ਹੋਇਆ। ਕੋਸ਼ਿਸ਼ ਕਰਨੀ ਛੱਡ ਕੇ ਉਹ ਛਾਬੇ ਦੇ ਕੋਲੇ ਬੈਠ ਗਿਆ ਅਤੇ ਆਪਣੀਆਂ ਹਾਰੀਆਂ ਬਾਹਾਂ 'ਤੇ ਇੱਕ ਨਜ਼ਰ ਮਾਰੀ। 'ਮੇਰੀ ਉਮਰ ਨੂੰ ਢਲੇ ਬਹੁਤ ਸਮਾਂ ਹੋ ਗਿਆ ਏ।' ਉਸਨੇ ਸੋਚਿਆ। ਜਿੱਥੇ ਬੈਠਾ ਸੀ ਉੱਥੋਂ ਹੀ ਚਾਰੇ ਪਾਸੇ ਦੇਖਦਿਆਂ ਉਸਨੇ ਫੇਰ ਸੋਚਿਆ, 'ਕੋਈ ਹੱਥ ਲਵਾ ਕੇ ਇਸਨੂੰ ਮੇਰੇ ਸਿਰ 'ਤੇ ਰੱਖ ਦਿੰਦਾ ਤਾਂ ਚੰਗਾ ਰਹਿੰਦਾ।' ਪਰ ਲਾਸ਼ਾਂ, ਬਿਰਖ਼ਾਂ ਅਤੇ ਪੱਥਰਾਂ ਤੋਂ ਇਲਾਵਾ ਉਸਨੂੰ ਨੇੜੇ-ਤੇੜੇ ਕੁਝ ਦਿਖਾਈ ਨਾ ਦਿੱਤਾ।

ਮਦਦ ਦੀ ਆਸ 'ਚ ਉਡੀਕ ਕਰਨ ਨੂੰ ਉਹ ਤਿਆਰ ਨਹੀਂ ਸੀ। ਐਵੇਂ ਹੀ ਵਕਤ ਕਟਦੇ ਬੈਠੇ ਰਹਿਣ ਦੀ ਹਾਲਤ ਉਸਦੀ ਸੀ ਨਹੀਂ।

'ਸੋਚਿਆ ਨਹੀਂ ਸੀ ਕਿ ਇਹ ਏਨਾ ਭਾਰੀ ਹੋਵੇਗਾ, ਪਰ ਦੁਨੀਆ ਭਰ ਦੇ ਵਿਰੋਧੀ ਤੱਤ ਇਸ ਛਾਬੇ 'ਚ ਭਰੇ ਪਏ ਨੇ। ਇਸ 'ਚ ਇੱਕ ਪਾਸੇ ਬਹੁਤ ਦਿਨ ਜਿਉਂਦੇ ਰਹਿ ਕੇ ਹੁਣੇ-ਹੁਣੇ ਜੋ ਮਰਿਆ ਏ। ਉਹ ਜੀਵ ਏ ਤੇ ਦੂਜੇ ਪਾਸੇ ਉਹ ਜੀਵ ਨੇ ਜਿਨ੍ਹਾਂ ਨੇ ਇਸ ਸੰਸਾਰ 'ਚ ਹੁਣੇ-ਹੁਣੇ ਆਪਣੀਆਂ ਅੱਖਾਂ ਖੋਲ੍ਹੀਆਂ ਨੇ। ਇੱਕ ਪਾਸੇ ਇੱਕ ਲੰਬੇ ਜੀਵਨ ਦਾ ਖਾਤਮਾ ਏ ਤਾਂ ਦੂਜੇ ਪਾਸੇ ਏ ਨਵੇਂ ਜੀਵਨ ਦੀ ਸ਼ੁਰੂਆਤ।'



'ਇਹ ਸੱਚਮੁੱਚ ਬੜੇ ਸਾਲ ਜਿਊਣਗੇ ?' ਉਸਨੇ ਆਪਣੇ-ਆਪ ਨੂੰ ਸੁਆਲ ਕੀਤਾ। 'ਮੇਰੇ ਬੁੱਢੇ ਹੱਡ ਅੱਠ-ਅੱਠ ਜੀਆਂ ਦਾ ਭਾਰ ਚੁੱਕਣ, ਇਹ ਕਿੰਨੀ ਬਦਕਿਸਮਤੀ ਦੀ ਗੱਲ ਏ।' ਉਸਨੇ ਸੋਚਿਆ।

'ਬੱਚਿਆਂ ਦੀ ਖਾਤਿਰ ਹੀ ਮੈਂ ਸੂਰੀ ਗੁਆ ਲਈ, ਉਨ੍ਹਾਂ ਦੇ ਲਈ ਹੁਣ ਸੂਰੀ ਦੀ ਲਾਸ਼ ਜੰਗਲ 'ਚ ਛੱਡ ਜਾਵਾਂਗਾ।' ਇਹ ਸੋਚਦਿਆਂ ਉਹ ਉੱਠ ਖੜ੍ਹਿਆ। 'ਕੋਈ ਵੀ ਮਨੁੱਖ ਪੂਰਣ ਰੂਪ ਤੋਂ ਕਿਸਮਤ ਵਾਲਾ ਨਹੀਂ ਹੁੰਦਾ। ਕੋਈ ਅਜਿਹਾ ਨਹੀਂ ਏ, ਜੋ ਜਿੱਥੇ ਵੀ ਉਂਗਲ ਰੱਖੇ ਉੱਥੇ ਹੀ ਸਫ਼ਲ ਹੋ ਜਾਵੇ। ਹਾਰ ਤੇ ਜਿੱਤ ਦਾ ਮੇਲ ਹੀ ਜੀਵਨ ਏ। ਹੰਝੂ ਜਿਵੇਂ ਦੁੱਖ ਦੇ ਭਾਰ ਨੂੰ ਹੌਲਾ ਕਰਦੇ ਨੇ, ਉਵੇਂ ਹੀ ਮੇਲ-ਜੋਲ ਦਾ ਭਾਵ ਹਾਰ 'ਚ ਹੌਂਸਲਾ ਦਿੰਦਾ ਏ।' ਸੋਚਦਿਆਂ ਉਸਨੇ ਸੂਰੀ ਦੀ ਲਾਸ਼ ਨੂੰ ਛਾਬੇ 'ਚੋਂ ਬਾਹਰ ਕੱਢ ਕੇ ਘਾਹ 'ਤੇ ਰੱਖ ਦਿੱਤਾ। ਫੇਰ ਪੱਤਿਆਂ ਦੇ ਉੱਪਰ ਅੱਠਾਂ ਬੱਚਿਆਂ ਨੂੰ ਠੀਕ ਤਰ੍ਹਾਂ ਬਿਠਾਇਆ।

ਇਸ ਵਾਰ ਵਿਸ਼ੇਸ਼ ਮਿਹਨਤ ਦੇ ਬਿਨਾਂ ਹੀ ਛਾਬਾ ਉੱਪਰ ਚੁੱਕਿਆ ਗਿਆ। ਉਸਨੂੰ ਉਸਨੇ ਗੋਡਿਆਂ 'ਤੇ ਟਿਕਾ ਕੇ ਫੜਿਆ ਤੇ ਲੰਬਾ ਸਾਹ ਲਿਆ। ਪੁੜਪੁੜੀ ਦੀਆਂ ਨਾੜਾਂ ਫੁੱਲ ਗਈਆਂ। ਉਸਨੇ ਦੰਦਾਂ ਨਾਲ ਬੁੱਲ੍ਹ ਘੁੱਟੇ, ਪਹਿਲਾਂ ਛਾਬੇ ਨੂੰ ਮੋਢੇ 'ਤੇ ਧਰ ਲਿਆ ਅਤੇ ਫੇਰ ਉੱਥੋਂ ਸਿਰ 'ਤੇ ਸੰਭਾਲ ਲਿਆ। ਹੱਥ ਵਧਾ ਕੇ ਉਸਨੇ ਛੁਰਾ ਅਤੇ ਭਾਲਾ ਲੈ ਲਿਆ ਅਤੇ ਤੁਰ ਪਿਆ ਪੂਰਬ ਦਿਸ਼ਾ ਵੱਲ।

## ਉੱਨੀ

ਬੱਚੇ ਪਰੇਸ਼ਾਨ ਜਿਹੇ ਹੋ ਕੇ ਕਿਚ-ਕਿਚ ਕਰਨ ਲੱਗੇ। 'ਹੁਣ ਹੋਰ ਕਿੰਨੀ ਕੁ ਦੇਰ ਲੱਗਣੀ ਏ ਉਇ! ਪਲਕ ਝਪਕਦੇ ਹੀ ਝੁੱਗੀ 'ਚ ਪਹੁੰਚਾ ਦੇਵਾਂਗਾ।' ਮਨ 'ਚ ਆਖਦਿਆਂ ਉਹ ਤੁਰਨ ਲੱਗਿਆ।

ਆਕਾਸ਼ 'ਚ ਪੱਛਮ ਦੀ ਢਲਾਣ 'ਤੇ ਖੜ੍ਹੇ ਚੰਦਰਮਾ ਰਾਹੀਂ ਬਣਾਈ ਗਈ ਆਪਣੀ ਪਰਛਾਈਂ ਨੂੰ ਮਿੱਧਦਿਆਂ, ਦੂਰ-ਦੂਰ ਦਿਖਾਈ ਦੇਣ ਵਾਲੇ ਪਹਾੜਾਂ ਅਤੇ ਤਾਰਿਆਂ ਦੀ ਸਹਾਇਤਾ ਨਾਲ ਦਿਸ਼ਾ ਦਾ ਅੰਦਾਜ਼ਾ ਲਾਉਂਦਿਆਂ ਉਹ ਤੁਰਦਾ ਰਿਹਾ।

ਸਿਰ 'ਤੇ ਰੱਖੇ ਛਾਬੇ 'ਚ ਪੱਤਿਆਂ ਦੇ ਉੱਤੇ ਬੱਚੇ ਲਗਾਤਾਰ ਹਿੱਲ ਰਹੇ ਸਨ। ਲੱਗ ਰਿਹਾ ਸੀ ਜਿਵੇਂ ਬਰਖਾ ਦੀਆਂ ਬੂੰਦਾਂ ਡਿਗ ਰਹੀਆਂ ਹੋਣ।

ਬੁੱਢੇ ਨੂੰ ਲੱਗਿਆ ਵਾਪਸੀ ਦਾ ਸਫ਼ਰ ਆਉਣੇ ਵੇਲੇ ਦੇ ਸਫ਼ਰ ਨਾਲੋਂ ਵੱਧ ਤੇਜ਼ੀ ਨਾਲ ਤੈਅ ਹੋ ਰਿਹਾ ਏ। 'ਹੁਣ ਗੁਫ਼ਾਵਾਂ 'ਚ ਲੱਭਣ ਦੀ ਲੋੜ ਨਹੀਂ ਏ। ਝਾੜੀਆਂ ਨੂੰ ਭਾਲੇ ਨਾਲ ਖੜਕਾਉਣ ਦੀ ਲੋੜ ਨਹੀਂ ਏ। ਹੂਚ-ਹੂਚ ਕਰਕੇ ਬੁਲਾਉਣ ਦੀ ਲੋੜ ਨਹੀਂ ਏ। ਹੁਣ ਮੇਰਾ ਕੰਮ ਸਿਰਫ ਪਗਡੰਡੀ ਫੜੇ ਰਹਿਣਾ ਏ।'

ਕੁਝ ਦੂਰ ਜਾਣ ਬਾਅਦ ਉਸਨੂੰ ਮਹਿਸੂਸ ਹੋਇਆ ਕਿ ਐਵੇਂ ਹੀ ਲੰਬਾ ਰਸਤਾ ਲੈ ਰਿਹਾ ਹਾਂ। ਇਸ ਲਈ ਉਹ ਪਗਡੰਡੀ ਛੱਡ ਕੇ ਘਾਹ ਦੇ ਮੈਦਾਨਾਂ ਅਤੇ ਘਾਟੀਆਂ 'ਚੋਂ ਟੇਢੇ ਹੋ ਕੇ ਪੂਰਬ ਦਿਸ਼ਾ 'ਚ ਤੁਰਨ ਲੱਗਿਆ।

ਅੱਖਾਂ ਆਕਾਸ਼ 'ਤੇ ਟਿਕਾਏ ਅਤੇ ਬੱਚਿਆਂ ਦੀ ਬਿੜਕ ਲੈਂਦਿਆਂ ਉਹ ਛੋਹਲੇ ਕਦਮੀਂ ਤੁਰ ਰਿਹਾ ਹੈ।

ਹੌਲੀ-ਹੌਲੀ ਰਾਤ ਢਲਦੀ ਗਈ। ਚੰਦ ਪੱਛਮੀ ਪਹਾੜਾਂ ਦੇ ਪਿੱਛੇ ਲੁਕ ਗਿਆ। ਕੁਝ ਦੇਰ ਬਾਅਦ ਸਵੇਰੇ ਦੇ ਆਉਣ ਨਾਲ ਪੂਰਬ ਦਾ ਆਕਾਸ਼ ਲਾਲ ਹੋਣ ਲੱਗਿਆ।

ਤੁਰਦਿਆਂ ਬੁੱਢਾ ਅਚਾਨਕ ਇਉਂ ਖੜ੍ਹਾ ਹੋ ਗਿਆ ਜਿਵੇਂ ਪਿੱਠ ਕਿਸੇ ਨੇ ਥਾਪੜੀ ਹੋਵੇ। ਉਸਨੇ ਗੌਰ ਤਾਂ ਨਹੀਂ ਕੀਤੀ ਸੀ ਪਰ ਬਹੁਤ ਦੇਰ ਤੋਂ ਛਾਬੇ 'ਚੋਂ ਬੱਚਿਆਂ ਦੀ ਬਿੜਕ ਨਹੀਂ ਮਿਲ ਰਹੀ ਸੀ।

ਇਹ ਪਤਾ ਲੱਗਦੇ ਹੀ, ਪਲ ਭਰ ਦੇ ਲਈ ਅੱਡੀ ਤੋਂ ਚੋਟੀ ਤੱਕ ਉਸਦਾ ਸਰੀਰ ਕੰਬ ਗਿਆ। ਕੰਬਦੇ ਹੱਥਾਂ ਨਾਲ ਉਸਨੇ ਛਾਬੇ ਨੂੰ ਹੇਠਾਂ ਉਤਾਰ ਕੇ ਰੱਖਿਆ। ਅੱਠੇ ਬੱਚੇ ਅਡੋਲ ਪਏ ਸਨ। ਪਿਚਕੇ ਹੋਏ ਉਨ੍ਹਾਂ ਦੇ ਢਿੱਡ ਕਮਜ਼ੋਰੀ ਨਾਲ ਉੱਪਲ-ਥੱਲੇ ਹੋ ਰਹੇ ਸਨ। ਪਿਆਜ਼ ਦੀਆਂ ਪਰਤਾਂ ਵਰਗੀਆਂ ਬੰਦ ਪਲਕਾਂ ਦੇ ਹੇਠਾਂ ਪੁਤਲੀਆਂ ਇੱਧਰ-ਉੱਧਰ ਹੋ ਰਹੀਆਂ ਸਨ।

ਛਾਬੇ 'ਚ ਸਰਕਦੇ ਮੌਤ ਦੇ ਪਰਛਾਵਿਆਂ ਨੂੰ ਦੇਖ ਕੇ ਬੁੱਢਾ ਡਰ ਨਾਲ ਬੇਚੈਨ ਹੋ ਗਿਆ। 'ਮੈਂ ਇਨ੍ਹਾਂ ਬੱਚਿਆਂ ਦੇ ਜੀਵਨ ਨਾਲ ਖਿਲਵਾੜ ਕਰ ਰਿਹਾ ਹਾਂ। ਦੁੱਧ ਬਗੈਰ ਹੁਣ ਇਹ ਜ਼ਿਆਦਾ ਦੇਰ ਨਹੀਂ ਰਹਿਣਗੇ। ਇਨ੍ਹਾਂ ਨੂੰ ਮੈਂ ਆਪਣੇ ਹੀ ਹੱਥੋਂ ਮਾਰਨ ਜਾ ਰਿਹਾ ਹਾਂ।' ਉਸਨੇ ਸੋਚਿਆ। ਕੰਬਦਿਆਂ ਹੱਥਾਂ ਨਾਲ ਛਾਬੇ ਨੂੰ ਸਿਰ 'ਤੇ ਰੱਖ ਕੇ ਉਹ ਫਿਰ ਤੋਂ ਤੁਰਨ ਲੱਗਿਆ।

ਉਹ ਜਿਵੇਂ-ਜਿਵੇਂ ਤੁਰਦਾ ਗਿਆ, ਉਵੇਂ-ਉਵੇਂ ਬਾਹਾਂ ਅਤੇ ਪੱਟਾਂ ਦੇ ਖਰੀਂਡ ਉਚੜਦੇ ਗਏ ਅਤੇ ਬੂੰਦ-ਬੂੰਦ ਕਰਕੇ ਲਹੂ ਭੁੰਜੇ ਡਿਗਨ ਲੱਗਿਆ। ਹੌਲੀ-ਹੌਲੀ ਬੁੱਢੇ 'ਤੇ ਕਮਜ਼ੋਰੀ ਹਾਵੀ ਹੁੰਦੀ ਗਈ।

'ਮੇਰੀ ਤਾਕਤ ਦੀ ਹਾਰ ਨਹੀਂ ਹੋਵੇਗੀ। ਉਹ ਸਾਰੀਆਂ ਕਮਜ਼ੋਰੀਆਂ 'ਤੇ ਜਿੱਤ ਪਾਏਗੀ। ਬੱਚਿਆਂ ਨੂੰ ਜਿਉਂਦੇ-ਜਾਗਦੇ ਝੁੱਗੀ ਤੱਕ ਪਹੁੰਚਾਵਾਂਗਾ। ਇਹੀ ਮੇਰਾ ਸੰਕਲਪ ਏ।' ਬੁੱਢੇ ਨੇ ਪ੍ਰਤਿਗਿਆ ਕੀਤੀ।

ਲਗਾਤਾਰ ਉਸਨੂੰ ਲੱਗਣ ਲੱਗਿਆ ਜਿਉਂ ਉਹ ਛਾਬੇ 'ਚ ਬੱਚਿਆਂ ਨੂੰ ਨਹੀਂ ਮੌਤ ਦੀ ਦੇਵੀ ਨੂੰ ਢੋਹ ਰਿਹਾ ਹੈ ਅਤੇ ਉਹ ਦੇਵੀ ਉਸਦੀ ਸਰੀਰਕ ਅਤੇ ਆਤਮਿਕ ਤਾਕਤ ਦਾ ਹਰਨ ਕਰ ਰਹੀ ਹੈ।

ਉਸਨੂੰ ਲੱਗਿਆ ਜਿਵੇਂ ਸਿਰ ਜ਼ੋਰ ਨਾਲ ਚਕਰਾ ਰਿਹਾ ਹੋਵੇ ਅਤੇ ਬੇਹੋਸ਼ੀ ਛਾ ਰਹੀ ਹੈ। ਉਸਦਾ ਤੁਰਨਾ ਆਪਣੇ ਆਪ ਰੁਕ ਗਿਆ। ਉਸ ਦੀਆਂ ਅੱਖਾਂ ਮੂਹਰੇ ਹਨੇਰਾ ਛਾ ਗਿਆ। ਉਸ ਹਨੇਰੇ 'ਚ ਉਸਨੂੰ ਨੀਲੇ ਘੇਰੇ ਦਿਖਾਈ ਦਿੱਤੇ। ਉਸ ਹਨੇਰੇ 'ਚ ਉਸਨੂੰ ਮੁੰਡੇ ਦੀ ਆਵਾਜ਼ ਸੁਣਾਈ ਦਿੱਤੀ। ਉਹ ਆਵਾਜ਼ ਇਉਂ ਸੀ ਜਿਵੇਂ ਪਿੱਪਲ ਦੀਆਂ ਟਾਹਣੀਆਂ 'ਚੋਂ ਹਵਾ ਵਗ ਰਹੀ ਹੋਵੇ ਜਾਂ ਟੇਢੇ ਪੱਥਰ ਦੇ ਉੱਪਰੋਂ ਪਾਣੀ ਵਗ ਰਿਹਾ ਹੋਵੇ।

ਥੋੜ੍ਹੀ ਦੇਰ 'ਚ ਖੁਮਾਰੀ ਉਤਰੀ ਅਤੇ ਅੱਖਾਂ ਦਾ ਹਨੇਰਾ ਛੰਡ ਗਿਆ। ਬੁੱਢੇ ਨੇ ਚਾਰੇ ਪਾਸੇ ਦੇਖਿਆ। ਮੁੰਡਾ ਕਿਤੇ ਨਹੀਂ ਸੀ। 'ਅਜਿਹਾ ਅਨੁਭਵ ਮੈਨੂੰ ਪਹਿਲਾਂ ਕਦੇ ਨਹੀਂ ਹੋਇਆ।' ਇਹ ਸੋਚਦਿਆਂ ਉਸਨੇ ਫੇਰ ਤੁਰਨਾ ਸ਼ੁਰੂ ਕੀਤਾ।

ਪੂਰਬ 'ਚ ਚਾਨਣ ਦੀਆਂ ਲਕੀਰਾਂ ਗਾੜ੍ਹੀਆਂ ਹੁੰਦੀਆਂ ਜਾ ਰਹੀਆਂ ਹਨ। ਹਵਾ ਦੇ ਬੰਦ ਦੇ ਹੋਣ ਨਾਲ-ਨਾਲ ਸਾਰੇ ਬਿਰਖ਼ ਚੁੱਪ ਅਤੇ ਅਡੋਲ ਖੜ੍ਹੇ ਹਨ। ਸਾਰੀ ਰਾਤ ਚੰਦਰਮਾ ਦੀ ਠੰਢਕ ਨੂੰ ਪੀਣ ਬਾਅਦ ਚੱਟਾਨਾਂ ਹੁਣ ਥੋੜ੍ਹੀ ਦੇਰ 'ਚ ਆਉਣ ਵਾਲੇ ਸੂਰਜ ਦੇ ਤਪ ਦੇ ਲਈ ਤਿਆਰ ਹੋ ਰਹੀਆਂ ਹਨ।

ਬੁੱਢੇ ਦੇ ਪੈਰ ਲੜਖੜਾ ਰਹੇ ਹਨ। ਸਰੀਰ ਕੰਬ ਰਿਹਾ ਹੈ। ਤੋਰ ਦੀ ਤੇਜ਼ੀ ਘੱਟ ਰਹੀ ਹੈ। 'ਪਰ ਮੈਂ ਆਪਣਾ ਸਫ਼ਰ ਰੋਕਦਾ ਨਹੀਂ। ਹੁਣ ਇੱਕ-ਇੱਕ ਪਲ ਇੱਕ-ਇੱਕ ਯੁੱਗ ਵਾਂਗੂ ਮੁੱਲਵਾਨ ਏ। ਅੱਜ ਤੱਕ ਅਜਿਹਾ ਕਦੇ ਨਹੀਂ ਹੋਇਆ ਕਿ ਮੇਰੀ ਜ਼ਿੰਦਗੀ ਦੀਆਂ ਘੜੀਆਂ ਏਨੀ ਕੀਮਤੀ ਰਹੀਆਂ ਹੋਣ।' ਉਸਨੇ ਸੋਚਿਆ।

ਪਰ ਉਸਦੇ ਸਰੀਰ ਦੀ ਬੇਵਸੀ ਵਧਦੀ ਹੀ ਜਾ ਰਹੀ ਹੈ। ਉਸਦੀ ਸੰਕਲਪ ਸ਼ਕਤੀ ਨੂੰ ਹਰਾਉਂਦਿਆਂ ਕਮਜ਼ੋਰੀ ਨੇ ਇੱਕ ਤਲਾਅ ਦੇ ਕੋਲ ਉਸ ਦੀ ਤੋਰ ਰੋਕ ਦਿੱਤੀ। 'ਥੋੜ੍ਹੀ ਦੇਰ ਆਰਾਮ ਕਰਾਂਗਾ। ਥਕਾਨ ਮਿਟਣ ਬਾਅਦ ਤਾਕਤ ਹਾਸਿਲ ਹੋ ਸਕਦੀ ਏ।' ਸੋਚਦਿਆਂ ਉਸਨੇ ਛਾਬੇ ਨੂੰ ਲਾਹ ਕੇ ਹੇਠਾਂ ਰੱਖ ਦਿੱਤਾ। ਉਸਨੂੰ ਲੱਗਿਆ ਕਿ ਗਲ਼ ਅਤੇ ਜੀਭ ਸੁੱਕ ਰਹੇ ਹਨ। ਛਾਬੇ ਦੇ ਕੋਲੋਂ ਚਾਰ ਕੁ ਭਾਰੀ ਕਦਮ



ਨਾਲ ਉਹ ਤਲਾਅ ਦੇ ਕੋਲ ਪਹੁੰਚਿਆ। ਬੁੱਕ 'ਚ ਭਰ-ਭਰ ਕੇ ਪਾਣੀ ਬੇਚੈਨੀ ਨਾਲ ਇਉਂ ਪੀਤਾ ਜਿਵੇਂ ਰਤਨਾਂ ਦੇ ਢੇਰ ਲੁੱਟ ਰਿਹਾ ਹੋਵੇ। ਸ਼ੀਸ਼ੇ ਵਰਗਾ ਪਾਣੀ ਲਹਿਰਾਂ ਨਾਲ ਭਰ ਗਿਆ ਅਤੇ ਤਾਰੇ ਕਿਚ-ਕਿਚ ਹੋ ਕੇ ਟੱਪਣ ਲੱਗੇ। ਪਿਆਸ ਬੁਝਾ ਕੇ ਪਾਣੀ ਦੇ ਕਿਨਾਰੇ ਹੀ, ਘੋਘਿਆਂ ਦੇ ਉੱਪਰ ਉਹ ਲੰਬਾ ਪੈ ਗਿਆ।

ਕਮਜ਼ੋਰੀ ਤੋਂ ਜਨਮੀ ਹਾਰ ਅਤੇ ਹਾਰੋਂ ਜਨਮੀ ਕਮਜ਼ੋਰੀ ਨਾਲ ਜਦੋਂ ਉਹ ਪਿਆ ਸੀ ਤਦੇ ਲਹਿਰਾਂ ਹੌਲੀ-ਹੌਲੀ ਸ਼ਾਂਤ ਹੋ ਗਈਆਂ। ਤਾਰੇ ਫੇਰ ਅਡੋਲ ਹੋ ਕੇ ਚਮਕਣ ਲੱਗੇ।

ਉਸਨੂੰ ਕੁੱਕੜਾਂ ਦੀਆਂ ਲੜਾਈਆਂ ਯਾਦ ਆ ਗਈਆਂ। ਲਹੂ ਨਾਲ ਭਿੱਜ ਕੇ ਪਿੱਛੇ-ਪਿੱਛੇ ਨੂੰ ਹਟਦਾ ਕੁੱਕੜ ਯਾਦ ਆਇਆ। ਬਾਜ਼ੀ ਲਾਈ ਬੈਠੇ ਜੁਆਰੀਆਂ ਨੂੰ ਲਲਕਾਰਦਿਆਂ ਬੜੇ ਜ਼ੋਰ-ਜ਼ੋਰ ਨਾਲ ਚੀਕਣਾ ਯਾਦ ਆਇਆ। ਸਾਂਢਾਂ ਦੀ ਲੜਾਈ 'ਚ ਸਾਂਢ ਨੂੰ ਜੋਸ਼ ਦਵਾਉਣ ਦੇ ਲਈ ਧਾਨਕਿਆਂ ਦੀ ਡਫ਼ਲੀ ਵਜਾਉਣਾ ਯਾਦ ਆਇਆ।

'ਇਸ ਵੇਲੇ ਮੈਨੂੰ ਕੋਈ ਉਤਸ਼ਾਹਿਤ ਨਹੀਂ ਕਰ ਸਕਦਾ। ਕੋਈ ਵੀ ਜੋਸ਼ ਨਹੀਂ ਦਵਾ ਸਕਦਾ। ਮੈਂ ਸਰੀਰਕ ਤੇ ਮਾਨਸਿਕ ਥਕਾਨ ਦੇ ਹੇਠਾਂ ਦਬ ਗਿਆ ਹਾਂ। ਹੁਣ ਕੋਈ ਵੀ ਮੈਨੂੰ ਕੰਮ 'ਚ ਨਹੀਂ ਲਾ ਸਕਦਾ।' ਉਸਨੇ ਸੋਚਿਆ।

ਪਾਣੀ ਦੇ ਕਿਨਾਰੇ ਘੋਘਿਆਂ ਦੇ ਉੱਪਰ ਪਏ ਬੁੱਢੇ ਨੂੰ ਬਿਰਖ਼ਾਂ ਦੀਆਂ ਸਭ ਤੋਂ ਉੱਚੀਆਂ ਟਾਹਣੀਆਂ, ਤਾਰਿਆਂ ਅਤੇ ਬੱਦਲ ਦਿਖਾਈ ਦੇ ਰਹੇ ਹਨ।

ਜਦ ਉਹ ਭੀਲਾਂ ਦੇ ਜੰਗਲ 'ਚ ਆਜੜੀ ਬਣ ਕੇ ਰਿਹਾ ਸੀ, ਉਨ੍ਹਾਂ ਦਿਨਾਂ ਦੀ ਇੱਕ ਘਟਨਾ ਉਸਦੇ ਮਨ 'ਚ ਉਭਰੀ।

ਉਸਦੇ ਨਾਲ ਤਿੰਨ ਹੋਰ ਆਜੜੀ ਉਸੇ ਜੰਗਲ 'ਚ ਰਿਹਾ ਕਰਦੇ ਸਨ। ਉਨ੍ਹਾਂ ਦੇ ਪਸ਼ੂਆਂ ਨੂੰ ਜੰਗਲ ਦੇ ਜੀਵਨ ਦਾ ਅਭਿਆਸ ਹੋਣ 'ਚ ਬੜਾ ਸਮਾਂ ਲੱਗਿਆ। ਗਰਮੀਆਂ ਦੀ ਰੁੱਤ ਦੇ ਆਦੀ ਹੁੰਦੇ-ਹੁੰਦੇ ਵਰਖਾ ਰੁੱਤ ਦੀ ਸ਼ੁਰੂਆਤ ਹੋ ਜਾਂਦੀ ਅਤੇ ਵਰਖਾ ਰੁੱਤ ਦੇ ਲਈ ਆਦੀ ਹੁੰਦੇ-ਹੁੰਦੇ ਸਰਦੀ ਆ ਜਾਂਦੀ।

ਅਜਿਹੀ ਸਥਿਤੀ 'ਚ ਇੱਕ ਗਊਆਂ ਪਾਲਣ ਵਾਲਾ ਮੁੰਡਾ ਆਪਣੇ ਝੁੰਡ ਦੇ ਨਾਲ ਆ ਕੇ ਮਿਲ ਗਿਆ। ਉਸ ਝੁੰਡ 'ਚ ਅੱਠ ਗਊਆਂ, ਦਸ ਬਲ਼ਦ, ਕੁਝ ਵੱਛੇ, ਕੁੱਲ ਵੀਹ ਪਸ਼ੂ ਹਨ। ਇਹ ਪਸ਼ੂ ਹੀ ਉਸ ਗੁਆਲੇ ਦੇ ਜੀਵਨ ਦਾ ਆਧਾਰ ਸਨ। ਉਸਦੇ ਕੋਲ ਹੋਰ ਜ਼ਮੀਨ-ਜਾਇਦਾਦ ਕੁਝ ਨਹੀਂ ਸੀ। ਜਿਸ ਇਲਾਕੇ 'ਚ ਰਹਿੰਦਾ ਸੀ ਉੱਥੇ ਸੋਕਾ ਪੈਣ ਨਾਲ ਉਹ ਆਪਣੇ ਪਸ਼ੂਆਂ ਨੂੰ ਲੈ ਕੇ ਉਸ ਜੰਗਲ 'ਚ ਆਇਆ ਸੀ। ਉੱਥੇ ਹਰੇ ਘਾਹ ਨਾਲ ਭਰੇ ਮੈਦਾਨਾਂ ਅਤੇ ਕਲ-ਕਲ ਕਰਦੇ ਵਗਦੇ ਝਰਨਿਆਂ ਨੂੰ ਦੇਖ ਕੇ ਉਸ ਦੀ ਖੁਸ਼ੀ ਦੀ ਹੱਦ ਨਾ ਰਹੀ ਸੀ।

ਪਰ ਪੇਂਡੂ ਜੀਵਨ ਦੇ ਆਦੀ ਉਸਦੇ ਪਸ਼ੂ ਜੰਗਲ 'ਚ ਆਸਾਨੀ ਨਾਲ ਰਹਿ ਨਹੀਂ ਸਕੇ। ਬਾਂਸ ਦੀਆਂ ਝਾੜੀਆਂ 'ਚ ਕਿਤੇ ਭੂਰਾ ਕਾਂ 'ਘੁੱਘੂ' ਕਹਿ ਕੇ ਬੋਲਦਾ ਜਾਂ ਕਾਸ 'ਚ ਮੁਰਗਾਬੀ ਖੰਭ ਮਾਰਦੀ ਤਾਂ ਉਹ ਪੂਛ ਚੁੱਕ ਕੇ ਭੱਜ ਜਾਂਦੇ।

ਇੱਕ ਦਿਨ ਮੁੰਡਾ ਆਪਣੇ ਪਸ਼ੂਆਂ ਨੂੰ ਢਿੱਡ ਭਰ ਕੇ ਚਰਾ ਕੇ ਆਥਣੇ ਮੁੜ ਆਇਆ। ਕਿੱਲ੍ਹਿਆਂ ਨਾਲ ਉਨ੍ਹਾਂ ਨੂੰ ਬੰਨ੍ਹ ਕੇ ਦੂਜੇ ਆਜੜੀਆਂ ਦੇ ਨਾਲ ਝੁੱਗੀ 'ਚ ਸੌਂ ਗਿਆ। ਅੱਧੀ ਰਾਤ ਨੂੰ ਪਸ਼ੂਆਂ ਦੀ ਹੜਬੜਾਹਟ ਸੁਣ ਕੇ ਉਹ ਝੱਟ ਦੇਣੇ ਉੱਠਿਆ। ਉਸਨੂੰ ਪਸ਼ੂਆਂ ਦੇ ਗਲ਼ਾਂ 'ਚ ਬੰਨ੍ਹੀ ਰੱਸੀ ਦੀ ਚਿੜ-ਚਿੜ ਦੀ ਆਵਾਜ਼ ਸੁਣਾਈ ਦਿੱਤੀ। ਉਸਨੇ ਭੱਜ ਕੇ ਬਾਹਰ ਦੇਖਿਆ। ਉਸਦੇ ਪਸ਼ੂਆਂ 'ਚੋਂ ਇੱਕ ਵੀ ਦਿਖਾਈ ਨਾ ਦਿੱਤਾ। ਕਿੱਲ੍ਹਿਆਂ ਦੇ ਕੋਲ ਅੱਧ-ਟੁੱਟੇ ਰੱਸੇ ਦਿਖਾਈ ਦਿੱਤੇ। ਦੂਜਿਆਂ ਦੇ ਪਸ਼ੂ ਬੇਫ਼ਿਕਰ

ਹੋ ਕੇ ਜੁਗਾਲੀ ਕਰ ਰਹੇ ਸਨ। ਸਭ ਦੀ ਰਾਇ ਇਹ ਬਣੀ ਕਿ ਉਸ ਮੁੰਡੇ ਦੇ ਪਸ਼ੂਆਂ ਦੇ ਲਈ ਜੰਗਲ ਦਾ ਜੀਵਨ ਓਪਰਾ ਸੀ, ਉਹ ਹਨੇਰੇ 'ਚ ਕਿਸੇ ਆਕਾਰ ਨੂੰ ਦੇਖਦੇ ਜਾਂ ਕੋਈ ਆਵਾਜ਼ ਸੁਣ ਕੇ ਭੜਕ ਕੇ ਭੱਜ ਗਏ ਹੋਣਗੇ। ਭੱਜੇ ਹੋਏ ਪਸ਼ੂਆਂ ਨੂੰ ਲੱਭਦਿਆਂ ਉਹ ਲੋਕ ਵੱਖ-ਵੱਖ ਦਿਸ਼ਾਵਾਂ 'ਚ ਚਲੇ ਗਏ। ਦਿਨ ਨਿਕਲਦੇ-ਨਿਕਲਦੇ ਉਹ ਖਾਲੀ ਹੱਥ ਮੁੜ ਆਏ। ਪਰ ਮੁੰਡਾ ਮੁੜ ਕੇ ਨਹੀਂ ਆਇਆ। ਬਾਅਦ 'ਚ ਦੋ ਦਿਨ ਅਤੇ ਦੋ ਰਾਤਾਂ ਉਹ ਲੋਕ ਮੁੰਡੇ ਅਤੇ ਉਸਦੇ ਪਸ਼ੂਆਂ ਦੇ ਲਈ ਜੰਗਲ ਛਾਣਦੇ ਰਹੇ। ਤੀਜੇ ਦਿਨ ਸਵੇਰੇ ਦੇਖਿਆ ਕਿ ਦੋ ਕੋਹ ਦੂਰ ਝੁੰਡਾਂ ਦੇ ਝੁੰਡ ਆਕਾਸ਼ 'ਚ ਉੱਡ ਰਹੇ ਹਨ। ਪਤਾ ਨਹੀਂ ਕੇਹਾ ਦ੍ਰਿਸ਼ ਅੱਖਾਂ ਦੇ ਮੂਹਰੇ ਆਏਗਾ, ਇਹ ਸੋਚ ਕੇ ਡਰਦੇ-ਡਰਦੇ ਉਹ ਉਸ ਦਿਸ਼ਾ 'ਚ ਭੱਜੇ।

ਇੱਕ ਭਿਆਨਕ ਘਾਟੀ 'ਤੇ ਇੱਲਾਂ ਉੱਡ ਰਹੀਆਂ ਸਨ। ਘਾਟੀ ਦੇ ਹੇਠਾਂ ਮੁੰਡੇ ਦੇ ਪਸ਼ੂਆਂ ਦੀਆਂ ਲਾਸ਼ਾਂ ਪਈਆਂ ਹੋਈਆਂ ਸਨ। ਘਾਟੀ ਦੇ ਕਿਨਾਰੇ ਦੇ ਨਾਲ-ਨਾਲ ਪਸ਼ੂਆਂ ਦੇ ਸਿੰਗਾਂ ਅਤੇ ਖੁਰਾਂ ਦੀਆਂ ਖਰੋਚਾਂ ਦਿਖਾਈ ਦੇ ਰਹੀਆਂ ਸਨ।

ਉਹ ਸਭ ਘਾਟੀ 'ਚ ਉਤਰ ਕੇ ਪਸ਼ੂਆਂ ਦੇ ਕੋਲ ਗਏ। ਨੇੜਲੇ ਇੱਕ ਬਿਰਖ਼ ਦੀ ਟਾਹਣੀ 'ਤੇ ਆਪਣੇ ਪਰਨੇ ਨਾਲ ਫਾਹਾ ਲੈ ਕੇ ਲਟਕਦੇ ਗੁਆਲੇ ਮੁੰਡੇ ਨੂੰ ਦੇਖ ਕੇ ਉਨ੍ਹਾਂ ਦੇ ਦਿਲ ਦਹਿਲ ਗਏ।

ਲਗਭਗ ਚਾਲੀ ਸਾਲ ਪਹਿਲਾਂ ਦੀ ਇਹ ਘਟਨਾ ਬੁੱਢੇ ਨੂੰ ਸਾਫ਼ ਯਾਦ ਆਉਣ ਲੱਗੀ। 'ਉਹ ਭਿਆਨਕ ਘਟਨਾ ਮੈਨੂੰ ਇਸ ਵੇਲੇ ਯਾਦ ਕਿਉਂ ਆ ਰਹੀ ਏ ?' ਉਸਨੇ ਸੋਚਿਆ। ਉਸਨੂੰ ਲੱਗਿਆ ਕਿ ਉਹ ਇੱਕ ਕੁਚੱਕਰ 'ਚ ਫਸ ਗਿਆ ਏ। 'ਇਹ ਮੈਨੂੰ ਸਮਝ 'ਚ ਨਹੀਂ ਆ ਰਿਹਾ ਏ ਕਿ ਮੇਰੀ ਤਾਕਤ ਦਾ ਨਾਸ਼ ਹੋਣ ਨਾਲ ਮੈਨੂੰ ਗੁਆਲੇ ਮੁੰਡੇ ਦੀ ਯਾਦ ਆ ਰਹੀ ਏ ਜਾਂ ਗੁਆਲੇ ਮੁੰਡੇ ਦੇ ਯਾਦ ਆਉਣ ਨਾਲ ਮੇਰੀ ਤਾਕਤ ਦਾ ਨਾਸ਼ ਹੋ ਰਿਹਾ ਏ।' ਉਸਨੇ ਸੋਚਿਆ।

ਉਸਨੇ ਅੱਖਾਂ ਮੀਚੀ ਜਿਵੇਂ ਬਿਰਖ਼ ਨਾਲ ਲਟਕਦੇ ਗੁਆਲੇ ਨੂੰ ਆਪਣੇ ਮਨ ਦੇ ਆਕਾਸ਼ 'ਚੋਂ ਮਿਟਾਉਣ ਦੀ ਕੋਸ਼ਿਸ਼ ਕੀਤੀ। ਉਸ ਦੀਆਂ ਮੀਚੀਆਂ ਅੱਖਾਂ ਨੂੰ ਮੁੰਡੇ ਦਾ ਆਕਾਰ ਦਿਖਾਈ ਦਿੱਤਾ। ਪਾਣੀ ਦੇ ਤਲ 'ਤੇ ਆਉਣ ਬਾਅਦ ਹੈਰਾਨੀ ਨਾਲ ਉੱਪਰ ਟੱਪਣ ਵਾਲੀਆਂ ਮੱਛੀਆਂ ਵਾਂਗੂ ਉਹ ਕਿਲਕਾਰੀਆਂ ਮਾਰ ਰਿਹਾ ਸੀ। ਤਲਾਅ 'ਚ ਤੈਰ ਕੇ ਕਿਨਾਰੇ 'ਤੇ ਆਉਣ ਬਾਅਦ ਪਾਣੀ ਚੋਂਦਾ ਉਸਦਾ ਸਰੀਰ ਧੁੱਪ 'ਚ ਚਮਕ ਰਿਹਾ ਸੀ ਅਤੇ ਉਹ ਟੱਪ ਰਿਹਾ ਸੀ।

ਥੋੜ੍ਹੀ ਦੇਰ 'ਚ ਬੁੱਢੇ ਨੇ ਅੱਖਾਂ ਖੋਲ੍ਹੀਆਂ। ਦੇਖਿਆ ਕਿ ਨੇੜੇ ਕਿਤੇ ਮੁੰਡੇ ਦਾ ਪਰਛਾਵਾਂ ਵੀ ਨਹੀਂ ਹੈ। ਜੰਗਲ ਅਡੋਲ ਅਤੇ ਗੰਭੀਰ ਫੈਲਿਆ ਖੜ੍ਹਾ ਹੈ।

'ਮੈਨੂੰ ਅਨੋਖੇ ਤਜ਼ੁਰਬੇ ਹੋ ਰਹੇ ਨੇ। ਸਰੀਰ ਹੀ ਨਹੀਂ, ਮਨ ਵੀ ਮੇਰੇ ਵਸ 'ਚ ਨਹੀਂ ਰਹਿ ਗਿਆ ਏ।' ਉਸਨੇ ਸੋਚਿਆ।

ਕਿਤੇ ਪਹਾੜਾਂ ਦੇ ਪਿੱਛੇ ਸੂਰਜ ਚੜ੍ਹਿਆ। ਸੂਰਜ ਦੀਆਂ ਲਾਲ ਕਿਰਣਾਂ ਆਕਾਸ਼ ਦੇ ਬੱਦਲਾਂ ਨੂੰ ਛੂ ਰਹੀਆਂ ਹਨ। 'ਧੁੱਪ ਸੂਰਜ ਤੋਂ ਪੈਦਾ ਹੁੰਦੀ ਏ, ਚੰਦ ਤੋਂ ਚਾਨਣੀ ਪੈਦਾ ਹੁੰਦੀ ਏ। ਪਤਾ ਨਹੀਂ ਹਨੇਰਾ ਕਿੱਥੋਂ ਪੈਦਾ ਹੁੰਦਾ ਏ।' ਬੁੱਢੇ ਨੇ ਸੋਚਿਆ। 'ਹਨੇਰੇ ਦਾ ਜਨਮ-ਮਰਨ ਸ਼ਾਇਦ ਨਹੀਂ ਹੁੰਦਾ। ਸ਼ਾਇਦ ਉਹ ਹਮੇਸ਼ਾ ਰਹਿਣ ਵਾਲਾ ਹੁੰਦਾ ਏ। ਦੇਵਤਿਆਂ ਦੇ ਚਾਨਣ ਦੀ ਛਿਣ ਭੰਗਰਤਾ ਦੇ ਸੰਦਰਭ 'ਚ ਪਿਸ਼ਾਚਾਂ ਦੇ ਬਾਰੇ ਹਨੇਰੇ ਦਾ ਅਮਰ ਹੋਣਾ ਕਿੰਨਾ ਦੁਖਦਾਈ ਏ।' ਉਸਨੇ ਸੋਚਿਆ।

ਹੌਲੀ-ਹੌਲੀ ਉਸ ਦੀਆਂ ਅੱਖਾਂ ਮਿਚ ਗਈਆਂ। ਲਗਾਤਾਰ ਉਹ ਅਜਿਹੀ ਸਥਿਤੀ 'ਚ ਪਹੁੰਚਦਾ ਗਿਆ ਜੋ ਨੀਂਦ ਸੀ, ਨਾ ਸੁਪਨਾ।

ਬੱਦਲਾਂ ਨੂੰ ਛੋਂਹਦੀਆਂ ਸੂਰਜ ਦੀਆਂ ਕਿਰਣਾਂ ਹੇਠਾਂ ਉੱਤਰ ਕੇ ਪਰਬਤ-ਟੀਸੀਆਂ ਅਤੇ ਬਿਰਖਾਂ ਦੀਆਂ ਸਭ ਉੱਚੀਆਂ ਟੀਸੀਆਂ ਨੂੰ ਛੋਂਹਦੀਆਂ ਹੋਈਆਂ ਤੇਜ਼ੀ ਨਾਲ ਹੇਠਾਂ ਵੱਲ ਤਿਲਕਣ ਲੱਗੀਆਂ।



ਸਾਰੀ ਰਾਤ ਉੱਡ ਕੇ ਥੱਕੇ ਜੁਗਨੂੰ ਹੁਣੇ-ਹੁਣੇ ਨੀਂਦੋਂ ਜਾਗੇ ਟਿੱਡੇ ਘਾਹ ਅਤੇ ਬਿਰਖਾਂ ਦੀਆਂ ਟਾਹਣੀਆਂ ਨਾਲ ਚਿਪਕ ਕੇ ਅਡੋਲ ਪਏ ਸਨ।

ਸਵੇਰ ਦੀ ਧੁੱਪ ਹੋਰ ਜ਼ਿਆਦਾ ਹੇਠਾਂ ਉੱਤਰ ਕੇ ਝਾੜੀਆਂ, ਘਾਹ ਦੇ ਮੈਦਾਨਾਂ ਅਤੇ ਘਾਟੀਆਂ ਨੂੰ ਰੰਗਣ ਲੱਗੀ। ਤਲਾਅ ਦੇ ਉੱਪਰ ਝਿਲਮਿਲਾਉਣ ਲੱਗੀ। ਪਾਣੀ ਦੇ ਕਿਨਾਰੇ ਪਏ ਬੁੱਢੇ ਦੀ ਨੀਂਦ ਧੁੱਪ ਨਾਲ ਖੁੱਲ੍ਹ ਗਈ।

ਉਹ ਅੱਖਾਂ ਮੀਚੇ ਹੀ ਸੀ ਕਿ ਉਸਨੂੰ ਲੱਗਿਆ ਕਿ ਨੇੜੇ ਹੀ ਕੋਈ ਖੜਕਾ ਹੋ ਰਿਹਾ ਹੈ। ਅੱਖਾਂ ਖੋਲ੍ਹ ਕੇ ਉਹ ਇਕਦਮ ਉੱਠਿਆ।

ਸਾਖਿਆਤ ਮੌਤ ਵਾਂਗੂ ਚਾਰ ਇੱਲਾਂ ਛਾਬੇ ਦੇ ਕਿਨਾਰੇ 'ਤੇ ਬੈਠੀਆਂ ਸਨ। ਉਨ੍ਹਾਂ ਦੀਆਂ ਤਿੱਖੀਆਂ ਚੁੰਝਾਂ ਲਹੂ ਨਾਲ ਲਿਬੜੀਆਂ ਸਨ।

ਪੈਰਾਂ ਤੋਂ ਸਿਰ ਤੋਂ ਬੁੱਢਾ ਭੜਕ ਉੱਠਿਆ। ਉਸਨੇ ਹੱਥ ਵਧਾ ਕੇ ਭਾਲਾ ਚੁੱਕਿਆ ਅਤੇ ਇੱਲਾਂ 'ਤੇ ਸੁੱਟਿਆ। ਭਾਲਾ ਨਿਸ਼ਾਨਾ ਉੱਕ ਕੇ ਜ਼ਮੀਨ 'ਚ ਗਿੱਠ ਕੁ ਖੁੱਭ ਗਿਆ। ਇੱਲਾਂ ਇੱਕ-ਇੱਕ ਕਰ ਕੇ ਬੋਝਿਲ ਜਿਹੀਆਂ ਉੱਡੀਆਂ ਅਤੇ ਖੰਭ ਮਾਰਦੀਆਂ ਉੱਡ ਗਈਆਂ। ਉਨ੍ਹਾਂ ਦੇ ਉੱਡਦੇ ਹੀ ਛਾਬਾ ਉਲਟ ਕੇ ਮੂਧਾ ਹੋ ਗਿਆ। ਬੁੱਢਾ ਭੱਜ ਕੇ ਗਿਆ ਅਤੇ ਛਾਬਾ ਚੁੱਕ ਕੇ ਪੱਤੇ ਪਾਸੇ ਕਰ ਦਿੱਤੇ। ਉਸਨੂੰ ਪੱਤਿਆਂ ਦੇ ਹੇਠਾਂ ਬੱਚਿਆਂ ਦੇ ਬਦਲੇ ਅੱਠ ਮਾਸ ਦੇ ਲੋਥੜੇ ਦਿਖਾਈ ਦਿੱਤੇ।

ਉਹ ਉੱਠ ਕੇ ਖੜ੍ਹਾ ਹੋਇਆ। ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਹੰਝੂਆਂ ਨਾਲ ਭਰ ਗਈਆਂ। ਉਸਨੇ ਪਲਕਾਂ ਜ਼ੋਰ ਦੀ ਬੰਦ ਕੀਤੀਆਂ ਤਾਂ ਹੰਝੂ ਤਿਲਕ ਕੇ ਗੱਲ੍ਹਾਂ ਦੀਆਂ ਡੂੰਘੀਆਂ ਝੁਰੜੀਆਂ 'ਚ ਗਾਇਬ ਹੋ ਗਏ। ਹੰਝੂ ਦੀ ਪਰਤ 'ਚੋਂ ਉਸਨੂੰ ਸਾਰਾ ਜੰਗਲ ਧੁੰਦਲਾ ਜਿਹਾ ਦਿਖਾਈ ਦਿੱਤਾ। ਉਲਟੇ ਹੱਥ ਨਾਲ ਉਸਨੇ ਅੱਖਾਂ ਪੂੰਝ ਲਈਆਂ। ਨੇੜਲੇ ਬਿਰਖ ਦੀਆਂ ਟਾਹਣੀਆਂ 'ਤੇ ਚਾਰ ਇੱਲਾਂ ਬੈਠੀਆਂ ਸਨ। ਲਹੂ ਨਾਲ ਲਿੱਬੜੀਆਂ ਚੁੰਝਾਂ ਨੂੰ ਉਹ ਟਾਹਣੀ ਨਾਲ ਘਸਾ ਰਹੀਆਂ ਸਨ। ਜੀਅ ਕੀਤਾ ਕਿ ਭਾਲਾ ਲੈ ਕੇ ਉਨ੍ਹਾਂ ਦੇ ਕਲੇਜਿਆਂ ਨੂੰ ਟੁਕੜੇ-ਟੁਕੜੇ ਕਰ ਦੇਵੇ।

'ਪਰ ਹੁਣ ਮੈਂ ਭਾਲਾ ਚਲਾਉਣ ਦੀ ਹਾਲਤ 'ਚ ਨਹੀਂ ਹਾਂ। ਉਸ ਦੀ ਲਾਠੀ ਵਾਂਗੂ ਵਰਤੋਂ ਕਰਨ ਦੀ ਸਥਿਤੀ 'ਚ ਪਹੁੰਚ ਗਿਆ ਹਾਂ।' ਉਸਨੇ ਸੋਚਿਆ।

ਉਸ ਨੂੰ ਦੀਨਤਾ ਦਾ ਬੁਖ਼ਾਰ ਜਿਹਾ ਚੜ੍ਹ ਗਿਆ ਤਾਂ ਉਹ ਉਕੜੂੰ ਬੈਠ ਗਿਆ। ਉਸਨੇ ਕੂਹਣੀਆਂ ਨੂੰ ਗੋਡਿਆਂ 'ਤੇ ਧਰਿਆ ਅਤੇ ਹਥੇਲੀਆਂ 'ਤੇ ਅੱਖਾਂ ਰੱਖ ਲਈਆਂ।

'ਲੜਾਈ ਖ਼ਤਮ ਹੋ ਗਈ। ਮੈਂ ਪੂਰੀ ਤਰ੍ਹਾਂ ਹਾਰ ਗਿਆ ਹਾਂ।' ਉਸਨੇ ਸੋਚਿਆ।

## ਵੀਹ

ਆਕਾਸ਼ 'ਚ ਵੱਡਾ ਦਿਨ ਚੜ੍ਹ ਆਇਆ ਹੈ।

ਬੁੱਢਾ ਖੱਬੇ ਹੱਥ ਨਾਲ ਛੁਰਾ ਫੜੀ ਅਤੇ ਸੱਜੇ ਹੱਥ 'ਚ ਭਾਲੇ ਨੂੰ ਲਾਠੀ ਵਾਂਗੂ ਰੱਖਦਿਆਂ ਭਾਰੀ ਕਦਮਾਂ ਨਾਲ ਝੁੱਗੀ ਦੇ ਕੋਲ ਪਹੁੰਚਿਆ। ਉਸ ਪੈਰਾਂ ਦੇ ਖੜਕੇ ਨੂੰ ਪਛਾਣ ਕੇ ਬਾੜੇ ਦੇ ਸੂਰ ਕਿਚ-ਕਿਚ ਕਰਨ ਲੱਗੇ।

ਮੁੰਡਾ ਝੁੱਗੀ ਅਤੇ ਬਾੜੇ ਦੇ ਵਿਚਾਲੇ ਭੁੰਜੇ ਹੀ ਸੌਂ ਰਿਹਾ ਹੈ। ਲਪੇਟੀ ਹੋਈ ਖਜੂਰ ਦੀ ਚਟਾਈ ਕੋਲੇ ਪਈ ਹੈ। ਲੱਗਿਆ ਕਿ ਸਾਰੀ ਰਾਤ ਬੁੱਢੇ ਨੂੰ ਉਡੀਕਦਿਆਂ ਉਸੇ ਤਰ੍ਹਾਂ ਲੁੜਕ ਗਿਆ।

ਝੁੱਗੀ ਦੀ ਦੇਹਲੀ 'ਤੇ ਹੀ ਛੁਰੇ ਅਤੇ ਭਾਲੇ ਨੂੰ ਸੁੱਟ ਕੇ ਬੁੱਢਾ ਅੰਦਰ ਗਿਆ। ਭੁੰਜੇ ਲੰਬਾ ਪੈ

ਗਿਆ ਤਾਂ ਉਸ ਦੀ ਰੀੜ੍ਹ ਦੀ ਹੱਡੀ ਅਤੇ ਗੋਡੇ ਚਟਕਣ ਲੱਗੇ। ਮੂਧਾ ਹੋ ਕੇ ਉਸਦਾ ਸਰੀਰ ਜ਼ਮੀਨ ਨਾਲ ਅਜਿਹੀ ਸਹਿਜਤਾ ਨਾਲ ਚਿਪਕ ਗਿਆ ਜਿਵੇਂ ਆਕਾਸ਼ 'ਚ ਉੱਡਦੀ ਹੋਈ ਇੱਲ ਦੀ ਛਾਂ ਨੂੰ ਦੇਖ ਕੇ ਚੂਚਾ ਆਪਣੀ ਮਾਂ ਦੇ ਖੰਭਾਂ ਹੇਠਾਂ ਜਾਂ ਫੇਰ ਜਿਵੇਂ ਘੋਗਾ ਰਾਹੀ ਦੇ ਪੈਰਾਂ ਦੀਆਂ ਸੱਟਾਂ ਨਾਲ ਉੱਠੇ ਬਾਲੂ ਦੇ ਕਣਾਂ ਦੀ ਛੋਹ ਪਾ ਕੇ ਆਪਣੇ ਖੋਲ 'ਚ ਦੁਬਕ ਜਾਂਦਾ ਹੈ।

ਉਹ ਪ੍ਰਤੱਖ ਜੜ੍ਹਤਾ ਵਾਂਗੂ ਲੱਗ ਰਿਹਾ ਹੈ। 'ਮੈਂ ਏਨੀ ਵੱਡੀ ਲੜਾਈ ਇਉਂ ਜੜ੍ਹ ਹੋਣ ਲਈ ਹੀ ਲੜੀ ਸੀ ?' ਇਹ ਸੁਆਲ ਉਸਦੀ ਨਾੜੀ-ਨਾੜੀ ਨੂੰ ਰਿੜਕਣ ਲੱਗਿਆ। ਗਤੀ ਅਤੇ ਵਿਕਾਸ 'ਤੇ ਟਿਕਿਆ ਹੋਇਆ ਸੰਸਾਰ ਆਖਿਰ 'ਚ ਜਿਸ ਤਰ੍ਹਾਂ ਦੇ ਖਲਾਅ 'ਚ ਮਿਲ ਜਾਂਦਾ ਹੈ, ਉਸੇ ਤਰ੍ਹਾਂ ਤਾਕਤਵਰ ਤੋਂ ਤਾਕਤਵਰ ਜੀਵਨ ਦਾ ਅੰਤ ਸ਼ਾਇਦ ਜੜ੍ਹਤਾ 'ਚ ਹੁੰਦਾ ਹੈ।

ਉਸਨੂੰ ਲੱਗਿਆ ਜਿਵੇਂ ਉਸਦੇ ਸਰੀਰ ਦੇ ਸਾਰੇ ਅੰਗ ਇੱਕ-ਦੂਜੇ ਤੋਂ ਅਲੱਗ ਹੋ ਕੇ ਦੂਰ-ਦੂਰ ਨਿਰਜੀਵ ਪਏ ਹੋਣ। ਪਰ ਉਸਦਾ ਮਨ ਤਾਂ ਸਿਵੇ ਵਾਂਗੂ ਮਘ ਰਿਹਾ ਹੈ। 'ਕਿੰਨੀ ਅਨੋਖੀ ਗੱਲ ਏ। ਜਦ ਸਾਕਾਰ ਸਰੀਰ ਸਥਿਰ ਪਿਆ ਏ, ਤਦ ਨਿਰਾਕਾਰ ਮਨ ਘਾਹ ਦੇ ਮੈਦਾਨ ਦੀ ਤਿਤਲੀ ਵਾਂਗੂ ਉੱਡ ਰਿਹਾ ਏ।' ਉਸਨੇ ਸੋਚਿਆ।

'ਪਰ ਮੈਨੂੰ ਇਨ੍ਹਾਂ ਵਿਚਾਰਾਂ ਨੂੰ ਖਦੇੜਨਾ ਹੋਵੇਗਾ। ਥੱਕੇ ਮਨ ਨੂੰ ਕੁਝ ਆਰਾਮ ਦੇਣਾ ਹੋਵੇਗਾ। ਉਸਦੇ ਬਾਅਦ ਕਰਨ ਨੂੰ ਬੜਾ ਕੁਝ ਹੈ ਕਿਉਂਕਿ ਇਹ ਮੇਰੇ ਜੀਵਨ ਦਾ ਆਖਰੀ ਦਿਨ ਨਹੀਂ ਏ। ਇਸ ਲਈ ! ਅੱਜ ਮੈਂ ਮੁਸ਼ਕਿਲ ਬਦਕਿਸਮਤੀ ਦੇ ਵਸ 'ਚ ਰਿਹਾ। ਅਣਗਿਣਤ ਵਾਰ ਮੈਂ ਮਾਰ ਖਾਧੀ ਏ। ਫੇਰ ਵੀ ਇਹ ਮੇਰੇ ਜੀਵਨ ਦਾ ਆਖਿਰੀ ਦਿਨ ਤਾਂ ਨਹੀਂ ਏ।' ਉਸਨੇ ਸੋਚਿਆ।

ਹੌਲੀ-ਹੌਲੀ ਉਸਦਾ ਮਨ ਵੀ ਜੜ੍ਹ ਹੁੰਦਾ ਹੋਇਆ ਨੀਂਦ ਵੱਲ ਵਧਣ ਲੱਗਿਆ।

ਝੁੱਗੀ ਦੇ ਨੇੜਲੀ ਪਥਰੀਲੀ ਸੜਕ 'ਤੇ ਬਲਦ-ਗੱਡੀ ਆ ਰਹੀ ਹੈ। ਪਹੀਆਂ ਦੇ 'ਘਰਰ-ਘਰਰ' ਤੋਂ ਜਾਗਿਆ ਮੁੰਡਾ ਉੱਠ ਕੇ ਬੈਠ ਗਿਆ ਹੈ। ਉਹ ਇਉਂ ਉੱਠਿਆ ਜਿਵੇਂ ਕਿਸੇ ਨੇ ਝੰਜੋੜ ਕੇ ਜਗਾਇਆ ਹੋਵੇ। ਬਿਨਾਂ ਅੰਗੜਾਈ ਲਏ ਜਾਂ ਅੱਖਾਂ ਮਲੇ, ਘਬਰਾਈਆਂ ਨਜ਼ਰਾਂ ਨਾਲ ਉਸਨੇ ਚਾਰੇ ਪਾਸੇ ਦੇਖਿਆ।

ਝੁੱਗੀ ਦੇ ਬੂਹੇ ਕੋਲ ਉਸਨੂੰ ਛੁਰਾ ਅਤੇ ਭਾਲਾ ਪਏ ਦਿਖਾਈ ਦਿੱਤੇ। ਉਹ ਝਟ ਦੇਣੇ ਉੱਠਿਆ ਅਤੇ ਉੱਥੇ ਭੱਜ ਕੇ ਗਿਆ।

ਬੁੱਢਾ ਧਰਤੀ ਨਾਲ ਚਿਪਕ ਕੇ ਸੌਂ ਰਿਹਾ ਹੈ। ਥੋੜ੍ਹਾ ਜਿਹਾ ਮੂੰਹ ਖੋਲ੍ਹੇ ਸਾਹ ਲੈ ਰਿਹਾ ਹੈ। ਛਾਤੀ ਹਲਕੇ-ਹਲਕੇ ਉੱਠ-ਡਿਗ ਰਹੀ ਹੈ। ਦੋਵੇਂ ਪੈਰ ਲੱਕ ਤੋਂ ਤਲਿਆਂ ਤੱਕ ਲਹੂ ਨਾਲ ਲਿਬੜੇ ਹਨ। ਕਿਤੋਂ-ਕਿਤੋਂ ਮਾਸ ਚਿਰ ਗਿਆ ਹੈ।

ਮੁੰਡਾ ਚੁੱਪ-ਚਾਪ ਦੇਹਲੀ ਪਾਰ ਕਰਕੇ ਅੰਦਰ ਗਿਆ। ਅੱਖਾਂ 'ਚ ਹੰਝੂ ਆਏ ਤਾਂ ਉਹ ਪੈਰਾਂ ਦੇ ਕੋਲ ਚੁੱਪ-ਚਾਪ ਬੈਠ ਗਿਆ।

✪

---

**ਗਲੀ ਨੰਬਰ ਕੋਈ ਨਹੀਂ (ਦੂਜਾ ਅਡੀਸ਼ਨ)**

**ਅਨੇਮਨ ਸਿੰਘ**

**ਉਡਾਨ ਪ੍ਰਕਾਸ਼ਨ, ਮਾਨਸਾ**



## ਗੁਆਂਢੀ ਗੁਲਾਮਾਂ ਦੇ ਰੇਖਾ ਚਿੱਤਰ/ਲਿੰਡਾ ਬਰੈਂਟ

**ਪੇਸ਼ਕਸ : ਗੁਰਚਰਨ ਸਿੰਘ ਜੈਤੋਂ**

ਸਾਡੇ ਨੇੜੇ ਹੀ ਇਕ ਕਾਸ਼ਤਕਾਰ ਰਹਿੰਦਾ ਸੀ, ਜਿਸ ਨੂੰ ਮੈਂ ਮਿਸਟਰ ਲਿੱਚ ਕਹਾਂਗੀ। ਉਹ ਬੜਾ ਕੁਚੱਜਾ, ਬਦਤਮੀਜ਼, ਅਨਪੜ੍ਹ ਸੀ ਪਰ ਸੀ ਬੜਾ ਅਮੀਰ, ਉਸ ਕੋਲ 600 ਗੁਲਾਮ ਸਨ। ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਉਹਨੇ ਕਦੇ ਦੇਖਿਆ ਵੀ ਨਹੀਂ ਸੀ। ਉਸ ਦੇ ਦੂਰ-ਦੂਰ ਤੱਕ ਫੈਲੇ ਖੇਤਾਂ ਨੂੰ ਉਹਦੇ ਓਵਰਸੀਅਰ ਸੰਭਾਲਦੇ ਸਨ, ਜਿਨ੍ਹਾਂ ਨੂੰ ਉਹ ਤਨਖਾਹ ਵੀ ਚੰਗੀ ਦਿੰਦਾ ਸੀ। ਉਸ ਕੋਲ ਆਪਣੀ ਜੇਲ੍ਹ ਸੀ ਅਤੇ ਮੈਦਾਨ ਵਿਚ ਗੁਲਾਮਾਂ ਨੂੰ ਸਜ਼ਾ ਦੇਣ ਲਈ ਇਕ ਖੰਭਾ ਗੱਡਿਆ ਹੋਇਆ ਸੀ। ਉੱਥੇ ਜਿਹੜੇ ਵੀ ਜ਼ੁਲਮ ਗੁਲਾਮਾਂ 'ਤੇ ਕੀਤੇ ਜਾਂਦੇ, ਉਨ੍ਹਾਂ ਬਾਰੇ ਕੋਈ ਕੁਸਕਦਾ ਨਹੀਂ ਸੀ। ਉਸ ਦੇ ਆਲੇ-ਦੁਆਲੇ ਪੈਸੇ ਦੀ ਏਨੀ ਮੋਟੀ ਕੰਧ ਸੀ ਕਿ ਉਸ ਦੇ ਅਪਰਾਧਾਂ ਬਾਰੇ ਉਸ ਦੀ ਕੋਈ ਪੁੱਛ-ਗਿੱਛ ਨਹੀਂ ਸੀ ਹੁੰਦੀ, ਜੇ ਉਹ ਕੋਈ ਕਤਲ ਵੀ ਕਰਵਾ ਦਿੰਦਾ, ਤਾਂ ਵੀ ਨਹੀਂ।

ਉਥੇ ਤਰ੍ਹਾਂ-ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਸਭ ਤੋਂ ਚਹੇਤੀ ਸਜ਼ਾ ਸੀ ਕਿ ਗੁਲਾਮ ਦੇ ਸਰੀਰ ਦੁਆਲੇ ਰੱਸਾ ਬੰਨ ਕੇ ਉਸ ਦੇ ਸਰੀਰ ਨੂੰ ਧਰਤੀ ਤੋਂ ਥੋੜ੍ਹਾ ਉੱਪਰ ਚੁੱਕ ਲਿਆ ਜਾਂਦਾ ਸੀ। ਉੱਤੋਂ ਅੱਗ ਮਚਾ ਕੇ ਉਸ ਵਿਚ ਸੂਰ ਦੇ ਮਾਸ ਦਾ ਟੁਕੜਾ ਲਮਕਾ ਦਿੱਤਾ ਜਾਂਦਾ ਸੀ। ਜਿਉਂ-ਜਿਉਂ ਮਾਸ ਸੜਨ ਲੱਗਦਾ ਤਾਂ ਪਿਘਲੀ ਹੋਈ ਚਰਬੀ ਦੇ ਤੁਪਕੇ ਗੁਲਾਮ ਦੇ ਸਰੀਰ 'ਤੇ ਲਗਾਤਾਰ ਡਿੱਗਦੇ ਰਹਿੰਦੇ। ਆਪਣੇ ਖੇਤਾਂ ਵਿਚ ਉਹ ਹਜਰਤ ਈਸਾ ਦੇ ਦੱਸੇ ਦਸ ਅਸੂਲਾਂ ਵਿਚੋਂ ਅੱਠਵੇਂ ਅਸੂਲ ਦੀ ਹੁਕਮ ਅਦੂਲੀ ਨਹੀਂ ਸੀ ਹੋਣ ਦਿੰਦਾ। ਪਰ ਆਂਢ-ਗੁਆਂਢ ਲੁੱਟ ਮਾਰ ਕਰ ਲੈਣ ਦੀ ਖੁੱਲ੍ਹ ਨਹੀਂ ਸੀ। ਉਸ ਲਈ ਸ਼ਰਤ ਇਹ ਸੀ ਕਿ ਲੁੱਟ ਮਾਰ ਕਰਨ ਵਾਲਾ ਦੋਸ਼ੀ ਫੜਿਆ ਨਾ ਜਾਵੇ ਤੇ ਨਾ ਹੀ ਉਸ 'ਤੇ ਕੋਈ ਸ਼ੱਕ ਕਰੇ। ਜੇ ਕੋਈ ਵੀ ਗੁਆਂਢੀ ਉਹਦੇ ਕਿਸੇ ਗੁਲਾਮ ਦੀ ਸ਼ਿਕਾਇਤ ਲੈ ਕੇ ਆਉਂਦਾ ਤਾਂ ਮਾਲਕ ਉਸ ਨੂੰ ਅੱਖਾਂ ਦਿਖਾ ਕੇ ਡਰਾਉਂਦਾ ਅਤੇ ਭਜਾ ਦਿੰਦਾ। ਉਹ ਕਹਿੰਦਾ ਕਿ ਉਹਦੇ ਘਰ ਵਿਚ ਗੁਲਾਮਾਂ ਦੇ ਖਾਣ ਲਈ ਸਭ ਕੁਝ ਹੈ, ਉਨ੍ਹਾਂ ਨੂੰ ਚੋਰੀ-ਚਕਾਰੀ ਕਰਨ ਦੀ ਲੋੜ ਹੀ ਨਹੀਂ। ਜਿਉਂ ਹੀ ਗਵਾਂਢੀ ਮੁੜਦਾ ਤਾਂ ਦੋਸ਼ੀ ਨੂੰ ਹਾਜ਼ਰ ਕਰ ਲਿਆ ਜਾਂਦਾ ਅਤੇ ਉਸ ਦੀ ਬੇਵਕੂਫ਼ੀ ਦੀ ਸਜ਼ਾ ਉਸ ਨੂੰ ਕੋੜੇ ਮਾਰ ਕੇ ਦਿੱਤੀ ਜਾਂਦੀ। ਭਾਵੇਂ ਗੁਲਾਮ ਨੇ ਮਾਸ ਦਾ ਇਕ ਅੱਧ ਟੁਕੜਾ ਜਾਂ ਇਕ ਡੱਬਾ ਮੱਕੀ ਚੋਰੀ ਕੀਤੀ ਹੁੰਦੀ। ਜੇ ਪਤਾ ਲੱਗ ਜਾਂਦਾ ਤਾਂ ਉਸ ਨੂੰ ਸੰਗਲਾਂ ਵਿਚ ਜਕੜ ਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਅਤੇ ਓਨਾ ਚਿਰ ਰੱਖਿਆ ਜਾਂਦਾ ਜਿੰਨਾ ਚਿਰ ਭੁੱਖ ਅਤੇ ਦੁੱਖ ਨਾਲ ਉਹਦੇ ਸਰੀਰ ਵਿਚੋਂ ਸਾਰੀ ਸੱਤਿਆ ਹੀ ਖ਼ਤਮ ਨਹੀਂ ਸੀ ਹੋ ਜਾਂਦੀ।

ਇਕ ਵੱਡੇ ਵਪਾਰੀ ਨੇ ਆਪਣੀ ਖੇਤੀ ਤੋਂ ਕਈ ਮੀਲ ਦੂਰ ਮੀਟ ਦੀ ਵੱਡੀ ਦੁਕਾਨ ਦੇ ਤਹਿਖਾਨੇ ਵਿਚ ਸ਼ਰਾਬ ਜਮਾਂ ਕਰ ਰੱਖੀ ਸੀ। ਕੁਝ ਗੁਲਾਮਾਂ ਨੇ ਜਾ ਕੇ ਉਥੋਂ ਮੀਟ ਦੇ ਕੁਝ ਟੁਕੜੇ ਤੇ ਸ਼ਰਾਬ ਦੀਆਂ ਬੋਤਲਾਂ ਚੁੱਕ ਲਿਆਂਦੀਆਂ। ਦੋ ਜਣੇ ਫੜੇ ਗਏ। ਉਨ੍ਹਾਂ ਦੇ ਢਾਰਿਆਂ ਵਿਚੋਂ ਕੁਝ ਦਾਰੂ ਅਤੇ ਮੀਟ ਲੱਭ ਗਿਆ। ਉਨ੍ਹਾਂ ਨੂੰ ਫੜ ਕੇ ਮਾਲਕ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਕ ਵੀ ਸ਼ਬਦ ਉਨ੍ਹਾਂ ਨਾਲ ਸਾਂਝਾ ਕੀਤੇ ਬਿਨਾਂ ਹੀ ਉਨ੍ਹਾਂ ਨੂੰ ਡਾਂਗਾਂ ਮਾਰ-ਮਾਰ ਕੇ ਮਾਰ ਦਿੱਤਾ ਗਿਆ। ਇਕ ਸਖ਼ਤ ਲੱਕੜ ਦਾ ਬਕਸਾ, ਉਨ੍ਹਾਂ ਦਾ ਕਫ਼ਨ ਸੀ। ਉਨ੍ਹਾਂ ਨੂੰ ਕੁੱਤਿਆਂ ਨਾਲੋਂ ਵੀ ਬਦਤਰ ਤਰੀਕੇ ਨਾਲ ਦਫ਼ਨਾਇਆ ਗਿਆ ਸੀ। ਕੋਈ ਵੀ ਕੁਸਕਿਆ ਤੱਕ ਨਹੀਂ ਸੀ।

ਉਹਦੇ ਫ਼ਾਰਮ 'ਤੇ ਕਤਲ ਆਮ ਹੁੰਦੇ ਰਹਿੰਦੇ ਸਨ। ਰਾਤ ਪੈਣ ਪਿੱਛੋਂ ਉਹਨੂੰ ਡਰ ਲੱਗਣ ਲੱਗ ਪੈਂਦਾ ਸੀ। ਸ਼ਾਇਦ ਉਹਨੂੰ ਭੂਤ-ਪ੍ਰੇਤਾਂ 'ਤੇ ਵਿਸਵਾਸ਼ ਹੋ ਗਿਆ ਸੀ ਕਿ ਉਹ ਹੁੰਦੇ ਨੇ।

ਉਹਦਾ ਇਕ ਭਰਾ ਸੀ, ਜਿਹੜਾ ਪੈਸੇ ਦੇ ਮਾਮਲੇ ਵਿਚ ਤਾਂ ਉਹਦੇ ਬਰਾਬਰ ਦਾ ਨਹੀਂ ਸੀ ਪਰ ਜ਼ੁਲਮ ਵਿਚ ਉਸ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਉਹਨੇ ਖ਼ੂੰਖਾਰ ਕੁੱਤੇ ਸਿਧਾ ਰੱਖੇ ਸਨ। ਉਨ੍ਹਾਂ ਕੁੱਤਿਆਂ ਦੇ ਪਿੰਜਰੇ ਵੱਡੇ ਅਤੇ ਖੁੱਲ੍ਹੇ ਸਨ। ਗੁਲਾਮ ਉਨ੍ਹਾਂ ਕੁੱਤਿਆਂ ਤੋਂ ਭੈਅ ਖਾਂਦੇ ਸਨ। ਜਦੋਂ ਕੋਈ ਗੁਲਾਮ ਭੱਜ ਜਾਂਦਾ ਤਾਂ ਇਹ ਕੁੱਤੇ ਉਸ ਦੇ ਪਿੱਛੇ ਛੱਡ ਦਿੱਤੇ ਜਾਂਦੇ। ਗੁਲਾਮ ਜਿਹੜੇ ਰਾਹੀਂ ਭੱਜ ਕੇ ਗਿਆ ਹੁੰਦਾ, ਕੁੱਤੇ ਉਹਨੀਂ ਰਾਹੀਂ ਜਾ ਕੇ ਉਹਨੂੰ ਫੜ ਲੈਂਦੇ ਤੇ ਉਹਦੀਆਂ ਹੱਡੀਆਂ ਨਾਲੋਂ ਮਾਸ ਨੋਚ ਕੇ ਖਾ ਜਾਂਦੇ। ਜਦੋਂ ਇਹ ਮਾਲਕ ਮਰਨ ਵਾਲਾ ਸੀ ਤਾਂ ਉਹਦੀਆਂ ਚੀਕਾਂ ਦੂਰ-ਦੂਰ ਤੱਕ ਸੁਣਾਈ ਦਿੰਦੀਆਂ ਸਨ। ਉਹਦੀਆਂ ਚੀਕਾਂ ਸੁਣ ਕੇ ਉਹਦੇ ਦੋਸਤ ਵੀ ਭੈਅ-ਭੀਤ ਹੋ ਗਏ ਸਨ। ਉਹਦੇ ਆਖਰੀ ਬੋਲ ਸਨ,

"ਮੈਂ ਨਰਕਾਂ ਨੂੰ ਜਾ ਰਿਹਾ ਹਾਂ, ਮੇਰਾ ਪੈਸਾ ਵੀ ਮੇਰੇ ਨਾਲ ਹੀ ਦਫ਼ਨਾ ਦੇਣਾ।"

ਮਰਨ ਪਿਛੋਂ ਉਹਦੀਆਂ ਅੱਖਾਂ ਖੁੱਲ੍ਹੀਆਂ ਰਹਿ ਗਈਆਂ ਸਨ। ਅੱਖਾਂ ਬੰਦ ਕਰਨ ਲਈ ਡਾਲਰਾਂ ਦੇ ਚਾਂਦੀ ਦੇ ਸਿੱਕੇ ਰੱਖ ਕੇ ਉਨ੍ਹਾਂ ਨੂੰ ਬੰਦ ਕੀਤਾ ਗਿਆ ਸੀ। ਉਨ੍ਹਾਂ ਸਿੱਕਿਆਂ ਨੂੰ ਵੀ ਉਸ ਦੇ ਨਾਲ ਹੀ ਦਫ਼ਨਾ ਦਿੱਤਾ ਗਿਆ ਸੀ। ਇਸ ਪਿੱਛੋਂ ਅਫ਼ਵਾਹ ਫੈਲ ਗਈ ਸੀ ਕਿ ਉਹਦਾ ਕਫ਼ਨ ਪੈਸਿਆਂ ਨਾਲ ਭਰਿਆ ਹੋਇਆ ਸੀ। ਕਿਸੇ ਨੇ ਤਿੰਨ ਵਾਰੀ ਉਹਦੀ ਕਬਰ ਪੁੱਟ ਕੇ ਕਫ਼ਨ ਬਾਹਰ ਕੱਢਿਆ ਸੀ। ਆਖ਼ਰੀ ਵਾਰ ਉਹਦੀ ਲਾਸ਼ ਧਰਤੀ ਉੱਤੇ ਪਈ ਦੇਖੀ ਗਈ ਸੀ, ਜਿਸ ਨੂੰ ਗਿਰਝਾਂ ਨੋਚ-ਨੋਚ ਖਾ ਰਹੀਆਂ ਸਨ। ਉਸ ਦੀ ਲਾਸ਼ ਨੂੰ ਇਕ ਵਾਰੀ ਫੇਰ ਧਰਤੀ ਵਿਚ ਦੱਬ ਦਿੱਤਾ ਗਿਆ ਸੀ ਅਤੇ ਇਕ ਪਹਿਰੇਦਾਰ ਤੈਨਾਤ ਕਰਨਾ ਪਿਆ ਸੀ। ਲਾਸ਼ ਨੂੰ ਬਾਹਰ ਕੱਢਣ ਵਾਲੇ ਅਪਰਾਧੀਆਂ ਦਾ ਕੋਈ ਪਤਾ ਨਹੀਂ ਸੀ ਲੱਗਾ।

ਅਸੱਭਿਅਕ ਫਿਰਕਿਆਂ ਵਿਚ ਬੇਰਹਿਮੀ ਅਤੇ ਜ਼ੁਲਮ ਛੂਤ ਦੀ ਬੀਮਾਰੀ ਵਾਂਗ ਫ਼ੈਲਦੇ ਰਹਿੰਦੇ ਨੇ। ਮਿਸਟਰ ਲਿੱਚ ਦਾ ਇਕ ਗੁਆਂਢੀ ਸੀ-ਕੋਨੈਂਟ। ਇਕ ਦਿਨ ਸ਼ਾਮ ਨੂੰ ਉਹ ਸ਼ਹਿਰੋਂ ਸ਼ਰਾਬ ਦੇ ਨਸ਼ੇ ਵਿਚ ਘਰ ਪਰਤਿਆ। ਆਪਣੇ ਨੌਕਰ ਦੀ ਕਿਸੇ ਨਿੱਕੀ ਜਿਹੀ ਕੋਤਾਹੀ 'ਤੇ ਉਹ ਭੜਕ ਪਿਆ। ਨੌਕਰ ਦੇ ਸਾਰੇ ਕੱਪੜੇ ਲਾਹ ਦਿੱਤੇ ਗਏ। ਸਰੀਰ 'ਤੇ ਸਿਰਫ਼ ਅੱਧੀਆਂ ਬਾਹਾਂ ਦੀ ਪੁਰਾਣੀ ਕਮੀਜ਼ ਰਹਿ ਗਈ। ਉਸ ਨੂੰ ਘਰ ਦੇ ਸਾਹਮਣੇ ਇਕ ਰੁੱਖ ਨਾਲ ਟੰਗ ਕੇ ਕੋੜੇ ਮਾਰ-ਮਾਰ ਕੇ ਉਹਦਾ ਸਰੀਰ ਝੰਬ ਸੁੱਟਿਆ। ਸਰਦੀਆਂ ਦੀ ਉਹ ਤੂਫ਼ਾਨੀ ਰਾਤ ਸੀ। ਅੰਤਾਂ ਦੀ ਠੰਢੀ ਤੇਜ਼ ਹਵਾ ਬੜੀ ਭੈੜੀ ਸੀ। ਪੁਰਾਣੇ ਰੁੱਖ ਦੇ ਟਾਹਣ, ਰੁੱਖ 'ਤੇ ਜੰਮੀ ਬਰਫ਼ ਦੇ ਭਾਰ ਨਾਲ ਟੁੱਟ ਗਏ। ਮਾਲਕ ਦੇ ਪਰਿਵਾਰ ਵਿੱਚੋਂ ਕਿਸੇ ਜੀਅ ਨੇ ਡਰਦਿਆਂ ਫਰਿਆਦ ਕੀਤੀ ਕਿ ਗੁਲਾਮ ਨੂੰ ਹੇਠਾਂ ਲਾਹ ਲਿਆ ਜਾਵੇ ਨਹੀਂ ਤਾਂ ਉਹ ਬਰਫ਼ ਵਿਚ ਜੰਮ ਕੇ ਮਰ ਜਾਵੇਗਾ ਪਰ ਮਾਲਕ ਨੇ ਇਕ ਨਾ ਸੁਣੀ। ਗੁਲਾਮ ਬਰਫ਼ਾਂ ਵਿਚ ਤਿੰਨ ਘੰਟੇ ਲਮਕਦਾ ਰਿਹਾ। ਜਦੋਂ ਉਹਨੂੰ ਥੱਲੇ ਲਾਹਿਆ ਗਿਆ ਤਾਂ ਉਹ ਜਿਉਂਦੇ ਹੋਣ ਨਾਲੋਂ ਵੱਧ ਮਰਿਆ ਹੋਇਆ ਲੱਗ ਰਿਹਾ ਸੀ।

ਇਕ ਹੋਰ ਨੌਕਰ ਜਿਸ ਨੇ ਇਸੇ ਮਾਲਕ ਦਾ ਇਕ ਸੂਰ ਇਸ ਲਈ ਚੋਰੀ ਕਰ ਲਿਆ ਸੀ ਕਿ ਉਹ ਭੁੱਖ ਨਹੀਂ ਸੀ ਸਹਿ ਸਕਿਆ। ਉਸ ਨੂੰ ਕੋੜਿਆਂ ਦੀ ਅਤਿ ਭੈੜੀ ਮਾਰ ਖਾਣੀ ਪਈ ਸੀ। ਘਬਰਾ ਕੇ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪਰ ਦੋ ਕੁ ਮੀਲ ਦੂਰ ਜਾ ਕੇ ਉਹਨੂੰ ਲੱਗਿਆ ਕਿ ਉਹ ਹੁਣ ਮਰ ਜਾਵੇਗਾ । ਕੋੜਿਆਂ ਦੀ ਮਾਰ ਨਾਲ ਉਸ ਦੇ ਸਰੀਰ ਦਾ ਬਹੁਤ ਖ਼ੂਨ ਵਹਿ ਚੁੱਕਾ ਸੀ। ਆਪਣੀ ਮੌਤ ਨੇੜੇ ਦੇਖ ਕੇ ਉਹਨੂੰ ਪਤਨੀ ਦਾ ਖਿਆਲ ਆਇਆ, ਜਿਸ ਨੂੰ ਉਹ ਮਰਨ ਤੋਂ ਪਹਿਲਾਂ ਇਕ ਵਾਰ ਦੇਖ ਲੈਣਾ ਚਾਹੁੰਦਾ ਸੀ। ਉਹ ਏਨਾ ਕਮਜ਼ੋਰ ਹੋ ਚੁੱਕਾ ਸੀ ਕਿ ਤੁਰ ਵੀ ਨਹੀਂ ਸੀ ਸਕਦਾ। ਉਹ ਆਪਣੀਆਂ ਲੱਤਾਂ ਬਾਹਾਂ 'ਤੇ ਰੀਂਗਦਾ ਹੋਇਆ ਘਰ ਵੱਲ ਮੁੜ ਪਿਆ। ਜਦੋਂ ਉਹ ਮਾਲਕ ਦੇ ਘਰ ਕੋਲ ਪਹੁੰਚਿਆ



ਤਾਂ ਰਾਤ ਪੈ ਚੁੱਕੀ ਸੀ। ਉਸ ਤੋਂ ਖੜੋ ਕੇ ਘਰ ਦਾ ਬੂਹਾ ਵੀ ਨਾ ਖੋਲ੍ਹਿਆ ਗਿਆ ਤਾਂ ਉਹਨੇ ਪੀੜ ਨਾਲ ਕਰਾਹੁੰਦਿਆਂ ਮਦਦ ਮੰਗੀ। ਉਸ ਪਰਿਵਾਰ ਵਿਚ ਮੇਰੀ ਇਕ ਸਹੇਲੀ ਵੀ ਰਹਿੰਦੀ ਸੀ। ਅਖੀਰ ਉਹਦੇ ਕਰਾਹੁਣ ਦੀ ਆਵਾਜ਼ ਉਹਦੇ ਕੰਨੀਂ ਪਈ। ਉਹਨੇ ਜਦੋਂ ਬੂਹਾ ਖੋਲ੍ਹਿਆ ਤਾਂ ਸਾਹਮਣੇ ਇਕ ਬੰਦੇ ਨੂੰ ਡਿੱਗਿਆ ਪਿਆ ਦੇਖਿਆ। ਉਹ ਘਰ ਅੰਦਰ ਕਿਸੇ ਨੂੰ ਮਦਦ ਲਈ ਬੁਲਾਉਣ ਚਲੀ ਗਈ। ਦੋ ਬੰਦੇ ਉਹਦੇ ਨਾਲ ਆਏ। ਉਨ੍ਹਾਂ ਨੇ ਉਸ ਨੂੰ ਚੱਕ ਕੇ ਫ਼ਰਸ਼ 'ਤੇ ਲੰਮਾ ਪਾ ਦਿੱਤਾ। ਉਸ ਦੀ ਕਮੀਜ਼ ਦਾ ਪਿਛਲਾ ਪਾਸਾ ਲਹੂ ਨਾਲ ਲੱਥ-ਪੱਥ ਹੋ ਚੁੱਕਾ ਸੀ। ਖ਼ੂਨ ਸੁੱਕਣ ਪਿੱਛੋਂ ਕਮੀਜ਼ ਉਸ ਦੀ ਪਿੱਠ ਨਾਲ ਚੰਬੜ ਗਈ ਸੀ। ਮੇਰੀ ਸਹੇਲੀ ਨੇ ਪਿਘਲੀ ਹੋਈ ਸੂਰ ਦੀ ਚਰਬੀ ਨਾਲ ਕਮੀਜ਼ ਉਹਦੀ ਜ਼ਖ਼ਮੀ ਹੋਈ ਪਿੱਠ ਤੋਂ ਹੌਲੀ-ਹੌਲੀ ਅਲੱਗ ਕੀਤੀ। ਉਸ ਨੇ ਉਹਦੀ ਪੱਟੀ ਕੀਤੀ ਅਤੇ ਪੀਣ ਲਈ ਪਾਣੀ ਦਿੱਤਾ ਅਤੇ ਉਸ ਨੂੰ ਆਰਾਮ ਕਰਨ ਲਈ ਛੱਡ ਗਈ। ਮਾਲਕ ਨੇ ਕਿਹਾ ਅਜੇ ਉਹਨੂੰ 100 ਕੋੜਿਆਂ ਦੀ ਮਾਰ ਹੋਰ ਪੈਣੀ ਚਾਹੀਦੀ ਹੈ। ਉਸ ਗਰੀਬ ਨੇ ਨੌਕਰੀ ਖੁੱਸ ਜਾਣ ਪਿੱਛੋਂ ਭੁੱਖੇ ਮਰਦਿਆਂ ਆਪਣੀ ਭੁੱਖ ਮਿਟਾਉਣ ਲਈ ਚੋਰੀ ਕੀਤੀ ਸੀ। ਇਹੋ ਉਹਦਾ ਸਭ ਤੋਂ ਵੱਡਾ ਅਪਰਾਧ ਸੀ।

ਇਕ ਗੁਆਂਢਣ ਹੋਰ ਸੀ, ਜਿਸ ਦਾ ਨਾਂ ਸ੍ਰੀਮਤੀ ਵੇਡ ਸੀ। ਉਹਦੇ ਘਰ ਕਦੇ ਵੀ ਅਜਿਹਾ ਦਿਨ ਨਹੀਂ ਸੀ ਹੁੰਦਾ ਜਦੋਂ ਕਿਸੇ ਨਾ ਕਿਸੇ ਗੁਲਾਮ ਨੂੰ ਕੋੜਿਆਂ ਦੀ ਮਾਰ ਨਾ ਪਈ ਹੋਵੇ। ਉਹਦੇ ਗੁਲਾਮ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਕੰਮ 'ਤੇ ਜਾ ਲੱਗਦੇ ਅਤੇ ਗਈ ਰਾਤ ਤੱਕ ਕੰਮ ਕਰਦੇ ਰਹਿੰਦੇ। ਘੋੜਿਆਂ ਦਾ ਅਸਤਬਲ ਉਹਦੇ ਘਰ ਲਾਗੇ ਇਕ ਖਾਸ ਜਗਾ ਸੀ, ਜਿੱਥੇ ਘੋੜਿਆਂ ਦੀ ਮਾਰ ਤੋਂ ਇਲਾਵਾ ਘਿਨੌਣੇ ਜ਼ੁਲਮ ਕੀਤੇ ਜਾਂਦੇ। ਉਥੇ ਉਹ ਆਪਣੇ ਗੁਲਾਮਾਂ ਨੂੰ ਮਰਦਾਂ ਵਾਂਗ ਆਪ ਕੋੜੇ ਮਾਰਿਆ ਕਰਦੀ ਸੀ। ਉਹਦੀ ਇਕ ਬੁੱਢੀ ਹੋ ਚੁੱਕੀ ਗੁਲਾਮ ਨੇ ਇਕ ਦਿਨ ਮੇਰੇ ਨਾਲ ਆਪਣੇ ਦਿਲ ਦੀ ਗੱਲ ਖੋਲ੍ਹਦਿਆਂ ਕਿਹਾ,

"ਸਾਡੀ ਮਾਲਕਣ ਦਾ ਘਰ ਤਾਂ ਨਰਕ ਐ, ਨਰਕ! ਲੱਗਦੈ ਕਿ ਏਸ ਨਰਕ ਵਿਚੋਂ ਮੈਨੂੰ ਕਦੇ ਵੀ ਛੁਟਕਾਰਾ ਨਹੀਂ ਮਿਲਣਾ। ਮੈਂ ਤਾਂ ਦਿਨ ਰਾਤ ਇਹੋ ਪ੍ਰਾਰਥਨਾ ਕਰਦੀ ਆਂ ਕਿ ਮੈਂ ਮਰ ਈ ਜਾਵਾਂ।"

ਉਸ ਬੁੱਢੀ ਗੁਲਾਮ ਨਾਲੋਂ ਪਹਿਲਾਂ ਉਹਦੀ ਮਾਲਕਣ ਮਰ ਗਈ। ਮਰਦਿਆਂ ਮਰਦਿਆਂ ਉਹਨੇ ਆਪਣੇ ਘਰ ਵਾਲੇ ਦੀਆਂ ਮਿੰਨਤਾਂ ਕੀਤੀਆਂ, ਹਾੜੇ ਕੱਢੇ ਕਿ ਮਰੀ ਪਈ ਉਸ ਦੀ ਲਾਸ਼ ਤੇ ਕਿਸੇ ਵੀ ਗੁਲਾਮ ਦੀ ਨਜ਼ਰ ਨਾ ਪੈਣ ਦੇਵੇ। ਇਕ ਗੁਲਾਮ ਔਰਤ ਜਿਸ ਨੇ ਉਹਦੇ ਨਿਆਣਿਆਂ ਨੂੰ ਪਾਲਿਆ ਸੀ ਅਤੇ ਸਭ ਤੋਂ ਛੋਟਾ ਬੱਚਾ ਅਜੇ ਵੀ ਉਹਦੀ ਦੇਖ-ਰੇਖ ਵਿਚ ਪਲ ਰਿਹਾ ਸੀ, ਉਸ ਨੂੰ ਮੌਕਾ ਮਿਲ ਗਿਆ। ਛੋਟੀ ਬੱਚੀ ਉਹਦੀ ਗੋਦੀ ਵਿਚ ਹੀ ਸੀ ਜਦੋਂ ਉਹ ਆਪਣੀ ਮਰੀ ਪਈ ਮਾਲਕਣ ਦੇ ਕਮਰੇ ਵਿਚ ਕਿਵੇਂ ਨਾ ਕਿਵੇਂ ਦਾਖ਼ਲ ਹੋ ਗਈ। ਉਹ ਆਪਣੀ ਮਾਲਕਣ ਦੀ ਲਾਸ਼ ਦੇ ਮੂੰਹ ਵੱਲ ਕੁਝ ਦੇਰ ਦੇਖਦੀ ਰਹੀ ਅਤੇ ਫੇਰ ਸਾਰੇ ਜ਼ੋਰ ਨਾਲ ਉਹਦੇ ਮੂੰਹ 'ਤੇ ਹੂਰੇ ਮਾਰੇ ਤੇ ਕਿਹਾ,

'ਹੁਣ ਤੈਨੂੰ ਸ਼ੈਤਾਨ ਚੁੱਕ ਕੇ ਲੈ ਗਿਆ।'

ਉਹ ਭੁੱਲ ਗਈ ਕਿ ਉਹਦੀ ਗੋਦੀ ਚੁੱਕਿਆ ਬੱਚਾ ਇਹ ਸਾਰਾ ਕੁਝ ਦੇਖ ਰਿਹਾ ਸੀ। ਉਹ ਬੱਚਾ ਨਵਾਂ-ਨਵਾਂ ਬੋਲਣਾ ਸਿੱਖਿਆ ਸੀ। ਉਹਨੇ ਆਪਣੇ ਪਿਤਾ ਨੂੰ ਦੱਸ ਦਿੱਤਾ,

'ਆਯਾ ਨੇ ਮੰਮੀ ਨੂੰ ਮਾਰਿਆ ਸੀ।'

ਆਪਣੀ ਤੋਤਲੀ ਬੋਲੀ ਵਿਚ ਕਹਿੰਦਿਆਂ ਉਹਨੇ ਆਪਣੇ ਹੱਥ ਦਾ ਮੁੱਕਾ ਬਣਾ ਕੇ ਆਪਣੇ ਮੂੰਹ 'ਤੇ ਮਾਰ ਕੇ ਦਿਖਾਇਆ। ਮਾਲਕ ਇਹ ਸੁਣ ਕੇ ਭਵੰਤਰ ਗਿਆ। ਉਹਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਜਿੱਥੇ ਮਾਲਕਣ ਦੀ ਲਾਸ਼ ਪਈ ਸੀ, ਉਸ ਕਮਰੇ ਦਾ ਬੂਹਾ ਬੰਦ ਕਰ ਕੇ ਜਿੰਦਾ ਲਾ ਦਿੱਤਾ ਗਿਆ ਸੀ, ਫਿਰ ਆਯਾ ਉਸ ਕਮਰੇ ਵਿਚ ਕਿਵੇਂ ਚਲੀ ਗਈ ? ਮਾਲਕ ਨੇ ਆਯਾ ਤੋਂ ਪੁੱਛਗਿੱਛ

ਕੀਤੀ। ਉਸ ਨੇ ਇਹ ਗੱਲ ਮੰਨ ਲਈ ਕਿ ਜੋ ਬੱਚੇ ਨੇ ਕਿਹਾ ਸੀ, ਉਹ ਸੱਚ ਸੀ ਅਤੇ ਉਹਨੇ ਚਾਬੀ ਕਿਵੇਂ ਅਤੇ ਕਿਥੋਂ ਲੱਭੀ, ਉਹ ਵੀ ਸਾਰਾ ਕੁਝ ਦੱਸ ਦਿੱਤਾ। ਉਸ ਨੂੰ ਗੁਲਾਮਾਂ ਦੇ ਵਪਾਰੀ ਕੋਲ ਵੇਚ ਦਿੱਤਾ ਗਿਆ, ਜਿਹੜਾ ਉਸ ਨੂੰ ਜੌਰਜੀਆ ਲੈ ਗਿਆ।

ਬਚਪਨ ਵਿਚ ਮੈਂ ਇਕ ਬਹੁਤ ਹੀ ਭਲੀ ਗੁਲਾਮ ਔਰਤ ਨੂੰ ਜਾਣਦੀ ਸਾਂ ਅਤੇ ਉਹਨੂੰ ਓਨਾ ਹੀ ਪਿਆਰ ਕਰਦੀ ਸਾਂ, ਜਿੰਨਾ ਬਾਕੀ ਸਾਰੇ ਬੱਚੇ ਕਰਦੇ ਸਨ। ਉਹਦਾ ਨਾਂ ਚੈਰਿਟੀ ਸੀ। ਉਹਦੀ ਜਵਾਨ ਮਾਲਕਣ ਦਾ ਜਦੋਂ ਵਿਆਹ ਹੋਇਆ ਤਾਂ ਉਹ ਆਪਣੇ ਨਾਲ ਚੈਰਿਟੀ ਨੂੰ ਲੁਈਜ਼ੀਆਨਾ ਲੈ ਗਈ। ਉਹਦੇ ਛੋਟੇ ਬੱਚੇ ਜੇਮਜ਼ ਨੂੰ ਇੱਕ ਚੰਗੇ ਮਾਲਕ ਕੋਲ ਵੇਚ ਦਿੱਤਾ ਗਿਆ ਸੀ। ਮਾਲਕ ਕਰਜ਼ੇ ਵਿਚ ਡੁੱਬ ਗਿਆ ਤਾਂ ਜੇਮਜ਼ ਨੂੰ ਉਹਨੇ ਇਕ ਅਮੀਰ ਮਾਲਕ ਨੂੰ ਵੇਚ ਦਿੱਤਾ, ਜਿਹੜਾ ਗੁਲਾਮਾਂ 'ਤੇ ਬੜੇ ਜ਼ੁਲਮ ਕਰਨ ਲਈ ਮਸ਼ਹੂਰ ਸੀ। ਜੇਮਜ਼ ਉੱਥੇ ਹੀ ਜਵਾਨ ਹੋਇਆ। ਉਸ ਨਾਲ ਕੁੱਤਿਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਇਕ ਵਾਰ ਕਿਸੇ ਨਿੱਕੀ ਜਿਹੀ ਗੱਲ ਤੋਂ ਜੇਮਜ਼ ਨੂੰ ਕੋੜਿਆਂ ਨਾਲ ਬੁਰੀ ਤਰ੍ਹਾਂ ਝੰਬਿਆ ਗਿਆ ਸੀ। ਜਦੋਂ ਉਹਨੂੰ ਉਹੋ ਜਿਹੀਆਂ ਹੋਰ ਮਾਰਾਂ ਦੀ ਧਮਕੀ ਮਿਲੀ ਤਾਂ ਉਹ ਡਰ ਕੇ ਜੰਗਲਾਂ ਵਿਚ ਜਾ ਲੁਕਿਆ। ਜੰਗਲ ਵਿਚ ਅੱਧ-ਨੰਗਾ, ਭੁੱਖਣ-ਭਾਣਾ ਰਿਹਾ ਤੇ ਕਈ ਦਿਨ ਉਹਨੂੰ ਖਾਣ ਲਈ ਕੁਝ ਵੀ ਨਾ ਨਸੀਬ ਹੋਇਆ। ਉਹਦੀ ਹਾਲਤ ਬਦ ਤੋਂ ਬਦਤਰ ਹੋ ਗਈ।

ਉਹਦੇ ਭੱਜਣ ਤੋਂ ਕੁਝ ਹਫ਼ਤਿਆਂ ਬਾਅਦ ਹੀ ਉਹਨੂੰ ਫੜ ਲਿਆ ਗਿਆ ਸੀ। ਉਹਦੀਆਂ ਲੱਤਾਂ ਬਾਹਾਂ ਬੰਨ ਕੇ ਉਹਨੂੰ ਮਾਲਕ ਸਾਹਮਣੇ ਪੇਸ਼ ਕੀਤਾ ਗਿਆ। ਉਹਨੂੰ 100 ਕੋੜਿਆਂ ਦੀ ਮਾਰ ਦੀ ਸਜ਼ਾ ਸੁਣਾਈ ਗਈ ਜਿਹੜੀ ਕਿਸੇ ਵੀ ਗੁਲਾਮ ਦੀ ਨਿੱਕੀ ਜਿਹੀ ਗਲਤੀ ਲਈ ਬੜੀ ਨਰਮ ਸਜ਼ਾ ਮੰਨੀ ਜਾਂਦੀ ਸੀ। ਉਸ ਪਿੱਛੋਂ ਉਹਨੂੰ ਜੇਲ੍ਹ ਵਿਚ ਵੀ ਸਿਰਫ਼ ਪਾਣੀ ਤੇ ਰੋਟੀ ਨਾਲ ਹੀ ਗੁਜ਼ਾਰਾ ਕਰਨਾ ਪੈਣਾ ਸੀ। ਮਾਲਕ ਨੇ ਇਸ ਨਰਮ ਸਜ਼ਾ ਨੂੰ ਹੋਰ ਸਖ਼ਤ ਕਰਨ ਦੇ ਹੁਕਮ ਸੁਣਾਏ। ਉਸ ਨੇ ਕਿਹਾ ਕਿ ਜਦੋਂ ਓਵਰਸੀਅਰ ਇਸ ਨੂੰ ਕੋੜੇ ਮਾਰ ਕੇ ਥੱਕ ਜਾਵੇ, ਫੇਰ ਹੀ ਇਸ ਨੂੰ ਛੱਡਿਆ ਜਾਵੇ। ਤੇ ਫੇਰ ਉਸ ਪਿੱਛੋਂ ਜਿੰਨੇ ਦਿਨ ਉਹ ਜੰਗਲਾਂ ਵਿਚ ਭਗੌੜਾ ਹੋ ਕੇ ਲੁਕਿਆ ਰਿਹਾ ਸੀ, ਓਨੇ ਦਿਨ ਉਸਨੂੰ ਇੱਕ ਲੱਕੜ ਦੇ ਸ਼ਕੰਜੇ ਵਿਚ ਜਕੜ ਦਿੱਤਾ ਜਾਵੇ। ਕੋੜਿਆਂ ਦੀ ਮਾਰ ਖਾ ਕੇ ਵਿਚਾਰਾ ਅਧਮੋਇਆ ਪਹਿਲਾਂ ਹੀ ਹੋ ਚੁੱਕਾ ਸੀ ਅਤੇ ਸਿਰ ਤੋਂ ਪੈਰਾਂ ਤੱਕ ਲਹੂ-ਲੁਹਾਣ ਹੋਇਆ ਪਿਆ ਸੀ। ਉਹ ਦੇ ਲਹੂ-ਲੁਹਾਣ ਸਰੀਰ ਨੂੰ ਨਮਕ ਦੇ ਪਾਣੀ ਨਾਲ ਇਸ ਲਈ ਧੋਤਾ ਗਿਆ ਤਾਂ ਕਿ ਉਧੜੀ ਹੋਈ ਚਮੜੀ ਦਾ ਮਾਸ ਸੜ ਨਾ ਜਾਵੇ। ਇੰਝ ਉਹਦੇ ਜ਼ਖ਼ਮ ਛੇਤੀ ਸੁੱਕ ਜਾਣੇ ਸਨ। ਪਰ ਜ਼ਖਮਾਂ 'ਤੇ ਲੂਣ ਨੇ ਆਪਣਾ ਕੰਮ ਕੀਤਾ। ਫੇਰ ਉਸ ਨੂੰ ਵੱਡੇ ਕਮਰੇ ਵਿਚ ਬਣੇ ਲੱਕੜ ਦੇ ਸ਼ਕੰਜੇ ਵਿਚ ਇੰਜ ਜਕੜ ਦਿੱਤਾ ਗਿਆ ਕਿ ਜਦੋਂ ਉਹ ਸਿੱਧਾ ਲੇਟਿਆ ਥੱਕ ਜਾਵੇ ਤਾਂ ਸੱਜੇ ਖੱਬੇ ਪਾਸਾ ਲੈ ਸਕੇ। ਹਰ ਰੋਜ਼ ਸਵੇਰੇ ਇਕ ਗੁਲਾਮ ਉਸ ਕੋਲ ਪਾਣੀ ਦਾ ਗਲਾਸ ਅਤੇ ਰੋਟੀ ਦੇ ਕੁਝ ਟੁਕੜੇ ਰੱਖ ਜਾਂਦਾ ਸੀ। ਰੋਟੀ ਦੇਣ ਵਾਲੇ ਗੁਲਾਮ ਨੂੰ ਉਸ ਨਾਲ ਗੱਲ ਕਰਨ ਤੋਂ ਸਖ਼ਤ ਮਨਾਹੀ ਸੀ। ਇਸ ਕੋਤਾਹੀ ਦੀ ਸਜ਼ਾ ਉਸ ਨੂੰ ਸਖ਼ਤ ਤੋਂ ਸਖ਼ਤ ਵੀ ਦਿੱਤੀ ਜਾ ਸਕਦੀ ਸੀ। ਚਾਰ ਦਿਨ ਉਹ ਗੁਲਾਮ ਉਸ ਲਈ ਰੋਟੀ ਪਾਣੀ ਲਿਜਾਂਦਾ ਰਿਹਾ। ਦੂਜੀ ਸਵੇਰ ਉਹਨੇ ਦੇਖਿਆ ਕਿ ਰੋਟੀ ਨਹੀਂ ਸੀ ਪਰ ਪਾਣੀ ਨੂੰ ਕਿਸੇ ਨੇ ਹੱਥ ਨਹੀਂ ਸੀ ਲਾਇਆ। ਜਦੋਂ ਸ਼ਿਕੰਜੇ ਵਿਚ ਉਹਨੂੰ ਚਾਰ ਦਿਨ ਤੇ ਪੰਜ ਰਾਤਾਂ ਗੁਜ਼ਰ ਗਏ ਤਾਂ ਗੁਲਾਮ ਨੇ ਆਪਣੇ ਮਾਲਕ ਨੂੰ ਦੱਸਿਆ ਕਿ ਚਾਰ ਦਿਨਾਂ ਤੋਂ ਪਾਣੀ ਨੂੰ ਕਿਸੇ ਨੇ ਛੁਹਿਆ ਤੱਕ ਨਹੀਂ ਸੀ ਤੇ ਕਮਰੇ ਵਿਚੋਂ ਬੜੀ ਭੈੜੀ ਬੋਅ ਆਉਣੀ ਸ਼ੁਰੂ ਹੋ ਚੁੱਕੀ ਸੀ। ਤਹਿਕੀਕਾਤ ਕਰਨ ਲਈ ਓਵਰਸੀਅਰ ਨੂੰ ਭੇਜਿਆ ਗਿਆ। ਜਦੋਂ ਸ਼ਿਕੰਜਾ ਖੋਲ੍ਹਿਆ ਗਿਆ ਤਾਂ ਲਾਸ਼ ਦੇ ਕੁਝ ਹਿੱਸੇ ਨੂੰ ਚੂਹੇ ਖਾ ਗਏ ਸਨ ਅਤੇ ਲਾਸ਼ ਵਿਚ ਕੀੜੇ ਵੀ ਪੈ ਚੁੱਕੇ ਸਨ। ਸ਼ਾਇਦ ਚੂਹੇ ਉਹਦੀ ਰੋਟੀ ਖਾਣ ਪਿੱਛੋਂ ਉਹਦੀ ਜਾਨ ਨਿਕਲਣ ਤੋਂ ਪਹਿਲਾਂ ਹੀ ਉਸ ਦੇ



ਸਰੀਰ ਨੂੰ ਖਾਣ ਲੱਗ ਪਏ ਸਨ। ਉਹਦੀ ਮਾਂ, ਵਿਚਾਰੀ ਚੈਰਿਟੀ..! ਮੈਂ ਤੇ ਨਾਨੀ ਆਪਸ ਵਿਚ ਗੱਲਾਂ ਕਰਦੇ ਕਿ ਉਹਦੀ ਮਾਂ ਉਹਦੀ ਮੌਤ ਦੀ ਖ਼ਬਰ ਕਿਵੇਂ ਸੁਣ ਸਕੇਗੀ . . ! ਆਪਣੇ ਪੁੱਤਰ ਦੇ ਹੋਏ ਇਸ ਘਿਨੌਣੇ ਕਤਲ ਦਾ ਉਹਦੇ ਦਿਲ 'ਤੇ ਕੀ ਅਸਰ ਹੋਵੇਗਾ! ਅਸੀਂ ਉਹਦੇ ਘਰ ਵਾਲੇ ਨੂੰ ਜਾਣਦੇ ਸਾਂ। ਸਾਨੂੰ ਪਤਾ ਸੀ ਕਿ ਜੇਮਜ਼ ਆਪਣੇ ਪਿਓ ਵਰਗਾ ਸਿਆਣਾ ਅਤੇ ਤਕੜਾ ਜਵਾਨ ਸੀ। ਉਹਦੇ ਕੁਝ ਚੰਗੇ ਗੁਣ ਸਨ, ਜਿਨ੍ਹਾਂ ਨੇ ਉਸ ਨੂੰ ਖੇਤਾਂ ਵਿਚ ਕੰਮ ਕਰਨ ਵਾਲੇ ਹੋਰਨਾਂ ਵਰਗਾ ਗੁਲਾਮ ਨਹੀਂ ਸੀ ਬਣਨ ਦਿੱਤਾ। ਉਸ ਨੂੰ ਇਕ ਟੁੱਟੇ ਜਿਹੇ ਲੱਕੜ ਦੇ ਬਕਸੇ ਵਿਚ ਬੰਦ ਕਰ ਕੇ ਇਹੋ ਜਿਹੀਆਂ ਘਟੀਆ ਭਾਵਨਾਵਾਂ ਨਾਲ ਦਫ਼ਨਾ ਦਿੱਤਾ ਗਿਆ ਸੀ ਜਿਹੜੀਆਂ ਕਿਸੇ ਬੁੱਢੇ ਹੋ ਚੁੱਕੇ ਕੁੱਤੇ ਨਾਲ ਕੀਤੇ ਜਾਂਦੇ ਸਲੂਕ ਤੋਂ ਵੀ ਕਿਤੇ ਵੱਧ ਘਟੀਆ ਸਨ। ਕਿਸੇ ਨੇ ਕਿਸੇ ਤੋਂ ਕੋਈ ਸਵਾਲ ਨਹੀਂ ਸੀ ਪੁੱਛਿਆ। ਸਾਰੇ ਚੁੱਪ ਸਨ। ਉਹ ਇਕ ਗੁਲਾਮ ਸੀ ਅਤੇ ਇਸ ਬਾਰੇ ਅਹਿਸਾਸ ਇਹ ਸੀ ਕਿ ਮਾਲਕ ਜਿਵੇਂ ਚਾਹੇ ਅਤੇ ਜੋ ਚਾਹੇ ਆਪਣੀ 'ਜਾਇਦਾਦ' ਨਾਲ ਕਰ ਸਕਦਾ ਸੀ। ਇਕ ਗੁਲਾਮ ਦੀ ਕੀਮਤ ਮਾਲਕ ਸਾਹਮਣੇ ਕੀ ਸੀ . . ? ਉਸ ਕੋਲ ਤਾਂ ਸੈਂਕੜੇ ਗੁਲਾਮ ਸਨ। ਜਦੋਂ ਉਹ ਸਾਰੇ ਦਿਨ ਦਾ ਕੰਮ ਗਈ ਰਾਤ ਤੱਕ ਖ਼ਤਮ ਕਰ ਕੇ ਆਪਣੀਆਂ ਝੁੱਗੀਆਂ ਵਿਚ ਆ ਜਾਂਦੇ ਤਾਂ ਉਨ੍ਹਾਂ ਨੂੰ ਰੁੱਖੀ-ਸੁੱਕੀ ਛੇਤੀ ਤੋਂ ਛੇਤੀ ਖਾਣ ਦੇ ਪੱਕੇ ਹੁਕਮ ਸਨ ਅਤੇ ਰਾਤ ਦੇ 9 ਵਜੇ ਤੋਂ ਪਹਿਲਾਂ ਸਾਰੇ ਚੁੱਲ੍ਹਿਆਂ ਦੀ ਅੱਗ ਬੁਝ ਜਾਣੀ ਜ਼ਰੂਰੀ ਸੀ। ਇਸ ਲਈ ਓਵਰਸੀਅਰ ਇਕ ਚੱਕਰ ਲਾ ਕੇ ਆਪਣੀ ਤਸੱਲੀ ਕਰ ਲਿਆ ਕਰਦਾ ਸੀ। ਉਹ ਹਰ ਝੁੱਗੀ ਵਿਚ ਜਾ ਕੇ ਦੇਖਦਾ ਕਿ ਆਦਮੀ ਅਤੇ ਔਰਤਾਂ ਸੌਂ ਗਏ ਹਨ ਜਾਂ ਨਹੀਂ। ਕਿਧਰੇ ਕੋਈ ਬੰਦਾ ਸਾਰੇ ਦਿਨ ਦੇ ਸਖ਼ਤ ਕੰਮ ਦਾ ਭੰਨਿਆ ਹੋਇਆ ਕਿਧਰੇ ਚਿਮਨੀ ਵਾਲੀ ਅੱਗ ਕੋਲ ਜਾ ਕੇ ਤਾਂ ਨਹੀਂ ਸੌਂ ਗਿਆ? ਥੱਕੇ-ਟੁੱਟੇ ਆਦਮੀ ਅਤੇ ਔਰਤਾਂ ਨੂੰ ਸਵੇਰ ਦੇ ਹੂਟਰ ਦੀ ਆਵਾਜ਼ ਤੱਕ ਸੁਰਤ ਨਹੀਂ ਸੀ ਰਹਿੰਦੀ ਕਿ ਉਹ ਕਿੱਥੇ ਪਏ ਹਨ। ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਫੇਰ ਕੰਮ ਸ਼ੁਰੂ ਹੋ ਜਾਂਦਾ। ਔਰਤਾਂ ਕਿਸੇ ਗਿਣਤੀ ਜਾਂ ਕੀਮਤ ਵਿਚ ਨਹੀਂ ਸਨ ਆਉਂਦੀਆਂ ਜਿੰਨਾ ਚਿਰ ਉਹ ਆਪਣੇ ਮਾਲਕ ਦੀ ਜਾਇਦਾਦ ਵਿਚ ਵਾਧਾ ਕਰਨ ਦੇ ਕਾਬਲ ਨਹੀਂ ਸਨ ਸਮਝੀਆਂ ਜਾਂਦੀਆਂ। ਜਾਇਦਾਦ ਵਿਚ ਵਾਧਾ ਕਰਨ ਦਾ ਮਤਲਬ ਵੱਧ ਤੋਂ ਵੱਧ ਨਿਆਣੇ ਪੈਦਾ ਕਰਨੇ। ਉਨ੍ਹਾਂ ਨੂੰ ਜਾਨਵਰਾਂ ਬਰਾਬਰ ਸਮਝਿਆ ਜਾਂਦਾ ਸੀ। ਏਸੇ ਮਾਲਕ ਨੇ ਇਕ ਗੁਲਾਮ ਔਰਤ ਨੂੰ ਉਹਦੇ ਸਿਰ ਵਿਚ ਗੋਲ਼ੀ ਮਾਰ ਕੇ ਮਾਰ ਦਿੱਤਾ ਸੀ। ਉਹ ਔਰਤ ਸਜ਼ਾ ਤੋਂ ਡਰਦੀ ਭੱਜ ਗਈ ਸੀ ਅਤੇ ਉਸ ਨੂੰ ਫੜ ਕੇ ਵਾਪਸ ਲਿਆਂਦਾ ਗਿਆ ਸੀ। ਕਿਸੇ ਨੇ ਮਾਲਕ ਦੀ ਇਸ ਹਰਕਤ 'ਤੇ ਕਿੰਤੂ ਨਹੀਂ ਸੀ ਕੀਤਾ। ਜੇ ਕੋਈ ਗੁਲਾਮ ਕੋੜਿਆਂ ਦੀ ਮਾਰ ਖਾਣ ਤੋਂ ਬਚਣ ਦੀ ਕੋਸ਼ਿਸ਼ ਕਰਦਾ ਤਾਂ ਉਸ 'ਤੇ ਖੂੰਖਾਰ ਕੁੱਤੇ ਛੱਡ ਦਿੱਤੇ ਜਾਂਦੇ ਜਿਹੜੇ ਉਹਦੀ ਬੋਟੀ-ਬੋਟੀ ਨੋਚ ਕੇ ਖਾ ਜਾਂਦੇ। ਮਾਲਕ ਜਿਹੜਾ ਇਹੋ ਜਿਹੇ ਕੁਕਰਮ ਕਰਦਾ ਸੀ, ਉਹ ਬਹੁਤ ਪੜ੍ਹਿਆ ਲਿਖਿਆ ਸੀ ਅਤੇ ਆਪਣੇ ਆਪ ਨੂੰ ਭੱਦਰ ਪੁਰਸ਼ ਅਖਵਾਉਂਦਾ ਸੀ। ਉਹ ਇਕ ਚੰਗੇ ਧਾਰਮਿਕ ਈਸਾਈ ਵਜੋਂ ਵੀ ਆਪਣੀ ਤਾਰੀਫ਼ ਕਰਦਾ ਨਹੀਂ ਸੀ ਥੱਕਦਾ। ਸ਼ਾਇਦ ਸ਼ੈਤਾਨ ਕੋਲ ਉਸ ਤੋਂ ਵੱਡਾ ਹੋਰ ਸ਼ਰਧਾਲੂ ਕੋਈ ਨਹੀਂ ਸੀ।

ਜਿਹੋ ਜਿਹੇ ਗੁਲਾਮਾਂ ਦੇ ਜ਼ਾਲਮ ਮਾਲਕਾਂ ਬਾਰੇ ਮੈਂ ਤੁਹਾਨੂੰ ਇਸ ਤੋਂ ਪਹਿਲਾਂ ਦੱਸ ਚੁੱਕੀ ਆਂ, ਹੋਰ ਵੀ ਦੱਸ ਸਕਦੀ ਆਂ। ਇਹ ਵੀ ਨਹੀਂ ਕਿ ਸਾਰੇ ਮਾੜੇ ਹੁੰਦੇ ਨੇ। ਮੈਂ ਇਹ ਵੀ ਨਹੀਂ ਕਹਿੰਦੀ ਕਿ ਨਰਮ ਦਿਲ ਮਾਲਕ ਹੁੰਦੇ ਹੀ ਨਹੀਂ। ਇਹੋ ਜਿਹੇ ਭਲੇ ਬੰਦੇ ਵੀ ਹੁੰਦੇ ਨੇ, ਜਿਨ੍ਹਾਂ 'ਤੇ ਆਪਣੇ ਆਲੇ-ਦੁਆਲੇ ਦੇ ਭੈੜੇ ਮਾਹੌਲ ਦਾ ਬਿਲਕੁਲ ਵੀ ਅਸਰ ਨਹੀਂ ਹੁੰਦਾ। ਪਰ ਹੁੰਦੇ ਉਹ ਟਾਵੇਂ ਟੱਲੇ ਈ ਨੇ। ਜਿਵੇਂ ਦੇਵਤੇ ਕਦੇ-ਕਦਾਈਂ ਫੇਰਾ ਪਾਉਂਦੇ ਨੇ, ਇਹੋ ਜਿਹੇ ਮਾਲਕ ਬੜੇ ਥੋੜ੍ਹੇ ਹੁੰਦੇ ਨੇ।

ਮੈਂ ਅਜਿਹੀ ਇਕ ਅਨੋਖੀ ਜਵਾਨ ਮਾਲਕਣ ਨੂੰ ਵੀ ਜਾਣਦੀ ਹਾਂ ਜਿਸ ਵਿਚ ਇਨਸਾਨੀਅਤ

ਦੇ ਖ਼ਾਸ ਗੁਣ ਸਨ। ਉਹ ਆਪ ਤਾਂ ਯਤੀਮ ਸੀ ਪਰ ਉਸ ਨੂੰ ਇਕ ਔਰਤ ਅਤੇ ਉਹਦੇ ਦੋ ਛੋਟੇ ਬੱਚੇ ਵਿਰਸੇ ਵਿਚ ਗੁਲਾਮਾਂ ਵਜੋਂ ਮਿਲ ਗਏ ਸਨ। ਉਨ੍ਹਾਂ ਬੱਚਿਆਂ ਦਾ ਪਿਤਾ ਆਜ਼ਾਦ ਸੀ। ਉਨ੍ਹਾਂ ਦਾ ਆਪਣਾ ਬੜਾ ਆਰਾਮਦਾਇਕ ਘਰ ਸੀ, ਜਿੱਥੇ ਸਾਰਾ ਪਰਿਵਾਰ ਇਕੱਠਾ ਰਹਿੰਦਾ ਸੀ। ਮਾਂ ਅਤੇ ਉਸਦੀ ਵੱਡੀ ਧੀ ਸਾਰਾ ਦਿਨ ਮਾਲਕਣ ਦੇ ਘਰ ਕੰਮ ਕਰਦੀਆਂ ਅਤੇ ਰਾਤ ਨੂੰ ਆਪਣੇ ਘਰ ਆ ਜਾਂਦੀਆਂ ਜਿਹੜਾ ਨੇੜੇ ਈ ਸੀ। ਜਵਾਨ ਮਾਲਕਣ ਬੜੀ ਨੇਕ ਅਤੇ ਪਵਿੱਤਰ ਔਰਤ ਸੀ। ਉਹ ਧਰਮ ਦੀ ਅਸਲੀਅਤ ਨੂੰ ਜਾਣਦੀ ਪਛਾਣਦੀ ਅਤੇ ਮੰਨਦੀ ਵੀ ਸੀ। ਉਸ ਨੇ ਆਪਣੇ ਗੁਲਾਮਾਂ ਨੂੰ ਸੱਚਾ-ਸੁੱਚਾ ਜੀਵਨ ਜਿਉਣਾ ਸਿਖਾਇਆ ਅਤੇ ਉਨ੍ਹਾਂ ਨੂੰ ਆਪਣੇ ਮਿਹਨਤ ਦੇ ਫ਼ਲ ਤੋਂ ਖੁਸ਼ੀ ਲੈਣੀ ਸਿਖਾਈ। ਉਹਦਾ ਧਰਮ ਕੋਈ ਅਜਿਹਾ ਨਹੀਂ ਸੀ, ਜਿਹੜਾ ਐਤਵਾਰ ਦੇ ਦਿਨ ਇਕ ਖਾਸ ਵੇਸ ਧਾਰ ਕੇ ਆ ਜਾਇਆ ਕਰਦਾ ਹੈ ਅਤੇ ਫਿਰ ਦੂਜੇ ਐਤਵਾਰ ਤੱਕ ਆਉਂਦਾ ਹੀ ਨਹੀਂ। ਗੁਲਾਮ ਮਾਂ ਦੀ ਵੱਡੀ ਧੀ ਦੇ ਵਿਆਹ ਲਈ ਇਕ ਆਜ਼ਾਦ ਆਦਮੀ ਨਾਲ ਗੱਲ ਪੱਕੀ ਕਰ ਲਈ ਗਈ ਸੀ ਅਤੇ ਇਸ ਭਲੇ ਦਿਲ ਵਾਲੀ ਮਾਲਕਣ ਨੇ ਵਿਆਹ ਤੋਂ ਇਕ ਦਿਨ ਪਹਿਲਾਂ ਹੀ ਉਸ ਗੁਲਾਮ ਨੂੰ ਆਜ਼ਾਦ ਕਰ ਦਿੱਤਾ ਸੀ ਤਾਂ ਕਿ ਵਿਆਹ ਤੋਂ ਪਿੱਛੋਂ ਕੋਈ ਵੀ ਕਾਨੂੰਨੀ ਅੜਿੱਕਾ ਨਾ ਰਹਿ ਜਾਵੇ ਅਤੇ ਵਿਆਹ ਕਾਨੂੰਨੀ ਤੌਰ 'ਤੇ ਪੱਕਾ ਸਮਝਿਆ ਜਾਵੇ।

ਇਕ ਗੱਲ ਸੁਣਨ ਵਿਚ ਆਈ ਸੀ ਕਿ ਇਹ ਭਲੀ ਔਰਤ ਇਕ ਬੰਦੇ ਨੂੰ ਆਪਣੇ ਇਕਤਰਫ਼ਾ ਪਿਆਰ ਵਿਚ ਦਿਲ ਦੇ ਬੈਠੀ ਸੀ, ਜਿਹੜਾ ਇਸ ਨਾਲ ਸਿਰਫ਼ ਇਸ ਦੀ ਦੌਲਤ ਲਈ ਵਿਆਹ ਕਰਵਾਉਣਾ ਚਾਹੁੰਦਾ ਸੀ। ਕੁਝ ਸਮਾਂ ਪਾ ਕੇ ਉਹਦਾ ਕੋਈ ਚਾਚਾ-ਤਾਇਆ ਮਰ ਗਿਆ। ਉਹ ਇਕ ਕਾਲੀ ਔਰਤ ਤੋਂ ਜਨਮੇ ਆਪਣੇ ਦੋ ਪੁੱਤਰਾਂ ਲਈ 6 ਹਜ਼ਾਰ ਡਾਲਰ ਛੱਡ ਗਿਆ ਸੀ ਅਤੇ ਬਾਕੀ ਦੀ ਆਪਣੀ ਸਾਰੀ ਜਾਇਦਾਦ ਆਪਣੀ ਯਤੀਮ ਭਤੀਜੀ ਦੇ ਨਾਂ ਕਰ ਗਿਆ ਸੀ। ਛੇਤੀ ਹੀ ਲੋਹੇ ਕੋਲ ਚੁੰਬਕ ਆਪ ਹੀ ਚੱਲ ਕੇ ਆ ਗਿਆ। ਉਹ ਔਰਤ ਅਤੇ ਉਹਦੀ ਦੌਲਤ ਉਸ ਦੇ ਹੋ ਗਏ। ਉਸ ਨੇ ਆਪਣੇ ਗੁਲਾਮਾਂ ਨੂੰ ਆਜ਼ਾਦ ਕਰ ਦੇਣਾ ਚਾਹਿਆ ਸੀ। ਉਸ ਨੇ ਇਹ ਗੱਲ ਵੀ ਸਾਫ਼ ਕਰ ਦਿੱਤੀ ਸੀ ਕਿ ਹੋ ਸਕਦੈ ਉਹਦਾ ਵਿਆਹ ਗੁਲਾਮਾਂ ਦੀ ਕਿਸਮਤ ਬਦਲ ਦੇਵੇ। ਕੁਝ ਵੀ ਅਣਕਿਆਸਿਆ ਹੋ ਸਕਦਾ ਸੀ। ਇਸ ਲਈ ਉਹ ਉਨ੍ਹਾਂ ਦੇ ਜੀਵਨ ਦੀਆਂ ਖੁਸ਼ੀਆਂ ਬਰਕਰਾਰ ਰੱਖਣਾ ਚਾਹੁੰਦੀ ਸੀ। ਉਨ੍ਹਾਂ ਨੇ ਆਜ਼ਾਦ ਹੋਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਤਾਂ ਉਨ੍ਹਾਂ ਦੀ ਹਮੇਸ਼ਾ ਤੋਂ ਖ਼ੈਰ ਖਵਾਹ ਰਹੀ ਸੀ। ਉਹ ਹੋਰ ਕਿਧਰੇ ਜਾ ਕੇ ਕਦੇ ਵੀ ਏਨੇ ਖੁਸ਼ ਨਹੀਂ ਰਹਿ ਸਕਣਗੇ, ਜਿੰਨੇ ਉਹ ਉਹਦੇ ਨਾਲ ਖ਼ੁਸ਼ ਸਨ। ਮੈਨੂੰ ਇਸ ਗੱਲ ਦੀ ਕੋਈ ਹੈਰਾਨੀ ਵੀ ਨਹੀਂ ਸੀ ਹੋਈ। ਮੈਂ ਅਕਸਰ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੇ ਹੱਸਦੇ ਖੇਡਦੇ ਪਰਿਵਾਰ ਨੂੰ ਦੇਖਦੀ ਹੁੰਦੀ ਸਾਂ। ਸਾਰੇ ਕਸਬੇ ਵਿਚ ਉਸ ਪਰਿਵਾਰ ਜਿੰਨਾ ਖੁਸ਼ ਹੋਰ ਕੋਈ ਪਰਿਵਾਰ ਨਹੀਂ ਸੀ ਦਿੱਸਦਾ। ਗੁਲਾਮੀ ਦੇ ਆਸਾਰ ਤੋਂ ਜਦੋਂ ਨੂੰ ਗੁਲਾਮੀ ਦੀ ਅਸਲੀਅਤ ਦਾ ਪਤਾ ਲੱਗਾ ਤਾਂ ਬਹੁਤ ਦੇਰ ਹੋ ਚੁੱਕੀ ਸੀ।

ਜਦੋਂ ਨਵੇਂ ਮਾਲਕ ਨੇ ਇਸ ਪਰਿਵਾਰ ਨੂੰ ਆਪਣੀ ਜਾਇਦਾਦ ਸਮਝਦਿਆਂ ਅਪਨਾਇਆ ਤਾਂ ਬਾਪ ਨੂੰ ਗੁੱਸਾ ਆਇਆ। ਮਾਲਕਣ ਕੋਲ ਸੁਰੱਖਿਆ ਲਈ ਉਹ ਫਰਿਆਦ ਲੈ ਕੇ ਗਿਆ।

'ਮੈਂ ਹੁਣ ਕੁਝ ਨਹੀਂ ਕਰ ਸਕਦੀ ਹੈਰੀ।' ਉਸ ਨੇ ਕਿਹਾ ਸੀ,

"ਜਿਹੜੀ ਤਾਕਤ ਮੇਰੇ ਕੋਲ ਇਕ ਹਫ਼ਤਾ ਪਹਿਲਾਂ ਸੀ, ਉਹ ਹੁਣ ਨਹੀਂ ਰਹੀ। ਮੈਂ ਤੇਰੀ ਪਤਨੀ ਨੂੰ ਆਜ਼ਾਦ ਕਰਵਾਉਣ ਵਿਚ ਸਫ਼ਲ ਹੋ ਸਕੀ ਪਰ ਮੈਂ ਤੇਰੇ ਬੱਚਿਆਂ ਲਈ ਕੁਝ ਨਹੀਂ ਕਰ ਸਕਦੀ।"

ਦੁਖੀ ਬਾਪ ਨੇ ਸਹੁੰ ਖਾਧੀ ਕਿ ਉਹਦੇ ਬੱਚਿਆਂ ਨੂੰ ਉਸ ਕੋਲੋਂ ਕੋਈ ਅਲੱਗ ਨਹੀਂ ਕਰ ਸਕੇਗਾ।



ਉਹਨੇ ਆਪਣੇ ਬੱਚਿਆਂ ਨੂੰ ਕੁਝ ਦਿਨ ਜੰਗਲ ਵਿਚ ਲੁਕੋ ਕੇ ਰੱਖਿਆ ਪਰ ਉਨ੍ਹਾਂ ਨੂੰ ਲੱਭ ਕੇ ਵਾਪਸ ਲਿਆਂਦਾ ਗਿਆ। ਬਾਪ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਉਹਦੇ ਸਭ ਤੋਂ ਵੱਡੇ ਦੋ ਮੁੰਡਿਆਂ ਨੂੰ ਜੌਰਜੀਆ ਵੱਲ ਵੇਚ ਦਿੱਤਾ ਗਿਆ। ਇਕ ਬਹੁਤ ਛੋਟੀ ਬੱਚੀ ਜਿਹੜੀ ਮਾਲਕ ਦੇ ਘਰ ਕੋਈ ਕੰਮ ਕਰਨ ਲਾਇਕ ਨਹੀਂ ਸੀ, ਉਸ ਨੂੰ ਉਹਦੀ ਮਾਂ ਕੋਲ ਰਹਿਣ ਦਿੱਤਾ ਗਿਆ। ਬਾਕੀ ਤਿੰਨਾਂ ਨੂੰ ਮਾਲਕ ਦੇ ਖੇਤਾਂ ਵਿਚ ਕੰਮ ਕਰਨ ਲਾ ਦਿੱਤਾ ਗਿਆ। ਸਭ ਤੋਂ ਵੱਡੀ ਧੀ ਜਦੋਂ ਮਾਲਕ ਦੇ ਬੱਚੇ ਦੀ ਮਾਂ ਬਣ ਗਈ ਤਾਂ ਗੁਲਾਮਾਂ ਦੇ ਮਾਲਕ ਦੀ ਪਤਨੀ ਨੇ ਬੱਚੀ ਨੂੰ ਜਦੋਂ ਦੇਖਿਆ ਤਾਂ ਉਹ ਰੋਣ ਲੱਗ ਪਈ। ਉਸ ਨੂੰ ਪਤਾ ਸੀ ਕਿ ਉਹਦੇ ਆਪਣੇ ਪਤੀ ਨੇ ਉਸ ਦੀ ਪਵਿੱਤਰਤਾ ਨੂੰ ਭੰਗ ਕਰ ਦਿੱਤਾ ਸੀ। ਉਸ ਨੇ ਮਾਲਕ ਦੇ ਜਦੋਂ ਦੂਜੇ ਬੱਚੇ ਨੂੰ ਜਨਮ ਦਿੱਤਾ ਤਾਂ ਮਾਲਕ ਨੇ ਉਸ ਨੂੰ ਤੇ ਉਸ ਦੇ ਦੋਹਾਂ ਬੱਚਿਆਂ ਨੂੰ ਆਪਣੇ ਭਰਾ ਨੂੰ ਵੇਚ ਦਿੱਤਾ। ਉਸ ਨੇ ਉਸ ਦੇ ਭਰਾ ਤੋਂ ਵੀ ਦੋ ਬੱਚੇ ਪੈਦਾ ਕੀਤੇ ਅਤੇ ਉਸ ਨੂੰ ਫੇਰ ਅੱਗੇ ਕਿਧਰੇ ਹੋਰ ਥਾਂ ਵੇਚ ਦਿੱਤਾ ਗਿਆ। ਉਸ ਤੋਂ ਅਗਲੀ ਭੈਣ ਤਾਂ ਪਾਗਲ ਈ ਹੋ ਗਈ ਸੀ। ਜੀਵਨ ਦੇ ਸੰਘਰਸ਼ ਨੇ ਉਸ ਨੂੰ ਪਾਗਲਪਣ ਤੱਕ ਪਹੁੰਚਾ ਦਿੱਤਾ ਸੀ। ਤੀਜੀ ਪੰਜ ਨਿਆਣਿਆਂ ਦੀ ਮਾਂ ਬਣ ਗਈ। ਚੌਥਾ ਬੱਚਾ ਜੰਮਣ ਪਿੱਛੋਂ ਨੇਕ ਦਿਲ ਮਾਲਕਣ ਗੁਜ਼ਰ ਗਈ। ਆਪਣੇ ਆਖਰੀ ਸਮੇਂ ਤੱਕ ਉਹਨੇ ਗੁਲਾਮਾਂ ਦਾ ਉਸ ਬਦਕਿਸਮਤੀ ਵਾਲੇ ਮਾਹੌਲ ਵਿਚ ਆਪਣੇ ਵੱਲੋਂ ਜਿੰਨਾ ਵੀ ਹੋ ਸਕਿਆ, ਪੂਰਾ ਖਿਆਲ ਰੱਖਿਆ। ਉਹ ਸ਼ਾਂਤ ਹੋ ਕੇ ਮੌਤ ਦੀ ਗੋਦੀ ਵਿਚ ਜਾ ਸੁੱਤੀ। ਜਿਸ ਆਦਮੀ ਨੂੰ ਉਹ ਦਿਲੋਂ ਪਿਆਰ ਕਰਦੀ ਸੀ ਅਤੇ ਜਿਸ ਨੇ ਉਹਦਾ ਜੀਵਨ ਤਬਾਹ ਕਰ ਦਿੱਤਾ ਸੀ, ਉਸ ਵੱਲੋਂ ਉਹਨੇ ਸਦਾ ਲਈ ਅੱਖਾਂ ਮੀਚ ਲਈਆਂ ਸਨ।

ਉਸ ਬੰਦੇ ਨੇ ਆਪਣੀ ਸਾਰੀ ਦੌਲਤ ਅੰਨ੍ਹੇਵਾਹ ਲੁਟਾ ਛੱਡੀ ਅਤੇ ਦੂਜਾ ਵਿਆਹ ਕਰਵਾ ਕੇ ਮੁੜ ਟਿਕਾਣੇ ਸਿਰ ਆਉਣ ਲਈ ਵਿਉਂਤਾਂ ਬਣਾਉਣ ਲੱਗ ਪਿਆ। ਇਕ ਰਾਤ ਉਹ ਸ਼ਰਾਬੀ ਹੋ ਕੇ ਬਦਕਾਰੀ ਕਰਨ ਪਿੱਛੋਂ ਜਦੋਂ ਸੁੱਤਾ ਤਾਂ ਸਵੇਰੇ ਮਰਿਆ ਪਿਆ ਲੱਭਿਆ। ਉਹ ਚੰਗਾ ਮਾਲਕ ਗਿਣਿਆ ਜਾਂਦਾ ਸੀ ਕਿਉਂਕਿ ਉਹ ਆਪਣੇ ਗੁਲਾਮਾਂ ਨੂੰ ਖਾਣ-ਪੀਣ ਲਈ ਚੰਗਾ ਚੋਖਾ ਅਤੇ ਪਹਿਨਣ ਲਈ ਚੰਗੇ ਕੱਪੜੇ ਦਿੰਦਾ ਸੀ। ਉਹਦੇ ਫ਼ਾਰਮ 'ਤੇ ਦੂਜੇ ਮਾਲਕਾਂ ਵਾਂਗ ਗੁਲਾਮਾਂ ਨੂੰ ਕਦੇ ਕੋੜਿਆਂ ਦੀ ਮਾਰ ਪੈਂਦੀ ਕਿਸੇ ਨੇ ਨਹੀਂ ਸੀ ਸੁਣੀ। ਜੇ ਗੁਲਾਮੀ ਨਾ ਹੁੰਦੀ ਤਾਂ ਉਹ ਇਕ ਭਲਾ ਬੰਦਾ ਹੀ ਅਖਵਾਉਂਦਾ ਅਤੇ ਉਹਦੀ ਪਤਨੀ ਖੁਸ਼ਕਿਸਮਤ।

ਗੁਲਾਮੀ ਨੇ ਜਿਹੜੀ ਤਬਾਹੀ ਮਚਾਈ, ਉਹ ਚਾਰੇ ਪਾਸੇ ਬੁਰੀ ਤਰ੍ਹਾਂ ਫੈਲ ਗਈ। ਇਸ ਨੂੰ ਕੋਈ ਵੀ ਕਲਮ ਬਿਆਨ ਕਰਨ ਦੇ ਸਮਰੱਥ ਨਹੀਂ। ਗੁਲਾਮ ਕੁੜੀਆਂ ਨੂੰ ਡਰ ਅਤੇ ਅਪਹੁਦਰੇਪਣ ਦੇ ਮਾਹੌਲ ਵਿਚ ਪਲਣ ਲਈ ਮਜਬੂਰ ਕਰ ਦਿੱਤਾ ਜਾਂਦਾ। ਕੋੜਿਆਂ ਦੀ ਮਾਰ, ਮਾਲਕ ਦੀਆਂ ਉਸ ਨਾਲ ਕੀਤੀਆਂ ਲੁੱਚੀਆਂ ਗੱਲਾਂ ਅਤੇ ਮਾਲਕ ਦੇ ਪੁੱਤਰਾਂ ਦੀਆਂ ਹਰਕਤਾਂ ਉਸ ਲਈ ਮੱਲੋਜੋਰੀ ਦੀ ਸਿੱਖਿਆ ਬਣ ਖੜੋਂਦੀਆਂ ਹਨ। ਜਦੋਂ ਉਹ 14-15 ਸਾਲ ਦੀ ਹੋ ਜਾਂਦੀ ਤਾਂ ਉਹਦਾ ਮਾਲਕ, ਉਹਦੇ ਪੁੱਤਰ, ਉਹਦੇ ਓਵਰਸੀਅਰ ਜਾਂ ਸ਼ਾਇਦ ਸਾਰੇ ਹੀ ਉਸ ਨੂੰ ਤੋਹਫ਼ਿਆਂ ਦੀ ਰਿਸ਼ਵਤ ਦੇਣੀ ਸ਼ੁਰੂ ਕਰ ਦਿੰਦੇ। ਜੇ ਉਨ੍ਹਾਂ ਦਾ ਮਤਲਬ ਇਸ ਤਰੀਕੇ ਹੱਲ ਨਹੀਂ ਸੀ ਹੁੰਦਾ ਤਾਂ ਉਸ ਨੂੰ ਕੋੜਿਆਂ ਦੀ ਮਾਰ ਮਾਰੀ ਜਾਂਦੀ ਸੀ ਜਾਂ ਭੁੱਖਾ ਰੱਖ ਕੇ ਉਨ੍ਹਾਂ ਦੀ ਈਨ ਮੰਨਣ ਲਈ ਹੱਦੋਂ ਵੱਧ ਮਜਬੂਰ ਕੀਤਾ ਜਾਂਦਾ। ਭਾਵੇਂ ਉਸ ਦੇ ਦਿਲ ਦਿਮਾਗ ਵਿਚ ਕਿਸੇ ਧਰਮੀ ਅਤੇ ਭਲੀ ਮਾਂ, ਜਾਂ ਦਾਦੀ ਨਾਨੀ ਜਾਂ ਭੋਲੀ ਮਾਲਕਣ ਨੇ ਚੰਗੇ ਧਾਰਮਿਕ ਸੰਸਕਾਰ ਕਿਉਂ ਨਾ ਭਰੇ ਹੋਣ, ਹੋ ਸਕਦੈ ਉਹਦਾ ਕੋਈ ਪ੍ਰੇਮੀ ਹੋਵੇ, ਜਿਸ ਦੇ ਚੰਗੇ ਵਿਚਾਰ ਅਤੇ ਸ਼ਾਂਤ ਸੁਭਾਅ ਉਹਦੇ ਦਿਲ ਵਿਚ ਘਰ ਕਰ ਗਿਆ ਹੋਵੇ ਜਾਂ ਕੋਈ ਬਦਕਾਰ ਲੁੱਚਾ ਆਦਮੀ ਜਿਸ ਨੇ ਉਸ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਰੱਖਿਆ ਹੋਵੇ ਤੇ ਉਸ ਨਾਲ ਘਿਨੌਣਾ ਵਿਹਾਰ ਕਰਦਾ

ਹੋਵੇ, ਤਾਂ ਇਹੋ ਜਿਹੇ ਮਾਹੌਲ ਵਿਚ ਵਿਰੋਧ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਇਕ ਵਿਚਾਰਾ ਕੀੜਾ ਮਕੌੜਾ
ਆਪਣੀ ਲੜਾਈ ਹਾਰ ਜਾਵੇਗਾ
ਇਕ ਛੋਟਾ ਜਿਹਾ ਜੀਵਨ ਉਸ ਦਾ
ਗੁਜ਼ਰ ਜਾਏਗਾ ਇਕ ਦਿਨ।
ਤੇ ਉਹ ਵੀ . . .

ਗੁਲਾਮਾਂ ਦੇ ਮਾਲਕਾਂ ਦੇ ਪੁੱਤਰ ਛੋਟੀ ਉਮਰ ਵਿਚ ਹੀ ਆਪਣੇ ਆਲੇ-ਦੁਆਲੇ ਦੇ ਮਾਹੌਲ ਵਾਲੇ ਭੈੜੇ ਅਸਰਾਂ ਹੇਠ ਆ ਕੇ ਵਿਗੜ ਜਾਂਦੇ ਨੇ ਤੇ ਨਾ ਹੀ ਮਾਲਕਾਂ ਦੀਆਂ ਧੀਆਂ ਹੀ ਇਨ੍ਹਾਂ ਅਸਰਾਂ ਤੋਂ ਬਚੀਆਂ ਰਹਿ ਸਕਦੀਆਂ ਨੇ। ਜਦੋਂ ਗੁਲਾਮਾਂ ਦੀਆਂ ਧੀਆਂ ਨਾਲ ਮਾਲਕ ਜਬਰ-ਜਿਨਾਹ ਕਰਦੇ ਨੇ ਤਾਂ ਉਸ ਬੁਰਾਈ ਦਾ ਬਦਲਾ ਵੀ ਉਨ੍ਹਾਂ ਦੇ ਆਪਣੇ ਸਾਹਮਣੇ ਆ ਖੜੋਂਦਾ ਹੈ। ਗੋਰੀਆਂ ਧੀਆਂ ਆਪਣੇ ਮਾਂ-ਪਿਓ ਨੂੰ ਕਿਸੇ ਗੁਲਾਮ ਔਰਤ ਬਾਰੇ ਝਗੜਾ ਕਰਦਿਆਂ ਬਚਪਨ ਤੋਂ ਹੀ ਦੇਖਣ ਸੁਣਨ ਲੱਗ ਪੈਂਦੀਆਂ ਨੇ। ਉਨ੍ਹਾਂ ਦੀ ਜਗਿਆਸਾ ਮੱਚ ਉੱਠਦੀ ਹੈ ਅਤੇ ਕਾਰਨ ਵੀ ਉਨ੍ਹਾਂ ਨੂੰ ਛੇਤੀ ਹੀ ਪਤਾ ਲੱਗ ਜਾਂਦੇ ਨੇ। ਉਨ੍ਹਾਂ ਦੀ ਸੇਵਾ ਵੀ ਉਹੀ ਕਾਲੀਆਂ ਗੁਲਾਮ ਔਰਤਾਂ ਕਰਦੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪਿਓ ਨੇ ਖ਼ਰਾਬ ਕੀਤਾ ਹੁੰਦਾ ਹੈ। ਉਨ੍ਹਾਂ ਨੂੰ ਨਿਆਣੀ ਉਮਰ ਵਿਚ ਹੀ ਉਹ ਕੁਝ ਸੁਣਨ ਨੂੰ ਮਿਲਦਾ ਹੈ, ਜਿਹੜਾ ਨਿਆਣੇ ਕੰਨਾਂ ਨੂੰ ਜਾਂ ਕਿਸੇ ਹੋਰ ਨੂੰ ਵੀ ਨਹੀਂ ਸੁਣਨਾ ਚਾਹੀਦਾ। ਉਨ੍ਹਾਂ ਗੋਰੇ ਬੱਚਿਆਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਕਾਲੀਆਂ ਗੁਲਾਮ ਔਰਤਾਂ 'ਤੇ ਉਨ੍ਹਾਂ ਦੇ ਪਿਓ ਦਾ ਹਰ ਤਰ੍ਹਾਂ ਨਾਲ ਪੂਰਾ ਅਧਿਕਾਰ ਹੈ। ਉਸ ਨੂੰ ਦੇਖਦਿਆਂ ਹੀ ਉਹ ਆਪ ਵੀ ਓਹੋ ਜਿਹੇ ਅਧਿਕਾਰ ਆਪਣੇ ਵੱਲੋਂ ਕਾਲੇ ਗੁਲਾਮਾਂ 'ਤੇ ਜਤਾਉਣ ਲੱਗ ਪੈਂਦੀਆਂ ਨੇ। ਮੈਂ ਆਪ ਇਕ ਅਜਿਹੇ ਮਾਲਕ ਨੂੰ ਸ਼ਰਮ ਨਾਲ ਸਿਰ ਨੀਵਾਂ ਕਰੀ ਬੈਠਿਆਂ ਦੇਖਿਆ ਸੀ। ਆਂਢ-ਗੁਆਂਢ ਸਾਰੇ ਇਹ ਗੱਲ ਕੋਈ ਗੁਪਤ ਨਹੀਂ ਸੀ ਰਹਿ ਗਈ ਕਿ ਮਾਲਕ ਦੀ ਆਪਣੀ ਧੀ ਨੇ ਇਕ ਸਭ ਤੋਂ ਕਮੀਨੇ ਗੁਲਾਮ ਨੂੰ ਆਪਣੇ ਬੱਚੇ ਦਾ ਬਾਪ ਬਣਨ ਲਈ ਚੁਣ ਲਿਆ ਸੀ। ਉਸ ਨੇ ਆਪਣੇ ਬਰਾਬਰ ਦੇ ਰੁਤਬੇ ਵਾਲੇ ਨਾਲ ਕੋਈ ਗੱਲ ਨਹੀਂ ਸੀ ਕੀਤੀ। ਏਥੋਂ ਤੱਕ ਕਿ ਘਰ ਵਿਚ ਹੋਰ ਸਿਆਣੇ ਗੁਲਾਮ ਵੀ ਮੌਜੂਦ ਸਨ। ਉਸ ਨੇ ਉਨ੍ਹਾਂ ਵਿਚੋਂ ਵੀ ਕਿਸੇ 'ਤੇ ਅੱਖ ਨਹੀਂ ਸੀ ਰੱਖੀ। ਉਸ ਨੇ ਤਾਂ ਸਗੋਂ ਸਭ ਤੋਂ ਵੱਧ ਜ਼ਾਲਮ ਅਤੇ ਅੱਤਿਆਚਾਰੀ ਬਣ ਕੇ ਆਪਣਾ ਅਧਿਕਾਰ ਜਮਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਡਰ ਵੀ ਘੱਟ ਲੱਗੇ। ਜਦੋਂ ਉਹਦੇ ਪਿਓ ਨੇ ਗੁੱਸੇ ਵਿਚ ਪਾਗਲ ਹੁੰਦਿਆਂ ਕਾਲੇ ਗੁਲਾਮਾਂ ਤੋਂ ਆਪਣਾ ਬਦਲਾ ਲੈਣਾ ਚਾਹਿਆ ਤਾਂ ਉਹਦੀ ਧੀ ਨੇ ਘਰ ਵਿਚ ਆਉਣ ਵਾਲੇ ਤੂਫ਼ਾਨ ਤੋਂ ਪਹਿਲਾਂ ਹੀ ਉਸ ਗੁਲਾਮ ਨੂੰ ਆਜ਼ਾਦ ਹੋਣ ਦੇ ਕਾਗਜ਼ ਬਣਾ ਕੇ ਦੇ ਦਿੱਤੇ ਅਤੇ ਉਸ ਨੂੰ ਰਿਆਸਤ ਤੋਂ ਬਾਹਰ ਭੇਜ ਦਿੱਤਾ। ਇਹੋ ਜਿਹੇ ਹਾਲਾਤਾਂ ਵਿਚ ਜਿਹੜੇ ਬੱਚੇ ਪੈਦਾ ਹੋ ਜਾਂਦੇ ਨੇ, ਉਨ੍ਹਾਂ ਨੂੰ ਉਹੋ ਜਿਹੀ ਥਾਂ ਭੇਜ ਦਿੱਤਾ ਜਾਂਦਾ ਹੈ, ਜਿੱਥੋਂ ਉਸ ਦੀ ਕੋਈ ਉੱਗ-ਸੁੱਘ ਵੀ ਨਾ ਮਿਲ ਸਕੇ ਤੇ ਨਾ ਹੀ ਉਹਦੇ ਪਿਛੋਕੜ ਦਾ ਪਤਾ ਲੱਗ ਸਕੇ। ਪਰ ਜੇ ਪਿਓ ਗੋਰਾ ਹੈ ਤੇ ਮਾਂ ਗੋਰੀ ਨਹੀਂ ਤਾਂ ਉਹਨਾਂ ਬੱਚਿਆਂ ਨੂੰ ਬਾਜ਼ਾਰਾਂ ਵਿਚ ਵੇਚਣ ਲਈ ਵੱਡਾ ਕੀਤਾ ਜਾਂਦਾ ਹੈ। ਜੇ ਕਿਧਰੇ ਉਹ ਬੱਚੇ ਕੁੜੀਆਂ ਹੋਣ ਤਾਂ ਇਸ ਬਾਰੇ ਮੈਂ ਪਹਿਲਾਂ ਹੀ ਸਾਫ਼-ਸਾਫ਼ ਦੱਸ ਚੁੱਕੀ ਹਾਂ ਕਿ ਉਨ੍ਹਾਂ ਦੀ ਪਰਤੱਖ ਕਿਸਮਤ ਕਿਹੋ ਜਿਹੀ ਹੋਵੇਗੀ।

ਤੁਹਾਨੂੰ ਮੇਰੀ ਗੱਲ ਇਸ ਲਈ ਮੰਨ ਲੈਣੀ ਚਾਹੀਦੀ ਹੈ ਕਿ ਜੋ ਕੁਝ ਵੀ ਮੈਨੂੰ ਪਤਾ ਹੈ, ਮੈਂ ਓਹੀ ਦੱਸ ਰਹੀ ਆਂ। ਮੇਰੀ ਉਮਰ ਉਸ ਵੇਲੇ ਕੋਈ 21 ਸਾਲ ਦੀ ਹੋਵੇਗੀ, ਜਦੋਂ ਮੈਨੂੰ ਅਸ਼ਲੀਲ ਪੰਛੀਆਂ ਵਾਲੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ ਸੀ। ਮੈਂ ਆਪਣੇ ਅਨੁਭਵਾਂ ਤੇ ਅੱਖੀਂ ਦੇਖਣ



ਦੀਆਂ ਗੱਲਾਂ ਨੂੰ ਤਸਦੀਕ ਕਰ ਕੇ ਕਹਿ ਸਕਦੀ ਹਾਂ ਕਿ ਗੁਲਾਮੀ, ਗੋਰਿਆਂ ਤੇ ਕਾਲਿਆਂ ਲਈ ਇਕੋ ਜਿੰਨਾ ਘਿਨਾਉਣਾ ਸਰਾਪ ਹੈ। ਇਹ ਗੋਰੇ ਪਿਓਆਂ ਨੂੰ ਜ਼ਾਲਮ ਤੇ ਵਿਲਾਸਮਈ, ਤੇ ਪੁੱਤਰਾਂ ਨੂੰ ਆਪਹੁਦਰੇ, ਮਨਮਤੀਏ ਤੇ ਹਿੰਸਕ ਬਣਾਉਂਦਾ ਹੈ। ਇਹ ਧੀਆਂ ਨੂੰ ਗੰਦਾ ਕਰਦਾ ਹੈ ਤੇ ਪਤਨੀਆਂ ਨੂੰ ਹੀਣ, ਨੀਚ ਤੇ ਬਦਨਸੀਬ ਬਣਾਉਂਦਾ ਹੈ। ਜਿਥੋਂ ਤੱਕ ਕਾਲੇ ਲੋਕਾਂ ਦਾ ਸਵਾਲ ਹੈ ਮੇਰੀ ਕਲਮ ਨਾਲੋਂ ਵੀ ਵੱਧ ਸਮਰੱਥਾ ਵਾਲੀ ਕਲਮ ਹੀ ਉਨਾਂ ਦੇ ਦੁੱਖਾਂ ਦੀ ਤਹਿ ਤੱਕ ਜਾ ਕੇ ਉਨ੍ਹਾਂ ਦੀ ਗਿਰਾਵਟ ਤੇ ਅਧੋਗਤੀ ਬਿਆਨ ਕਰ ਸਕਦੀ ਹੈ।

ਫੇਰ ਵੀ ਕੁਝ ਗੁਲਾਮਾਂ ਦੇ ਮਾਲਕਾਂ ਨੂੰ ਇਹ ਅਹਿਸਾਸ ਵੀ ਹੈ ਕਿ ਇਸ ਭੈੜੀ ਰੀਤ ਨੇ ਇਨਸਾਨੀਅਤ ਨੈਤਿਕਤਾ ਨੂੰ ਦੂਰ-ਦੂਰ ਤੱਕ ਤਬਾਹ ਕਰ ਦਿੱਤਾ ਹੈ। ਗੁਲਾਮਾਂ ਦੇ ਮਾਲਕਾਂ ਦੀਆਂ ਗੱਲਾਂ ਕਪਾਹ ਦੇ ਟੀਂਡਿਆਂ 'ਤੇ ਲੱਗੀ ਉੱਲੀ ਬਾਰੇ ਹੁੰਦੀਆਂ ਨੇ ਨਾ ਕਿ ਉਨ੍ਹਾਂ ਦੇ ਬੱਚਿਆਂ ਦੀ ਆਤਮਾ 'ਤੇ ਲੱਗੀ ਉੱਲੀ ਬਾਰੇ।

---

**ਪੰਨਾ ਨੰ: 78 ਦਾ ਬਾਕੀ**

ਆਦਿ। ਇਹ ਪੇਪਰ ਮੈਂ ਪੰਜਾਬੀ ਵਿਚ ਕਰ ਦਿਆਂਗਾ। ਖੈਰ, ਵਤਨ ਤੋਂ ਟੁੱਟਣ ਦੀ ਗੱਲ ਗੁਰਬਾਣੀ ਵਿਚ ਵੀ ਵਾਰ ਵਾਰ ਆਉਂਦੀ ਹੈ। ਆਦਿ ਗ੍ਰੰਥ ਉਨੀ ਦੇਰ ਤੀਕ ਸਮਝ ਨਹੀਂ ਆ ਸਕਦਾ ਜਦ ਤੀਕ ਇਹ ਗੱਲ ਮਨ ਵਿਚ ਨਾ ਵਸਾ ਲਈ ਜਾਵੇ ਕਿ ਵਤਨ ਰੱਬ ਹੈ ਅਤੇ ਅਸੀਂ ਉਸ ਤੋਂ ਟੁੱਟੇ ਹੋਏ ਹਾਂ।

? ਤੁਸੀਂ ਕਿਤੇ ਆਖਿਆ ਹੈ ਕਿ ਰਚਨਾ ਪੜ੍ਹਨੀ ਇਸਤਰੀ ਨਾਲ ਸੰਭੋਗ ਕਰਨ ਦੇ ਬਰਾਬਰ ਹੈ। ਇਸ ਦੀ ਵਿਆਖਿਆ ਕਰਨੀ ਜ਼ਰਾ ?

– ਇਹ ਫਾਰਮੂਲੇਸ਼ਨ ਮੇਰੀ ਨਹੀਂ ਪਰ ਮੈਂ ਇਸ ਤੋਂ ਦੂਰ ਨਹੀਂ ਨੱਸਦਾ। ਇਕ ਕਿਤਾਬ ਹੈ 'Pleasure of Text'. ਇਸ ਦਾ ਫਰਾਂਸੀਸੀ ਲੇਖਕ ਕਹਿੰਦਾ ਹੈ ਕਿ ਸਾਡੇ ਕੋਲ ਇਸਤਰੀ ਨੂੰ ਭੋਗਣ ਤੇ ਕਿਤਾਬ ਪੜ੍ਹਨ ਦਾ ਇਕੋ ਲਫਜ਼ ਹੈ -ਯੁਈ ਸ਼ਾਂ। ਉਹ ਕਹਿੰਦਾ ਹੈ ਇਹ ਲਫਜ਼ ਸਾਡੇ ਕੋਲ ਹੈ। ਇਸਤਰੀ ਨੂੰ ਭੋਗਣ ਤੇ ਕਿਤਾਬ ਪੜ੍ਹਨ ਵਿਚ ਤੀਬਰ ਇਕਾਗਰਤਾ ਦੀ ਲੋੜ ਹੁੰਦੀ ਹੈ। ਕਿਤਾਬ ਪੜ੍ਹਨ ਦਾ ਸੁਆਦ ਨਹੀਂ ਆਵੇਗਾ ਜੇਕਰ ਤੁਸੀਂ ਦੋ ਲਫਜ਼ ਪੜ੍ਹ ਕੇ ਕਹੋਂ ਕਿ ਫਲਾਣਾ ਕੰਮ ਕਰ ਆਵਾਂ, ਫਿਰ ਪੜ੍ਹਾਂਗੇ। ਫਿਰ ਦੋ ਲਫਜ਼ ਪੜ੍ਹ ਕੇ ਚਲੇ ਗਏ। ਪਲੱਯੀਅਰ ਆਫ ਟੈਕਸਟ ਦਾ ਲੇਖਕ ਕਹਿੰਦਾ ਹੈ ਕਿ ਤੁਸੀਂ ਕਿਤਾਬ ਤਾਂ ਪੜ੍ਹ ਲਵੋਂਗੇ ਪਰ ਤੁਹਾਨੂੰ ਉਸ ਦਾ ਅਨੰਦ ਨਹੀਂ ਆ ਸਕਦਾ। ਇਸੇ ਤਰ੍ਹਾਂ ਇਸਤਰੀ ਨੂੰ ਭੋਗਦਿਆਂ ਭੋਗਦਿਆਂ ਵਿਚੇ ਛੱਡ ਕੇ ਤੁਸੀਂ ਦੁਬਾਰਾ ਨਹੀਂ ਆ ਸਕਦੇ। ਇਕਾਗਰਤਾ ਖਤਮ ਹੋ ਗਈ। ਦੂਜੀ ਗੱਲ ਔਰਤ ਨੂੰ ਭੋਗਣ ਤੇ ਕਿਤਾਬ ਪੜ੍ਹਨ ਵਿਚ ਜ਼ੁੰਮੇਵਾਰੀਆਂ ਹਨ। ਔਰਤ ਜਦ ਪਰ੍ਹਾਂ ਹੁੰਦੀ ਹੈ ਤਾਂ ਉਹ ਤੁਹਾਨੂੰ ਬੁਰੀ ਵੀ ਲੱਗ ਸਕਦੀ ਹੈ ਪਰ ਜਦੋਂ ਤੁਸੀਂ ਉਸ ਨੂੰ ਭੋਗ ਰਹੇ ਹੁੰਦੇ ਹੋ ਤਾਂ ਇਕ ਮੋਮੈਂਟ, ਇਕ ਛਿਣ ਹੁੰਦਾ ਹੈ ਜਿਸ ਨੂੰ ਤੁਸੀਂ ਭੋਗਣਾ ਹੁੰਦਾ ਹੈ। ਉਸ ਵੇਲੇ ਨਾ ਔਰਤ ਆਦਮੀ ਤੋਂ ਕੁਝ ਛੁਪਾ ਰਹੀ ਹੁੰਦੀ ਹੈ ਤੇ ਨਾ ਹੀ ਆਦਮੀ ਔਰਤ ਤੋਂ। ਉਹਨਾਂ ਵਿਚ ਇਕਮਿਕਤਾ ਹੁੰਦੀ ਹੈ, ਓਹਲਾ ਕੋਈ ਨਹੀਂ ਹੁੰਦਾ। ਇਸੇ ਤਰ੍ਹਾਂ ਜੇ ਤੁਸੀਂ ਹੀਰ ਪੜ੍ਹ ਰਹੇ ਹੁੰਦੇ ਹੋ ਉਸ ਵੇਲੇ ਤੁਹਾਡੀ ਸੋਚ ਵਿਚ ਇਹ ਗੱਲ ਨਹੀਂ ਆਉਣੀ ਚਾਹੀਦੀ ਕਿ ਹੀਰ ਦੇ ਆਪਣੇ ਪਿਓ, ਭੈਣਾਂ, ਭਰਾਵਾਂ ਤੇ ਚਾਚਿਆਂ ਨਾਲ ਕੀ ਸੰਬੰਧ ਹਨ। ਉਸ ਵੇਲੇ ਤਾਂ ਕੰਨਸੈਂਟਰੇਸ਼ਨ ਹੀਰ ਤੇ ਰਾਂਝੇ ਉੱਤੇ ਹੀ ਹੋਣੀ ਚਾਹੀਦੀ ਹੈ। ਤਦੇ ਉਹਨਾਂ ਦੇ ਇਸ਼ਕ ਦੀ ਤੀਖਣਤਾ ਦਾ ਪਤਾ ਲੱਗ ਸਕਦਾ ਹੈ।

# ਉਹਨਾਂ ਕਿਹਾ, ਮੈਂ ਸੁਣਿਆਂ/ਸਾਥੀ ਲੁਧਿਆਣਵੀ

## ਡਾ. ਅਤਰ ਸਿੰਘ

? ਡਾਕਟਰ ਅਤਰ ਸਿੰਘ ਜੀ, ਤੁਸੀਂ ਪੰਜਾਬ ਦੇ ਕੁਝ ਕੁ ਉੱਚ-ਕੋਟੀ ਦੇ ਬੁੱਧੀਜੀਵੀਆਂ ਵਿਚੋਂ ਹੋ। ਆਪ ਦੀਆਂ ਲਿਖਤਾਂ ਵਿਦਵਤਾ ਭਰਪੂਰ ਹੁੰਦੀਆਂ ਹਨ ਤੇ ਅਨੇਕਾਂ ਸਵਾਲਾਂ ਦੇ ਉੱਤਰ ਬੜੀ ਵਿਦਵਤਾ ਨਾਲ ਦਿੱਤੇ ਹੋਏ ਹੁੰਦੇ ਹਨ। ਪਿੱਛੇ ਜਿਹੇ ਤੁਸੀਂ ਪੰਜਾਬੀਆਂ ਉੱਤੇ ਇਕ ਲੇਖ ਲਿਖਿਆ ਸੀ। ਚੰਗਾ ਹੋਵੇ ਜੇਕਰ ਤੁਸੀਂ ਸਾਧਾਰਣ ਸ਼ਬਦਾਂ ਵਿਚ 'ਪੰਜਾਬੀਅਤ' ਦੀ ਵਿਆਖਿਆ ਕਰ ਦਿਓ।

– ਸਾਥੀ ਜੀ, ਪੰਜਾਬੀਅਤ ਦੀ ਵਿਆਖਿਆ ਤਾਂ ਮੈਂ ਇੰਜ ਕਰ ਸਕਦਾ ਹਾਂ ਕਿ ਪੰਜਾਬ ਦੀ ਜੋ ਸਾਨੂੰ ਦੇਣ ਹੈ, ਭਾਵੇਂ ਉਹ ਇਤਿਹਾਸਕ ਹੈ ਜਾਂ ਭੂਗੋਲਿਕ, ਉਸ ਦੀ ਟੋਟੈਲਟੀ ਦਾ ਨਾਂ ਪੰਜਾਬੀਅਤ ਹੈ। ਉਸ ਵਿਚੋਂ ਕਿਸੇ ਵੀ ਇਕ ਪੱਖ ਨੂੰ ਵਡਿਆਉਣਾ ਜਾਂ ਛੁਟਿਆਉਣਾ ਪੰਜਾਬੀਅਤ ਨਹੀਂ ਹੈ। ਪੰਜਾਬੀਅਤ ਮੇਰੇ ਵਿਚਾਰ ਅਨੁਸਾਰ ਤਾਂ ਇਕ TRANSCENDENT CONCEPT ਜਾਂ ਪਾਰਗਾਮਰ ਸੰਕਲਪ ਹੈ ਜਿਹੜਾ ਸਾਨੂੰ ਹੋਰ ਸਾਰੀਆਂ ਪੱਛਾਣਾਂ ਵਿਚੋਂ ਚੁੱਕ ਕੇ ਇਕ ਸਾਂਝੀ ਪੱਛਾਣ ਵਿਚ ਲਿਆ ਖਲ੍ਹਿਆਰਦਾ ਹੈ। ਮੈਂ ਇਕ ਸਿੱਖ ਹੁੰਦਾ ਹੋਇਆ ਵੀ ਪੰਜਾਬੀ ਬਣ ਸਕਦਾ ਹਾਂ। ਇਕ ਹਿੰਦੂ ਹੁੰਦਾ ਹੋਇਆ ਵੀ ਪੰਜਾਬੀ ਬਣ ਸਕਦਾ ਹਾਂ ਤੇ ਇਸਾਈ ਤੇ ਮੁਸਲਮਾਨ ਹੁੰਦਾ ਹੋਇਆ ਵੀ। ਪਰ ਇਹ ਤਦ ਹੀ ਹੋ ਸਕਦਾ ਹੈ ਜੇਕਰ ਮੈਨੂੰ ਪਾਰਗਾਮੀ ਸੰਕਲਪ ਦੀ ਸਮਝ ਹੋਵੇ।

? ਪਰ ਹੋ ਤਾਂ ਇਸ ਤੋਂ ਉਲਟ ਰਿਹਾ ਹੈ। ਪੰਜਾਬੀ ਤਾਂ ਜਾਂ ਹਿੰਦੂ ਹੈ ਜਾਂ ਸਿੱਖ, ਜੱਟ ਹੈ, ਜਾਂ ਬ੍ਰਾਹਮਣ।

– ਬਿਲਕੁਲ ਠੀਕ ਹੈ। ਹਾਲਤ ਇਹ ਹੋ ਗਈ ਹੈ ਕਿ ਅਸੀਂ ਆਪਣੀ ਪੰਜਾਬੀਅਤ ਨੂੰ ਹੀ ਦਰੁਸਤ ਸਮਝਦੇ ਹਾਂ। ਇਸ ਦੀ ਵਧੇਰੇ ਵਿਆਖਿਆ ਕਰਨ ਵਾਸਤੇ ਮੈਂ ਇਹ ਕਹਾਂਗਾ ਕਿ ਪਹਿਲਾਂ ਸਾਡੇ ਕੋਲ ਇਕ ਬ੍ਰਿਟਿਸ਼ ਮਾਡਲ ਸੀ– ਸਟੇਟ ਸਟਰੱਕਚਰ ਦਾ ਜਾਂ ਗੌਰਮਿੰਟ ਦਾ। ਇਹ ਅਨੇਕਾਂ ਫਿਰਕਾ-ਪ੍ਰਸਤੀਆਂ ਨੂੰ ਇਕੱਠਿਆਂ ਕਰਕੇ ਬਣਾਇਆ ਗਿਆ ਮਾਡਲ ਸੀ। ਨਹਿਰੂ ਨੇ ਇਸ ਦੀ ਵਿਆਖਿਆ ਕਰਦਿਆਂ ਆਖਿਆ ਸੀ ਕਿ ਹਿੰਦੂ ਰਾਸ਼ਟਰਵਾਦ, ਸਿੱਖ ਰਾਸ਼ਟਰਵਾਦ ਤੇ ਮੁਸਲਿਮ ਰਾਸ਼ਟਰਵਾਦ ਅੰਗਰੇਜ਼ਾਂ ਦੀ ਪੈਦਾਵਾਰ ਹਨ। ਕਾਂਗਰਸ ਅੱਜ ਵਾਲੀ ਕਾਂਗਰਸ ਨਹੀਂ, ਆਜ਼ਾਦੀ ਦਾ ਸਮਾਗਮ ਲੜ ਰਹੀ ਕਾਂਗਰਸ ਨੇ COMPOSIT CULTURE ਦਾ ਮਾਡਲ ਲਿਆਂਦਾ। ਬਜਾਏ ਇਸ ਦੇ ਕਿ ਇਹ ਵੱਖੋ ਵੱਖਰੇ ਰਾਸ਼ਟਰਵਾਦ ਦੇ ਸਮੱਰਥਕ ਆਪਸ ਵਿਚ ਟਕਰਾਉਣ, ਕਾਂਗਰਸ ਨੇ ਇਹਨਾਂ ਨੂੰ ਇਕੱਠਿਆਂ ਕਰਕੇ ਸਾਂਝਾ ਮੁਹਾਜ਼ ਤਿਆਰ ਕੀਤਾ। ਜਿਵੇਂ ਗਾਂਧੀ ਨੇ ਵੀ ਕਿਹਾ ਸੀ ਕਿ ਸਭ ਕੋ ਸ਼ਾਂਤੀ ਦੇ ਭਗਵਾਨ, ਈਸ਼ਵਰ ਅੱਲਾ ਤੇਰੋ ਨਾਮ। ਲੇਕਿਨ ਇਸ ਮਾਡਲ ਵਿਚ ਇਹ ਨੁਕਸ ਸੀ ਕਿ ਇਹ ਉਸ ਵੇਲੇ ਤੱਕ ਤਾਂ ਕਾਰਗਰ ਸੀ ਪਰ ਭਵਿੱਖ ਦੇ ਤਕਾਜ਼ੇ ਹੱਲ ਕਰਨ ਦੇ ਕਾਬਲ ਨਹੀਂ ਸੀ। ਇਹ ਮਾਡਲ ਬ੍ਰਿਟਿਸ਼ ਮਾਡਲ ਵਾਂਗ ਸਾਨੂੰ ਆਪਣੀ ਵੱਖਰੀ ਪੱਛਾਣ ਦਵਾਉਂਦਾ ਸੀ। ਜਿਵੇਂ ਫੌਜ ਵਿਚ ਇਕ ਸਿੱਖ ਰੈਜਮੈਂਟ ਬਣ ਗਈ ਤਾਂ ਨਾਲ ਗ੍ਰੰਥੀ ਵੀ ਰੱਖਿਆ ਗਿਆ। ਜੇ ਹਿੰਦੂ ਰਜਮੈਂਟ ਹੈ ਤਾਂ ਨਾਲ ਪੰਡਿਤ ਵੀ ਰੱਖਿਆ। ਜੇ ਮੁਸਲਮਾਨਾਂ ਦੀ ਰੈਜਮੈਂਟ ਹੈ ਤਾਂ ਨਾਲ ਮੌਲਵੀ ਵੀ।

? ਜਾਣੀ ਉਸ composition ਵਿਚ ਵੀ ਵੱਖਵਾਦ ਹੈ ?

– ਵੱਖਵਾਦ ਇਸ ਕਰਕੇ ਐ ਕਿ ਉਹ integrative model ਨਹੀਂ ਹੈ। ਟਰਾਂਸਡੈਂਟਲ ਮਾਡਲ ਉਹ ਹੈ ਜਿਹੜਾ ਆਪਣੀ ਪੱਛਾਣ ਕਾਇਮ ਰੱਖਦਿਆਂ ਇਕ ਵਡੇਰੀ ਪੱਛਾਣ ਵਿਚ ਸ਼ਾਮਲ ਹੋ ਜਾਵੇ। ਭਾਵ ਇਹ ਹੈ ਕਿ ਜੇਕਰ ਮੈਨੂੰ ਹਿੰਦੂ ਬਣਕੇ ਹਿੰਦੁਸਤਾਨੀ ਬਣਨਾ ਪਵੇ ਤਾਂ ਮੇਰੇ ਵਾਸਤੇ ਔਖ ਹੋਵੇਗੀ ਪਰ ਜੇਕਰ ਇਕ ਸਿੱਖ ਰਹਿ ਕੇ ਹਿੰਦੁਸਤਾਨੀ ਬਣ ਸਕਾਂ ਤਾਂ ਠੀਕ। ਇਸ ਤਰ੍ਹਾਂ ਕਾਰਨ ਨਾਲ ਮੇਰੀ ਪੱਛਾਣ (ਸਿੱਖ ਦੀ) ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਇਹੋ ਗੱਲ ਪੰਜਾਬ ਉੱਤੇ ਢੁੱਕਦੀ ਹੈ। ਜੇਕਰ ਇਕ ਹਿੰਦੂ ਨੂੰ ਪੰਜਾਬੀ ਬਣਨ ਵਾਸਤੇ ਇਕ ਸਿੱਖ ਬਣਨਾ ਪਵੇ ਤਾਂ ਉਹ ਕਦੇ ਪੰਜਾਬੀ ਨਹੀਂ ਬਣੇਗਾ। ਜੇ ਉਹ ਹਿੰਦੂ ਰਹਿੰਦਾ ਹੋਇਆ ਪੰਜਾਬੀ ਬਣ ਜਾਵੇ ਤਾਂ ਉਸ ਦੀ ਟ੍ਰਾਂਸਡੈਂਟ ਪੱਛਾਣ ਹੋਵੇਗੀ। ਬਜਾਏ ਇਸ ਦੇ ਕਿ ਅਸੀਂ composit model ਤੋਂ ਅੱਗੇ ਵਧਦੇ, ਅਸੀਂ ਪਿਛਾਂਹ ਪਰਤ ਗਏ ਭਾਵ regretion ਵਿਚ ਪੈ ਗਏ। ਬ੍ਰਿਟਿਸ਼ ਕਮਿਊਨਲ ਮਾਡਲ ਵੱਲ ਪਰਤ ਗਏ।

? ਤੁਸੀਂ ਠੀਕ ਹੋ ਪਰ ਸਵਾਲ ਇਹ ਹੈ ਕਿ ਕੰਪੋਜ਼ਿਟ ਮਾਡਲ ਤੇ ਇਸ ਤੋਂ ਪਹਿਲਾਂ ਬ੍ਰਿਟਿਸ਼ ਕਮਿਊਨਲ ਮਾਡਲ ਤੋਂ ਪਹਿਲਾਂ ਵੀ ਤਾਂ ਪਾੜੇ ਸਨ। ਗੁਰੂ ਗੋਬਿੰਦ ਸਿੰਘ ਤੇ ਇਸ ਤੋਂ ਬਾਅਦ ਦੇ ਸਮੇਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਕੋਈ ਘੱਟ ਥੋੜ੍ਹੋਂ ਖੜਕਦੀ ਸੀ। ਅੰਗਰੇਜ਼ ਤਾਂ ਹਾਕਮ ਸਨ। ਹਾਕਮਾਂ ਦਾ ਕੰਮ ਹੁੰਦਾ ਹੈ ਲੋਕਾਂ ਨੂੰ ਪਾੜ ਕੇ ਰਾਜ ਕਰਨਾ। ਹਾਲਾਤ ਨੂੰ ਐਕਸਪਲਾਇਟ ਕਰਕੇ ਆਪਣੇ ਹਿਤਾਂ ਦੀ ਰਾਖੀ ਕਰਨੀ ਪਰ ਉਹਨਾਂ ਤੋਂ ਪਹਿਲਾਂ ਜਦੋਂ ਉਹ ਹਿੰਦੁਸਤਾਨ ਵਿਚ ਨਹੀਂ ਸਨ, ਉਸ ਵੇਲੇ ਇਹ ਵਖਰੇਵੇਂ ਕਿਉਂ ਸਨ ?

– ਹਿੰਦੂ-ਮੁਸਲਮਾਨ ਵਿਚ ਪਾੜਾ ਉਸ ਸੈਂਸ ਵਿਚ ਨਹੀਂ ਸੀ। ਤੁਹਾਨੂੰ ਮਜ਼ੇ ਦੀ ਗੱਲ ਦੱਸਾਂ ਕਿ ਅੱਜਕੱਲ੍ਹ ਪਾਕਿਸਤਾਨ ਦਾ ਇਤਿਹਾਸ ਦੁਬਾਰਾ ਲਿਖਿਆ ਜਾ ਰਿਹਾ ਹੈ। ਇਕ ਕਿਤਾਬ 'ਵਿਦਤੁਲ ਵਜੂਦ ਤੇ ਪੰਜਾਬੀ ਸ਼ਾਇਰੀ' ਛਪੀ ਹੈ। ਉਸ ਵਿਚ ਲੇਖਕ ਅਲੀ ਅਬਾਸ ਜਲਾਲਪੁਰੀ ਨੇ ਕਿਹਾ ਹੈ ਕਿ ਬਾਬਰ ਦਾ ਹੱਲਾ ਇਕ ਬੈਰੂਨੀ ਹੱਲਾ ਸੀ ਜਿਸ ਨੇ ਸਾਡੀ ਹੋਂਦ ਨੂੰ ਖਤਮ ਕਰਨ ਬਾਰੇ ਸੋਚਿਆ ਸੀ। ਇਹ ਪ੍ਰੋਗਰੈਸਿਵ ਦ੍ਰਿਸ਼ਟੀਕੋਣ ਹੈ। ਉਸ ਲੇਖਕ ਨੇ ਬਾਬਰ ਨੂੰ ਜ਼ਾਲਮ ਕਿਹਾ ਹੈ। ਉਸ ਨੇ ਕਿਹਾ ਕਿ ਬਾਹਰੋਂ ਆਉਣ ਵਾਲਾ ਹਮਲਾਵਾਰ ਭਾਵੇਂ ਮੁਸਲਮਾਨ ਹੀ ਕਿਉਂ ਨਾ ਹੋਵੇ ਉਹ ਸਾਡੀ ਸਰਜ਼ਮੀਂ ਨੂੰ ਕੁਚਲਣ ਵਾਲਾ ਸੀ। ਉਸ ਨੇ ਇਸਲਾਮ ਨੂੰ ਆਪਣੇ ਮੰਤਵ ਲਈ ਵਰਤਿਆ। ਹੁਣ ਸਾਡਾ ਚੱਕਰ ਇਹ ਹੈ ਕਿ ਜਦੋਂ ਅਸੀਂ ਇਕ ਧਰਮ ਦੀ ਗੱਲ ਕਰਦੇ ਹਾਂ ਤਾਂ ਉਸ ਦੇ ਅੰਦਰਲੀਆਂ ਵਿਰੋਧਤਾਈਆਂ ਨੂੰ ਅਣਡਿੱਠ ਕਰ ਜਾਂਦੇ ਹਾਂ। ਉਸ ਵੇਲੇ ਇਕ ਪਾਸੇ ਰਾਜਸੀ ਇਸਲਾਮ ਸੀ, ਇਕ ਪਾਸੇ ਸ਼ਰੱਈ ਤੇ ਇਕ ਪਾਸੇ ਸੂਫ਼ੀ ਇਸਲਾਮ ਸੀ। ਉਸ ਸਿਸਟਮ ਵਿਚ ਬੁੱਲੇ ਸ਼ਾਹ ਵੀ ਆਉਂਦੈ ਜਿਹੜਾ ਆਖਦੈ ਕਿ ਮੰਦਰ ਢਾ ਦੇ ਮਸਜਿਦ ਢਾ ਦੇ, ਢਾ ਦੇ ਜੋ ਕੁਝ ਢਹਿੰਦਾ, ਇਕ ਨਾ ਢਾਈਂ ਬੰਦੇ ਦਾ ਦਿਲ ਜਿਸ ਵਿਚ ਰੱਬ ਰਹਿੰਦਾ। ਅਸੀਂ ਫਿਰਕਾਪ੍ਰਸਤੀ ਅਤੇ ਧਰਮ ਨੂੰ ਵਖਰਿਆਉਂਦੇ ਨਹੀਂ। ਫਿਰਕਾਪ੍ਰਸਤੀ ਧਰਮ ਦੀ ਐਕਪਲੌਏਟੇਸ਼ਨ ਹੈ।

? ਮੈਂ ਤਾਂ ਇਹ ਵੀ ਕਹਾਂਗਾ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਵੀ ਹਿੰਦੂ ਔਰ ਮੁਸਲਮਾਨ ਵਿਚਕਾਰ ਪਾੜਾ ਜ਼ਰੂਰ ਸੀ।

– ਪਾੜਾ ਤਾਂ ਹੈ ਸੀ ਪਰ ਇੰਨਾ ਨਹੀਂ ਸੀ। ਅੰਗਰੇਜ਼ਾਂ ਦੀ ਐਕਸਪਲੌਏਟੇਸ਼ਨ ਤੋਂ ਬਾਅਦ ਇਹ ਹੋਰ ਵਧਿਆ ਸੀ। ਸਾਡੇ ਕੋਲ ਰਣਜੀਤ ਸਿੰਘ ਦਾ ਮਾਡਲ ਹੈ। ਉਸ ਦੀ ਫੌਜ ਅਤੇ ਕੈਬਨਿਟ ਵਿਚ ਹਿੰਦੂ ਵੀ ਸਨ, ਸਿੱਖ ਵੀ ਤੇ ਮੁਸਲਮਾਨ ਵੀ ਸਨ। ਜੇ ਰਣਜੀਤ ਸਿੰਘ ਦੀ ਸਲਤਨਤ ਵਿਚ ਸਰਵ ਕਰ ਸਕਦੇ ਹਨ ਤਾਂ...

? ਡਾਕਟਰ ਸਾਹਿਬ, ਇਕ ਹਾਕਮ ਦੀ ਇਹ ਰਾਜ ਕਰਨ ਦੀ ਸਟਰੈਟਿਜੀ ਵੀ ਤਾਂ ਹੋ ਸਕਦੀ ਹੈ ?

– ਸਟਰੈਟਿਜੀ ਵੀ ਹੋ ਸਕਦੀ ਹੈ ਪਰ ਉਹ ਇਹ ਵੀ ਜਾਣਦਾ ਸੀ ਕਿ ਜੇਕਰ ਉਸ ਨੇ ਸਾਰੀਆਂ ਧਿਰਾਂ ਨੂੰ ਇਕੱਠਿਆਂ ਨਾ ਕੀਤਾ ਤਾਂ ਰਾਜ ਦੀ ਕਾਇਮੀ ਵੀ ਮੁਸ਼ਕਲ ਸੀ। ਅਕਬਰ ਨੇ ਵੀ ਰਾਜਪੂਤਾਂ ਨੂੰ ਨਾਲ ਲਿਆ ਸੀ। ਇਹ ਖਾਲਸ ਪੁਲੀਟੀਕਲ ਸਟਰੈਟਿਜੀ ਸੀ।

? ਅੰਗਰੇਜ਼ਾਂ ਦੇ ਚਲੇ ਜਾਣ ਤੋਂ ਪੈਂਤੀ ਵਰ੍ਹੇ ਬਾਅਦ ਤੀਕ ਵੀ ਸਾਡੇ ਵਿਚ ਇਹ ਵਖਰੇਵੇਂ ਕਿਉਂ ਹਨ ?

– ਇਸ ਸਵਾਲ ਦੇ ਸਪੱਸ਼ਟੀਕਰਨ ਲਈ ਸਾਨੂੰ ਆਜ਼ਾਦੀ ਦੇ ਸੰਗਰਾਮ ਵੇਲੇ ਦੀ ਗੱਲ ਕਰਨੀ ਪਵੇਗੀ। ਮੁਸਲਮ ਲੀਗ ਟੂ-ਨੇਸ਼ਨ ਥਿਊਰੀ ਉੱਤੇ ਲੜ ਰਹੀ ਸੀ। ਕਾਂਗਰਸ ਵਨ-ਨੇਸ਼ਨ ਥਿਊਰੀ ਵਾਸਤੇ ਜੂਝ ਰਹੀ ਸੀ ਪਰ ਵਨ-ਨੇਸ਼ਨ ਥਿਊਰੀ ਫੇਲ੍ਹ ਹੋ ਗਈ। ਅਮਰੀਕਾ ਦੀ ਮਿਸਾਲ ਲੈ ਲਵੋ; ਜਦੋਂ ਅਮਰੀਕਾ ਵਿਚ ਸਦਰਨ ਸਟੇਟਸ ਨੇ ਵੱਖ ਹੋਣ ਦਾ ਨਾਹਰਾ ਲਾਇਆ ਤਾਂ ਅਬਰਾਹਮ ਲਿੰਕਨ ਨੇ ਫੈਡਰਲ ਸਿਸਟਮ ਦੀ ਹਮਾਇਤ ਕੀਤੀ ਤੇ ਇਸ ਵਿਚੋਂ ਅਮਰੀਕਾ ਤਾਕਤਵਰ ਹੋ ਕੇ ਨਿਕਲਿਆ ਤੇ ਵੱਖਵਾਦ ਦੀ ਥਿਊਰੀ ਖਤਮ ਹੋ ਗਈ। ਇਕ ਪਾਸੇ positive force ਸਨ ਤੇ ਦੂਜੇ ਪਾਸੇ negative force ਸਨ। ਇਹਨਾਂ ਵਿਚੋਂ ਪੌਜ਼ੇਟਿਵ ਫੋਰਸ ਦੀ ਜਿੱਤ ਹੋਈ। ਜੇਕਰ ਅਸੀਂ 1947 ਵਿਚ ਵਨ-ਨੇਸ਼ਨ ਥਿਊਰੀ ਵਿਚ ਵਿਸ਼ਵਾਸ ਰੱਖਦੇ ਸਾਂ ਤਾਂ ਉਸ ਵੇਲੇ ਟੂ-ਨੇਸ਼ਨ ਥਿਊਰੀ ਦੇ ਸਮਰਥੱਕਾਂ ਨਾਲ ਟੱਕਰ ਕਿਉਂ ਨਾ ਲਈ ? ਜੇਕਰ ਉਸ ਵੇਲੇ ਇਸ ਨੁਕਤੇ ਉੱਤੇ ਫਸਾਦ ਹੋ ਜਾਂਦੇ ਤਾਂ 1947 ਦੇ ਇਤਿਹਾਸਕ ਫਸਾਦਾਂ ਤੋਂ ਵੱਧ ਬੰਦੇ ਕਦੇ ਨਹੀਂ ਸਨ ਮਰਨੇ। ਅਖੰਡ ਭਾਰਤ ਵਾਸਤੇ ਕੋਈ ਨਾ ਲੜਿਆ। ਅਸੀਂ ਕਿਉਂਕਿ ਉਸ ਵੇਲੇ ਟੂ-ਨੇਸ਼ਨ ਥਿਊਰੀ ਨੂੰ ਮੰਨ ਲਿਆ ਇਸ ਕਰਕੇ ਹੁਣ ਥਰੀ-ਨੇਸ਼ਨ ਥਿਊਰੀਆਂ ਵੀ ਪੈਦਾ ਹੋ ਗਈਆਂ ਹਨ।

? ਸੋ ਅੱਜ ਦੇ ਪੰਜਾਬ ਦੀ ਸਟਰਗਲ ਉਸ ਗੱਲ ਦੀ ਹੀ ਪੈਦਾਵਾਰ ਹੈ ?

– ਬਿਲਕੁਲ। ਪੰਜਾਬ ਦੇ ਹਿੰਦੂ ਨੂੰ ਇਹ ਗੱਲ ਨਹੀਂ ਭੁੱਲਦੀ ਕਿ ਕਾਂਗਰਸ ਉਸ ਵੇਲੇ ਭਾਵ 1947 ਵਿਚ ਵੀ ਪਾਕਿਸਤਾਨ ਦੀ ਮੰਗ ਕਰਨ ਵਾਲੇ ਲੋਕਾਂ ਮੂਹਰੇ ਹਥਿਆਰ ਸੁੱਟ ਗਈ ਸੀ ਤੇ ਅੱਜ ਵੀ ਉਹ ਏਸ ਤਰ੍ਹਾਂ ਕਰੇਗੀ। ਲੇਕਿਨ ਪੰਜਾਬੀ ਹਿੰਦੂਆਂ ਨੂੰ ਇਹ ਸਮਝਣਾ ਚਾਹੀਦਾ ਸੀ ਕਿ ਆਜ਼ਾਦ ਭਾਰਤ ਹੋਰ ਚੀਜ਼ ਸੀ। 1947 ਵਿਚ ਵੰਡਣ ਵਾਲੇ ਓਪਰੇ ਹਾਕਮ ਸਨ ਜਿਹਨਾਂ ਮੂਹਰੇ ਕਾਂਗਰਸ ਨੂੰ ਹਥਿਆਰ ਸੁਟਣੇ ਪਏ।

## ਰਣਧੀਰ ਸਿੰਘ ਚੰਦ

? ਜਿਹੜਾ ਸੁਨੇਹਾ ਤੁਸੀਂ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਤਕ ਪਹੁੰਚਾਉਣਾ ਚਾਹੁੰਦੇ ਸੀ, ਕੀ ਉਸ ਵਿਚ ਕਾਮਯਾਬ ਹੋ ਗਏ ਹੋ ?

– ਮੇਰਾ ਖਿਆਲ ਕਿ ਨਹੀਂ। ਸਾਡੇ ਪੰਜਾਬੀਆਂ ਨੂੰ ਲੰਮੇ ਸਮੇਂ ਤਕ ਇਹ ਹੀ ਸਮਝ ਨਹੀਂ ਆਉਂਦੀ ਕਿ ਉਹ ਲਿਖਦਾ ਕਿਉਂ ਹੈ। ਜਦ ਤਕ ਉਸ ਨੂੰ ਪਤਾ ਚਲਦਾ ਹੈ ਤਦ ਤਕ ਇਨਾਮਾਂ ਵਾਲੇ ਉਸ ਦਾ ਬੇੜਾ ਗਰਕ ਕਰ ਦਿੰਦੇ ਹਨ। ਸੰਬੰਧਤ ਲੇਖਕ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਲੱਗ ਪੈਂਦਾ ਹੈ। ਗਿਆਨ ਦੀਆਂ ਇੰਦਰੀਆਂ ਬੰਦ ਕਰਕੇ ਉਹ ਮਸਤ ਹੋ ਜਾਂਦਾ ਹੈ। ਮੈਂ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਹਾਂ ਕਿ ਜੋ ਮਨ ਵਿਚ ਆਵੇ, ਉਹ ਸਭ ਐਵੇਂ ਕਾਗਜ਼ 'ਤੇ ਉਤਾਰ ਛੱਡੋ। ਲੇਖਕ ਦਾ ਰੋਲ ਵੱਖਰਾ ਹੁੰਦਾ ਹੈ। ਇਹ ਰੋਲ ਜ਼ਿੰਮੇਵਾਰੀ ਵਾਲਾ ਹੁੰਦਾ ਹੈ। ਨਾਅਰੇਬਾਜ਼ੀ ਨਹੀਂ ਹੁੰਦੀ। ਕਰਤਾਰ ਸਿੰਘ ਦੁੱਗਲ ਵਾਂਗ ਜੋ ਮਨ ਵਿਚ ਆਇਆ ਲਿਖ ਮਾਰਿਆ, ਇਹ ਮੇਰਾ ਟੀਚਾ ਨਹੀਂ ਹੈ। ਲੇਖਕ ਦਾ ਫਰਜ਼



ਦੁਨੀਆ ਨੂੰ ਖ਼ੂਬਸੂਰਤ ਤੇ ਸਰਬ-ਸਾਂਝੀਵਾਲਤਾ ਵਾਲਾ ਬਣਾਉਣਾ ਹੈ। ਸਾਡੇ ਪੰਜਾਬੀ ਲੇਖਕ ਕਿੰਨਾ ਚਿਰ ਤਾਂ ਮਹਿਬੂਬ ਦੇ ਰੋਣਿਆਂ-ਧੋਣਿਆਂ ਵਿਚ ਹੀ ਪਏ ਰਹਿੰਦੇ ਹਨ। ਕਈ ਵੇਰ ਤਾਂ ਉਹਨਾਂ ਦਾ ਕੋਈ ਮਹਿਬੂਬ ਹੁੰਦਾ ਹੀ ਨਹੀਂ। ਉਹ ਅਨੁਭਵ ਤੋਂ ਕੋਰੇ ਹੁੰਦੇ ਹਨ।

? ਤੁਸੀਂ ਕਿਹਾ ਕਿ ਇਨਾਮ ਸਾਡੇ ਲੇਖਕਾਂ ਦਾ ਬੇੜਾ ਗਰਕ ਕਰਨ ਵਿਚ ਸਹਾਈ ਹੁੰਦੇ ਹਨ। ਕੋਈ ਮਿਸਾਲ ਹੈ ਤੁਹਾਡੇ ਕੋਲ ?

– ਸੁਰਜੀਤ ਪਾਤਰ ਬੜਾ ਸੁਹਣਾ ਲਿਖਦਾ ਹੁੰਦਾ ਸੀ ਹਰ ਉਹਨੂੰ ਝੋਲੀਚੁਕਾਂ ਤੇ ਪ੍ਰਸ਼ੰਸਕਾਂ ਨੇ ਹੀ ਮਾਰ ਲਿਆ। ਡੱਕਾ ਨਹੀਂ ਲਿਖਦਾ ਅੱਜਕੱਲ੍ਹ। ਪਾਸ਼ ਦੀ ਵੀ ਮਿਸਾਲ ਦਿੱਤੀ ਜਾ ਸਕਦੀ ਹੈ।

? ਮੈਨੂੰ ਕਈ ਵਾਰ ਇਉਂ ਲਗਦਾ ਕਿ ਸਾਡੇ ਲੇਖਕ ਪਾਠਕ ਨੂੰ ਪੜ੍ਹਾਉਣ ਤੇ ਸਿਆਣੇ ਬਣਾਉਣ ਦੇ ਕਾਬਲ ਹੀ ਨਹੀਂ ਹੁੰਦੇ। ਉਹਨਾਂ ਦੀ ਜਾਣਕਾਰੀ ਬੜੀ ਸੀਮਤ ਤੇ ਉਪਰਲੀ ਸਤਹ ਦੀ ਹੁੰਦੀ ਹੈ।

– ਦਰਅਸਲ ਪੰਜਾਬੀ ਦੇ ਲੇਖਕ ਬੜੀ ਛੇਤੀ ਆਪਣੇ ਆਪ ਨੂੰ ਲੇਖਕ ਸਮਝਣ ਲੱਗ ਪੈਂਦੇ ਹਨ। ਜਿਸ ਭੱਠ ਵਿਚ ਤਪ ਕੇ ਕੁੰਦਨ ਬਣਨਾ ਹੁੰਦੈ ਉਹਦੀ ਜ਼ਰੂਰਤ ਹੀ ਮਹਿਸੂਸ ਕਰਦੇ। ਤੁਸੀਂ ਲੇਖਕਾਂ ਦੀ ਨੀਵੀਂ ਪੱਧਰ ਦੀ ਗੱਲ ਕਰਦੇ ਹੋ, ਅਕੈਡਮਿਕ ਫੀਲਡ ਵਿਚ ਜਾ ਕੇ ਵੇਖੋ। ਯੂਨੀਵਰਸਟੀਆਂ ਵਿਚ ਪੜ੍ਹਾਉਣ ਵਾਲੇ ਉਹ ਗੱਲਾਂ ਕਰਦੇ ਹਨ ਜਿਹੜੀਆਂ ਪੱਛਮ ਵਿਚ ਵੀਹ ਬਾਈ ਸਾਲ ਪੁਰਾਣੀਆਂ ਹੋ ਗਈਆਂ ਹਨ। ਸਾਡੇ ਲੇਖਕਾਂ ਨੇ ਵਿਦੇਸ਼ੀ ਲੇਖਕਾਂ ਦਾ ਸਾਹਿਤ ਪੜ੍ਹਿਆ ਹੀ ਨਹੀਂ ਹੁੰਦਾ। ਪੜ੍ਹਨਾ ਉਹ ਜ਼ਰੂਰੀ ਸਮਝਦੇ ਹੀ ਨਹੀਂ। ਮੈਂ ਵਿਦੇਸ਼ ਸਾਹਿਤ ਪੜ੍ਹਨ ਵੱਲ ਜਦੋਂ ਦਾ ਰੁਚਿਤ ਹੋਇਆ ਹਾਂ ਤਾਂ ਸੋਚਣ ਲੱਗ ਪਿਆ ਕਿ ਅਸਾਂ ਪੰਜਾਬੀ ਲੇਖਕਾਂ ਲਈ ਤਾਂ ਦਿੱਲੀ ਹਾਲੇ ਬੜੀ ਦੂਰ ਹੈ।

? ਇਹੋ ਜਿਹੀ ਤਰਸਯੋਗ ਸਥਿਤੀ ਦਾ ਇਲਾਜ ਕੀ ਹੈ ?

– ਸਾਨੂੰ ਆਲੋਚਕ-ਮੁਕਤ ਹੋਣਾ ਪਵੇਗਾ। ਇਹ ਸਾਡੀ ਤ੍ਰਸਾਦੀ ਹੈ ਕਿ ਅਸੀਂ ਖ਼ੁਦਗਰਜ਼ ਲੋਕ ਹਾਂ ਤੇ ਨਿਰਪੱਖ ਨਹੀਂ ਹੁੰਦੇ ਕਦੇ। ਕਈ ਸਾਲ ਪਹਿਲਾਂ ਇਕ ਧਾਰਾ ਚੱਲੀ ਸੀ ਆਪਣੇ ਆਲੋਚਕ ਆਪ ਬਣਨ ਦੀ। ਉਹਨਾਂ ਵਿਚ ਜਸਵੀਰ ਸਿੰਘ ਆਹਲੂਵਾਲੀਆ ਤੇ ਰਵੀ ਸ਼ਾਮਲ ਸਨ। ਉਹਨਾਂ ਵਿਚੋਂ ਕਈ ਚੰਗੇ ਸਿੱਟੇ ਵੀ ਨਿਕਲੇ। ਸਾਡੇ ਅੱਜਕੱਲ੍ਹ ਦੇ ਆਲੋਚਕਾਂ ਤੇ ਤਾਂ ਰੋਣਾ ਆਉਂਦਾ। ਇਕ ਵੇਰ ਕੁਲਬੀਰ ਸਿੰਘ ਕਾਂਗ ਨੇ ਇਕ ਮਜ਼ਮੂਨ ਲਿਖਿਆ ਜਿਸ ਵਿਚ ਉਸ ਨੇ ਮੇਰੇ ਬਾਰੇ ਕਿਹਾ ਕਿ ਉਹਦੀਆਂ ਗ਼ਜ਼ਲਾਂ ਦੇ ਦੋ ਸੰਗ੍ਰਹਿ ਬਹੁਤ ਅੱਛੇ ਹਨ। ਉਹਨਾਂ ਦੋਹਾਂ ਕਿਤਾਬਾਂ ਦੇ ਨਾਂ ਜਿਹੜੇ ਦੱਸੇ ਉਹਨਾਂ ਵਿਚੋਂ ਇਕ ਕਹਾਣੀ-ਸੰਗ੍ਰਹਿ ਸੀ ਜਿਸ ਦੀ ਮੈਂ ਸੰਪਾਦਨਾ ਕੀਤੀ ਸੀ ਤੇ ਦੂਜੀ ਕਿਤਾਬ ਮੇਰੀ ਕਵਿਤਾਵਾਂ ਦੀ ਸੀ। ਉਸ ਵਿਚ ਕੋਈ ਗ਼ਜ਼ਲ ਨਹੀਂ ਸੀ। ਇਹ ਹਾਲ ਹੈ ਸਾਡੇ ਆਲੋਚਕਾਂ ਦਾ। ਇਹ ਡੱਕਾ ਨਹੀਂ ਪੜ੍ਹਦੇ।

? ਤੁਸੀਂ ਗੱਲਬਾਤ ਦੇ ਸ਼ੁਰੂ ਵਿਚ ਕਿਹਾ ਸੀ ਕਿ ਇਨਾਮ-ਸਨਮਾਨ ਲੇਖਕ ਦਾ ਬੇੜਾ ਗਰਕ ਕਰ ਦਿੰਦੇ ਹਨ। ਇਹ ਇਨਾਮਾਂ ਦੇ ਚੱਕਰ ਵੀ ਪੰਜਾਬੀ ਸਾਹਿਤ ਵਿਚ ਬੜੇ ਵਾਦ-ਵਿਵਾਦ ਵਾਲਾ ਰਿਹਾ ਹੈ। ਕੀ ਇਹਦੇ ਵਿਚ ਕੋਈ ਸੁਧਾਰ ਆਏਗਾ ?

– ਵੈਸੇ ਤਾਂ ਹੋਰਨਾਂ ਬੋਲੀਆਂ ਵਿਚ ਵੀ ਵਾਦ-ਵਿਵਾਦ ਚਲਦਾ ਹੀ ਰਹਿੰਦਾ ਹੈ ਪਰ ਸਾਡੇ ਪੰਜਾਬੀ ਵਿਚ ਤਾਂ ਕਈ ਵਾਰ ਪੈਨਲ ਵਿਚ ਬੈਠਾ ਬੰਦਾ ਆਪਣੇ ਆਪ ਨੂੰ ਹੀ ਇਨਾਮ ਦੇ ਲੈਂਦਾ ਹੈ। ਰੀਕੋਗਨੀਸ਼ਨ ਜ਼ਰੂਰੀ ਹੋਣੀ ਚਾਹੀਦੀ ਹੈ ਪਰ ਇਹ ਪਹਿਚਾਣ ਲੇਖਕ ਨੂੰ ਖੜੋਤ ਵੱਲ ਲੈ ਤੁਰਦੀ ਹੈ। ਪ੍ਰੇਮ ਪ੍ਰਕਾਸ਼, ਪਾਤਰ ਤੇ ਪਾਸ਼ ਦਾ ਇਹੋ ਹਾਲ ਹੋਇਆ ਹੈ। ਇਨਾਮ ਲੇਖਕ ਵਿਚ ਨਿਮਰਤਾ ਲਿਆਉਣ ਵਾਲਾ ਹੋਵੇ ਤਾਂ ਚੰਗਾ। ਹੁਣ ਤੁਸੀਂ ਆਹ ਸ਼੍ਰੋਮਣੀ ਸਾਹਿਤ ਅਵਾਰਡ ਦੀ ਹੀ ਗੱਲ ਲੈ ਲਓ ਜਿਹੜਾ

ਤੁਹਾਨੂੰ ਇਥੇ ਦੇ ਲੇਖਕਾਂ ਨੂੰ ਮਿਲਦਾ ਹੈ। ਇਹ ਚੰਗੀ ਗੱਲ ਹੈ ਕਿਉਂਕਿ ਤੁਸੀਂ ਇਥੇ ਦੇ ਮਹੌਲ ਵਿਚ ਬਹੁਤ ਔਖੇ ਹੋ ਕੇ ਲਿਖਦੇ ਹੋ, ਪੰਜਾਬੀ ਦੀ ਗੱਲ ਕਰ ਰਹੇ ਹੋ ਪਰ ਇਹ ਜ਼ਰੂਰੀ ਨਹੀਂ ਹੋਣਾ ਚਾਹੀਦਾ ਕਿ ਇਹ ਹਰੇਕ ਸਾਲ ਹੀ ਦਿੱਤਾ ਜਾਵੇ। ਇਵੇਂ ਤਾਂ ਕਿਸੇ ਦਿਨ ਇਹ ਇਨਾਮ ਘਸੀਟਾ ਰਾਮ ਨੂੰ ਵੀ ਦੇ ਦੇਣਗੇ। ਹੁਣ ਰਵਿੰਦਰ ਰਵੀ ਤੇ ਅਜਾਇਬ ਕਮਲ ਵਰਗੇ ਬਕਵਾਸ ਲਿਖਣ ਵਾਲੇ ਲੇਖਕਾਂ ਨੂੰ ਇਹ ਇਨਾਮ ਦੇਈ ਜਾਂਦੇ ਐ। ਉਹਨਾਂ ਦੀਆਂ ਲਿਖਤਾਂ ਨਾ ਓਸ ਮੁਲਕ ਦਾ ਕੁਝ ਸਵਾਰਦੀਆਂ ਨੇ, ਨਾ ਹੀ ਆਪਣੇ ਦੇਸ਼ ਦਾ। ਇਹਨਾਂ ਦੀਆਂ ਲਿਖਤਾਂ ਤੇ ਇਹੋ ਜਿਹੇ ਹੋਰ ਲੇਖਕਾਂ ਦੀਆਂ ਲਿਖਤਾਂ ਤਾਂ ਲੁਧਿਆਣੇ ਕੱਛੇ-ਬਨੈਣਾਂ ਬਣਾਉਣ ਵਾਲੇ ਲੋਕਾਂ ਦੀਆਂ ਕਿਰਤਾਂ ਵਰਗੀਆਂ ਹਨ। ਪਰ ਕਈ ਬਹੁਤ ਚੰਗਾ ਲਿਖਣ ਵਾਲੇ ਵੀ ਹਨ।

? ਤੁਹਾਡੀ ਗ਼ਜ਼ਲ ਮੈਨੂੰ ਬਹੁਤ ਪਸੰਦ ਹੈ। ਇਸ ਤਰ੍ਹਾਂ ਜਗਤਾਰ, ਦੀਪਕ ਜੈਤੋਈ ਤੇ ਹੋਰ ਕਈਆਂ ਨੇ ਬੜੀ ਸੁਹਣੀ ਗ਼ਜ਼ਲ ਕਹੀ ਹੈ। ਤਖਤ ਸਿੰਘ ਦਾ ਪ੍ਰਮੁੱਖ ਸਥਾਨ ਹੈ ਪਰ ਕਈ ਲੋਕ ਕਹਿੰਦੇ ਹਨ ਕਿ ਪੰਜਾਬੀ ਵਿਚ ਗ਼ਜ਼ਲ ਦਾ ਕੀ ਕੰਮ। ਇਹ ਤਾਂ ਸਿਰਫ ਫਾਰਸੀ ਵਿਚ ਹੀ ਲਿਖੀ ਜਾਣੀ ਚਾਹੀਦੀ ਹੈ। ਕੀ ਇਹ ਅਹਿਸਾਸੇ ਕਮਤਰੀ ਵਾਲੀ ਗੱਲ ਨਹੀਂ ?

– ਮੈਂ ਸਮਝਦਾਂ ਕਿ ਫਾਰਸੀ ਤੇ ਉਰਦੂ ਤੋਂ ਬਾਅਦ ਪੰਜਾਬੀ ਵਿਚ ਅੱਜਕੱਲ੍ਹ ਬੇਹਤਰੀਨ ਗ਼ਜ਼ਲ ਕਹੀ ਜਾ ਰਹੀ ਹੈ। ਕਈ ਨੌਜਵਾਨ ਖ਼ੂਬਸੂਰਤ ਗ਼ਜ਼ਲਾਂ ਲਿਖ ਰਹੇ ਹਨ। ਗ਼ਜ਼ਲ ਵਿਚ ਬੜੀ ਤੋਂ ਬੜੀ ਗੱਲ ਕਹੀ ਜਾ ਸਕਦੀ ਹੈ ਯਾਨੀ ਇਨਕਲਾਬ ਬਾਰੇ, ਮੁਆਸ਼ਰੇ ਬਾਰੇ, ਕੁਦਰਤ ਬਾਰੇ, ਲੋਕ ਚੇਤਨਾ ਬਾਰੇ ਤੇ ਮਨੋਵਿਗਿਆਨ ਬਾਰੇ। ਮੈਂ ਇਹ ਸਭ ਗੱਲਾਂ ਗ਼ਜ਼ਲਾਂ ਵਿਚ ਕਹੀਆਂ ਹਨ। ਪਰ ਜਿਹੜੇ ਬੰਦੇ ਨੂੰ ਗ਼ਜ਼ਲ ਲਿਖਣੀ ਨਹੀਂ ਆਉਂਦੀ ਉਹ ਇਸ ਫੌਰਮ ਨੂੰ ਵਰਤ ਕੇ ਇਸ ਦਾ ਬੇੜਾ ਗਰਕ ਕਰ ਦਿੰਦੇ ਹਨ।

? ਪਿਛਲੇ ਸਾਲ ਮੈਂ ਪ੍ਰਿੰਸੀਪਲ ਤਖਤ ਸਿੰਘ ਨੂੰ ਦੀ ਇਥੇ ਇੰਟਰਵਿਊ ਕੀਤੀ ਸੀ। ਉਹਨਾਂ ਕਿਹਾ ਚੰਦ ਔਰ ਜਗਤਾਰ ਵਰਗਿਆਂ ਵਿਚ ਨੁਕਸ ਇਹ ਹੈ ਕਿ ਉਹ ਆਪਣੀਆਂ ਗ਼ਜ਼ਲਾਂ ਵਿਚ ਉਰਦੂ ਦੇ ਸ਼ਬਦ ਬਹੁਤ ਵਰਤਦੇ ਹਨ। ਲਓ, ਮੇਰੀਆਂ ਗ਼ਜ਼ਲਾਂ ਵਿਚੋਂ ਇਕ ਵੀ ਸ਼ਬਦ ਉਰਦੂ ਦਾ ਕੱਢ ਕੇ ਦੱਸੋ ਖਾਂ।

– ਇਹ ਉਹਨਾਂ ਦੀ ਗੱਲ ਬਿਲਕੁਲ ਗਲਤ ਹੈ। ਉਰਦੂ ਵਿਚੋਂ ਲਫਜ਼ ਲੈਣੇ ਕੋਈ ਗੁਨਾਹ ਨਹੀਂ ਹੈ। ਪੰਜਾਬੀ ਵਿਚ ਤਾਂ ਬੇਸ਼ੁਮਾਰ ਅਜਿਹੇ ਲਫਜ਼ ਹਨ ਜਿਹੜੇ ਉਰਦੂ ਵਿਚੋਂ ਲਏ ਗਏ ਹਨ; ਮਸਲਨ, ਦਸਤਾਰ, ਸਲਵਾਰ, ਗੁਫਤਾਰ, ਰਫਤਾਰ, ਮੇਜ਼, ਕੁਰਸੀ ਆਦਿ ਉਰਦੂ ਦੇ ਹੀ ਸ਼ਬਦ ਹਨ। ਖਹਾਮਖਾਹ ਤੇ ਨਾ ਸਮਝ ਆਉਣ ਵਾਲੇ ਉਰਦੂ ਦੇ ਸ਼ਬਦ ਵਰਤਣੇ ਗਲਤ ਹੈ। ਉਹ ਮੈਂ ਵਰਤਦਾ ਹੀ ਨਹੀਂ ਹਾਂ। ਤਖਤ ਸਿੰਘ ਦੀਆਂ ਗ਼ਜ਼ਲਾਂ ਵਿਚ ਬਹੁਤ ਸਾਰੇ ਉਰਦੂ ਦੇ ਸ਼ਬਦ ਮਿਲਦੇ ਹਨ ਪਰ ਤਖਤ ਸਿੰਘ ਨੇ ਗ਼ਜ਼ਲ ਨੂੰ ਪੇਂਡੂ ਮਹੌਲ ਨਾਲ ਜੋੜ ਕੇ ਇਸ ਨੂੰ ਅਮੀਰ ਕੀਤਾ ਹੈ। ਨਾ-ਪਚਣ ਵਾਲੇ ਪਰਾਈ ਜ਼ੁਬਾਨ ਦੇ ਸ਼ਬਦ ਉਂਜ ਹੀ ਨਹੀਂ ਵਰਤਣੇ ਚਾਹੀਦੇ। ਪਰ ਕਈ ਵੇਰ ਲੇਖਕ ਕਿਸੇ ਹੋਰ ਜ਼ੁਬਾਨ ਵਿਚ ਵਧੇਰੇ ਤਾਕ ਹੋਣ ਕਾਰਨ ਵੀ ਉਹ ਪਰਾਈ ਜ਼ੁਬਾਨ ਦੇ ਸ਼ਬਦ ਪੰਜਾਬੀ ਵਿਚ ਲੈ ਆਉਂਦਾ ਹੈ। ਕੁਲਵੰਤ ਸਿੰਘ ਵਿਰਕ ਬੜੀ ਸੁਹਣੀ ਪੇਂਡੂ ਜ਼ੁਬਾਨ ਵਿਚ ਕਹਾਣੀਆਂ ਲਿਖਦਾ ਪਰ ਉਹ ਕਹਿੰਦਾ ਹੈ ਕਿ ਉਹ ਸੋਚਦਾ ਅੰਗਰੇਜ਼ੀ ਵਿਚ ਹੈ।



## ਬਲਵੰਤ ਗਾਰਗੀ

? ਤੁਹਾਡਾ ਪਹਿਲਾ ਪਿਆਰ ਅੰਗਰੇਜ਼ੀ ਹੈ ਜਾਂ ਪੰਜਾਬੀ ?

– ਪੰਜਾਬੀ। ਅੰਗਰੇਜ਼ੀ ਵਿਚ ਤਾਂ ਸਿਰਫ ਮੈਂ 'ਨੇਕਡ ਟਰਾਈਐਂਗਲ' ਹੀ ਲਿਖਿਆ ਹੈ। ਮੈਂ ਤਾਂ ਜਿਉਂਦਾ ਹੀ ਪੰਜਾਬੀ ਹਾਂ।

? ਮੈਂ ਪੁੱਛਿਆ ਸੀ ਕਿ ਤੁਹਾਡੀ ਪਹਿਲੀ ਮੁਹੱਬਤ ਕੀ ਸੀ। ਤੁਸੀਂ ਕਿਹੈ ਕਿ ਪੰਜਾਬੀ। ਇਹ ਤਾਂ ਜ਼ੁਬਾਨ ਦੀ ਗੱਲ ਸੀ। ਹੁਣ ਮੈਂ ਪੁੱਛਦਾਂ ਕਿ ਉਂਜ ਤੁਹਾਡੀ ਪਹਿਲੀ ਮੁਹੱਬਤ ਕਿਹੜੀ ਸੀ ?

– ਤਿੰਨ ਚੀਜ਼ਾਂ ਮੈਨੂੰ ਬਹੁਤ ਅਜੀਜ਼ ਨੇ। ਇਹ ਤਿੰਨੋਂ ਚੀਜ਼ਾਂ ਮੇਰੀ ਮੁਹਬੱਤ ਦੀਆਂ ਮਰਕਜ਼ ਨੇ। ਪਹਿਲੀ ਹੈ- ਕ੍ਰਿਤ। ਜੇ ਮੈਂ ਨਾ ਲਿਖਾਂ ਤਾਂ ਮੈਂ ਬਹੁਤ ਉਦਾਸ ਹੋ ਜਾਨਾਂ। ਮੈਂ ਸਵੇਰੇ ਉੱਠ ਕੇ ਸੱਤ ਤੋਂ ਗਿਆਰਾਂ ਵਜੇ ਤਕ ਰੋਜ਼ ਲਿਖਦਾਂ। ਮੇਰਾ ਰਹਿਣ ਦਾ ਸਟਾਈਲ ਅਵਾਰਾਗਰਦਾਂ ਵਰਗਾ। ਲੋਕੀਂ ਸੋਚਦੇ ਐ ਕਿ ਕਦੋਂ ਲਿਖਦਾ ਹੋਊ। ਮੇਰੀ ਦੂਜੀ ਮੁਹੱਬਤ ਹੈ ਦੋਸਤ। ਮੈਂ ਜਜ਼ਬਾਤੀ ਤੌਰ 'ਤੇ ਦੋਸਤਾਂ ਨਾਲ ਬਹੁਤ ਜੁੜਿਆ ਹੋਇਆਂ। ਤੀਸਰੀ ਮੁਹੱਬਤ ਹੈ ਔਰਤ ਦੀ, ਮਹਿਬੂਬ ਦੀ। ਲੋਕੀਂ ਸੰਗਦੇ ਨੇ ਔਰਤ ਦੀ ਗੱਲ ਕਰਨ ਲੱਗਿਆਂ। ਜ਼ਿੰਦਗੀ ਵਿਚ ਔਰਤ ਦੀ ਮੁਹੱਬਤ ਮੈਨੂੰ ਬਹੁਤ ਅਜੀਜ਼ ਰਹੀ ਹੈ। ਇਹ ਬਹੁਤ ਵੱਡੀ ਚੀਜ਼ ਹੈ। ਲੋਕੀਂ ਔਰਤ ਦੇ ਨਾਉਂ 'ਤੇ ਠਹਾਕੇ ਮਾਰ ਕੇ ਹੱਸਦੇ ਹਨ। ਇਹ ਸਭਿਅਤਾ ਦੀ ਘਾਟ ਹੈ।

? ਤੁਹਾਡੀ ਕਿਤਾਬ 'ਨੰਗੀ ਧੁੱਪ' ਵਿਚ ਕਾਫੀ ਸੈਕਸ ਹੈ। ਸੈਕਸ ਦਾ ਨਾਂ ਸਾਡੇ ਸਮਾਜ ਵਿਚ ਵਿਵਰਜਤ ਫਲ ਵਾਂਗ ਹੈ। ਕਿਸੇ ਵੇਲੇ ਇਥੇ ਡੀ. ਐਚ. ਲਾਰੰਸ ਦੇ ਨਾਵਲ 'ਲੇਡੀ ਚੈਟਰਲੇਜ਼ ਲਵਰ' ਦਾ ਮੁਕੱਦਮਾ ਹਾਊਸ ਆਫ ਲਾਰਡਜ਼ ਤੀਕ ਪੁੱਜ ਗਿਆ ਸੀ। ਇੰਡੀਆ ਵਿਚ ਮੰਟੋ ਨੂੰ ਅਸ਼ਲੀਲ ਕਿਹਾ ਗਿਆ ਸੀ। ਇਥੇ ਮੇਰੀ ਇਕ ਕਹਾਣੀ ਆਤਿਸ਼ਬਾਜ਼ੀ ਨੂੰ 'ਏ ਲੈਵਲ' ਦੇ ਕੋਰਸ ਵਿਚੋਂ ਇਸੇ ਕਾਰਨ ਕੱਢ ਦਿਤਾ ਗਿਆ ਸੀ। ਕੀ 'ਨੰਗੀ ਧੁੱਪ' ਵਿਚਲੇ ਸੈਕਸੂਅਲ ਟੱਚ ਨੇ ਤੁਹਾਨੂੰ ਵੀ ਕਿਸੇ ਬਿਪਤਾ ਵਿਚ ਪਾਇਆ ?

– ਵਿਰੋਧੀ ਖਿਲਾਫ ਬੋਲੇ ਉਹਦਾ ਦੁੱਖ ਨਹੀਂ। ਸਾਡੇ ਪੰਜਾਬੀ ਗਾਲ੍ਹ ਤੋਂ ਬਗੈਰ ਗੱਲ ਨਹੀਂ ਕਰਦੇ। ਮਾਵਾਂ ਦੀਆਂ ਭੈਣਾਂ ਦੀਆਂ ਗਾਲ੍ਹਾਂ ਆਮ ਕੱਢਦੇ ਫਿਰਦੇ ਹਨ। ਸਾਡੇ ਲੋਕ-ਗੀਤਾਂ ਵਿਚ ਬੜਾ ਸੈਕਸ ਹੈ। ਮੇਰੀਆਂ ਲਿਖਤਾਂ ਕਿਸੇ ਗਰੰਥੀ ਜਾਂ ਆਰੀਆ ਸਮਾਜੀ ਵਾਸਤੇ ਨਹੀਂ ਹਨ। ਇਹ ਸਾਰੇ ਪਾਠਕਾਂ ਵਾਸਤੇ ਹਨ। ਉਹਨਾਂ ਨੇ ਇਹਨਾਂ ਨੂੰ ਬੜਾ ਪਿਆਰ ਦਿਤਾ। ਹਾਂ, ਘੜੰਮ ਚੌਧਰੀਆਂ ਨੇ ਬਥੇਰਾ ਰੌਲਾ ਪਾਇਆ। ਇਸੇ ਲਈ ਪੰਜਾਬੀ ਸਾਹਿਤ ਬਹੁਤ ਪਿੱਛੇ ਰਹਿ ਗਿਆ ਕਿ ਘੜੰਮ ਚੌਧਰੀ ਮੌਰਲ ਦਾ ਡੰਡਾ ਚੁੱਕੀ ਫਿਰਦੇ ਐ।

## ਗੁਰਸ਼ਰਨ ਸਿੰਘ

? ਕੀ ਤੁਸੀਂ ਸਮਝਦੇ ਹੋ ਕਿ ਦਿੱਲੀ ਦੇ ਕਤਲੋਗਾਰਤ ਨੂੰ ਰੋਕਿਆ ਜਾ ਸਕਦਾ ਸੀ ?

– ਕਿਉਂ ਨਹੀਂ ਸਨ ਰੋਕੇ ਜਾ ਸਕਦੇ ? ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਬੰਗਾਲ ਵਿਚ ਕਿਉਂ ਨਹੀਂ ਕਤਲੇਆਮ ਹੋਏ ? ਬੰਗਾਲ ਵਿਚ ਰਤਾ ਕੁ ਗੜਬੜ ਹੋਈ ਤਾਂ ਸੂਬੇ ਦੀ ਪੁਲੀਸ ਨੇ ਯਕਦਮ ਕਾਬੂ ਪਾ ਲਿਆ। ਦਿੱਲੀ ਦੇ ਹੁਕਮਰਾਨ ਚਾਹੁੰਦੇ ਤਾਂ ਕੀ ਨਹੀਂ ਸੀ ਹੋ ਸਕਦਾ ?

? ਬਾਹਰ ਬੈਠੇ ਖੱਬੀ ਵਿਚਾਰਧਾਰਾ ਦੇ ਅਸੀਂ ਲੋਕ ਮਹਿਸੂਸ ਕਰਦੇ ਹਾਂ ਕਿ ਦਰਬਾਰ ਸਾਹਿਤ

ਦੇ ਘੱਲੂਘਾਰਾ ਤੋਂ ਪਹਿਲਾਂ ਖੱਬੀਆਂ ਪਾਰਟੀਆਂ ਦਾ ਰੋਲ ਨਿਪੁੰਸਕਾਂ ਵਾਲਾ ਸੀ।

– ਇਹ ਬਿਲਕੁਲ ਗਲਤ ਹੈ। ਖੱਬੀਆਂ ਪਾਰਟੀਆਂ ਨੇ ਬੜੇ ਜ਼ੋਰਦਾਰ ਅੰਦੋਲਨ ਚਲਾਏ ਅਤੇ ਹਿੰਦੂਆਂ-ਸਿੱਖਾਂ ਵਿਚ ਏਕਤਾ ਕਾਇਮ ਰੱਖਣ ਦੇ ਯਤਨ ਵੀ ਕੀਤੇ। ਤੁਹਾਨੂੰ ਏਧਰ ਖੱਬੀਆਂ ਪਾਰਟੀਆਂ ਦੀਆਂ ਗੱਲਾਂ ਪੁੱਜਦੀਆਂ ਨਹੀਂ।

? ਕੀ ਬਾਹਰ ਰਹਿੰਦੇ ਲੋਕਾਂ ਨੂੰ ਪੰਜਾਬ ਬਾਰੇ ਗੱਲ ਕਰਨ ਦਾ ਹੱਕ ਹੈ ? ਕੀ ਉਹ ਖਾਲਿਸਤਾਨ ਦੀ ਮੰਗ ਕਰ ਸਕਦੇ ਹਨ ?

– ਬਾਹਰ ਰਹਿੰਦੇ ਪੰਜਾਬੀ ਕਿਉਂਕਿ ਸਭਿਆਚਾਰਕ ਤੌਰ 'ਤੇ ਪੰਜਾਬ ਨਾਲ ਜੁੜੇ ਹੋਏ ਹਨ, ਇਸ ਲਈ ਉਹਨਾਂ ਨੂੰ ਪੰਜਾਬ ਬਾਰੇ ਗੱਲ ਕਰਨ ਦਾ ਪੂਰਨ ਅਧਿਕਾਰ ਹੈ ਪਰ ਉਹ ਖਲਿਸਤਾਨ ਕਿਹੜੇ ਆਧਾਰ 'ਤੇ ਮੰਗਦੇ ਹਨ ? ਇਹ ਲੋਕ ਕਹਿੰਦੇ ਹਨ ਕਿ ਹਿੰਦੂ ਲੋਕ ਓਧਰ ਚਲੇ ਜਾਣ ਅਤੇ ਪੰਜਾਬੋਂ ਬਾਹਰਲੇ ਸਿੱਖ ਪੰਜਾਬ ਵਿਚ ਆ ਜਾਣ ਤਾਂ ਮਸਲਾ ਹੱਲ ਹੋ ਜਾਏਗਾ। ਕੀ ਇਹ ਲੋਕ 1947 ਭੁੱਲ ਗਏ ਹਨ ? ਹਿੰਦੂਆਂ ਨੂੰ ਕਿਵੇਂ ਆਖ ਦੇਵੋਗੇ ਕਿ ਉਧਰ ਚਲੇ ਜਾਓ। ਉਹ ਮੁੱਦਤਾਂ ਤੋਂ ਉਥੇ ਰਹਿੰਦੇ ਹਨ। ਫਿਰ ਇਕ ਤਿਹਾਈ ਸਿੱਖ ਪੰਜਾਬੋਂ ਬਾਹਰ ਰੋਜ਼ਗਾਰ ਕਮਾਂਦਾ ਤੇ ਰਹਿੰਦਾ ਹੈ। ਉਹ ਵੀ ਕਿਵੇਂ ਘਰ ਬਾਰ ਛੱਡ ਦੇਵੇਗਾ। ਫਿਰ ਇਹ ਕਹਿੰਦੇ ਨੇ ਕਿ ਸਾਡੀ ਹਿਸਟਰੀ 500 ਸੌ ਸਾਲ ਪੁਰਾਣੀ ਹੈ। ਕੀ ਹਿੰਦੂ ਨਹੀਂ ਕਹਿ ਸਕਦੇ ਕਿ ਸਾਡੀ ਹਿਸਟਰੀ ਹਜ਼ਾਰਾਂ ਸਾਲ ਪੁਰਾਣੀ ਹੈ ? ਹਿੰਦੂਆਂ ਨੂੰ ਵੀ ਪੰਜਾਬ ਵਿਚ ਰਹਿਣ ਦਾ ਓਨਾ ਹੀ ਹੱਕ ਹੈ ਜਿੰਨਾ ਕਿ ਸਿੱਖਾਂ ਨੂੰ ਸਾਰੇ ਭਾਰਤ ਵਿਚ ਰਹਿਣ ਦਾ ਹੈ। ਦੂਜੀ ਗੱਲ ਇਹ ਹੈ ਸਾਥੀ ਜੀ ਕਿ ਜੇਕਰ ਜਗਜੀਤ ਸਿੰਘ ਨੇ ਖਾਲਿਸਤਾਨ ਬਨਾਣਾ ਹੈ ਤਾਂ ਇਹਦਾ ਹੈਡ-ਕੁਆਟਰ ਇੰਗਲੈਂਡ ਕਾਹਨੂੰ ਬਣਾਈ ਬੈਠੈ ? ਉਥੇ ਆਵੇ ਤੇ ਮੰਗ ਕਰੇ। ਇਹ ਕੇਸਰੀ ਦਸਤਾਰਾਂ ਵਾਲੇ ਵੀ ਉਥੇ ਆਉਣ ਤੇ ਰਣ ਖੇਤਰ ਵਿਚ ਜੂਝਣ। ਫਿਰ ਮੰਨਾਂਗੇ ਕਿ ਇਹ ਖਾਲਿਸਤਾਨ ਲੈਣ ਦੇ ਕਾਬਲ ਵੀ ਹਨ ਕਿ ਨਹੀਂ। ਵਿਦੇਸ਼ਾਂ ਵਿਚ ਰੱਜੇ ਢਿੱਡੀਂ ਜੋ ਮਰਜ਼ੀ ਨਾਹਰੇ ਲਾਈ ਜਾਣ। ਸੌਖੀ ਗੱਲ ਹੈ। ਜੇ ਖਾਲਿਸਤਾਨ ਬਣ ਵੀ ਗਿਆ ਤਾ ਇਹਨਾਂ ਵਿਚੋਂ ਕਿਸੇ ਨੇ ਪੱਛਮ ਦੀਆਂ ਐਸ਼ਾਂ ਛੱਡ ਕੇ ਉਸ ਵਿਚ ਰਹਿਣ ਲਈ ਤਿਆਰ ਨਹੀਂ ਹੋਣਾ।

## ਸੋਹਣ ਕਾਦਰੀ

? ਕਾਦਰੀ ਸਾਹਿਬ, ਤੁਸੀਂ ਕਿਹਾ ਸੀ ਕਿ ਅੱਜਕੱਲ੍ਹ ਤੁਸੀਂ ਪੰਜਾਬੀ ਨਹੀਂ ਪੜ੍ਹਦੇ, ਇਹ ਕਿਉਂ ?

– ਇਹ ਠੀਕ ਹੈ ਕਿ ਮੈਂ ਅੱਜਕੱਲ੍ਹ ਪੜ੍ਹਦਾ ਨਹੀਂ ਸਗੋਂ ਪੜ੍ਹ ਹੋਏ ਨੂੰ ਵੀ ਭੁਲਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਜਦੋਂ ਮੈਂ ਭਾਰਤ ਵਿਚ ਆਰਟ ਕਾਲਜ ਦਾ ਅਧਿਆਪਕ ਸਾਂ ਤਾਂ ਮੈਂ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਰਦਾ ਸਾਂ ਕਿ ਤੁਹਾਨੂੰ ਇਥੇ ਪੜ੍ਹਦਿਆਂ ਨੂੰ ਪੰਜ ਸਾਲ ਹੋ ਗਏ ਹਨ। ਹੁਣ ਤੁਹਾਨੂੰ ਪੰਜ ਸਾਲ ਲੱਗਣਗੇ ਇਹਨੂੰ ਭੁਲਾਉਣ ਲਈ। ਉਹ ਕਹਿਣ ਕਿ ਫਿਰ ਫਾਇਦਾ ਕੀ ਹੈ।

? ਇਹੋ ਸੁਆਲ ਤਾਂ ਮੇਰੇ ਮਨ ਵਿਚ ਵੀ ਇਕਦਮ ਉਭਰਿਆ ਹੈ ਕਿ ਪੜ੍ਹਨ ਦਾ ਕੀ ਫਾਇਦਾ ਜੇ ਭੁੱਲਣਾ ਹੀ ਹੋਇਆ। ਇਹ ਤੁਸੀਂ ਆਪਣੀ ਪੇਂਟਿੰਗਜ਼ ਵਾਂਗ ਐਬਸਟ੍ਰੈਕਟ ਕਿਸਮ ਦੀ ਗੱਲ ਕੀਤੀ ਹੈ। ਮੈਂ ਇਹਦੇ ਨਾਲ ਸਹਿਮਤ ਨਹੀਂ ਹਾਂ। ਜਾਂ ਇਹਦੀ ਵਿਆਖਿਆ ਕਰੋ।

– ਮੇਰੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਤਾਂ ਕਰੋ। ਮੈਂ ਕਹਿ ਰਿਹਾ ਹਾਂ ਕਿ ਜੇਕਰ ਤੁਹਾਡੇ ਹੱਥ ਵਿਚ ਕੋਈ ਚੀਜ਼ ਹੋਵੇਗੀ ਤਾਂ ਤਦੇ ਤੁਸੀਂ ਸੁੱਟ ਸਕੋਂਗੇ। ਮੈਂ ਕਹਿੰਦਾ ਹਾਂ ਕਿ ਅਧਿਐਨ ਕਰੋ ਪਰ ਕੰਮ



ਦੀ ਚੀਜ਼ ਰੱਖ ਕੇ ਬਾਕੀ ਸੁੱਟ ਦਿਓ।

? ਤੁਸੀਂ ਗੱਲ ਨੂੰ ਠੀਕ ਤਰ੍ਹਾਂ ਪ੍ਰਟ ਨਹੀਂ ਕਰ ਰਹੇ। ਤੁਸੀਂ ਸਿੱਧਾ ਕਹੋ ਕਿ ਕੰਮ ਦੀ ਗੱਲ ਜਜ਼ਬ ਕਰਕੇ ਬਾਕੀ ਸੁੱਟ ਦੇਵੋ। ਤੁਸੀਂ ਮਾਡਰਨ ਪੇਂਟਰ ਵਾਂਗ ਫੇਰ ਜਿਹੇ ਪਾਉਣ ਦੇ ਆਦੀ ਹੋ। ਇਸੇ ਲਈ ਆਮ ਬੰਦਾ ਤੁਹਾਡੇ ਬਾਰੇ ਭੁਲੇਖਿਆਂ ਵਿਚ ਗ੍ਰਸਤ ਹੈ।

– ਮੈਂ ਫੌਰਮ ਸੁੱਟਣ ਬਾਰੇ ਕਿਹਾ ਹੈ ਤੇ ਈਸੈਂਸ (ਤੱਤ) ਰੱਖਣ ਲਈ ਕਹਿੰਦਾ ਹਾਂ। ਇਸ ਤਰ੍ਹਾਂ ਤੁਹਾਡੀ ਦ੍ਰਿਸ਼ਟੀ ਵਾਸਤੇ ਹੋਰ ਵੀ ਜ਼ਰੂਰੀ ਹੁੰਦਾ ਹੈ ਕਿ ਉਹ ਸਿਰਫ ਈਸੈਂਸ ਹੀ ਰੱਖੇ। ਆਰਟ ਅੰਦਰਲਾ ਗਿਆਨ ਹੁੰਦਾ ਹੈ। ਆਰਟ ਤੁਹਾਡੇ ਆਪਣੇ ਅੰਦਰਲੇ ਨੂੰ ਬਿਆਨ ਕਰਦਾ ਹੈ। ਆਰਟ ਨੂੰ ਸਮਝਣਾ ਤੁਹਾਡੇ ਅੰਦਰਲੇ ਗਿਆਨ 'ਤੇ ਮੁਨੱਅਸਰ ਕਰਦਾ ਹੈ। ਕਈ ਲੋਕ ਕਹਿੰਦੇ ਹਨ ਕਿ ਬਈ ਕਮਾਲ ਦਾ ਲਿਖਿਆ ਜਾਂ ਪੇਂਟ ਕੀਤਾ ਹੈ। ਜਾਂ ਪਾਲ ਸਾਰਤਰ ਜਾਂ ਪਿਕਾਸੋ ਵਰਗਾ ਹੈ। ਮੈਂ ਕਹਿੰਦਾ ਹਾਂ ਕਿ ਸਾਰਤਰ ਤੇ ਪਿਕਾਸੋ ਤਾਂ ਆਪਣੇ ਥਾਂ ਹਨ ਪਰ ਤੁਸੀਂ ਕਿਥੇ ਹੋ ?

? ਪਿਕਾਸੋ ਦਾ ਬੜਾ ਮਸ਼ਹੂਰ ਕਥਨ ਹੈ ਕਿ ਪੇਂਟਿੰਗ ਸਮਝਣ ਵਾਸਤੇ ਪੇਂਟਿੰਗ ਦੀ ਭਾਸ਼ਾ ਆਉਣੀ ਚਾਹੀਦੀ ਹੈ। ਇਸ ਗੱਲ ਦਾ ਜ਼ਿਕਰ ਬਲਵੰਤ ਗਾਰਗੀ ਨੇ ਵੀ ਉਸ ਵੇਲੇ ਕੀਤਾ ਜਦੋਂ ਮੈਂ ਉਸਨੂੰ ਉਸ ਦੇ ਨਾਟਕ 'ਡੰਗੋਰੀ' ਤੇ 'ਚਾਕੂ' ਬਾਰੇ ਕਿਹਾ ਸੀ ਕਿ ਇਹ ਐਬਸਟ੍ਰੈਕਟ ਵਰਗੀ ਚੀਜ਼ ਹੈ ਤੇ ਆਮ ਲੋਕਾਂ ਦੀ ਸਮਝ ਨਹੀਂ ਆਉਂਦੀ। ਤੁਸੀਂ ਕਿਉਂਕਿ ਅੱਜਕੱਲ੍ਹ ਪੰਜਾਬੀ ਨਹੀਂ ਪੜ੍ਹਦੇ ਇਸ ਲਈ ਤੁਸੀਂ ਇਹ ਨਾਟਕ ਵੀ ਨਹੀਂ ਪੜ੍ਹੇ ਹੋਣੇ। ਪਰ ਤੁਸੀਂ ਇਹ ਦੱਸੋ ਕਿ ਤੁਹਾਡੀਆਂ ਪੇਂਟਿਗਜ਼ ਆਮ ਬੰਦੇ ਨੂੰ ਕੀ ਕਹਿਣਾ ਚਾਹੁੰਦੀਆਂ ਹਨ ?

– ਹਾਂ, ਮੈਂ ਗਾਰਗੀ ਦੇ ਇਹ ਨਾਟਕ ਨਹੀਂ ਪੜ੍ਹੇ। ਸਾਥੀ ਜੀ, ਆਮ ਲੋਕ ਐਬਸਟ੍ਰੈਕਟ ਪੇਂਟਿੰਗ ਸਮਝ ਸਕਦੇ ਹਨ ਪਰ ਉਹ ਸਮਝਣਾ ਨਹੀਂ ਚਾਹੁੰਦੇ ਹੁੰਦੇ। ਮੇਰੀਆਂ ਪੇਂਟਿੰਗਜ਼ ਠੱਪਾ ਲੁਆ ਕੇ ਨਹੀਂ ਸਮਝੀਆਂ ਜਾ ਸਕਦੀਆਂ। ਮੇਰਾ ਭਾਵ ਕਿ ਇਹ ਸੋਚ ਕੇ ਤਸਵੀਰ ਦੇਖਣੀ ਕਿ ਫਲਾਣੇ ਬੰਦੇ ਨੇ ਇਹਦੇ ਵਿਚ ਇਹ ਗੱਲ ਕਹੀ ਗਈ ਦੱਸੀ ਸੀ। ਮੇਰੀਆਂ ਪੇਂਟਿੰਗਜ਼ ਆਪਣੇ ਆਪ ਇਮੇਜ ਸਿਰਜ ਕੇ ਸਮਝਣ ਵਾਲੀਆਂ ਹਨ। ਇਹ ਕਹਿਣਾ ਵੀ ਠੀਕ ਨਹੀਂ ਕਿ ਮੈਂ ਪੰਜਾਬੀ ਵੱਲੋਂ ਬਿਲਕੁਲ ਮੂੰਹ ਮੋੜ ਲਿਆ ਹੈ। ਮੈਂ ਪੰਜਾਬੀ ਵਿਚ ਕਵਿਤਾਵਾਂ ਲਿਖੀਆਂ ਹਨ ਜਿਹਨਾਂ ਵਿਚੋਂ ਕੁਝ ਰਾਤੀਂ ਮੈਂ ਸੁਣਾਈਆਂ ਵੀ ਸਨ। ਉਹਨਾਂ ਵਿਚ ਕੋਈ ਗੱਲ ਕਹੀ ਗਈ ਹੈ। ਇਸੇ ਤਰ੍ਹਾਂ ਮੇਰੀਆਂ ਪੇਂਟਿੰਗਜ਼ ਵਿਚ ਵੀ ਕੋਈ ਨਾ ਕੋਈ ਗੱਲ ਕਹੀ ਹੁੰਦੀ ਹੈ। ਇਸੇ ਤਰ੍ਹਾਂ ਮੇਰੀਆਂ ਪੇਂਟਿੰਗਜ਼ ਵਿਚ ਕੋਈ ਨਾ ਕੋਈ ਗੱਲ ਜ਼ਰੂਰ ਹੁੰਦੀ ਹੈ। ਤੁਸੀਂ ਮੇਰੇ ਘਰ ਗਏ ਤਾਂ ਪੁੱਛਿਆ ਸੀ ਕਿ ਇਸ ਪੇਂਟਿੰਗਜ਼ ਵਿਚ ਕੀ ਕਿਹਾ ਗਿਆ ਹੈ। ਮੈਂ ਪੁੱਛਿਆ ਸੀ ਕਿ ਤੁਸੀਂ ਕੀ ਸੋਚਦੇ ਹੋ ਕਿ ਇਹ ਕੀ ਕਹਿੰਦੀਆਂ ਹਨ। ਨਾ ਮੈਂ ਤੁਹਾਨੂੰ ਮਾਅਨੇ ਦੱਸੇ ਤੇ ਨਾ ਤੁਸੀਂ ਹੀ ਆਪਣੇ ਇਮੇਜ ਬਾਰੇ ਦੱਸਿਆ। ਤੁਸੀਂ ਆਪਣੇ ਅੰਦਰਲਾ ਗਿਆਨ ਵਰਤਿਆ ਤੇ ਮੈਂ ਆਪਣੇ ਅੰਦਰਲਾ। ਬਸ ਇਹੋ ਮਾਡਰਨ ਪੇਂਟਿੰਗ ਦੀ ਖੂਬੀ ਹੁੰਦੀ ਹੈ। ਬੱਦਲ ਦੇਖ ਕੇ ਤੁਹਾਨੂੰ ਕੀ ਲੱਗਦਾ ਹੈ ? ਬੱਦਲ ਇਕ ਸੁਨੇਹਾ ਦਿੰਦਾ ਹੈ ਕਿ ਮੀਂਹ ਪਵੇਗਾ। ਇਸੇ ਤਰ੍ਹਾਂ ਪੇਂਟਿੰਗ ਨੂੰ ਦੇਖਣ ਵਾਸਤੇ ਅੱਖਾਂ ਚਾਹੀਦੀਆਂ ਹਨ। ਦ੍ਰਿਸ਼ਟੀ-ਖੁੱਲ੍ਹੀ ਅੱਖ। ਪਹਿਲਾਂ ਚਿਤਵੀ ਹੋਈ ਐਨਕ ਲਾ ਕੇ ਤੁਸੀਂ ਪੇਂਟਿੰਗ ਨਹੀਂ ਸਮਝ ਸਕਦੇ। ਤੁਸੀਂ ਪਿਕਾਸੋ ਦੀ ਗੱਲ ਕੀਤੀ ਸੀ ਕਿ ਉਹ ਕਹਿੰਦਾ ਸੀ ਕਿ ਕੀ ਤੁਹਾਨੂੰ ਚੀਨੀ ਭਾਸ਼ਾ ਆਉਂਦੀ ਹੈ। ਇਹ ਕੋਈ ਅਨਹੋਣੀ ਗੱਲ ਨਹੀਂ। ਚੀਨੀ ਭਾਸ਼ਾ ਸਿੱਖੀ ਜਾ ਸਕਦੀ ਹੈ ਪਰ ਇਸ ਵਾਸਤੇ ਤੁਹਾਨੂੰ ਕੋਸ਼ਿਸ਼ ਕਰਨੀ ਹੋਵੇਗੀ ਭਾਵ ਪੇਂਟਿੰਗ ਦੀ ਬੋਲੀ ਸਿੱਖਣ ਲਈ ਕੋਸ਼ਿਸ਼ ਕਰਨੀ ਪਵੇਗੀ।

? ਪਰ ਫਿਰ ਵੀ ਤੁਸੀਂ ਆਮ ਬੰਦੇ ਨੂੰ ਕੀ ਕਹੋਂਗੇ ਕਿ ਇਹ ਇਕ ਮਿਲੀਅਨ ਡਾਲਰ ਦੀ ਪੇਂਟਿੰਗ ਵਿਚ ਕੀ ਕਿਹਾ ਹੋਇਆ ਹੈ ਕਿ ਇਹ ਵਰਥ ਵੀ ਹੈ ਕਿ ਨਹੀਂ।

– ਬਸ ਉਹਨੂੰ ਨੂੰ 'ਚੀਨੀ ਭਾਸ਼ਾ' ਪੜ੍ਹਾਓ। ਦੁਨੀਆ ਇਕ ਖੁੱਲ੍ਹੀ ਕਿਤਾਬ ਹੈ। ਬੜਾ ਕੁਝ ਹੈ ਦੇਖਣ ਵਾਲਾ। ਬਸ ਦ੍ਰਿਸ਼ਟੀ ਪੈਦਾ ਕਰੋ ਇਹਨੂੰ ਪੜ੍ਹਨ ਵਾਲੀ।

? ਤੁਸੀਂ ਪੇਂਟਿੰਗ ਕਿਉਂ ਕਰਦੇ ਹੋ ?

– ਐਫ ਐਨ ਸੂਜ਼ਾ ਇੰਡੀਆ ਦਾ ਬਹੁਤ ਵੱਡਾ ਆਰਟਿਸਟ ਹੈ। ਨਿਊਯਾਰਕ ਇਕ ਵੇਰ ਉਸ ਨੂੰ ਸਾਡੇ ਸਾਹਮਣੇ ਪੁੱਛਿਆ ਗਿਆ ਸੀ ਕਿ ਤੂੰ ਪੇਂਟਿੰਗ ਕਿਉਂ ਕਰਦਾਂ। ਉਸ ਨੇ ਕਿਹਾ ਸੀ ਕਿ ਟੂ ਪਲੀਜ਼ ਏ ਵੋਮੈਨ, ਇੰਟਰਵਿਊ ਕਰਨ ਵਾਲੇ ਨੇ ਪੁੱਛਿਆ ਕਿ ਕਿਹੜੀ ਔਰਤ। ਉਸ ਨੇ ਕਿਹਾ ਕਿ ਹੈ ਕਿਤੇ। ਇਹ ਬਹੁਤ ਵੱਡੀ ਗੱਲ ਹੈ। ਸੋਚੋ ਇਹਦੇ ਬਾਰੇ। ਫਿਰ ਮੈਨੂੰ ਪੁੱਛਿਆ ਗਿਆ ਕਿ ਤੂੰ ਕਾਹਤੋਂ ਪੇਂਟਿੰਗ ਕਰਦਾਂ। ਮੈਂ ਉੱਤਰ ਦਿਤਾ ਕਿ ਮੈਂ ਆਪਣੇ ਅੰਦਰੋਂ ਉਹ ਔਰਤ ਭਾਲ ਰਿਹਾਂ ਜਿਹਨੂੰ ਮੈਂ ਪੇਂਟਿੰਗ ਦਿਖਾ ਸਕਾਂ।

? ਤੇ ਪਿਕਾਸੋ ?

– ਪਿਕਾਸੋ ਪਿਕਾਸੋ ਹੀ ਸੀ। ਉਸ ਬੰਦੇ ਨੇ ਇਕ ਚੀਜ਼ ਦੇ ਛੇ ਪਾਸੇ ਦੇਖਣ ਦੀ ਕੋਸ਼ਿਸ਼ ਕੀਤੀ ਸੀ। ਆਹ ਟੇਪ ਰਿਕਾਰਡਰ ਦੇ ਅਸੀਂ ਤਿੰਨ ਪਾਸੇ ਦੇਖ ਸਕਦੇ ਹਾਂ ਪਰ ਪਿਕਾਸੋ ਕੋਲ ਐਸੀ ਦ੍ਰਿਸ਼ਟੀ ਸੀ ਕਿ ਉਸ ਨੇ ਇਕ ਵੇਰੀ ਛੇ ਡਾਇਮੈਨਸ਼ਨਜ਼ ਵੇਖੀਆਂ।

? ਕੀ ਤੁਸੀਂ ਇਹ ਸਭੇ ਡਾਇਮੈਨਸ਼ਨਜ਼ ਦੇਖੀਆਂ ?

– ਮੈਂ ਤਾਂ ਬਹੁਤ ਕੁਝ ਦੇਖਿਆ। ਮੈਂ ਤਾਂ ਬਿੰਦੂ (ਡੌਟ) ਉੱਤੇ ਆ ਗਿਆਂ। ਅਸੀਂ ਬਾਹਰ ਨਹੀਂ ਨਿਕਲਦੇ। ਤੁਸੀਂ ਰਾਤੀਂ ਕਵਿਤਾ ਸੁਣਾਈ ਸੀ ਜਿਹਦਾ ਸ਼ੇਅਰ ਸੀ ਕਿ 'ਜਿਹੜੇ ਸਾਹਿਲ ਤੋਂ ਟੁਰ ਪੈਂਦੇ ਅਕਸਰ, ਜਾ ਪੁੱਜਦੇ ਉਸ ਪਾਰ ਹੌਲੀ ਹੌਲੀ।' ਅਸੀਂ ਸਾਹਿਲ ਤੋਂ ਹੀ ਨਹੀਂ ਟੁਰਦੇ। ਮੌਕੇ ਅਥਾਹ ਪਏ ਹਨ। ਮੈਂ ਸਾਹਿਲ ਤੋਂ ਟੁਰਿਆ ਹੋਇਆ ਹਾਂ ਸਾਥੀ ਸਾਹਿਬ!

## ਜਸਵੰਤ ਸਿੰਘ ਕੰਵਲ

? ਕੁਝ ਵਰ੍ਹੇ ਪਹਿਲਾਂ ਤੁਹਾਡਾ ਇਕ ਨਾਵਲ ਇੰਗਲੈਂਡ ਦੀ ਜ਼ਿੰਦਗੀ ਬਾਰੇ 'ਬਰਫ ਦੀ ਅੱਗ' ਛਪਿਆ ਸੀ। ਕੰਵਲ, ਜਿਹੜਾ 'ਰਾਤ ਬਾਕੀ ਹੈ', 'ਹਾਣੀ' ਤੇ 'ਪਾਲੀ' ਦਾ ਲੇਖਕ ਹੋਣ ਨਾਤੇ ਪਾਠਕਾਂ ਵਿਚ ਵਧੀਆ ਵਿਚ ਇਕ ਵਧੀਆ ਲੇਖਕ ਹੋ ਨਿਬੜਿਆ ਸੀ, 'ਬਰਫ ਦੀ ਅੱਗ' ਵਿਚ ਉਹ ਨਹੀਂ ਸੀ। ਇਸ ਨਾਵਲ ਵਿਚ ਅਨੇਕਾਂ ਟੈਕਨੀਕਲ ਗਲਤੀਆਂ ਹਨ। ਇਸ ਨਾਵਲ ਨਾਲ ਲੇਖਕ ਦਾ ਇਮੇਜ ਟੁੱਟਦਾ ਹੈ। ਇਹ ਕਿਉਂ ?

– ਹੋ ਸਕਦੈ ਉਹਦੇ ਵਿਚ ਟੈਕਨੀਕਲ ਗਲਤੀਆਂ ਹੋਣ। ਦਰਅਸਲ ਜਿਹੜੇ ਸਮਾਜ ਬਾਰੇ ਤੁਸੀਂ ਜਾਣਦੇ ਨਾ ਹੋਵੋਂ ਉਹਦੇ ਬਾਰੇ ਲਿਖਦਿਆਂ ਟੈਕਨੀਕਲ ਗਲਤੀਆਂ ਹੋ ਹੀ ਜਾਂਦੀਆਂ ਹਨ।

? ਯਾਨੀ ਕਿ ਤੁਸੀਂ ਇਹ ਮੰਨਦੇ ਹੋ ਕਿ ਉਸ ਵਿਚ ਟੈਕਨੀਕਲ ਗਲਤੀਆਂ ਹੋਈਆਂ ਹਨ?

– ਹੋਈਆਂ ਹੋਣਗੀਆਂ ਪਰ ਇਹ ਮਾਮੂਲੀ ਗੱਲਾਂ ਹਨ। ਇਹੋ ਜਿਹਾ ਨਾਵਲ ਲਿਖ ਕੇ ਮੈਂ ਪੰਜਾਬੀ ਸਾਹਿਤ ਵਿਚ ਵਾਧਾ ਕੀਤਾ ਹੈ। ਗੱਲ ਇਹ ਵੀ ਹੈ ਕਿ ਪੰਜਾਬੀ ਵਿਚ ਕ੍ਰਿਟੀਸਿਜ਼ਮ ਬੱਚਿਆਂ ਵਾਲੀ ਖੇਡ ਹੀ ਸਮਝੀ ਹੋਈ ਹੈ ਲੋਕਾਂ ਨੇ। ਉਹਨਾਂ ਨੂੰ ਕ੍ਰਿਟੀਸਿਜ਼ਮ ਕਰਨਾ ਹੀ ਨਹੀਂ ਆਉਂਦਾ। 'ਬਰਫ ਦੀ ਅੱਗ' ਬਾਰੇ ਧੀਰ ਨੇ ਇਕ ਲੇਖ ਲਿਖਿਆ ਪਰ ਉਹ ਇਹਦਾ ਸਬਜੈਕਟ ਹੀ ਨਹੀਂ ਦੱਸ ਸਕਿਆ। ਇਹੋ ਜਿਹੇ ਕ੍ਰਿਟੀਸਿਜ਼ਮ ਨੂੰ ਕੀ ਕਰਨਾ ?



? 'ਹਾਣੀ', 'ਪਾਲੀ' ਤੇ 'ਰਾਤ ਬਾਕੀ ਹੈ' ਪੜ੍ਹਨ ਵਾਲੇ ਲੋਕਾਂ ਨੇ ਕਿਆਸਿਆ ਕਿ ਕੰਵਲ ਦੇ 'ਦਾਣੇ' ਮੁਕ ਗਏ ਐ।

– ਉਹਨਾਂ ਦੀ ਸਮਝ ਅਨੁਸਾਰ ਮੁੱਕ ਗਏ ਹੋਣਗੇ। ਮੈਨੂੰ ਤਾਂ ਐਂ ਲੱਗਦਾ ਜਿਵੇਂ ਉਹਨਾਂ ਦੀ ਸਮਝ ਦੇ ਦਾਣੇ ਹੀ ਮੁੱਕ ਗਏ ਹੋਣ। ਮੋਹਨ ਸਿੰਘ ਨੇ ਤਾਂ 'ਸਿਵਿਲ ਲਾਈਨਜ਼' ਪੜ੍ਹ ਕੇ ਹੀ ਆਖ ਦਿੱਤਾ ਸੀ ਕਿ ਇਹਦੇ ਦਾਣੇ ਮੁੱਕ ਗਏ ਐ ਜਦ ਕਿ ਬਾਅਦ ਵਿਚ ਮੈਂ ਚੰਗਾ ਲਿਖਿਆ ਤੇ ਡਟ ਕੇ ਲਿਖਿਆ।

? ਲੇਖਕ ਦੀ ਹਰ ਰਚਨਾ ਤਾਂ ਮਾਸਟਰ ਪੀਸ ਨਹੀਂ ਹੁੰਦੀ। ਪਰਲ ਬੱਕ ਦੇ ਨਾਵਲ 'ਦ ਗੁੱਡ ਅਰਥ' ਜਿਸ ਨੂੰ ਨੋਬਲ ਇਨਾਮ ਮਿਲਿਆ ਸੀ, ਤੋਂ ਸਿਵਾ ਉਹਦੀਆਂ ਬਾਕੀ ਕਿਤਾਬਾਂ ਦਾ ਨਾਂ ਵੀ ਨਹੀਂ। ਖੈਰ ਕੰਵਲ ਜੀ, ਇਹ ਦੱਸੋ ਕਿ ਤੁਸੀਂ ਆਪਣੇ ਨਾਵਲਾਂ ਵਿਚੋਂ ਕਿਹੜੇ ਕਿਹੜੇ ਮਾਸਟਰ ਪੀਸ ਗਿਣਦੇ ਹੋ ?

– 'ਮਿੱਤਰ ਪਿਆਰੇ ਨੂੰ' ਤੇ 'ਹਾਣੀ' ਨੂੰ ਪਰ ਯਥਾਰਥਕ ਤਸਵੀਰ ਮੈਨੂੰ 'ਲਹੂ ਦੀ ਲੋਅ' ਵਿਚੋਂ ਹੀ ਲੱਭਦੀ ਹੈ।

? ਕੰਵਲ ਜੀ, ਅਜੇ ਤੀਕ ਪੰਜਾਬੀ ਵਿਚ ਕੌਮਾਂਤਰੀ ਪੱਧਰ ਦਾ ਨਾਵਲ ਕਿਉਂ ਨਹੀਂ ਲਿਖਿਆ ਗਿਆ ?

– ਸਾਥੀ ਜੀ, ਇਹ ਤਾਂ ਤੁਸੀਂ ਵੀ ਜਾਣ ਹੀ ਸਕਦੇ ਹੋ। ਤੁਸੀਂ ਵੀ ਲਿਖਦੇ ਹੀ ਹੋ। ਅਸੀਂ ਵੀ ਲਿਖਦੇ ਹਾਂ। ਸ਼ਾਇਦ ਪੰਜਾਬੀ ਲੇਖਕ ਏਨਾ ਪੜ੍ਹ ਲਿਖ ਨਹੀਂ ਸਕੇ ਕਿ ਉਹ ਏਨਾ ਚੰਗਾ ਲਿਖਣ।

? ਕੀ ਇਹ ਕਹਿਣਾ ਦਰੁਸਤ ਨਹੀਂ ਹੋਵੇਗਾ ਕਿ ਪੰਜਾਬੀ ਲੇਖਕ ਨੂੰ ਉਹਦੀਆਂ ਲਿਖਤਾਂ ਦਾ ਮੁੱਲ ਨਹੀਂ ਮਿਲਦਾ ਇਸ ਲਈ ਉਹ ਕੁਲਵਕਤੀ ਲੇਖਕ ਬਣ ਕੇ ਆਪਣੀ ਰਚਨਾ ਉਪਰ ਪੂਰੀ ਮਿਹਨਤ ਨਹੀਂ ਕਰ ਸਕਦਾ ?

– ਬਥੇਰੇ ਅਜਿਹੇ ਲੇਖਕ ਵੀ ਹਨ ਜਿਹਨਾਂ ਕੋਲ ਪੈਸਾ ਵੀ ਹੈ ਤੇ ਉਹ ਕੁਲਵਕਤੀ ਵੀ ਹਨ ਪਰ ਫਿਰ ਵੀ ਉਹ ਚੰਗਾ ਨਹੀਂ ਲਿਖ ਸਕਦੇ। ਇਕ ਕਾਰਨ ਉਹਨਾਂ ਦਾ ਚੰਗਾ ਨਾ ਲਿਖ ਸਕਣ ਦਾ ਇਹ ਵੀ ਹੈ ਕਿ ਉਹ ਲੋਕਾਂ ਨਾਲੋਂ ਟੁੱਟੇ ਹੋਏ ਹਨ।

## ਪਾਸ਼

? ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਪੰਜਾਬ ਦੀ ਅਜੋਕੀ ਹਾਲਤ ਵਿਚੋਂ ਕਮਿਊਨਿਸਟਾਂ ਦੀ ਨਿਪੁੰਸਕਤਾ ਝਲਕਦੀ ਹੈ ?

– ਮੈਂ ਕਹਿੰਨਾ ਬਹੁਤ ਸਾਰੇ ਐਲੀਮੈਂਟਸ ਹੋਣਗੇ ਜਿਹਨਾਂ ਵਿਚੋਂ ਇਕ ਇਹ ਵੀ ਬਹੁਤ ਵੱਡਾ ਤੇ ਵਜ਼ਨਦਾਰ ਐਲੀਮੈਂਟ ਹੈ।

? ਪਿਛਲੇ ਸਾਲ ਮੈਂ ਇਕ ਸਤਿਕਾਰਯੋਗ ਦੋਸਤ ਤੇ ਕਾਮਰੇਡ ਦਾ ਇੰਟਰਵਿਊ ਕੀਤਾ ਸੀ। ਉਹਨਾਂ ਨੇ ਕਿਹਾ ਕਿ ਪੰਜਾਬ ਵਿਚ ਸੌ ਵਿਚੋਂ ਛਿਆਨਵੇਂ ਸਿੱਖ ਗੁਰਦਵਾਰਿਆਂ ਵਿਚ ਬੈਠੇ ਹਨ। ਯਾਨੀ ਧਾਰਮਕ ਝੁਕਾਅ ਵਾਲੇ ਹਨ। ਅਸੀਂ ਸਿਰਫ ਚਾਰ ਫੀਸਦੀ ਸਾਂਭੀ ਬੈਠੇ ਹਾਂ। ਸਗੋਂ ਸਾਨੂੰ ਫਿਕਰ ਹੈ ਕਿ ਕਿਧਰੇ ਇਹ ਚਾਰ ਵੀ ਨਾ ਗੁਆ ਬੈਠੀਏ। ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ?

– ਮੈਨੂੰ ਨਹੀਂ ਇਦਾਂ ਲੱਗਦਾ। ਉਹਨਾਂ ਵੱਲੋਂ ਭਾਵ ਛਿਆਨਵਿਆਂ ਵਿਚੋਂ ਹੀ ਟੁੱਟਣਗੇ।

? ਉਹ ਕਿਉਂ ਟੁੱਟਣਗੇ ਜੀ ? ਉਹਨਾਂ ਨੂੰ ਤੁਸੀਂ ਕੀ ਦਲੀਲ ਦਿੰਦੇ ਹੋ ਤੋੜਨ ਵਾਸਤੇ ?

– ਉਹਨਾਂ ਨੂੰ ਤੋੜਨ ਲਈ ਕਮਿਊਨਿਸਟ ਪਾਰਟੀਆਂ ਵੱਲੋਂ ਬੜੀ ਸਟਰਗਲ ਹੋ ਰਹੀ ਹੈ।

ਕਿੰਨੇ ਹੀ ਕਮਿਊਨਿਸਟ ਪਾਰਟੀਆਂ ਵੱਲੋਂ ਜਨੂੰਨਵਾਦ ਨਾਲ ਬੜੀ ਫਾਈਟ ਹੋ ਰਹੀ ਹੈ। ਸੀ.ਪੀ.ਆਈ. ਜਿਸ ਤੋਂ ਉਮੀਦ ਹੀ ਨਹੀਂ ਸੀ, ਵੀ ਤਕੜਾ ਆਹਢਾ ਲੈ ਰਹੀ ਹੈ। ਸੀ.ਪੀ.ਆਈ. (ਐਮ.ਐਲ.) ਨੇ ਵੀ ਤੇ ਸੀ.ਪੀ.ਐਮ. ਨੇ ਵੀ। ਪਰ ਸੀ.ਪੀ. ਐਮ. ਬਾਰੇ ਮੈਂ ਬਹੁਤਾ ਸੰਤੁਸ਼ਟ ਨਹੀਂ ਹਾਂ। ਵੈਸੇ ਉਹਨਾਂ ਨੇ ਨਾਂਹ ਪੱਖੀ ਰੋਲ ਵੀ ਅਦਾ ਨਹੀਂ ਕੀਤਾ।

? ਤੁਸੀਂ ਕਿਹਾ ਕਿ ਪੰਜਾਬ ਵਿਚ ਕਮਿਊਨਿਸਟ ਪਾਰਟੀਆਂ ਦੀ ਚੜ੍ਹਤ ਵਿਚ ਵਾਧਾ ਹੋ ਰਿਹਾ ਹੈ ਤੇ ਲੋਕਾਂ ਨੂੰ ਆਪਣੇ ਵੱਲ ਖਿੱਚ ਰਹੀਆਂ ਹਨ ਪਰ ਸਾਨੂੰ ਇਧਰ ਕੋਈ ਅਜਿਹੀ ਖ਼ਬਰ ਨਹੀਂ ਪਹੁੰਚਦੀ। ਕਮਿਊਨਿਸਟ ਅਖ਼ਬਾਰਾਂ ਲੋਕਪ੍ਰਿਯ ਕਿਉਂ ਨਹੀਂ ?

– ਪੰਜਾਬੀ ਦੀਆਂ ਕਮਿਊਨਿਸਟ ਅਖ਼ਬਾਰਾਂ ਨੂੰ ਉਹਨਾਂ ਦਾ ਆਪਣਾ ਕੈਡਰ ਹੀ ਪੜ੍ਹਦਾ ਹੈ। ਉਹਨਾਂ ਵਿਚ ਫਲਾਣੇ ਸਾਥੀ ਦਾ ਬਿਆਨ ਤੇ ਫਲਾਨੇ ਸਾਥੀ ਦੇ ਖਤ ਹੀ ਛਪਦੇ ਹਨ ਤੇ ਸਾਥੀ ਲੋਕ ਹੀ ਪੜ੍ਹਕੇ ਰਿਐਕਸ਼ਨ ਕਰਦੇ ਹਨ। ਤੁਸੀਂ ਰਾਤ ਦੀ ਮਹਿਫਲ ਵਿਚ ਆਪਣੀ ਇਕ ਗ਼ਜ਼ਲ ਪੜ੍ਹੀ ਸੀ ਜਿਸ ਦਾ ਸ਼ੇਅਰ ਸੀ, ‘ ਜਿਹੜੇ ਨਾ ਲਿਖਦੇ ਗੱਲ ਹਾਦਸਿਆਂ ਦੀ, ਵਿਕਦੇ ਉਹ ਅਖ਼ਬਾਰ ਹੌਲੀ ਹੌਲੀ।’ ਬਸ ਇੰਜੇ ਸਮਝੋ ਕਿ ਕਮਿਊਨਿਸਟ ਅਖ਼ਬਾਰਾਂ ਲੋਕਾਂ ਦੀ ਦਿਲਚਸਪੀ ਦੀਆਂ ਗੱਲਾਂ ਨਹੀਂ ਲਿਖਦੀਆਂ। ਇਹ ਲੋਕਾਂ ਦੀਆਂ ਅਖ਼ਬਾਰਾਂ ਬਣ ਹੀ ਨਹੀਂ ਸਕੀਆਂ। ਉਂਜ ਬੁਰਜਵਾ ਪ੍ਰੈੱਸ ਦੀ ਇਕ ਚਾਲ ਜਿਹੀ ਵੀ ਹੈ ਕਿ ਇਸ ਲੜਾਈ ਵਿਚੋਂ ਕਿਤੇ ਕਾਮਰੇਡ ਨਾਮਣਾ ਨਾ ਖੱਟ ਜਾਣ। ਸੋ ਉਹਨਾਂ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਕਮਿਊਨਿਸਟ ਪਾਰਟੀਆਂ ਦੀ ਖ਼ਬਰ ਨੂੰ ਡਿਸਟੌਰਟ ਕਰਕੇ ਛਾਪਦੇ ਹਨ। ਕਾਮਰੇਡਾਂ ਦੇ ਆਪਸੀ ਵਖਰੇਵਿਆਂ ਨੂੰ ਉਛਾਲਦੇ ਹਨ। ਇਹਨਾਂ ਦੀ ਕੰਮ ਦੀ ਖ਼ਬਰ ਉਹ ਲਾਉਂਦੇ ਹੀ ਨਹੀਂ। ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ। ਅੱਤਵਾਦੀਆਂ ਨੇ ਇਕ ਨਕਸਲੀਆਂ ਦਾ ਬੰਦਾ ਮਾਰ ਦਿੱਤਾ। ਮਾਰ ਕੇ ਉਹਨਾਂ ਇਸ਼ਤਿਹਾਰ ਵੀ ਵੰਡ ਦਿੱਤੇ ਕਿ ਜਿਹੜਾ ਉਹਦੀ ਅਰਥੀ ਨਾਲ ਗਿਆ, ਉਹਦੇ ਨਾਲ ਅਸੀਂ ਸਿਝਾਂਗੇ। ਪਰ ਤਿੰਨ ਚਾਰ ਪਿੰਡਾਂ ਦੇ ਲੋਕ ਗਏ। ਅਗਾਂਹ ਵਧੂ ਲਹਿਰਾਂ ਵਿਚ ਕੋਈ ਗੱਲ ਸੀ ਤਾਂ ਹੀ ਗਏ। ਖ਼ੈਰ ਬੀ.ਐਸ.ਐਫ. ਤੇ ਪੰਜਾਬ ਪੁਲੀਸ ਦੇ ਟੈਰਰ ਦੇ ਬਾਵਜੂਦ ਉਹਨਾਂ ਨੇ ਉਹ ਬੰਦੇ ਭਾਲ਼ੇ ਤੇ ਤਿੰਨਾਂ ਵਿਚੋਂ ਦੋ ਮਾਰ ਦਿੱਤੇ। ਤੀਜੇ ਦੀ ਪਿੱਠ ਵਿਚ ਗੋਲੀ ਲੱਗੀ। ਇਹ ਖ਼ਬਰ ਉਹਨਾਂ ਸਾਰੀਆਂ ਅਖ਼ਬਾਰਾਂ ਨੂੰ ਸਰਕੂਲੇਟ ਕੀਤੀ। ਤੁਸੀਂ ਹੈਰਾਨ ਹੋਵੋਂਗੇ ਕਿ ‘ਜੱਗਬਾਣੀ’ ਤੋਂ ਸਿਵਾਏ ਕਿਸੇ ਨੇ ਵੀ ਖ਼ਬਰ ਨਹੀਂ ਲਾਈ। ਕਮਿਊਨਿਸਟ ਅਖ਼ਬਾਰਾਂ ਨੇ ਤਾਂ ਖ਼ੈਰ ਲਾਉਣੀ ਹੀ ਸੀ। ਸੋ ਇਹ ਸੋਚੀ ਸਮਝੀ ਚਾਲ ਵੀ ਹੋ ਸਕਦੀ ਹੈ ਕਿ ਕਿਧਰੇ ਕਾਮਰੇਡ ਨਾ ਨਾਮਣਾ ਖੱਟ ਜਾਣ ਇਸ ਲੜਾਈ ਵਿਚੋਂ।

? ਤੁਹਾਡੀ ਇਕ ਨਜ਼ਮ ‘ਮਰਦ ਮੇਰਾ ਸਿਰ ’ਤੇ ਨਹੀਂ ਰਿਹਾ’ ਮਿਆਰੀ ਕਵਿਤਾ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਦੁਖਾਂਤ ਤੋਂ ਬਾਅਦ ਖਤਮ ਹੋ ਜਾਵੇਗੀ ਤੇ ਇਹ ਸਿਰਫ ਰੈਫਰੈਂਸ ਲਈ ਹੀ ਵਰਤੀ ਜਾਵੇਗੀ। ਕੀ ਤੁਸੀਂ ਕੋਈ ਇਹੋ ਜਿਹੀ ਨਜ਼ਮ ਲਿਖੀ ਹੈ ਜਿਹੜੀ ਚਿਰ-ਜੀਵੀ ਹੋਵੇ ?

– ਮੈਂ ਅਜਿਹੀ ਕੋਈ ਨਜ਼ਮ ਨਹੀਂ ਲਿਖੀ। ਥੋੜ-ਚਿਰਾ ਪ੍ਰਭਾਵ ਹੀ ਹੁੰਦਾ ਉਹਨਾਂ ਦਾ। ਇਸ ਗੱਲ ਵਾਸਤੇ ਬਾਬੇ ਨਾਨਕ ਵਰਗਾ ਟੇਲੰਟ ਚਾਹੀਦਾ ਹੈ।

? ਤੁਸੀਂ ਬੜਾ ਘੱਟ ਲਿਖਦੇ ਹੋ। ਕਿਉਂ ?

– ਮੈਨੂੰ ਸੰਤੁਸ਼ਟਤਾ ਨਹੀਂ ਹੈ। ਮੈਨੂੰ ਸਦਾ ਇਹ ਸ਼ਿਕਾਇਤ ਰਹੀ ਹੈ ਕਿ ਸਾਡੀਆਂ ਨਜ਼ਮਾਂ ਸੀਮਤ ਜਿਹੇ ਲੋਕ ਹੀ ਪੜ੍ਹਦੇ ਹਨ। ਉਹੋ ਵਾਹਵਾ ਕਰਦੇ ਹਨ, ਚਿੱਠੀਆਂ ਲਿਖਦੇ ਹਨ। ਉਹੋ ਕਵੀ ਦਰਬਾਰਾਂ ਵਿਚ ਤਾਰੀਫ ਦੀਆਂ ਤਾਲੀਆਂ ਮਾਰਦੇ ਹਨ। ਆਮ ਲੋਕਾਂ ਤੱਕ ਪੁੱਜਦੀ ਹੀ ਨਹੀਂ ਸਾਡੀ ਨਜ਼ਮ ਜਾਂ ਧਾਰਾ। ਇਹ ਮਜ਼ਾ ਚਾਰ-ਪੰਜ ਸਾਲ ਤਾਂ ਰਹਿੰਦਾ ਹੈ ਤੇ ਫਿਰ ਬੰਦਾ ਸਟੈਗਨੈਂਟ ਹੋਇਆ ਸਮਝਦਾ ਹੈ। ਸਾਡੀ ਸਾਰੀ ਪਹੁੰਚ ਵਿਚ ਕਿਤੇ ਗਲਤੀ ਰਹਿ ਗਈ ਹੈ। ਮੇਰਾ ਭਾਵ ਹੈ ਕਿ ਸਾਡੀ ਕਵਿਤਾ ਵਿਚ ਤੇ ਸਾਡੀ ਧਾਰਾ ਵਿਚ ਵੀ।



## ਸੰਤ ਸਿੰਘ ਸੇਖੋਂ

? ਬਾਹਰ ਰਚਿਆ ਜਾਂਦਾ ਪੰਜਾਬੀ ਸਾਹਿਤ ਜੇ ਤੁਸਾਂ ਪੜ੍ਹਿਆ ਹੈ ਤਾਂ ਇਹ ਕਿਹੋ ਜਿਹਾ ਤੇ ਕਿਹੜੇ ਕਿਹੜੇ ਲੇਖਕ ਤੁਹਾਨੂੰ ਪ੍ਰਭਾਵਿਤ ਕਰਦੇ ਹਨ ?

– ਮੈਂ ਏਨਾ ਜ਼ਿਆਦਾ ਤਾਂ ਨਹੀਂ ਪੜ੍ਹਿਆ। ਮੈਂ ਰਘਬੀਰ ਢੰਡ ਦੀਆਂ ਕਹਾਣੀਆਂ ਪੜ੍ਹੀਆਂ ਹਨ ਤੇ ਉਹਨਾਂ ਦਾ ਮੈਂ ਚੰਗਾ ਮੁੱਲ ਵੀ ਪਾਇਆ। ਉਹਦੀ ਕਿਤਾਬ ਨੂੰ ਭਾਸ਼ਾ ਵਿਭਾਗ ਦਾ ਇਨਾਮ ਵੀ ਮਿਲਿਆ। ਮੈਂ ਵੀ ਜੱਜਾਂ ਵਿਚੋਂ ਇਕ ਸਾਂ। ਸ਼ੇਰ ਜੰਗ ਜਾਂਗਲੀ ਵੀ ਮੈਨੂੰ ਠੀਕ ਲੱਗਦਾ। ਤੁਹਾਡੇ ਪ੍ਰੀਤ ਲੜੀ ਤੇ ਹੋਰ ਪਤਰਾਂ ਵਿਚ ਛਪਦੇ ਲੇਖ ਮੈਂ ਬੜੀ ਦਿਲਚਸਪੀ ਨਾਲ ਪੜ੍ਹਦਾਂ। ਯੂਰਪੀਅਨ ਮੁਲਕਾਂ ਬਾਰੇ ਬੜੀ ਤਕੜੀ ਜਾਣਕਾਰੀ ਬਹੁਤ ਚੰਗੇ ਤੇ ਸੁਚੱਜੇ ਢੰਗ ਨਾਲ ਦਿੰਦੇ ਹੋ। ਮੈਂ ਤਾਂ ਸਗੋਂ ਤੁਹਾਨੂੰ ਕਹਿਣਾ ਚਾਹੁੰਨਾ ਕਿ ਇਥੋਂ ਦੀ ਗੱਲ ਕਰਦਿਆਂ ਤੁਸੀਂ ਇਥੋਂ ਦੀ ਤੇ ਪੰਜਾਬ ਦੀ ਹਾਲਤ ਦਾ ਮੁਕਾਬਲਾ ਵੀ ਕਰਿਆ ਕਰੋ ਤੇ ਸਾਨੂੰ ਸੁਝਾਅ ਵੀ ਦਿਆ ਕਰੋ। ਵੈਸੇ ਤਾਂ ਇਹਨਾਂ ਲੇਖਾਂ ਵਿਚ ਸੁਨੇਹਾ ਚੰਗੇਰੀ ਦੁਨੀਆ ਸਿਰਜਣ ਦਾ ਹੈ। ਹੋਰ ਤਾਂ ਮੈਨੂੰ ਕੋਈ ਨਾਂ ਯਾਦ ਨਹੀਂ ਆਉਂਦਾ।

? ਕੀ ਪ੍ਰੀਤਮ ਸਿੱਧੂ ਨੂੰ ਪੜ੍ਹਿਆ ਹੈ ?

– ਪ੍ਰੀਤਮ ਲੰਡੇ ਨੂੰ ਪੜ੍ਹਿਆ ਹੈ।

? ਸ਼ਿਵਚਰਨ ਗਿੱਲ ਦੀਆਂ ਕਹਾਣੀਆਂ ਪੜ੍ਹੀਆਂ ਹਨ ?

– ਮੈਨੂੰ ਯਾਦ ਨਹੀਂ। ਹਾਂ, ਕੈਲਾਸ਼ ਪੁਰੀ ਦੇ ਲੇਖ ਪੜ੍ਹੇ ਹਨ, ਸੈਕਸ ਬਾਰੇ ਜਾਨੀ ਸੇਜ ਉਲਝਣਾਂ ਬਾਰੇ ਪਰ ਇਹ ਕੋਈ ਨਵੀਆਂ ਗੱਲਾਂ ਨਹੀਂ ਹਨ। ਇਦਾਂ ਦੀ ਸਲਾਹ ਦੇਣੀ ਕੋਈ ਮਾੜੀ ਗੱਲ ਵੀ ਨਹੀਂ ਹੈ। ਪਰ ਉਹ ਗੱਲ ਨੂੰ ਵਧੇਰੇ ਲਮਕਾਉਂਦੀ ਹੈ। ਡਾਕਟਰ ਜਸਵੰਤ ਗਿੱਲ ਦਿਆਂ ਲੇਖਾਂ ਨੇ ਵੀ ਪੰਜਾਬੀ ਸਾਹਿਤ ਵਿਚ ਬੜਾ ਤਕੜਾ ਰੋਲ ਅਦਾ ਕੀਤਾ ਹੈ।

? ਤੁਹਾਡੀ ਕਹਾਣੀ ‘ਪ੍ਰੇਮੀ ਦੇ ਨਿਆਣੇ’ ਮੇਰੀਆਂ ਨਜ਼ਰਾਂ ਵਿਚ ਪੰਜਾਬੀ ਕਹਾਣੀ ਤੇ ਸਾਹਿਤ ਵਿਚ ਇਕ ਮਾਸਟਰ ਪੀਸ ਹੈ। ਮੈਂ ਇਹ ਕਹਾਣੀ ਕਈਆਂ ਉਹਨਾਂ ਲੋਕਾਂ ਨੂੰ ਸੁਣਾਈ ਹੈ ਜਿਹੜੇ ਸਮਝਦੇ ਹਨ ਕਿ ਪੰਜਾਬੀ ਵਿਚ ਕੋਈ ਪਤੇ ਦੀ ਕਹਾਣੀ ਨਹੀਂ ਲਿਖੀ ਜਾਂਦੀ। ਇਹੋ ਜਿਹੀ ਮਨ ਵਿਚ ਖੁੱਭ ਜਾਣ ਵਾਲੀ ਕਹਾਣੀ ਹੋਰ ਕਿਹੜੇ ਕਿਹੜੇ ਪੰਜਾਬੀ ਲੇਖਕ ਨੇ ਲਿਖੀ ਹੈ ?

– ਮੈਥੋਂ ਪਿਛੋਂ ਸੰਤੋਖ ਸਿੰਘ ਧੀਰ ਤੇ ਕੁਲਵੰਤ ਸਿੰਘ ਵਿਰਕ ਨੇ ਵੀ ਕਈ ਅਜਿਹੀਆਂ ਕਹਾਣੀਆਂ ਲਿਖੀਆਂ ਹਨ ਜਿਹਨਾਂ ਨੇ ਲੋਕਾਂ ਤੋਂ ਬੜਾ ਆਦਰ ਪ੍ਰਾਪਤ ਕੀਤੈ। ਪੰਜਾਬ ਦੇ ਜੀਵਨ ਦਾ ਬੜਾ ਪਿਆਰਾ ਔਰ ਸਹੀ ਨਕਸ਼ਾ ਖਿਚਿਆ। ਮੈਂ ਆਪਣੀ ਕਿਤਾਬ ‘ਅੱਧੀ ਵਾਟ’ ਦੀ ਭੂਮਿਕਾ ਵਿਚ ਲਿਖਿਆ ਸੀ ਕਿ ਤੁਸੀਂ ਮੇਰੀਆਂ ਕਹਾਣੀਆਂ ਵਿਚ ਕਿਸੇ ਮੰਗਤੇ ਨੂੰ ਨਹੀਂ ਵੇਖੋਂਗੇ। ਮੇਰੀਆਂ ਕਹਾਣੀਆਂ ਵਿਚ ਵੇਸਵਾਵਾਂ ਨਹੀਂ ਹੋਣਗੀਆਂ। ਮੇਰੀਆਂ ਕਹਾਣੀਆਂ ਵਿਚ ਹਾਰੇ ਹੋਏ ਲੋਕ ਨਹੀਂ ਆਉਂਦੇ। ਜੇ ਗਰੀਬ ਵੀ ਹਨ ਤਾਂ ਉਹ ਜਾਨ ਵਾਲੇ ਹਨ। ਸਾਡੇ ਲੇਖਕਾਂ ਦੀਆਂ ਕਹਾਣੀਆਂ ਦੇ ਪਾਤਰ ਰੋਂਦੇ ਕੁਰਲਾਂਦੇ ਹਨ। ਜਿਹੜੇ ਲੋਕ ਮਾੜੀ ਸਥਿਤੀ ਉੱਤੇ ਰੋਂਦੇ ਹਨ ਉਹ ਉਸ ਸਥਿਤੀ ਤੋਂ ਉਤਾਂਹ ਨਹੀਂ ਉੱਠ ਸਕਣਗੇ। ਇਕ ਕੰਜਰੀ ਤੇ ਮੰਗਤੇ ਨਾਲ ਹਮਦਰਦੀ ਕਰਨੀ ਕਿ ਸਮਾਜ ਨੇ ਇਹਨਾਂ ਨਾਲ ਬੁਰੀ ਕੀਤੀ ਸੀ, ਠੀਕ ਗੱਲ ਨਹੀਂ ਹੈ। ਉਹਨਾਂ ਦੇ ਆਪਣੇ ਵਿਚ ਵੀ ਕੋਈ ਕਮਜ਼ੋਰੀ ਜ਼ਰੂਰ ਹੁੰਦੀ ਹੈ ਕਿ ਉਹ ਇਸ ਸਥਿਤੀ ਵਿਚ ਆ ਗਏ ਹਨ। ਮੈਂ ਅਕਸਰ ਨੌਜਵਾਨ ਲੇਖਕਾਂ ਨੂੰ ਸਲਾਹ ਦਿੰਨਾ ਹੁੰਨਾ ਕਿ ਗਰੀਬਾਂ ਨੂੰ ਹਾਰੇ ਹੋਏ ਲੋਕ ਨਾ ਪੇਸ਼ ਕਰਿਆ ਕਰੋ। ਜੂਝ ਰਹੇ ਲੋਕਾਂ ਵਾਂਗ ਪੇਸ਼ ਕਰੋ।

? ਅੱਜ ਦੇ ਨੌਜਵਾਨ), ਭਗਤ ਸਿੰਘ ਤੇ ਊਧਮ ਸਿੰਘ ਦੀਆਂ ਬਰਸੀਆਂ ਮਨਾਉਣ ਲਈ

ਹਮੇਸ਼ਾ ਤਤਪਰ ਰਹਿੰਦੇ ਹਨ।

– ਨਾ ਮੈਂ ਭਗਤ ਸਿੰਘ ਨੂੰ ਏਨੀ ਮਹੱਤਤਾ ਦਿੰਨਾਂ, ਨਾ ਊਧਮ ਸਿੰਘ ਨੂੰ, ਊਧਮ ਸਿੰਘ ਨੇ ਏਨੇ ਵਰ੍ਹਿਆਂ ਬਾਅਦ ਇਕ ਬੁੜ੍ਹੇ ਆਦਮੀ ਨੂੰ ਆ ਕੇ ਮਾਰ ਦਿੱਤਾ ਜਿਹੜਾ ਪਹਿਲਾਂ ਹੀ ਮਰਿਆਂ ਨਾਲ ਦਾ ਸੀ। ਭਲਾ ਉਸ ਇਸ ਕਰਤੱਵ ਨਾਲ ਹਿੰਦੁਸਤਾਨ ਕੀ ਵੱਡਾ ਹੋ ਗਿਆ ਸੀ ?

? ਊਧਮ ਸਿੰਘ ਵਿਚ ਬਦਲਾ ਲਊ ਭਾਵਨਾ ਸੀ।

– ਇਹ ਬਚਕਾਨਾ ਗੱਲ ਸੀ।

? ਓਡਵਾਇਰ ਨੂੰ ਮਾਰਨ ਨਾਲ ਕੀ ਤੁਸੀਂ ਸਮਝਦੇ ਹੋ ਕਿ ਹਿੰਦੁਸਤਾਨ ਦੀ ਆਜ਼ਾਦੀ ਨੇੜੇ ਆ ਗਈ ਸੀ ?

– ਬਿਲਕੁਲ ਨਹੀਂ।

? ਤੁਸੀਂ ਭਗਤ ਸਿੰਘ ਨੂੰ ਮਹੱਤਤਾ ਕਿਉਂ ਨਹੀਂ ਦਿੰਦੇ ?

– ਜੇਕਰ ਭਗਤ ਸਿੰਘ ਨੇ ਜੋ ਕੀਤਾ, ਉਹ ਨਾ ਕਰਦਾ ਤਦ ਵੀ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੋਈ ਫਰਕ ਨਹੀਂ ਸੀ ਪੈਣਾ।

? ਤੇ ਸੁਭਾਸ਼ ਚੰਦਰ ਬੋਸ ?

– ਉਹਦਾ ਯੋਗਦਾਨ ਵਧੇਰੇ ਸੀ। ਸਾਥੀ ਜੀ, ਸੁਭਾਸ਼ ਚੰਦਰ ਬੋਸ ਨੇ ਹਿੰਦੁਸਤਾਨ ਵਿਚ ਇਕ ਅਜਿਹੀ ਮੁਹਿੰਮ ਚਲਾ ਦਿੱਤੀ ਸੀ ਜਿਹੜੀ ਗਾਂਧੀ ਅਤੇ ਨਹਿਰੂ ਨਾਲੋਂ ਵੱਖਰੀ ਸੀ। ਜੇਕਰ ਉਹ ਇਕ ਵੱਖਰਾ ਸੰਕਲਪ ਪੇਸ਼ ਕਰਦੇ ਸਨ ਤਾਂ ਸੁਭਾਸ਼ ਵੱਖਰਾ ਸੰਕਲਪ ਪੇਸ਼ ਕਰ ਦਿੰਦਾ ਸੀ। ਸੁਭਾਸ਼ ਦੇ ਵਿਕਲਪ ਨੇ ਅੰਗਰੇਜ਼ਾਂ ਨੂੰ ਮਜਬੂਰ ਕੀਤਾ ਸੀ ਕਿ ਉਹ ਭਾਰਤ ਛੱਡ ਜਾਣ ਕਿਉਂਕਿ ਉਹ ਸੋਚਣ ਲੱਗ ਪਏ ਸਨ ਕਿ ਜੇਕਰ ਉਹਨਾਂ ਨੇ ਇੰਝ ਨਾ ਕੀਤਾ ਤਾਂ ਭਾਰਤੀ ਲੋਕ ਸੁਭਾਸ਼ ਚੰਦਰ ਬੋਸ ਦੇ ਪਿੱਛੇ ਲੱਗ ਟੁਰਨਗੇ। ਭਗਤ ਸਿੰਘ ਦੀ ਮਹੱਤਤਾ ਏਸ ਹੱਦ ਤੱਕ ਨਹੀਂ ਜਾਂਦੀ। ਉਸ ਵਾਂਗ ਬਹੁਤ ਸਾਰੇ ਜਵਾਨਾਂ ਨੇ ਜਾਨਾਂ ਵਾਰੀਆਂ ਸਨ।

? ਜਿਹੜਾ ਕੁਝ ਪਹਿਲਾਂ ਲਿਖਿਆ ਉਸ ਬਾਰੇ ਕਦੇ ਤੁਹਾਨੂੰ ਏਦਾਂ ਵੀ ਲੱਗਾ ਕਿ ਏਦਾਂ ਨਹੀਂ ਏਦਾਂ ਲਿਖਣਾ ਚਾਹੀਦਾ ਸੀ ?

– ਹਾਂ, ਕਈ ਚੀਜ਼ ਬਾਰੇ ਏਦਾਂ ਹੁੰਦੈ। ਮਸਲਨ ਆਪਣਾ ਨਾਟਕ 'ਕਲਾਕਾਰ' ਤੇ 'ਮੋਇਆਂ ਸਾਰ ਨਾ ਕਾਈ' ਮੈਂ ਸੋਧ ਕੇ ਛਪਵਾਇਆ। ਮੈਂ ਸਾਹਿਤ ਰਚਨਾ ਨੂੰ ਇਲਹਾਮ ਨਹੀਂ ਮੰਨਦਾ ਕਿ ਇਸ ਨੂੰ ਬਦਲਿਆ ਨਹੀਂ ਜਾ ਸਕਦਾ।

? ਸੇਖੋਂ ਸਾਹਿਬ, ਪਿਛਲੇ ਕੁਝ ਸਾਲਾਂ ਵਿਚ ਮੋਹਨ ਸਿੰਘ, ਗੁਰਬਖਸ਼ ਸਿੰਘ, ਸ਼ਿਵ ਕੁਮਾਰ, ਬਾਵਾ ਬਲਵੰਤ ਟੁਰ ਗਏ। ਬੜਾ ਵੱਡਾ ਖੱਪਾ ਪੈ ਗਿਆ।

– ਬਈ ਖੱਪੇ ਪੈਂਦੇ ਹੀ ਰਹਿੰਦੇ ਨੇ ਤੇ ਭਰਦੇ ਵੀ ਰਹਿੰਦੇ ਨੇ।

## ਹਰਿਭਜਨ ਸਿੰਘ

? ਤੁਹਾਡੀ ਲੇਖਣੀ ਦੇ ਪ੍ਰੇਰਣਾ ਸਰੋਤ ਕੌਣ ਹਨ ?

– ਇਕ ਮੇਰੀ ਮਾਂ ਤੇ ਇਕ ਗੁਰਦਵਾਰਾ। ਸਾਡਾ ਘਰ ਗੁਰਬਾਣੀ ਵਾਲਾ ਸੀ। ਮੈਂ ਗੁਰਦਵਾਰੇ ਜਾ ਕੇ ਸੁਰੀਲੀ ਆਵਾਜ਼ ਵਿਚ ਗਾਉਂਦਾ ਸਾਂ। ਮੇਰੀ ਉਥੇ ਬੜੀ ਪੁੱਛ ਹੁੰਦੀ ਸੀ। ਮੈਂ ਆਸਾ ਦੀ ਵਾਰ ਵੇਲੇ ਰਾਗੀਆਂ ਨਾਲ ਗਾਉਂਦਾ ਹੁੰਦਾ ਸਾਂ। ਪਰ ਮੇਰੀ ਮਾਂ ਮੈਨੂੰ ਕਦਮ ਕਦਮ 'ਤੇ ਯਾਦ ਆਈ ਹੈ।



? ਤੁਸੀਂ ਕਿੰਨੇ ਸਾਲਾਂ ਦੇ ਸਾਓ ਜਦ ਤੁਹਾਡੀ ਮਾਂ ਮਰੀ ?

– ਮੈਂ ਉਦੋਂ ਦੂਜੀ ਜਮਾਤ ਵਿਚ ਸਾਂ। ਮੇਰੇ ਪਰਿਵਾਰ ਦਾ ਅੰਤਮ ਮੈਂਬਰ, ਮੇਰੀ ਭੈਣ ਉਦੋਂ ਮਰੀ ਜਦ ਮੈਂ ਤੀਜੀ ਜਮਾਤ ਵਿਚ ਸਾਂ। ਮਾਂ ਵੀ ਉਹ ਜਿਹੜੀ ਹੈਨੀਗੀ। ਗੈਰ-ਹਾਜ਼ਰ ਮਾਂ। ਉਸ ਦੀ ਗੈਰ-ਹਾਜ਼ਰੀ ਦੇ ਅਹਿਸਾਸ ਨੇ ਮੈਨੂੰ ਕਵੀ ਬਣਾਇਐ। ਮਾਂ ਤੋਂ ਬਾਦ ਮੇਰੇ ਵਿਚ ਡਰ ਦਾ ਅਹਿਸਾਸ ਸੀ। ਮੈਂ ਜਿਥੇ ਰਹਿੰਦਾ ਸਾਂ ਮੈਂ ਉਸ ਘਰੋਂ ਦੌੜ ਗਿਆ ਸਾਂ ਤੇ ਰਾਤ ਵੇਲੇ ਸਰਕੰਡਿਆਂ ਵਿਚਕਾਰ ਤੁਰਦਾ ਮੈਂ ਗਾਉਂਦਾ ਹੁੰਦਾ ਸਾਂ।

? ਕਈ ਵੇਰ ਆਦਮੀ ਡਰ ਨੂੰ ਪਰ੍ਹਾਂ ਕਰਨ ਲਈ ਗਾਉਣ ਲੱਗ ਪੈਂਦੈ।

– ਵਾਹ, ਬੜੀ ਵਧੀਆ ਗੱਲ ਕਹੀ ਜੇ। ਮੇਰੀ ਪੋਇਟਰੀ ਵਿਚ ਡਰ ਦਾ ਬੜਾ ਹਿੱਸਾ ਏ। ਮੈਂ ਆਪਣੇ ਡਰ ਤੋਂ ਟਰਾਂਸੈਂਡ ਕਰਨ ਵਾਸਤੇ ਕਵਿਤਾ ਲਿਖਦਾ ਤੇ ਗਾਉਂਦਾ ਹਾਂ।

? ਬਲਰਾਜ ਸਾਹਨੀ ਨੇ ਗੁਰੂ ਗ੍ਰੰਥ ਸਾਹਿਬ ਸ਼ੈਕਸਪੀਅਰ ਦੀਆਂ ਕਿਤਾਬਾਂ ਕੋਲ ਰੱਖਿਆ ਹੁੰਦਾ ਸੀ। ਇਕ ਵੇਰ ਕੁਝ ਗੁਰੂ ਗ੍ਰੰਥ ਸਾਹਿਬ ਦੇ ਪਿਆਰੇ ਜਦੋਂ ਉਹਨਾਂ ਨੂੰ ਮਿਲਣ ਗਏ ਤਾਂ ਬੜੇ ਖਫਾ ਹੋਏ। ਕੀ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਕ ਮਹਾਨ ਕਵਿਤਾ ਵਾਲੇ ਗ੍ਰੰਥ ਵਜੋਂ ਲੈਂਦੇ ਹੋ ਜਾਂ ਅਛੂਹ ਤੇ ਪਵਿਤਰ ਧਾਰਮਕ ਪੁਸਤਕ ਵਜੋਂ ?

– ਏਸ ਗੱਲੋਂ ਤਾਂ ਮੇਰੀ ਪਤਨੀ ਵੀ ਮੇਰੇ ਨਾਲ ਖਫਾ ਹੋ ਜਾਂਦੀ ਹੈ। ਸੋ ਮੈਂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਬਣਵਾ ਲੈਂਦਾ ਹਾਂ। ਮੇਰੇ ਘਰ ਕੋਈ ਸਿਗਰਟ ਵੀ ਨਹੀਂ ਪੀ ਸਕਦਾ। ਮੇਰੀ ਘਰਵਾਲੀ ਨਾਰਾਜ਼ ਹੋ ਜਾਂਦੀ ਹੈ। ਉਹ ਸ਼ਿਵ ਕੁਮਾਰ ਬਟਾਲਵੀ ਨੂੰ ਬਹੁਤ ਪਿਆਰ ਕਰਦੀ ਸੀ। ਉਹ ਕਈ ਵੇਰ ਸਾਡੇ ਘਰ ਆਇਆ। ਰੋਟੀ ਖਾਂਦਾ ਸੀ, ਸੌਂਦਾ ਸੀ ਪਰ ਸਿਗਰਟ ਨਹੀਂ ਸੀ ਪੀ ਸਕਦਾ। ਵਿਚਾਰਾ ਬਾਹਰ ਖੜ ਕੇ ਸਿਗਰਟ ਪੀ ਕੇ ਆਉਂਦਾ ਸੀ। ਤੁਹਾਡੀ ਗੱਲ ਵੱਲ ਪਰਤੀਏ ਤਾਂ ਮੈਂ ਆਖਾਂਗਾ ਕਿ ਗੁਰਬਾਣੀ ਸਮਝਣ ਵਾਲੀ ਕਵਿਤਾ ਹੈ। ਇਸ ਵਿਚ ਅਨੂਠਾ ਅਨੰਦ ਹੈ।

? ਪੜ੍ਹਨ ਵਜੋਂ ਤੁਹਾਡਾ ਬਚਪੱਨ ਵਿਚ ਕਿਸ ਕਿਸਮ ਦੇ ਸਾਹਿਤ ਵਿਚ ਸ਼ੌਂਕ ਸੀ ?

– ਕਿੱਸਿਆਂ ਵਿਚ ਕਾਦਰ ਯਾਰ ਤੇ ਰੂਪ ਬਸੰਤ ਨੂੰ ਮੈਂ ਬੜੇ ਧਿਆਨ ਨਾਲ ਪੜ੍ਹਿਐ। ਦੋਹਾਂ ਵਿਚ ਘਰੋਂ ਨੱਸੇ ਹੋਏ ਲੋਕਾਂ ਦਾ ਜ਼ਿਕਰ ਹੈ। ਮੈਂ ਇਸੇ ਨੁਕਤਾ ਨਿਗਾਹ ਤੋਂ ਸਾਰਾ ਪੰਜਾਬੀ ਸਾਹਿਤ ਸਟੱਡੀ ਕੀਤੈ। ਮੈਂ ਚੂੰਕਿ ਆਪਣੇ ਆਪ ਨੂੰ ਆਈਡੈਂਟੀਫਾਈ ਹੀ ਘਰੋਂ ਨੱਸੇ ਲੋਕਾਂ ਨਾਲ ਕਰਦਾ ਹਾਂ। ਇਹ ਮੇਰੇ ਬਚਪੱਨ ਦੇ ਤਿੱਖੇ ਅਹਿਸਾਸਾਂ ਦੀ ਦੇਣ ਹੈ। ਹੀਰ ਦਾ ਰਾਂਝਾ ਘਰੋਂ ਨੱਸਿਆ ਹੋਇਆ ਸੀ। ਮੈਂ ਤੁਹਾਡੇ ਬਾਰੇ ਵੀ ਏਦਾਂ ਹੀ ਸੋਚਦਾਂ ਕਿ ਪੰਜਾਬ ਦੇ ਬੰਦੇ ਘਰੋਂ ਰੋਟੀ ਕਮਾਉਣ ਲਈ ਨੱਸੇ ਹੋਏ ਹਨ। ਇਕ ਹੋਰ ਦਿਲਚਸਪ ਗੱਲ ਸੁਣਾਵਾਂ ਕਿ ਇਕਬਾਲ ਦੀ ਬਰਸੀ ਉੱਤੇ ਮੈਨੂੰ ਜਵਾਹਰਲਾਲ ਨਹਿਰੂ ਯੂਨੀਵਰਸਟੀ ਵੱਲੋਂ ਪੇਪਰ ਲਿਖਣ ਲਈ ਆਖਿਆ ਗਿਆ। ਮੈਂ ਤਰਾਨਾ-ਏ-ਹਿੰਦ, 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਉੱਤੇ ਪੰਦਰਾਂ ਸਫੇ ਦਾ ਅੰਗਰੇਜ਼ੀ ਵਿਚ ਪੇਪਰ ਲਿਖਿਆ। 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਇਥੋਂ ਤਕ ਠੀਕ ਹੈ। ਫਿਰ ਇਕਬਾਲ ਕਹਿੰਦਾ ਹੈ, 'ਹਮ ਬੁਲਬੁਲੇਂ ਹੈਂ ਇਸ ਕੀ, ਯੇਹ ਗੁਲਸਤਾਂ ਹਮਾਰਾ' ਸੁਆਲ ਹੈ ਕਿ ਬੁਲਬੁਲ ਪਰਿੰਦਾ ਆਪਣੇ ਘਰ ਸਾਰਾ ਵਕਤ ਨਹੀਂ ਰਹਿੰਦਾ। ਉਹ ਆਂਡੇ ਦੇ ਕੇ ਬਾਹਰ ਰਹਿੰਦਾ ਹੈ, ਇਹ ਮਾਈਗਰੇਟਰੀ ਬ੍ਰਡ ਹੈ। ਇਕਬਾਲ ਦੇ ਦਿਮਾਗ ਵਿਚ ਸੀ ਕਿ ਉਹ ਘਰੋਂ ਟੁੱਟਾ ਹੋਇਆ ਸੀ। 'ਗੁਰਬਤ ਮੇਂ ਹੋ ਅਗਰ ਰਹਿਤਾ ਹੈ ਦਿਲ ਵਤਨ ਮੇਂ'। ਗੁਰਬਤ ਮਾਅਨੇ ਪ੍ਰਦੇਸ। ਭਾਵ ਅਸੀਂ ਪ੍ਰਦੇਸ ਵਿਚ ਹੋਈਏ ਤਾਂ ਵਤਨ ਨੂੰ ਯਾਦ ਕਰੀਦਾ ਹੈ।

**ਬਾਕੀ ਪੰਨਾ ਨੰ: 64 'ਤੇ**

# ਮੈਂ ਏ ਟੀ ਐੱਮ ਨਹੀਂ/ਮੇਜਰ ਮਾਂਗਟ

ਸਿਮਰ ਨੇ ਇਹ ਸਤਰਾਂ ਉਨ੍ਹਾਂ ਬੈਨਰਾਂ ਤੇ ਲਿਖੀਆਂ ਪੜ੍ਹੀਆਂ, ਜੋ ਟੋਰਾਂਟੋ ਦੀਆਂ ਸੜਕਾਂ ਤੋਂ ਗੁਜ਼ਰ ਰਹੇ ਸਨ। ਉਸ ਵਕਤ ਉਹ ਕੰਮ ਤੇ ਜਾਣ ਲਈ ਤਿਆਰ ਹੋ ਰਹੀ ਸੀ ਅਤੇ ਇਹ ਸਾਰਾ ਕੁੱਝ ਟੈਲੀਵੀਯਨ ਤੇ ਦਿਖਾਇਆ ਜਾ ਰਿਹਾ ਸੀ। ਉਸ ਨੇ ਟੋਸਟਰ 'ਚੋਂ ਬਰੈੱਡ ਕੱਢ ਕੇ ਸੈਂਡਵਿਚ ਬਣਾਇਆ। ਲੰਚ ਬੈਗ ਵਿੱਚ ਫਰੂਟ ਪਾਉਂਦਿਆਂ ਉਹ ਚਾਹ ਵੀ ਪੀਂਦੀ ਰਹੀ, ਜਿਵੇਂ ਉਹ ਕੋਈ ਮਸ਼ੀਨ ਹੋਵੇ।

ਦੋਨੋਂ ਚੁੱਲੇ ਅਜੇ ਗਰਮ ਪਏ ਸਨ, ਬਿਲਕੁਲ ਉਸਦੇ ਹਿਰਦੇ ਵਾਂਗ। ਚੁੱਲਿਆਂ ਨੇ ਤਾਂ ਹੌਲੀ ਹੌਲੀ ਠੰਢੇ ਹੋ ਜਾਣਾ ਸੀ ਪਰ ਆਪਣੇ ਹਿਰਦੇ ਦਾ ਉਹ ਕੀ ਕਰਦੀ ? ਉਸ ਨੂੰ ਪਤਾ ਸੀ ਕਿ ਉੱਪਰ ਬੈੱਡਰੂਮ ਵਿੱਚ ਬੈਠੀ ਸੱਸ ਉਸੇ ਦੀਆਂ ਬਿੜਕਾਂ ਲੈ ਰਹੀ ਹੋਵੇਗੀ। "ਉਸਦੀ ਸੁਰਤ ਪਾਠ ਨਾਲੋਂ ਵਧੇਰੇ ਮੇਰੇ ਵਿੱਚ ਰਹਿੰਦੀ ਆ" ਉਸ ਨੇ ਖੁਦ ਨੂੰ ਹੀ ਕਿਹਾ।

'ਦੋ ਘੜੀਆਂ ਸੋਫੇ ਤੇ ਅਰਾਮ ਨਾਲ ਬੈਠ ਕੇ ਚਾਹ ਪੀਣੀ ਵੀ ਨਸੀਬ ਨਹੀਂ ਹੁੰਦੀ। ਐੱਮ ਏ ਇੰਗਲਿਸ਼ ਦੀ ਕੀਤੀ ਵੀ ਪੈ ਗੀ ਖੂਹ ਖਾਤੇ। ਜਵਾਨੀ ਲੂਣ ਦੀ ਡਲੀ ਵਾਂਗੂ ਕਦੋਂ ਖੁਰ ਗੀ ਪਤਾ ਈ ਨੀ ਚੱਲਿਆ। ਦਸ ਸਾਲ ਤਾਂ ਹੋ ਗੇ ਕੈਨੇਡਾ ਆਈ ਨੂੰ। ਉਸੇ ਮੈਗਨਾ ਕੰਪਨੀ 'ਚ ਧੱਕੇ ਖਾਈ ਜਾਂਦੀ ਆਂ, ਜਿਸ ਬਾਰੇ ਕੁੜੀਆਂ ਹੁੱਬ ਹੁੱਬ ਕੇ ਦੱਸਦੀਆਂ ਕਿ ਉਹ ਉੱਤਰੀ ਅਮਰੀਕਾ ਦੀ ਸਭ ਤੋਂ ਮਸ਼ਹੂਰ, ਕਾਰਾਂ ਦੇ ਪੁਰਜ਼ੇ ਬਣਾਉਣ ਵਾਲੀ ਕੰਪਨੀ 'ਚ ਕੰਮ ਕਰਦੀਆਂ ਨੇ। ਜਿੱਥੇ ਬੈਨੀਫਿੱਟ ਵੀ ਪੂਰੇ ਮਿਲਦੇ ਨੇ ਤੇ ਯੂਨੀਅਨ ਵੀ ਆ। ਪਰ ਕੱਟੇ ਨੂੰ ਮਣ ਦੁੱਧ ਦਾ ਕੀ ਭਾਅ ?'

'ਪਰ ਇਹ ਯੂਨੀਅਨਾਂ ਘਰਾਂ 'ਚ ਕਿਉਂ ਨਹੀਂ ਹੁੰਦੀਆਂ। ਕੀ ਔਰਤ ਦੇ ਹੱਕ ਸਿਰਫ ਅੱਠ ਘੰਟੇ ਹੀ ਹੁੰਦੇ ਨੇ ? ਜੋ ਬਾਕੀ ਸਮਾਂ ਡਾਕਾ ਪੈਂਦਾ ਹੈ ਉਸ ਬਾਰੇ ਕੋਈ ਕਿਉਂ ਨੀ ਸੋਚਦਾ ?' ਸਿਮਰ ਦੀ ਵੱਢੀ ਰੂਹ ਨਹੀਂ ਸੀ ਕਰਦੀ ਕਿ ਅੱਜ ਕੰਮ ਤੇ ਜਾਵੇ। ਪਰ ਘਰ ਰਹਿਣਾ ਤਾਂ ਉਸ ਤੋਂ ਵੀ ਵੱਡਾ ਨਰਕ ਸੀ। ਉਸਦਾ ਜੀ ਕੀਤਾ ਕਿ ਚਾਹ ਵਾਲਾ ਕੱਪ ਚਲਾ ਕੇ ਸਿੰਕ 'ਚ ਮਾਰੇ। ਫੇਰ ਅਤੀਤ ਭਾਰੂ ਹੋ ਗਿਆ।

ਪਿੰਡ ਬਰਸਾਲ। ਸੂਬੇਦਾਰ ਸ਼ਿੰਗਾਰਾ ਸਿੰਘ ਦੀ ਧੀ। ਇੱਕ ਭਰਾ ਅਤੇ ਦੋ ਨਿੱਕੀਆਂ ਭੈਣਾਂ। ਮਾਂ ਪ੍ਰਕਾਸ਼ ਕੌਰ ਨੂੰ ਸਾਰੇ ਪਾਸ਼ੋ ਹੀ ਕਹਿ ਕੇ ਸੱਦਦੇ। ਮਾਤਾ ਪਿਤਾ ਦੋਨੋਂ ਸਖਤ ਮਿਹਨਤੀ। ਪਿਉ ਸ਼ਿੰਗਾਰਾ ਸਿੰਘ ਨੇ ਫੌਜ ਵਿੱਚੋਂ ਰਿਟਾਇਰ ਹੋ ਕੇ ਖੇਤੀਬਾੜੀ ਦਾ ਕੰਮ ਸੰਭਾਲ ਲਿਆ ਸੀ। ਉਹ ਦੋ ਏਕੜ ਜ਼ਮੀਨ ਵਿੱਚ ਹੀ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਆਮਦਨ ਘੱਟ ਤੇ ਖਰਚੇ ਬਹੁਤੇ ਸਨ। ਉਹ ਸਾਰੀਆਂ ਭੈਣਾਂ ਸਰਕਾਰੀ ਸਕੂਲਾਂ 'ਚੋਂ ਹੁੰਦੀਆਂ ਕਾਲਜਾਂ ਤੱਕ ਪਹੁੰਚੀਆਂ। ਸਿਮਰ ਤਾਂ ਪੜ੍ਹਾਈ ਵਿੱਚ ਪ੍ਰਾਈਵੇਟ ਇੰਗਲਿਸ਼ ਸਕੂਲਾਂ ਵਾਲਿਆਂ ਨੂੰ ਵੀ ਮਾਤ ਪਾਉਂਦੀ ਸੀ ਅਤੇ ਇੰਗਲਿਸ਼ ਦੀ ਐੱਮ. ਏ. ਤੱਕ ਜਾ ਪਹੁੰਚੀ। ਸ਼ਿੰਗਾਰਾ ਸਿੰਘ ਔਖਾ ਸੌਖਾ ਹੋ ਪੜ੍ਹਾਈ ਦੇ ਖਰਚੇ ਪੂਰੇ ਕਰਦਾ ਰਿਹਾ। ਦੂਸਰੀਆਂ ਦੋਨੋਂ ਵੀ ਉਸ ਦੀ ਪੈੜ ਨੱਪਦੀਆਂ, ਕੌੜੀ ਵੇਲ ਵਾਂਗੂੰ ਵਧਦੀਆਂ ਰਹੀਆਂ। ਪਾਸ਼ੋ ਨੂੰ ਧੀਆਂ ਦੇ ਰਿਸ਼ਤਿਆਂ ਦਾ ਫਿਕਰ ਪੈਣ ਲੱਗਾ। ਤੇ ਫੇਰ ਹੋਣ ਲੱਗ ਪਈ ਸੀ ਚੰਗੇ ਰਿਸ਼ਤਿਆਂ ਦੀ ਭਾਲ।

ਇੱਕ ਦਿਨ ਅਖ਼ਬਾਰ ਫਰੋਲਦਿਆਂ ਕੈਨੇਡਾ ਵਾਲਾ ਰਿਸ਼ਤਾ ਨਜ਼ਰੀਂ ਚੜ੍ਹਿਆ। ਪਰ ਮੁੰਡਾ ਦਹਾਜੂ ਸੀ। ਨਾਂ ਸੀ ਗੁਰਦੀਪ ਤੇ ਪਹਿਲੀ ਘਰ ਵਾਲੀ ਉਸ ਨੂੰ ਛੱਡ ਗਈ ਸੀ। ਸ਼ਿੰਗਾਰਾ ਸਿੰਘ ਨੂੰ ਲੱਗਿਆ ਕਿ ਕੀ ਫਰਕ ਪੈਂਦਾ ਏ। 'ਕੁੜੀ ਕੈਨੇਡਾ ਨਿੱਕਲਦੀ ਆ। ਦੂਸਰੀਆਂ ਦਾ ਵੀ ਕੁੱਝ ਬਣ ਜਾਊ। ਗੱਲ ਕਰਨ 'ਚ ਭਲਾਂ ਕੀ ਹਰਜ਼ ਆ' ਉਹ ਸਿਮਰਤ ਦੇ ਮਾਮੇ ਕੋਲ ਦੌੜਿਆ। ਉਸ ਨੇ ਵੀ ਇਹ ਹੀ ਰਾਇ ਦਿੱਤੀ ਕਿ "ਜੇ ਉਹ ਤਲਾਕਸ਼ੁਦਾ ਏ ਤਾਂ ਕੀ ਹੋਇਆ। ਕੁੜੀ ਤਾਂ ਕੈਨੇਡਾ ਜਾਊ। ਚੱਲ ਆਪਾਂ ਜਾ



ਆਉਂਦੇ ਆਂ। ਤੂੰ ਹੁਣੇ ਮਿਲਾ ਫੋਨ। ਨਾਲੇ ਆਹ ਨਾਲ ਤਾਂ ਪਿੰਡ ਆ।" ਕਦੋਂ ਗਏ ਉਹ ਗਏ ਤੇ ਕਦੋਂ ਦੇਖ ਦਿਖਾਈ ਹੋ ਗਈ, ਪਤਾ ਹੀ ਨਾ ਚੱਲਿਆ।

ਉਸ ਨੇ ਵੀ ਭਾਣਾ ਮੰਨ ਲਿਆ ਕਿ ਜੋ ਹੋਊ ਦੇਖੀ ਜਾਊ। ਨਾਲੇ ਉਸ ਦੀ ਨਾਂਹ ਨੁੱਕਰ ਨੂੰ ਕਿਸ ਨੇ ਪੁੱਛਣਾ ਸੀ ? ਗੁਰਦੀਪ ਉਸ ਤੋਂ ਦਸ ਸਾਲ ਵੱਡਾ ਸੀ। ਤਲਾਕ ਦਾ ਕਾਰਨ ਕੀ ਸੀ, ਕਿਸੇ ਨੇ ਵੀ ਜਾਨਣ ਦੀ ਕੋਸ਼ਿਸ਼ ਨਾ ਕੀਤੀ। ਮਾਂ ਦੀ ਤਾਂ ਇੱਕੋ ਰਟ ਸੀ, "ਬਹੁਤੇ ਨਖਰੇ ਜਿਹੇ ਨਾ ਕਰ। ਕੁਛ ਛੋਟੀਆਂ ਦਾ ਵੀ ਸੋਚ। ਆਪਣੇ ਕੋਲ ਕਿਹੜਾ ਰੋਕੜੇ ਪਏ ਨੇ।" ਇਹ ਰੋਕੜੇ ਕੀ ਹੁੰਦੇ ਨੇ, ਉਸ ਨੂੰ ਕਦੇ ਸਮਝ ਨਹੀਂ ਸੀ ਪਈ। ਗੁਰਦੀਪ ਭਾਵੇਂ ਐਨਾ ਸੋਹਣਾ ਸੁਨੱਖਾ ਤਾਂ ਨਹੀਂ ਸੀ ਕਿ ਉਹ ਉਸ ਨੂੰ ਸੁਪਨਿਆਂ ਦਾ ਰਾਜ ਕੁਮਾਰ ਸਮਝ ਲੈਂਦੀ, ਪਰ ਓਦਾਂ ਬਣਦਾ ਤਣਦਾ ਜ਼ਰੂਰ ਸੀ।

ਸਭ ਕਹਿ ਰਹੇ ਸਨ ਕਿ ਉਹ ਕਿਸਮਤ ਦੀ ਧਨੀ ਆ ਕਿ ਕੈਨੇਡਾ ਵਾਲਾ ਰਿਸ਼ਤਾ ਮਿਲ ਗਿਆ। ਗੁਰਦੀਪ ਨੂੰ ਵੀ ਸ਼ਾਇਦ ਲੋਕੀਂ ਇਹ ਹੀ ਕਹਿੰਦੇ ਹੋਣ ਕਿ ਐੱਮ. ਏ. ਇੰਗਲਿਸ਼ ਸੋਹਣੀ ਸੁਨੱਖੀ ਕੁੜੀ ਮਿਲ ਗਈ, ਹੋਰ ਕੀ ਚਾਹੀਦੈ ? ਫੇਰ ਹਵਾਵਾਂ ਵਿੱਚ ਉੱਡਣ ਵਾਲੀ ਸਿਮਰ ਪਿੰਜਰੇ ਦਾ ਪੰਛੀ ਬਣ ਗਈ ਸੀ। ਹੁਣ ਤਾਂ ਖੰਭ ਵੀ ਫੜਫੜਾ ਨਹੀਂ ਸੀ ਸਕਦੀ, ਪਿੰਜਰਾ ਤੋੜ ਕੇ ਉੱਡਣਾ ਤਾਂ ਬਹੁਤ ਦੂਰ ਦੀ ਗੱਲ ਸੀ।

ਟੈਲੀਵੀਯਨ ਤੇ ਵੈਦਰ ਚੈਨਲ ਦੇਖਦੀ, ਉਹ ਮੌਸਮ ਦੇ ਹਿਸਾਬ ਨਾਲ ਪਹਿਨੇ ਹੋਏ ਕੱਪੜਿਆਂ ਦਾ ਅੰਦਾਜ਼ਾ ਲਾਉਣ ਲੱਗੀ। ਮਨ 'ਚ ਆਇਆ। ਜੇ ਅੱਜ ਵੀ ਸ਼ੀਲਾ ਭੈਣ ਜੀ ਨਾਲ ਰਾਈਡ ਨਾ ਮਿਲੀ ਤੇ ਬੱਸ ਚੜ੍ਹ ਕੇ ਜਾਣਾ ਪੈ ਗਿਆ।' ਸਾਰੇ ਜਿਸਮ ਵਿੱਚ ਕੰਬਣੀ ਦੀ ਤਾਰ ਜਿਹੀ ਫਿਰ ਗਈ। ਮੌਸਮ ਦਾ ਕੀ ਪਤਾ ਹੈ ਕਦ ਪਲਟੀ ਮਾਰ ਜਾਵੇ ? ਇੱਕ ਤਾਂ ਇਸ ਵਾਰ ਸਨੋਅ ਨੇ ਬਸ ਕਰਵਾਈ ਪਈ ਆ। ਤਾਪਮਾਨ ਮਾਈਨਸ ਪੈਂਤੀ ਨੂੰ ਹੱਥ ਲਾ ਕੇ ਮੁੜਿਆ ਏ। ਵਿੰਡ ਚਿੱਲ ਦਾ ਤਾਂ ਅਜੇ ਹਿਸਾਬ ਈ ਕੋਈ ਨੀ। ਉੱਪਰੋਂ ਲੋਕੀ ਕਹਿੰਦੇ ਨੇ ਕਿ ਕੈਨੇਡਾ ਵਿੱਚ ਵੈਦਰ ਤੇ ਵੋਮੈਨ ਦਾ ਕੋਈ ਭਰੋਸਾ ਨਹੀਂ। ਬੂਥਾ ਭੰਨ ਦਵੇ ਏਹੋ ਜਿਹਿਆਂ ਦਾ। ਮੇਰੇ ਤੋਂ ਤਾਂ ਅਜੇ ਤੱਕ ਮੌਸਮ ਵਾਂਗ ਕੋਈ ਪਲਟੀ ਵੱਜੀ ਨੀ। ਬਸ ਜਰੀ ਜਾ ਰਹੀ ਆਂ ਸਭ ਕੁੱਝ। ਤੇ ਹਲਟੀ ਨੂੰ ਜੁੜੇ ਬਲਦ ਵਾਂਗ ਘਰ ਤੋਂ ਕੰਮ ਤੇ ਕੰਮ ਤੋਂ ਘਰ ਨੂੰ ਘੁੰਮੀ ਜਾ ਰਹੀ ਆਂ।'

ਉਸ ਨੇ ਸੀ. ਬੀ. ਸੀ. ਤੇ ਖ਼ਬਰਾਂ ਲਾ ਲਈਆਂ। ਆਕੂਪਾਈ ਵਾਲ ਸਟਰੀਟ ਵਾਲੇ ਨਾਹਰੇ ਮਾਰਦੇ ਅੱਗੇ ਵਧ ਰਹੇ ਸਨ। ਇਨ੍ਹਾਂ ਨਾਲ ਉਹ ਯੂਨੀਅਨ ਵੀ ਸੀ ਜਿਸ ਦਾ ਫੰਡ ਉਸਦੇ ਅਕਾਊਂਟ ਵਿੱਚੋਂ ਹਰ ਮਹੀਨੇ ਆਪੇ ਹੀ ਨਿੱਕਲ ਜਾਂਦਾ। ਮਸ਼ੀਨਇਸਟਾਂ ਦੀ ਕੈਨੇਡਾ ਵਿੱਚ ਸਭ ਤੋਂ ਵੱਡੀ ਯੂਨੀਅਨ ਸੀ, ਜੋ ਉਸਦੇ ਕੰਮ ਤੇ ਵੀ ਸੀ।

ਉਸਦਾ ਪਤੀ ਬਾਕੀ ਤਾਂ ਕਦੇ ਉਸਦੀ ਤਨਖਾਹ ਬਾਰੇ ਗੱਲ ਨਾ ਕਰਦਾ, ਤਨਖਾਹ ਕਿੱਥੇ ਵਰਤਦਾ ਤੇ ਕਦੋਂ ਕਢਾਉਂਦਾ ਸਿਰਫ ਉਹ ਹੀ ਜਾਣੇ। ਪਰ ਜਿਸ ਦਿਨ ਯੂਨੀਅਨ ਦੇ ਪੰਝੱਤਰ ਡਾਲਰ ਨਿੱਕਲਦੇ ਤਾਂ ਉਹ ਜ਼ਰੂਰ ਤੜਫਦਾ ਜਿਵੇਂ ਸਾਰਾ ਕਸੂਰ ਸਿਮਰ ਦਾ ਹੀ ਹੋਵੇ। ਉਹ ਦਿਨ ਰਾਤ ਮਰਦੀ, ਕਮਾਉਂਦੀ ਪਰ ਪੇਅ ਨੂੰ ਬੁਰਕੀਆਂ ਕੋਈ ਹੋਰ ਵੱਢ ਲੈਂਦਾ। ਕੀ ਉਹ ਕੱਟੇ ਨਾਲੋਂ ਵੀ ਗਈ ਗੁਜ਼ਰੀ ਸੀ ? ਜਿਸ ਨੂੰ ਮਣ ਦੁੱਧ ਦਾ ਕੋਈ ਭਾਅ ਨਹੀਂ ਸੀ ? ਉਹ ਪੜ੍ਹੀ-ਲਿਖੀ ਔਰਤ ਹੁਣ ਅਨਪੜ੍ਹ ਅਤੇ ਲੁੱਟੀ ਜਾਣ ਵਾਲੀ ਕਿਵੇਂ ਬਣ ਗਈ ? ਮਨ ਦਾ ਤੂਫਾਨ ਹੋਰ ਤੇਜ਼ ਹੋਣ ਲੱਗਿਆ।

ਉਸ ਨੂੰ ਪਤਾ ਸੀ ਕਿ ਦਸ ਸਾਲ ਪਹਿਲਾਂ ਉਸਦੇ ਪਿਉ ਨੇ ਦੋ ਕਿੱਲੇ ਜ਼ਮੀਨ ਗਹਿਣੇ ਧਰ ਕੇ ਉਸਦਾ ਵਿਆਹ ਕੀਤਾ ਸੀ ਤੇ ਪ੍ਰਦੇਸ ਭੇਜਿਆ ਸੀ। ਵੀਹ ਲੱਖ ਰੁਪਿਆ ਤਾਂ ਇਹਨਾਂ ਨੇ ਖੁਦ ਕਹਿ ਕੇ ਝੋਲ਼ੀ ਪਵਾਇਆ ਸੀ। ਮਾਮੀ ਧੱਕੇ ਨਾਲ ਹੀ ਵਿਚੋਲਣ ਬਣ ਗਈ ਸੀ ਤੇ ਫੇਰ ਆਹ ਹੋਣਾ ਚਾਹੀਦੈ ਔਹ

ਹੋਣਾ ਚਾਹੀਦੈ। ਪਾਪਾ ਨੂੰ ਆਸ ਸੀ ਕਿ ਸਿਮਰ ਜਾ ਕੇ ਪੈਸੇ ਭੇਜ ਦੇਵੇਗੀ। ਬਾਕੀ ਲੋਕਾਂ ਵਾਂਗ ਸ਼ਾਇਦ ਉਹ ਵੀ ਸੋਚਦੇ ਹੋਣ ਕਿ ਬਾਹਰਲੇ ਮੁਲਕਾਂ ਵਿੱਚ ਪੈਸੇ ਦਰਖਤਾਂ ਨੂੰ ਲੱਗਦੇ ਨੇ। ਪਰ ਉਹ ਤਾਂ ਆ ਕੇ ਇੱਕ ਪੈਨੀ ਵੀ ਨਹੀਂ ਸੀ ਭੇਜ ਸਕੀ। ਪਾਪਾ ਤੇ ਪਰਿਵਾਰ ਦੀ ਹਾਲਤ ਬਿਲਕੁਲ ਨਿੱਘਰ ਰਹੀ ਸੀ। ਤੇ ਹੁਣ ਸਹੁਰੇ ਉਹਨਾਂ ਨੂੰ ਹੁਣ ਨੰਗ ਦੱਸਦੇ ਨੇ। ਉਸ ਨੂੰ ਆਪਣੇ ਪਤੀ ਗੁਰਦੀਪ ਤੇ ਬਹੁਤ ਗੁੱਸਾ ਆ ਰਿਹਾ ਸੀ ਜੋ ਅਕਸਰ ਲੜ ਕੇ ਤਾਹਨੇ ਦਿੰਦਾ ਕਿ 'ਮੈਂ ਤੇਰੀ ਜ਼ਿੰਦਗੀ ਬਣਾ ਤੀ।'

ਕੀ ਬਣਾ ਤੀ ਜ਼ਿੰਦਗੀ ? ਬੱਸ ਚੜ੍ਹਨਾ ਸਿਖਾਤਾ। ਸਾਂਝਾ ਅਕਾਊਂਟ ਖੁੱਲ੍ਹਵਾਉਣ ਲਈ ਬੈਂਕ ਲੈ ਗਿਆ। ਪਰ ਕਦੇ ਕੋਈ ਹੋਰ ਜਾਣਕਾਰੀ ਨਾ ਦਿੱਤੀ। ਹਮੇਸ਼ਾ ਆਪਣੀ ਮਾਂ ਦੀਆਂ ਗੱਲਾਂ ਤੇ ਅਮਲ ਕੀਤਾ ਕਿ 'ਤੀਵੀਆਂ ਨੂੰ ਬਹੁਤਾ ਭੇਤ ਨਹੀਂ ਦਈਦਾ।' ਉਸ ਨੂੰ ਤਾਂ ਕਦੇ ਬੈਂਕ ਦਾ ਕਾਰਡ ਵੀ ਨਹੀਂ ਸੀ ਫੜਾਇਆ। ਅਖੇ 'ਤੂੰ ਕੀ ਕਰਨੈ ? ਮੈਂ ਹਾਂ ਤਾਂ ਸਈ।' ਹਫਤੇ ਬਾਅਦ ਰਾਈਡ ਜਾਂ ਬੱਸ ਦੇ ਕਿਰਾਏ ਲਈ ਵੀ ਮਸਾਂ ਵੀਹ ਡਾਲਰ ਦੇਕੇ ਵੀਹ ਵਾਰ ਹਿਸਾਬ ਪੁੱਛਦੈ। ਉਹ ਤਾਂ ਕਦੇ ਬਾਹਰੋਂ ਕੌਫੀ ਵੀ ਨਾ ਖਰੀਦਦੀ, ਲੰਚ ਲੈਣਾ ਤਾਂ ਦੂਰ ਦੀ ਗੱਲ ਸੀ। ਜਦੋਂ ਕੰਮ ਵਾਲੇ ਪੈਸੇ ਇਕੱਠੇ ਕਰ ਕੇ ਕੁੱਝ ਖਾਣ ਨੂੰ ਮੰਗਵਾਉਂਦੇ ਤਾਂ ਉਸ ਨੂੰ ਅਕਸਰ ਸ਼ਰਮਿੰਦਾ ਹੋਣਾ ਪੈਂਦਾ। ਅੱਗੋਂ ਪਤੀ ਸੌ ਸਵਾਲ ਪੁੱਛਦਾ। 'ਅਖੇ ਕੀ ਲੋੜ ਸੀ। ਕਾਹਨੂੰ ਦੇਣੇ ਸੀ ?' 'ਕਮੀਨਾ ਕਿਸੇ ਥਾਂ ਦਾ।' ਅੱਜ ਉਸ ਤੋਂ ਮੱਲੋ ਮੱਲੀ ਕਹਿ ਹੋ ਗਿਆ।

ਫੇਰ ਉਹ ਸੋਚਣ ਲੱਗੀ–'ਆਪ ਤਾਂ ਇੰਡੀਆ ਨੂੰ ਪੈਸੇ ਭੇਜਣ ਲੱਗਿਆਂ ਭੋਰਾ ਕਿਰਕ ਨੀ ਕਰਦਾ। ਕਦੇ ਟੂਰਨਾਮੈਂਟ ਨੂੰ ਤੇ ਕਦੇ ਗੁਰਦੁਵਾਰੇ ਨੂੰ। ਆਪਣਾ ਨਾਂ ਚਮਕਾਉਣ ਦੀ ਤਾਂ ਬਥੇਰੀ ਭੁੱਖ ਆ। ਕਮਾਈ ਮੇਰੀ ਤੇ ਨਾਉਂ ਇਹਨਾਂ ਦਾ ਧੱਕਾ ਨਹੀਂ ਤਾਂ ਇਹ ਹੋਰ ਕੀ ਆ ? ਮੈਨੂੰ ਬਾਈ ਡਾਲਰਾਂ ਦਾ ਕੀ ਭਾਅ ? ਜਦੋਂ ਮਿਲਣਾ ਈ ਕੁੱਝ ਨਹੀਂ। ਫੇਰ ਕਿਉਂ ਲਾਵਾਂ ਮੈਂ ਉਵਰ ਟਾਈਮ ? ਮੈਂ ਕੋਈ ਮਸ਼ੀਨ ਥੋੜੋ ਆਂ। ਇਸ ਨੇ ਆਪਣਾ ਪੇਅ ਚੈੱਕ ਤਾਂ ਮੈਨੂੰ ਕਦੇ ਦਿਖਣ ਵੀ ਨਹੀਂ ਦਿੱਤਾ ਕਿ ਕਦੋਂ ਆਉਂਦਾ ਤੇ ਕਦੋਂ ਕਿੱਥੇ ਜਾਂਦਾ ਏ। ਊਂ ਅਖੇ ਸਾਡੇ ਖਾਤੇ ਸਾਂਝੇ ਨੇ।

ਇਹ ਸਾਂਝੇ ਖਾਤੇ ਵੀ ਅੰਨਾ ਖੂਹ ਹੀ ਹੁੰਦੇ ਨੇ ਜਿਸ ਵਿੱਚ ਗਿਆ ਕੁੱਝ ਵੀ ਵਾਪਿਸ ਨੀ ਆਉਂਦਾ। ਅਖੇ ਕੈਨੇਡਾ 'ਚ ਔਰਤਾਂ ਦੇ ਹੱਕ ਸੁਰੱਖਿਅਤ ਨੇ। ਏਹੋ ਜਿਹੇ ਮਰਦ ਤੀਵੀਂਆਂ ਦੀ ਕਮਾਈ ਨੂੰ ਡਕਾਰਨ ਵਾਲੇ ਏਥੇ ਵੀ ਬਥੇਰੇ ਬੈਠੇ ਨੇ। ਕਿੱਥੇ ਹੈ ਬਰਾਬਰੀ ? ਐਵੇਂ ਵਾਧੂ ਦੀਆ ਗੱਲਾਂ ਨੇ। ਮੈਂ 10.99 ਤੇ ਹਾਇਰ ਹੋਈ ਸੀ ਤੇ ਇੱਕ ਇੱਕ ਡੰਡਾ ਚੜ੍ਹਕੇ ਬਾਈ ਡਾਲਰ ਤੇ ਆ ਪਹੁੰਚੀ ਆਂ। ਆਹ ਮੇਰੇ ਹੱਥਾਂ ਦੇ ਰੱਟਣ ਗਵਾਹ ਨੇ। ਪਰ ਇਹ ਕਹਿੰਦੇ ਨੇ ਕਿ 'ਕੈਨੇਡਾ ਲਈ ਪੌੜੀ ਤਾਂ ਇਹਨਾਂ ਦੀ ਹੀ ਲਾਈ ਹੋਈ ਆ। ਨਾ ਫੇਰ ਮੈਂ ਕੀ ਹਾਂ ?' ਸੋਚ ਕੇ ਉਸਦਾ ਫੇਰ ਰੋਣ ਨਿੱਕਲ ਗਿਆ।

ਜਦੋਂ ਉਹ ਪਲਾਸਟਿਕ ਫੈਕਟਰੀ ਛੱਡ, ਮੈਗਨਾ ਵਿੱਚ ਲੱਗੀ ਸੀ ਤਾਂ ਸੋਚਦੀ ਸੀ ਕਿ ਹੁਣ ਪੈਸੇ ਆਪਣੇ ਅਕਾਊਂਟ 'ਚ ਧਰਿਆ ਕਰੂੰ। ਪਰ ਉਸ ਨੇ ਜਦੋਂ ਗੁਰਦੀਪ ਨੂੰ ਆਪਣਾ ਇਕੱਲੀ ਦਾ ਅਕਾਊਂਟ ਖੁੱਲ੍ਹਵਾਉਣ ਲਈ ਕਿਹਾ ਤਾਂ ਉਹ ਚਾਰੇ ਪੈਰ ਚੁੱਕ ਕੇ ਪਿਆ, "ਹੁਣ ਹੈਗਾ ਤਾਂ ਸਈ। ਤੈਨੂੰ ਕੀ ਲੋੜ ਪੈ ਗੀ ਅਕਾਊਂਟ ਦੀ ? ਵਾਧੂ ਦੇ ਸਰਵਿਸ ਚਾਰਜ ਲੱਗਣਗੇ" ਤੇ ਉਸ ਦਾ ਪੇਅ ਚੈੱਕ ਮੁੜ ਸਾਂਝੇ ਅਕਾਊਂਟ ਦੇ ਅੰਨੇ ਖੂਹ ਵਿੱਚ ਜਾਣ ਲੱਗਿਆ। ਉਹ ਅੱਖਾਂ ਮੀਟ, ਫੇਰ ਕੋਹਲੂ ਦੇ ਬੈਲ ਵਾਂਗੂ ਜੁਟ ਗਈ। ਘਰੋਂ ਕੰਮ ਤੇ ਕੰਮ ਤੋਂ ਘਰ। ਹੁਣ ਤਾਂ ਉਹ ਦੋ ਨਿਆਣਿਆਂ ਦੀ ਮਾਂ ਵੀ ਸੀ। ਪਰ ਸਹੁਰਿਆਂ ਲਈ ਉਹ ਅਜੇ ਵੀ ਬੇਗਾਨੀ ਧੀ ਸੀ, ਜਿਸ ਤੇ ਵਿਸ਼ਵਾਸ ਨਹੀਂ ਸੀ ਕੀਤਾ ਜਾ ਰਿਹਾ।

ਗੁਰਦੀਪ ਨੂੰ ਪਹਿਲਾਂ ਉਹ ਆਪਣਾ ਸਮਝਦੀ ਸੀ, ਪਰ ਇਹ ਵੀ ਸੱਚ ਨਹੀਂ ਸੀ। ਉਸ ਨੇ ਤਾਂ ਕਦੇ ਉਸ ਦੇ ਦਿਲ ਦੀ ਜਾਣੀ ਹੀ ਨਹੀਂ ਸੀ। ਉਸ ਦੇ ਆਪਣੇ ਤਾਂ ਸਾਰੇ ਕੈਨੇਡਾ ਵਿੱਚ ਸਨ ਪਰ ਸਿਮਰ ਦੇ ਇੰਡੀਆ ਫੋਨ ਕਰਨ ਤੇ ਉਹ ਸਭ ਤੜਫ ਉੱਠਦੇ ਕਿ ਬਿੱਲ ਵੱਧ ਆ ਜਾਊ। ਮਾਂ ਬਾਪ ਤੇ ਭੈਣ



ਭਰਾਵਾਂ ਨਾਲ ਗੱਲ ਕਰਨ ਨੂੰ ਵੀ ਉਹ ਤਰਸਦੀ ਰਹਿੰਦੀ। ਹੋਰ ਤਾਂ ਹੋਰ ਪੰਜ ਡਾਲਰ ਦਾ ਕਾਲਿੰਗ ਕਾਰਡ ਵੀ ਉਹ ਪਤੀ ਤੋਂ ਪੁੱਛੇ ਬਗੈਰ ਨਹੀਂ ਸੀ ਲੈ ਸਕਦੀ। ਜਦੋਂ ਤੋਂ ਕੈਨੇਡਾ ਆਈ ਸੀ ਲਗਾਤਾਰ ਕੰਮ ਕਰਦੀ ਸੀ। ਰੋਜ਼ ਮਰਦੀ ਸੀ। ਪਰ ਕਾਹਦੇ ਵਾਸਤੇ। ਉਸਦੇ ਅੰਦਰਲਾ ਉਸ ਨੂੰ ਲਾਹਣਤਾਂ ਪਾਉਂਦਾ।

ਗੁਰਦੀਪ ਨੇ ਆਪਣੀ ਭੈਣ ਨੂੰ ਤਾਂ ਕਾਰ ਲੈ ਕੇ ਦਿੱਤੀ ਸੀ ਪਰ ਆਪ ਉਹ ਅਜੇ ਤੱਕ ਬੱਸਾਂ 'ਚ ਧੱਕੇ ਖਾਂਦੀ ਸੀ। ਉਸ ਵਾਰੀ ਤਾਂ ਸੌ ਬਹਾਨੇ ਘੜ ਲਏ ਜਾਂਦੇ। ਅਖੇ 'ਇੰਨਸ਼ੋਰੈਂਸ ਵਧ ਜਾਊ, ਕਿਸ਼ਤ ਆਉਣ ਲੱਗ ਪਊ। ਟਰੱਕ ਦੇ ਖਰਚੇ ਬਹੁਤ ਨੇ। ਕੁੱਝ ਨੀ ਬਚਦਾ।' ਅੱਜ ਉਸਦਾ ਜੀ ਕਰਦਾ ਸੀ, ਟਰੱਕ ਯਾਰਡ ਨੂੰ ਤੁਰ ਰਹੇ ਪਤੀ ਨੂੰ ਗਲਮੇ ਤੋਂ ਫੜ ਕੇ ਪੁੱਛੇ, "ਕਿ ਨਾ ਤੁਸੀਂ ਮੈਨੂੰ ਸਮਝਿਆ ਕੀ ਆ ? ਕਿ ਇੰਡੀਆ ਤੋਂ ਕੋਈ ਗ਼ੁਲਾਮ ਲੈ ਆਏ।"

ਸ਼ੀਲਾ ਦਾ ਫੋਨ ਵੱਜਿਆ ਕਿ ਪੰਜ ਮਿੰਟ ਤੱਕ ਬਾਹਰ ਨਿੱਕਲ ਆਵੇ, ਉਹ ਆ ਰਹੀ ਹੈ। ਸਿਮਰ ਫੇਰ ਸੋਫੇ ਤੇ ਬੈਠ ਗਈ ਇਹ ਸੋਚਦੀ ਹੋਈ ਕਿ ਚਲੋ ਅੱਜ ਤਾਂ ਠੰਢ ਤੋਂ ਬਚਾਅ ਹੋ ਜਾਊ। ਪਰ ਅੰਦਰ ਮੱਚਦੀ ਲਟ ਲਟ ਅੱਗ ਦਾ ਉਹ ਕੀ ਕਰਦੀ ? ਜਦੋਂ ਵੀ ਆਪਣੇ ਮਾਪਿਆਂ ਨੂੰ ਤੇ ਛੋਟੀਆਂ ਭੈਣਾਂ ਨੂੰ ਸਪੌਂਸਰ ਕਰਨ ਦੀ ਗੱਲ ਕਰਦੀ ਤਾਂ ਸਾਰੇ ਇਨਕਮ ਦੀ ਭਸੂੜੀ ਪਾ ਕੇ ਬਹਿ ਜਾਂਦੇ। ਅਖੇ 'ਟਰੱਕ ਦੀ ਇਨਕਮ ਨਹੀਂ ਸ਼ੋਅ ਕਰ ਸਕਦੇ, ਫੇਰ ਤਾਂ ਬਹੁਤ ਟੈਕਸ ਬਹੁਤ ਭਰਨਾ ਪਊ,' ਆਪਣੀ ਇਕੱਲੀ ਦੀ ਇਨਕਮ ਦਾ ਉਹ ਕੀ ਕਰਦੀ ? ਉਹਨੇ ਡਬਲ ਜੌਬ ਵੀ ਕੀਤੀ, ਓਵਰ ਟਾਈਮ ਵੀ ਲਾਏ, ਪਰ ਕੁੱਝ ਵੀ ਨਹੀਂ ਸੀ ਬਣਿਆ। ਜਦੋਂ ਵੀ ਗੱਲ ਤੋਰਦੀ ਤਾਂ ਸੱਸ ਦਾ ਮੂੰਹ ਮੋਟਾ ਹੋ ਜਾਂਦਾ ਤੇ ਘਰੇ ਕਲੇਸ਼ ਪੈ ਜਾਂਦਾ। ਘਰ ਆ ਕੇ ਵੀ ਕਿਹੜਾ ਟੇਕ ਸੀ, ਕਦੇ ਖਾਣਾ ਬਣਾਉ, ਕਦੇ ਸਾਫ ਸਫਾਈਆਂ ਕਰੋ ਤੇ ਕਦੇ ਨਿਆਣੇ ਸੰਭਾਲੋ। ਜਿਵੇਂ ਬੋਟੀ ਬੋਟੀ ਕਰਕੇ ਕੋਈ ਉਸਦਾ ਮਾਸ ਨੋਚ ਰਿਹਾ ਹੋਵੇ। ਕਿਹੜਾ ਡਰ ਸੀ ਜੋ ਉਸਦੇ ਮਨ ਵਿੱਚ ਪਲੱਥਾ ਮਾਰੀ ਬੈਠਾ ਸੀ ਤੇ ਉਸ ਨੂੰ ਬਗਾਵਤ ਤੋਂ ਰੋਕ ਰਿਹਾ ਸੀ ? ਉਹ ਸੋਚਦੀ ਰਹੀ। ਇੱਕ ਲਾਵਾ ਉਸਦੇ ਤਨ ਮਨ ਵਿੱਚ ਖੌਲਦਾ ਰਿਹਾ।

'ਗੁਰਦੀਪ ਨੂੰ ਲੱਗਦਾ ਹੋਣਾ ਏ ਕਿ ਕਿਤੇ ਮੈਂ ਆਪਣੇ ਭੈਣਾਂ ਭਰਾਵਾਂ ਨੂੰ ਹੀ ਨਾ ਕੋਈ ਗਿਫਟ ਜਾਂ ਪੈਸੇ ਭੇਜ ਦਿਆਂ।' ਪਰ ਮੈਂ ਕਿਉਂ ਨੀ ਭੇਜ ਸਕਦੀ ? ਜੇ ਉਹ ਭੇਜ ਸਕਦਾ ਹੈ। ਮੈਂ ਵੀ ਤਾਂ ਬਰਾਬਰ ਦਾ ਕਮਾਉਂਦੀ ਹਾਂ। ਕਿਉਂ ਨਹੀਂ ਇਹ ਸਾਰਾ ਕੁੱਝ ਕਹਿਣ ਦੀ ਮੇਰੇ ਵਿੱਚ ਹਿੰਮਤ। ਕਿਉਂ ਮੈਂ ਏਨੀ ਡਰਪੋਕ ਬਣ ਗਈ ਆਂ। ਜੇ ਉਸਨੇ ਮੈਨੂੰ ਕੈਨੇਡਾ ਮੰਗਵਾਇਆ ਹੈ ਤਾਂ ਉਹ ਆਪ ਵੀ ਤਾਂ ਕੋਈ ਅਸਮਾਨੋ ਨੀ ਡਿੱਗੇ। ਉਹਨਾਂ ਨੂੰ ਵੀ ਕਿਸੇ ਨੇ ਮੰਗਵਾਇਆ ਹੀ ਹੋਊ। ਇਹ ਤਾਂ ਸ਼ਰੇਆਮ ਬਲੈਕ ਮੇਲਿੰਗ ਹੈ। ਹੁਣ ਨਿਆਣਿਆ ਖਾਤਰ ਮੈਂ ਕਿੰਨਾ ਕੁ ਚਿਰ ਜਰਦੀ ਰਹੂੰ।' ਜਿਵੇਂ ਕੋਈ ਸ਼ੀਸ਼ਾ ਕਾੜ ਕਾੜ ਕਰਕੇ ਉਸਦੇ ਅੰਦਰੋਂ ਟੁੱਟ ਗਿਆ ਹੋਵੇ।

ਇਹ ਗੱਲ ਵੀ ਇੱਕ ਦਿਨ ਉਸ ਨੇ ਹੱਸਦਿਆਂ ਹੱਸਦਿਆਂ ਗੁਰਦੀਪ ਨੂੰ ਕਹਿ ਦਿੱਤੀ, "ਤੁਹਾਨੂੰ ਵੀ ਤਾਂ ਤੁਹਾਡੀ ਭੈਣ ਰਾਣੋ ਨੇ ਮੰਗਵਾਇਆ ਸੀ। ਤੁਸੀਂ ਤਾਂ ਕਦੇ ਉਹਦਾ ਅਹਿਸਾਨ ਮੰਨਿਆ ਨੀ। ਉਸ ਨੇ ਦੋ ਸਾਲ ਤੁਹਾਨੂੰ ਘਰ ਵੀ ਰੱਖਿਆ, ਜੌਬਾਂ ਲੱਭ ਕੇ ਦਿੱਤੀਆਂ ਤੇ ਲਾਈਸੰਸ ਵੀ ਦੁਆਏ। ਪਰ ਤੁਸੀਂ ਉਹਦੇ ਘਰ ਵਾਲੇ ਨੂੰ ਭੌਂਦੂ ਤੋਂ ਬਿਨਾਂ ਕੋਈ ਗੱਲ ਨੀ ਕਰਦੇ।' ਸਿਮਰ ਦੀ ਸਹਿਜ ਕਹੀ ਗੱਲ ਦਾ ਉਸ ਨੇ ਬੇਹੱਦ ਗੁੱਸਾ ਮਨਾ ਲਿਆ ਸੀ ਤੇ ਟੁੱਟ ਕੇ ਪੈ ਗਿਆ, 'ਬਾਹਲੀਆਂ ਮੱਤਾਂ ਨਾ ਦੇਹ, ਕੰਮ ਤੇ ਆਹੀ ਕੁੱਝ ਸਿੱਖ ਕੇ ਆਉਨੀ ਏਂ ?' ਤੇ ਫੇਰ ਕਈ ਦਿਨ ਮੂੰਹ ਮੋਟਾ ਕਰੀਂ ਰੱਖਿਆ।

ਸਿਮਰ ਕਲੇਸ਼ ਤੋਂ ਡਰਦੀ ਚੁੱਪ ਹੀ ਰਹਿੰਦੀ। ਇੰਡੀਆਂ ਤੋਂ ਤੁਰਨ ਲੱਗੀ ਨੂੰ ਉਸ ਦੀ ਮੰਮੀ ਨੇ ਕਿਹਾ ਸੀ "ਧੀਏ ਐਡਜਸਟ ਹੋਣ ਦੀ ਕੋਸ਼ਿਸ਼ ਕਰੀਂ। ਕਿਸੇ ਦੇ ਮੂਹਰੇ ਨੀ ਬੋਲਣਾ" ਪਰ ਕਿੰਨਾ ਕੁ ਚਿਰ ਉਹ ਆਪਣੇ ਮੂੰਹ 'ਚ ਘੁੰਗਣੀਆਂ ਪਾਈਂ ਰੱਖਦੀ। ਅਗਲੇ ਤਾਂ ਉਸਦੇ ਮਾਪਿਆਂ ਨੂੰ ਨਿੱਤ ਹੀ ਨੰਗ

ਦੱਸਦੇ। ਪੜ੍ਹੀ ਲਿਖੀ ਉਹ ਕਿਸੇ ਅਨਪੜ੍ਹਤਾ ਤੇ ਘਟੀਆਪਣ ਦਾ ਸ਼ਿਕਾਰ ਹੋ ਰਹੀ ਸੀ। ਗੁਰਦੀਪ ਦੇ ਤਾਹਨੇ ਮਿਹਣੇ ਤੇ ਕਲੇਸ਼ ਲਗਾਤਾਰ ਹੀ ਵਧ ਰਹੇ ਸਨ। ਪਤਾ ਨਹੀਂ ਉਸ ਨੂੰ ਕਿਸ ਨੇ ਪੱਟੀ ਪੜ੍ਹਾਈ ਸੀ ਕਿ 'ਪੜ੍ਹੀ ਲਿਖੀ ਆ ਕਾਬੂ 'ਚ ਰੱਖੀਂ" ਜਾਂ ਆਪ ਹੀ ਉਹ ਕਿਸੇ ਘਟੀਆਪਣ ਦੇ ਅਹਿਸਾਸ ਦਾ ਸ਼ਿਕਾਰ ਹੋਵੇ। ਸੱਸ ਵੀ ਉਸ ਨਾਲ ਸ਼ਰੀਕਣੀਆਂ ਵਾਂਗ ਆਹਢਾ ਲਾਈਂ ਰੱਖਦੀ। ਹਰ ਗੱਲ ਨਾਲ ਹੀ ਆਖਦੀ 'ਕਾਹਦੀ ਪੜ੍ਹੀ ਲਿਖੀ ਆ' ਜਿਵੇਂ ਉਸਦੇ ਸਾਰੇ ਖੰਭ ਕੁਤਰ ਦਿੱਤੇ ਗਏ ਹੋਣ। ਪਰ ਅੱਜ ਉਸਦਾ ਜੀ ਕਰਦਾ ਸੀ ਕਿ ਉਹ ਵੀ ਦਿਖਾਵੇ ਕਿ ਉਹ ਕੀ ਕਰ ਸਕਦੀ ਹੈ।

ਉਹ ਤਾਂ ਕੈਨੇਡਾ ਆਉਣਾ ਵੀ ਨਹੀਂ ਸੀ ਚਾਹੁੰਦੀ। ਹਾਂ ਕਿਸੇ ਕਾਲਜ ਵਿੱਚ ਇੰਗਲਿਸ਼ ਦੀ ਲੈਕਚਰਾਰ ਲੱਗਣ ਦਾ ਸੁਪਨਾ ਜ਼ਰੂਰ ਵੇਖਿਆ ਸੀ। ਪਰ ਪਿਓ ਦੇ ਤਰਲੇ ਸਾਹਮਣੇ ਉਹ ਝੁਕ ਗਈ ਸੀ। ਆਪਣੀ ਧੁੱਪ ਦੇ ਸੇਕ ਨੂੰ ਮਾਰ ਲਿਆ ਸੀ। ਨਾਲੇ ਕੁੜੀਆਂ ਦੀ ਮਰਜ਼ੀ ਨੂੰ ਪੁੱਛਦਾ ਵੀ ਕੌਣ ਹੈ? ਮਾਪਿਆਂ ਨੂੰ ਲੈਕਚਰਾਰ ਦੀ ਤਨਖਾਹ ਅਤੇ ਮਗਜ਼ ਖਪਾਈ ਨਾਲੋਂ ਕੈਨੇਡਾ ਵੱਡਾ ਲੱਗਿਆ ਸੀ। ਸ਼ਾਇਦ ਛੋਟੀਆਂ ਨੂੰ ਸੈੱਟ ਕਰਨ ਦਾ ਲਾਲਚ ਹੋਵੇ। ਲੱਕੜ ਸੰਗ ਲੋਹਾ ਵੀ ਤਾਂ ਤਰ ਜਾਣਾ ਸੀ। ਫੇਰ ਉਸ ਨੇ ਆਪਣੀ ਹੋਂਦ ਨੂੰ ਮਾਰ ਲਿਆ ਸੀ। ਅੱਜ ਉਹ ਆਪਣੇ ਮਨ ਤੋਂ ਪੁੱਛ ਰਹੀ ਸੀ ਕਿ 'ਆਖਿਰ ਉਹ ਹੈ ਕੌਣ?' ਤੇ ਉਸਦਾ ਦਿਮਾਗ ਫਟਦਾ ਜਾ ਰਿਹਾ ਸੀ।

ਆਪਣੇ ਪੈਰੀਂ ਪਈਆਂ ਬੇੜੀਆਂ ਦਾ ਉਹ ਕੀ ਕਰਦੀ? ਅਰਸ਼ ਸਕੂਲ ਜਾਂਦੀ ਸੀ ਤੇ ਅਨੂ ਅਜੇ ਨਿੱਕੀ ਜਿਹੀ ਸੀ। ਜੋ ਹੁਣ ਵੀ ਕਮਰੇ ਵਿੱਚ ਸੁੱਤੀ ਪਈ ਸੀ। ਤੜਕੇ ਉੱਠ ਕੇ ਰੋਜ਼ਾਨਾ ਵਾਂਗ ਅੱਜ ਵੀ ਉਸਨੇ ਦਾਲ ਸਬਜ਼ੀ ਬਣਾ ਸੱਸ ਦੀਆਂ ਰੋਟੀਆਂ ਲਪੇਟ ਕੇ ਰੱਖ ਦਿੱਤੀਆਂ। ਕੱਪ ਵਿੱਚ ਪਾ ਕੇ ਚਾਹ ਵੀ ਫੜਾ ਆਈ। ਹੋਰ ਉਸ ਨੂੰ ਖੁਸ਼ ਕਰਨ ਲਈ ਉਹ ਕੀ ਕਰ ਦਿੰਦੀ? ਪਰ ਉਸਦੀ ਚੂਲ਼ ਤਾਂ ਵਿੰਗੀ ਦੀ ਵਿੰਗੀ ਹੀ ਰਹਿੰਦੀ। ਹਾਲਾਂਕਿ ਅਰਸ਼ ਨੂੰ ਗੁਆਢਣ ਸਕੂਲ ਬੱਸ ਚੜ੍ਹਾ ਕੇ ਆਉਂਦੀ। ਅਨੂ ਦੇ ਦੁੱਧ ਦੀਆਂ ਬੋਤਲਾਂ ਉਹ ਆਪ ਤਿਆਰ ਕਰਕੇ ਜਾਂਦੀ। ਸੱਸ ਨੇ ਤਾਂ ਅੱਜ ਤੱਕ ਕਿਸੇ ਜਵਾਕ ਦੇ ਡਾਇਪਰ ਨੂੰ ਵੀ ਹੱਥ ਨਹੀਂ ਸੀ ਲਾਇਆ। ਪਰ ਰੌਲਾ ਪਾਉਂਦੀ ਰਹਿੰਦੀ ਕਿ 'ਮੈਂ ਨਿਆਣੇ ਸੰਭਾਲਦੀ ਆਂ' ਕਲੇਸ਼ ਦੀ ਇਸੇ ਗੰਧਲਚੌਦੇ ਨੇ ਉਸ ਦੀ ਮੱਤ ਮਾਰੀ ਪਈ ਸੀ। ਸਾਰੀ ਗਰੌਸਰੀ ਕਰਨ ਵਾਲੀ ਪਈ ਸੀ ਜੋ ਗੁਰਦੀਪ ਦੇ ਆਏ ਤੋਂ ਹੀ ਹੋਣੀ ਸੀ। ਕੰਮ ਤੇ ਲਿਜਾਣ ਲਈ ਰੋਟੀ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸੀ। ਕਾਰਪਿਟ ਤੇ ਖਿਲਰੇ ਬਰੈੱਡ ਕਰੰਭ ਉਸ ਦੇ ਪੈਰਾਂ ਨੂੰ ਚੁਭਦੇ ਰਹੇ। ਪਰ ਵੈਕਿਊਮ ਕਰਨ ਦਾ ਉਸ ਕੋਲ ਸਮਾਂ ਹੀ ਕਿੱਥੇ ਸੀ। ਇਸ ਦਾ ਦੋਸ਼ ਵੀ ਤਾਂ ਸਾਰਾ ਉਸੇ ਦੇ ਸਿਰ ਮੜ੍ਹਿਆ ਜਾਣਾ ਸੀ।

ਉਸਦੀ ਸੱਸ ਗੁਰਮੇਲ ਕੌਰ ਨੂੰ ਸਾਰੇ ਮੇਲੋ ਹੀ ਕਹਿੰਦੇ। ਜਿਸ ਬਾਰੇ ਮਸ਼ਹੂਰ ਸੀ ਕਿ ਉਸ ਨੂੰ ਸਿਰਫ ਦੋ ਹੀ ਚੀਜ਼ਾਂ ਆਉਂਦੀਆਂ ਨੇ, ਪਾਠ ਕਰਨਾ ਤੇ ਕਲੇਸ਼ ਪੁਆ ਕੇ ਰੱਖਣਾ। ਪਤਾ ਨਹੀਂ ਉਹ ਆਪਣੇ ਪੁੱਤ ਦਾ ਘਰ ਕਿਉਂ ਨਹੀਂ ਸੀ ਵਸਦਾ ਦੇਖਣਾ ਚਾਹੁੰਦੀ। ਉਹ ਪੁੱਤ ਨੂੰ ਆਪਣੇ ਹੱਕ 'ਚ ਰੱਖਣ ਲਈ ਕੋਈ ਨਾ ਕੋਈ ਲੂਤੀ ਲਾਈਂ ਹੀ ਰੱਖਦੀ। ਇਹ ਖ਼ਬਰਾਂ ਦੇਖਣ ਵਾਲੀ ਗੱਲ ਦਾ ਵੀ ਉਸ ਨੇ ਗੁਰਦੀਪ ਨੂੰ ਬਤੰਗੜ ਬਣਾ ਕੇ ਦੱਸਣਾ ਸੀ ਕਿ 'ਇਹ ਤਾਂ ਟੀ ਵੀ ਹੀ ਦੇਖਦੀ ਰਹਿੰਦੀ ਆ, ਕੰਮ ਨੀ ਕਰਦੀ।' ਸੱਸ ਨੇ ਤਾਂ ਆਪਣੇ ਘਰ ਵਾਲੇ ਦਾ ਵੀ ਸਾਰੀ ਉਮਰ ਨੱਕ 'ਚ ਦਮ ਕਰਕੇ ਰੱਖਿਆ ਸੀ। ਤੇ ਮਰਨ ਤੱਕ ਉਸ ਨੂੰ ਚੈਨ ਨਾ ਲੈਣ ਦਿੱਤਾ।

ਇੱਕ ਵਾਰ ਤਾਂ ਸਿਮਰ ਨੇ ਉਹਦੀਆਂ ਚੁਗਲੀਆਂ ਵੀ ਸੁਣ ਲਈਆਂ, 'ਇੰਡੀਆਂ ਤੋਂ ਆਈਆਂ ਬੜੀਆਂ ਚਲਾਕ ਤੇ ਮੀਸਣੀਆਂ ਹੁੰਦੀਆਂ ਨੇ। ਐਵੇਂ ਨਾ ਕਿਤੇ ਏਹਦੀਆਂ ਗੱਲਾਂ 'ਚ ਆ ਜਾਈਂ।' ਉਹ ਗੁਰਦੀਪ ਨੂੰ ਕਹਿ ਰਹੀ ਸੀ ਤੇ ਫੇਰ ਉਹ ਲਾਈ ਲੱਗ ਬਣਿਆ ਮਾਂ ਦੀ ਹਰ ਗੱਲ ਤੇ ਅਸਰ ਕਰਦਾ। ਭਲਾਂ ਇਹ ਕਾਹਦਾ ਰਿਸ਼ਤਾ ਸੀ?



ਉਹ ਸੋਚਣ ਲੱਗੀ, 'ਮੇਰੀ ਤਾਂ ਕੋਈ ਹੋਰ ਸੇਵਿੰਗ ਵੀ ਨਹੀਂ। ਜੇ ਕੋਈ ਮਾੜਾ ਵਕਤ ਆ ਗਿਆ ਤਾਂ ਮੈਂ ਕੀ ਕਰਾਂਗੀ? ਜੇ ਕਿਸੇ ਆਪਣੇ ਕੋਲ ਉਹ ਪਤੀ ਦੀ ਸ਼ਕਾਇਤ ਕਰਦੀ ਤਾਂ ਹਰ ਕੋਈ ਆਖਦਾ, 'ਉਹ ਵੀ ਤਾਂ ਤੇਰੇ ਈ ਪੈਸੇ ਨੇ', ਜਦ ਕਿ ਉਹ ਜਾਣਦੀ ਸੀ ਕਿ ਅਜਿਹਾ ਨਹੀਂ ਹੈ ਬਲਕਿ ਉਹ ਤਾਂ ਸਿਰਫ ਨੋਟ ਬਣਾਉਣ ਵਾਲੀ ਮਸ਼ੀਨ ਹੈ। ਫੇਰ ਉਹ ਕਾਹਦੇ ਲਈ ਜੀ ਰਹੀ ਸੀ? ਸਿਰਫ ਬੱਚਿਆਂ ਲਈ। ਕੀ ਉਸਦਾ ਆਪਣਾ ਵਜੂਦ ਕੋਈ ਨਹੀਂ ਸੀ? 'ਜੇ ਕੱਲ੍ਹ ਨੂੰ ਹਸਬੈਂਡ ਦੇ ਸੰਬੰਧ ਕਿਸੇ ਹੋਰ ਔਰਤ ਨਾਲ ਬਣ ਗਏ ਫੇਰ? ਟਰੱਕ ਤੇ ਸਾਰਾ ਦਿਨ ਬਾਹਰ ਰਹਿੰਦੈ ਕੀ ਪਤਾ ਹੁੰਦੈ? ਹੁਣ ਤਾਂ ਉਹ ਮੇਰਾ ਪ੍ਰਮੇਸ਼ਰ ਹੈ ਤੇ ਨਾਂ ਹੀ ਮੈਂ ਉਹਦੀ ਦਾਸੀ ਆਂ। ਕੀ ਉਹ ਨੇ ਮੈਨੂੰ ਸਿਰਫ ਮਸ਼ੀਨ ਸਮਝ ਰੱਖਿਐ' ਇੱਕੋ ਵਾਰ ਸੈਂਕੜੇ ਹਥੌੜੇ ਉਸਦੇ ਜਿਸ ਸਿਰ ਵਿੱਚ ਬੱਜਣ ਲੱਗੇ।

ਦੋ ਕੁ ਮਹੀਨੇ ਤੋਂ ਤਾਂ ਸਿਮਰ ਦਾ ਮਨ ਬਹੁਤਾ ਹੀ ਉਦਾਸ ਸੀ। ਜਿਵੇਂ ਉਹ ਉਦਾਸੀ ਰੋਗ ਦਾ ਸ਼ਿਕਾਰ ਹੋ ਰਹੀ ਹੋਵੇ। ਨੀਂਦ ਦੀਆਂ ਗੋਲੀਆਂ ਖਾਹ ਕੇ ਸੌਂਦੀ। ਪੇਕੇ ਪਰਿਵਾਰ ਵਾਲਿਆਂ ਨੇ ਵੀ ਤਾਂ ਉਸ ਨੂੰ ਕੁਰਬਾਨੀ ਦਾ ਬੱਕਰਾ ਹੀ ਸਮਝਿਆ ਸੀ। ਜਦੋਂ ਉਨ੍ਹਾਂ ਦੇ ਬਾਹਰ ਆਉਣ ਦੀ ਗੱਲ ਲਟਕਣ ਲੱਗੀ ਤਾਂ ਉਨ੍ਹਾਂ ਦਾ ਰਵਈਆ ਵੀ ਬਦਲ ਗਿਆ। "ਅਖੇ ਤੈਨੂੰ ਭੇਜਿਆ ਸੀ ਕਿਸ ਵਾਸਤੇ ਤੇ ਤੂੰ ਜਾ ਕੇ ਸਹੁਰਿਆਂ ਦੀ ਹੀ ਬਣਕੇ ਬਹਿ ਗਈ। ਸਾਡੇ ਸਿਰੋਂ ਤਾਂ ਅਜੇ ਕਰਜ਼ੇ ਵੀ ਨੀ ਉੱਤਰੇ। ਤੇਰੀ ਕਮਾਈ ਨੂੰ ਅਸੀਂ ਕੀ ਕਰੀਏ। ਕਦੇ ਚਾਰ ਛਿੱਲੜ ਤਾਂ ਭੇਜੇ ਨੀ। ਤੇਰਾ ਵੀ ਕੈਨੇਡਾ ਜਾ ਕੇ ਲਹੂ ਚਿੱਟਾ ਹੋ ਗਿਆ।" ਪਿਉ ਨੇ ਫੋਨ ਤੇ ਲੜਦਿਆਂ ਕਿਹਾ ਸੀ। ਉਸਦੀ ਕੁਰਬਾਨੀ ਦਾ ਕੀ ਮੁੱਲ ਪਿਆ? 'ਸਭ ਮਤਲਬਪ੍ਰਸਤ ਨੇ। ਕੋਈ ਕਿਸੇ ਦਾ ਕੁੱਝ ਨੀ ਲੱਗਦਾ। ਮੈਨੂੰ ਤਾਂ ਕਿਸੇ ਨੇ ਇਨਸਾਨ ਸਮਝਿਆ ਹੀ ਨਹੀਂ,' ਉਹ ਟਿਸ਼ੂ ਲੈ ਕੇ ਅੱਖਾਂ ਦੇ ਅਥਰੂ ਪੂੰਝਦੀ ਰਹੀ।

ਬੀਤੀ ਰਾਤ ਫੇਰ ਕਲੇਸ਼ ਪੈ ਕੇ ਹਟਿਆ ਸੀ। ਉਹ ਗੁਰਦੀਪ ਨੂੰ ਪੁੱਛ ਬੈਠੀ ਸੀ ਕਿ 'ਮੈਨੂੰ ਸਿੱਧੀ ਤਰ੍ਹਾਂ ਦੱਸ ਕਿ ਮੇਰੇ ਘਰਦਿਆਂ ਨੂੰ ਸਪੌਂਸਰ ਕਰਨਾ ਹੈ ਜਾਂ ਨਹੀਂ? ਉਹ ਮੇਰੀ ਜਾਨ ਖਾਂਦੇ ਰਹਿੰਦੇ ਨੇ' ਤਾਂ ਉਹ ਭੜਕ ਪਿਆ ਸੀ। 'ਮੈਂ ਨਹੀਂ ਕਿਸੇ ਦੀ ਜ਼ਿੰਮੇਵਾਰੀ ਲੈ ਸਕਦਾ। 'ਮੈਂ ਨਹੀਂ ਕਿਸੇ ਨੂੰ ਘਰ ਰੱਖ ਸਕਦਾ। ਮੈਂ ਨਹੀਂ ਟਰੱਕ ਦੀ ਇਨਕਮ ਸ਼ੋਅ ਕਰ ਸਕਦਾ। ਤੂੰ ਰਹਿਣਾ ਹੈ ਤਾਂ ਰਹਿ, ਨਹੀਂ ਤਾਂ ਤੂੰ ਵੀ ਤੁਰਦੀ ਬਣ," ਸੱਸ ਤੀਲੀ ਲਾਕੇ ਹੋਰ ਭਾਂਬੜ ਬਣਾਉਣ ਲੱਗੀ। ਅਖੇ 'ਆ ਗਈ ਗਏ ਘਰ ਦੀ। ਨਾ ਸਾਡਾ ਹੁਣ ਠੇਕਾ ਲਿਆ ਹੋਇਆ ਬਈ ਸਭ ਨੂੰ ਕੈਨੇਡਾ ਕੱਢੀਏ? ਉਹ ਵਿਚਾਰਾ ਥੱਕ ਹਾਰ ਕੇ ਮਸਾਂ ਘਰ ਆਉਂਦੈ ਤੇ ਇਹ ਆਪਣੇ ਗੋਗੇ ਗਾਉਣੋ ਨੀ ਹਟਦੀ' ਤੇ ਫੇਰ ਸਿਮਰ ਵੀ ਮੂਹਰੇ ਬੋਲ ਪਈ ਸੀ ਕਿ 'ਮੈਂ ਤਾਂ ਕੰਮ ਤੇ ਪਿਕਨਕ ਮਨਾਉਣ ਜਾਂਦੀ ਆਂ ਤੇਰਾ ਪੁੱਤ ਈ ਕੰਮ ਤੇ ਮਰਦੈ।' ਉਸ ਨੇ ਗੁੱਸੇ 'ਚ ਆਈ ਨੇ ਸੱਸ ਨੂੰ 'ਸ਼ਟ ਅੱਪ' ਵੀ ਕਹਿ ਦਿੱਤਾ ਸੀ। ਜਦੋਂ ਗੁਰਦੀਪ ਨੇ ਉਸਦੇ ਮਾਰਨ ਲਈ ਹੱਥ ਚੁੱਕਿਆ ਤਾਂ ਉਹ ਭੜਕ ਪਈ ਸੀ, 'ਤੂੰ ਹੱਥ ਲਾ ਕੇ ਦਿਖਾ ਜੇ ਤੈਨੂੰ ਜੇਲ੍ਹ ਨਾ ਦਿਖਾਵਾਂ।' ਨਿਆਣੇ ਭੱਜ ਕੇ ਕਮਰੇ ਵਿੱਚ ਜਾ ਵੜੇ ਸਨ। ਗੁਰਦੀਪ ਨੇ ਉਸ ਤੇ ਉਗਰਿਆ ਹੱਥ ਹੇਠਾਂ ਕਰ ਲਿਆ ਸੀ ਤੇ ਇਹ ਕਹਿ ਕੇ ਦੂਸਰੇ ਕਮਰੇ ਵਿੱਚ ਚਲਾ ਗਿਆ ਸੀ, 'ਐਵੇਂ ਕੁੱਤੇ ਵਾਂਗੂੰ ਭੌਂਕੀ ਨਾ ਜਾ।'

ਸਿਮਰ ਦੇ ਗੁੱਸੇ ਨੇ ਐਸਾ ਉਬਾਲਾ ਖਾਧਾ ਜੋ ਉਤਰਨ ਦਾ ਨਾਮ ਹੀ ਨਹੀਂ ਸੀ ਲੈ ਰਿਹਾ। ਉਹ ਤਾਂ ਇਹ ਵੀ ਕਹਿ ਗਿਆ ਗਿਆ ਸੀ ਕਿ 'ਵਿਆਹ ਸਿਰਫ ਤੂੰ ਕੈਨੇਡਾ ਆਉਣ ਲਈ ਕਰਵਾਇਆ ਸੀ।' ਉਸ ਨੇ ਜਵਾਬ ਵਿੱਚ ਕਿਹਾ ਸੀ ਕਿ 'ਜੇ ਕੈਨੇਡਾ ਲਈ ਵਿਆਹ ਕਰਵਾਇਆ ਹੁੰਦਾ ਹੁਣ ਨੂੰ ਕਦੋਂ ਦੀ ਕਿਸੇ ਨਾਲ ਭੱਜ ਗਈ ਹੁੰਦੀ। ਨਾਲੇ ਤੁਹਾਨੂੰ ਕਮਾ ਕੇ ਦਿੰਦੀ ਆਂ, ਨਾਲੇ ਨਰਕ ਭੋਗਦੀ ਆਂ। ਜੇ ਮੈਂ ਆਪਣੇ ਹੱਕ ਲੈਣ ਤੇ ਆ ਗਈ ਤਾਂ ਕੀ ਤੁਸੀਂ ਮੈਨੂੰ ਰੋਕ ਲਵੋਂਗੇ? ਮੈਂ ਆਪਣੀਆਂ ਸਾਰੀਆਂ ਇੱਛਾਵਾਂ ਮਾਰ ਕੇ ਜੀ ਰਹੀ ਹਾਂ। ਆਪਣੇ ਲਈ ਕਦੇ ਕੋਈ ਚੀਜ਼ ਨੀ ਲਈ।' ਪਰ ਗੁਰਦੀਪ ਬੋਲਿਆ ਸੀ, 'ਤੂੰ ਮੈਨੂੰ

ਬਹੁਤੀਆਂ ਧਮਕੀਆਂ ਨਾ ਦੇਹ ਮੈਂ ਜਾਣਦੈ ਤੈਨੂੰ ਵੱਡੀ ਰਕਾਨ ਨੂੰ।' 'ਕੀ ਜਾਣਦਾ ਸੀ ਉਹ ਉਸਦਾ ?' ਜੇ ਉਹ ਆਪਣੀ ਆਈ ਤੇ ਆ ਜਾਵੇ ਤਾਂ ਸਾਰਾ ਕੁੱਝ ਉਲਟ-ਪੁਲਟ ਹੋ ਜਾਵੇਗਾ।

ਫੇਰ ਗੁਰਦੀਪ ਹਮੇਸ਼ਾ ਵਾਂਗ ਮਾਂ ਦੇ ਮੁੱਢ ਜਾ ਬੈਠਿਆ ਸੀ। ਮਾਂ ਬੋਲ ਰਹੀ ਸੀ "ਕਿਵੇਂ ਸਿਰ ਚੜ੍ਹਾਈ ਐ। ਪਹਿਲਾਂ ਈਂ ਤੱਕਲੇ ਮੰਗੂ ਸਿੱਧੀ ਕਰਕੇ ਰੱਖਣੀ ਸੀ। ਖਸਮ ਦੀ ਕੋਈ ਪਰਵਾਹ ਈ ਨੀ। ਵੱਡੀ ਆਈ ਆ ਘਰਦੇ ਮੰਗਾਉਣ ਵਾਲੀ। ਜੇ ਏਥੇ ਆ ਗੇ ਫੇਰ ਤੈਨੂੰ ਕੀਹਨੇ ਸਿਆਨਣੈ। ਇਹ ਤਾਂ ਹੁਣੇ ਮਾਨ ਨੀਂ ਬਸ ਫੇਰ ਉਹਨਾਂ ਨਾਲ ਏ ਤੁਰੀ ਫਿਰੂ। ਹੁਣੇ ਦੇਖ ਲੈ ਕਿਵੇਂ ਫੰਗ ਨਿੱਕਲ ਆਏ ਨੇ। ਪੜ੍ਹੀ-ਲਿਖੀ ਦਾ ਕੀ ਅਚਾਰ ਪਾਉਣੈ," ਸੱਸ ਬੋਲੀ ਜਾ ਰਹੀ ਸੀ।

ਰੋਂਦੀ ਹੋਈ ਬੱਚਿਆਂ ਕੋਲ ਜਾ ਪਈ ਸੀ ਪਰ ਗੁਰਦੀਪ ਬੈੱਡ ਰੂਮ 'ਚ ਨਹੀਂ ਸੀ ਆਇਆ। ਤੜਕੇ ਉੱਠ ਕੇ ਉਹ ਕਦੋਂ ਟਰੱਕ ਤੇ ਚਲਾ ਗਿਆ ਇਹ ਵੀ ਪਤਾ ਨਹੀਂ ਸੀ ਲੱਗਿਆ। ਸੱਸ ਸਵੇਰ ਤੱਕ ਵੀ ਪੂਰੀ ਔਖੀ ਸੀ। ਜਦ ਉਹ ਚਾਹ ਫੜਾਉਣ ਗਈ ਤਾਂ ਉਹ ਮੂੰਹ ਮੋੜ ਕੇ ਮਾਲਾ ਫੇਰਦੀ ਰਹੀ। ਸਤਿ ਸ੍ਰੀ ਅਕਾਲ ਦਾ ਵੀ ਜਵਾਬ ਨਾ ਦਿੱਤਾ।

ਨਿਆਣੇ ਅਜੇ ਸੁੱਤੇ ਪਏ ਸਨ। ਉਸਦੇ ਦੁੱਖ ਵੰਡਾਉਣ ਵਾਲਾ ਹੋਰ ਕੋਈ ਨਹੀਂ ਸੀ। ਹਾਂ ਕੰਮ ਤੇ ਜ਼ਰੂਰ ਕੁੱਝ ਹਮਦਰਦ ਸਨ ਜਿਨ੍ਹਾਂ ਅੱਖਾਂ ਦੀ ਲਾਲੀ ਦੇਖ ਕੇ ਹੀ ਸਮਝ ਜਾਣਾ ਸੀ ਕਿ ਜ਼ਰੂਰ ਕੋਈ ਗੱਲ ਹੋਈ ਆ। ਤੇ ਫੇਰ ਵਾਰ ਵਾਰ ਪੁੱਛਣਾ ਸੀ ਕਿ 'ਕੀ ਹੋਇਆ ਏ ?' ਉਹ ਸੋਚਣ ਲੱਗੀ ਜੇ ਹੋਰ ਨਹੀਂ ਤਾਂ ਸਕੌਟ ਤਾਂ ਜ਼ਰੂਰ ਪੁੱਛੇਗਾ, "ਸਿੰਮੀ ਵੱਟ ਹੈਪਨਡ, ਯੂ ਲੁਕਿੰਗ ਵੈਰੀ ਅੱਪਸੈੱਟ ਟੂ ਡੇਅ ? ਅਗੇਨ ਫਾਈਟ ਵਿੱਦ ਹੱਸਬੈਂਡ ?" ਉਹ ਅਥਰੂ ਨਹੀਂ ਸੰਭਾਲ ਸਕੇਗੀ। ਤਾਂ ਲੰਚ ਟਾਈਮ ਤੇ ਉਸ ਲਈ ਕੌਫੀ ਲੈ ਆਵੇਗਾ। ਚੁਟਕਲੇ ਸੁਣਾ ਸੁਣਾ ਕੇ ਹਸਾਉਣ ਦਾ ਯਤਨ ਕਰੇਗਾ। ਚੱਲੋ ਕੋਈ ਤਾਂ ਉਸਦਾ ਹਮਦਰਦ ਸੀ। ਉਹ ਮਾੜੀ ਭਾਵਨਾ ਵਾਲਾ ਨਹੀਂ, ਸਗੋਂ ਇੱਕ ਚੰਗਾ ਮਨੁੱਖ ਸੀ। ਪਰ ਸਾਡੇ ਤਾਂ ਉਥੇ ਵੀ ਖਹਿੜਾ ਨਹੀਂ ਛੱਡਦੇ ਅਖੇ ਗੋਰੇ ਨਾਲ ਤੁਰੀ ਫਿਰਦੀ ਆ। ਕੀ ਹੋਇਆ ਜੇ ਗੋਰਾ ਸੀ ? ਪਰ ਮਨ ਦਾ ਖੋਟਾ ਤਾਂ ਨਹੀਂ ਸੀ।

ਬਾਹਰ ਕਾਰ ਦਾ ਹਾਰਨ ਵੱਜਿਆ। ਉਹ ਲੰਚ ਬੈਗ ਚੁੱਕ ਟੀਵੀ ਬੰਦ ਕਰਕੇ ਬਾਹਰ ਨੂੰ ਦੌੜ ਪਈ।

ਸ਼ੀਲਾ ਸਾਰੇ ਰਾਹ ਗੱਡੀ 'ਚ ਭਜਨ ਸੁਣਦੀ ਗਈ। ਪਰ ਉਸਦਾ ਮਨ ਉਖੜਿਆ ਹੀ ਰਿਹਾ। ਕੰਮ ਤੇ ਜਾ ਕੇ ਵੀ ਦਿਲ ਬੁਝਿਆ ਰਿਹਾ। ਸਕੌਟ ਝੱਟ ਸਮਝ ਗਿਆ ਸੀ। ਜਦੋਂ ਪੁੱਛਣ ਤੇ ਉਹ ਉਸ ਨਾਲ ਦਿਲ ਹੌਲਾ ਕਰਨ ਲੱਗ ਪਈ ਤਾਂ ਉਹ ਬੋਲਿਆ, "ਯੂ ਆਰ ਏ ਹਿਊਮਨ ਬੀਇੰਗ, ਤੇਰੀ ਆਪਣੀ ਹੋਂਦ ਐ ਆਪਣੇ ਹੱਕ ਨੇ। ਹੂ ਦਾ ਹੈਲ ਦੇਅ ਆਰ ਕਿ ਉਹ ਤੇਰੀ ਪੇਅ ਦੀ ਵੀ ਕਬਜ਼ਾ ਕਰ ਲੈਣ। ਦਿਸ ਇਜ਼ ਸੀਰੀਅਸ ਕਰਾਈਮ। ਤੂੰ ਕਮਾਉਂਦੀ ਏਂ ਸਿਰਫ ਆਪਣੇ ਲਈ। ਹਸਬੈਂਡ ਤੇਰਾ ਸਾਥੀ ਹੈ ਨਾ ਕਿ ਤੂੰ ਉਹਦੀ ਗੁਲਾਮ। ਇਹ ਜਿਸਮ ਤੇਰਾ ਹੈ ਤੇਰੇ ਹਸਬੈਂਡ ਦਾ ਨਹੀਂ ਜੋ ਤੂੰ ਰੋਜ਼ ਮਸ਼ੀਨਾਂ ਤੋਂ ਤੁੜਵਾਉਂਦੀ ਏਂ। ਉਹ ਤੈਨੂੰ ਅਬਿਊਜ਼ ਕਰ ਰਹੇ ਨੇ। ਇਹ ਇੰਡੀਆ ਨਹੀਂ ਕੈਨੇਡਾ ਹੈ ਕੈਨੇਡਾ।" ਉਹ ਗੁੱਸੇ ਵਿੱਚ ਬੋਲਦਾ ਉੱਠ ਕੇ ਖੜ੍ਹ ਗਿਆ ਸੀ ਤੇ ਆਖ ਰਿਹਾ ਸੀ, "ਤੂੰ ਸਟੈਂਡ ਲੈ। ਤੇ ਸਟਰੌਂਗ ਬਣ"

ਫੇਰ ਉਹ ਆਪਣੀ ਦੱਸਣ ਲੱਗ ਪਿਆ, "ਮੇਰਾ ਤੇ ਮੇਰੀ ਵਾਈਫ ਦਾ ਆਪੋ ਆਪਣਾ ਅਕਾਊਂਟ ਏ। ਆਪਣੇ ਆਪਣੇ ਬੈਂਕ ਕਾਰਡ ਨੇ। ਘਰ ਦੇ ਖਰਚਿਆਂ ਲਈ ਬਰਾਬਰ ਹਿੱਸਾ ਦੇਕੇ ਅਸੀਂ ਬਾਕੀ ਪੈਸੇ ਆਪਣੀ ਮਰਜ਼ੀ ਨਾਲ ਖਰਚਦੇ ਆਂ। ਅਸੀਂ ਕਦੇ ਇੱਕ ਦੂਜੇ ਦਾ ਅਕਾਊਂਟ ਵੀ ਨਹੀਂ ਦੇਖਿਆ। ਹਰ ਬੰਦੇ ਦੀ ਪ੍ਰਾਈਵੇਸੀ ਹੁੰਦੀ ਆ। ਸ਼ੀ ਇਜ਼ ਮਾਈ ਬੈਟਰ ਹਾਫ ਨੌਟ ਏ ਸਲੇਵ। ਪਰ ਤੁਹਾਡੇ ਲੋਕ ਕੈਨੇਡਾ ਵਰਗੇ ਮੁਲਕ 'ਚ ਆ ਕੇ ਇਹ ਗੱਲ ਕਿਉਂ ਨਹੀਂ ਸਮਝਦੇ ? ਆਈ ਐਮ ਰੀਅਲੀ ਸਰਪ੍ਰਾਈਜ਼" ਉਸਨੇ ਮੋਢੇ ਛੰਡਦਿਆਂ ਕਿਹਾ।



ਸਕੌਟ ਕੋਲ ਕਰਨ ਲਈ ਅਜੇ ਹੋਰ ਗੱਲਾਂ ਸਨ, "ਕੱਲ੍ਹ ਮੈਨੂੰ ਜੈਗ ਬਰਾਰ ਦੱਸਦਾ ਸੀ ਕਿ ਤੁਹਾਡੇ ਲੋਕ ਤਾਂ ਆਪਣੇ ਬੁੱਢੇ ਮਾਪਿਆਂ ਨੂੰ ਵੀ ਅਬਿਊਜ਼ ਕਰੀ ਜਾਂਦੇ ਨੇ। ਉਨ੍ਹਾਂ ਦੀ ਬੁਢਾਪਾ ਪੈਨਸ਼ਨ ਵੀ ਹੜੱਪ ਜਾਂਦੇ ਨੇ ਤੇ ਮੁੜਕੇ ਖਰਚਾ ਵੀ ਨੀ ਦਿੰਦੇ। ਵੱਟ ਏ ਡੈਮ। ਤੁਸੀਂ ਲੋਕ ਕਿਉਂ ਨਹੀਂ ਸ਼ਕਾਇਤ ਕਰਦੇ। ਕਿਉਂ ਨਹੀਂ ਸਟੈਂਡ ਲੈਂਦੇ। ਸਪੀਕ ਇਟ ਅੱਪ।" ਉਹ ਗੁੱਸੇ ਵਿੱਚ ਤਿਲਮਿਲਾ ਰਿਹਾ ਸੀ। ਸਿਮਰ ਸਿਰਫ ਉਸ ਵੱਲ ਵੇਖ ਰਹੀ ਸੀ।

ਉਹ ਫੇਰ ਬੋਲਿਆ "ਅਸੀਂ ਤਾਂ ਜੇ ਇਕੱਠੇ ਡਿੱਨਰ ਤੇ ਵੀ ਜਾਈਏ ਤਾਂ ਪੈਸੇ ਆਪੋ ਆਪਣੇ ਦਿੰਦੇ ਹਾਂ। ਅਸੀਂ ਇਹ ਵੀ ਇਕਰਾਰਨਾਮਾ ਬਣਾਇਆ ਹੋਇਆ ਹੈ ਕਿ ਜੋ ਜਾਇਦਾਦ ਅਸੀਂ ਇਕੱਠਿਆਂ ਮਿਲ ਕੇ ਬਣਾਈ ਹੈ, ਜੇ ਸਾਡਾ ਵਿਆਹ ਟੁੱਟ ਜਾਵੇ ਤਾਂ ਉਹ ਅੱਧੀ ਅੱਧੀ ਵੰਡੀ ਜਾਵੇਗੀ।"

"ਸਿਮਰ ਜਦੋਂ ਤੈਨੂੰ ਤੇਰੀ ਮਿਹਨਤ ਦਾ ਕੁੱਝ ਮਿਲਦਾ ਹੀ ਨਹੀਂ ਫੇਰ ਕੰਮ ਤੂੰ ਕਿਹੜੇ ਹੌਸਲੇ ਨਾਲ ਕਰਦੀ ਏਂ ? ਦਿਸ ਇਜ਼ ਬੁੱਲਸ਼ਿੱਟ। ਮੈਂ ਤਾਂ ਇੱਕ ਸੈਕਿੰਡ ਵੀ ਨਾ ਕਰਾਂ। ਇਹ ਤੂੰ ਆਪਣੇ ਆਪ ਨੂੰ ਧੋਖਾ ਦੇ ਰਹੀਂ ਏਂ। ਇਹ ਇੱਕ ਬਲਾਈਂਡ ਫੇਥ ਹੈ ਤੇ ਖੁਦਕਸ਼ੀ ਵੀ ਹੈ।"

ਸਿਮਰ ਬੋਲੀ, "ਸਕੌਟ ਫੇਰ ਮੈਂ ਕੀ ਕਰਾਂ ?"

"ਉਸ ਨੂੰ ਤਕੜੀ ਹੋ ਕੇ ਕਹਿ ਆਈ ਐਮ ਨੌਟ ਏ ਮਨੀ ਮੇਕਿੰਗ ਮਸ਼ੀਨ।"

"ਫੇਰ ਕਲੇਸ਼ ਪੈ ਜਾਊ ਤੇ ਨਿਆਣਿਆਂ ਦਾ ਕੀ ਬਣੂ ?"

"ਇਹ ਤੇਰੀ ਉਲਾਰ ਸੋਚ ਏ। ਨਿਆਣੇ ਤੇਰੇ ਇਕੱਲੀ ਦੇ ਨੀ ਉਹਦੇ ਵੀ ਓਨੇ ਈ ਨੇ। ਜੇ ਰੁਲਣਗੇ ਤਾਂ ਦੋਹਾਂ ਦੇ ਰੁਲਣਗੇ। ਜੇ ਕੋਰਟ ਤੈਨੂੰ ਦੇ ਵੀ ਦਿੰਦੀ ਆਂ ਤਾਂ ਉਸ ਨੂੰ ਪਾਲਣ ਲਈ ਪੈਸੇ ਦੇਣੇ ਪੈਣਗੇ। ਤੂੰ ਵੀ ਆਪਣੀ ਸਾਰੀ ਪੇਅ ਨਾਲ ਉਹਨਾਂ ਨੂੰ ਬੇਹਤਰ ਪਾਲ਼ ਸਕਦੀ ਏਂ। ਰੋਜ਼ ਰੋਜ਼ ਮਰਨ ਨਾਲੋਂ ਤਲਾਕ ਲੈਣਾ ਚੰਗਾ ਏ, ਤੇ ਖਹਿੜਾ ਛੁਡਾ। ਉਹਦੇ ਨਾਲ ਸਿੱਧੀ ਹੋ ਕੇ ਗੱਲ ਕਰ।"

ਉਸ ਦਿਨ ਸਿਮਰ ਤੇ ਸਾਰਾ ਦਿਨ ਬੇਚੈਨੀ ਬੇਹੱਦ ਭਾਰੂ ਰਹੀ। ਸਿਰ ਦਰਦ ਕਰਦਾ ਰਿਹਾ। ਉਹ ਘਰ ਜਾ ਕੇ ਆਪਣੀ ਗੱਲ ਕਹਿਣ ਦਾ ਸਾਹਸ ਇਕੱਠਾ ਕਰਦੀ ਰਹੀ। ਇਹਨਾਂ ਹੀ ਭੰਨਾਂ ਘੜਤਾਂ ਵਿੱਚ ਉਹ ਸ਼ਿਫਟ ਪੂਰੀ ਕਰਕੇ ਘਰ ਪਹੁੰਚ ਗਈ। ਉਸਦੀ ਅੰਤਰ ਆਤਮਾ ਉਸ ਨੂੰ ਝਮਜੋੜਦੀ ਰਹੀ, 'ਤੂੰ ਸੋਹਣੀ ਸੁਨੱਖੀ ਤੇ ਪੜ੍ਹੀ ਲਿਖੀ ਏਂ। ਤੇਰੇ ਕੋਲ ਵਧੀਆਂ ਜੌਬ ਆ। ਤੈਨੂੰ ਇਸ ਮੁਲਕ ਦਾ ਕਾਇਦਾ ਕਾਨੂੰਨ ਪਤਾ ਹੈ। ਫੇਰ ਕਿੱਥੇ ਗਿਆ ਤੇਰਾ ਆਤਮ ਵਿਸ਼ਵਾਸ ?"

ਸ਼ੁਰੂ ਸ਼ੁਰੂ ਵਿੱਚ ਤਾਂ ਉਸਨੇ ਸੱਸ ਨੂੰ ਮਾਂ ਨਾਲੋਂ ਵੀ ਵੱਧ ਸਤਿਕਾਰ ਦਿੱਤਾ ਸੀ। ਪਰ ਗੁਰਮੇਲ ਕੁਰ ਨੇ ਉਸ ਨੂੰ ਕਦੇ ਧੀ ਨਾਂ ਸਮਝਿਆ। ਉਹ ਤਾਂ ਇਹੀ ਸੋਚਦੀ ਰਹੀ ਕਿ ਨੂੰਹਾਂ ਵੀ ਕਦੇ ਧੀਆਂ ਬਣੀਆਂ ਨੇ। ਤੇ ਉਸਦੇ ਸਤਿਕਾਰ ਨੂੰ ਡਰਾਮਾ ਦੱਸਦੀ ਰਹੀ। ਫੇਰ ਇੱਕ ਦਿਨ ਸਿਮਰ ਦਾ ਮਨ ਵੀ ਖੱਟਾ ਪੈ ਗਿਆ। ਪਰ ਉਸ ਨੇ ਤਾਂ ਵੀ ਕੋਸ਼ਿਸ਼ ਜ਼ਾਰੀ ਰੱਖੀ। ਗੁਰਮੇਲ ਕੁਰ ਘਰ ਦੇ ਕਿਸੇ ਕੰਮ 'ਚ ਵੀ ਮੱਦਦ ਨਾ ਕਰਦੀ। ਸਗੋਂ ਪਾਠ ਕਰਦੀ ਵੀ ਉਹ ਤਾਂ ਸਿਮਰ ਦੇ ਕੰਮਾਂ 'ਚ ਨੁਕਸ ਕੱਢਦੀ ਰਹਿੰਦੀ। ਉਸਦੀਆਂ ਅੱਖਾਂ ਹਰ ਵੇਲੇ ਨੂੰਹ ਦਾ ਪਿੱਛਾ ਕਰਦੀਆਂ ਰਹਿੰਦੀਆਂ। ਸਿਮਰ ਦਾ ਜੀਣਾ ਦੁੱਭਰ ਹੋ ਗਿਆ। ਜੇ ਕਦੇ ਉਹ ਮੌਸਮ ਦੇਖਣ ਲਈ ਵੀ ਟੀ ਵੀ ਲਾ ਲੈਂਦੀ ਤਾਂ ਸੱਸ ਇਸ ਨੂੰ ਵੀ ਭੈੜੀ ਆਦਤ ਦੱਸਦੀ ਜਿਸ ਕਰਕੇ ਰਿਸ਼ਤਿਆਂ ਦਾ ਤਾਣਾ ਪੇਟਾ ਉਲਝ ਗਿਆ। ਤੇ ਹੁਣ ਕੋਈ ਵੀ ਤੂਫਾਨ ਉੱਠ ਸਕਦਾ ਸੀ।

ਫੇਰ ਘਰ ਦੇ ਮੌਸਮ ਦਾ ਗੁੰਮ ਸ਼ੂਕਦੀ ਹਨੇਰੀ ਵਿੱਚ ਤਬਦੀਲ ਹੋ ਗਿਆ। ਜਿਸ ਦਿਨ ਗੁਰਦੀਪ ਟਰੱਕ ਦਾ ਗੇੜਾ ਲਾ ਕੇ ਘਰ ਮੁੜਿਆ, ਉਸਨੇ ਧੱਕੇ ਨਾਲ ਟਰੱਕ ਵਾਂਗ ਆਪਣਾ ਜਿਸਮ ਵੀ ਡੰਪ ਕਰਨਾ ਚਾਹਿਆ। ਪਰ ਸਿਮਰ ਬੋਲੀ, "ਮੈਂ ਕੋਈ ਡੰਪ ਬੌਕਸ ਨਹੀਂ ਹਾਂ," ਗੁਰਦੀਪ ਗੁੱਸੇ 'ਚ ਭਰਿਆ ਪੀਤਾ ਗਾਲ੍ਹਾਂ ਕੱਢਦਾ, ਪਿੱਠ ਮਰੋੜ ਕੇ ਪੈ ਗਿਆ।

ਦੂਸਰੇ ਦਿਨ ਸਿਮਰ ਦੀ ਪੇਅ ਸਾਂਝੇ ਅਕਾਊਂਟ ਵਿੱਚ ਨਹੀਂ ਸੀ ਆਈ। ਗੁਰਦੀਪ ਕਮਪਿਊਟਰ ਤੇ ਬੈਲੈਂਸ ਦੇਖ ਅੱਗ ਬਗੂਲਾ ਹੋ ਗਿਆ, "ਪੇਅ ਨਹੀਂ ਆਈ ?"

"ਮੇਰੀ ਪੇਅ ਸੀ ਮੇਰੇ ਅਕਾਊਂਟ 'ਚ ਚਲੀ ਗਈ," ਸਿਮਰ ਦ੍ਰਿੜਤਾ ਨਾਲ ਬੋਲੀ।

"ਕੀ ਕਿਹੈ," ਗਾਲ੍ਹਾਂ ਦੀ ਬੁਛਾੜ ਸ਼ੁਰੂ ਹੋ ਗਈ।

ਤੇ ਸਿਮਰ ਦੇ ਹੱਥ ਵਿੱਚ ਫੜਿਆ ਫੋਨ ਮੂੰਹ ਵੱਲ ਸਰਕਣ ਲੱਗਾ। ਜੇ ਉਹ ਮਾਰਨ ਪੈਂਦਾ ਤਾਂ 911 ਉਸੇ ਵਕਤ ਡਾਇਲ ਹੋ ਜਾਣਾ ਸੀ। ਉਹ ਵੀ ਸਮਝ ਗਿਆ ਸੀ। ਤੇ ਮਿਣ ਮਿਣ ਕਰਦਾ ਤੁਰ ਗਿਆ।

ਉਧਰ ਟੀ ਵੀ ਤੇ ਅੱਜ ਫੇਰ ਮੁਜ਼ਾਹਰਾ ਚੱਲ ਰਿਹਾ ਸੀ। ਸੈਂਕੜੇ ਬੈਨਰ ਹਵਾ 'ਚ ਲਹਿਰਾ ਰਹੇ ਸਨ। ਪ੍ਰਦਰਸ਼ਨਕਾਰੀ ਸਰਕਾਰ ਵੱਲੋਂ ਟੈਕਸਾਂ ਤੇ ਬਿੱਲਾਂ ਰਾਹੀਂ ਖਾਲੀ ਕੀਤੇ ਜਾ ਰਹੇ ਬੈਂਕ ਅਕਾਊਂਟਾਂ ਨੂੰ ਲੈ ਕੇ ਬੇਹੱਦ ਰੋਸ ਵਿੱਚ ਸਨ। ਕਿਸੇ ਮੁਜ਼ਾਹਰਾਕਾਰੀ ਦੇ ਬੈਨਰ ਤੇ ਲਿਖਿਆ ਸੀ ਆਈ: ਐੱਮ ਨੌਟ ਏ ਏ ਟੀ ਐੱਮ ਮਸ਼ੀਨ। ਤੇ ਸਿਮਰ ਦੀ ਨਜ਼ਰ ਉਸ ਬੈਨਰ ਉੱਪਰ ਰੁਕ ਗਈ।

---

**ਬਾਕੀ ਪੰਨਾ ਨੰ : 106 ਦਾ ਬਾਕੀ**

*****

ਉੱਠਕੇ ਇਧਰ-ਉਧਰ ਟਹਿਲਣ ਲੱਗਦਾ ਹਾਂ।

ਕਦਮ ਕਮਰੇ ਵੱਲ ਮੁੜ ਗਏ ਨੇ।

ਸਾਹਮਣੇ ਬਾਪੂ ਅੱਖਾਂ ਮੀਚੀ ਪਿਆ। ਇਸ ਬੇਅਰਾਮ ਜਿਹੀ ਦੁਨੀਆ ਵਿੱਚ ਅਰਾਮ ਨਾਲ। ਡਾਕਟਰ ਥੋੜ੍ਹੀ ਦੇਰ ਤੀਕ ਹੋਸ਼ ਆਉਣ ਦੀ ਗੱਲ ਕਰਦਾ ਸੀ।

ਮੈਂ ਨਜ਼ਰਾਂ ਗੱਡੀ ਬਾਪੂ ਦੇ ਚਿਹਰੇ ਵੱਲ ਦੇਖ ਰਿਹਾ।

"ਜ਼ਿੰਦਗੀ ਉਸੇ ਨੂੰ ਕਹਿੰਦੇ ਨੇ ਪੁੱਤਰਾ ਜੀਹਦੇ 'ਚ ਸਾਰਾ ਕੁਝ ਸਾਵਾਂ-ਪੱਧਰਾ ਨਾ ਹੋਵੇ। ਹਰ ਦਿਨ ਦੀ ਸ਼ੁਰੂਆਤ ਇੱਕ ਨਵੇਂ ਸਿਰੇ ਤੋਂ ਕਰੀਦੀ ਏ।...ਨਹੀਂ ਤਾਂ ਜਿਊਣਾ ਔਖਾ ਹੋ ਜਾਂਦਾ।"

ਬਾਪੂ ਦੀ ਹਜ਼ਾਰ ਵਾਰ ਦੱਸੀ ਗੱਲ ਯਾਦ ਆਉਂਦੀ ਹੈ।

"ਸ਼ਾਇਦ ਇਹੀ ਜ਼ਿੰਦਗੀ ਏ ਅਮਰਜੀਤ ਸਿੰਹਾ। ਹਰ ਦਿਨ ਨਵੇਂ ਸਿਰੇ ਤੋਂ ਸ਼ੁਰੂ ਕਰਿਆ ਕਰ। ਨਹੀਂ ਤਾਂ ਲਤਾੜਿਆ ਜਾਏਗਾ ਜ਼ਿੰਦਗੀ ਦੀ ਇਸ ਦੌੜ ਵਿੱਚ।"

ਮੈਨੂੰ ਲੱਗਦਾ, ਜਿਵੇਂ ਮੈਂ ਸਟਾਰਟਿੰਗ ਪੁਆਇੰਟ 'ਤੇ ਖੜਾ ਦੌੜਨ ਲਈ ਤਿਆਰ ਹੋ ਰਿਹਾ ਹੋਵਾਂ।

94632 15168



## ਘੁੰਮਣਘੇਰ/ਹਰਮਹਿੰਦਰ ਚਹਿਲ

ਹਰੀ ਨੇ ਸੋਫੇ 'ਤੇ ਬੈਠੀ ਕੈਰਲ ਵੱਲ ਵੇਖਿਆ। ਉਹ ਜਿਉਂ ਉਸਦੇ ਅਪਾਰਟਮੈਂਟ 'ਚ ਆਈ ਸੀ, ਬਸ ਨੀਵੀਂ ਪਾਈ ਬੈਠੀ ਸੀ। ਕਦੇ ਹਰੀ ਸੋਚਦਾ ਹੁੰਦਾ ਸੀ ਕਿ ਕਾਸ਼, ਕੈਰਲ ਅਪਾਰਟਮੈਂਟ 'ਚ ਉਸ ਨਾਲ ਆ ਕੇ ਰਹਿ ਸਕੇ। ਹੁਣ ਉਹ ਆ ਤਾਂ ਗਈ ਸੀ ਪਰ ਉਸ ਹਾਲਤ 'ਚ ਨਹੀਂ, ਜਿਵੇਂ ਉਸਨੇ ਸੋਚਿਆ ਸੀ। ਇਸ ਵੇਲੇ ਕੈਰਲ ਸੱਤ ਮਹੀਨਿਆਂ ਦੀ ਗਰਭਵਤੀ ਸੀ। ਉਹ ਗੁੰਮ-ਸੁੰਮ ਡੂੰਘੇ ਖਿਆਲਾਂ 'ਚ ਖੋਈ ਸੋਫੇ ਦੀ ਪੁਸ਼ਤ ਨਾਲ ਢੋਹ ਲਾਈ ਬੈਠੀ ਹੋਈ ਸੀ। ਸ਼ਾਇਦ ਉਹ ਆਪਣੇ ਬੱਚੇ ਦੇ ਬਾਪ ਬਾਰੇ ਸੋਚ ਰਹੀ ਸੀ, ਜੋ ਕਿ ਉਸਨੂੰ ਇਸ ਹਾਲਤ ਵਿੱਚ ਛੱਡ ਕੇ ਭੱਜ ਗਿਆ ਸੀ। ਉਸ ਵੱਲ ਵੇਖਦਿਆਂ ਹਰੀ ਦਾ ਮਨ ਪਿਛਾਂਹ ਨੂੰ ਪਰਤ ਗਿਆ।

ਕੈਰਲ, ਪਹਿਲੀ ਵਾਰ ਹਰੀ ਨੂੰ ਉਸ ਕਨਵੀਨੀਐਂਟ ਸਟੋਰ 'ਤੇ ਮਿਲੀ ਸੀ ਜਿੱਥੇ ਉਹ ਸ਼ਾਮ ਦੀ ਸ਼ਿਫਟ ਵੇਲੇ ਕੰਮ ਕਰਦਾ ਸੀ। ਸ਼ੁਰੂ ਸ਼ੁਰੂ 'ਚ ਉਸ ਵੱਲ ਵੇਖ ਕੇ ਹਰੀ ਨੂੰ ਇਹੀ ਖਿਆਲ ਆਇਆ ਸੀ, 'ਕਾਸ਼ ਮੇਰੀ ਇਸ ਨਾਲ ਗੱਲਬਾਤ ਹੋ ਜਾਵੇ ਤੇ ਮੇਰੇ ਗਰੀਨ ਕਾਰਡ ਦਾ ਕੋਈ ਪ੍ਰਬੰਧ ਹੋ ਸਕੇ।' ਅਸਲ 'ਚ ਜਿਉਂ ਹੀ ਹਰੀ ਕਿਸੇ ਇਕੱਲੀ ਅਮਰੀਕਣ ਕੁੜੀ ਨੂੰ ਵੇਖਦਾ ਸੀ ਤਾਂ ਉਸਦੇ ਖਿਆਲ 'ਚ ਪਹਿਲੀ ਗੱਲ ਇਹੀ ਆਉਂਦੀ ਸੀ ਕਿ ਕੀ ਇਸ ਤਰ੍ਹਾਂ ਦੀ ਕੋਈ ਕੁੜੀ ਉਸਨੂੰ ਵੀ ਮਿਲ ਸਕਦੀ ਹੈ ਜੋ ਉਸਦੇ ਪੱਕੇ ਹੋਣ 'ਚ ਸਹਾਈ ਹੋ ਸਕੇ। ਹਰੀ ਨਾਲ ਰਹਿੰਦੇ ਉਸਦੇ ਦੋਸਤ ਨੇ ਆਪਣੇ ਗਰੀਨ ਕਾਰਡ ਦਾ ਪ੍ਰਬੰਧ ਕਰ ਰੱਖਿਆ ਸੀ। ਉਸ ਨੇ ਤਾਂ ਵਡੇਰੀ ਉਮਰ ਦੀ ਔਰਤ ਨਾਲ ਵਿਆਹ ਕਰਵਾਇਆ ਹੋਇਆ ਸੀ। ਕਦੇ ਉਹ ਆਪਣੀ ਘਰਵਾਲੀ ਦੇ ਘਰ ਚਲਾ ਜਾਂਦਾ ਸੀ, ਕਦੇ ਅਪਾਰਟਮੈਂਟ 'ਚ ਆ ਠਹਿਰਦਾ ਸੀ। ਉਹ ਹਮੇਸ਼ਾ ਹਰੀ ਨੂੰ ਸਲਾਹ ਦਿੰਦਾ, "ਵੇਖ ਹਰਦੀਪ, ਇੱਥੇ ਗਰੀਨ ਕਾਰਡ ਬਿਨਾਂ ਗੁਜ਼ਾਰਾ ਨ੍ਹੀਂ ਐ। ਗਰੀਨ ਕਾਰਡ ਮਿਲਣ ਦਾ ਢੰਗ ਵੀ ਤੈਨੂੰ ਪਤਾ ਈ ਐ, ਮਤਲਬ ਇਹ ਕਿਸੇ ਅਮਰੀਕਣ ਕੁੜੀ ਨਾਲ ਵਿਆਹ ਕਰਵਾ ਕੇ ਈ ਲਿਆ ਜਾ ਸਕਦਾ ਐ। ਪਰ ਤੂੰ ਇਸ ਗੱਲੋਂ ਬਹੁਤ ਸੁਸਤ ਐਂ। ਤੂੰ ਸਭ ਤੋਂ ਪਹਿਲਾਂ ਇਸ ਪਾਸੇ ਧਿਆਨ ਦੇਹ।" ਉਸਦੀ ਗੱਲ ਸੁਣ ਕੇ ਹਰਦੀਪ ਉਰਫ ਹਰੀ ਸੋਚੀਂ ਡੁੱਬ ਜਾਂਦਾ। ਕਿਉਂਕਿ ਦੋਸਤ ਦੀ ਕਹੀ ਗੱਲ ਉਸਨੂੰ ਵੀ ਪਤਾ ਸੀ ਕਿ ਇਹੀ ਇੱਕ ਰਾਹ ਐ ਇੱਥੇ ਪੱਕੇ ਹੋਣ ਦਾ। ਪਰ ਉਸਦਾ ਕਿਸੇ ਪਾਸੇ ਫੌਹ ਹੀ ਨਹੀਂ ਪੈ ਰਿਹਾ ਸੀ। ਖੈਰ ਕੈਰਲ ਵਾਰ ਵਾਰ ਇਸ ਸਟੋਰ 'ਤੇ ਆਉਣ ਲੱਗੀ। ਉਹ ਵਿਹਲੇ ਵੇਲੇ ਹਰੀ ਕੋਲ ਖੜ੍ਹੀ ਗੱਲਾਂ ਕਰਦੀ ਰਹਿੰਦੀ। ਹਰੀ ਨੇ ਹੌਸਲਾ ਕਰਕੇ ਉਸਦੇ ਨਜ਼ਦੀਕ ਹੋਣ ਦੀ ਕੋਸ਼ਿਸ਼ ਕੀਤੀ। ਵਾਹਵਾ ਗੱਲਬਾਤ ਖੁੱਲ੍ਹ ਗਈ। ਕਈ ਵਾਰੀ ਹਰੀ ਨੇ ਉਸਦੀ ਨੇੜੇ ਤੇੜੇ ਜਾਣ ਵਿੱਚ ਮੱਦਦ ਕੀਤੀ ਤੇ ਇਕ ਵਾਰ ਤਾਂ ਉਹ ਉਸ ਨਾਲ ਮੂਵੀ ਵੇਖਣ ਵੀ ਚਲੀ ਗਈ। ਇਹ ਗੱਲ ਹਰੀ ਨੇ ਆਪਣੇ ਦੋਸਤ ਨਾਲ ਸਾਂਝੀ ਕੀਤੀ ਤਾਂ ਉਸਨੇ ਹੱਲਾਸ਼ੇਰੀ ਦਿੰਦਿਆਂ ਉਸਨੂੰ ਅੱਗੇ ਵਧਣ ਨੂੰ ਕਿਹਾ। ਹਰੀ ਕੈਰਲ ਦੇ ਹੋਰ ਨੇੜੇ ਹੋਣ ਲੱਗਿਆ। ਪਰ ਇੱਕ ਦਿਨ ਉਸਦੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਜਦੋਂ ਕੈਰਲ ਨੇ ਉਸਦੇ ਨਾਲ ਆਏ ਇੱਕ ਮੁੰਡੇ ਦੀ ਜਾਣ-ਪਹਿਚਾਣ ਕਰਵਾਉਂਦਿਆਂ ਦੱਸਿਆ ਕਿ ਇਹ ਉਸਦਾ ਬੁਆਏ ਫਰੈਂਡ, ਜਾਸ਼ ਹੈ। ਘਰ ਆ ਕੇ ਹਰੀ ਨੇ ਇਹ ਗੱਲ ਦੋਸਤ ਨਾਲ ਸਾਂਝੀ ਕੀਤੀ ਤਾਂ ਦੋਸਤ ਨੇ ਸਮਝਾਉਂਦਿਆਂ ਕਿਹਾ ਕਿ ਫਿਰ ਕੀ ਹੋ ਗਿਆ ਜੇ ਉਸ ਕੋਲ ਬੁਆਏ ਫਰੈਂਡ ਹੈ। ਇੱਥੇ ਤਾਂ ਹਰ ਅਮਰੀਕਣ ਕੁੜੀ ਕੋਲ ਹੀ ਕੋਈ ਨਾ ਕੋਈ ਬੁਆਏ ਫਰੈਂਡ ਹੁੰਦਾ ਹੈ। ਹਰੀ ਨੇ ਫਿਰ ਤੋਂ ਮਨ ਕਰੜਾ ਕੀਤਾ। ਮਨ 'ਚ ਭਾਵੇਂ ਡਰ ਜਿਹਾ ਸੀ ਪਰ ਉਹ ਵੇਖ ਰਿਹਾ ਸੀ ਕਿ ਕੈਰਲ ਉਸਦੇ ਹੋਰ ਨਜ਼ਦੀਕ ਹੁੰਦੀ ਜਾ ਰਹੀ ਹੈ। ਉਸਨੂੰ ਦੋਸਤ ਦਾ ਕਿਹਾ ਹੋਇਆ ਸੱਚ ਹੁੰਦਾ ਲੱਗਿਆ ਕਿ ਇਹ ਗੋਰੀਆਂ ਬੁਆਏ ਫਰੈਂਡ ਬਦਲਣ ਲੱਗੀਆਂ ਮਿੰਟ ਲਾਉਂਦੀਆਂ ਹਨ।

ਕੈਰਲ ਕਈ ਵਾਰੀ ਬਿਨਾਂ ਕੰਮ ਤੋਂ ਹੀ ਸਟੋਰ ’ਤੇ ਆ ਜਾਂਦੀ। ਇਵੇਂ ਹੀ ਇੱਕ ਦਿਨ ਉਹ ਆਈ ਤਾਂ ਬਹੁਤ ਖੁਸ਼ ਸੀ। ਉਸਨੇ ਆਪਣੀ ਇਹ ਖੁਸ਼ੀ ਹਰੀ ਨਾਲ ਸਾਂਝੀ ਕੀਤੀ ਤਾਂ ਹਰੀ ਦੇ ਹੋਸ਼ ਉੱਡ ਗਏ। ਕੈਰਲ ਨੇ ਦੱਸਿਆ ਸੀ ਕਿ ਉਸਨੇ ਤੇ ਜਾਸ਼ ਨੇ ਬੜੀ ਛੇਤੀ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ ਹੈ। ਇਹੀ ਗੱਲ ਹਰੀ ਨੇ ਆਪਣੇ ਦੋਸਤ ਨੂੰ ਬੜੇ ਉਦਾਸ ਲਹਿਜੇ ’ਚ ਦੱਸੀ ਤਾਂ ਉਹ ਬੋਲਿਆ ਕਿ ਫਿਰ ਕੀ ਹੋਇਆ ਜੇ ਉਹ ਇਉਂ ਕਹਿੰਦੀ ਹੈ। ਉਨ੍ਹਾਂ ਨੇ ਵਿਆਹ ਕਰਵਾਉਣ ਦਾ ਫੈਸਲਾ ਹੀ ਕੀਤਾ ਹੈ, ਨਾ ਕਿ ਅਜੇ ਕਰਵਾਇਆ ਹੈ। ਪਰ ਹਰੀ ਦੀ ਉਮੀਦ ਤਕਰੀਬਨ ਖਤਮ ਹੋ ਗਈ ਸੀ। ਉਸਨੂੰ ਕੈਰਲ ਦੇ ਸੁਭਾਅ ਦੀ ਵੀ ਸਮਝ ਨਹੀਂ ਆਉਂਦੀ ਸੀ। ਹੁਣ ਉਹ ਪਹਿਲਾਂ ਨਾਲੋਂ ਵੀ ਉਸਦੇ ਨੇੜੇ ਆਉਂਦੀ ਜਾ ਰਹੀ ਸੀ। ਫਿਰ ਉਹ, ਉਸ ਨਾਲ ਆਪਣੀਆਂ ਘਰੇਲੂ ਗੱਲਾਂ ਸਾਂਝੀਆਂ ਕਰਨ ਲੱਗੀ। ਕਈ ਵਾਰੀ ਉਹ ਆਪਣੀ ਅਤੇ ਜਾਸ਼ ਦੀ ਲੜਾਈ ਦੀ ਕੋਈ ਗੱਲ ਸੁਣਾਉਂਦੀ ਤਾਂ ਹਰੀ ਨੂੰ ਹੌਸਲਾ ਜਿਹਾ ਹੋ ਜਾਂਦਾ। ਪਰ ਅਗਲੇ ਦਿਨ ਜਦੋਂ ਉਹ ਦੱਸਦੀ ਕਿ ਉਨ੍ਹਾਂ ਦੀ ਸੁਲ੍ਹਾ ਹੋ ਚੁੱਕੀ ਐ ਤਾਂ ਉਸਦਾ ਹੌਸਲਾ ਪਸਤ ਹੋ ਜਾਂਦਾ। ਇਸੇ ਵਿਚਕਾਰ ਉਸਨੇ ਇੱਕ ਹੋਰ ਬੰਬ ਸੁੱਟਦਿਆਂ ਹਰੀ ਨੂੰ ਦੱਸਿਆ ਕਿ ਉਹ ਜਾਸ਼ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ। ਨਾਲ ਹੀ ਉਸਨੇ ਇਹ ਵੀ ਕਿਹਾ ਕਿ ਉਸਨੇ ਜਾਸ਼ ਨੂੰ ਕਹਿ ਦਿੱਤਾ ਹੈ ਕਿ ਸ਼ਾਦੀ ਛੇਤੀ ਕਰ ਲਈ ਜਾਵੇ। ਉਸ ਅਨੁਸਾਰ ਉਸਦੀ ਇੱਛਾ ਹੈ ਕਿ ਬੱਚੇ ਦੇ ਪੈਦਾ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਸ਼ਾਦੀ ਹੋ ਜਾਵੇ। ਹੁਣ ਹਰੀ ਬਿਲਕੁਲ ਨਿਰਾਸ਼ ਹੋ ਗਿਆ ਸੀ। ਇਸ ਵਿਚਕਾਰ ਕੈਰਲ ਹੋਰੀਂ ਉਵੇਂ ਹੀ ਹਰ ਦੂਜੇ ਤੀਜੇ ਦਿਨ ਸਟੋਰ ’ਤੇ ਆਉਂਦੇ ਰਹੇ। ਕਦੇ ਕੈਰਲ ਇਕੱਲੀ ਵੀ ਆ ਜਾਂਦੀ। ਪਰ ਹਰੀ ਹੁਣ ਉਸ ਤੋਂ ਦੂਰੀ ਬਣਾਉਣ ਲੱਗ ਪਿਆ ਸੀ। ਉਸ ਨੇ ਮਨ ’ਚ ਸੋਚਿਆ ਸੀ ਕਿ ਜੋ ਗੱਲ ਸਿਰੇ ਹੀ ਨਹੀਂ ਲੱਗ ਸਕਦੀ ਉਸ ਪਿੱਛੇ ਕਾਹਦੇ ਲਈ ਵਕਤ ਬਰਬਾਦ ਕਰਨਾ। ਵੈਸੇ ਉਸਨੂੰ ਕੈਰਲ ਦਿਲੋਂ ਚੰਗੀ ਲੱਗਦੀ ਸੀ। ਉਂਝ ਦੂਰੀ ਭਾਵੇਂ ਉਸਨੇ ਬਣਾ ਲਈ ਸੀ, ਪਰ ਉਸਨੂੰ ਵੇਖਣ ਨੂੰ ਦਿਲ ਕਰਦਾ ਰਹਿੰਦਾ ਸੀ। ਸ਼ਾਇਦ ਇਹੀ ਵਜ੍ਹਾ ਸੀ ਕਿ ਅੱਜ ਉਸਨੂੰ ਇਕੱਲੀ ਨੂੰ ਉਦਾਸ ਲਹਿਜੇ ’ਚ ਪਾਰਕਿੰਗ ਦੇ ਬੈਂਚ ’ਤੇ ਬੈਠਿਆਂ ਵੇਖਿਆ ਤਾਂ ਉਹ ਬਿਨਾਂ ਸੋਚਿਆ ਈ ਉਸ ਕੋਲ ਚਲਾ ਗਿਆ। ਕੈਰਲ ਨੂੰ ਹਰੀ ਦੇ ਆਉਣ ਦਾ ਕੋਈ ਪਤਾ ਨਾ ਲੱਗਿਆ, ਕਿਉਂਕਿ ਉਹ ਡੂੰਘੀਆਂ ਸੋਚਾਂ ’ਚ ਗੁੰਮ ਸੀ। ਹਰੀ ਨੇ ਉਸਨੂੰ ਬੁਲਾਇਆ ਤਾਂ ਉਸਨੇ ਉਦਾਸ ਜਿਹੀ ਹਾਇ ਕਹਿੰਦਿਆਂ ਉੱਠਣ ਦੀ ਕੋਸ਼ਿਸ਼ ਕੀਤੀ। ਪਰ ਫਿਰ ਪਾਸੇ ਜਿਹੇ ਹੁੰਦੀ ਉਵੇਂ ਹੀ ਬੈਠ ਗਈ। ਹਰੀ ਨੇ ਖੜ੍ਹੇ ਖੜ੍ਹੋਤੇ ਨੇ ਹੀ ਪੁੱਛਿਆ ਕਿ ਕੀ ਸਭ ਕੁਝ ਠੀਕ ਠਾਕ ਹੈ। ਉਸਨੇ ਕੋਈ ਜੁਆਬ ਨਾ ਦਿੱਤਾ ਤਾਂ ਉਹ ਉਸਦੇ ਕੋਲ ਬਹਿ ਗਿਆ। ਉਹ ਫਿਰ ਵੀ ਨਾ ਬੋਲੀ ਤਾਂ ਉਸਨੇ ਉਸਦੇ ਮੋਢੇ ’ਤੇ ਹੱਥ ਰੱਖਿਆ। ਉਹ ਫਿੱਸ ਪਈ ਤੇ ਰੋਂਦਿਆਂ ਹੋਇਆਂ ਬੋਲੀ, “ਜਾਸ਼ ਮੈਨੂੰ ਛੱਡ ਕੇ ਭੱਜ ਗਿਆ ਐ। ਉਸਦੇ ਸਾਰੇ ਵਾਅਦੇ ਝੂਠੇ ਨਿੱਕਲੇ। ਮੈਂ ਇਸ ਹਾਲਤ ’ਚ ਕਿੱਥੇ ਜਾਵਾਂ?” ਇੰਨਾ ਕਹਿੰਦੀ ਉਹ ਉੱਚੀ ਰੋਣ ਲੱਗੀ। ਹਰੀ ਨੇ ਉਸਨੂੰ ਚੁੱਪ ਕਰਵਾਇਆ। ਉਹ ਹੌਲੀ ਹੌਲੀ ਸਾਵਾਂ ਹੋ ਗਈ। ਫਿਰ ਹਰੀ ਨੇ ਕਿਹਾ ਕਿ ਚੱਲ ਤੈਨੂੰ ਤੇਰੇ ਘਰ ਛੱਡ ਆਵਾਂ। ਇਸਦੇ ਉੱਤਰ ’ਚ ਉਹ ਕਹਿਣ ਲੱਗੀ, “ਮੇਰਾ ਕੋਈ ਘਰ ਨ੍ਹੀਂ ਐ। ਅਸੀਂ ਜਾਸ਼ ਦੇ ਕਿਸੇ ਫਰੈਂਡ ਦੇ ਘਰ ਰਹਿੰਦੇ ਸੀ। ਜਾਸ਼ ਚਲਾ ਗਿਆ ਤਾਂ ਉਸ ਫਰੈਂਡ ਨੇ ਮੈਨੂੰ ਕਹਿ ਦਿੱਤਾ ਕਿ ਹੁਣ ਮੈਂ ਆਪਣਾ ਕੋਈ ਹੋਰ ਟਿਕਾਣਾ ਕਰਾਂ। ਉਹ ਮੈਨੂੰ ਉੱਥੇ ਨ੍ਹੀਂ ਰੱਖ ਸਕਦਾ।” ਹਰੀ ਨੂੰ ਇਹ ਸੁਣ ਕੇ ਧੱਕਾ ਲੱਗਿਆ ਤੇ ਉਸਨੇ ਕਿਹਾ ਕਿ ਉਹ ਕੋਈ ਹੋਰ ਥਾਂ ਦੱਸ ਦੇਹ। ਜਿੱਥੇ ਉਹ ਕਹੇਗੀ ਉਹ ਛੱਡ ਆਵੇਗਾ। ਇਸਦੇ ਉੱਤਰ ’ਚ ਕੈਰਲ ਨੇ ਨੀਵੀਂ ਪਾਉਂਦੀ ਨੇ ਕਿਹਾ, “ਮੇਰੇ ਕੋਲ ਰਹਿਣ ਲਈ ਕੋਈ ਥਾਂ ਨ੍ਹੀਂ ਐ।” ਹਰੀ ਦੁਵਿਧਾ ਜਿਹੀ ’ਚ ਪੈ ਗਿਆ। ਫਿਰ ਉਸਨੂੰ ਖਿਆਲ ਆਇਆ ਕਿ ਕਿਉਂ ਨਾ ਅੱਜ ਦੀ ਰਾਤ ਉਹ ਇਸਨੂੰ ਆਪਣੇ ਅਪਾਰਟਮੈਂਟ ਵਿੱਚ ਠਹਿਰਾ ਲਵੇ, ਕੱਲ੍ਹ ਨੂੰ ਆਪੇ ਕੋਈ ਹੋਰ ਪ੍ਰਬੰਧ ਕਰ ਲਊਗੀ। ਉਸ



ਨੇ ਹੌਲੀ ਜਿਹੀ ਕਿਹਾ, “ਕੈਰਲ ਤੂੰ ਚਾਹੇਂ ਤਾਂ ਅੱਜ ਦੀ ਰਾਤ ਮੇਰੇ ਅਪਾਰਟਮੈਂਟ ’ਚ ਗੁਜ਼ਾਰ ਸਕਦੀ ਐਂ।” ਉਸਨੇ ਹੈਰਾਨ ਜਿਹੀ ਹੁੰਦਿਆਂ ਹਰੀ ਵੱਲ ਮੂੰਹ ਕਰਦਿਆਂ ਪੁੱਛਿਆ, “ਪੱਕੀ ਗੱਲ ਐ? ਨਾਲੇ ਇਸ ਨਾਲ ਤੈਨੂੰ ਕੋਈ ਤਕਲੀਫ ਤਾਂ ਨ੍ਹੀਂ ਹੋਵੇਗੀ?” ਹਰੀ ਨੇ ਨਾਂਹ ’ਚ ਸਿਰ ਮਾਰਿਆ ਤਾਂ ਉਹ ਉੱਠ ਕੇ ਉਸ ਨਾਲ ਕਾਰ ਵਿਚ ਜਾ ਬੈਠੀ। ਅੱਧੇ ਘੰਟੇ ’ਚ ਉਹ ਹਰੀ ਦੇ ਅਪਾਰਟਮੈਂਟ ਪਹੁੰਚ ਗਏ। ਅੰਦਰ ਜਾਂਦਿਆਂ ਹਰੀ ਨੇ ਕੈਰਲ ਨੂੰ ਕਿਹਾ, “ਅੱਜ ਦੀ ਰਾਤ ਤੂੰ ਬੜੇ ਆਰਾਮ ਨਾਲ ਇੱਥੇ ਰਹਿ ਸਕਦੀ ਐਂ, ਕਿਉਂਕਿ ਮੇਰਾ ਦੋਸਤ ਇੱਥੇ ਪੱਕਾ ਨਹੀਂ ਰਹਿੰਦਾ। ਉਹ ਕਦੇ ਕਦੇ ਹੀ ਇੱਥੇ ਆਉਂਦਾ ਐ।” ਕੈਰਲ ਨੇ ਹੌਲੀ ਜਿਹੇ ਥੈਂਕਸ ਕਿਹਾ ਤੇ ਝਿਜਕਦੀ ਹੋਈ ਸੋਫੇ ’ਤੇ ਬੈਠ ਗਈ....।

ਹਰੀ ਅਚਾਨਕ ਖਿਆਲਾਂ ’ਚੋਂ ਨਿਕਲਿਆ ਤੇ ਉਸਦਾ ਧਿਆਨ ਕੈਰਲ ਵੱਲ ਗਿਆ। ਉਹ ਉਵੇਂ ਹੀ ਉਦਾਸ ਚਿੱਤ ਸੋਫੇ ’ਤੇ ਬੈਠੀ ਸੀ। ਹਰੀ ਉੱਠਿਆ ਤੇ ਉਸਦੇ ਸਾਹਮਣੇ ਬੈਠਦਿਆਂ ਹੌਲੀ ਜਿਹੇ ਬੋਲਿਆ, “ਕੈਰਲ ਤੂੰ ਇੰਨੀ ਉਦਾਸ ਨਾ ਹੋ, ਇਉਂ ਢੇਰੀ ਨਾ ਢਾਹ। ਉਤਾਰ ਚੜ੍ਹਾ ਜ਼ਿੰਦਗੀ ’ਚ ਆਉਂਦੇ ਈ ਰਹਿੰਦੇ ਨੇ। ਕੱਲ੍ਹ ਨੂੰ ਤੂੰ ਆਪਣੇ ਮਾਪਿਆਂ ਕੋਲ ਚਲੀ ਜਾਈਂ। ਉੱਥੇ ਆਰਾਮ ਨਾਲ ਰਹੀਂ।” ਉਸਦੀ ਗੱਲ ਸੁਣ ਕੇ ਕੈਰਲ ਨੇ ਉਸ ਵੱਲ ਧਿਆਨ ਨਾਲ ਵੇਖਿਆ ਤੇ ਫਿਰ ਪਾਸੇ ਮੂੰਹ ਕਰਦੀ ਹੋਈ ਬੋਲੀ, “ਹਰੀ, ਮੇਰੇ ਮਾਂ ਪਿਉ ਨ੍ਹੀਂ ਹਨ।” ਉਸਦੀ ਗੱਲ ਹਰੀ ਦੇ ਕਾਲਜੇ ’ਚ ਵੱਜੀ ਤੇ ਉਸਨੂੰ ਖਿਆਲ ਆਇਆ ਕਿ ਫਿਰ ਤਾਂ ਇਸਦਾ ਹਾਲ ਵੀ ਉਸਦੇ ਵਰਗਾ ਹੀ ਹੈ। ਹਰੀ ਉਦਾਸ ਜਿਹਾ ਉੱਠਿਆ ਤੇ ਕੈਰਲ ਨੂੰ ਉਸਦਾ ਕਮਰਾ ਦਿਖਾਉਂਦਿਆਂ ਬੋਲਿਆ, “ਕੈਰਲ ਤੂੰ ਬਾਥਰੂਮ ਬਗੈਰਾ ਜਾ ਕੇ ਫਰੈਸ਼ ਹੋ ਲੈ, ਫਿਰ ਬਾਹਰ ਜਾ ਕੇ ਖਾਣਾ ਖਾ ਆਵਾਂਗੇ।” ਉਹ ਉੱਠ ਕੇ ਕਮਰੇ ਵੱਲ ਚਲੀ ਗਈ। ਹਰੀ ਵਾਪਸ ਸੋਫੇ ’ਤੇ ਬਹਿੰਦਾ ਫਿਰ ਆਪਣੇ ਆਪ ’ਚ ਗੁਆਚ ਗਿਆ।

ਹਰੀ ਦੇ ਛੋਟੇ ਹੁੰਦੇ ਦੇ ਹੀ ਮਾਂ ਪਿਉ ਗੁਜ਼ਰ ਗਏ ਸਨ। ਉਦੋਂ ਉਹ ਕੋਈ ਸਾਲ ਭਰ ਦਾ ਹੋਵੇਗਾ ਜਦੋਂ ਇੱਕ ਦਿਨ ਉਹ ਸਕੂਟਰ ’ਤੇ ਜਾ ਰਹੇ ਸਨ। ਪਿਉ ਸਕੂਟਰ ਚਲਾ ਰਿਹਾ ਸੀ ਤੇ ਉਹ ਮਾਂ ਦੀ ਗੋਦੀ ’ਚ ਸੀ। ਅੱਗੇ ਸੜਕ ਦੇ ਨੇੜੇ, ਕਿਸੇ ਖੇਤ ਵਾਲੇ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਾਈ ਹੋਈ ਸੀ। ਜਿਉਂ ਹੀ ਉਹ ਕੋਲ ਦੀ ਲੰਘਣ ਲੱਗੇ ਤਾਂ ਹਵਾ ਦਾ ਰੁਖ ਬਦਲ ਗਿਆ ਤੇ ਅੱਗ ਸੜਕ ਤੱਕ ਆ ਪਹੁੰਚੀ। ਇਸ ਤੋਂ ਪਹਿਲਾਂ ਕਿ ਉਹ ਸੰਭਲਦੇ ਉਹ ਅੱਗ ਦੀਆਂ ਲਪੇਟਾਂ ’ਚ ਆ ਗਏ। ਉਹ ਡਿੱਗੇ ਤਾਂ ਹਰੀ ਮਾਂ ਦੀ ਬੁਕਲ ’ਚੋਂ ਨਿਕਲ ਕੇ ਦੂਰ ਖਤਾਨਾਂ ’ਚ ਜਾ ਡਿੱਗਿਆ। ਜਦੋਂ ਨੂੰ ਬਚਾਉਣ ਵਾਲੇ ਪਹੁੰਚੇ ਉਦੋਂ ਤੱਕ ਮਾਂ ਪਿਉ ਅੱਗ ’ਚ ਸੜ ਕੇ ਖਤਮ ਹੋ ਗਏ ਸਨ। ਪਰ ਹਰੀ ਨੂੰ ਪਰਾਂਹ ਖਤਾਨਾਂ ’ਚ ਡਿੱਗੇ ਪਏ ਨੂੰ ਫੁੱਲ ਦੀ ਨਾ ਲੱਗੀ। ਹਰੀ ਤੋਂ ਦਸ ਸਾਲ ਵੱਡੀ, ਉਸਦੀ ਇਕ ਭੈਣ ਸੀ। ਮਾਂ ਪਿਉ ਦੇ ਜਾਣ ਪਿੱਛੋਂ ਦੋਨੋਂ ਭੈਣ ਭਰਾ ਮਾਪਿਆਂ ਵਾਅਰੇ ਹੋ ਗਏ ਤਾਂ ਉਨ੍ਹਾਂ ਨੂੰ ਚਾਚੇ ਚਾਚੀ ਨੇ ਪਾਲਿਆ ਸੀ। ਚਾਚੇ ਦਾ ਸੁਭਾਅ ਬਹੁਤ ਕੌੜ ਸੀ ਤੇ ਚਾਚੀ ਉਨ੍ਹਾਂ ਨੂੰ ਵੇਖ ਨਾ ਭਾਉਂਦੀ। ਪਰਿਵਾਰ ਕੋਈ ਵੱਡਾ ਨਹੀਂ ਸੀ। ਹਰੀ ਦੇ ਪਿਉ ਹੋਰੀਂ ਦੋ ਹੀ ਭਰਾ ਸਨ। ਦੋਨਾਂ ਨੂੰ ਚਾਰ ਚਾਰ ਕਿੱਲੇ ਜਮੀਨ ਆਉਂਦੀ ਸੀ। ਪਰ ਦੋਨਾਂ ਦੀ ਬਣਦੀ ਨਹੀਂ ਸੀ। ਕੋਈ ਜ਼ਮੀਨ ਜਾਇਦਾਤ ਦੀ ਵੰਡ ਦਾ ਝਗੜਾ ਸੀ। ਹੁਣ ਦੋਨੋਂ ਭੈਣ ਭਰਾ ਸ਼ਾਇਦ ਚਾਚੇ ਦੇ ਪਰਿਵਾਰ ਦੇ ਗਲ ਬਸ ਐਵੇਂ ਬਲਾ ਬਣ ਕੇ ਚੰਬੜ ਗਏ ਸਨ। ਲੋਕਾਚਾਰੀ ਵਜੋਂ ਚਾਚਾ ਚਾਚੀ ਨੇ ਉਨ੍ਹਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਓਟੀ ਸੀ। ਖੈਰ ਇਹ ਗੱਲਾਂ ਪਿੱਛੇ ਰਹਿ ਗਈਆਂ ਤੇ ਹਰੀ ਚਾਚੇ ਦੇ ਪਰਿਵਾਰ ਦਾ ਨੌਕਰ ਬਣ ਕੇ ਪਲਣ ਲੱਗਿਆ। ਉਹ ਹਰੀ ਤੋਂ ਖੇਤ ਦਾ ਸਾਰਾ ਕੰਮ ਕਰਵਾਉਂਦਾ। ਪਰ ਇੰਨਾ ਹੀ ਬਹੁਤ ਸੀ ਕਿ ਉਹ ਪੜ੍ਹ ਰਿਹਾ ਸੀ। ਭੈਣ ਘਰ ਦਾ ਕੰਮ ਸੰਭਾਲਦੀ ਸੀ। ਜਦੋਂ ਥੋੜ੍ਹੀ ਹੋਸ਼ ਆਈ ਤਾਂ ਹਰੀ ਮਾਂ ਪਿਉ ਨੂੰ ਯਾਦ ਕਰਕੇ ਬਹੁਤ ਰੋਂਦਾ ਹੁੰਦਾ ਸੀ। ਖਾਸ ਕਰਕੇ ਤਿੱਥ ਤਿਉਹਾਰਾਂ ਦੇ ਦਿਨ। ਜਦੋਂ ਲੋਕਾਂ ਦੇ ਜੁਆਕ ਆਪਣੇ ਮਾਂ ਪਿਉ ਨਾਲ ਖੁਸ਼ੀਆਂ ਮਨਾ ਰਹੇ ਹੁੰਦੇ ਤਾਂ ਉਹ ਖੇਤਾਂ ’ਚ

ਕੰਮ ਕਰਦਾ ਤੇ ਭੈਣ ਘਰੇ ਘੱਟਾ ਢੋਂਦੀ ਹੁੰਦੀ ਸੀ। ਪਰ ਭੈਣ, ਉਸ ਲਈ ਮਾਂ ਪਿਉ, ਸਭ ਕੁਝ ਸੀ। ਉਹ ਆਪਣਾ ਦਰਦ ਕਦੇ ਵੀ ਹਰੀ ਸਾਹਮਣੇ ਪ੍ਰਗਟ ਨਾ ਕਰਦੀ। ਸਾਰਾ ਦਿਨ ਘਰ ਦਾ ਕੰਮ ਕਰਦੀ ਹਮੇਸ਼ਾ ਉਸਨੂੰ ਹੌਸਲਾ ਦਿੰਦੀ ਕਿ ਚੰਗੇ ਦਿਨ ਜ਼ਰੂਰ ਆਉਣਗੇ। ਉਂਝ ਦੋਨਾਂ ਨੂੰ ਹੀ ਪਤਾ ਨਹੀਂ ਸੀ ਕਿ ਬਚਪਨ ਕੀ ਹੁੰਦਾ ਹੈ। ਬਸ ਜਿਵੇਂ ਤਿਵੇਂ ਵਕਤ ਗੁਜ਼ਰ ਗਿਆ ਤੇ ਫਿਰ ਭੈਣ ਦਾ ਕਿਸੇ ਦਰਮਿਆਨੇ ਜਿਹੇ ਘਰ 'ਚ ਸਾਦਾ ਜਿਹਾ ਵਿਆਹ ਹੋ ਗਿਆ। ਉਦੋਂ ਹਰੀ ਅੱਠਵੀਂ 'ਚ ਪੜ੍ਹਦਾ ਸੀ। ਇਵੇਂ ਕਰਦਿਆਂ ਉਹ ਦਸਵੀਂ ਜਮਾਤ ਪਾਸ ਕਰ ਗਿਆ। ਅੱਗੇ ਦੀ ਪੜ੍ਹਾਈ ਲਈ ਉਸਨੂੰ ਸ਼ਹਿਰ ਦੇ ਸਕੂਲ ਜਾਣਾ ਪੈਣਾ ਸੀ ਜੋ ਕਿ ਚਾਚੇ ਨੂੰ ਮਨਜ਼ੂਰ ਨਹੀਂ ਸੀ। ਉਹ ਮਨ ਮਸੋਸ ਕੇ ਖੇਤ ਦੇ ਕੰਮ 'ਚ ਲੱਗ ਗਿਆ। ਹੋਰ ਕੋਈ ਰਾਹ ਵੀ ਤਾਂ ਨਹੀਂ ਸੀ। ਭੈਣ ਚਾਹੁੰਦੀ ਸੀ ਕਿ ਕਿਵੇਂ ਨਾ ਕਿਵੇਂ ਉਹ ਅੱਗੇ ਪੜ੍ਹੇ ਪਰ ਉਸ ਵੇਲੇ ਇਹ ਸੰਭਵ ਨਹੀਂ ਸੀ। ਇੱਕ ਸਾਲ ਹਰੀ ਨੇ ਘਰ ਦਾ ਕੰਮ ਕੀਤਾ। ਇਸ ਵਿਚਾਕਰ ਭੈਣ ਨੇ ਆਪਣੇ ਘਰਵਾਲੇ ਨੂੰ ਮਨਾ ਲਿਆ ਤੇ ਉਹ ਉਸਨੂੰ ਆਪਣੇ ਸਹੁਰੇ ਪਿੰਡ ਲੈ ਗਈ। ਕੰਮ ਤਾਂ ਇੱਥੇ ਵੀ ਬਥੇਰਾ ਸੀ, ਨਾਲੇ ਉਪਰੋਂ ਮਨ 'ਚ ਹਰ ਵਕਤ ਇਹ ਰਹਿੰਦਾ ਕਿ ਉਹ ਭੈਣ 'ਤੇ ਭਾਰ ਬਣਿਆਂ ਹੋਇਆ ਹੈ। ਇਸ ਨਾਲ ਭੈਣ ਦਾ ਸਨਮਾਨ ਵੀ ਘਟਦਾ ਸੀ। ਪਰ ਉਹ ਖੇਤਾਂ ਵਿੱਚ ਜ਼ਿਆਦਾ ਕਰਦਿਆਂ ਕਿਸੇ ਨੂੰ ਆਪਣੀ ਗਰਜ਼ ਦਾ ਅਹਿਸਾਸ ਨਹੀਂ ਹੋਣ ਦਿੰਦਾ ਸੀ। ਭੈਣ ਦੀ ਕਿਸਮਤ ਵੀ ਕੋਈ ਬਹੁਤੀ ਚੰਗੀ ਨਹੀਂ ਸੀ। ਬਚਪਨ ਮਾਂ ਪਿਉ ਤੋਂ ਬਿਨਾਂ ਗੁਜ਼ਾਰਿਆ ਤੇ ਉਪਰੋਂ ਕਾਫੀ ਦੇਰ ਤੱਕ ਉਸਨੂੰ ਕੋਈ ਉਲਾਦ ਨਾ ਹੋਈ। ਫਿਰ ਵਿਆਹ ਦੇ ਕਈ ਸਾਲ ਪਿੱਛੋਂ ਭੈਣ ਨੇ ਬੱਚੀ ਨੂੰ ਜਨਮ ਦਿੱਤਾ। ਉਦੋਂ ਭੈਣ ਬਹੁਤ ਜਿਆਦਾ ਖੁਸ਼ ਸੀ। ਉਸਨੂੰ ਲੱਗਿਆ ਸੀ ਕਿ ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਇਕੱਠੀਆਂ ਹੀ ਮਿਲ ਗਈਆਂ ਹੋਣ। ਪਰ ਸਾਲ ਪਿੱਛੋਂ ਹੀ ਬੱਚੀ ਕਿਸੇ ਬਿਮਾਰੀ ਕਾਰਨ ਚੱਲ ਵਸੀ। ਮੁੜ ਕੇ ਭੈਣ ਨੂੰ ਕੋਈ ਬੱਚਾ ਨਸੀਬ ਨਾ ਹੋਇਆ। ਇਸ ਨਾਲ ਉਸਦੀ ਮਾਨਸਿਕ ਹਾਲਤ ਖਰਾਬ ਹੋ ਗਈ। ਉਹ ਗਮਗੀਨ ਰਹਿਣ ਲੱਗੀ। ਹਰ ਵਕਤ ਆਪਣੀ ਧੀ ਨੂੰ ਯਾਦ ਕਰਦਿਆਂ ਤੜਪਦੀ ਰਹਿੰਦੀ। ਫਿਰ ਹਰੀ ਨੇ ਕਾਲਜ ਦੀ ਪੜ੍ਹਾਈ ਪੂਰੀ ਕਰ ਲਈ। ਇਸੇ ਸਮੇਂ ਉਸਨੂੰ ਕਿਸੇ ਦੋਸਤ ਵੱਲੋਂ ਆਪਣੇ ਨਾਲ ਅਮਰੀਕਾ ਜਾਣ ਦੀ ਸਲਾਹ ਮਿਲੀ। ਦੋਸਤ ਕਿਸੇ ਏਜੈਂਟ ਰਾਹੀਂ ਜਾ ਰਿਹਾ ਸੀ। ਹਰੀ ਨੇ ਕਾਫੀ ਸੋਚਿਆ ਤੇ ਫਿਰ ਮਨ 'ਚ ਖਿਆਲ ਆਇਆ ਕਿ ਸ਼ਾਇਦ ਇਹੀ ਉਸਦੇ ਲਈ ਸਹੀ ਹੈ ਕਿ ਉਹ ਬਾਹਰ ਚਲਿਆ ਜਾਵੇ। ਉਸਨੇ ਭੈਣ ਨਾਲ ਸਲਾਹ ਕੀਤੀ। ਉਂਝ ਤਾਂ ਉਸਨੂੰ ਹਰੀ ਦਾ ਹੀ ਸਹਾਰਾ ਸੀ ਪਰ ਭਰਾ ਦੀ ਬਿਹਤਰ ਜ਼ਿੰਦਗੀ ਲਈ ਉਸਨੇ ਉਸਦੇ ਜਾਣ ਲਈ ਹਾਮੀ ਭਰ ਦਿੱਤੀ। ਫਿਰ ਭੈਣ ਨੇ ਹੀ ਚਾਚੇ ਨਾਲ ਜ਼ਮੀਨ ਦੀ ਭੰਨ ਤੋੜ ਕਰਕੇ ਉਸਨੂੰ ਪੈਸੇ ਦੁਆਏ ਤੇ ਉਸ ਨੇ ਉਹ ਪੈਸੇ ਅੱਗੇ ਏਜੈਂਟ ਦੀ ਝੋਲੀ ਪਾਏ। ਧੱਕਮ ਧੱਕੇ ਸਹਿੰਦੇ ਤੇ ਖੱਜਲ ਖੁਆਰੀਆਂ ਝੱਲਦੇ ਉਹ ਤਿੰਨ ਜਣੇ ਮੈਕਸੀਕੋ ਬਾਡਰ ਲੰਘ ਕੇ ਅਮਰੀਕਾ ਪਹੁੰਚ ਗਏ। ਹਰੀ ਨੂੰ ਲੱਗਿਆ ਕਿ ਉਸਨੇ ਬਹੁਤ ਵੱਡਾ ਮੋਰਚਾ ਫਤਹਿ ਕਰ ਲਿਆ ਹੈ। ਪਰ ਇੱਥੇ ਆ ਕੇ ਪਤਾ ਲੱਗਿਆ ਕਿ ਇੱਥੇ ਪਹੁੰਚਣਾ ਹੀ ਕਾਫੀ ਨਹੀਂ। ਅਸਲੀ ਕੰਮ ਇੱਥੋਂ ਦੇ ਰਹਿਣ ਲਈ ਕਾਗਜ਼ ਪ੍ਰਾਪਤ ਕਰਨਾ ਹੈ, ਜਿਸਨੂੰ ਕਿ ਗਰੀਨ ਕਾਰਡ ਕਿਹਾ ਜਾਂਦਾ ਹੈ। ਇਸਦੇ ਢੰਗ ਤਰੀਕੇ ਪਤਾ ਕੀਤੇ ਤਾਂ ਸਭ ਤੋਂ ਸੌਖਾ ਫਰਜ਼ੀ ਵਿਆਹ ਵਾਲਾ ਹੀ ਲੱਗਿਆ। ਕਈਆਂ ਨੇ ਇਹ ਵੀ ਦੱਸਿਆ ਕਿ ਜ਼ਰੂਰੀ ਨਹੀਂ ਕਿ ਇਹ ਵਿਆਹ ਪੈਸੇ ਨਾਲ ਹੀ ਹੋਵੇ। ਕਈ ਵਾਰੀ ਸਬੱਬੀਂ ਚੰਗੀਆਂ ਕੁੜੀਆਂ ਵੀ ਮਿਲ ਜਾਂਦੀਆਂ ਹਨ। ਤਾਹੀਉਂ ਕੈਰਲ ਵੱਲ ਵੇਖਦਿਆਂ ਹੀ ਹਰੀ ਨੂੰ ਲੱਗਿਆ ਸੀ ਕਿ ਇਹ ਸ਼ਾਇਦ ਉਨ੍ਹਾਂ ਚੰਗੀਆਂ ਕੁੜੀਆਂ ਵਿੱਚੋਂ ਹੀ ਹੈ। ਬਲਕਿ ਉਹ ਤਾਂ ਕਈ ਵਾਰੀ ਇੱਥੋਂ ਤੱਕ ਵੀ ਸੋਚ ਜਾਂਦਾ ਸੀ ਕਿ ਸਿਰਫ ਗਰੀਨ ਕਾਰਡ ਲਈ ਹੀ ਕਿਉਂ, ਇੰਨੀ ਚੰਗੀ ਕੁੜੀ ਨਾਲ ਤਾਂ ਉਮਰ ਭਰ ਦਾ ਸਾਥ ਵੀ ਨਿਭਾ ਸਕਦਾ ਹੈ। ਕੈਰਲ ਉਸਨੂੰ ਬਹੁਤ ਭਾਉਂਦੀ ਸੀ। ਉਦੋਂ ਉਹ ਸੋਚਦਾ ਹੁੰਦਾ ਸੀ ਕਿ ਕਾਸ਼ ਇਹ ਉਸਦੀ ਘਰਵਾਲੀ



ਬਣ ਕੇ ਉਸਦੇ ਘਰ ਰਹੇ। ਅੱਜ ਕੈਰਲ ਉਸਦੇ ਘਰ ਤਾਂ ਆ ਗਈ ਸੀ, ਪਰ ਘਰਵਾਲੀ ਬਣਕੇ ਨਹੀਂ, ਸਗੋਂ ਉਹ ਤਾਂ ਬੜੇ ਵੱਖਰੇ ਮਾਹੌਲ ਵਿੱਚ ਆਈ ਸੀ।

"ਹਰੀ ਤੂੰ ਕਿਨ੍ਹਾਂ ਸੋਚਾਂ 'ਚ ਗੁੰਮ ਐਂ ? ਕਿਤੇ ਮੇਰੇ ਕਰਕੇ ਤਾਂ ਨ੍ਹੀਂ.... ?" ਕੈਰਲ ਦੀ ਆਵਾਜ਼ ਨੇ ਉਸਦੀ ਸੁਰਤੀ ਭੰਗ ਕੀਤੀ। ਉਹ ਹੁਣੇ ਨਹਾ ਧੋ ਕੇ ਬਾਹਰ ਆਈ ਸੀ।

"ਉਹ ਨ੍ਹੀਂ ਨ੍ਹੀਂ। ਐਸੀ ਵੈਸੀ ਕੋਈ ਗੱਲ ਨ੍ਹੀਂ ਐ। ਮੈਂ ਤਾਂ ਸਗੋਂ ਸੋਚ ਰਿਹਾ ਸੀ ਕਿ ਆਪਣਾ ਦੋਨਾਂ ਦਾ ਜੀਵਨ ਆਪਸ ਵਿੱਚ ਕਿੰਨਾ ਮਿਲਦਾ ਜੁਲਦਾ ਐ।" ਉਹ ਸੋਚਾਂ 'ਚੋਂ ਨਿਕਲਦਾ, ਉਸਦੀ ਗੱਲ ਦਾ ਜੁਆਬ ਦਿੰਦਾ ਖੜ੍ਹਾ ਹੋ ਗਿਆ ਤੇ ਉਸਨੇ ਕੈਰਲ ਨੂੰ ਬੈਠਣ ਦਾ ਇਸ਼ਾਰਾ ਕੀਤਾ। ਉਹ ਬਹਿੰਦਿਆਂ ਉਲਝੀ ਜਿਹੀ ਬੋਲੀ, "ਹਰੀ ਤੇਰਾ ਇਹ ਗੱਲ ਤੋਂ ਕੀ ਮਤਲਬ ਐ ਕਿ ਆਪਣਾ ਦੋਨਾਂ ਦਾ ਜੀਵਨ, ਬੜਾ ਮਿਲਦਾ ਜੁਲਦਾ ਐ ?"

"ਕੈਰਲ ਗੱਲ ਇਸ ਤਰ੍ਹਾਂ ਹੈ....।" ਅੱਗੇ ਉਸਨੇ ਆਪਣੇ ਮਾਂ ਪਿਉ ਦੀ ਐਕਸੀਡੈਂਟ ਮੌਤ ਤੋਂ ਲੈ ਕੇ ਹੁਣ ਤੱਕ ਦੀ ਸਾਰੀ ਕਹਾਣੀ ਸੁਣਾ ਦਿੱਤੀ। ਪਰ ਗਰੀਨ ਕਾਰਡ ਵਾਲੀ ਗੱਲ ਲੁਕਾ ਲਈ। ਉਸਦੀ ਗੱਲ ਸੁਣ ਕੇ, ਹੈਰਾਨੀ 'ਚ ਕੈਰਲ ਦੀਆਂ ਅੱਖਾਂ ਹੋਰ ਚੌੜੀਆਂ ਹੋ ਗਈਆਂ ਤੇ ਇਸੇ ਅੰਦਾਜ਼ 'ਚ ਉਸਨੇ ਪੁੱਛਿਆ, "ਹਰੀ ਤੂੰ ਇਹ ਕਿਵੇਂ ਸੋਚਿਆ ਕਿ ਮੇਰੀ ਜ਼ਿੰਦਗੀ ਵੀ ਤੇਰੇ ਵਾਂਗ ਹੀ ਹੈ।" ਇਸਦੇ ਜੁਆਬ 'ਚ ਹਰੀ ਨੇ ਕਿਹਾ, "ਕੈਰਲ ਤੂੰ ਦੱਸਿਆ ਸੀ ਕਿ ਤੇਰੇ ਵੀ ਮਾਂ ਪਿਉ ਨ੍ਹੀਂ ਹੈਗੇ। ਇਸੇ ਕਰਕੇ ਮੈਂ ਸੋਚਿਆ ਕਿ ਉਹ ਵੀ ਸ਼ਾਇਦ ਮੇਰੇ ਮਾਪਿਆਂ ਵਾਂਗ ਹੀ....।"

"ਨ੍ਹੀਂ ਹਰੀ, ਉਹ ਗੱਲ ਨ੍ਹੀਂ ਐ। ਬਲਕਿ ਮੈਨੂੰ ਤਾਂ ਇਹ ਵੀ ਪਤਾ ਨ੍ਹੀਂ ਕਿ ਮੇਰੇ ਮਾਂ ਪਿਉ ਕੌਣ ਸਨ।"

"ਕੀ ਮਤਲਬ ?"

"ਕਿਉਂਕਿ ਮੇਰੀ ਮਾਂ ਮੈਨੂੰ ਜਨਮ ਦੇਣ ਪਿੱਛੋਂ ਮੈਨੂੰ ਹਸਪਤਾਲ ਵਿੱਚ ਈ ਛੱਡ ਕੇ ਭੱਜ ਗਈ ਸੀ। ਮਾਂ ਬਾਰੇ ਤਾਂ ਬਸ ਇੰਨਾ ਈ ਪਤਾ ਐ ਪਰ ਪਿਉ ਬਾਰੇ ਤਾਂ ਇਹ ਵੀ ਨ੍ਹੀਂ ਪਤਾ ਕਿ ਉਹ ਕੌਣ ਸੀ।" ਉਸਦੀ ਗੱਲ ਨੇ ਹਰੀ ਨੂੰ ਸੁੰਨ ਕਰ ਦਿੱਤਾ। ਉਹ ਕੈਰਲ ਵੱਲ ਝਾਕਿਆ ਜੋ ਇਸ ਵੇਲੇ ਸਹਿਜ ਦਿੱਸ ਰਹੀ ਸੀ। ਉਸਨੇ ਪੁੱਛਿਆ ਕਿ ਫਿਰ ਉਸਨੂੰ ਪਾਲਿਆ ਪੋਸਿਆ ਕਿਸ ਨੇ ਤਾਂ ਉਹ ਦੱਸਣ ਲੱਗੀ।

"ਮੈਨੂੰ ਜਨਮ ਦੇ ਕੇ ਮੇਰੀ ਮਾਂ ਹਸਪਤਾਲ 'ਚੋਂ ਚਲੀ ਗਈ। ਜਾਣ ਲੱਗੀ ਉਹ ਚਿੱਠੀ ਲਿਖ ਕੇ ਛੱਡ ਗਈ ਜਿਸ ਵਿੱਚ ਲਿਖਿਆ ਸੀ, 'ਮੈਂ ਇਸ ਬੱਚੀ ਪਿੱਛੇ ਆਪਣਾ ਜੀਵਨ ਤਬਾਹ ਨ੍ਹੀਂ ਕਰ ਸਕਦੀ। ਅਜੇ ਤਾਂ ਮੈਂ ਆਪਣੀ ਜ਼ਿੰਦਗੀ ਦਾ ਆਨੰਦ ਮਾਣਨਾ ਐ। ਮੇਰਾ ਇਸ ਬੱਚੀ ਦੇ ਬੰਧਨ ਵਿੱਚ ਬੱਝਣ ਦਾ ਕੋਈ ਇਰਾਦਾ ਨ੍ਹੀਂ ਐ। ਤੁਸੀਂ ਇਸ ਨੂੰ ਸੋਸ਼ਲ ਸਰਵਿਸ ਮਹਿਕਮੇ ਦੇ ਹਵਾਲੇ ਕਰ ਦਿਉ।' ਉਸ ਪਿੱਛੋਂ ਹਸਪਤਾਲ ਵਾਲਿਆਂ ਨੇ ਮੈਨੂੰ ਸੋਸ਼ਲ ਸਰਵਿਸ ਦੀ ਉਸ ਸੰਸਥਾ ਦੇ ਹਵਾਲੇ ਕਰ ਦਿੱਤਾ ਜੋ ਇਸ ਤਰ੍ਹਾਂ ਦੇ ਲਾਵਾਰਸ ਬੱਚਿਆਂ ਨੂੰ ਪਾਲਦੀ ਐ। ਥੋੜ੍ਹੀ ਵੱਡੀ ਹੋਣ 'ਤੇ ਮੈਨੂੰ ਕਿਸੇ ਫੋਸਟਰ ਹੋਮ ਵਿੱਚ ਭੇਜ ਦਿੱਤਾ ਗਿਆ।" ਇੰਨਾ ਕਹਿ ਕੇ ਉਹ ਚੁੱਪ ਹੋ ਗਈ। ਹਰੀ ਸਮਝ ਗਿਆ ਕਿ ਉਹ ਯਤੀਮ ਘਰ ਦੀ ਗੱਲ ਕਰ ਰਹੀ ਹੈ। ਜ਼ਰਾ ਰੁਕ ਕੇ ਉਹ ਫਿਰ ਤੋਂ ਬੋਲਣ ਲੱਗੀ, "ਅਗਲੇ ਸਾਰੇ ਵਰ੍ਹੇ ਮੈਂ ਉੱਥੇ ਹੀ ਗੁਜ਼ਾਰੇ। ਮਤਲਬ ਉਦੋਂ ਤੱਕ ਜਦੋਂ ਤੱਕ ਮੈਂ ਕਾਫੀ ਵੱਡੀ ਨ੍ਹੀਂ ਹੋ ਗਈ। ਫੋਸਟਰ ਹੋਮ ਦੀ ਜ਼ਿੰਦਗੀ ਬਹੁਤ ਮਾੜੀ ਸੀ। ਪੜ੍ਹਾਈ ਜ਼ਰੂਰ ਕਰਵਾਈ ਜਾਂਦੀ ਸੀ। ਪਰ ਕੰਮ ਬਹੁਤ ਕਰਵਾਇਆ ਜਾਂਦਾ ਸੀ। ਕੁੱਟ ਮਾਰ ਹੋਣਾ ਆਮ ਗੱਲ ਸੀ। ਫਿਰ ਇੱਕ ਦਿਨ ਮੈਨੂੰ ਉੱਥੋਂ ਕੋਈ ਗੋਦ ਲੈਣ ਆਇਆ। ਮੈਨੂੰ ਥੋੜ੍ਹਾ ਚੰਗਾ ਲੱਗਿਆ। ਸੋਚਿਆ ਕਿ ਸ਼ਾਇਦ ਕੋਈ ਬੇਹਤਰ ਜ਼ਿੰਦਗੀ ਮਿਲ ਜਾਵੇ। ਉਸ ਪਰਿਵਾਰ 'ਚ ਆ ਕੇ ਸ਼ੁਰੂ ਵਿੱਚ ਇਸ ਤਰ੍ਹਾਂ ਲੱਗਿਆ ਵੀ। ਪਰ ਫਿਰ ਛੇਤੀ ਈ ਮੈਨੂੰ ਪਤਾ ਲੱਗ ਗਿਆ ਕਿ ਉਨ੍ਹਾਂ ਨੂੰ ਬੱਚੀ ਦੀ

ਨ੍ਹੀਂ ਬਲਕਿ ਇੱਕ ਨੌਕਰਾਣੀ ਦੀ ਜ਼ਰੂਰਤ ਸੀ। ਉਸ ਪਿੱਛੋਂ ਇੱਥੇ ਤਾਂ ਫੋਸਟਰ ਹੋਮ ਨਾਲੋਂ ਵੀ ਭੈੜੀ ਹੋਣ ਲੱਗੀ। ਸਭ ਕੁਝ ਸਹਿੰਦੀ ਰਹੀ। ਪਰ ਉਸ ਦਿਨ ਅਖੀਰ ਹੋ ਗਈ ਜਿਸ ਦਿਨ ਉਸ ਘਰ ਦੇ ਮਾਲਕ ਨੇ ਮੇਰੇ ਨਾਲ ਜਬਰ ਜਿਨਾਹ ਕਰਨਾ ਚਾਹਿਆ। ਮੈਂ ਉੱਥੋਂ ਭੱਜ ਨਿਕਲੀ ਤੇ ਮੁੜ ਕੇ ਉਸ ਘਰ 'ਚ ਨ੍ਹੀਂ ਗਈ। ਮੈਂ ਆਪਣੇ ਦੋਸਤ ਕੋਲ ਚਲੀ ਗਈ। ਉਹ ਵੀ ਕੋਈ ਮੇਰੇ ਵਰਗਾ ਹੀ ਸੀ। ਕੁਛ ਦੇਰ ਉਸ ਨਾਲ ਰਹੀ। ਫਿਰ ਦੋਸਤ ਬਦਲ ਲਿਆ। ਉਸ ਪਿੱਛੋਂ ਕਦੇ ਕਿਤੇ ਤੇ ਕਦੇ ਕਿਤੇ। ਜਦੋਂ ਜਾਸ਼ ਮਿਲਿਆ ਸੀ ਤਾਂ ਲੱਗਿਆ ਸੀ ਕਿ ਹੁਣ ਸ਼ਾਇਦ ਇੱਕ ਥਾਂ ਟਿਕ ਹੋ ਜਾਵੇ। ਪਰ ਉਹ ਵੀ....।" ਇੰਨਾ ਕਹਿ ਕੇ ਉਹ ਚੁੱਪ ਹੋ ਗਈ। ਹਰੀ ਉਸ ਵੱਲ ਵੇਖਦਾ ਬੋਲਿਆ, "ਇਸਦਾ ਮਤਲਬ ਤੂੰ ਵੀ ਮਾਂ ਪਿਉ ਦੇ ਪਿਆਰ ਤੋਂ ਵਾਂਝੀ ਰਹੀ ਐਂ ?"

"ਅਸਲ 'ਚ ਮੈਨੂੰ ਤਾਂ ਪਤਾ ਈ ਨ੍ਹੀਂ ਕਿ ਮਾਂ ਪਿਉ ਦਾ ਪਿਆਰ ਹੁੰਦਾ ਕੀ ਐ। ਮੈਂ ਤਾਂ ਸਿਰਫ ਯਤੀਮ ਜ਼ਿੰਦਗੀ ਬਾਰੇ ਈ ਜਾਣਦੀ ਆਂ। ਮੈਨੂੰ ਇਸ ਗੱਲ ਦਾ ਕੋਈ ਅਫਸੋਸ ਵੀ ਨ੍ਹੀਂ ਐ। ਜ਼ਿੰਦਗੀ ਜਿਵੇਂ ਬਿਤਾਈ ਐ ਵਧੀਆ ਐ।" ਇੰਨਾ ਕਹਿੰਦਿਆਂ ਉਹ ਹਰੀ ਦੇ ਨੇੜੇ ਹੋ ਗਈ ਤੇ ਉਸ ਦੇ ਮੋਢੇ 'ਤੇ ਹੱਥ ਧਰਦੀ ਬੋਲੀ, "ਪਰ ਮੈਨੂੰ ਬਹੁਤ ਖੁਸ਼ੀ ਐ ਕਿ ਮੈਨੂੰ ਤੇਰੇ ਵਰਗਾ ਦੋਸਤ ਵੀ ਮਿਲਿਆ ਐ, ਜਿਸਨੇ ਮੇਰੀ ਇਸ ਮੁਸੀਬਤ ਦੀ ਘੜੀ ਮੱਦਦ ਕੀਤੀ ਐ।" ਇਸ ਪਿੱਛੋਂ ਬਹੁਤ ਦੇਰ ਤੱਕ ਉਹ ਗੱਲਾਂਬਾਤਾਂ ਕਰਦੇ ਰਹੇ। ਇਨ੍ਹਾਂ ਗੱਲਾਂਬਾਤਾਂ ਦੌਰਾਨ ਹੀ ਹਰੀ ਨੇ ਕੈਰਲ ਨੂੰ ਦੱਸਿਆ ਕਿ ਉਹ ਆਪਣੇ ਪਰਿਵਾਰ ਨੂੰ ਮਿਲਣ ਜਾਣਾ ਚਾਹੁੰਦਾ ਹੈ ਪਰ ਜਾ ਨਹੀਂ ਸਕਦਾ ਕਿਉਂਕਿ ਉਸ ਕੋਲ ਗਰੀਨ ਕਾਰਡ ਨਹੀਂ ਹੈ। ਕੈਰਲ ਨੇ ਸੁਆਲੀਆ ਨਜ਼ਰਾਂ ਨਾਲ ਉਸ ਵੱਲ ਵੇਖਿਆ ਤਾਂ ਹਰੀ ਬੋਲਿਆ, "ਮੈਨੂੰ ਗਰੀਨ ਕਾਰਡ ਤਾਂ ਹੀ ਮਿਲ ਸਕਦਾ ਹੈ ਜੇਕਰ ਮੇਰੀ ਘਰਵਾਲੀ ਅਮਰੀਕਣ ਸਿਟੀਜ਼ਨ ਹੋਵੇ।" ਹਰੀ ਦੀ ਗੱਲ ਸੁਣ ਕੇ ਕੈਰਲ ਉਸ ਵੱਲ ਗੌਹ ਝਾਕੀ ਤੇ ਫਿਰ ਕੰਧ ਵੱਲ ਵੇਖਦੀ ਕੁਝ ਸੋਚਣ ਲੱਗੀ। ਦੋ ਕੁ ਮਿੰਟ ਇਵੇਂ ਬੈਠੀ ਰਹਿਣ ਤੋਂ ਬਾਅਦ ਉਹ ਖਿੜਕੀ ਕੋਲ ਜਾ ਖੜ੍ਹੀ ਹੋਈ ਤੇ ਬਾਹਰ ਵੱਲ ਵੇਖਣ ਲੱਗੀ। ਕਾਫੀ ਦੇਰ ਉਹ ਇਵੇਂ ਹੀ ਬਾਹਰ ਵੱਲ ਵੇਖਦੀ ਰਹੀ ਤੇ ਫਿਰ ਅਚਾਨਕ ਵਾਪਸ ਪਲਟਦੀ ਹਰੀ ਕੋਲ ਆਉਂਦਿਆਂ ਬੋਲੀ, "ਹਰੀ ਮੈਂ ਦੁਆਊਂਗੀ ਤੈਨੂੰ ਗਰੀਨ ਕਾਰਡ। ਮੈਂ ਕਰੂੰਗੀ ਤੇਰੇ ਨਾਲ ਵਿਆਹ।"

"ਹੈਂ! ਕੀ ਕਿਹਾ ?" ਜੋ ਉਸਨੇ ਕਿਹਾ ਸੀ ਹਰੀ ਨੂੰ ਉਹ ਸੁਣ ਕੇ ਯਕੀਨ ਨਾ ਆਇਆ। ਉਹ ਸੁਆਲੀਆ ਨਜ਼ਰਾਂ ਨਾਲ ਉਸ ਵੱਲ ਝਾਕਿਆ ਤਾਂ ਉਹ ਅੱਗੇ ਬੋਲੀ, "ਹਰੀ ਤੂੰ ਇੰਨਾ ਚੰਗਾ ਇਨਸਾਨ ਐਂ। ਤੂੰ ਮੇਰੀ ਇਸ ਹਾਲਤ 'ਚ ਮੱਦਦ ਕੀਤੀ ਐ। ਤਾਂ ਫਿਰ ਕੀ ਮੈਂ ਤੇਰੀ ਮੱਦਦ ਨ੍ਹੀਂ ਕਰ ਸਕਦੀ ?" ਉਸਦੀ ਪੂਰੀ ਗੱਲ ਸੁਣ ਕੇ ਹਰੀ ਦੀ ਖੁਸ਼ੀ ਦੀ ਹੱਦ ਨਾ ਰਹੀ। ਕਿੰਨੀ ਦੇਰ ਦਾ ਭਟਕਦਾ ਫਿਰਦਾ ਸੀ। ਕਈ ਵਾਰੀ ਇਸੇ ਕੈਰਲ ਬਾਰੇ ਸੋਚਿਆ ਸੀ। ਪਰ ਉਦੋਂ ਕਿਸਮਤ ਨੇ ਸਾਥ ਨਾ ਦਿੱਤਾ। ਪਰ ਅੱਜ ਆਪਣੇ ਆਪ ਹੀ ਗਰੀਨ ਕਾਰਡ ਸ਼ਾਇਦ ਚੱਲ ਕੇ ਘਰ ਆ ਗਿਆ ਸੀ। ਫਿਰ ਕੁਝ ਸੋਚਦਿਆਂ ਹੋਇਆਂ ਉਸਨੇ ਕਿਹਾ, "ਪਰ ਕੈਰਲ ਤੂੰ ਜਾਸ਼ ਦੇ ਬੱਚੇ ਦੀ ਮਾਂ ਬਣਨ ਵਾਲੀ ਐਂ। ਉਹ ਵੀ ਅਕਸਰ ਵਾਪਸ ਆਵੇਗਾ ਹੀ। ਫਿਰ ਇਹ ਕਿਵੇਂ ਸੰਭਵ ਐ ?" ਇਸਦੇ ਜੁਆਬ 'ਚ ਉਹ ਭੜੱਕ ਦੇਣ ਬੋਲੀ, "ਮਰ ਗਿਆ ਮੇਰੇ ਲਈ ਜਾਸ਼। ਬਾਕੀ ਰਹੀ ਬੱਚੇ ਦੀ ਗੱਲ। ਤੂੰ ਇਸ ਗੱਲ ਵੱਲੋਂ ਬੇਫਿਕਰ ਰਹਿ। ਇਹ ਕੋਈ ਰੁਕਾਵਟ ਨ੍ਹੀਂ ਬਣੇਗਾ। ਬਲਕਿ ਮੇਰੇ ਵੱਲੋਂ ਤਾਂ ਤੂੰ ਭਾਵੇਂ ਕੱਲ੍ਹ ਨੂੰ ਹੀ ਵਿਆਹ ਕਰਵਾਲੇ। ਸਗੋਂ ਮੈਂ ਤਾਂ ਕਹੂੰਗੀ ਕਿ ਵਿਆਹ ਕਰਵਾ ਕੇ ਛੇਤੀ ਅਪਲਾਈ ਕਰ ਤੇ ਫਿਰ ਆਪਣੇ ਪਰਿਵਾਰ ਨੂੰ ਮਿਲਣ ਜਾਹ।"

ਹਰੀ ਨੂੰ ਹੋਰ ਕੀ ਚਾਹੀਦਾ ਸੀ। ਦੋ ਚਾਰ ਦਿਨਾਂ ਵਿੱਚ ਹੀ ਅਦਾਲਤੀ ਵਿਆਹ ਕਰਵਾ ਕੇ ਮੈਰਿਜ ਸਰਟੀਫੀਕੇਟ ਲਿਆ ਤੇ ਜਾ ਵਕੀਲ ਦੇ ਹਵਾਲੇ ਕੀਤਾ। ਵਕੀਲ ਨੇ ਅਰਜ਼ੀ ਭਰੀ ਤੇ ਦੋਨਾਂ



ਦੇ ਦਸਤਖਤ ਕਰਵਾ ਕੇ ਇੰਮੀਗਰੇਸ਼ਨ ਦੇ ਅਪਲਾਈ ਕਰ ਦਿੱਤਾ। ਵਕਤ ਗੁਜ਼ਰਨ ਲੱਗਿਆ। ਇਸ ਦਰਮਿਆਨ ਉਹ ਦੋਨੋਂ ਹੋਰ ਨੇੜੇ ਆ ਗਏ। ਲੋੜ ਪੈਣ 'ਤੇ ਹਰੀ ਕੈਰਲ ਨੂੰ ਚੈੱਕ ਅੱਪ ਲਈ ਡਾਕਟਰ ਦੇ ਲੈ ਜਾਂਦਾ। ਉਸਦਾ ਪੂਰਾ ਖਿਆਲ ਰੱਖਦਾ। ਫਿਰ ਮੌਕਾ ਆਉਣ 'ਤੇ ਉਹ ਉਸਨੂੰ ਲੈ ਕੇ ਹਸਪਤਾਲ ਪਹੁੰਚਿਆ ਤੇ ਅਗਲੇ ਹੀ ਦਿਨ ਕੈਰਲ ਨੇ ਬੱਚੀ ਨੂੰ ਜਨਮ ਦਿੱਤਾ, ਜਿਸਦਾ ਨਾਂ ਉਸਨੇ ਰੋਜ਼ੀ ਰੱਖਿਆ। ਆਪਸੀ ਮੋਹ ਕਾਰਨ ਹਰੀ ਨੂੰ ਲੱਗਿਆ ਜਿਵੇਂ ਇਹ ਬੱਚੀ ਉਸੇ ਦੀ ਹੈ। ਉਸਨੂੰ ਰੋਜ਼ੀ ਨਾਲ ਪਹਿਲੇ ਦਿਨੋਂ ਹੀ ਆਪਣੀ ਉਲਾਦ ਦੀ ਤਰ੍ਹਾਂ ਪਿਆਰ ਹੋ ਗਿਆ। ਇਸੇ ਕਰਕੇ, ਹਸਪਤਾਲ ਦੇ ਰਿਕਾਰਡ ਵਿਚ, ਬੱਚੇ ਦੇ ਪਿਉ ਵਾਲੇ ਖਾਨੇ 'ਚ ਵੀ ਉਸਨੇ ਆਪਣਾ ਨਾਂ ਹੀ ਲਿਖ ਦਿੱਤਾ। ਖੈਰ ਦੋ ਦਿਨ੍ਹਾਂ ਪਿੱਛੋਂ ਉਹ ਕੈਰਲ ਅਤੇ ਰੋਜ਼ੀ ਨੂੰ ਲੈ ਕੇ ਘਰ ਆ ਗਿਆ। ਦਿਨ ਫਿਰ ਬੀਤਣ ਲੱਗੇ। ਉਹ ਅਸਲੀ ਪਤੀ ਪਤਨੀ ਦੀ ਤਰ੍ਹਾਂ ਰਹਿਣ ਲੱਗ ਪਏ ਸਨ। ਦੋਨੋਂ ਹਰੀ ਦੇ ਦੋਸਤਾਂ ਮਿੱਤਰਾਂ ਦੀਆਂ ਪਾਰਟੀਆਂ 'ਚ ਸ਼ਾਮਲ ਹੁੰਦੇ। ਹਰ ਇਕੱਠ-ਬੱਠ ਵਿੱਚ ਇਕੱਠੇ ਜਾਂਦੇ। ਕੈਰਲ ਜਿਉਂ ਜਿਉਂ ਪੰਜਾਬੀ ਕਮਿਉਨਟੀ 'ਚ ਜਾਣ-ਪਛਾਣ ਵਾਲਿਆਂ ਦੇ ਘਰੀਂ ਜਾਂਦੀ ਤਾਂ ਹੋਰ ਵੀ ਉਤਸ਼ਾਹਤ ਹੁੰਦੀ। ਉਸ ਦੀਆਂ ਗੱਲਾਂ ਤੋਂ, ਉਸਦੇ ਵਰਤਾਅ ਤੋਂ ਹਰੀ ਅੰਦਾਜ਼ਾ ਲਾ ਲੈਂਦਾ ਕਿ ਉਹ ਇਸ ਨਵੇਂ ਰਿਸ਼ਤੇ ਤੋਂ ਕਿੰਨੀ ਖੁਸ਼ ਹੈ। ਰੋਜ਼ੀ ਥੋੜ੍ਹੀ ਸੰਭਲਣ ਲੱਗੀ ਤਾਂ ਉਹ ਇਕੱਠੇ ਇੰਡੀਆ ਜਾਣ ਦੀਆਂ ਸਕੀਮਾਂ ਬਣਾਉਣ ਲੱਗੇ। ਕੈਰਲ ਨੂੰ ਇੰਡੀਆ ਜਾਣ ਦਾ ਚਾਅ ਹਰੀ ਨਾਲੋਂ ਵੀ ਵੱਧ ਸੀ। ਉਸਨੇ ਲੋੜੀਂਦੀ ਸ਼ਾਪਿੰਗ ਦੀ ਲਿਸਟ ਵੀ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਕਿਉਂਕਿ ਵਕੀਲ ਨੇ ਦੱਸ ਦਿੱਤਾ ਸੀ ਕਿ ਹੁਣ ਉਨ੍ਹਾਂ ਦੀ ਇੰਟਰਵਿਊ ਆਉਣ ਵਾਲੀ ਹੈ ਤੇ ਇੰਟਰਵਿਊ ਵਾਲੇ ਦਿਨ ਹਰੀ ਨੂੰ ਟੈਂਪਰੇਰੀ ਗਰੀਨ ਕਾਰਡ ਮਿਲ ਜਾਵੇਗਾ। ਪਿੱਛੋਂ ਦੋ ਸਾਲ ਬਾਅਦ ਪੱਕਾ ਗਰੀਨ ਕਾਰਡ ਅਤੇ ਫਿਰ ਤੀਸਰੇ ਸਾਲ ਬਾਅਦ ਉਹ ਸਿਟੀਜ਼ਨ ਬਣ ਜਾਵੇਗਾ। ਸਾਰੀਆਂ ਗੱਲਾਂ ਸੋਚ ਕੇ ਉਹ ਬੜਾ ਰੁਮਾਂਚੰਤ ਹੁੰਦਾ ਸੀ। ਹੁਣ ਉਹ ਟੈਕਸੀ ਚਲਾਉਣ ਲੱਗ ਪਿਆ ਸੀ। ਪਰ ਕੈਰਲ, ਬੱਚੀ ਨੂੰ ਹੀ ਸੰਭਾਲਦੀ ਤੇ ਘਰ ਹੀ ਰਹਿੰਦੀ ਸੀ। ਰੋਜ਼ੀ ਚਾਰ ਮਹੀਨਿਆਂ ਦੀ ਹੋ ਚੁੱਕੀ ਸੀ। ਕੈਰਲ ਦਾ ਵੱਡਾ ਸ਼ੌਂਕ ਸ਼ਾਪਿੰਗ ਕਰਨ ਦਾ ਸੀ। ਖਰੀਦਦੀ ਭਾਵੇਂ ਉਹ ਇੱਕ ਅੱਧ ਚੀਜ਼ ਹੀ ਸੀ ਪਰ ਸਾਰਾ ਦਿਨ ਸ਼ਾਪਿੰਗ ਸੈਂਟਰਾਂ 'ਚ ਤੁਰੇ ਫਿਰਨਾ ਉਸਦਾ ਮਨ ਭਾਉਂਦਾ ਸ਼ੌਂਕ ਸੀ। ਹਰੀ ਨੂੰ ਉਸਦਾ ਇਸ ਤਰ੍ਹਾਂ ਬੱਚੀ ਨੂੰ ਨਾਲ ਲੈ ਕੇ ਸਾਰਾ ਦਿਨ ਸ਼ਾਪਿੰਗ ਸੈਂਟਰਾਂ 'ਚ ਤੁਰੇ ਫਿਰਨਾ ਚੰਗਾ ਨਾ ਲੱਗਦਾ। ਉਹ ਉਸਨੂੰ ਇਸ ਗੱਲ ਤੋਂ ਵਰਜਦਾ ਵੀ ਪਰ ਉਹ ਕੋਈ ਗੱਲ ਨਾ ਮੰਨਦੀ। ਪਹਿਲਾਂ ਪਹਿਲਾਂ ਕਈ ਵੇਰੀ ਉਹ ਜ਼ੋਰ ਪਾ ਕੇ ਹਰੀ ਨੂੰ ਵੀ ਨਾਲ ਲੈ ਜਾਂਦੀ। ਪਰ ਫਿਰ ਉਸਨੇ ਆਪਣੇ ਕੰਮ ਦਾ ਵਾਸਤਾ ਪਾਇਆ ਤਾਂ ਕੈਰਲ ਇਕੱਲੀ ਹੀ ਰੋਜ਼ੀ ਨੂੰ ਲੈ ਕੇ ਨੇੜਲੇ ਸ਼ਾਪਿੰਗ ਸੈਂਟਰਾਂ 'ਚ ਘੁੰਮਦੀ ਫਿਰਦੀ।

ਉਸ ਦਿਨ ਕੈਰਲ ਪਹਿਲੀ ਵਾਰ ਹਰੀ ਨਾਲ ਲੜੀ। ਉਸਨੇ ਘਰੇ ਆ ਕੇ ਟੈਕਸੀ ਖੜ੍ਹੀ ਕੀਤੀ ਹੀ ਸੀ ਕਿ ਇਸ ਦੇ ਦਸ ਕੁ ਮਿੰਟ ਪਿੱਛੋਂ ਕੈਰਲ, ਰੋਜ਼ੀ ਨੂੰ ਰੇਹੜੀ 'ਤੇ ਲੈ ਕੇ ਘਰੇ ਪਰਤੀ। ਉਸ ਦੇ ਝਗੜੇ ਦਾ ਕਾਰਨ ਸੀ ਕਿ ਹਰੀ ਉਸਦੇ ਤੁਰੀ ਆਉਂਦੀ ਦੇ ਕੋਲ ਦੀ ਲੰਘ ਆਇਆ ਤੇ ਉਸਦਾ ਇਸ਼ਾਰਾ ਕਰਨ 'ਤੇ ਵੀ ਟੈਕਸੀ ਨਹੀਂ ਰੋਕੀ। ਹਰੀ ਨੇ ਬੜਾ ਸਮਝਾਇਆ ਕਿ ਉਸਨੂੰ ਉਸਦਾ ਕੋਈ ਪਤਾ ਨਹੀਂ ਲੱਗਿਆ। ਪਰ ਉਹ ਮੰਨ ਹੀ ਨਹੀਂ ਰਹੀ ਸੀ। ਹਰੀ ਨੇ ਉਸਦਾ ਇਹ ਰੂਪ, ਪਹਿਲੀ ਵਾਰ ਵੇਖਿਆ ਸੀ। ਆਖਰ ਉਸਨੇ ਮੁਆਫੀ ਮੰਗੀ ਤਾਂ ਉਹ ਕਿਤੇ ਜਾ ਕੇ ਠੰਢੀ ਹੋਈ। ਅਗਲੇ ਦੋ ਦਿਨ ਉਹ ਉਸ ਨਾਲ ਬੋਲੀ ਤੱਕ ਨਾ। ਪਰ ਤੀਸਰੇ ਦਿਨ ਡਾਕ ਰਾਹੀਂ ਆਈ ਇੰਮੀਗਰੇਸ਼ਨ ਦੀ ਚਿੱਠੀ ਉਸਦੇ ਸਾਹਮਣੇ ਰੱਖੀ ਤੇ ਉਸਨੂੰ ਦੱਸਿਆ ਕਿ ਪੰਦਰਾਂ ਦਿਨਾਂ ਪਿੱਛੋਂ ਇੰਟਰਵਿਊ ਹੈ ਤਾਂ ਉਸਨੇ ਹਰੀ ਦੇ ਹੱਥੋਂ ਚਿੱਠੀ ਖੋਹ ਲਈ ਤੇ ਖੁਸ਼ੀ 'ਚ ਝੂਮ ਉੱਠੀ। ਹਰੀ ਨੂੰ ਬੜੀ ਰਾਹਤ ਮਿਲੀ। ਵੱਡੀ ਗੱਲ ਇੰਟਰਵਿਊ ਦੀ ਚਿੱਠੀ ਸੀ ਤੇ ਨਾਲ ਹੀ ਇਹ ਵੀ ਕਿ ਚਲੋ ਇਹ ਮੰਨੀ ਤਾਂ ਸਹੀ। ਦੋ ਦਿਨਾਂ ਪਿੱਛੋਂ ਉਸਨੇ ਕੈਰਲ ਨੂੰ

ਉਸਦੇ ਅਸਲੀ ਅੰਦਾਜ਼ ਵਿੱਚ ਵੇਖਿਆ ਸੀ।

"ਅੱਜ ਤੋਂ ਪੰਦਰਾਂ ਦਿਨ੍ਹਾਂ ਪਿੱਛੋਂ ਇੰਟਰਵਿਊ ਹੈ ਤੇ ਉਸਦੇ ਅਗਲੇ ਦਿਨ ਹੀ ਆਪਾਂ ਇੰਡੀਆ ਨੂੰ ਤੁਰ ਪੈਣਾ ਹੈ। ਹੁਣ ਮੈਨੂੰ ਸ਼ਾਪਿੰਗ ਕਰਨ ਤੋਂ ਤੂੰ ਨ੍ਹੀਂ ਰੋਕ ਸਕਦਾ।" ਉਸਨੇ ਚਹਿਕਦੀ ਹੋਈ ਨੇ ਕਿਹਾ। ਕੈਰਲ ਅਤੇ ਰੋਸ਼ੀ ਦੇ ਪਾਸਪੋਰਟ ਉਨ੍ਹਾਂ ਨੇ ਬਣਵਾ ਲਏ ਸਨ। ਹਰੀ ਦਾ ਪਾਸਪੋਰਟ ਤਾਂ ਹੈਗਾ ਹੀ ਸੀ। ਬਸ ਉਸਨੂੰ ਟੈਂਪਰੇਰੀ ਗਰੀਨ ਕਾਰਡ ਦੀ ਜ਼ਰੂਰਤ ਸੀ ਜੋ ਕਿ ਇੰਟਰਵਿਊ ਵਾਲੇ ਦਿਨ ਮਿਲ ਜਾਣਾ ਸੀ। ਕੈਰਲ ਦਾ ਇਸ ਤਰ੍ਹਾਂ ਉਤਸ਼ਾਹਤ ਹੋਣਾ ਉਸਨੂੰ ਬਹੁਤ ਚੰਗਾ ਲੱਗਿਆ ਅਤੇ ਉਸਨੇ ਉਸਨੂੰ ਸ਼ਾਪਿੰਗ ਲਈ ਵੀ ਖੁੱਲ੍ਹੀ ਛੁੱਟੀ ਦੇ ਦਿੱਤੀ। ਪਰ ਨਾਲ ਹੀ ਉਸਨੇ ਕੈਰਲ ਨੂੰ ਕਿਹਾ ਕਿ ਉਹ ਉਸ ਨਾਲ ਕਿਧਰੇ ਨਹੀਂ ਜਾ ਸਕੇਗਾ। ਕਿਉਂਕਿ ਇੰਨੀ ਛੇਤੀ ਜਾਣਾ ਹੈ ਤਾਂ ਉਸਨੂੰ ਕੰਮ ਵੀ ਦੱਬ ਕੇ ਕਰਨਾ ਪਵੇਗਾ। ਉਹ ਮੰਨ ਗਈ। ਪਰ ਉਹ ਤਾਂ ਇਸ ਤਰ੍ਹਾਂ ਕਿ ਸ਼ਾਪਿੰਗ ਕਰਨ ਲੱਗੀ ਜਿਵੇਂ ਇੰਡੀਆ ਗਿਆਂ ਮੁੜਨਾ ਈ ਨਾ ਹੋਵੇ। ਸਾਰਾ ਦਿਨ ਘਰੋਂ ਬਾਹਰ ਰਹਿੰਦੀ। ਤੀਸਰੇ ਦਿਨ ਤਾਂ ਉਸਨੇ ਕਮਾਲ ਹੀ ਕਰ ਦਿੱਤੀ। ਹਰੀ ਰਾਤ ਵੇਲੇ ਕੰਮ ਤੋਂ ਆਇਆ ਤਾਂ ਉਹ ਉਦੋਂ ਹੀ ਵਾਪਸ ਪਰਤੀ ਸੀ। ਹਰੀ ਨਾਰਾਜ਼ ਹੋਇਆ ਕਿ ਇਹ ਵੀ ਕੋਈ ਤਰੀਕਾ ਹੋਇਆ, ਭੋਰਾ ਭਰ ਦੀ ਜੁਆਕੜੀ ਨੂੰ ਲੈ ਕੇ ਸਾਰਾ ਦਿਨ ਘਰੋਂ ਬਾਹਰ ਰਹਿਣਾ। ਪਰ ਉਸਨੇ ਗਲਤੀ ਮੰਨਦੀ ਨੇ ਕਿਹਾ ਕਿ ਉਸਨੂੰ ਕਿਸੇ ਖਾਸ ਚੀਜ਼ ਦੀ ਜ਼ਰੂਰਤ ਸੀ ਜੋ ਕਿਧਰਿਉਂ ਨੇੜਿਉਂ ਮਿਲੀ ਨਹੀਂ ਇਸੇ ਕਰਕੇ ਲੇਟ ਹੋ ਗਈ। ਉਦੋਂ ਤਾਂ ਹਰੀ ਚੁੱਪ ਹੋ ਗਿਆ ਪਰ ਅਗਲੇ ਦਿਨਾਂ 'ਚ ਉਸਨੇ ਵੇਖਿਆ ਕਿ ਉਹ ਹੱਦੋਂ ਵੱਧ ਬੇਪ੍ਰਵਾਹ ਜਿਹੀ ਹੁੰਦੀ ਜਾ ਰਹੀ ਹੈ। ਫਿਰ ਇੱਕ ਦਿਨ ਉਸਦੀ ਟੈਕਸੀ ਖਰਾਬ ਹੋ ਗਈ ਤਾਂ ਹਰੀ ਗੈਰਾਜ ਵਿੱਚ ਖੜ੍ਹੀ ਕਰਕੇ ਘਰ ਆ ਗਿਆ। ਉਹ ਘਰ ਪਹੁੰਚਿਆ ਤਾਂ ਕੈਰਲ ਘਰੇ ਨਹੀਂ ਸੀ। ਬਥੇਰਾ ਇੰਤਜ਼ਾਰ ਕੀਤਾ। ਪਰ ਸ਼ਾਮ ਹੋ ਗਈ ਉਹ ਨਾ ਆਈ। ਹਰੀ ਉਡੀਕ ਉਡੀਕ ਥੱਕ ਗਿਆ ਪਰ ਉਸਦਾ ਕੋਈ ਥਹੁ ਪਤਾ ਨਹੀਂ ਸੀ। ਆਖਰ ਲੇਟ ਰਾਤ ਉਹ ਘਰ ਪਰਤੀ। ਰੋਸ਼ੀ ਨੂੰ ਉਸਨੇ ਗੋਦੀ ਚੁੱਕਿਆ ਹੋਇਆ ਸੀ। ਹਰੀ ਇੱਕਦਮ ਭੜਕ ਉੱਠਿਆ ਤਾਂ ਉਹ ਇੰਨਾ ਕਹਿੰਦੀ ਅੰਦਰ ਲੰਘ ਗਈ ਕਿ ਕਿਸੇ ਸਹੇਲੀ ਕੋਲ ਚਲੀ ਗਈ ਸੀ। ਅਤੇ ਉਹੀ ਸਹੇਲੀ ਉਸਨੂੰ ਘਰ ਛੱਡ ਕੇ ਗਈ ਸੀ। ਹਰੀ ਦਾ ਗੁੱਸਾ ਥੋੜ੍ਹਾ ਘੱਟ ਗਿਆ। ਕਿਉਂਕਿ ਆਮ ਦੀ ਤਰ੍ਹਾਂ ਉਹ ਸ਼ਾਪਿੰਗ ਤੋਂ ਨਹੀਂ ਆਈ ਸੀ। ਖੈਰ ਅਗਲੇ ਦਿਨ ਉਸਨੇ ਕੈਰਲ ਨੂੰ ਕਿਹਾ ਕਿ ਉਸਦੀ ਟੈਕਸੀ ਤਾਂ ਖਰਾਬ ਹੈ ਤੇ ਚੱਲ ਆਪਾਂ ਅੱਜ ਕਿਧਰੇ ਬਾਹਰ ਘੁੰਮ ਆਉਂਦੇ ਹਾਂ। ਉਸ ਨੇ ਚੁੱਪੀ ਜਿਹੀ ਵਟਦਿਆਂ ਇਨਕਾਰ ਕਰ ਦਿੱਤਾ। ਉਹ ਸਮਝ ਗਿਆ ਕਿ ਇਹ ਗੁੱਸੇ ਹੈ। ਆਥਣ ਤੱਕ ਉਹ ਅੰਦਰੇ ਵੜ ਕੇ ਪਈ ਰਹੀ। ਫਿਰ ਸ਼ਾਮ ਵੇਲੇ ਇਹ ਕਹਿੰਦਿਆਂ ਕਿ ਉਸਨੇ ਸਹੇਲੀ ਦਾ ਪਤਾ ਲੈ ਕੇ ਆਉਣਾ ਹੈ ਜੋ ਕਿ ਹਸਪਤਾਲ 'ਚ ਹੈ, ਉਹ ਘਰੋਂ ਚਲੀ ਗਈ। ਪਿੱਛੇ ਰੋਸ਼ੀ ਨੂੰ ਹਰੀ ਨੇ ਸੰਭਾਲਿਆ। ਸ਼ਾਮ ਹੋ ਗਈ ਤੇ ਪਰ ਕੈਰਲ ਨਾ ਮੁੜੀ। ਦੇਰ ਰਾਤ ਉਸਦਾ ਫੋਨ ਆਇਆ ਕਿ ਸਹੇਲੀ ਦੀ ਤਬੀਅਤ ਖਰਾਬ ਹੈ ਇਸ ਕਰਕੇ ਉਹ ਰਾਤ ਵੇਲੇ ਉਸੇ ਕੋਲ ਰਹੇਗੀ। ਹਰੀ ਨੂੰ ਬੜਾ ਗੁੱਸਾ ਚੜ੍ਹਿਆ ਪਰ ਕੀ ਕਰ ਸਕਦਾ ਸੀ। ਖੈਰ ਅਗਲੇ ਦਿਨ ਉਹ ਸਵੇਰੇ ਹੀ ਆ ਗਈ ਤੇ ਆਉਂਦਿਆਂ ਹੀ ਰਾਤ ਨਾ ਆ ਸਕਣ ਲਈ ਮੁਆਫੀ ਮੰਗੀ। ਗੱਲ ਆਈ ਗਈ ਹੋ ਗਈ। ਪਰ ਉਹ ਅੱਜ ਬਹੁਤ ਖੁਸ਼ ਸੀ। ਹਰੀ ਨੇ ਕਾਰਨ ਪੁੱਛਿਆ ਤਾਂ ਉਹ ਬੋਲੀ, "ਹਰੀ ਅੱਜ ਕੱਲ੍ਹ ਤੂੰ ਇੰਨਾ ਗੁੱਸੇ 'ਚ ਰਹਿੰਦਾ ਐਂ ਕਿ ਅਸਲੀ ਗੱਲ ਵੀ ਭੁੱਲ ਗਿਆਂ।" ਹਰੀ ਨੇ ਅਸਲੀ ਗੱਲ ਬਾਰੇ ਪੁੱਛਿਆ ਤਾਂ ਉਹ ਮਟਕਦੀ ਹੋਈ ਕਹਿਣ ਲੱਗੀ, "ਆਪਣੇ ਇੰਡੀਆ ਜਾਣ 'ਚ ਚਾਰ ਦਿਨ ਰਹਿ ਗਏ ਨੇ, ਤੈਨੂੰ ਇਹ ਗੱਲ ਯਾਦ ਵੀ ਨ੍ਹੀਂ ਐ।" ਉਸਦੀ ਇਹ ਗੱਲ ਸੁਣ ਕੇ ਹਰੀ ਦਾ ਉਸ ਪ੍ਰਤੀ ਮਾੜਾ ਮੋਟਾ ਗੁੱਸਾ ਵੀ ਦੂਰ ਹੋ ਗਿਆ। ਖਾਊ ਪੀਊ ਪਿੱਛੋਂ ਉਹ ਹਰੀ ਨੂੰ ਨਾਲ ਲੈ ਕੇ ਫਿਰ ਬਿਮਾਰ ਸਹੇਲੀ ਦਾ ਪਤਾ ਲੈਣ, ਹਸਪਤਾਲ ਗਈ। ਹਰੀ ਹੇਠਾਂ ਕਾਰ ਵਿੱਚ ਹੀ ਬੈਠਾ ਰਿਹਾ ਤੇ ਉਹ ਇਕੱਲੀ ਹੀ ਉਪਰ ਜਾ



ਕੇ ਮੁੜ ਆਈ। ਸ਼ਾਮ ਵੇਲੇ ਉਨ੍ਹਾਂ ਬਾਹਰ ਖਾਣਾ ਖਾਧਾ ਤੇ ਇੰਡੀਆ ਜਾਣ ਦੀਆਂ ਸਕੀਮਾਂ ਬਣਾਉਂਦੇ ਰਹੇ। ਅਗਲੇ ਦਿਨ ਹਰੀ ਨੇ ਗੈਰਾਜ 'ਚੋਂ ਟੈਕਸੀ ਚੁੱਕਣੀ ਸੀ ਇਸ ਲਈ ਸੰਦੇਹਾਂ ਹੀ ਤਿਆਰ ਹੋ ਗਿਆ। ਉਸਨੂੰ ਜਾਂਦੇ ਨੂੰ ਰੋਕਦਿਆਂ ਕੈਰਲ ਬੋਲੀ, "ਹਰੀ ਮੈਂ ਚਾਹੁੰਨੀ ਆਂ ਕਿ ਦੋ ਬਿਸਕੁਟ ਸੋਨੇ ਦੇ ਵੀ ਲੈ ਚੱਲੀਏ। ਉੱਥੇ ਤੇਰੇ ਕਿਸੇ ਰਿਸ਼ਤੇਦਾਰ ਦੇ ਕੰਮ ਆਉਣਗੇ।" ਹਰੀ ਨੇ ਦਿਲੋਂ ਖੁਸ਼ ਹੁੰਦੇ ਨੇ ਉਸਨੂੰ ਇਸਦੇ ਲਈ ਪੈਸੇ ਦਿੱਤੇ ਤੇ ਬਾਹਰ ਨਿਕਲ ਗਿਆ। ਸਾਰਾ ਦਿਨ ਉਹ ਕੰਮ 'ਚ ਰੁੱਝਿਆ ਰਿਹਾ। ਉਸਦੇ ਲੇਟ ਸ਼ਾਮ ਵੇਲੇ ਘਰ ਵਾਪਸ ਮੁੜਦੇ ਦੇ ਮਨ 'ਚ ਇੰਡੀਆ ਜਾਣ ਦੀਆਂ ਸਕੀਮਾਂ ਈ ਘੁੰਮੀ ਜਾ ਰਹੀਆਂ ਸਨ। ਉਂਝ ਤਾਂ ਇਨੀਂ ਦਿਨੀਂ ਹਰ ਰੋਜ਼ ਇਵੇਂ ਈ ਹੁੰਦਾ ਸੀ। ਉਸਦਾ ਮਨ ਇੰਡੀਆ ਜਾਣ ਦੀ ਖੁਸ਼ੀ 'ਚ ਖੀਵਾ ਹੋਇਆ ਰਹਿੰਦਾ ਸੀ। ਨਾਲ ਹੀ ਇਹ ਵੀ ਸੀ ਕਿ ਉੱਥੇ ਗਈ ਕੈਰਲ ਦੇ ਰੂਪ ਵਿੱਚ ਇੰਨ੍ਹੀ ਸੋਹਣੀ ਗੋਰੀ ਨੂੰਹ ਵੇਖ ਕੇ ਘਰ ਦੇ ਕਿੰਨੇ ਖੁਸ਼ ਹੋਣਗੇ।

ਖੈਰ ਹਰੀ ਨੇ ਘਰ ਦੇ ਨੇੜੇ ਪਹੁੰਚ ਕੇ ਟੈਕਸੀ ਪਾਰਕ ਕੀਤੀ ਤੇ ਅਪਾਰਟਮੈਂਟ ਨੂੰ ਚੱਲ ਪਿਆ। ਬਾਹਰ ਨਿਕਲਦਿਆਂ ਹੀ ਠੰਢੀ ਸੀਤ ਹਵਾ ਦਾ ਬੁੱਲਾ ਜਾਨ ਕੱਢ ਗਿਆ। ਉਸਨੇ ਉੱਪਰ ਵੱਲ ਵੇਖਿਆ। ਅਸਮਾਨ ਕਾਲੇ ਬੱਦਲਾਂ ਨਾਲ ਘਟਾ ਟੋਪ ਹੋਇਆ ਪਿਆ ਸੀ। ਲੱਗਦਾ ਸੀ ਮੀਂਹ ਉਤਰਿਆ ਕਿ ਉਤਰਿਆ। ਉਹ ਭੱਜ ਕੇ ਪੌੜੀਆਂ ਚੜ੍ਹਦਾ ਜਿਉਂ ਹੀ ਅਪਾਰਟਮੈਂਟ ਦੇ ਨੇੜੇ ਹੋਇਆ ਤਾਂ ਬੱਚੇ ਦੇ ਰੋਣ ਦੀ ਆਵਾਜ਼ ਆਈ। ਹਰੀ ਝੱਟ ਪਹਿਚਾਣ ਗਿਆ ਕਿ ਇਹ ਰੋਸ਼ੀ ਹੈ। ਉਹ ਕਾਹਲੀ ਨਾਲ ਦਰਵਾਜ਼ਾ ਖੋਲ੍ਹਦਾ ਅੰਦਰ ਗਿਆ। ਰੋਸ਼ੀ ਦਾ ਰੋ ਰੋ ਕੇ ਬੁਰਾ ਹਾਲ ਸੀ। ਉਸਨੇ ਕੈਰਲ ਨੂੰ ਆਵਾਜ਼ਾਂ ਮਾਰੀਆਂ। ਪਰ ਉਸਦਾ ਕੋਈ ਜੁਆਬ ਨਾ ਆਇਆ। ਰਸੋਈ ਵੱਲ ਨਿਗਾਹ ਮਾਰਦਾ ਉਹ ਬਾਥਰੂਮ ਵੱਲ ਗਿਆ। ਅੱਗੇ ਬਾਥਰੂਮ ਦਾ ਦਰਵਾਜ਼ਾ ਖੁੱਲ੍ਹਾ ਹੀ ਪਿਆ ਸੀ। ਉਸਨੇ ਇੱਧਰ ਉੱਧਰ ਵੇਖਿਆ ਪਰ ਕੈਰਲ ਕਿਤੇ ਨਹੀਂ ਸੀ। ਹਰੀ ਸਮਝ ਗਿਆ ਕਿ ਉਹ ਘਰ ਨਹੀਂ ਹੈ। ਉਸਨੂੰ ਕੈਰਲ 'ਤੇ ਬਹੁਤ ਜ਼ਿਆਦਾ ਗੁੱਸਾ ਚੜ੍ਹਿਆ ਕਿ ਭੋਰਾ ਭਰ ਜੁਆਕੜੀ ਨੂੰ ਇਕੱਲਿਆਂ ਛੱਡ ਕੇ ਪਤਾ ਨਹੀਂ ਕਿੱਧਰ ਚਲੀ ਗਈ। ਉਸਨੇ ਛੇਤੀ ਦੇਣੇ ਰੋਸ਼ੀ ਨੂੰ ਚੁੱਕਿਆ ਤੇ ਉਸਨੂੰ ਚੁੱਪ ਕਰਾਉਣ ਲੱਗਿਆ। ਦੁੱਧ ਦੀ ਬੋਤਲ ਉਸਦੇ ਮੂੰਹ ਨੂੰ ਲਾਈ ਪਰ ਉਸਨੇ ਬੋਤਲ ਨੂੰ ਮੂੰਹ ਈ ਨਾ ਲਾਇਆ। ਉਸਦਾ ਸਾਹ ਚੜ੍ਹਿਆ ਹੋਇਆ ਸੀ। ਹਰੀ ਨੂੰ ਖਿਆਲ ਆਇਆ ਕਿ ਪਤਾ ਨਹੀਂ ਕਦੋਂ ਕੁ ਦੀ ਰੋਈ ਜਾਂਦੀ ਹੈ। ਉਹ ਉਸਨੂੰ ਮੋਢੇ ਨਾਲ ਲਾ ਕੇ ਪੁਚਕਾਰਨ ਲੱਗਿਆ। ਕਿਤੇ ਪੰਜ ਸੱਤ ਮਿੰਟਾਂ ਬਾਅਦ ਜਾ ਕੇ ਰੋਸ਼ੀ ਥੋੜ੍ਹਾ ਸਾਵੀਂ ਹੋਈ ਤੇ ਬੋਤਲ ਨੂੰ ਮੂੰਹ ਲਾਇਆ। ਜ਼ਰਾ ਕੁ ਮੂੰਹ ਲਾ ਕੇ ਉਸਨੇ ਫਿਰ ਮੂੰਹ ਪਾਸੇ ਕਰ ਲਿਆ ਤੇ ਲੇਰ ਮਾਰੀ। ਖੈਰ ਹੌਲੀ ਹੌਲੀ ਉਹ ਦੁੱਧ ਪੀਣ ਲੱਗ ਪਈ ਪਰ ਵਿੱਚ ਵਿੱਚ ਅਜੇ ਵੀ ਹਟਕੋਰੇ ਭਰੀ ਜਾ ਰਹੀ ਸੀ। ਰੋਸ਼ੀ ਚੁੱਪ ਕੀਤੀ ਤਾਂ ਹਰੀ ਅੰਦਾਜ਼ੇ ਲਾਉਣ ਲੱਗਿਆ ਕਿ ਕੈਰਲ ਕਿੱਥੇ ਹੋਈ। ਪਹਿਲਾਂ ਤਾਂ ਉਸਨੂੰ ਲੱਗਿਆ ਕਿ ਕਿਧਰੇ ਸ਼ਾਪਿੰਗ ਕਰਦੀ ਫਿਰਦੀ ਹੋਊਗੀ ਜਾਂ ਫਿਰ ਸਹੇਲੀ ਦਾ ਪਤਾ ਲੈਣ ਚਲੀ ਗਈ ਹੋਊਗੀ। ਫਿਰ ਖਿਆਲ ਆਇਆ ਕਿ ਇਉਂ ਬੱਚੀ ਇਕੱਲੀ ਛੱਡ ਕੇ ਅੱਗੇ ਤਾਂ ਉਹ ਕਦੇ ਨਹੀਂ ਗਈ। ਉਸਦਾ ਮਨ ਉਚਾਟ ਜਿਹਾ ਹੋ ਗਿਆ ਤੇ ਗੱਲ ਦੀ ਕੋਈ ਸਮਝ ਨਾ ਆਈ। ਰੋਸ਼ੀ ਨੂੰ ਚੁੱਕੀ ਫਿਰਦੇ ਤੇ ਖਿਆਲਾਂ 'ਚ ਡੁੱਬੇ ਦਾ ਧਿਆਨ ਕਿਚਨ ਟੇਬਲ ਵੱਲ ਗਿਆ। ਪੇਪਰ ਵੇਟ ਦੇ ਹੇਠਾਂ ਕਾਗਜ਼ ਪਿਆ ਨਜ਼ਰੀਂ ਆਇਆ। ਨੇੜੇ ਹੋ ਕੇ ਵੇਖਿਆ ਤਾਂ ਉਸਨੂੰ ਅੰਦਾਜ਼ਾ ਹੋ ਗਿਆ ਕਿ ਇਹ ਹੱਥ ਲਿਖਤ ਰੁੱਕਾ ਹੈ। ਉਸਦਾ ਮਨ ਹੋਰ ਵੀ ਪਰੇਸ਼ਾਨ ਹੋ ਗਿਆ। ਰੋਸ਼ੀ ਦੁੱਧ ਪੀਂਦੀ ਸੌਂ ਚੁੱਕੀ ਸੀ। ਹਰੀ ਨੇ ਉਸਨੂੰ ਬੈੱਡ 'ਤੇ ਪਾ ਦਿੱਤਾ ਤੇ ਕਾਗਜ਼ ਚੁੱਕ ਕੇ ਸਿੱਧਾ ਕੀਤਾ। ਉਸਨੇ ਕੈਰਲ ਦੀ ਲਿਖਾਈ ਪਛਾਣ ਲਈ ਸੀ। ਜ਼ਰਾ ਕੁ ਚਾਨਣੇ ਹੋ ਕੇ ਪੜ੍ਹਨਾ ਸ਼ੁਰੂ ਕੀਤਾ। ਲਿਖਿਆ ਸੀ, "ਹਰੀ ਮੈਂ ਇਹ ਘਰ ਛੱਡ ਦਿੱਤਾ ਐ। ਮੈਂ ਆਪਣੇ ਨਵੇਂ ਬੁਆਏ ਫਰੈਂਡ ਨਾਲ ਪੱਕੇ ਤੌਰ 'ਤੇ ਨਿਊਯਾਰਕ ਜਾ ਰਹੀ ਆਂ। ਸਾਡਾ ਉੱਥੇ ਹੀ ਸੈੱਟ ਹੋਣ ਦਾ ਇਰਾਦਾ ਐ।

ਤੂੰ ਬਹੁਤ ਚੰਗਾ ਇਨਸਾਨ ਐਂ। ਜੋ ਤੂੰ ਮੇਰੇ ਲਈ ਕੀਤਾ ਉਸਦਾ ਅਹਿਸਾਨ ਮੈਂ ਕਦੇ ਵੀ ਨਹੀਂ ਚੁਕਾ ਸਕਦੀ। ਪਰ ਮੈਂ ਤੇਰੇ ਨਾਲ ਜ਼ਿੰਦਗੀ ਨ੍ਹੀਂ ਗੁਜ਼ਰ ਸਕਦੀ....।" ਅੱਗੇ ਉਸ ਤੋਂ ਪੜ੍ਹ ਨਾ ਹੋਇਆ। ਅੱਖਾਂ ਅੱਗੇ ਹਨੇਰਾ ਛਾਅ ਗਿਆ। ਥੋੜ੍ਹਾ ਸਾਵਾਂ ਹੁੰਦੇ ਨੇ ਉਸਨੇ ਇੱਧਰ ਉੱਧਰ ਨਜ਼ਰ ਮਾਰੀ। ਹਰ ਪਾਸੇ ਵੱਡੇ ਅਟੈਚੀ ਖੁੱਲ੍ਹੇ ਪਏ ਸਨ। ਨਵਾਂ ਖਰੀਦਿਆਂ ਸਾਮਾਨ ਇੱਧਰ ਉੱਧਰ ਖਿੱਲਰਿਆ ਪਿਆ ਸੀ। ਇੰਡੀਆ ਜਾਣ ਦੀ ਤਿਆਰੀ 'ਚ ਕੀਤੀ ਜਾ ਰਹੀ ਪੈਕਿੰਗ ਵਿਚਕਾਰ ਹੀ ਛੱਡੀ ਪਈ ਸੀ। ਉਸਨੇ ਫਿਰ ਤੋਂ ਚਿੱਠੀ ਵੱਲ ਧਿਆਨ ਮਾਰਿਆ ਤੇ ਅੱਗੇ ਪੜ੍ਹਨਾ ਸ਼ੁਰੂ ਕੀਤਾ। ਕੈਰਲ ਨੇ ਅੱਗੇ ਲਿਖਿਆ ਸੀ, "ਰਹੀ ਗੱਲ ਰੋਸ਼ੀ ਦੀ। ਮੈਂ ਇਸ ਬੱਚੀ ਪਿੱਛੇ ਆਪਣਾ ਜੀਵਨ ਤਬਾਹ ਨ੍ਹੀਂ ਕਰ ਸਕਦੀ। ਅਜੇ ਤਾਂ ਮੈਂ ਆਪਣੀ ਜ਼ਿੰਦਗੀ ਦਾ ਆਨੰਦ ਮਾਣਨਾ ਐਂ। ਮੇਰਾ ਇਸ ਬੱਚੀ ਦੇ ਬੰਧਨ ਵਿੱਚ ਬੱਝਣ ਦਾ ਕੋਈ ਇਰਾਦਾ ਨ੍ਹੀਂ ਐ। ਤੂੰ ਇਸ ਨੂੰ ਸੋਸ਼ਲ ਸਰਵਿਸ ਮਹਿਕਮੇ ਦੇ ਹਵਾਲੇ ਕਰ ਦੇਵੀਂ। ਅੱਛਾ ਓ ਕੇ ਬਾਏ।"

ਹਰੀ ਸੋਫੇ ਦੀ ਪੁਸ਼ਤ ਦਾ ਸਹਾਰਾ ਲੈਂਦਾ ਬਹਿ ਗਿਆ। ਕਾਫੀ ਦੇਰ ਉਸਨੂੰ ਕੁੱਝ ਨਾ ਸੁੱਝਿਆ ਤੇ ਉਹ ਉਵੇਂ ਹੀ ਹਨੇਰੇ 'ਚ ਬੈਠਾ ਰਿਹਾ। ਉਸਦਾ ਮਨ ਡਾਹਢੇ ਸਦਮੇ 'ਚ ਡੁੱਬ ਗਿਆ ਸੀ। ਵਾਹਵਾ ਦੇਰ ਪਿੱਛੋਂ ਉਸਦੇ ਕੰਨੀ ਆਵਾਜ਼ ਪਈ ਤਾਂ ਉਸਨੇ ਰੋਸ਼ੀ ਵੱਲ ਵੇਖਿਆ। ਉਸਨੇ ਪਈ ਪਈ ਨੇ ਡੂੰਘਾ ਸਾਹ ਲੈਂਦਿਆਂ, ਹਟਕੋਰਾ ਭਰਿਆ ਸੀ। ਉਹ ਆਪਣੀ ਕਸ਼ਮਕਸ਼ 'ਚੋਂ ਨਿਕਲ ਕੇ ਰੋਸ਼ੀ ਬਾਰੇ ਸੋਚਣ ਲੱਗਿਆ। ਉਸਨੂੰ ਖਿਆਲ ਆਇਆ ਕਿ ਇਸਦਾ ਹੁਣ ਕੀ ਬਣੂੰਗਾ। ਕੈਰਲ ਦੁਆਰਾ ਇਸਨੂੰ ਸੋਸ਼ਿਲ ਸਰਵਿਸ ਵਾਲਿਆਂ ਦੇ ਹਵਾਲੇ ਕਰਨ ਦੀ ਗੱਲ ਉਸਦੇ ਮਨ 'ਚ ਆਈ। ਉਸਨੇ ਉੱਠ ਕੇ ਸੁੱਤੀ ਪਈ ਰੋਸ਼ੀ ਦੇ ਮਾਸੂਮ ਚਿਹਰੇ ਵੱਲ ਵੇਖਿਆ ਤਾਂ ਉਸਦੀਆਂ ਅੱਖਾਂ 'ਚ ਅੱਥਰੂ ਆ ਗਏ। ਉਸਨੇ ਮਨ ਹੀ ਮਨ ਸੋਚਿਆ ਕਿ ਇਸ ਵਿਚਾਰੀ ਦਾ ਕੀ ਕਸੂਰ। ਰੋਸ਼ੀ ਵੱਲ ਝਾਕਦਿਆਂ ਉਸਨੇ ਉਸਨੂੰ ਵੱਡੀ ਹੁੰਦੀ ਖਿਆਲ ਕੀਤਾ ਤੇ ਆਖਰ ਉਹ ਕੈਰਲ ਦਾ ਰੂਪ ਧਾਰੀ, ਹਰੀ ਦੀਆਂ ਮਨ ਰੂਪੀ ਅੱਖਾਂ ਸਾਹਮਣੇ ਆ ਖੜ੍ਹੀ ਹੋਈ। ਉਸਨੇ ਛੇਤੀ ਦੇਣੇ ਸਿਰ ਝਟਕ ਦਿੱਤਾ ਤੇ ਬੁੜਬੁੜਾਇਆ, "ਨ੍ਹੀਂ ਇਸ ਮਾਸੂਮ ਨੂੰ ਉਸ ਸਭ ਵਿੱਚੋਂ ਨ੍ਹੀਂ ਲੰਘਣ ਦੇਣਾ ਜੋ ਕੈਰਲ ਨੇ ਭੁਗਤਿਆ ਜਾਂ ਮੈਂ ਮਾਪਿਆਂ ਵਾਹਰੀ ਜ਼ਿੰਦਗੀ ਬਿਤਾਈ ਜਾਂ ਫਿਰ ਭੈਣ ਨੇ....।" ਅਚਾਨਕ ਮਨ 'ਚ ਭੈਣ ਆ ਗਈ। ਬਾਹਰ ਬੱਦਲ ਗੱਜਿਆ ਤੇ ਤੇਜ਼ ਰੋਸ਼ਨੀ ਹੋਈ ਕਿਉਂਕਿ ਬਹੁਤ ਜ਼ੋਰ ਦੀ ਬਿਜਲੀ ਚਮਕੀ ਸੀ। ਭੈਣ ਦੀ ਯਾਦ ਆਉਂਦਿਆਂ ਹੀ ਉਸਦੇ ਮਨ 'ਚੋਂ ਬਹੁਤ ਕੁਝ ਲੰਘ ਗਿਆ ਤੇ ਇੱਕ ਨਵੇਂ ਹੀ ਖਿਆਲ ਨੇ ਉਸਦਾ ਸਾਰਾ ਬੋਝ ਲਾਹ ਦਿੱਤਾ। ਉਸਦਾ ਮਨ ਹਲਕਾ ਫੁੱਲ ਵਰਗਾ ਹੋ ਗਿਆ। ਉਸਨੇ ਰੋਸ਼ੀ ਦੇ ਨੇੜੇ ਹੁੰਦਿਆਂ ਉਸ ਦੇ ਸਿਰ 'ਤੇ ਹੱਥ ਫੇਰਿਆ ਤੇ ਪਾਸੇ ਪਿਆ ਫੋਨ ਚੁੱਕ ਕੇ ਭੈਣ ਨੂੰ ਮਿਲਾ ਲਿਆ।

---


**ਬਲਦੇਵ ਸਿੰਘ ਬੱਦਨ ਦੀਆਂ ਸੰਪਾਦਿਤ ਪੁਸਤਕਾਂ**

**ਜਸਵੰਤ ਸਿੰਘ ਵਿਰਦੀ ਦੀਆਂ ਚੋਣਵੀਆਂ ਕਹਾਣੀਆਂ**

**ਕੁਲਵੰਤ ਸਿੰਘ ਵਿਰਕ ਦੀਆਂ 51 ਕਹਾਣੀਆਂ**

**ਤਸਵੀਰਾਂ (ਮੰਟੋ)**

**ਗੁਰਮੁਖ ਸਿੰਘ ਮੁਸਾਫਿਰ ਦੀਆਂ ਚੋਣਵੀਆਂ ਕਹਾਣੀਆਂ**

**ਮਨਿੰਦਰ ਸਿੰਘ ਕਾਂਗ ਦੀਆਂ ਚੋਣਵੀਆਂ ਕਹਾਣੀਆਂ**

**ਸੁਖਬੀਰ ਦੀਆਂ ਚੋਣਵੀਆਂ ਕਹਾਣੀਆਂ**

**ਕਰਤਾਰ ਸਿੰਘ ਦੁੱਗਲ ਦੀਆਂ ਚੋਣਵੀਆਂ ਕਹਾਣੀਆਂ**




## ਸਟਾਰਟਿੰਗ ਪੁਆਇੰਟ/ਸਿਮਰਨ ਧਾਲੀਵਾਲ

ਅੱਜ ਤੀਸਰਾ ਦਿਨ ਹੈ ਹਸਪਤਾਲ ਬੈਠਿਆਂ।

ਅੰਦਰ ਬਾਪੂ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ। ਕਮਾਲ ਹੈ... ਇੰਨੇ ਵੱਡੇ ਦਿਲ ਵਾਲੇ ਬੰਦੇ ਦਾ ਦਿਲ ਫੇਲ੍ਹ ਹੋ ਗਿਆ। ਮੈਨੂੰ ਯਕੀਨ ਨਹੀਂ ਸੀ ਆਇਆ ਸੁਣ ਕੇ।

ਮੈਂ ਜਿਵੇਂ ਹਵਾ ਬਣ ਕੇ ਗੁਪਤਾ ਹਸਪਤਾਲ ਪਹੁੰਚ ਗਿਆ।

ਸਾਹਮਣੇ ਬਾਪੂ ਪਿਆ ਸੀ। ਨਰਸਾਂ ਡਾਕਟਰਾਂ ਵਿਚਾਲੇ ਘਿਰਿਆ। ਬਾਪੂ ਨੂੰ ਹਸਪਤਾਲ ਪਹੁੰਚਾਉਣ ਵਾਲਾ, ਸਾਡਾ ਗੁਆਂਢੀ ਪਿੰਦਰ, ਮੈਨੂੰ ਆਇਆ ਦੇਖ ਕੇ ਮੇਰੇ ਕੋਲ ਆਇਆ।

"ਇਹ ਤਾਂ ਸ਼ੁਕਰ ਕਰੋ, ਮੈਂ ਅੱਜ ਘਰੇ ਸੀ। ਆਂਟੀ ਜੀ ਨੇ ਹਾਕ ਮਾਰੀ ਤੇ ਮੈਂ ਦੌੜਿਆ ਆਇਆ। ਫਟਾਫਟ ਗੱਡੀ ਕੱਢੀ। ਜਿਵੇਂ ਤੁਸੀਂ ਡਿਊਟੀ ਗਏ ਸੀ..ਆਂਟੀ ਵਿਚਾਰੇ ਕੀ ਕਰ ਲੈਂਦੇ।"

...ਤੇ ਉਹ ਘਰ ਨੂੰ ਮੁੜ ਗਿਆ।

ਬੇਬੇ ਬੈਂਚ 'ਤੇ ਬੈਠੀ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਲੱਗੀ। ਮੈਂ ਜੇਬ ਵਿੱਚ ਹੱਥ ਮਾਰਿਆ। ਏ.ਟੀ.ਐਮ.ਕਾਰਡ ਕੱਢਿਆ ਤੇ ਪੈਸੇ ਕਢਵਾਉਣ ਲਈ ਹਸਪਤਾਲ ਬਾਹਰ ਨਿਕਲ ਤੁਰਿਆ।

ਤੇ ਉਸ ਦਿਨ ਤੋਂ ਲੈ ਕੇ ਅੱਜ ਤੀਕ... ਮੈਂ ਇਥੇ ਹੀ ਬੈਠਾ ਹਾਂ। ਸਕੂਲ ਤੋਂ ਛੁੱਟੀ ਲੈ ਲਈ ਹੈ ਮੈਂ। ਜੇ ਕਿਤੇ ਉਸ ਦਿਨ ਪਿੰਦਰ...! ਕੌਣ ਲੈ ਕੇ ਆਉਂਦਾ ਬਾਪੂ ਨੂੰ ਹਸਪਤਾਲ? ਮੈਂ ਸੋਚਦਾ ਹੋਇਆ ਵੀ ਕੰਬ ਜਾਂਦਾ ਹਾਂ। ਮੈਨੂੰ ਡਿਊਟੀ ਤੋਂ ਕਦੀ ਵੀ ਗ਼ੈਰ ਹਾਜ਼ਰ ਨਾ ਹੋਣ ਦੀ ਸਿੱਖਿਆ ਸਿਖਾਉਣ ਵਾਲਾ ਬਾਪੂ ਮੇਰੀ ਗ਼ੈਰ ਹਾਜ਼ਰੀ ਵਿੱਚ...।

ਕਿੰਨਾ ਚਾਅ ਸੀ ਬਾਪੂ ਨੂੰ ਮੇਰੇ ਸਰਕਾਰੀ ਨੌਕਰੀ ਲੱਗਣ ਦਾ। ਜਿਸ ਦਿਨ ਮੈਨੂੰ ਨਿਯੁਕਤੀ ਪੱਤਰ ਮਿਲਿਆ ਸੀ ਉਸ ਦਿਨ ਪੂਰੇ ਪਿੰਡ ਵਿੱਚ ਲੱਡੂ ਵੰਡੇ ਸੀ ਬਾਪੂ ਨੇ।

ਸੱਤ ਸਾਲ ਧੱਕੇ ਖਾ ਕੇ ਨੌਕਰੀ ਮਿਲੀ ਸੀ ਮੈਨੂੰ। ਸ਼ਾਇਦ ਨੌਕਰੀ ਦਾ ਮੁੱਲ ਮੈਥੋਂ ਵੀ ਵੱਧ ਮੇਰਾ ਬਾਪੂ ਜਾਣਦਾ ਸੀ। ਇਸੇ ਲਈ ਉਹ ਹਮੇਸ਼ਾ ਆਖਦਾ-

"ਪੁੱਤਰਾ ਜਿਸ ਕੰਮ 'ਚੋਂ ਦੋ ਵੇਲੇ ਦੀ ਰੋਟੀ ਮਿਲਦੀ ਏ ਨਾ...ਉਸ ਕੰਮ ਲਈ ਇਮਾਨਦਾਰ ਰਹਿਣਾ ਈ ਅਸਲੀ ਧਰਮ ਹੁੰਦਾ।"

"ਸਰ ਜੀ! ਇਮਾਨਦਾਰੀ ਨੂੰ ਹੁਣ ਅਸੀਂ ਘਰੋਂ ਘਰੀਂ ਜਾ ਕੇ ਜਵਾਕ ਪੜ੍ਹਾਇਆ ਕਰੀਏ। ਇਹ ਕੰਮ ਤਾਂ ਇੰਜ ਹੀ ਚੱਲਦੇ ਨੇ..। ਬਹੁਤਾ ਸੀਰੀਅਸ ਨਹੀਂ ਹੋਈਦਾ।"

ਸਾਇੰਸ ਵਾਲਾ ਨਛੱਤਰ ਸਿਹੁੰ ਅਕਸਰ ਇੰਜ ਆਖਦਾ।

ਹੋਰ ਹੈ ਵੀ ਕੀ ਕਹਿਣ ਨੂੰ ਇਹਨਾਂ ਲੋਕਾਂ ਕੋਲੇ। ਮੋਟੀਆਂ ਤਨਖਾਹਾਂ ਲੈਣ ਵਾਲਿਆਂ ਦੀ ਅਕਲ ਵੀ ਮੋਟੀ ਹੋ ਜਾਂਦੀ।

ਜਿਵੇਂ ਮਨਰੂਪ ਦੀ...।

ਹੁਣੇ ਆਈ ਹੈ ਥੋੜ੍ਹੀ ਦੇਰ ਪਹਿਲਾਂ। ਰੋਟੀ ਲੈ ਕੇ...। ਬੇਬੇ ਕੋਲੇ ਅੰਦਰ ਬੈਠੀ ਹੈ ਤੇ ਮੈਂ ਬਾਹਰ ਬੈਂਚ 'ਤੇ ਬੈਠਾ ਹਰਲ-ਹਰਲ ਕਰਦੀ ਫਿਰਦੀ ਦੁਨੀਆ ਨੂੰ ਵੇਖ ਰਿਹਾ ਹਾਂ। ਲੱਗਦਾ ਜਿਵੇਂ ਪੂਰੀ ਦੁਨੀਆ ਹੀ ਬਿਮਾਰ ਹੋ ਕੇ ਹਸਪਤਾਲ ਆਣ ਪਈ ਹੋਵੇ। ਪਤਾ ਨਹੀਂ ਕਿਹੜੇ ਰੋਗ ਚਿੰਬੜੇ ਨੇ ਸਭ ਨੂੰ।

"ਸੁਖ ਰੋਗ ਲੱਗਿਆ ਪੁੱਤਰਾ ਸੁਖ ਰੋਗ...।"

ਲੱਗਿਆ ਜਿਵੇਂ ਬਾਪੂ ਬੋਲਿਆ ਹੋਵੇ।

"ਪੁੱਤਰਾ! ਬੰਦੇ ਨੂੰ ਹਮੇਸ਼ਾ ਹੱਥ ਹਿਲਾਉਂਦੇ ਰਹਿਣਾ ਚਾਹੀਦਾ।ਮਾਨਸ ਦੇਹੀ ਤਾਂ ਮਿਲੀ ਹੀ ਕਿਰਤ ਕਰਨ ਨੂੰ ਹੈ।ਵਿਹਲੇ ਬੈਠਿਆ ਤਾਂ ਸੌ ਬਿਮਾਰੀਆਂ ਆਣ ਬਹੁੜਦੀਆਂ ਨੇ..।"

ਬਾਪੂ ਕਦੀ ਵਿਹਲਾ ਨਹੀਂ ਸੀ ਬੈਠਿਆ।ਮੈਂ ਕਈ ਵਾਰ ਹੱਸਦਾ ਹੋਇਆ ਆਖਦਾ-

"ਬਾਪੂ ਜੀ ਆਹੀ ਉਮਰ ਏ ਤੁਹਾਡੀ ਸੁਖ ਲੈਣ ਦੀ।ਬਥੇਰਾ ਕਰ ਲਿਆ ਸਾਰੀ ਉਮਰ। ਹੁਣ ਤਾਂ ਸੁਖ ਨਾਲ ਨੂੰਹ ਪੁਤ ਕਮਾਊ ਨੇ ਤੁਹਾਡੇ।ਨੱਬੇ ਹਜ਼ਾਰ ਰੁਪਈਆ ਆਉਂਦਾ ਚੜ੍ਹੇ ਮਹੀਨੇ ਘਰ 'ਚ।ਢੇਰੀ ਲੱਗ ਜਾਂਦੀ ਨੋਟਾਂ ਦੀ ।"

ਮੈਂ ਹੱਥ ਨਾਲ ਇਸ਼ਾਰਾ ਕਰਕੇ ਦੱਸਦਾ।

"ਰੱਬ ਬਰਕਤਾ ਪਾਵੇ ਤੁਹਾਡੀ ਕਿਰਤ ਕਮਾਈ 'ਚ ਪੁੱਤਰਾ।ਤੁਹਾਨੂੰ ਤੁਹਾਡੇ ਕੰਮ ਦਾ ਨੱਬੇ ਹਜ਼ਾਰ ਮਿਲਦਾ।ਕੰਮ ਤਾਂ ਹਰੇਕ ਬੰਦੇ ਨੂੰ ਕਰਨਾ ਪੈਂਦਾ।ਹੱਥੀਂ ਕੀਤੀ ਕਾਰ 'ਚ ਹੀ ਬਰਕਤ ਹੁੰਦੀ। ਤੁਸੀਂ ਸੌਖੇ ਹੋ ਤਾਂ ਮੈਂ ਆਪੇ ਸੌਖਾ।"

...ਤੇ ਅੱਜ ਬਾਪੂ ਔਖਾ ਹੈ।ਇਸੇ ਲਈ ਮੈਂ ਔਖਾਂ ਹਾਂ।ਤਿੰਨ ਦਿਨਾਂ 'ਚ ਤਿੰਨ ਸੌ ਵਾਰੀ ਰੱਬ ਅੱਗੇ ਅਰਦਾਸਾਂ ਕਰ ਚੁੱਕਿਆਂ।ਆਖਦਾਂ, "ਰੱਬਾ! ਮੇਰੇ ਬਾਪੂ ਨੂੰ ਕੁਝ ਨਾ ਹੋਵੇ।ਰਾਜੀ ਕਰਦੇ ਉਹਨੂੰ।"

ਮੈਥੋਂ ਵੱਧ ਕਿਸ ਨੂੰ ਚਿੰਤਾ ਹੈ ਬਾਪੂ ਦੀ।ਉਸ ਦਿਨ ਮੈਂ ਮਨਰੂਪ ਨੂੰ ਫੋਨ ਕੀਤਾ। ਆਖਿਆ ਸੀ, "ਸਕੂਲ ਤੋਂ ਸਿੱਧਾ ਹਸਪਤਾਲ ਆ ਜਾਵੀਂ।"

ਉਸ ਨੇ ਆਉਂਦਿਆਂ , ਬਾਪੂ ਬਾਰੇ ਨਹੀਂ ਸੀ ਪੁੱਛਿਆ।

"ਇੱਕ ਗੁਡ ਨਿਊਜ਼ ਦੱਸਾਂ? ਇਸ ਮਹੀਨੇ ਤੋਂ ਦੋ ਇੰਕਰੀਮੈਂਟ ਲੱਗ ਰਹੇ ਨੇ ਮੇਰੇ।"

ਮੇਰੇ ਕੰਨਾਂ ਵਿਚ 'ਸੀਂ-ਸੀਂ' ਹੋਣ ਲੱਗੀ ਸੀ।ਮੈਂ ਡੌਰ-ਭੌਰ ਜਿਹਾ ਝਾਕਣ ਲੱਗਿਆ।ਮਨ ਕੀਤਾ ਅੱਖਾਂ ਮੀਚੀ ਪਏ ਬਾਪੂ ਨੂੰ ਉਠਾ ਕੇ ਕਹਾਂ, "ਆਹ ਦੇਖ ਲੈ ਬਾਪੂ।ਤੇਰੀ ਦੋਹਾਂ ਹੱਥਾਂ ਨਾਲ ਨੋਟ ਇਕੱਠੇ ਕਰਨ ਵਾਲੀ ਨੂੰਹ ਆ ਗਈ।ਤੇਰੀ ਖ਼ਬਰ ਲੈਣ ਲਈ।ਜਿਸ ਨੂੰ ਤੇਰੇ ਦਿਲ ਫੇਲ੍ਹ ਹੋਣ ਦਾ ਦੁੱਖ ਨਹੀਂ, ਆਪਣੇ ਬਿੱਲ ਪਾਸ ਹੋਣ ਦਾ ਬਹੁਤਾ ਚਾਅ ਹੈ"।

ਪਰ ਬਾਪੂ ਤਾਂ....

ਇਸੇ ਕਮਾਊ ਨੂੰਹ ਲਈ ਬਾਪੂ ਨੇ ਅੱਧੇ ਭਾਈਚਾਰੇ ਤੇ ਸ਼ਰੀਕਾਂ ਦੀਆਂ ਦਹਿਲ਼ੀਜ਼ਾਂ ਪੱਟ ਸੁੱਟੀਆਂ ਸਨ।

"ਭਾਈ ਵੇਲਾ ਕਿਹੜਾ ਚੱਲਦਾ।ਦੋਹੇ ਜੀ ਕਮਾਉਂਦੇ ਹੋਣ ਤਾਂ ਮਸੀਂ ਝੱਟ ਟਪਦਾ। ਪੜ੍ਹਿਆ ਲਿਖਿਆ ਪੁੱਤ ਮੇਰਾ ਸੁਖ ਨਾਲ।ਮੈਂ ਤਾਂ ਇਹਦੇ ਬਰੋਬਰ ਦੀ ਬਹੂ ਲੈਣੀ।"

ਬਾਪੂ ਦੀ ਲੱਭੀ ਪੁੱਤ ਦੇ ਬਰਾਬਰ ਦੀ ਨੂੰਹ...ਉਸੇ ਪੁੱਤ ਦੀ ਸੋਚ ਦੇ ਮੇਚ ਦੀ ਨਹੀਂ ਸੀ।ਬਹੁਤ ਦੁੱਖ ਹੋਇਆ ਸੀ ਮੈਨੂੰ।

"ਗੱਲ ਕਰਨ ਲੱਗਿਆਂ ਵੇਲਾ-ਕੁਵੇਲਾ ਤਾਂ ਵੇਖ ਲਿਆ ਕਰ।"

ਮੈਂ ਹਰਖ ਕੇ ਕਿਹਾ ਸੀ।

"ਚੰਗਾ ਬਾਬਾ! ਹੁਣ ਮੂਡ ਠੀਕ ਕਰੋ।ਕਿਦਾਂ ਸੜਿਆ ਜਿਹਾ ਮੂੰਹ ਬਣਾਈ ਬੈਠੇ।ਠੀਕ ਹੋ ਜਾਣਗੇ ਬਾਪੂ ਜੀ।ਬੀਜੀ ਕਿਧਰ ਨੇ...?"

ਮਨਰੂਪ ਨੇ ਪੁੱਛਿਆ ਸੀ।



ਮੈਂ ਨਾਲ ਦੇ ਕਮਰੇ ਵੱਲ ਇਸ਼ਾਰਾ ਕਰ ਦਿੱਤਾ।ਉਸਦੀ ਤੁਰੀ ਜਾਂਦੀ ਦੀ ਪੈੜ ਚਾਲ ਦੇਰ ਤੀਕ ਮੇਰੇ ਕੰਨਾਂ ਵਿਚ ਗੂੰਜਦੀ ਰਹੀ।

ਤਿੰਨ ਦਿਨ ਤੋਂ ਮੈਂ ਘਰ ਨਹੀਂ ਗਿਆ।ਇੱਥੇ ਹੀ ਬੈਠਾ ਕੁਝ ਨਾ ਕੁਝ ਸੋਚਦਾ ਰਹਿੰਦਾ ਹਾਂ।ਅੰਦਰ ਬਾਪੂ ਪਿਆ ਹੈ ਅਹਿਲ...ਸਭ ਕਾਸੇ ਤੋਂ ਬੇਖ਼ਬਰ।ਮੇਰੀਆਂ ਪੰਡ ਜਮਾਤਾਂ ਬਦਲੇ ਬਾਪੂ ਸਿਰ ਪੰਡ ਕਰਜ਼ੇ ਦੀ ਚੜ੍ਹ ਗਈ ਸੀ।ਪਰ ਫਿਰ ਵੀ ਬਾਪੂ ਨੂੰ ਆਸ ਸੀ ਮੇਰੇ ਕੁਝ ਬਣ ਜਾਣ ਦੀ।ਆਪਣੀ ਤੇ ਇਸ ਘਰ ਦੀ ਜੂਨ ਬਦਲ ਦੇਣ ਦੀ।

"ਆਪਣੀ ਵੀ ਕਾਹਦੀ ਜੂਨ ਏ ਭਲਾ ਸਾਰੀ ਦਿਹਾੜੀ ਦਿਮਾਗ਼ ਖਪਾਉਂਦੇ ਫਿਰੋ, ਇਹਨਾਂ ਨਲੀ ਚੋਚੋ ਜਿਹਿਆਂ ਨਾਲ।ਚੱਜਦੇ ਜਵਾਕ ਤਾਂ ਚਲੇ ਜਾਂਦੇ ਨੇ 'ਕਾਨਵੈਂਟ' ਸਕੂਲਾਂ ਵਿਚ।ਪਿੱਛੇ ਬਚਦਾ ਹੈ ਸਾਡੇ ਜੋਗਾ ਮਾਤਾ ਦਾ ਮਾਲ।"

ਪੰਜਾਬੀ ਵਾਲੀ ਦਵਿੰਦਰ ਮੈਡਮ ਅਕਸਰ ਖ਼ਫ਼ਾ ਹੋਈ ਰਹਿੰਦੀ ਹੈ।ਜਵਾਕ ਪੜ੍ਹਾਉਣੇ ਦਿਮਾਗ ਖਪਾਉਣਾ ਜਾਪਦੈ ਉਹਨੂੰ।ਮੇਰਾ ਦਿਲ ਕਰਦਾ ਹੁੰਦਾ ਦੱਸਾਂ ਉਸਨੂੰ ਕਿ ਤੈਨੂੰ ਇਹਨਾਂ ਨਾਲ ਦਿਮਾਗ ਖਪਾਉਣ ਲਈ ਹੀ ਤਾਂ ਅਠਾਰਾਂ ਸੌ ਰੁਪਈਆਂ ਮਿਲਦਾ ਦਿਹਾੜੀ ਦਾ।...ਤੇ ਇਹ 'ਮਾਤਾ ਦਾ ਮਾਲ' ਇਥੇ ਪੜ੍ਹਦਾ , ਇਸੇ ਲਈ ਤਾਂ ਤੇਰੇ ਆਪਣੇ ਬੱਚੇ 'ਸਮਾਰਟ' ਸਕੂਲ ਵਿੱਚ ਪੜ੍ਹਦੇ ਨੇ..। ਜੇ ਇਹ ਵੀ ਇਥੇ ਨਾ ਆਉਂਦੇ ਹੋਣ ਤਾਂ...।

"ਤਾਂ ਕੀ ਏ ਜੇ ਫੀਸ ਬਹੁਤੀ ਹੈ ਤਾਂ। ਬੱਚਿਆਂ ਦਾ ਫਿਊਚਰ ਵੀ ਤਾਂ ਬਣ ਜਾਊ ਨਾ...।"

ਮੇਰੇ ਨਾ ਚਾਹੁੰਦੇ ਹੋਏ ਵੀ ਮਨਰੂਪ ਨੇ ਬੱਚਿਆਂ ਨੂੰ ਉਸੇ ਸਮਾਰਟ ਸਕੂਲੇ ਪੜ੍ਹਨ ਲਾ ਦਿੱਤਾ ਸੀ ਜਿਥੇ ਦਵਿੰਦਰ ਮੈਡਮ ਦੇ ਬੱਚੇ ਪੜ੍ਹਦੇ ਨੇ...।ਸਮਾਰਟ ਦੇ ਨਾਮ 'ਤੇ ਹੋਣ ਵਾਲੀ ਲੁੱਟ ਉਹਨੂੰ ਦਿੱਸਦੀ ਨਹੀਂ।...ਤੇ ਉਹ ਦਵਿੰਦਰ ਮੈਡਮ ਇਕ ਦਿਨ ਸਕੂਲ ਵੜਦਿਆਂ ਹੀ ਸਿਰ ਫੜ੍ਹ ਕੇ ਬੈਠ ਗਈ ਸੀ।

"ਕੱਲ੍ਹ ਬੇਟੇ ਦਾ ਸਾਇੰਸ ਦਾ ਪੇਪਰ ਨਹੀਂ ਠੀਕ ਹੋਇਆ।ਮੈਨੂੰ ਤਾਂ ਰਾਤ ਦੀ ਨੀਂਦ ਨਹੀਂ ਆਈ।"

ਹੈਰਾਨ ਹੋ ਗਿਆ ਸੀ ਮੈਂ ਸੁਣ ਕੇ।ਆਪਣੇ ਬੇਟੇ ਦੇ 'ਕੱਚੇ ਜਿਹੇ' ਪੇਪਰ ਦੇ ਮਾੜਾ ਹੋਣ ਤੇ ਜਿਸ ਦੀ ਨੀਂਦ ਹਰਾਮ ਹੋਈ ਪਈ ਸੀ ਉਹੀ ਦਵਿੰਦਰ ਮੈਡਮ ਆਪਣੇ ਸਕੂਲ ਦੇ ਬੱਚਿਆਂ ਬਾਰੇ ਆਖਿਆ ਕਰਦੀ ਹੈ ਕਿ 'ਢਹਿ ਜਾਣੇ ਆ ਵੜਦੇ ਮੂੰਹ ਚੁੱਕ ਕੇ।ਬਈ ਘਰ ਬੈਠੋ ਤੇ ਸਾਨੂੰ ਵੀ ਬੈਠਣ ਦਿਓ ਅਰਾਮ ਨਾਲ।ਨਾ ਇਹ ਆਉਣ ਤੇ ਨਾ ਜਾਣਾ ਪਵੇ ਕਲਾਸ 'ਚ।ਰੋਜ਼ ਇਥੇ ਅੱਗ ਲੱਗੀ ਹਾਜ਼ਰੀ ਨੂੰ।'

****

ਮੈਂ ਸਾਹਮਣੇ ਦੇਖ ਰਿਹਾ ਹਾਂ।ਹਸਪਤਾਲ ਦੇ ਐਨ ਸਾਹਮਣੇ ਤਿੰਨ ਮੰਜ਼ਿਲਾਂ ਸ਼ਾਪਿੰਗ ਮਾਅਲ ਹੈ।ਇੱਥੇ ਇੱਕ ਹੀ ਛੱਤ ਥੱਲੇ ਸਾਰਾ ਕੁਝ ਮਿਲਦਾ।ਮਾਅਲ ਦੀ ਸ਼ੀਸ਼ਿਆਂ ਵਾਲੀ ਇਮਾਰਤ ਧੁੱਪ ਵਿੱਚ ਲਿਸ਼ਕ ਰਹੀ ਹੈ।ਦੁਨੀਆ ਵਾਹੋਦਾਹੀ ਭੱਜੀ ਫਿਰ ਰਹੀ ਹੈ।ਪਤਾ ਨਹੀਂ ਕਿਹੜੀ ਦੌੜ ਲੱਗੀ ਹੈ ਸਭ ਨੂੰ।ਇਸ ਨੂੰ ਗਲੋਬਲਾਈਜੇਸ਼ਨ ਆਖਦੇ ਨੇ।ਕਹਿੰਦੇ ਸਾਰਾ ਸੰਸਾਰ ਇਕ ਬਣਦਾ ਜਾ ਰਿਹਾ।ਸਾਰਾ ਕੁਝ ਇੱਕ ਦੂਜੇ ਵੱਲ ਸਰਕਦਾ ਪਿਆ।ਇੱਕ ਦੂਜੇ ਵਿੱਚ ਖਲਤ ਮਲਤ ਹੋਣ ਲਈ। ਜਿਵੇਂ ਕਈ ਦਿਨਾਂ ਤੋਂ ਕਈ ਤਰ੍ਹਾਂ ਦੀਆਂ ਸੋਚਾਂ ਮੇਰੇ ਅੰਦਰ ਉੱਠਦੀਆਂ ਨੇ...ਉਲਝਦੀਆਂ ਨੇ...ਖਲਤ-ਮਲਤ ਹੁੰਦੀਆਂ ਪਈਆਂ ਨੇ..।ਕੈਸੀਆਂ ਸੋਚਾਂ ਦੇ ਰਿਹਾ ਹੈ ਸਾਨੂੰ ਇਹ ਯੁੱਗ।ਬੰਦੇ ਨੂੰ

ਮਸ਼ੀਨ ਬਣਾ ਦੇਣ ਦੀਆਂ ਸੋਚਾਂ। ਆਪਣੇ ਹੀ ਅੰਦਰ ਸਿਮਟ ਜਾਣ ਦੀਆਂ ਸੋਚਾਂ।

"ਥੋੜ੍ਹਾ ਵੱਡਾ ਕਿਉਂ ਨਹੀਂ ਸੋਚਦੇ ਤੁਸੀਂ। ਕੀ ਰੱਖਿਆ ਤੁਹਾਡਾ ਇਸ ਪਿੰਡ 'ਚ। ਸਿੱਧੀ ਬੱਸ ਨਹੀਂ ਆਉਂਦੀ ਜਿਥੇ ਸ਼ਹਿਰੋਂ। ਬੱਚਿਆਂ ਬਾਰੇ ਤਾਂ ਸੋਚੋ। ਚੁੰਗੇ 'ਚੋਂ ਕਿੱਲੇ ਜ਼ਮੀਨ ਏ..ਵੇਚ ਕੇ ਸਿਆਪਾ ਮੁਕਾਓ ਹਾਂ...।"

ਮਨਰੂਪ ਨੇ ਕਿਹਾ ਸੀ ਉਸ ਦਿਨ।

"ਬਾਪੂ ਜੀ ਨੂੰ ਕਹਿ ਕੇ ਦੇਖੀ ਇਹ ਗੱਲ।"

ਮੈਂ ਜਵਾਬ ਦਿੱਤਾ ਸੀ ਅੱਗਿਓਂ। ਅੱਖਾਂ ਅੱਗੇ ਕਿੰਨਾ ਕੁਝ ਘੁੰਮਣ ਲੱਗਿਆ ਸੀ ਮੇਰੇ। ਇਸੇ ਜ਼ਮੀਨ ਵਿੱਚੋਂ ਸਾਰੀ ਉਮਰ ਰੋਟੀ ਖਵਾਈ ਸੀ ਸਾਨੂੰ ਬਾਪੂ ਨੇ। ਕੁਲ ਕਬੀਲਦਾਰੀ ਇਸੇ ਜ਼ਮੀਨ ਦੇ ਸਿਰ 'ਤੇ ਤੋਰੀ ਸੀ। ਮੈਂ ਨਿੱਕਾ ਹੁੰਦਾ ਖੇਤ ਜਾਂਦਾ। ਹਲਟ ਗਿੜਦੇ ਪਏ ਹੁੰਦੇ। ਟਿੰਡਾਂ ਪਾਣੀ ਦੀਆਂ ਭਰ-ਭਰ ਆਉਂਦੀਆ। ਤੋਰੀਏ ਨੂੰ ਫੁੱਲ ਪੈਂਦੇ। ਬਾਪੂ ਫਸਲਾਂ ਨੂੰ ਪੁੱਤਾਂ ਵਾਂਗ ਪਾਲਦਾ। ਜ਼ਮੀਨ ਨੂੰ ਮਾਂ ਵਾਂਗ ਮੋਹ ਕਰਦਾ।

ਪਰ ਕਿੰਨਾ ਕੁਝ ਬਦਲ ਜਾਂਦਾ ਵਕਤ ਨਾਲ। ਜ਼ਮੀਨ ਨੂੰ ਮੋਹ ਕਰਨ ਵਾਲੇ ਬਾਪੂ ਦੀ ਜ਼ਮੀਨ ਇਸ ਸ਼ਹਿਰ ਦੀ ਰਾਇਲ ਕਾਲੋਨੀ ਵਿੱਚ ਸਾਡੀ ਆਲੀਸ਼ਾਨ ਕੋਠੀ ਖਾ ਗਈ ਸੀ।...ਤੇ ਬਾਪੂ ਦੇ ਅੰਦਰ ਦੀ ਸ਼ਾਂਤੀ ਇਸ ਸ਼ਹਿਰ ਦਾ ਸ਼ੋਰ।

ਜ਼ਿੱਦ ਸੀ ਮਨਰੂਪ ਦੀ। ਪੱਥਰਾਂ ਦੇ ਇਸ ਸ਼ਹਿਰ ਵਿੱਚ ਰਹਿਣ ਦੀ। ਸ਼ਾਨਦਾਰ ਘਰ ਬਣਾਉਣ ਦੀ। ਇਸ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋਣ ਦੀ। ਕਈ ਸਾਲ ਹੋ ਗਏ ਨੇ ਇਸ ਸ਼ਹਿਰ ਦਾ ਹਿੱਸਾ ਬਣਿਆ। ਪਰ ਸੁਪਨਿਆਂ ਵਿੱਚ ਅਜੇ ਵੀ ਪਿੰਡ ਦਿੱਸਦਾ ਹੈ ਮੈਨੂੰ। ਪਿੰਡ ਦੀਆਂ ਗਲੀਆਂ ਉਭਰ ਆਉਂਦੀਆਂ ਨੇ ਅੱਖਾਂ ਸਾਹਵੇਂ।

ਪਰ ਹੁਣ ਤਾਂ ਪਿੰਡ ਵੀ ਕਿੰਨੇ ਬਦਲ ਗਏ ਨੇ...।

"ਬਦਲ ਤਾਂ ਪੂਰੀ ਦੁਨੀਆ ਗਈ ਹੈ ਮਾਸਟਰ ਜੀ। ਬੁੜੀਆਂ-ਨਿਆਣੇ ਤਾਂ ਟੀ.ਵੀ. ਨੂੰ ਚਿੰਬੜੇ ਰਹਿੰਦੇ ਨੇ..ਸੱਚ ਦੱਸਾਂ?..ਇਹ ਟੀ.ਵੀ. ਤਾਂ ਟੀ.ਬੀ. ਦੀ ਬਿਮਾਰੀ ਨਾਲੋਂ ਵੀ ਭੈੜੀ ਸ਼ੈਅ ਏ ਸਹੁਰੀ ਦੀ। ਸਾਡੇ ਤਮਾਸ਼ੇ ਨਹੀਂ ਜੇ ਵੇਖਦਾ ਹੁਣ ਕੋਈ। ਮੈਂ ਤਾਂ ਸੋਚਦਾ ਬਈ ਹੋਰ ਈ ਕੰਮ-ਧੰਦਾ ਵੇਖਲਾਂ ਕੋਈ। ਜਵਾਕ ਨੀ ਤਾਂ ਪਾਲਣੇ ਹੋਏ ਕਿ ਨਹੀਂ?"

ਕਿੰਨੀ ਸੱਚ ਸੀ ਉਸ ਮਦਾਰੀ ਦੀ ਕਹੀ ਇਹ ਗੱਲ। ਜਿਹੜਾ ਡਮਰੂ ਵਜਾ-ਵਜਾ ਥੱਕ ਜਾਂਦਾ ਸੀ, ਪਰ ਕਿਸੇ ਕੋਲ ਵਿਹਲ ਨਹੀਂ ਸੀ ਉਸ ਜੋਗੀ।

ਐਸੀ ਸੁੰਨ ਫੈਲੀ ਰਹਿੰਦੀ ਹੈ ਸਾਡੀ ਕਾਲੋਨੀ ਵਿੱਚ ਵੀ।

ਸ਼ਹਿਰ ਆ ਕੇ ਬੇਬੇ ਬਾਪੂ ਦਾ ਮਨ ਨਹੀਂ ਸੀ ਲੱਗਦਾ। ਕਿਸੇ ਨੂੰ ਆਂਢ-ਗੁਆਂਢ ਦੀ ਸਾਰ ਨਹੀਂ। ਕਿਸੇ ਨੂੰ ਕਿਸੇ ਦੂਜੇ ਨਾਲ ਕੋਈ ਮਤਲਬ ਨਹੀਂ। ਦੁਨੀਆ ਭੱਜੀ ਫਿਰਦੀ ਹੈ ਪਰ ਸਭ ਇੱਕ ਦੂਜੇ ਤੋਂ ਅਣਜਾਣ। ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਵਿੱਚ।

"ਮੈਨੂੰ ਤਾਂ ਪੁੱਤਰਾ ਆਹ ਵਿਹਲ ਹੀ ਖਾ ਜਾਊ ਲੱਗਦਾ। ਪਿੰਡ 'ਚ ਸੌ ਬੰਦਾ ਮੱਥੇ ਲੱਗਦਾ ਸੀ ਸਾਰੀ ਦਿਹਾੜੀ। ਇੱਥੇ ਝਾਤੀ ਮਾਰ ਲ..ਗਲੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੀਕ। ਸਾਰਾ ਦਿਨ ਤਾਲੇ ਵੱਜੇ ਰਹਿੰਦੇ ਨੇ ਬੂਹਿਆਂ ਨੂੰ। ਪਿੱਛੇ..ਲੋਕ ਬੰਦ ਬੂਹਿਆਂ ਨੂੰ ਮਾੜਾ ਮੰਨਦੇ ਹੁੰਦੇ ਸੀ।"

ਬਾਪੂ ਹੈਰਾਨ ਸੀ ਸ਼ਹਿਰ ਦੀ ਇਸ ਫਿਤਰਤ ਤੋਂ।

"ਹੈਰਾਨ ਨਹੀਂ ਹੋਈ ਦਾ ਸਰ ਜੀ। ਇਹਨੂੰ ਕਹਿੰਦੇ ਨੇ ਨੌਕਰੀ ਕੀ ਤੇ ਨਖਰਾ ਕੀ।"



ਆਪਣੇ ਦੋਸਤ ਘੁੰਮਣ ਦੀ ਗੱਲ ਸੁਣ ਕੇ ਦਿਮਾਗ ਘੁੰਮ ਗਿਆ ਸੀ ਮੇਰਾ।

ਸੱਤ ਸਾਲ , ਨੌਕਰੀ ਦੇ 'ਨਖਰੇ' ਦੇਖ-ਦੇਖ ਹੈਰਾਨ ਹੁੰਦਾ ਰਿਹਾ ਸੀ ਮੈਂ। ਸਰਕਾਰੀ ਅਧਿਆਪਕ ਬਣਨ ਤੋਂ ਪਹਿਲਾਂ ਸੱਤਾ ਸਾਲਾਂ 'ਚ ਸਤਾਰਾਂ ਪ੍ਰਾਈਵੇਟ ਸਕੂਲਾਂ 'ਚ ਪੜ੍ਹਾਇਆ ਸੀ ਮੈਂ। ਹਰ ਮਹੀਨੇ ਤਨਖਾਹ ਜੇਬ 'ਚ ਪਾਉਣ ਲੱਗਿਆਂ ਚੀਸ ਜਿਹੀ ਉੱਠਦੀ ਸੀ ਅੰਦਰ। ਸਰਕਾਰੀ ਅਧਿਆਪਕਾਂ ਦੀਆਂ ਮੌਜਾਂ ਵੇਖ ਕੇ ਖਿੱਝ ਜਾਂਦਾ ਸੀ ਮੈਂ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਸੂਰ ਹੈ ਸਾਡਾ। ਪੜ੍ਹ ਲਿਖ ਕੇ ਵੀ ਨੌਕਰੀ ਨਾ ਮਿਲੇ ਤਾਂ ਕਿਸ ਖੂਹ ਵਿੱਚ ਛਾਲ ਮਾਰੇ ਬੰਦਾ।

ਮੇਰੇ ਲਈ ਸਰਕਾਰੀ ਨੌਕਰੀ ਕਰਦੀ ਕੁੜੀ ਲੱਭੀ ਸੀ ਘਰਦਿਆਂ।

ਬਾਪੂ ਦੀ ਉਹੀ ਪੜ੍ਹੀ ਲਿਖੀ ਨੂੰਹ ਆਪਣੀ ਪੰਜਾਹ ਹਜ਼ਾਰ ਤਨਖਾਹ ਦਾ ਜ਼ਿਕਰ ਪੰਜਾਹ ਵਾਰੀ ਕਰਦੀ ਹੈ ਦਿਹਾੜੀ 'ਚ।

ਵਿਆਹ ਤੋਂ ਤਿੰਨ ਸਾਲਾਂ ਬਾਅਦ ਨੌਕਰੀ ਮਿਲੀ ਸੀ ਮੈਨੂੰ।

ਮਨਰੂਪ ਮੈਥੋਂ ਵੱਧ ਕਮਾਉਣ ਦਾ ਮਿਹਣਾ ਦਿੰਦਾ। ਪਰ ਕੀ ਕਰਦਾ ਮੈਂ। ਬਸ ਖਿੱਝ ਲੈਂਦਾ। ਕਿਸਮਤ ਨੂੰ ਕੋਸ ਲੈਂਦਾ।

"ਬੰਦੇ ਬਣਾ ਕੇ ਰੱਖ 'ਤਾ ਤੁਹਾਨੂੰ। ਜਦ ਮੈਂ ਵਿਆਹੀ ਆਈ ਸੀ ਨਾ ਬਾਥਰੂਮ ਨੂੰ ਦਰਵਾਜ਼ਾ ਵੀ ਨਹੀਂ ਸੀ ਹੁੰਦਾ। ਪਰਦੇ ਤਾਣ-ਤਾਣ ਨਹਾਉਂਦਾ ਸੀ ਸਾਰਾ ਟੱਬਰ। ਇਹ ਤਾਂ ਮੇਰੇ ਹੀ ਕੰਮ ਨੇ...। ਕੋਠੀ ਵੱਲ ਝਾਤੀ ਮਾਰੋ। ਆਹ ਡਾਇਨਿੰਗ ਟੇਬਲ ਦੇਖਿਆ...ਮਹਾਰਾਜਾ ਡਿਜ਼ਾਇਨ ਆਖਦੇ ਇਹਨੂੰ। ਨਾਮ ਸੁਣਿਆ ਸੀ ਕਦੀ? ਜਵਾਕ ਤੁਹਾਡੇ ਸ਼ਹਿਰ ਦੇ ਸਭ ਤੋਂ ਮਹਿੰਗੇ ਸਕੂਲ 'ਚ ਪੜ੍ਹਦੇ। ਬਾਪੂ ਥੋਡਾ ਠਰੂ-ਠਰੂ ਕਰਦਾ ਫਿਰਦਾ ਹੁੰਦਾ ਸੀ ਸਿਆਲਾਂ 'ਚ। ਅੱਜ ਕੱਲ੍ਹ ਬਰੈਂਡਡ ਕੋਟ ਪਾ ਕੇ ਨਿਕਲਦਾ ਘਰ ਤੋਂ। ਹੋਰ ਦੱਸੋ? ਚਾਹੀਦਾ ਕੀ ਏ ਤੁਹਾਨੂੰ?"

ਕਦੀ-ਕਦੀ ਪੱਛੜੇ ਹੋਣ ਦਾ ਅਹਿਸਸ ਕਰਾਉਣ ਲੱਗਦੀ ਹੈ ਮਨਰੂਪ। ਜਿਵੇਂ ਉਸ ਦਿਨ ਸਟਾਫ਼ ਰੂਮ ਵਿੱਚ ਹੋਇਆ ਸੀ।

ਅੱਧੀ ਛੁੱਟੀ ਦਾ ਵੇਲਾ ਸੀ। ਅਸੀਂ ਸਟਾਫ਼ ਰੂਮ ਵਿੱਚ ਬੈਠੇ ਗੱਲਾਂ ਕਰ ਰਹੇ ਸਾਂ। ਹਿੰਦੀ ਵਾਲਾ ਜੋਗਿੰਦਰ ਸਿਹੁੰ ਬਹੁਤ ਖ਼ੁਸ਼ ਸੀ ਉਸ ਦਿਨ। ਕੱਲ੍ਹ ਹੀ ਉਸਦੀ ਮੇਨ ਰੋਡ ਨਾਲ ਲੱਗਦੀ ਜ਼ਮੀਨ ਦੀ ਰਜਿਸਟਰੀ ਹੋਈ ਸੀ। ਇੱਕ ਕਰੋੜ ਨੂੰ ਵਿਕੇ ਇੱਕ ਕਿੱਲੇ ਦਾ ਅਸਰ ਉਸਦੀਆਂ ਗੱਲਾਂ ਵਿੱਚੋਂ ਸਾਫ਼ ਦਿੱਸ ਰਿਹਾ ਸੀ।

"ਤਰੱਕੀ ਹੋ ਗਈ ਬਈ ਪੰਜਾਬ ਦੀ। ਮਾਰ ਕਿੱਡੇ-ਕਿੱਡੇ ਮਾਅਲ਼ ਖੁੱਲ੍ਹ ਗਏ ਸਾਰੇ ਪਾਸੇ। ਵੱਡੇ-ਵੱਡੇ ਹੋਟਲ, ਵੱਡੀਆਂ-ਵੱਡੀਆਂ ਇਮਾਰਤਾਂ..ਹੁਣ ਤਾਂ ਪੰਜਾਬ ਵੀ ਅਮਰੀਕਾ ਕੈਨੇਡਾ ਬਣ ਗਿਆ।"

ਮੈਥੋਂ ਰਹਿ ਨਹੀਂ ਸੀ ਹੋਇਆ ਸੁਣ ਕੇ।

"ਸਰ ਜੀ! ਤੁਸੀਂ ਤਾਂ ਵੱਟ ਕੇ ਦੋ ਕਰੋੜ ਪਾ ਲਿਆ ਜੇਬ 'ਚ। ਇਸੇ ਲਈ ਤੁਹਾਨੂੰ ਪੰਜਾਬ ਦਿੱਸਦਾ ਅਮਰੀਕਾ ਕੈਨੇਡਾ। ਅਸੀਂ ਗਿਣ ਲੈਂਦੇ ਨੋਟ ਚੜ੍ਹੇ ਮਹੀਨੇ ਥੁੱਕ ਲਗਾ ਕੇ। ਬਾਹਰ ਪੜ੍ਹੇ ਲਿਖੇ ਮੁੰਡੇ ਕਿੱਦਾਂ ਵਿਹਲੇ ਤੁਰੇ ਫਿਰਦੇ, ਕਦੀ ਸੋਚਿਆ ਕਿਸੇ। ਆਹ ਤਰੱਕੀ ਕੀਤੀ ਤੁਹਾਡੇ ਪੰਜਾਬ ਨੇ? ਨੌਜਵਾਨਾਂ ਨੂੰ ਦੇਣ ਜੋਗਾ ਥੋਡੇ ਪੰਜਾਬ ਕੋਲ ਰੁਜ਼ਗਾਰ ਹੈ ਨ੍ਹੀਂ...।"

ਮੇਰੀ ਗੱਲ ਅਜੇ ਪੂਰੀ ਨਹੀਂ ਸੀ ਹੋਈ ਕਿ ਮੈਥ ਵਾਲਾ ਪੁਰੀ ਵਿਚਾਲੇ ਬੋਲ ਪਿਆ।

"ਯਾਰ ਅਮਰਜੀਤ! ਸੱਚ ਨੇ ਤੇਰੀਆਂ ਗੱਲਾਂ। ਪਰ ਹੁਣ ਅਸੀਂ ਫੜ੍ਹਾ ਆਈਏ

ਆਪਣੀਆਂ ਤਨਖਾਹਾਂ ਉਨ੍ਹਾਂ ਬੇਰੁਜ਼ਗਾਰਾਂ ਨੂੰ? ਸਾਨੂੰ ਦੱਸ ਕੀ ਲੱਗੇ। ਇਹ ਮਸਲੇ ਸਰਕਾਰਾਂ ਦੇ ਸੋਚਣ ਵਾਲੇ ਨੇ ਨਿੱਕੇ ਵੀਰ।"

"ਪਰ ਕਸੂਰ ਉਨ੍ਹਾਂ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦਾ ਵੀ ਕੀ ਏ? ਸਰਕਾਰਾਂ ਕੋਲ ਰੋਜ਼ਗਾਰ ਹੈ ਨ੍ਹੀਂ। ਜਾ ਕੇ ਪਿੰਡਾਂ 'ਚ ਝਾਤੀ ਮਾਰੋ। ਉਨੇ ਨਸ਼ੇ ਵੇਚਣ ਵਾਲੇ ਤੇ ਉਨੇ ਨਸ਼ੇ ਕਰਨ ਵਾਲੇ। ਇੱਕ ਜੱਟ ਦੀ ਜ਼ਮੀਨ ਜੇ ਮਹਿੰਗੇ ਮੁੱਲ ਵਿੱਕ ਗਈ, ਉਹ ਲਲਕਾਰੇ ਮਾਰਦਾ ਫਿਰਦਾ। ਬਾਕੀ ਜਿਹੜੇ ਫਾਹੇ ਲੈ-ਲੈ ਮਰਦੇ ਨੇ; ਉਹਨਾਂ ਦਾ ਦੁੱਖ ਜਾਣਦਾ ਕੋਈ? ਤੁਹਾਡੇ ਬੀਜੇ ਆਲੂ ਸੜਕਾਂ 'ਤੇ ਰੁਲਦੇ ਨੇ..ਮੁੜਕੇ ਉਨ੍ਹਾਂ ਦਾ ਬਣਿਆ ਚਿਪਸ ਕਿਸ ਭਾਅ ਵਿਕਦਾ ਪਤਾ? ਹਰੇਕ ਵਰਤਾਰੇ ਨੂੰ ਸਮਝਣ ਲਈ ਇੱਕ ਵੱਖਰੇ ਵਿਜ਼ਨ ਦੀ ਜ਼ਰੂਰਤ ਹੁੰਦੀ।"

...ਤੇ ਜਦ ਨੂੰ ਘੰਟੀ ਹੋ ਗਈ। ਸਾਰੇ ਜਾਣੇ ਉੱਠ ਖਲੋਤੇ।

"ਬਈ ਅਮਰਜੀਤ, ਆਹ ਬੈਕਵਰਡ ਜਿਹੀਆਂ ਗੱਲਾਂ ਨਾ ਕਰਿਆ ਕਰ। ਇੱਥੇ ਤਾਂ ਇਹੋ ਹਾਲ ਰਹਿਣਾ। ਜਾ ਚੱਲ ਕੇ ਸਮਾਜ ਸ਼ਾਸਤਰ ਸਿਖਾ ਨਿਆਣਿਆਂ ਨੂੰ।"

ਮੇਰੀਆਂ ਸਿੱਧ-ਪੱਧਰੀਆਂ ਗੱਲਾਂ ਸਮਝ ਨਹੀਂ ਆਉਂਦੀਆਂ ਕਿਸੇ ਦੇ। ਪਾਗਲ ਸਮਝਦੇ ਨੇ ਮੈਨੂੰ ਸਾਰੇ। ਇਹੀ ਤਾਂ ਹੱਦ ਹੈ ਸਿਤਮ ਦੀ। ਆਪਣੀ ਹਾਰ ਨੂੰ ਜਿੱਤ ਸਮਝੀ ਬੈਠਾ ਹੈ ਬੰਦਾ।

*****

ਮਨਰੂਪ ਘਰ ਨੂੰ ਮੁੜ ਗਈ ਹੈ। ਮੈਂ ਸੋਚਾਂ ਵਿੱਚੋਂ ਬਾਹਰ ਆਉਂਦਾ ਹਾਂ। ਬਹੁਤ ਕੋਸ਼ਿਸ਼ ਕਰਦਾ ਹਾਂ ਇਹਨਾਂ ਸੋਚਾਂ ਵਿੱਚ ਉਲਝਣ ਤੋਂ ਬਚਣ ਦੀ। ਪਰ...ਹਮੇਸ਼ਾ ਅਸਫ਼ਲ ਰਹਿੰਦਾ ਹਾਂ। ਕਿੰਨਾ ਕੁਝ ਹੈ ਜੋ ਮੇਰੀ ਸੋਚ ਦੇ ਮੇਚ ਦਾ ਨਹੀਂ ਹੈ।...ਜਾਂ ਫਿਰ ਮੈਂ ਮੇਚ ਦਾ ਨਹੀਂ ਇਸ ਸਭ ਕਾਸੇ ਦੇ। ਇਸੇ ਲਈ ਮਨਰੂਪ ਪੱਛੜਿਆ ਦੱਸਦੀ ਹੈ ਮੈਨੂੰ। ਜਿਨ੍ਹੇ ਬਸ ਸਾਰੀ ਉਮਰ ਕਿਤਾਬਾਂ ਪੜ੍ਹ ਛੱਡੀਆਂ ਤੇ ਕਿਤਾਬੀ ਗੱਲਾਂ ਨੂੰ ਅਸਲੀ ਜ਼ਿੰਦਗੀ 'ਤੇ ਲਾਗੂ ਕਰਨ ਦੀ ਨਾਕਾਮ ਕੋਸ਼ਿਸ਼ ਕਰਦਾ ਰਿਹਾ।

ਪਰ ਹਕੀਕਤ ਤੇ ਫਲਸਫ਼ਿਆਂ ਦਰਮਿਆਨ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ।

ਇਹੀ ਫ਼ਰਕ 'ਵੁੱਡ ਬਲਾਸਮ ਪਬਲਿਕ ਸਕੂਲ' ਦੇ ਪ੍ਰਿਸੀਪਲ ਵੀ. ਕੇ. ਸ਼ਰਮਾ ਨੇ ਸਮਝਾਉਣਾ ਚਾਹਿਆ ਸੀ ਮੈਨੂੰ। ਪਹਿਲਾ ਸਕੂਲ ਸੀ ਉਹ ਮੇਰਾ। ਉਥੇ ਹੁੰਦਾ ਬੱਚਿਆਂ ਦਾ ਆਰਥਿਕ ਸ਼ੋਸ਼ਣ ਸਹਿਣ ਨਹੀਂ ਸੀ ਹੁੰਦਾ ਮੈਥੋਂ। ਮੈਂ ਬਾਕੀ ਸਟਾਫ਼ ਕੋਲ਼ੇ ਇਸ ਬਾਰੇ ਗੱਲਾਂ ਕਰਦਾ। ਕਿਸੇ ਉਹੀ ਗੱਲਾਂ ਸ਼ਰਮਾ ਸਾਬ੍ਹ ਨੂੰ ਅੱਗੇ ਜਾ ਦੁਹਰਾਈਆਂ। ਸ਼ਰਮਾ ਸਾਬ੍ਹ ਨੇ ਮੈਨੂੰ ਆਫ਼ਿਸ ਬੁਲਾ ਲਿਆ। ਆਪਣੀਆਂ ਹੀ ਕਹੀਆਂ ਗੱਲਾਂ ਮੈਂ ਸ਼ਰਮਾ ਸਾਬ੍ਹ ਨੂੰ ਅਰਥ ਕਰ-ਕਰ ਸਮਝਾਉਣ ਲੱਗਾ। ਪਰ ਮੇਰੀ ਕੋਈ ਗੱਲ ਪਸੰਦ ਨਹੀਂ ਸੀ ਆਈ ਸ਼ਰਮਾ ਸਾਬ੍ਹ ਦੇ।

"ਅਮਰਜੀਤ ਜੀ! ਜ਼ਿੰਦਗੀ ਇਹਨੂੰ ਨਹੀਂ ਕਹਿੰਦੇ ਮੇਰੇ ਖਿਆਲ ਨਾਲ ਜ਼ਿੰਦਗੀ ਦੀਆਂ ਤਲਖ਼ੀਆਂ ਨਾਲ ਅਜੇ ਵਾਹ ਨਹੀਂ ਪਿਆ ਤੁਹਾਡਾ। ਬਿਜ਼ਨੈਸ ਤੇ ਇਮੋਸ਼ਨਜ਼ ਦੋ ਅਲੱਗ-ਅਲੱਗ ਗੱਲਾਂ ਨੇ...।"

...ਤੇ ਕੁਝ ਦਿਨਾਂ ਬਾਅਦ ਨਿਮਰਤਾ ਸਹਿਤ ਮੈਨੂੰ ਸਕੂਲ ਛੱਡ ਜਾਣ ਨੂੰ ਕਹਿ ਦਿੱਤਾ ਗਿਆ ਸੀ।

ਸਿਆਣਪ ਵੀ ਸ਼ਰਾਪ ਬਣ ਜਾਂਦੀ ਹੈ ਕਦੇ-ਕਦੇ।

"ਅੱਜ ਦੇ ਯੁੱਗ ਵਿੱਚ ਪ੍ਰੇਸ਼ਾਨ ਉਹੀ ਹੈ ਜਿਸਦੀ ਸੋਚ ਜਿਊਂਦੀ ਹੈ। ਜਿਹੜਾ ਹਰ ਪਾਸਿਉਂ ਅੱਖਾਂ ਮੀਚੀ ਰੱਖਦਾ ਉਹਨੂੰ ਕਾਹਦੀ ਚਿੰਤਾ।"



ਪੰਜਾਬੀ ਵਾਲਾ ਪ੍ਰੋਫੈਸਰ ਵਿਰਕ ਆਖਿਆ ਕਰਦਾ ਸੀ।

ਮੈਂ ਸੋਚਦਾ... ਜੰਮ ਕੇ, ਅੰਨ ਖਰਾਬ ਕਰਕੇ ਮਰ ਜਾਣਾ ਹੀ ਜ਼ਿੰਦਗੀ ਨਹੀਂ। ਸ਼ਾਇਦ ਇਸੇ ਲਈ ਤੰਗ ਹਾਂ ਮੈਂ ਸਭ ਕਾਸੇ ਤੋਂ।

ਇਸੇ ਲਈ ਪੱਛੜਿਆਂ ਹਾਂ ਮੈਂ ਕਿਉਂਕਿ ਮੈਥੋਂ ਦੌੜਿਆ ਨਹੀਂ ਜਾਂਦਾ ਇਸ ਅੰਨ੍ਹੀ ਦੌੜ ਵਿੱਚ। ਸਟਾਰਇੰਗ ਪੁਆਇੰਟ 'ਤੇ ਖੜ੍ਹਾ ਹਫ਼ ਰਿਹਾ ਹਾਂ। ਪਰ ਦੌੜਨ ਜੋਗੀ ਤਾਕਤ ਨਹੀਂ ਹੈ ਲੱਤਾਂ ਵਿੱਚ।

"ਸਰਦਾਰ ਜੀ ਦੁਨੀਆ ਚੰਨ 'ਤੇ ਪਹੁੰਚੀ ਫਿਰਦੀ। ਤੁਸੀਂ ਭਾਲਦੇ ਕੀ ਪਏ ਹੋ, ਮੈਨੂੰ ਤਾਂ ਅਜੇ ਤੀਕ ਇਹ ਸਮਝ ਨਹੀਂ ਆਈ। ਮਾਡਰਨ ਯੁੱਗ ਏ। ਥਿੰਕ ਬਿੱਗ ਥਿੰਕ ਬੈਟਰ।"

ਮਨਰੂਪ ਵੱਡਾ ਸੋਚਣ ਲਈ ਆਖਦੀ ਹੈ।

ਪਰ ਮੇਰੀਆਂ ਸੋਚਾਂ ਤਾਂ ਆਣ ਮੁਕਦੀਆਂ ਨੇ ਬਸ ਇੱਕੋ ਹੀ ਥਾਂ 'ਤੇ।

'ਬੰਦੇ ਅੰਦਰ ਬੰਦਿਆਈ ਜਿਉਂਦੀ ਰਹਿਣੀ ਚਾਹੀਦੀ ਹੈ।'

ਪਰ ਬੰਦੇ ਅੰਦਰੋਂ ਉਸਦੀ ਬੰਦਿਆਈ ਹੀ ਤਾਂ ਮੁਕਾ ਰਿਹਾ ਹੈ ਇਹ ਯੁੱਗ।

"ਇਹ ਸੋਚੀ ਸਮਝੀ ਸਾਜਿਸ਼ ਹੈ। ਤੁਹਾਡੇ ਕੋਲੋਂ ਤੁਹਾਡੀ ਪਹਿਚਾਣ ਤੇ ਜ਼ੁਬਾਨ ਖੋਹ ਲੈਣ ਦੀ।"

ਮਾਤ ਭਾਸ਼ਾ ਦਿਵਸ 'ਤੇ ਜਨਵਾਦੀ ਸੰਘ ਵਾਲਾ ਅਸੀਮ ਬੋਲ ਰਿਹਾ ਸੀ।

ਮੇਰੇ ਸਾਹਮਣੇ ਮਨਰੂਪ ਖੜੀ ਸੀ।

ਹਿਟਲਰ ਵਾਂਗ। ਅੱਖਾਂ ਕੱਢਦੀ।

"ਪੰਜਾਬੀ ਬੋਲਣੀ ਸਖਤ ਮਨ੍ਹਾ ਹੈ" ਦਾ ਫੁਰਮਾਨ ਜਾਰੀ ਕਰਦੀ।

ਬੱਚਿਆਂ ਨੂੰ ਇਸ ਯੁੱਗ ਦੇ 'ਹਾਣੀ' ਬਣਾਉਣ ਲਈ, ਉਸਨੇ ਅੰਗਰੇਜ਼ੀ ਬੋਲਣੀ ਲਾਜ਼ਮੀ ਕੀਤੀ ਹੈ। ਬੱਚਿਆਂ ਨੂੰ ਪੰਜਾਬੀ ਬੋਲਦਿਆਂ ਸੁਣ ਕੇ ਚਿਹਰਾ ਤਣ ਜਾਂਦਾ ਹੈ ਉਸਦਾ। ਉਹ ਵੀ ਉਸੇ ਹੀ ਸਾਜ਼ਿਸ਼ ਦਾ ਹਿੱਸਾ ਲੱਗਣ ਲੱਗਦੀ ਹੈ ਮੈਨੂੰ।

"ਤੁਸੀਂ ਆਪਣੀ ਆਹ ਸ਼ੁਧ ਪੰਜਾਬੀ, ਆਪਣੇ ਕੋਲ ਰੱਖੋ ਸੰਭਾਲ ਕੇ। ਪਤਾ ਨਹੀਂ ਕਿੱਥੋਂ-ਕਿੱਥੋਂ ਸ਼ਬਦ ਕੱਢਦੇ। ਬੱਚੇ ਨਾ ਵਿਗਾੜੋ ।"

ਮੇਰਾ ਪੰਜਾਬੀ ਬੋਲਣਾ 'ਬੱਚੇ ਵਿਗਾੜਨਾ' ਲੱਗਦਾ ਹੈ ਉਸ ਨੂੰ।

"ਤੂੰ ਰਸੂਲ ਹਮਜ਼ਾਤੋਵ ਪੜ੍ਹਿਆ। ਉਹ ਮਾਂ ਬੋਲੀ ਭੁੱਲ ਜਾਣ ਨੂੰ ਸਭ ਤੋਂ ਵੱਡੀ ਬਦਅਸੀਸ ਸਮਝਦਾ...।"

ਸਾਡੀ ਬਹੁਤ ਬਹਿਸ ਹੁੰਦੀ ਹੈ ਇਸ ਗੱਲ ਤੋਂ।

ਪਰ ਮਨਰੂਪ ਨੂੰ ਮੇਰੀਆਂ ਗੱਲਾ ਫ਼ਾਲਤੂ ਲੱਗਦੀਆਂ ਨੇ।

ਜਿਵੇਂ ਪੂਰੇ ਸਟਾਫ਼ ਨੂੰ ਮੇਰਾ ਕਿੰਨਾ ਕੁਝ ਫ਼ਾਲਤੂ ਲੱਗਦਾ।

ਸਾਡੇ ਸਕੂਲ ਵਿੱਚ ਇੱਕ ਬੱਚੇ ਦੇ ਬਾਪ ਨੂੰ ਕੈਂਸਰ ਸੀ। ਮੰਜੇ 'ਤੇ ਪਿਆ ਸੀ ਉਹ ਵਿਚਾਰਾ। ਘਰ ਦੀ ਤਾਣੀ ਉਲਝੀ ਪਈ ਸੀ। ਕਿਸੇ ਡੰਗ ਰੋਟੀ ਪੱਕਦੀ, ਕਦੇ ਸਾਰੇ ਭੁੱਖੇ ਢਿੱਡ ਸੌਂ ਜਾਂਦੇ। ਮੈਥੋਂ ਰਹਿ ਨਹੀਂ ਸੀ ਹੋਇਆ ਸੁਣ ਕੇ। ਮੈਂ ਉਸ ਬੱਚੇ ਨਾਲ, ਘਰ ਚਲਾ ਗਿਆ ਸੀ ਉਸਦੇ।...ਤੇ ਮੁੜਦੇ ਹੋਏ ਥੋੜ੍ਹੇ ਪੈਸੇ ਵੀ ਦੇ ਆਇਆ ਸੀ। ਜਦ ਬਾਕੀ ਸਟਾਫ਼ ਨੂੰ ਇਹ ਗੱਲ ਪਤਾ ਲੱਗੀ , ਸਭ ਮਜ਼ਾਕ ਕਰਨ ਲੱਗੇ ਸੀ ਮੈਨੂੰ। ਸਭ ਨੂੰ ਲੱਗਦਾ ਜਿਵੇਂ ਮੈਂ ਫ਼ਾਲਤੂ ਦੇ ਕੰਮ ਕਰਦਾ ਫਿਰਦਾ ਹੋਵਾਂ। ਸਾਰੇ ਸੰਸਾਰ ਦੀ ਫ਼ਿਕਰ ਬਸ ਮੈਨੂੰ ਹੀ ਹੋਵੇ।

"ਓਏ, ਕੀ ਪਤਾ ਕਿਧਰੇ ਆਪਣੇ ਅਮਰਜੀਤ ਵਰਗਿਆਂ ਹੀ ਬੇਨਤੀ ਪੱਤਰ ਭੇਜਿਆ ਹੋਵੇ ਸਰਕਾਰ ਨੂੰ ਬਈ ਬਹੁਤੇ ਜਵਾਕਾਂ ਦੇ ਘਰਾਂ 'ਚ ਰੋਟੀ ਨ੍ਹੀਂ ਪੱਕਦੀ। ਵਿਚਾਰੇ ਭੁੱਖੇ ਆਉਂਦੇ ਨੇ ਘਰ ਤੋਂ। ਸੋਚੋ ਕੁਝ...। ਅਮਰਜੀਤ ਵਰਗੇ ਸਿਆਣੇ ਬੰਦੇ ਹੀ ਬਣਾ ਸਕਦੇ ਨੇ ਐਸੀਆਂ ਸਕੀਮਾਂ।"

ਹੁਣ ਜਦ ਦੁਪਹਿਰ ਦੇ ਖਾਣੇ ਦੀ ਗੱਲ ਚੱਲਦੀ ਹੈ, ਸਾਰੇ ਮੇਰੀ ਉਸ ਗੱਲ ਨੂੰ ਇਸ ਸਕੀਮ ਨਾਲ ਜੋੜ-ਜੋੜ ਕੇ ਮਜ਼ਾਕ ਉਡਾਉਂਦੇ ਨੇ ਮੇਰਾ।

ਹੈਰਾਨ ਹੁੰਦਾ ਹਾਂ ਮੈਂ ਉਹਨਾਂ ਦੀ ਸੋਚ 'ਤੇ।

"ਐਸੇ ਲੋਕ ਤਾਂ ਮਰੇ ਹੋਏ ਸਾਹ ਲੈਂਦੇ ਨੇ..."।

ਮੈਂ ਮਨ ਵਿੱਚ ਸੋਚਦਾ ਹਾਂ। ਇਸੇ ਲਈ ਬਹੁਤੀ ਗੱਲਬਾਤ ਨਹੀਂ ਕਰਦਾ ਮੈਂ ਕਿਸੇ ਨਾਲ।

"ਇਕ ਚੁੱਪ ਤੇ ਸੌ ਸੁੱਖ" ਵਾਲੀ ਨੀਤੀ ਅਪਨਾਈ ਬੈਠਾ ਹਾਂ ਮੈਂ। ਮਨਰੂਪ ਹੱਸਦੀ ਹੈ ਇਸ ਗੱਲ 'ਤੇ।

"ਇੰਨੀ ਬੋਰਿੰਗ ਲਾਈਫ। ਸਾਰਾ ਦਿਨ ਹੂੰ ਨਾ ਹਾਂ। ਕਿਸੇ ਕੋਲ ਜਾਣਾ ਬੈਠਣਾ ਹੀ ਨਹੀਂ ਤਾਂ ਫੇਸਬੁੱਕ ਹੀ ਚਲਾ ਲਿਆ ਕਰੋ। ਸਾਰਾ ਦਿਨ ਅੰਦਰ ਵੜੇ ਰਹਿੰਦੇ ਜੇ..."।

ਦੋਸਤ ਬਣਾਉਣ ਦਾ ਨਵਾਂ ਫਾਰਮੂਲਾ ਦੱਸਦੀ ਹੈ ਉਹ।

ਦੋ-ਦੋ ਘੰਟੇ ਕੰਪਿਊਟਰ ਅੱਗੇ ਬੈਠੀ ਟਿਕ ਟਿਕ ਕਰਦੀ ਰਹਿੰਦੀ ਹੈ। ਇਕ ਦਿਨ ਮੇਰਾ ਵੀ ਅਕਾਊਂਟ ਖੋਲ੍ਹਣ ਦੀ ਗੱਲ ਕਰ ਰਹੀ ਸੀ। ਮੈਂ ਮਨ੍ਹਾਂ ਕਰ ਦਿੱਤਾ।

"ਮੈਂ ਨਹੀਂ ਮਾਰਦਾ ਇਉਂ ਭਕਾਈ। ਜਿਸਨੂੰ ਜਾਣਦੇ ਨਹੀਂ ਉਸ ਨਾਲ ਲੱਗੇ ਰਹੋ। ਅੱਗੇ ਪਤਾ ਨਹੀਂ ਹੈ ਕੌਣ। ਐਵੇਂ ਫੇਕ ਅਕਾਊਂਟ ਖੋਲ੍ਹੀ ਬੈਠੇ ਲੋਕ"।

ਪਰ ਉਹ ਬਹੁਤ ਖੁਸ਼ ਹੈ ਇਸ ਨਵੇਂ ਰੁਝੇਵੇਂ ਨਾਲ। ਨਿੱਤ ਸ਼ਾਮ ਨੂੰ, ਸ਼ਰਾਬੀਆਂ ਵਾਂਗ ਫੇਸਬੁੱਕ ਖੋਲ੍ਹਣ ਦੀ ਤਲਬ ਜਾਗ ਉੱਠਦੀ ਹੈ ਉਸਦੀ।

ਤਿੰਨ-ਤਿੰਨ ਸੌ ਕਿਲੋਮੀਟਰ ਦੂਰ ਬੈਠੇ ਲੋਕਾਂ ਨੂੰ ਦੋਸਤ ਬਣਾਈ ਬੈਠੀ ਹੈ।...ਤੇ ਨਵਾਂ ਨਾਮ ਦਿੰਦੀ ਹੈ ਇਸ ਦੋਸਤੀ ਨੂੰ। "ਫੇਸਬੁੱਕ ਫਰੈਂਡ"।

ਮੈਨੂੰ ਸਟੇਟਸ ਦਿਖਾਉਂਦੀ ਹੈ ਕਈ ਵਾਰ।

"ਆਹ ਦੇਖੋ। ਆਹ ਮੁੰਡਾ ਕਿੰਨਾ ਸੋਹਣਾ ਲਿਖਦਾ। ਵਾਰਤਕ ਵੇਖੋ ਇਹਦੀ। ਸਕੂਲਿੰਗ ਕਮਪਲੀਟ ਨਹੀਂ ਕੀਤੀ ਇਹਨੇ। ਪਰ ਲੈਂਗੁਏਜ਼ 'ਤੇ ਕਮਾਂਡ ਦੇਖੋ।"

ਖਿਝਣ ਲੱਗਦਾ ਹਾਂ ਮੈਂ ਐਸੀਆਂ ਗੱਲਾਂ ਤੋਂ।

ਅਜੀਬ ਜਿਹਾ ਆਭਾ-ਮੰਡਲ ਸਿਰਜੀ ਬੈਠਾ ਹੈ ਬੰਦਾ ਆਪਣੇ ਦੁਆਲੇ।

"ਅੱਜ ਦੇ ਜ਼ਮਾਨੇ 'ਚ ਜੇ ਕੰਪਿਊਟਰ ਓਪਰੇਟ ਕਰਨਾ ਨਹੀਂ ਆਉਂਦਾ ਤਾਂ ਸਮਝੋ ਰਹਿ ਗਏ ਤੁਸੀਂ ਪਿੱਛੇ। ਸਮੇਂ ਦੀ ਜ਼ਰੂਰਤ ਹੈ ਕੰਪਿਊਟਰ।"

"ਸਮੇਂ ਦੀ ਜ਼ਰੂਰਤ ਕੰਪਿਊਟਰ ਹੈ ਜਾਂ ਫੇਸਬੁੱਕ?"

ਮੈਂ ਅੱਗਿਓਂ ਟਕੋਰ ਕਰਦਾ ਹਾਂ।

ਇਹੋ ਜਿਹੇ ਸਵਾਲਾਂ ਦਾ ਕੋਈ ਜਵਾਬ ਨਹੀਂ ਹੁੰਦਾ ਉਸ ਕੋਲ।

ਇੱਕ ਛੱਤ ਥੱਲੇ ਰਹਿ ਕੇ ਵੀ ਪਰਿਵਾਰ ਇੱਕ ਨਹੀਂ ਰਹੇ ਅੱਜ-ਕੱਲ੍ਹ। ਅਲੱਗ-ਅਲੱਗ ਕਮਰਿਆਂ 'ਚ ਅਲੱਗ-ਅਲੱਗ ਦੁਨੀਆ। ਪਰ ਇੰਟਰਨੈਟ ਨੇ ਪੂਰੀ ਦੁਨੀਆ ਨੂੰ ਜੋੜ ਦਿੱਤਾ ਹੈ ਇੱਕ ਦੂਜੇ ਨਾਲ।



ਹੈ ਨਾ ਅਜੀਬ ਦੁਖਾਂਤ।

ਖ਼ੁਦ ਨਾਲੋਂ ਟੁਟਿਆ ਫਿਰਦਾ ਬੰਦਾ, ਬਟਨ ਦਬਾਅ ਕੇ ਦੁਨੀਆ ਨਾਲ ਜੁੜ ਜਾਂਦਾ ਹੈ।

*****

ਜ਼ਿੰਦਗੀ 'ਚੋਂ ਕਿੰਨੀਆਂ ਧੁੱਪਾਂ-ਛਾਂਵਾਂ ਮਨਫ਼ੀ ਹੋ ਗਈਆਂ ਨੇ...। ਪੋਟਿਆਂ ਉੱਤੇ ਗਿਣਤੀ ਕਰਦਾ ਹਾਂ। ਜ਼ਿੰਦਗੀ ਦੇ ਸੰਤਾਲੀ ਵਰ੍ਹੇ ਕਿਵੇਂ ਗੁਜ਼ਰ ਗਏ, ਪਤਾ ਹੀ ਨਹੀਂ ਲੱਗਿਆ। ਇਨ੍ਹਾਂ ਗੁਜ਼ਰੇ ਹੋਏ ਵਰ੍ਹਿਆਂ 'ਚ ਹੀ ਕਦੇ ਗੀਤ ਆਈ ਸੀ। ਇਸ ਜ਼ਿੰਦਗੀ ਵਿੱਚ। ਆਈ ਤੇ ਬਸ ਚਲੀ ਗਈ। ਕਾਲਜ ਟਾਈਮ ਮਿਲੇ ਸਾਂ ਅਸੀਂ। ਬਹੁਤ ਖ਼ੂਬਸੂਰਤ ਸੀ ਉਹ। ਅੱਜ-ਕੱਲ੍ਹ ਇੰਗਲੈਂਡ ਵੱਸਦੀ ਹੈ ਸ਼ਾਇਦ। ਇੱਕ ਮੁਦਤ ਹੋ ਗਈ ਮਿਲੇ ਨਹੀਂ ਅਸੀਂ। ਹੁਣ ਤਾਂ ਚੇਤਿਆਂ ਵਿਚੋਂ ਉਸਦਾ ਚਿਹਰਾ ਵੀ ਧੁੰਦਲਾ ਪੈ ਗਿਆ। ਕਦੀ ਮਨ ਵਿੱਚ ਕੁਝ ਅਹਿਸਾਸ ਪੈਦਾ ਹੋਣ ਲੱਗੇ ਸੀ ਉਸ ਲਈ। ਬਹੁਤ ਵਧੀਆ ਦੋਸਤ ਸਾਂ ਅਸੀਂ। ਮੇਰੀਆਂ 'ਸਿਆਣੀਆਂ' ਗੱਲਾਂ ਦੀ ਕਾਇਲ ਸੀ ਉਹ। ਪਰ ਬਹੁਤ ਨੇੜੇ ਹੋ ਕੇ ਵੀ ਅਹਿਸਾਸਾਂ ਨੂੰ ਕਦੇ ਸ਼ਬਦਾਂ ਵਿੱਚ ਜ਼ਾਹਰ ਕਰਨ ਦੀ ਹਿੰਮਤ ਨਹੀਂ ਸੀ ਪਈ ਮੇਰੀ।

ਆਖਿਰੀ ਮੁਲਾਕਾਤ ਸੀ ਉਹ ਸਾਡੀ।

"ਮੇਰਾ ਵੀਜ਼ਾ ਆ ਗਿਆ ਅਮਰ। ਛੱਡ ਚੱਲੀ ਹਾਂ ਮੈਂ ਤੇਰਾ ਦੇਸ। ਹਮੇਸ਼ਾ-ਹਮੇਸ਼ਾ ਲਈ।"

ਮੇਰੀਆਂ ਅੱਖਾਂ ਨਮ ਹੋ ਗਈਆਂ ਸੀ ਸੁਣ ਕੇ।

"ਦੇਸ ਨਹੀਂ ਇੰਜ ਕਹਿ ਤੈਨੂੰ ਛੱਡ ਚੱਲੀ ਹਾਂ।" ਮਸੀਂ ਬੋਲਿਆ ਸੀ ਮੈਂ।

ਗੀਤ ਦੀਆਂ ਅੱਖਾਂ ਭਰ ਆਈਆਂ।

"ਤੂੰ ਇੱਕ ਵਾਰ ਕਿਹਾ ਤਾਂ ਹੁੰਦਾ। ਕਦੀ ਨਾ ਜਾਂਦੀ ਮੈਂ।"

"...ਤਾਂ ਫਿਰ ਹੁਣ ਰੁਕ ਜਾ ਗੀਤ।"

ਮੈਂ ਸਾਰੀ ਊਰਜਾ ਇਕੱਠੀ ਕਰ ਕੇ ਹੱਥ ਫੜ੍ਹ ਲਿਆ ਸੀ ਉਸਦਾ।

"ਬੜੀ ਦੇਰ ਹੋ ਗਈ ਏ ਅਮਰ। ਇੰਨਾ ਕੋਲ ਰਹਿ ਕੇ ਵੀ ਤੂੰ ਕਦੀ ਚਿਹਰਾ ਨਾ ਪੜ੍ਹ ਸਕਿਆ ਮੇਰਾ।"

ਗੀਤ ਨਹੀਂ ਸੀ ਰੁਕੀ।

ਕਿੰਨੇ ਹੀ ਵਰ੍ਹੇ ਬੀਤ ਗਏ ਨੇ ਇਸ ਗੱਲ ਨੂੰ।

ਕਾਸ਼! ਕਿਤੇ ਚਿਹਰੇ ਪੜ੍ਹਨੇ ਵੀ ਸਿਖ ਜਾਂਦਾ ਮੈਂ।

ਉਸ ਸੱਚੀਂ-ਸੁੱਚੀਂ ਸਾਂਝ ਦੀ ਮਿੱਠੀ ਜਿਹੀ ਯਾਦ ਅੱਜ ਵੀ ਖ਼ੁਸ਼ੀ ਦਿੰਦੀ ਹੈ ਮਨ ਨੂੰ।

ਪਰ ਹੁਣ...

ਹੁਣ ਤਾਂ ਜਿਵੇਂ ਸਾਰਾ ਕੁਝ ਹੀ ਬੋਝ ਵਰਗਾ। ਅਹਿਸਾਸ ਵਰਗਾ ਕੁਝ ਵੀ ਨਹੀਂ ਹੈ ਇਸ ਵਿੱਚ।

ਰਿਸ਼ਤਿਆ ਦਾ ਭਾਰ ਸਾਰੀ ਪੂਰੀ ਜ਼ਿੰਦਗੀ ਮੋਢਿਆਂ 'ਤੇ ਚੁੱਕੀ ਫਿਰਦਾ ਹੈ ਬੰਦਾ।

ਇਹ ਹੈ ਹੋਣੀ , ਇਸ ਯੁੱਗ ਦੇ ਇਸ ਬੰਦੇ ਦੀ।

**ਦੇਖੋ ਪੰਨਾ ਨੰ : 87 'ਤੇ**

## ਪਾਕਿਸਤਾਨੀ ਲੇਖਕ ਯੂਸਫ਼ ਸਿੰਧੀ ਦੀਆਂ ਦੋ ਕਹਾਣੀਆਂ :

## ਵੰਡਾਰਾ

ਸ਼ਾਇਰ ਜਦੋਂ ਤਕ ਜਿਉਂਦਾ ਸੀ ਤੇ ਹਸਪਤਾਲ ਵਿਚ ਦਾਖ਼ਲ ਸੀ ਉਸਦੇ ਸਿਰਫ਼ ਕੁਝ ਦੋਸਤ ਹੀ ਉਸਦੀ ਦੇਖਭਾਲ ਲਈ ਉਸਦੇ ਕੋਲ ਮੌਜੂਦ ਸਨ। ਉਸਦੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਕੋਈ ਵੀ ਉਸਦੀ ਦੇਖਭਾਲ ਲਈ ਮੌਜੂਦ ਨਹੀਂ ਸੀ, ਤੇ ਕੋਈ ਹਾਲਚਾਲ ਤਕ ਪੁੱਛਣ ਨਹੀਂ ਸੀ ਆਇਆ। ਕੀ ਕੋਈ ਅੱਗੇ ਪਿੱਛੇ ਨਹੀਂ ਸੀ ? ਜੀ ਨਹੀਂ, ਉਸਦੇ ਆਪਣੇ ਸਕੇ ਵੀ ਸਨ—ਇਕ ਭੈਣ ਸੀ, ਦੋ ਭਰਾ ਸਨ, ਚਾਚੇ ਸਨ, ਮਾਮੇ ਸਨ, ਭਤੀਜੇ-ਭਤੀਜੀਆਂ ਤੇ ਮਾਸੀਆਂ ਜਾਏ ਵੀ ਸਨ। ਪਰ ਕੋਈ ਵੀ, ਇਕ ਘੜੀ ਲਈ ਹੀ ਸਹੀ, ਉਸਦੇ ਕੋਲ ਨਹੀਂ ਸੀ ਆਇਆ।

ਸ਼ਾਇਰ ਦਾ ਇਲਾਜ਼ ਵੀ ਉਸਦੇ ਦੋਸਤਾਂ-ਯਾਰਾਂ ਨੇ ਕਰਵਾਇਆ। ਕੁਝ ਖ਼ਰਚ ਇਕ ਨਾਮਵਰ ਸਰਮਾਏਦਾਰ ਨੇ ਓਟਿਆ ਸੀ। ਕਫ਼ਨ-ਦਫ਼ਨ ਦਾ ਬੰਦੋਬਸਤ ਵੀ ਦੋਸਤਾਂ ਨੇ ਕਰ ਦਿੱਤਾ ਸੀ ਤੇ ਅੰਤਮ-ਰਸਮਾਂ ਵੀ। ਪਰ ਕਿਉਂਕਿ ਆਪਣੇ, ਫੇਰ ਵੀ, ਆਪਣੇ ਹੁੰਦੇ ਨੇ—ਇਸ ਲਈ ਹਰ ਚੀਜ਼ ਦੇ ਵਾਰਸ ਸਨ। ਸ਼ਾਇਰ ਨੂੰ ਦਫ਼ਨਾ ਦਿੱਤਾ ਗਿਆ। ਹਰੇਕ ਆਪਣੀ ਮੰਜ਼ਿਲ ਵੱਲ ਰਵਾਨਾ ਹੋ ਗਿਆ। ਸ਼ਾਇਰ ਦੇ ਭਰਾ, ਭਤੀਜੇ, ਭਾਣਜੇ ਤੇ ਚਾਚੇ ਜਾਏ ਭਰਾ ਵੀ ਖਾਲੀ ਮੰਜੀ ਚੁੱਕ ਕੇ ਰਵਾਨਾ ਹੋ ਗਏ—ਪਰ ਉਹਨਾਂ ਦਾ ਮੂੰਹ ਆਪਣੇ ਘਰ ਦੀ ਬਜਾਏ ਮਰਨ ਵਾਲੇ ਦੇ ਦੋ ਕਮਰਿਆਂ ਦੇ ਮਕਾਨ ਵੱਲ ਸੀ। ਜਿੱਥੇ ਉਹ ਇਕੱਲਾ ਰਹਿੰਦਾ ਹੁੰਦਾ ਸੀ ਤੇ ਹੁਣ ਉੱਥੇ ਕੋਈ ਵੀ ਨਹੀਂ ਸੀ।

ਉਹ ਕੁੱਲ ਛੇ ਆਦਮੀ ਸਨ। ਦੋ ਭਰਾ, ਦੋ ਭਤੀਜੇ, ਇਕ ਭਾਣਜਾ ਤੇ ਇਕ ਚਚੇਰਾ ਭਰਾ। ਸ਼ਾਇਰ ਦੇ ਘਰ ਪਹੁੰਚ ਕੇ ਸ਼ਾਇਰ ਦੇ ਵੱਡੇ ਭਰਾ ਨੇ ਅੱਗੇ ਹੋ ਕੇ ਦਰਵਾਜ਼ਾ ਖੋਲ੍ਹਿਆ। ਦਰਵਾਜ਼ਾ ਸ਼ਾਇਰ ਦੇ ਬਿਮਾਰ ਜਿਸਮ ਵਾਂਗ ਕਰਾਹੁੰਦਾ ਹੋਇਆ ਖੁੱਲ੍ਹ ਗਿਆ। ਉਹ ਸਾਰੇ ਅੰਦਰ ਵੜ ਗਏ। ਉਹਨਾਂ ਅੰਦਰਲਾ ਦਰਵਾਜ਼ਾ ਖੋਲ੍ਹਿਆ।

"ਏਥੇ ਤਾਂ ਗੋਡੇ-ਗੋਡੇ ਧੂੜ ਚੜ੍ਹੀ ਹੋਈ ਏ।" ਉਹਨਾਂ ਸਭਨਾਂ ਦੀ ਚੀਕ-ਜਿਹੀ ਨਿਕਲ ਗਈ।

"ਲੱਗਦਾ ਏ ਕਈ ਵਰ੍ਹੇ ਹੋ ਗਏ ਝਾੜੂ ਦਿੱਤਿਆਂ।" ਵੱਡੇ ਭਰਾ ਨੇ ਟਿੱਪਣੀ ਕੀਤੀ।

"ਉਹ ਕਦੀ ਏਥੇ, ਕਦੀ ਓਥੇ...ਉਸਦੀ ਬੀਵੀ ਤਾਂ ਹੈ ਨਈਂ ਸੀ ਜਿਹੜੀ ਝਾੜੂ-ਪੋਚਾ ਲਾਂਵਦੀ। ਸਾਫ਼-ਸਫ਼ਾਈ ਦਾ ਖ਼ਿਆਲ ਰੱਖਦੀ।"

ਦੂਜੇ ਭਰਾ ਨੇ ਜਿਵੇਂ ਸਫ਼ਾਈ ਦਿੱਤੀ।

"ਵਾਹ ! ਕਿਆ ਟੀ.ਵੀ ਏ...ਅਹਿ ਤਾਂ ਮੈਂ ਲੈ ਜਾਨਾਂ ਆਂ।" ਅੰਦਰ ਵੜਦਾ ਹੀ ਭਾਣਜਾ ਟੀ.ਵੀ. ਵੱਲ ਅਹੁਲਿਆ। ਉਸਨੇ ਟੀ.ਵੀ. ਨੂੰ ਇੰਜ ਜੱਫਾ ਪਾ ਲਿਆ ਜਿਵੇਂ ਉਹ ਕਿਧਰੇ ਭੱਜਣ ਲੱਗਾ ਹੋਵੇ।

"ਤੂੰ ਕਿਵੇਂ ਲੈ ਜਾਨਾਂ ਏਂ ? ਤੇਰਾ ਕੀ ਹੱਕ ਬਣਦਾ ਈ ? ਉਹ ਮੇਰਾ ਚਾਚਾ ਸੀ ਤੇ ਮੇਰੇ ਪਿਓ ਦਾ ਭਰਾ...ਸੋ ਪਹਿਲਾ ਹੱਕ ਸਾਡਾ ਏ।" ਭਤੀਜੇ ਨੇ ਕਿਹਾ।

"ਹਾਂ ਪੁੱਤਰ ਅਹਿ ਟੀ.ਵੀ. ਸਾਡਾ ਹੋਇਆ...ਹੋਇਆ ਕੀ ਬਲਕਿ ਹੈ ਈ। ਉਸਦਾ ਖ਼ਿਆਲ ਵੀ ਤਾਂ ਅਸਾਂ ਈ ਰੱਖਦਾ ਸੈਂ। ਤੂੰ ਤਾਂ ਅੱਜ ਸ਼ਕਲ ਵਿਖਾਈ ਏ।" ਸ਼ਾਇਰ ਦੇ ਭਰਾ ਨੇ ਆਪਣੇ ਪੁੱਤਰ ਦੀ ਗੱਲ ਉੱਤੇ ਮੋਹਰ ਲਾ ਦਿੱਤੀ।



"ਓਹ ਮੇਰਾ ਮਾਮੂ ਸੀ...ਸਾਡੇ ਕੋਲ ਵੀ ਉਸਨੇ ਤਿੰਨ ਵਰ੍ਹੇ ਬਿਤਾਏ ਸੀ। ਟੀ.ਵੀ. ਉੱਤੇ ਮੇਰਾ ਹੱਕ ਏ।" ਭਾਣਜੇ ਨੇ ਟੀ.ਵੀ ਨੂੰ ਹੱਥੋਂ ਨਿਕਲਦਿਆਂ ਵੇਖ ਕੇ ਕਿਹਾ।

"ਵਾਹ ਓਇ ! ਤੇਰਾ ਹੱਕ ਕਿਵੇਂ ਹੋ ਗਿਆ ?" ਸ਼ਾਇਰ ਦੇ ਭਰਾ ਨੇ ਉਸਨੂੰ ਫਿਟਕਾਰ ਦਿੱਤਾ।

"ਤਿੰਨ ਵਰ੍ਹੇ ਤੁਹਾਡੇ ਕੋਲ ਰਿਹਾ ਤਾਂ ਤੁਸਾਂ ਲੋਕਾਂ ਉਸ ਉੱਤੇ ਕਿਹੜਾ ਅਹਿਸਾਨ ਕਰ ਦਿੱਤਾ ? ਸਾਰੀ ਕਮਾਈ ਵੀ ਤਾਂ ਤੁਹਾਨੂੰ ਲੋਕਾਂ ਨੂੰ ਈ ਦਿੰਦਾ ਸੀ। ਉਸਦੇ ਇਲਾਜ਼ ਉੱਤੇ ਤੁਸਾਂ ਲੋਕਾਂ ਇਕ ਧੇਲਾ ਨਈਂ ਖ਼ਰਚ ਕੀਤਾ। ਹੁਣ ਵੱਡਾ ਆਇਆ ਏ ਟੀ.ਵੀ. ਦਾ ਵਾਰਸ ਬਣਨ ਵਾਲਾ। ਏਧਰ ਆ ਜਾਨ੍ਹ ! ਚੁੱਕ ਟੀ.ਵੀ. ਨੂੰ।" ਸ਼ਾਇਰ ਦੇ ਭਰਾ ਨੇ ਭੜਕ ਕੇ ਕਿਹਾ।

"ਤੇਂ ਕਿਵੇਂ ਚੁੱਕ ਕੇ ਲੈ ਜਾਏਂਗਾ ਵਰਿਆਮਿਆਂ ! ਟੀ.ਵੀ. ਮੇਰਾ ਏ। ਮੈਂ ਵੱਡਾ ਭਰਾ ਵਾਂ ਉਸਦਾ। ਪਹਿਲਾ ਹੱਕ ਮੇਰਾ ਏ।—ਮੇਰੇ ਘਰ ਖੇਡ-ਕੁੱਦ ਕੇ ਛੋਟਾ, ਵੱਡਾ ਹੋਇਆ—ਲੱਖ ਨਖ਼ਰੇ ਉਠਾਏ ਆ ਮੈਂ ਉਸਦੇ।"

"ਵੱਡਾ ਭਰਾ ?...ਵੱਡਾ ਬਣਿਆਂ ਫਿਰਦੈ, ਵੱਡਾ ਭਰਾ—ਤੂੰ ਕਦੀ ਉਸਨੂੰ ਸਿਰ ਦਰਦ ਦੀ ਇਕ ਗੋਲੀ ਵੀ ਲੈ ਕੇ ਦਿੱਤੀ ਸੀ ? ਮੈਂ ਤਾਂ ਫੇਰ ਵੀ ਆਖ਼ਰੀ ਦਿਨਾਂ 'ਚ ਖ਼ਰਚ ਲਈ ਉਸਨੂੰ ਪੰਜਾਹ ਰੁਪਏ ਭੇਜੇ ਸੀ।" ਸ਼ਾਇਰ ਦੇ ਛੋਟੇ ਭਰਾ ਨੇ ਕਿਹਾ।

"ਛੋਟਾ ਸੀ ਤਾਂ ਉਸਦੀ ਨੱਕ ਵੀ ਤਾਂ ਮੈਂ ਈ ਸਾਫ਼ ਕਰਦਾ ਸਾਂ। ਮੈਂ ਈ ਉਸਨੂੰ ਸੰਭਾਲਦਾ ਸਾਂ। ਪਰ 'ਸ਼ਰੀ' ਹਿਸਾਬ ਨਾਲ ਤੁਹਾਨੂੰ ਸਭ ਨੂੰ ਆਪਣਾ-ਆਪਣਾ ਹਿੱਸਾ ਮਿਲੇਗਾ। ਸਾਮਾਨ ਦੇ ਵੰਡਾਰੇ ਵਿਚ ਮੇਰਾ ਹਿੱਸਾ ਤਾਂ ਅਹਿ ਟੀ.ਵੀ. ਏ। ਘਰੇ ਕਲਰ ਟੀ.ਵੀ. ਤਾਂ ਹੈ, ਪਰ ਇਕ ਬਲੈਕ ਐਂਡ ਵਾਈਟ ਵੀ ਹੋਣਾ ਚਾਹੀਦਾ ਏ। ਬਾਕੀ ਹੋਰ ਸਾਮਾਨ ਤੁਸੀਂ ਲੈ ਲਓ—ਬਿਸਤਰਾ, ਮੰਜਾ, ਕੂਲਰ ਤੇ ਕਿਤਾਬਾਂ ਵਗ਼ੈਰਾ।" ਛੋਟੇ ਭਰਾ ਨੇ ਜਿਵੇਂ ਫ਼ੈਸਲਾ ਸੁਣਾ ਦਿੱਤਾ।

"ਠੀਕ ਏ...ਤਾਂ ਫੇਰ ਅਹਿ ਹੀਟਰ ਤੇ ਕੁਰਸੀਆਂ ਮੇਰੇ ਹੋਏ।" ਵੱਡੇ ਭਰਾ ਨੇ ਫ਼ੈਸਲਾ ਮੰਨ ਲਿਆ।

"ਚਾਚਾ ! ਭਲਾ ਅਹਿ ਮੇਜ਼ ਮੈਂ ਲੈ ਲਵਾਂ...ਮੈਨੂੰ ਦੁਕਾਨ ਲਈ ਚਾਹੀਦੀ ਏ।" ਭਤੀਜੇ ਨੇ ਕਿਹਾ।

"ਹਾਂ ਲੈ-ਲਾ।"

"ਬਾਕੀ ਕੀ ਬਚਿਆ ਏ ?" ਵੱਡਾ ਭਰਾ ਪੁੱਛਦਾ ਏ।

"ਕਿਤਾਬਾਂ ਤੇ ਕੱਪੜੇ..."

"ਏਹਨਾਂ ਕੱਪੜਿਆਂ 'ਚੋਂ ਇਕ-ਇਕ ਜੋੜਾ ਵੰਡ ਲਓ। ਬਾਕੀ ਪੁਰਾਣੇ ਕੱਪੜੇ ਗਰੀਬਾਂ ਨੂੰ ਵੰਡ ਦਿਓ। ਖ਼ੁਦਾ ਉਸਨੂੰ ਅੱਗੇ ਪਲ-ਪਲ ਜੰਨਤ ਨਸੀਬ ਕਰੇ। ਹੂਰਾਂ ਦੇ ਝੁਰਮੁਟ 'ਚ ਹੋਵੇ ਵਾਸਾ—ਆਮੀਨ।"

"ਕਿਓਂ ਭਰਾ, ਐਨੇ ਅਮੀਰ ਹੋ ਗਏ ਕਿ ਗਰੀਬਾਂ ਨੂੰ ਵੰਡਦੇ ਫਿਰੀਏ ?" ਵੱਡੇ ਭਰਾ ਵਰਿਆਮ ਨੇ ਕਿਹਾ।

"ਮੁਰਦਿਆਂ ਨਾਲੋਂ ਵੱਧ ਜਿਉਂਦਿਆਂ ਨੂੰ ਲੋੜ ਏ। ਮੈਂ ਆਪਣੇ ਮਹਿਤਰ ਨੂੰ ਹਰ ਸਾਲ ਪੁਰਾਣੇ ਕੱਪੜੇ ਦੇ ਕੇ ਉਸਦੀ ਤਨਖ਼ਾਹ ਕੱਟ ਲੈਂਦਾ ਆਂ। ਤਾਂ ਉਸਨੂੰ ਦੇ ਕੇ ਪੰਜ-ਦਸ ਰੁਪਏ ਬਚਾਅ ਲਵਾਂਗਾ।" ਛੋਟਾ ਭਰਾ ਠੱਠਾ ਮਾਰ ਕੇ ਹੱਸਿਆ।

"ਇੰਜ ਨਈਂ ਹੋ ਸਕਦਾ...ਤੂੰ ਸਾਰੇ ਕੱਪੜੇ ਨਈਂ ਲੈ ਜਾ ਸਕਦਾ। ਅੱਧੇ ਮੇਰੇ ਹੋਏ। ਮੁਫ਼ਤ

'ਚ ਤਾਂ ਤੂੰ ਵੀ ਨਈਂ ਦਏਂਗਾ।" ਵੱਡੇ ਭਰਾ ਨੇ ਕਿਹਾ।

"ਮਾਮੂ! ਅਹਿ ਕਾਪੀਆਂ ਮੈਂ ਲੈ ਲਵਾਂ...ਮਾਮੂ ਦੀ ਕਿਤਾਬ ਛਪਵਾਵਾਂਗੇ।" ਭਾਣਜੇ ਨੇ ਦੋ ਕਾਪੀਆਂ ਚੁੱਕਦਿਆਂ ਹੋਇਆਂ ਕਿਹਾ।

"ਏਹਨਾਂ 'ਚ ਕੀ ਏ?"

"ਭਰਾ ਦੀ ਸ਼ਾਇਰੀ ਏ।"

"ਊਂਹ...ਮੈਨੂੰ ਦੇਅ। ਇਹਨਾਂ 'ਚ ਇਕ-ਇਕ ਨਜ਼ਮ ਇਕ-ਇਕ ਲੱਖ ਦੀ ਏ। ਕਰੋੜ ਰੁਪਏ ਇਸ ਦੀ ਕੀਮਤ ਬਣਦੀ ਏ। ਸੁਣਿਆਂ ਨਈਂ ਤੂੰ ਕਿ 'ਜਿਉਂਦਾ ਹਾਥੀ ਕੱਖ ਦਾ ਤੇ ਮੋਇਆ ਸਵਾ ਲੱਖ ਦਾ'।" ਇਹ ਕਹਿ ਕੇ ਭਤੀਜੇ ਨੇ ਕਾਪੀਆਂ ਝਪਟ ਲਈਆਂ। ਤੇ ਉਹਨਾਂ ਨੂੰ ਸਲਵਾਰ ਦੇ ਨੇਫ਼ੇ 'ਚ ਟੁੰਗ ਲਿਆ।

"ਤਾਂ ਫੇਰ ਇਹ ਕੁਝ ਕਿਤਾਬਾਂ...ਇਹ ਲੈ ਲਵਾਂ ਮੈਂ?" ਭਾਣਜੇ ਨੇ ਦੋ-ਚਾਰ ਕਿਤਾਬਾਂ ਚੁੱਕ ਲਈਆਂ।

"ਤੂੰ ਤਾਂ ਹਰ ਚੀਜ਼ ਦਾ ਵਾਰਸ ਬਣਦਾ ਏਂ...ਤੈਨੂੰ ਪਤਾ ਈ ਕਿ ਅੱਜ ਕਲ੍ਹ ਰੱਦੀ 'ਚ ਕਾਗਜ਼ ਕਿਸ ਭਾਅ ਵਿਕ ਰਿਹਾ ਏ। ਪੂਰੇ ਚੌਦਾਂ ਰੁਪਏ ਕਿੱਲੋ ਈ।"

ਵਰਿਆਮ ਨੇ ਹੱਥ ਦੇ ਇਸ਼ਾਰੇ ਨਾਲ ਹਵਾ ਵਿਚ ਚੌਦਾਂ ਵਾਹਿਆ ਕੇ ਵਿਖਾਇਆ।

"ਚੁੱਕ ਲੈ ਪੁੱਤਰ ਅਹਿ ਕਿਤਾਬਾਂ ਮੇਜ਼ ਦੇ ਨਾਲ...ਦੁਕਾਨ 'ਤੇ ਪਹੁੰਚਾ ਦੇ, ਰੱਦੀ 'ਚ ਕੰਮ ਆਉਣਗੀਆਂ।"

"ਹੋਰ ਤਾਂ ਕੋਈ ਚੀਜ਼ ਨਈਂ ਬਚੀ ਨਾ?"

"ਨਈਂ।"

"ਤਾਂ ਫੇਰ ਆਓ ਚੱਲੀਏ।"

ਉਹ ਸਾਰੇ ਬਾਹਰ ਨਿਕਲੇ ਕਿ ਭਾਣਜੇ ਦੀ ਨਜ਼ਰ ਇਕ ਪਰਫ਼ਿਊਮ ਦੀ ਸ਼ੀਸ਼ੀ 'ਤੇ ਜਾ ਅਟਕੀ—ਜਿਸ ਵਿਚ ਕੁਝ ਬੂੰਦਾ ਹਾਲੇ ਬਾਕੀ ਸਨ। ਉਹ ਝਪਟ ਕੇ ਉਸਨੂੰ ਚੁੱਕ ਲੈਂਦਾ ਹੈ। ਬਚੀਆਂ ਕੁਝ ਬੂੰਦਾਂ ਵਿਚੋਂ ਕੁਝ ਆਪਣੇ ਕੱਪੜਿਆਂ ਤੇ ਛਿੜਕਦਾ ਹੋਇਆ ਕਹਿੰਦਾ ਹੈ...:

"ਵਾਹ! ਵਾਹ! ਕਿਆ ਖ਼ੁਸ਼ਬੋਈ ਏ...ਕਿੰਨੀ ਗਰਮੀ ਏ...ਮਾਮੂ ਨੇ ਵੀ ਅੱਜ ਈ ਮਰਨਾ ਸੀ...ਹਾ-ਹਾ-ਹਾ।"

## ਮਰਦ-ਰਸੀਆਂ

ਉਹ ਬੱਤੀ ਜਗਾਉਂਦਾ ਹੈ ਤਾਂ ਉਹ ਤ੍ਰਭਕ ਕੇ ਆਪਣੇ-ਆਪ ਨੂੰ ਕੱਪੜਿਆਂ ਵਿਚ ਲਕੋਣ ਲੱਗਦੀ ਹੈ।

"ਅਹਿ ਕਿਓਂ?" ਉਹ ਪੁੱਛਦਾ ਹੈ।

"ਊਂ-ਹੂ..." ਉਹ ਬਲਬ ਵੱਲ ਇਸ਼ਾਰਾ ਕਰਦੀ ਹੈ।

"ਫੇਰ ਕੀ ਏ?"

"ਨਈਂ, ਐਂ ਨਈਂ..."

"ਤਾਂ ਫੇਰ ਕਿਸ ਤਰ੍ਹਾਂ?"



"ਬੱਤੀ ਬੁਝਾਓ।"

"ਤੇਰੇ 'ਚ ਤੇ ਮੇਰੇ 'ਚ ਕੋਈ ਫ਼ਰਕ ਏ ਕਿ?"

"ਨਈਂ..."

"ਤੂੰ ਮੇਰੀ ਬੀਵੀ ਏਂ ਤੇ ਬੀਵੀ ਸ਼ੌਹਰ ਤੋਂ ਛੁਪੀ ਹੋਈ ਤਾਂ ਹੁੰਦੀ ਨਈਂ।"

"ਸ਼ਰਮ ਆਂਦੀ ਏ।"

"ਹੁਣ ਛੱਡ ਵੀ ਸ਼ਰਮ ਨੂੰ..." ਉਹ ਉਸਨੂੰ ਆਪਣੀਆਂ ਬਾਹਾਂ ਵਿਚ ਸਮੇਟ ਲੈਂਦਾ ਹੈ, ਪਰ ਉਹ ਆਪਣੇ-ਆਪ ਨੂੰ ਛੁਡਾ ਲੈਂਦੀ ਹੈ ਤੇ ਚਾਦਰ ਨਾਲ ਸਰੀਰ ਦੇ ਹੇਠਲੇ ਹਿੱਸੇ ਢਕਣ ਦੀ ਕੋਸ਼ਿਸ਼ ਕਰਦੀ ਹੈ।

"ਉਫ਼...ਫੂਹੜ...ਜਾਹਿਲ...!!" ਉਹ ਸੋਚਦਾ ਹੈ।

"ਆ-ਵੀ...!"

"...ਪਹਿਲਾਂ ਬੱਤੀ ਬੁਝਾਓ ਫੇਰ।"

"ਬੱਤੀ ਬੁਝਾਉਣੀ ਈ ਪਏਗੀ?" ਉਹ ਸੜਦਾ-ਕੁੜ੍ਹਦਾ ਹੋਇਆ ਬੱਤੀ ਬੁਝਾ ਦਿੰਦਾ ਹੈ। ਉਹਨੂੰ ਹਨੇਰੇ ਵਿਚ ਕੋਈ ਵੀ ਚੀਜ਼ ਨਜ਼ਰ ਨਹੀਂ ਆਉਂਦੀ। ਉਹ ਹੌਲੀ-ਹੌਲੀ ਆ ਕੇ ਮੰਜੀ ਉੱਤੇ ਬੈਠ ਜਾਂਦੀ ਹੈ। ਉਹ ਉਸਨੂੰ ਬਾਹਾਂ ਵਿਚ ਜਕੜ ਕੇ ਲਿਟਾਅ ਲੈਂਦਾ ਹੈ ਤੇ ਆਪਣੇ ਬੁੱਲ੍ਹ ਉਸਦੇ ਬੁੱਲ੍ਹਾਂ ਉੱਤੇ ਰੱਖ ਦਿੰਦਾ ਹੈ। ਉਸ ਦੇ ਹੱਥ ਉਸਦੀਆਂ ਛਾਤੀਆਂ ਤੋਂ ਹੁੰਦੇ ਹੋਏ ਸਰੀਰ ਦੇ ਹੇਠਲੇ ਹਿੱਸੇ ਵੱਲ ਚਲੇ ਜਾਂਦੇ ਨੇ ਤੇ ਉੱਥੇ ਹਰਕਤ ਕਰਨ ਲੱਗ ਪੈਂਦੇ ਨੇ। ਅਚਾਨਕ ਉਸਦੇ ਹੱਥਾਂ ਨੂੰ ਕਿਸੇ ਨੇ ਝਟਕ ਕੇ ਦੂਰ ਕਰ ਦਿੱਤਾ ਹੈ।

"ਕਿਸ ਤਰ੍ਹਾਂ ਦੀਆਂ ਔਰਤਾਂ ਕੋਲ ਜਾਂਦੇ ਓ...ਆਏ ਦਿਨ ਨਵੇਂ ਨੁਸਖ਼ੇ ਸਿੱਖ ਕੇ ਆਉਂਦੇ ਓ...?" ਉਹ ਚੁੱਪ ਹੈ।

ਉਹ ਉਸਦੇ ਉਪਰ ਲੇਟ ਜਾਂਦਾ ਹੈ, ਉਸ ਦੇ ਲੱਕ ਹੇਠ ਹੱਥ ਰੱਖ ਕੇ ਉਪਰ ਚੁੱਕ ਲੈਂਦਾ ਹੈ ਤੇ ਫੇਰ ਉਸਦੇ ਨੰਗੇ ਜਿਸਮ ਉੱਤੇ ਉਂਗਲਾਂ ਫੇਰਨ ਲੱਗਦਾ ਹੈ। ਉਹ ਬਿਲਕੁਲ ਸਿੱਥਲ ਪਈ ਰਹੀ। ਉਹ ਵੀ ਆਪਣੇ ਕੰਮ ਵਿਚ ਜੁਟਿਆ ਰਿਹਾ ਤੇ ਜਿਵੇਂ ਹੀ ਆਪਣੇ ਬੁੱਲ੍ਹ ਉਸਦੇ ਬੁੱਲ੍ਹਾਂ ਉੱਤੇ ਰੱਖੇ ਤਾਂ ਉਸਨੇ ਉਸਦੇ ਮੂੰਹ ਨੂੰ ਦੋਵਾਂ ਹੱਥਾਂ ਨਾਲ ਪਰ੍ਹੇ ਧਰੀਕ ਦਿਆਂ ਕਿਹਾ, "ਪਰ੍ਹੇ ਹਟੋ...ਮੇਰਾ ਦਮ ਘੁਟਦਾ ਏ...ਊਂ-ਹੂੰ..." ਉਹ ਗੁੱਸੇ ਵੱਸ ਬੁੜਬੁੜ ਕਰਦਾ ਹੈ, "ਉਫ਼...ਜਾਹਿਲ...ਫੂਹੜ"

ਉਹ ਕੁਝ ਚਿਰ ਰੁਕ ਕੇ ਪੁੱਛਦਾ ਹੈ, "ਮਜ਼ਾ ਆ ਰਿਹਾ ਏ?"

"ਕੀ ਸਵਾਹ ਮਜ਼ਾ ਆਏਗਾ...ਸਾਰਾ ਦਿਨ ਘਰ ਦਾ ਕੰਮ ਕਾਜ ਤੇ ਬੱਚਿਆਂ ਦੀ ਦੇਖਭਾਲ ਤੇ ਰਾਤ ਨੂੰ ਤੁਹਾਡੇ ਅਹਿ ਨਖ਼ਰੇ...ਹੁਣ ਜਲਦੀ ਕਰੋ...ਜਾਨ ਛੱਡੋ।" ਉਹ ਏਨਾ ਕਹਿ ਕੇ ਉਸਨੂੰ ਦੂਰ ਧੱਕਣ ਲੱਗਦੀ ਹੈ ਤਾਂ ਉਹ ਜ਼ਿਆਦਾ ਜ਼ੋਰ ਲਾਉਂਦਾ ਹੋਇਆ ਉਸ ਨਾਲ ਚਿੰਬੜ ਜਾਂਦਾ ਹੈ।

"ਸੌਣ ਦਿਓ...ਛੱਡੋ।"

"ਬਸ ਥੋੜ੍ਹਾ ਸਬਰ ਕਰ।"

"ਨਈਂ ਬਸ ਬਹੁਤ ਹੋ ਗਿਆ...ਉੱਠੋ, ਛੱਡੋ।"

"ਇਕ ਮਿੰਟ..."

ਉਹ ਬਿਨਾਂ ਸਾਹ ਲਏ ਆਪਣਾ ਕੰਮ ਕਰੀ ਜਾਂਦਾ ਹੈ ਤੇ ਫੇਰ ਉਸ ਦੇ ਉੱਤੇ ਢਹਿ ਜਾਂਦਾ ਹੈ। ਇਸ ਖਲਾਸੀ ਤੋਂ ਬਾਅਦ ਉਸਨੂੰ ਆਪਣੀ ਜਵਾਨੀ ਵੀ ਫ਼ਜ਼ੂਲ ਮਹਿਸੂਸ ਹੁੰਦੀ ਹੈ।

***

ਉਹ ਹੌਲੀ-ਹੌਲੀ ਉਸਦੇ ਛਾਤੀਆਂ ਦੇ ਉਭਾਰਾਂ ਨੂੰ ਛੇੜਨ ਲੱਗਦਾ ਹੈ। ਉਸਦੇ ਬੁੱਲ੍ਹ ਉਸਦੇ ਚਿਹਰੇ 'ਤੇ ਸਫ਼ਰ ਕਰਦੇ, ਮੱਥੇ ਤੋਂ ਹੇਠ ਠੋਡੀ ਤਕ ਚਲੇ ਜਾਂਦੇ ਨੇ। ਉਹ ਉਸਨੂੰ ਚੁੱਕ ਕੇ ਆਪਣੇ ਉਪਰ ਲਿਟਾਅ ਲੈਂਦਾ ਹੈ। ਉਹ ਵੀ ਜਵਾਬਨ ਉਸਨੂੰ ਚੁੰਮਣ ਲੱਗ ਪੈਂਦੀ ਹੈ।

"ਬੱਤੀ ਬੁਝਾ ਦੇਈਏ ਕਿ ?" ਉਹ ਪੁੱਛਦਾ ਹੈ।

"ਕਿਓਂ ?"

"ਕੀ ਪਤਾ ਤੈਨੂੰ ਰੌਸ਼ਨੀ ਦੀ ਆਦਤ ਹੈ ਕਿ ਨਈਂ...।"

"ਵਾਹ...ਅਫ਼ਰੀਕਾ ਤੋਂ ਆਏ ਓਂ ਕਿ ?" ਏਨਾ ਕਹਿ ਕੇ ਉਹ ਹੱਸਣ ਲੱਗਦੀ ਹੈ।

"ਮੈਂ ਤਾਂ ਉਂਜ ਈ ਪੁੱਛਿਆ ਸੀ।"

ਉਹ ਫੇਰ ਆਪਣੇ ਬੁੱਲ੍ਹ ਉਸਦੀ ਠੋਡੀ ਉੱਤੇ ਰੱਖ ਦਿੰਦਾ ਹੈ। ਟਿਊਬ-ਲਾਈਟ ਦੀ ਰੌਸ਼ਨੀ ਵਿਚ ਉਸਦੇ ਹੋਂਠ ਉਪਰੋਂ ਤਿਲ੍ਹਕਦੇ ਹੋਏ, ਛਾਤੀਆਂ ਤੋਂ ਹੁੰਦੇ ਹੋਏ, ਹੇਠਾਂ ਤਕ ਚਲੇ ਜਾਂਦੇ ਨੇ।

ਉਹ ਵੀ ਜਵਾਬਨ ਇਵੇਂ ਕਰਦੀ ਹੈ।

"ਤੁਹਾਡੇ ਵਾਲ ਬੜੇ ਵੱਡੇ ਹੋ ਗਏ ਨੇ ?"

"ਬਸ...ਫ਼ੁਰਸਤ ਈ ਨਈਂ ਮਿਲਦੀ।"

"ਘਰ-ਬਾਰ ਨਈਂ ਕੋਈ ?"

"ਹੈ..."

"ਘਰ ਹੁੰਦੇ ਹੋਏ ਵੀ ਤੁਸੀਂ ਸਾਡੇ ਵਰਗੀਆਂ ਕੋਲ ਕਿਓਂ ਆਉਂਦੇ ਓਂ ?" ਉਹ ਉਸਦੀ ਵਾਲਾਂ ਭਰੀ ਛਾਤੀ ਉਪਰ ਆਪਣਾ ਗੱਲ੍ਹ ਰੱਖਦੇ ਹੋਏ ਪੁੱਛਦੀ ਹੈ। ਉਹ ਚੁੱਪ ਹੈ, ਉਸਨੂੰ ਕੋਈ ਜਵਾਬ ਨਹੀਂ ਸੁੱਝਦਾ ਤੇ ਉਹ ਚੁੱਪਚਾਪ ਉਸਦੇ ਲਿਸਲਿਸੇ ਬਦਨ ਉੱਤੇ ਹੱਥ ਫੇਰਦਾ ਰਹਿੰਦਾ ਹੈ।

"ਗੱਲ ਚੰਗੀ ਨਈਂ ਲੱਗੀ ਕਿ ?"

"ਨਈਂ, ਨਈਂ...ਬਸ ਉਂਜ ਈ।"

ਉਹ ਉੱਠ ਕੇ ਉਸਨੂੰ ਲਿਟਾਅ ਲੈਂਦਾ ਹੈ। ਸਾਹ ਧੌਂਕਣੀ ਵਾਂਗ ਚੱਲਣ ਲੱਗਦੇ ਨੇ। ਹੱਥ ਲੱਕ ਹੇਠ ਕਸੇ ਜਾਂਦੇ ਨੇ। ਜਿਸਮਾਂ ਦੀ ਗਰਮੀ ਖ਼ੂਨ ਦੇ ਗੇੜ ਨੂੰ ਤੇਜ਼ ਕਰ ਦਿੰਦੀ ਹੈ।

ਉਹ ਇਕ ਪਲ ਲਈ ਠਹਿਰ ਜਾਂਦਾ ਹੈ।

ਫੇਰ ਸਿਗਰਟ ਸੁਲਗਾਅ ਕੇ ਲੰਮਾਂ ਸੂਟਾ ਖਿੱਚਦਾ ਹੈ ਤੇ ਧੂੰਆਂ ਉਸਦੇ ਚਿਹਰੇ ਉੱਤੇ ਖਿਲਾਰ ਦਿੰਦਾ ਹੈ ਤੇ ਜਵਾਬ ਵਿਚ ਇਕ ਮੁਸਕੁਰਾਹਟ ਝਪਟ ਲੈਂਦਾ ਹੈ।

"ਬੁਰਾ ਤਾਂ ਨਈਂ ਲੱਗਿਆ ?"

"ਨਈਂ..."

ਉਹ ਇਕ ਝਟਕੇ ਨਾਲ ਉਸ ਉੱਤੇ ਲੇਟ ਜਾਂਦਾ ਹੈ।

***

ਉਹ ਕੁਰਸੀ ਉੱਤੇ ਬੈਠਾ, ਜੇਤੂਆਂ ਵਾਲੀ ਮੁਸਕਾਨ ਬੁੱਲਾਂ ਉੱਤੇ ਲਿਆ ਕੇ ਸਿਗਰਟ ਦਾ ਜ਼ੋਰਦਾਰ ਸੂਟਾ ਲਾਉਂਦਾ ਹੋਇਆ ਸੋਚਣ ਲੱਗਦਾ ਹੈ—'ਮਰਦਹਿਰਸਾਂ ਦੇ ਬਜਾਏ ਜਿਉਂਦੇ ਸੱਪਾਂ ਨਾਲ ਖੇਡਣਾ ਹੀ ਜ਼ਿੰਦਗੀ ਹੈ।'

**–ਅਨੁ: ਮਹਿੰਦਰ ਬੇਦੀ ਜੈਤੋ**



**ਕਵਿਤਾਵਾਂ**

## ਪਾਕਿਸਤਾਨੀ ਕਵਿਤਾਵਾਂ

## ਕਮਰ ਉਜ ਜ਼ਮਾਂ ਦੀਆਂ ਪੰਜ ਗ਼ਜ਼ਲਾਂ

(1)

ਚੁੱਪਾਂ ਵਿਚ ਸੁਰ ਤਾਲ ਪਏ ਨੇਂ।
ਇਸੇ ਲਈ ਤੇ ਕਾਲ਼ ਪਏ ਨੇਂ।

ਤੱਕਿਆ ਸੂ ਬੱਸ, ਗੁੱਤ ਨਹੀਂ ਖੋਲੀ,
ਸ਼ੀਸ਼ੇ ਵਿਚ ਕਿਉਂ ਵਾਲ਼ ਪਏ ਨੇਂ।

ਨੀਲੇ ਬੁਲਾ ਉਲੀਕਣ ਖ਼ਾਤਿਰ,
ਕਿਸ ਲਈ ਅੱਖਰ ਲਾਲ਼ ਪਏ ਨੇਂ।

ਡਰ ਏ ਪੰਛੀ ਉੱਡ ਨਾ ਜਾਵਣ,
ਵਹਿੜੇ ਸੱਖਣੇ ਥਾਲ ਪਏ ਨੇਂ।

ਸੁੱਖ ਆੜ੍ਹਤ ਨਹੀਂ ਪੱਲਾ ਛੱਡਿਆ,
ਥਾਂ ਥਾਂ ਭੁੱਖ ਦੇ ਟਾਲ਼ ਪਏ ਨੇਂ।

ਦੁੱਖਾਂ ਮੈਨੂੰ ਕੰਡ ਨਹੀਂ ਕੀਤੀ,
ਭੁੰਜੇ ਮੇਰੇ ਨਾਲ ਪਏ ਨੀਂ।

(2)

ਚਾਨਣ ਦੀ ਥਾਂ ਨ੍ਹੇਰ ਲਿਆ ਸੂ।
ਜੀਵਣ ਤੋਂ ਮੂੰਹ ਫੇਰ ਲਿਆ ਸੂ।

ਇਕ ਤੇ ਸਾਨੂੰ ਮੌਤ ਸੂ ਵੇਚੀ,
ਦੂਜਾ ਮੁੱਲ ਵੀ ਢੇਰ ਲਿਆ ਸੂ।

ਮੇਰਾ ਵੇਹੜਾ ਵੱਟਿਓ ਵੱਟੇ,
ਲੱਭਿਆ ਕੀ ਸੂ ਬੇਰ ਲਿਆ ਸੂ।

ਚਾਰ ਚੁਫ਼ੇਰੇ ਬੱਦਲ ਨਈਂ ਜੇ,
ਮੁੱਖ ਨੂੰ ਜ਼ੁਲਫ਼ਾਂ ਘੇਰ ਲਿਆ ਸੂ।

ਅੱਥਰੂ ਨਈਂ ਜੇ ਉਹਦੀ ਪਲਕੇ,
ਫਿਰ ਕੋਈ ਤਾਰਾ ਟੇਰ ਲਿਆ ਸੂ।

ਮੌਤ ਸਰਹਾਣੇ ਆ ਬੈਠੀ ਏ,
ਮੁੱਖ ਕੀ ਮੈਥੋਂ ਫੇਰ ਲਿਆ ਸੂ।

(3)

ਮੋਇਆਂ ਨਾਲ਼ ਤੇ ਮਰ ਨਹੀਂ ਹੁੰਦਾ।
ਏਹੋ ਦੁਖੜਾ ਜਰ ਨਹੀਂ ਹੁੰਦਾ।

ਸ਼ੀਸ਼ਾ ਵੇਖ ਕੇ ਕਿਉਂ ਡਰਦੇ ਓ,
ਸ਼ੀਸ਼ਾ ਜੇ, ਪੱਥਰ ਨਹੀਂ ਹੁੰਦਾ।

ਇਥੇ ਇਕੋ ਕੰਮ ਏ ਜੀਣਾ,
ਮੈਥੋਂ ਇਹ ਵੀ ਕਰ ਨਹੀਂ ਹੁੰਦਾ।

ਆਪ ਈ ਮਾੜੇ ਪੈ ਜਾਨੇਂ ਆਂ,
ਦੁੱਖ ਤੇ ਜ਼ੋਰਾਵਰ ਨਹੀਂ ਹੁੰਦਾ।

ਸਾਹ ਈ ਮੌਤ ਦੀ ਮੁਖ਼ਬਰ ਲਗਦੀ,
ਹੋਰ ਕੋਈ ਮੁਖ਼ਬਰ ਨਹੀਂ ਹੁੰਦਾ।

ਕਬਰ ਏ ਅਸਲੀ ਘਾਰ ਕਮਰ ਜੀ,
ਜਿਥੋਂ ਕੋਈ ਬੇਘਰ ਨਹੀਂ ਹੁੰਦਾ।

(4)

ਸੁਰ ਵੀ ਉਹਦੇ, ਬੋਲ ਵੀ ਉਹਦੇ।
ਇੰਜ ਫਿਰ ਸਾਰੇ ਝੋਲ ਵੀ ਉਹਦੇ।

ਨਾ ਸੱਜਣ ਨਾ ਅਮਲ ਏ ਪੱਲੇ,
ਵਾਧੇ ਘਾਟੇ ਤੋਲ ਵੀ ਉਹਦੇ।

ਖ਼ੋਰੇ ਮੈਨੂੰ ਕੀ ਏ ਲੋਕੋ,
ਦੂਰ ਵੀ ਉਸ ਤੋਂ, ਕੋਲ਼ ਵੀ ਉਹਦੇ।

ਜ਼ਹਿਰ ਤੋਂ ਵੱਧ ਏ ਘੂਰੀ ਉਹਦੀ,
ਸ਼ੱਕਰੋਂ ਮਿੱਠੇ ਬੋਲ ਵੀ ਉਹਦੇ।

ਖ਼ੋਰੇ ਕਮਰ ਤੂੰ ਲੱਭ ਈ ਜਾਵੇਂ,
ਦਿਲ ਦੇ ਵਰਕ ਫਰੋਲ਼ ਵੀ, ਉਹਦੇ।

(5)

ਫੁੱਲਾਂ ਨੂੰ ਖਸ਼ਬੋ ਨਾਲ਼ ਲੜਦਾ ਵੇਖ ਰਹਿਆਂ।
ਬਾਗ਼ ਨੂੰ ਐਸੇ ਅੱਗ ਵਿਚ ਸੜਦਾ ਵੇਖ ਰਹਿਆਂ।

ਨੁੱਕਰ ਭੁਰਨ ਦਾ ਝੋਰਾ ਐਵੇਂ ਝੁਰਦੇ ਰਹੇ,
ਹੌਲੀ ਹੌਲੀ ਚਾਕ ਵੀ ਝੜਦਾ ਵੇਖ ਰਹਿਆਂ।

ਖ਼ੋਰੇ ਕਿਹੜਾ ਖ਼ੌਫ਼ ਏ ਜਿਹੜਾ ਦਿਸਦਾ ਨਹੀਂ,
ਅੱਜ ਕੱਲ੍ਹ ਆਪਣੀ ਜੀਭ ਨੂੰ ਅੜਦਾ ਵੇਖ ਰਹਿਆਂ।

ਰੱਬਾ ਬਸਤਾ ਲੈਣ ਦੀਆਂ ਤੌਫ਼ੀਕਾਂ ਦੇ,
ਆਪਣੇ ਬਾਲ ਨੂੰ ਕਾਨਾ ਘੜਦਾ ਵੇਖ ਰਹਿਆਂ।

ਸੱਪ ਬੰਦੇ ਦਾ ਬੰਦਾ ਸੱਪ ਦਾ ਵੈਰੀ ਏ,
ਮੈਂ ਬੰਦੇ ਨੂੰ ਬੰਦਾ ਲੜਦਾ ਵੇਖ ਰਹਿਆਂ।

## ਗ਼ਜ਼ਲ/ਫਰਹਾਦ ਇਕਬਾਲ

ਚੁੱਪ ਬੈਠੇ ਆਂ ਯਾਰ ਤੇ ਮੈਂ,
ਦੋ ਧਾਰੀ ਤਲਵਾਰ ਤੇ ਮੈਂ।

ਬੁਲ੍ਹੇ ਦੇ ਪੈਰਾਂ ਦੀ ਖਾਕ,
ਘੁੰਗਰੂ, ਕਿਬਰ, ਹਨਕਾਰ ਤੇ ਮੈਂ।

ਅੱਜ ਤੀਕਰ ਨਹੀਂ ਛੱਡਿਆ ਸਾਥ,
ਪਿੜ ਵਿਚ ਮੇਰੀ ਹਾਰ ਤੇ ਮੈਂ।

ਕਦੇ ਨਾ ਦੋਵੇਂ ਕੱਠੇ ਰਹਿਣ,
ਅੱਗ ਤੇ ਪਾਣੀ, ਪਿਆਰ ਤੇ ਮੈਂ।

ਲਾਰੇ, ਕਰੇ, ਚਿੱਟੇ ਝੂਠ,
ਖੰਥਾਂ ਦੀ ਇਕ ਡਾਰ ਤੇ ਮੈਂ।

ਰਾਹਵਾਂ ਹੋਈਆਂ ਧੁਧਲ ਧੂੜ,
ਲੜਦੇ ਰਹੇ ਇਤਬਾਰ ਤੇ ਮੈਂ।



## ਗ਼ਜ਼ਲ/ਜਵਾਦ ਇਕਬਾਲ

ਦਰਦਾ ਤੇਰੇ ਦਰਦ ਵੰਡਾਵਾਂ
ਆ ਜਾ ਤੈਨੂੰ ਸੀਨੇ ਲਾਵਾਂ

ਵੀਰਾਂ ਵਰਗੇ ਰੂਪ ਰੁਖਾਂ ਦੇ
ਮਾਵਾਂ ਵਰਗੀਆਂ ਠੰਡੀਆਂ ਛਾਵਾਂ

ਕੀਤਾ ਕਦ ਅਣ-ਕੀਤਾ ਹੋਇਆ
ਕੀਤੇ ਤੇ ਹੁਣ ਕਿਉਂ ਪਛਤਾਵਾਂ

ਦੋ ਹੱਥਾਂ ਨਾਲ ਤਾੜੀ ਵੱਜਦੀ
ਮੈਂ ਕਿਉਂ ਤੇਰੇ ਨਾਜ਼ ਉਠ੍ਹਾਵਾਂ

ਗਲ ਖੁਸ਼ੀਆਂ ਦੀ ਇਥੇ ਮੁਕਦੀ
ਹੰਝੂ ਹਾਸਿਆਂ ਵਿਚ ਲੁਕਾਵਾਂ

ਦੁੱਖ ਜਵਾਦ ਦਾ ਮਾਂ ਪਿਓ ਜਾਇਆ
ਮਿਲਦਾ ਨਿੱਤ ਉਲਾਰ ਕੇ ਬਾਹਵਾਂ

## ਗ਼ਜ਼ਲ/ਜ਼ਫ਼ਰ ਇਕਬਾਲ

ਦਿਲ ਦਾ ਬੂਹਾ ਖੋਲ੍ਹਦਾ ਕਿਉਂ ਨਈਂ
ਅੰਦਰ ਐਂ ! ਤੇ ਬੋਲਦਾ ਕਿਉਂ ਨਈਂ

ਮੋਤੀ ਨੇਂ ਤੇ ਸਾਂਭ ਲਵੇ ਨਾ
ਹੰਝੂ ਨੇਂ ਤੇ ਰੋਲਦਾ ਕਿਉਂ ਨਈਂ

ਰੱਬ ਨੂੰ ਉੱਤੇ ਲੱਭਦਾ ਫਿਰਨਾ ਏਂ
ਆਪਣੀ ਜ਼ਾਤ ਫਰੋਲਦਾ ਕਿਉਂ ਨਈਂ

ਤੀਰ ਨਜ਼ਰ ਦੇ ਤੋਲੀ ਜਾਨਾ ਏਂ
ਮੇਰਾ ਜਿਗਰਾ ਤੋਲਦਾ ਕਿਉਂ ਨਈਂ

ਜ਼ਫ਼ਰਾ ! ਮੈਂ ਹੈਰਾਨ ਆਂ ਇਸ ਤੇ
ਪੀਤੀ ਸੂ ਤੇ ਡੋਲਦਾ ਕਿਉਂ ਨਈਂ

## ਗ਼ਜ਼ਲ/ਯੂਸੁਫ਼ ਹੱਸਨ

ਜੀਵਣ ਕੀਵੇਂ ਜਰਿਆ ਮੈਂ
ਰੇਤ ਸਮੁੰਦਰ ਤਰਿਆ ਮੈਂ

ਤੂੰ ਤੇ ਮੇਰੇ ਕੋਲ਼ ਈ ਸੈਂ
ਫ਼ਿਰ ਕਿਉਂ ਹੌਕਾ ਭਰਿਆ ਮੈਂ

ਜਿੱਤੇ ਯਾ ਨਾ ਜਿੱਤੇ ਤੋਂ
ਆਪਣੀ ਥਾਵੇਂ ਹਰਿਆ ਮੈਂ

ਜ਼ੋਰ ਸੀ ਕੀ ਦਰਿਆਵਾਂ ਦਾ
ਆਪਣੀ ਛਿੱਲ ਤੋਂ ਡਰਿਆ ਮੈਂ

ਯੂਸੁਫ਼ ਅੰਨ੍ਹੀਆਂ ਗਲੀਆਂ ਵਿਚ
ਚਾਨਣ ਸੁਫ਼ਨਾ ਧਰਿਆ ਮੈਂ

## ਗ਼ਜ਼ਲ/ ਜਾਫ਼ਰ ਅੰਜੁਮ

ਜੰਮੇ ਅੱਖ ਨਰੋਏ ਅਥਰੂ
ਲੋਕੀ ਸੱਦਣ ਮੋਏ ਅਥਰੂ

ਤਰਲੇ ਹਾੜੇ ਪਾਵਣ ਮਗਰੋਂ
ਅੱਖੀਂ ਮੇਲਾ ਢੋਏ ਅਥਰੂ

ਵੇਰੀ ਦੀ ਜਦ ਸੁਕਦੀ ਵੇਖੀ
ਅੱਖਾਂ ਖੂਹ ਤੇ ਜੋਏ ਅਥਰੂ

ਤੈਨੂੰ ਹਾਸੇ ਕਿਥੋਂ ਦੇਵਾਂ
ਮੇਰੇ ਕੋਲ ਤਾਂ ਹੋਏ ਅਥਰੂ

ਮੁਖ ਤੇ ਲੇਖਾ ਲਿਖਿਆ ਹੋਇਆ ਏ
ਕਿੱਤਣੀ ਵਾਰੀ ਮੋਏ ਅਥਰੂ

ਨੈਣ ਨਸ਼ੀਲੇ ਵੱਜਣ ਆਲੇ
ਕਰ ਛਡੇ ਨੇ ਟੋਏ ਅਥਰੂ

ਅੱਖ ਦੀ ਅੰਜੁਮ ਘਾਣੀ ਕੀਤੀ
ਘਾਣੀ ਦੇ ਵਿਚ ਲੋਏ ਅਥਰੂ

## ਗ਼ਜ਼ਲ/ ਜਲੀਲ ਆਲੀ

ਹਾਸੇ ਹਾਸੇ ਹੱਦੋਂ ਗੱਲ ਵਧਾ ਬੈਠੇ ਆਂ
ਆਪੇ ਆਪਣੀ ਜਾਨ ਅਜ਼ਾਬੇ ਪਾ ਬੈਠੇ ਆਂ

ਇਕ ਭੋਲੇ ਜਹਏ ਜਜ਼ਬੇ ਤੋਂ ਕੰਨੀ ਕਤਰਾ ਕੇ
ਕਿੰਨੀਆਂ ਸੋਚ ਬੁਲਾਵਾਂ ਪਿੱਛੇ ਲਾ ਬੈਠੇ ਆਂ

ਕਿਹੜਾ ਕੌਣ ਤੇ ਕਿਥੋਂ ਆਇਆ ਚੇਤਾ ਕਿਹਨੂੰ
ਮੇਲੇ ਦੇ ਵਿਚ ਹਰ ਇਕ ਸੁਰਤ ਭੁਲਾ ਬੈਠੇ ਆਂ

ਦਿਨ ਦਾ ਚਾਨਣ ਅਜੇ ਨਾ ਵਸਤੀ ਵੱਲੇ ਟੁਰਿਆ
ਦੀਵੇ ਉਗਦੀਂ ਫੂਕਾਂ ਮਾਰ ਬੁਝਾ ਬੈਠੇ ਆਂ

ਕਿਸਰਾਂ ਮੰਜ਼ਿਲ ਆਵੇ ਪੈਰ ਨਾ ਪੁੱਟਿਆ ਜਾਵੇ
ਪੰਡ ਵਜੂਦੋਂ ਬਾਹਲੀ ਸਿਰ ਤੇ ਚਾ ਬੈਠੇ ਆਂ

ਆਲੀ ਦੁਨੀਆ ਕਿਧਰੇ ਕੋਲ਼ ਖਲੋਣ ਨਾ ਦਿੱਤਾ
ਰੁਲ ਖੁਲ ਕੇ ਮੁੜ ਆਪਣੇ ਲਾਗੇ ਆ ਬੈਠੇ ਆਂ



## ਗ਼ਜ਼ਲ/ ਰਾਣਾ ਸਈਦ ਦੋਸ਼ੀ

ਗੁਝੀਆਂ ਸੱਟਾਂ ਜਰ ਕੇ ਰੋਏ
ਸੁਫ਼ਨੇ ਵਿਚ ਡਰ ਡਰ ਕੇ ਰੋਏ

ਬਾਂਹਵਾਂ ਖਲੀਆਂ ਕਰ ਕਰ ਕੂਕੇ
ਗੋਡਿਆਂ ਵਿਚ ਸਿਰ ਧਰ ਕੇ ਰੋਏ

ਤਾੜੀ ਮਾਰ ਕੇ ਸੱਜਣ ਹੱਸੇ
ਵੈਰੀ ਅੱਖਾਂ ਭਰ ਕੇ ਰੋਏ

ਅੰਦਰੋਂ ਕੁੰਡੀ ਮਾਰ ਕੇ ਤੜਫ਼ੇ
ਅੰਦਰੋਂ ਅੰਦਰੀ ਮਰ ਕੇ ਰੋਏ

ਹਾੜੇ, ਥਲ ਦੇ ਸੀਨੇ ਸਾੜੇ
ਪਰਬਤ ਪਰਬਤ ਠਰ ਕੇ ਰੋਏ

ਬਦਲ ਗੱਜੇ, ਰੂਹ ਨਈਂ ਰੱਜੇ
ਵਿਚ ਝਨਾਵਾਂ ਤਰ ਕੇ ਰੋਏ

ਹਾਲ ਦੁਹਾਈ, ਜਗਤ ਹੰਸਾਈ
ਜਿੱਤ ਕੇ ਹੱਸੇ, ਹਰ ਕੇ ਰੋਏ

ਸਾਨੂੰ ਇਸ਼ਕ ਰੋਆਇਆ ਦੋਸ਼ੀ
ਖ਼ੋਰੇ ਉਹ ਕੀ ਕਰ ਕੇ ਰੋਏ

## ਗ਼ਜ਼ਲ/ ਏਹਤਿਸ਼ਾਮ ਸਾਕਿਬ

ਅੱਖਾਂ ਦਿਲ ਤੇ ਦਿਲ ਨੇ ਅੱਖਾਂ
ਅੱਖਾਂ ਦੀ ਮੁਸ਼ਕਿਲ ਨੇ ਅੱਖਾਂ

ਇੱਕੋ ਵਾਰੀ ਲਾ ਛੱਡਣਾ ਏਂ
ਤੇਰਾ ਸਾਰਾ ਟਿੱਲ ਨੇ ਅੱਖਾਂ

ਆਂਦੇ ਜਾਂਦੇ ਸੁਫਨੇ ਦੇਖਣ
ਅੱਜ ਵੀ ਇਸ ਕਾਬਿਲ ਨੇ ਅੱਖਾਂ

ਚਸ਼ਮੇ ਵਾਂਗਰ ਪਾਣੀ ਕੱਢਣ
ਉਂਜ ਪੱਥਰ ਦੀ ਸਿੱਲ ਨੇ ਅੱਖਾਂ

ਜੇ ਸਾਕਿਬ ਕੋਈ ਰਿਹਬਰ ਹੋਵੇ
ਰੱਬ ਦੀ ਸੌਂਹ ਮੰਜਿਲ ਨੇ ਅੱਖਾਂ

## ਗ਼ਜ਼ਲ/ ਤਸਦਕ ਭੱਟੀ

ਜਾਣ ਤਲ਼ੀ ਤੇ ਧਰ ਕੇ ਲੈਣਾ ਪੈਂਦਾ ਏ
ਸੁੱਖ ਦਾ ਸਾਹ ਪੁੱਜ ਸਰ ਕੇ ਲੈਣਾ ਪੈਂਦਾ ਏ

ਮੇਰੇ ਦੇਸ ਇਚ ਉਲਟੀ ਗੰਗਾ ਵਗਦੀ ਏ
ਹੱਕ ਜੀਵਨ ਦਾ ਮਰ ਕੇ ਲੈਣਾ ਪੈਂਦਾ ਏ

ਕੁਰਬਾਨੀ ਦੇ ਅੱਖਰ ਦੀ ਤਸ਼ਰੀਹ ਦੱਸਾਂ
ਡੁੱਬਣ ਮਹਿਣਾ ਤਰ ਕੇ ਲੈਣਾ ਪੈਂਦਾ ਏ

ਗ਼ਰਜ਼ਾਂ ਹੱਥ ਦੁਆਵਾਂ ਖਵਰੇ ਗਿਰਵੀ ਨੇਂ
ਮਾਂ ਤੋਂ ਵੀ ਕੁੱਝ ਕਰ ਕੇ ਲੈਣਾ ਪੈਂਦਾ ਏ

ਜੇ ਥੋਹੜਾਂ ਤੇ ਬੋਲਣ ਲੱਗੀਏ ਭੱਟੀ ਜੀ
ਸਾਹ ਵੀ ਹੌਕਾ ਭਰ ਕੇ ਲੈਣਾ ਪੈਂਦਾ ਏ

## ਗ਼ਜ਼ਲ/ ਮੋਹੰਮਦ ਅਸ਼ਰਫ਼ ਸਾਕੀ

ਫੱਟ ਗੱਲਾਂ ਦੇ ਝੱਲ ਨਹੀਂ ਹੋਂਦੇ
ਵੱਲ ਦੇਖਾਂ ਵੱਲ ਨਹੀਂ ਹੋਂਦੇ

ਅੰਦਰੋਂ ਅੰਦਰੀ ਚੀਰੀ ਜਾਵਣ
ਜੂੰ ਹੱਲਾਂ ਦੇ ਫੱਲ ਨਹੀਂ ਹੋਂਦੇ

ਹੱਥੋਂ ਕੱਢ ਕੇ ਫ਼ਿਰ ਕੀ ਰੋਣਾ
ਸਾਥੋਂ ਹੱਥ ਤੇ ਮੱਲ ਨਹੀਂ ਹੋਂਦੇ

ਭਾਰ ਗ਼ਮਾਂ ਦਾ ਸਿਹ ਜਾਂਦੇ ਨੇਂ
ਹੁਣ ਇਹ ਮੋਹੰਡੇ ਸ਼ਲ ਨਹੀਂ ਹੋਂਦੇ

ਦੁੱਖ ਸੁੱਖ ਪਲ ਪਲ ਆਂਦੇ ਜਾਂਦੇ
ਪਲ ਹੋਂਦੇ ਨੇ ਪੱਲ ਨਹੀਂ ਹੋਂਦੇ

ਆਪੇ ਆ ਤੇ ਆਜਾ ਸੱਜਣਾ
ਰੋਜ਼ ਸੁਨੇਹੜੇ ਗੱਲ ਨਹੀਂ ਹੋਂਦੇ

ਆਲਮ ਫ਼ਾਜ਼ਲ ਲੋਕ ਬਥੇਰੇ
ਪਰ ਸਾਰੇ ਅਫ਼ਜ਼ਲ ਨਹੀਂ ਹੋਂਦੇ

ਕਿਸੇ ਕਿਸੇ ਦੀਆਂ ਚੂਲਾਂ ਢਿੱਲੀਆਂ
ਸਾਰੇ ਲੋਕ ਚਵਲ ਨਹੀਂ ਹੁੰਦੇ

ਜੇ ਨੀਤਾਂ ਵਿਚ ਖੋਟ ਨਹੀ ਤੇ
ਫਿਰ ਕਿਉਂ ਮਸਲੇ ਹੱਲ ਨਹੀਂ ਹੁੰਦੇ

ਕੀ ਮਲ ਮਲ ਕੇ ਵੇਖੀ ਜਾਨੈਂ
ਸਭ ਲੀੜੇ ਮਲਮੱਲ ਨਹੀਂ ਹੋਂਦੇ



## ਗ਼ਜ਼ਲ/ ਬਾਬਾ ਅਬੀਰ ਅਬੂ ਜਰੀ

ਖ਼ਾਲਸ ਮੱਖਣ ਦੁੱਧ ਮਖਾਣੇ ਕਿੱਥੇ ਗਏ
ਬਾਸਮਤੀ ਦੇ ਚੌਲ ਪੁਰਾਣੇ ਕਿੱਥੇ ਗਏ

ਕਾਠੇ ਗੰਨੇ ਦੇਸੀ ਦਾਣੇ ਕਿੱਥੇ ਗਏ
ਤੰਦਰੁਸਤੀ ਦੇ ਜ਼ਾਮਨ ਖਾਣੇ ਕਿੱਥੇ ਗਏ

ਵੇਦ, ਹਕੀਮ, ਦਨਾ ਸਿਆਣੇ ਕਿੱਥੇ ਗਏ
ਕਰਮਾਂ ਵਾਲੇ "ਬੀਬੇ ਰਾਣੇ" ਕਿੱਥੇ ਗਏ

ਖ਼ਾਲਸ ਮਿਰਚ ਤੇ ਖ਼ਾਲਸ ਹਲ਼ਦੀ ਕਿੱਥੇ ਗਈ
ਏਨੀ ਚੀਨੀ ਏਨੀ ਜਲਦੀ ਕਿੱਥੇ ਗਈ

ਜਿਹੜੀ ਦਾਲ਼ ਸੀ ਛੇਤੀ ਗਲਦੀ ਕਿੱਥੇ ਗਈ
ਰੂਪ ਜਵਾਨੀ ਢਲਦੀ ਢਲਦੀ ਕਿੱਥੇ ਗਈ

ਮੁਜਰਿਮ ਫੜਨ ਵਾਲੇ ਠਾਣੇ ਕਿੱਥੇ ਗਏ
ਕਰਮਾਂ ਵਾਲੇ "ਬੀਬੇ ਰਾਣੇ" ਕਿੱਥੇ ਗਏ

ਹੋਇਆ ਏਡਾ ਘੁੱਪ ਹਨੇਰਾ ਦਿਸਦਾ ਨਹੀਂ
ਆਪਣੀ ਮੰਜ਼ਿਲ ਅਪਣਾ ਡੇਰਾ ਦਿਸਦਾ ਨਹੀਂ

ਸੱਜਣ ਮਿੱਤਰ ਤੇਰਾ ਮੇਰਾ ਦਿਸਦਾ ਨਹੀਂ
ਬੱਤੀ ਵਾਲਾ ਕੋਈ ਬਨੇਰਾ ਦਿਸਦਾ ਨਹੀਂ

ਮਿਹਰ ਮੁਹੱਬਤ ਪਿਆਰ ਪੁਰਾਣੇ ਕਿੱਥੇ ਗਏ
ਕਰਮਾਂ ਵਾਲੇ "ਬੀਬੇ ਰਾਣੇ" ਕਿੱਥੇ ਗਏ

## ਗ਼ਜ਼ਲ/ ਨੂਰ ਹੱਸਨ ਅਰਮਾਨ

ਦੁੱਖਾਂ ਅੰਦਰ ਇੰਝ ਹਯਾਤੀ ਸਾਹਵਾਂ ਲੈਂਦੀ
ਜਿਵੇਂ ਭੁੱਖ ਦੇ ਅੱਗੇ ਰੋਟੀ ਸਾਹਵਾਂ ਲੈਂਦੀ

ਵਾਵਾਂ ਦੇ ਵਿਚ ਧੂੰਆਂ ਲਾਸ਼ਾਂ ਸੜੀਆਂ ਦਾ ਏ
ਕਿਸਰਾਂ ਖ਼ਲਕਤ ਤੇਰੇ ਸ਼ਹਿਰ ਦੀ ਸਾਹਵਾਂ ਲੈਂਦੀ

ਹਿੱਕ ਦਿਨ ਵੇਲੇ ਮੈਨੂੰ ਕੋਲ਼ ਬਿਠਾ ਕੇ ਪੁੱਛਿਆ
ਹੈ ਕੋਈ ਤੇਰੀ ਹਸਰਤ ਪੂਰੀ ਸਾਹਵਾਂ ਲੈਂਦੀ

ਵਾਏ ਉਹਦੇ ਦਰ ਤੇ ਜਾ ਕੇ ਉਹਨੂੰ ਆਖੀਂ
ਤੇਰੇ ਵੇਖਣ ਕਾਣ ਹਯਾਤੀ ਸਾਹਵਾਂ ਲੈਂਦੀ

ਅੱਜ ਵੀ ਨਿੰਦਰ ਰੋਂਦੀ ਫਿਰਦੀ ਥਲ ਦੇ ਅੰਦਰ
ਰੇਤਾਂ ਵਿਚੋਂ ਅੱਜ ਵੀ ਸੱਸੀ ਸਾਹਵਾਂ ਲੈਂਦੀ

ਕਤਬੇ ਤੇ ਅਰਮਾਨ ਕਿਸੇ ਨੇਂ ਲਿਖਿਆ ਏ
ਉਹਦੇ ਆਵਣ ਤੀਕਰ ਮਿੱਟੀ ਸਾਹਵਾਂ ਲੈਂਦੀ

## ਗ਼ਜ਼ਲ/ ਅਯੂਬ ਕਮੋਕਾ

ਐਵੇਂ ਤੇ ਨਹੀਂ ਸੰਗਤਾਂ ਫੁੱਟਣ ਲੱਗ ਪਈਆਂ
ਦਿਲ ਦੇ ਅੰਦਰ ਗ਼ਰਜ਼ਾਂ ਫੁੱਟਣ ਲੱਗ ਪਈਆਂ

ਸੀਨੇ ਦੇ ਵਿੱਚ ਸੂਰਜ ਉੱਗਿਆ ਹੋਇਆ ਸੀ
ਸਾਹਵਾਂ ਵਿਚੋਂ ਕਿਰਨਾਂ ਫੁੱਟਣ ਲੱਗ ਪਈਆਂ

ਹਿੱਕ ਦਿਨ ਉਹਦੇ ਵੇਖਣ ਕਾਣ ਦੁਆ ਮੰਗੀ
ਤਲੀਆਂ ਵਿਚੋਂ ਅੱਖਾਂ ਫੁੱਟਣ ਲੱਗ ਪਈਆਂ

ਕੱਲ੍ਹ ਗ਼ੁਰਬਤ ਨੂੰ ਸਾੜ ਕੇ ਕੋਲ਼ਾ ਕੀਤਾ ਸੀ
ਅੱਜ ਕੜਮੀ ਦੀਆਂ ਲਗਰਾਂ ਫੁੱਟਣ ਲੱਗ ਪਈਆਂ

ਖ਼ੋਰੇ ਕਿੰਨ੍ਹੇ ਬੀ ਸੁੱਟਿਆ ਏ ਨਫ਼ਰਤ ਦਾ
ਧਰਤੀ ਵਿਚੋਂ ਜੰਗਾਂ ਫੁੱਟਣ ਲੱਗ ਪਈਆਂ

ਅੱਜ ਫਿਰ ਚੰਨ ਨੇਂ ਧਰਤੀ ਉੱਤੇ ਆਉਣਾ ਏਂ
ਅਸਮਾਨਾਂ ਤੋਂ ਸੜਕਾਂ ਫੁੱਟਣ ਲੱਗ ਪਈਆਂ

ਉਹਨੇ ਹੱਥ ਕੀ ਲਾਇਆ ਸੁੱਕੇ ਬੂਟੇ ਨੂੰ
ਕੰਡਿਆਂ ਵਿਚੋਂ ਮਹਿਕਾਂ ਫੁੱਟਣ ਲੱਗ ਪਈਆਂ

ਲਗਦਾ ਏ ਅਯੂਬ ਲੜਾਈਆਂ ਹੋਣਗੀਆਂ
ਸਾਂਦਲਬਾਰ ਇਚ ਕਣਕਾਂ ਫੁੱਟਣ ਲੱਗ ਪਈਆਂ

## ਗ਼ਜ਼ਲ/ ਇਮਦਾਦ ਆਕਾਸ਼

ਜਦ ਵੀ ਕੋਈ ਗੱਲ ਕਹਿੰਦਾ ਏ
ਪਾ ਕੇ ਸੌ ਸੌ ਵੱਲ ਕਹਿੰਦਾ ਏ

ਆਪਣੇ ਆਪ ਨੂੰ ਪਾ ਕੇ ਰਾਹੇ
ਮੈਨੂੰ ਮਾਰੂ ਥਲ ਕਹਿੰਦਾ ਏ

ਲੋਕੀ ਜਿਸ ਨੂੰ ਆਖਣ ਦਾਰੂ
ਉਸ ਨੂੰ ਗੰਗਾ ਜਲ਼ ਕਹਿੰਦਾ ਏ

ਛੱਡ ਬੈਠਾ ਏ ਜ਼ਾਤ ਬਰਾਦਰ
ਨਾਂ ਨੂੰ ਆਪਣੀ ਅਲ ਕਹਿੰਦਾ ਏ

ਸ਼ਮਸ਼ਾਨੀਂ ਪਾਈ ਸੂ ਝੁੱਗੀ
ਜਿਸ ਨੂੰ ਤਾਜ ਮਹੱਲ ਕਹਿੰਦਾ ਏ

ਸਨਿਆਸੀ ਅਖਵਾਵਣ ਵਾਲਾ
ਗੁੱਗਲ ਨੂੰ ਹਰਮਲ ਕਹਿੰਦਾ ਏ



## ਗ਼ਜ਼ਲ/ ਕਮਰ ਫਰੀਦ ਚਿਸ਼ਤੀ

ਜ਼ੁਲਮ ਨੂੰ ਸਾਵਾਂ ਹੋ ਲੈਨਾ ਵਾਂ
ਮਾੜੇ ਨਾਲ ਖਲੋ ਲੈਨਾ ਵਾਂ

ਮੇਰਾ ਭਾਰ ਕਦੀ ਨਹੀਂ ਮੁਕਣਾ
ਆ ਤੇਰਾ ਵੀ ਢੋ ਲੈਨਾ ਵਾਂ

ਕੰਡੇ, ਭਖੜੇ, ਸੂਲਾਂ, ਅੱਖਰ
ਲੱਭਦੇ ਹਾਰ ਪਰੋ ਲੈਨਾ ਵਾਂ

ਲਿਖੀ ਰੋਜ਼ੀ ਲੱਭਣ ਕਾਰਨ
ਸਰਘੀ ਜੋੜੀ ਜੋ ਲੈਨਾ ਵਾਂ

ਕਮਰ ਗ਼ਜ਼ਲ ਏ ਮੋਹਡਾ ਦੇਂਦੀ
ਤਾਂ ਮੈਂ ਸੌਖਾ ਰੋ ਲੈਨਾ ਵਾਂ

## ਗ਼ਜ਼ਲ/ ਅਰਸ਼ਦ ਚਹਾਲ

ਪੂਰੇ ਦੇ ਹੱਥਾਂ ਵਿਚ ਨਰਮੀ ਸੀ ਤੇਰਿਆਂ ਹੱਥਾਂ ਵਰਗੀ
ਮੌਸਮ ਵਿਚ ਉਦਾਸੀ ਕੱਜਲ ਭੰਨੀਆਂ ਅੱਖਾਂ ਵਰਗੀ

ਦਿਲ ਦੀ ਜੂਹ ਵਿਚ ਤੇਰੇ ਪਿਆਰ ਦੀ ਰੁੱਤ ਖਿੜੀ ਸੀ ਜੀਵੇਂ
ਸਾਹਵਾਂ ਵਿਚੋਂ ਆਵਣ ਲੱਗ ਪਈ ਖ਼ੁਸ਼ਬੋ ਫੁੱਲਾਂ ਵਰਗੀ

ਰਾਤ ਦੀ ਵੰਝਲੀ ਵਿਚੋਂ ਨਿਕਲੀ ਘੁੱਪ ਹਨੇਰ ਦੀ ਕੂਕਰ
ਤਰਿਕੱਖੀ ਵਾ ਨਾਲ ਉੱਡਦੀਆਂ ਹੋਈਆਂ ਕੋਮਲ ਜ਼ੁਲਫਾਂ ਵਰਗੀ

ਤੇਰੀ ਟੋਰ ਸੀ ਕੂੰਜ ਕਬੂਤਰ ਹਰ ਥਾਂ ਪੈਲਾਂ ਪਾਂਦੀ
ਦਰਿਆ ਵਿਚ ਮਜਾਜਾਂ ਕਰਦੀਆਂ ਅਲ੍ਹੜ ਚੱਲਾਂ ਵਰਗੀ

ਦੂਰ ਕਿਸੇ ਰੁੱਖ ਦੀ ਟਾਹਣੀ ਤੇ ਬੈਠੀ ਕੋਇਲ ਬੋਲੇ
ਕੰਨਾਂ ਵਿਚ ਆਵਾਜ਼ ਪਈ ਆਵੇ ਤੇਰੀਆਂ ਗੱਲਾਂ ਵਰਗੀ

ਸਿਰ ਤੇ ਸਾਵੀ ਚੁੰਨੀ ਸੀ ਯਾ ਸਧਰਾਂ ਦੇ ਪਰਛਾਵੇਂ
ਹਰ ਪਾਸੇ ਹਰਿਆਲੀ ਛਾ ਗਈ ਘਨਿਆਂ ਰੁੱਖਾਂ ਵਰਗੀ

ਧਰਤੀ ਉੱਤੇ ਕਣੀਆਂ ਡਿੱਗੀਆਂ ਕੱਚੀਆਂ ਕਲੀਆਂ ਵਾਂਗੂੰ
ਫੇਰ ਅੰਬਰਾਂ ਤੇ ਪੀਂਘ ਪਈ ਸੀ ਬੀਤੀਆਂ ਰੁੱਤਾਂ ਵਰਗੀ

## ਗ਼ਜ਼ਲ/ ਅਨਵਰ ਜਾਹਿਦ

ਹੁੰਦਿਆਂ ਵੀ ਨਾ ਹੋਣਾ ਐਡਾ ਸੌਖਾ ਨਹੀਉਂ।
ਆਪਣੇ ਬਾਹਰ ਖਿਲੌਣਾ ਐਡਾ ਸੌਖਾ ਨਹੀਉਂ।

ਚੰਨ ਚੜ੍ਹਿਆ ਤੇ ਰਾਤ ਦੀ ਰਾਣੀ ਬੋਲ ਪਈ,
ਪੀੜੇ ਸਦ ਲਕੌਣਾ ਐਡਾ ਸੌਖਾ ਨਹੀਉਂ।

ਤੂੰ ਤਾਂ ਆਖੀਂ ਬੈਠਾ ਏਂ ਧੋਲੇ ਮੂੰਹ ਦੇ ਨਾਲ,
ਪੁੱਤਰਾ ਅੱਜ ਖਿਡੌਣਾ ਐਡਾ ਸੌਖਾ ਨਹੀਉਂ।

## ਗ਼ਜ਼ਲ/ ਸੈਫ ਅਲੀ

ਸ਼ੋਹਰਤ ਪਿਛੇ ਨਸਣ ਵਾਲਾ ਮੈਂ ਤੇ ਨਹੀਂ,
ਖੌਰੀਆਂ ਤਲੀਆਂ ਝਸਣ ਵਾਲਾ ਮੈਂ ਤੇ ਨਹੀਂ।

ਹੋਰ ਕਿਸੇ ਨੂੰ ਮਾਲ ਗਨੇਮਤ ਭੇਜ ਕੇ ਵੇਖ,
ਦੱਰਾ ਛੱਡ ਕੇ ਨਸਣ ਵਾਲਾ ਮੈਂ ਤੇ ਨਹੀਂ।

ਮੈਂ ਉਹ ਬੱਦਲ ਜਿਹੜਾ ਗਜੇ ਵਿਚ ਮੈਦਾਨ,
ਪਹਾੜੀਆਂ ਉਹਲੇ ਵਸਣ ਵਾਲਾ ਮੈਂ ਤੇ ਨਹੀਂ।

ਸੱਚ ਦਾ ਘੋੜਾ ਮੇਰੇ ਨਾਲੋਂ ਨਾਲ ਚਲੇ,
ਝੂਠ ਤੇ ਕਾਠੀ ਕਸਣ ਵਾਲਾ ਮੈਂ ਤੇ ਨਹੀਂ।

ਕਿੱਥੇ ਸੂਲੀ ਕਿਥੇ ਬੁਰਜ ਮਿਨਾਰੇ ਸੈਫ,
ਪਰ ਇਹ ਗੱਲਾਂ ਦੱਸਣ ਵਾਲਾ ਮੈਂ ਤੇ ਨਹੀਂ।

ਨਜ਼ਮ–
## ਧਾਰਾ ਬਹੁਤ ਤੇਜ਼ ਹੈ/ਅਮਰ ਅਬਦੁੱਲਾ

ਵਹਿਣ ਬਹੁਤ ਤੇਜ਼ ਏ
ਕਿਨਾਰੇ ਟੁੱਟ ਕੇ ਡਿਗਣ ਲੱਗੇ ਨੇ
ਕਾਲੇ ਬੱਦਲ ਘੁੰਮਾਉਂਦੇ ਕਾਲੀਆਂ ਅੱਖਾਂ
ਉਮੜਦੇ ਆ ਰਹੇ ਨੇ
ਤੀਰ ਵਰਸਾਉਂਦੇ ਧੁੱਖਦੇ
ਭਖਦੇ ਲਾਂਬੂ ਵੀ
ਹਵਾ ਵੀ ਗੁਰਜ ਥੰਮਿਆ
ਚੀਰਦੀ ਫਿਰਦੀ ਏ ਸਰੀਰ ਮਿੱਟੀ ਦਾ

ਵਹਿਣ ਬਹੁਤ ਤੇਜ਼ ਏ
ਤੇ ਲਹਿਰਾਂ ਵਿਚ
ਰੁੜਦੀਆਂ ਜਾਂਦੀਆਂ ਨੇ ਚੱਟਾਨਾਂ
ਗੱਲੇ ਸੜੇ ਢਾਂਚੇ
ਕੱਟੇ ਹੋਏ ਬਾਜੂ
ਅਧੋਰਾਣੀਆਂ ਉਂਗਲਾਂ
ਫੁੱਲੇ ਹੋਏ ਧੜ
ਅਣਗਿੱਣਤ ਅੱਖਾਂ
ਖੁੱਲ੍ਹੀਆਂ, ਕੁਝ ਅੱਧ ਖੁੱਲ੍ਹੀਆਂ....ਤੇ ਹੋਂਠ
ਤੇ ਸੀਂਤੇ ਹੋਏ ਨੇ ਜਿਹੜੇ ਸੁਨਹਿਰੀ ਤਾਰ ਨਾਲ
ਸੰਦੂਕ ਜਿਸ ਵਿਚ ਬੰਦ ਨੇ
ਮੈਲੇ, ਪੁਰਾਣੇ ਕੱਪੜਿਆਂ ਦੀਆਂ ਗਠੜੀਆਂ
ਪੰਨੇ ਸਿੱਲੇ ਤੇ ਚਮਕੀਲੇ
ਅੰਗ ਕਿਸੇ ਪੁਸਤਕ ਦਾ
ਗੁਆਚੀ ਹੋਈ ਏ ਜੋ ਕਿਤੇ
ਪਾਣੀ ਦੀ ਤਹਿ ਵਿਚ



ਵਹਿਣ ਬਹੁਤ ਤੇਜ਼ ਏ
ਜਿਹਨੇ ਲਿਆ ਸੁੱਟਿਆ ਹੈ ਮੈਨੂੰ
ਸੀਤ ਚਿਕੜ ਉੱਤੇ
ਮੈਂ ਲਥਪਥ ਠੰਢੇ ਬਦਬੂਦਾਰ ਚਿਕੜ ਵਿਚ
ਸਿਰ ਕਦੇ ਸਰਸਰਾਉਂਦੇ ਹੋਏ
ਲਿਬੜੇ ਹੋਏ ਕੀੜਿਆਂ ਦੇ ਜਬੜਿਆਂ 'ਚ
ਫਸਿਆ ਹਾਂ
ਵਹਿਣ ਦੂਰ ਅੱਗੇ ਵੱਧ ਰਿਹਾ ਏ
ਮੈਂ ਪਰ ਚਿਕੜ ਵਿਚ ਘੁਲਦਾ ਜਾ ਰਿਹਾ ਹਾਂ।
ਹਫੀਆਂ ਮੱਛੀਆਂ ਦੀਆਂ ਰਤੀਆਂ ਅੱਖੀਆਂ
ਵਿਚੋਂ ਡਿਗਦਾ
ਆਖਿਰੀ ਹੰਝੂ ਬਣਿਆ ਹੈ..........।

## ਤ੍ਰੇਹ/ ਰਾਏ ਮੁਹੰਮਦ ਖਾਨ ਨਾਸਿਰ

ਲਪ ਇਕ ਰੇਤ ਤਲੀ 'ਤੇ ਧਰ ਕੇ
ਡੁੱਬਦੇ ਚੰਨ ਦਾ ਕੰਬਣ ਜ਼ਰ ਕੇ
ਮੈਂ ਦਰਿਆ ਦੀ ਛਲ ਦੇ ਉੱਤੇ
ਅੱਡੀਆਂ ਭਾਰ ਖਲੋਤਾ ਹੋਇਆ
ਪੱਬਾਂ ਅਲੋਂ ਵੇਖੀਂ ਜਾਣਾਂ
ਸਦੀਆਂ ਦਾ ਪਦ ਸੇਕੀ ਜਾਣਾਂ
ਅਜੇ ਵੀ ਕੜਮੀ ਮੁੱਠ ਤਲੀ ਨੂੰ
ਖਦਣ ਤੋਂ ਕਿਉਂ ਸੰਗਦੀ ਪਈ ਏ
ਉਂਗਲੀ ਤੋਂ ਕੁਝ ਮੰਗਦੀ ਪਈ ਏ।

## ਨਜ਼ਮ/ ਕਰਨਲ ਮੁਹੰਮਦ ਇਲਿਆਸ

ਮੋਇਆ ਬੰਦਾ ਮਰਦਾ ਨਾਹੀਂ
ਜਦ ਤਾਈਂ ਉਹਦੇ ਚਾਹਵਣ ਵਾਲੇ
ਉਹਨੂੰ ਚੇਤੇ ਰੱਖਦੇ ਨੇ
ਮੋਇਆ ਬੰਦਾ ਉਦੋਂ ਮਰਦਾ
ਜਦ ਕੋਈ ਉਹਨੂੰ ਯਾਦ ਨਹੀਂ ਕਰਦਾ।

## ਸਾਹਕਦਾ ਅਣਖੀ/ ਰਾਏ ਮੁਹੰਮਦ ਖਾਨ ਨਾਸਿਰ

ਸਾਹਕਦੇ ਅਣਖੀ ਮੇਰੇ ਅੰਦਰ
ਵੇਖ ਨਾ ਅਣਖੇ ਤੇਰੀ ਪਾਰੋਂ,
ਮੁੜ ਅੱਜ ਢਿੱਡ ਨੂੰ ਧੋਖਾ ਦਿੱਤਾ
ਮੁੜ ਅੱਜ ਪਾਣੀ ਚਿੱਥ ਕੇ ਖਾਧਾ
ਹੁਣ ਮਰ ਜਾਣੀਏਂ ਮਰ ਨਾ ਜਾਵੀਂ।

## ਸਮਾਜਿਕ ਸੰਚਾਰ (Social Media) ਦੇ ਨਵੇਂ ਸਾਧ/ਪ੍ਰੇਮ ਮਾਨ

ਸਮਾਜਿਕ ਸੰਚਾਰ (Social Media) ਦੇ ਸਾਧਨ ਸਮੇਂ ਸਮੇਂ ਨਾਲ ਬਦਲਦੇ ਰਹੇ ਹਨ। ਜਿਵੇਂ ਅਸੀਂ ਸੁਣਦੇ ਪੜ੍ਹਦੇ ਹਾਂ, ਕਿਸੇ ਜ਼ਮਾਨੇ ਵਿੱਚ ਚਿੱਠੀਆਂ, ਜੋ ਕਿ ਸਮਾਜਿਕ ਸੰਚਾਰ ਦਾ ਮੁੱਖ ਸਾਧਨ ਸਨ, ਲਿਖ ਕੇ ਕਬੂਤਰਾਂ ਰਾਹੀਂ ਭੇਜੀਆਂ ਜਾਂਦੀਆਂ ਸਨ ਭਾਵੇਂ ਪਤਾ ਨਹੀਂ ਇਸ ਕਥਨ ਵਿੱਚ ਕਿੰਨਾ ਕੁ ਸੱਚ ਹੈ। ਪਿੰਡ ਵਿੱਚ ਕੋਈ ਵੀ ਸੁਨੇਹਾ ਜਾਂ ਸੱਦਾ ਢੋਲ ਵਜਾ ਕੇ ਡੌਂਡੀ ਪਿੱਟ ਕੇ ਦਿੱਤਾ ਜਾਂਦਾ ਸੀ। ਇਹ ਸਾਧਨ ਤਾਂ 1950 ਦੇ ਲਗਭਗ ਵੀ ਵਰਤਿਆ ਜਾਂਦਾ ਸੀ। ਰਿਸ਼ਤੇਦਾਰਾਂ ਨੂੰ ਜਾਂ ਪਿੰਡ ਦੇ ਲੋਕਾਂ ਨੂੰ ਸੁਨੇਹੇ ਅਤੇ ਸੱਦੇ ਘੱਲਣ ਲਈ ਇਕ ਹੋਰ ਸਾਧਨ ਜਿਹੜਾ ਵਰਤਿਆ ਜਾਂਦਾ ਸੀ ਉਹ ਸੀ ਮਰਾਸੀਆਂ ਅਤੇ ਨਾਈਆਂ ਰਾਹੀਂ ਸੱਦੇ ਦੇਣੇ। ਦੂਰ ਦੁਰਾਡੇ ਸੁਨੇਹੇ ਭੇਜਣ ਲਈ ਮਰਾਸੀ  ਜਾਂ ਨਾਈ ਨੂੰ ਭੇਜਿਆ ਜਾਂਦਾ ਸੀ ਅਤੇ ਪਿੰਡ ਦੇ ਵਿੱਚ ਸੱਦੇ ਦੇਣ ਲਈ ਆਮ ਤੌਰ ਤੇ ਮਰਾਸਣ ਜਾਂ ਨੈਣ ਘਰ ਘਰ ਜਾ ਕੇ ਸੁਨੇਹਾ ਦੇ ਆਉਂਦੀ ਸੀ। ਦੂਰ ਦੁਰਾਡੇ ਸੁਨੇਹਾ ਪਹੁੰਚਾਉਣ ਨੂੰ ਤਾਂ ਕਈ ਕਈ ਦਿਨ ਲੱਗ ਜਾਂਦੇ ਸਨ। ਫਿਰ ਹੌਲੀ ਹੌਲੀ ਡਾਕ ਦਾ ਕੰਮ ਚੱਲ ਪਿਆ ਭਾਵੇਂ ਮਰਾਸੀਆਂ ਅਤੇ ਨਾਈਆਂ ਦੀ ਵਰਤੋਂ ਤਾਂ 1970-80 ਤੱਕ ਵੀ ਪੰਜਾਬ ਵਿੱਚ ਹੁੰਦੀ ਰਹੀ ਅਤੇ ਕਈ ਪਿੰਡਾਂ ਵਿੱਚ ਹਾਲੇ ਵੀ ਹੁੰਦੀ ਹੈ। ਕਿਸੇ ਵੇਲੇ ਡਾਕ ਪੈਦਲ ਤੁਰ ਕੇ ਜਾਂ ਘੋੜਿਆਂ ਤੇ ਜਾ ਕੇ ਵੰਡੀ ਜਾਂਦੀ ਸੀ। ਫਿਰ ਸਾਈਕਲ ਆ ਗਏ ਅਤੇ ਡਾਕੀਏ ਸਾਈਕਲਾਂ ਤੇ ਜਾ ਕੇ ਪਿੰਡੋਂ ਪਿੰਡ ਡਾਕ ਵੰਡਣ ਲੱਗ ਪਏ। ਇਸ ਨਾਲ ਦੂਰ ਦੁਰਾਡੇ ਸੁਨੇਹੇ ਭੇਜਣ ਦਾ ਕੰਮ ਮਰਾਸੀਆਂ ਅਤੇ ਨਾਈਆਂ ਦੀ ਥਾਂ ਡਾਕ ਰਾਹੀਂ ਹੋਣ ਲੱਗ ਪਿਆ। ਭਾਵੇਂ ਹਿੰਦੁਸਤਾਨ ਵਰਗੇ ਮੁਲਕਾਂ ਵਿੱਚ ਤਾਂ ਹਾਲੇ ਵੀ ਡਾਕ ਸਾਈਕਲਾਂ ਤੇ ਜਾ ਕੇ ਹੀ ਵੰਡੀ ਜਾਂਦੀ ਹੈ ਪਰ ਉੱਨਤ ਮੁਲਕਾਂ ਵਿੱਚ ਡਾਕ ਵੰਡਣ ਵਾਲਿਆਂ ਨੂੰ ਛੋਟੇ ਛੋਟੇ ਟਰੱਕ ਮਿਲੇ ਹੁੰਦੇ ਹਨ ਜਿਸ ਤੇ ਜਾ ਕੇ ਉਹ ਡਾਕ ਵੰਡਦੇ ਹਨ। ਪੁਰਾਣੇ ਜ਼ਮਾਨਿਆਂ ਵਿੱਚ ਕੋਈ ਚੰਗੀ ਜਾਂ ਮਾੜੀ ਖ਼ਬਰ ਰਿਸ਼ਤੇਦਾਰਾਂ ਤੱਕ ਪਹੁੰਚਾਉਣ ਵਿੱਚ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਸਨ। ਕਈ ਵਾਰੀ ਖ਼ਬਰਾਂ ਤਾਰਾਂ (Telegram) ਰਾਹੀਂ ਵੀ ਦੂਰ ਦੁਰਾਡੇ ਭੇਜੀਆਂ ਜਾਂਦੀਆਂ ਸਨ ਜੋ ਕਿ ਥੋੜ੍ਹੇ ਘੰਟਿਆਂ ਵਿੱਚ ਹੀ ਟਿਕਾਣੇ ਤੇ ਪਹੁੰਚ ਜਾਂਦੀਆਂ ਸਨ। ਤਾਰ ਭੇਜਣੀ ਕਾਫ਼ੀ ਮਹਿੰਗੀ ਵੀ ਸੀ ਅਤੇ ਡਰਾਉਣੀ ਵੀ ਸੀ। ਮਾੜੇ ਦਿਲ ਵਾਲੇ ਬੰਦੇ ਨੂੰ ਤਾਂ ਤਾਰ ਦਾ ਨਾਂ ਸੁਣ ਕੇ ਹੀ ਦਿਲ ਦਾ ਦੌਰਾ ਪੈ ਸਕਦਾ ਸੀ ਕਿਉਂਕਿ ਆਮ ਤੌਰ ਤੇ ਤਾਰ ਮੌਤ ਜਾਂ ਬਿਮਾਰੀ ਵਰਗੀ ਕਿਸੇ ਮਾੜੀ ਖ਼ਬਰ ਨੂੰ ਹੀ ਛੇਤੀਂ ਤੋਂ ਛੇਤੀਂ ਪਹੁੰਚਾਉਣ ਲਈ ਵਰਤੀ ਜਾਂਦੀ ਸੀ। ਤਾਰ ਦਾ ਨਾਂ ਸੁਣ ਕੇ ਹੀ ਲੋਕ ਸਹਿਮ ਜਾਂਦੇ ਸਨ ਕਿ ਪਤਾ ਨਹੀਂ ਕੀ ਦੁਰਘਟਨਾ ਵਾਪਰ ਗਈ ਹੋਵੇ। ਜਦੋਂ ਮੈਂ 1975 ਵਿੱਚ ਹਿੰਦੁਸਤਾਨ ਨੂੰ ਛੱਡ ਕੇ ਪਹਿਲਾਂ ਇੰਗਲੈਂਡ ਅਤੇ ਫਿਰ ਅਮਰੀਕਾ ਆਇਆ ਤਾਂ ਸਾਰੀਆਂ ਗੱਲਾਂ ਚਿੱਠੀਆਂ ਰਾਹੀਂ ਹੀ ਹੁੰਦੀਆਂ ਸਨ। ਉਨ੍ਹਾਂ ਦਿਨਾਂ ਵਿੱਚ ਹਿੰਦੁਸਤਾਨ ਵਿੱਚ ਫ਼ੋਨ ਬਹੁਤ ਹੀ ਘੱਟ ਸਨ ਅਤੇ ਜਿਨ੍ਹਾਂ ਕੋਲ ਸਨ ਵੀ ਉਨ੍ਹਾਂ ਨੂੰ ਓਪਰੇਟਰ ਰਾਹੀਂ ਕਾਲ ਬੁੱਕ ਕਰਾ ਕੇ ਫ਼ੋਨ ਕਰਨਾ ਪੈਂਦਾ ਸੀ ਜਿਸ ਦੀ ਵਾਰੀ ਆਉਣ ਲਈ ਕਈ ਵਾਰੀ ਕਈ ਕਈ ਦਿਨ ਲੱਗ ਜਾਂਦੇ ਸਨ। ਜਦੋਂ ਮੈਂ 1980 ਵਿੱਚ ਅਮਰੀਕਾ ਆਇਆ ਤਾਂ ਭਾਵੇਂ ਅਮਰੀਕਾ ਵਿੱਚ ਆਮ ਹੀ ਘਰਾਂ ਵਿੱਚ ਫ਼ੋਨ ਸਨ ਪਰ ਹਿੰਦੁਸਤਾਨ ਵਿੱਚ ਹਾਲੇ ਬਹੁਤ ਘੱਟ ਘਰਾਂ ਵਿੱਚ ਫ਼ੋਨ ਸਨ ਅਤੇ ਫ਼ੋਨ ਕਰਨਾ ਮਹਿੰਗਾ ਵੀ ਬਹੁਤ ਸੀ। ਇਸ ਲਈ ਹਿੰਦੁਸਤਾਨ ਵਿਚਲੇ ਪਰਵਾਰ, ਰਿਸ਼ਤੇਦਾਰਾਂ, ਅਤੇ ਦੋਸਤਾਂ ਨਾਲ ਸੰਪਰਕ ਸਿਰਫ਼ ਚਿੱਠੀਆਂ ਰਾਹੀਂ ਹੀ ਹੁੰਦਾ ਸੀ। ਕਈ ਵਾਰੀ ਇਕ ਦੂਜੇ ਦੀਆਂ ਖ਼ਬਰਾਂ ਪਹੁੰਚਣ ਲਈ ਦੋ ਦੋ ਮਹੀਨੇ ਲੱਗ ਜਾਣੇ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਡਾਕ ਪਹੁੰਚਣ ਦਾ ਕੰਮ ਵੀ ਕਾਫ਼ੀ ਸੁਸਤ ਸੀ।



1980 ਦੇ ਦਹਾਕੇ ਵਿੱਚ ਤਕਨਾਲੋਜੀ ਦੀ ਨਵੀਂ ਤਰੱਕੀ ਹੋਣੀ ਸ਼ੁਰੂ ਹੋਈ। ਸਾਲ 1980 ਤੋਂ 1984 ਦੇ ਵਿੱਚ ਵਿੱਚ ਪੀ.ਸੀ. (Personal Computer) ਅਤੇ ਐਪਲ (Apple IIC) ਕੰਪਿਊਟਰ ਬਣ ਕੇ ਵਿਕਣੇ ਸ਼ੁਰੂ ਹੋਏ। ਪਰ ਆਮ ਤੌਰ ਤੇ ਉਨ੍ਹਾਂ ਦਿਨਾਂ ਵਿੱਚ ਇਹ ਕੰਪਿਊਟਰ ਜ਼ਿਆਦਾ ਤਰ ਲਿਖਤਾਂ ਟਾਈਪ ਕਰਨ ਵਿੱਚ ਹੀ ਸਹਾਈ ਹੁੰਦੇ ਸਨ। ਤੁਸੀਂ ਆਪਣੀਆਂ ਲਿਖਤਾਂ ਟਾਈਪ ਕਰ ਕੇ ਇਕ ਪਤਲੀ ਜਿਹੀ ਫ਼ਲੌਪੀ ਡਿਸਕ ਤੇ ਪਾ ਕੇ ਬਚਾ ਕੇ ਰੱਖ ਸਕਦੇ ਸੀ ਜਿਸ ਨੂੰ ਲੋੜ ਪੈਣ ਤੇ ਭਵਿੱਖ ਵਿੱਚ ਵਰਤ ਸਕਦੇ ਸੀ ਜਾਂ ਉਸ ਵਿੱਚ ਸੋਧਾਂ ਕਰ ਸਕਦੇ ਸੀ। ਉਨ੍ਹਾਂ ਦਿਨਾਂ ਵਿੱਚ ਇੰਟਰਨੈੱਟ ਦੀ ਖੋਜ ਹੋ ਚੁੱਕੀ ਸੀ ਪਰ ਇਹ ਅੱਜ ਵਾਂਗ ਘਰ ਘਰ ਪ੍ਰਚਲਿਤ ਨਹੀਂ ਸੀ ਅਤੇ ਹਿੰਦੁਸਤਾਨ ਵਰਗੇ ਮੁਲਕਾਂ ਵਿੱਚ ਤਾਂ ਬਿਲਕੁਲ ਹੀ ਨਹੀਂ ਸੀ। ਅਮਰੀਕਾ ਵਰਗੇ ਉੱਨਤ ਮੁਲਕਾਂ ਵਿੱਚ ਵੀ ਉਸ ਵਕਤ ਇੰਟਰਨੈੱਟ ਜ਼ਿਆਦਾ ਯੂਨੀਵਰਸਿਟੀਆਂ ਅਤੇ ਵੱਡੀਆਂ ਵੱਡੀਆਂ ਕੰਪਨੀਆਂ ਕੋਲ ਹੀ ਸੀ। ਮੈਂ ਜਦੋਂ 1984 ਵਿੱਚ ਐਪਲ ਦਾ ਕੰਪਿਊਟਰ (Apple IIC) ਖ਼ਰੀਦਿਆ ਤਾਂ ਮੈਂ ਉਸ ਨੂੰ ਯੂਨੀਵਰਸਿਟੀ ਆਫ਼ ਕੈਲੀਫੋਰਨੀਆਂ, ਲਾਸ ਐਂਜਲਜ਼ ਦੇ ਇੰਟਰਨੈੱਟ ਨਾਲ ਜੋੜ (Connect) ਕੇ ਇਕ ਸਰਵੇ ਦੇ ਅੰਕੜੇ ਵਰਤ ਕੇ ਆਪਣੀ ਪੀ.ਐੱਚ.ਡੀ. ਦੀ ਡਿਗਰੀ ਵਾਸਤੇ ਖੋਜ ਕਰ ਰਿਹਾ ਸੀ। ਆਪਣੇ ਕੰਪਿਊਟਰ ਨੂੰ ਘਰੋਂ ਯੂਨੀਵਰਸਿਟੀ ਦੇ ਇੰਟਰਨੈੱਟ ਨਾਲ ਜੋੜਨ ਲਈ ਫ਼ੋਨ ਦੀ ਵਰਤੋਂ ਕਰਨੀ ਪੈਂਦੀ ਸੀ ਅਤੇ ਉਤਨੀ ਦੇਰ ਤੁਸੀਂ ਕਿਸੇ ਨਾਲ ਗੱਲ ਕਰਨ ਲਈ ਫ਼ੋਨ ਨਹੀਂ ਸੀ ਵਰਤ ਸਕਦੇ ਅਤੇ ਇੰਟਰਨੈੱਟ ਬਹੁਤ ਹੀ ਹੌਲੀ ਹੌਲੀ ਚੱਲਦਾ ਹੁੰਦਾ ਸੀ। ਇੰਟਰਨੈੱਟ ਦਾ ਵਿਕਾਸ ਪਹਿਲਾਂ ਬਹੁਤ ਹੌਲੀ ਹੌਲੀ ਹੋਇਆ ਪਰ ਬਾਦ ਵਿੱਚ ਬਹੁਤ ਤੇਜ਼ੀ ਨਾਲ ਹੋਇਆ। ਮੈਨੂੰ ਉਮੀਦ ਹੈ ਕਿ ਅਮਰੀਕਾ ਵਿੱਚ 1990 ਤੋਂ ਛੇਤੀਂ ਬਾਦ ਹੀ ਇੰਟਰਨੈੱਟ ਵਿਰਲੇ ਵਿਰਲੇ ਘਰਾਂ ਵਿੱਚ ਲੱਗਣ ਲੱਗ ਪਏ ਸਨ। ਭਾਵੇਂ ਉੱਨਤ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਤਾਂ ਈਮੇਲ (Email, ਜਿਸ ਦਾ ਪੂਰਾ ਨਾਮ Electronic mail ਹੈ) 1980ਵੇਂ ਦਹਾਕੇ ਦੇ ਅਖੀਰ ਤੱਕ ਵਰਤਣੀ ਸ਼ੁਰੂ ਹੋ ਗਈ ਸੀ ਪਰ ਈਮੇਲ ਦੀ ਨਿੱਜੀ ਵਰਤੋਂ 1993 ਵਿੱਚ ਹੀ ਸ਼ੁਰੂ ਹੋਣੀ ਹੋਈ ਜਦੋਂ AOL ਕੰਪਨੀ ਨੇ ਲੋਕਾਂ ਨੂੰ ਇੰਟਰਨੈੱਟ ਦੇਣਾ ਸ਼ੁਰੂ ਕੀਤਾ ਅਤੇ ਈਮੇਲ ਅਕਾਊਂਟ ਵੀ ਬਨਾਉਣੇ ਸ਼ੁਰੂ ਕਰ ਦਿੱਤੇ। ਪਰ ਈਮੇਲ ਦਾ ਜ਼ਿਆਦਾ ਵਿਕਾਸ 1994-95 ਵਿੱਚ ਯਾਹੂ (Yahoo) ਦੇ ਆਉਣ ਨਾਲ ਹੋਇਆ ਜਦੋਂ ਲੋਕ ਯਾਹੂ ਤੇ ਮੁਫ਼ਤ ਈਮੇਲ ਬਣਾ ਸਕਦੇ ਸਨ। ਸਾਲ 1998 ਦੇ ਕਰੀਬ ਗੂਗਲ (Google) ਵੀ ਹੋਂਦ ਵਿੱਚ ਆ ਗਿਆ ਅਤੇ ਗੂਗਲ ਦੀ ਈਮੇਲ ਵੀ ਹੋਂਦ ਵਿੱਚ ਆ ਗਈ। ਈਮੇਲ ਦੇ ਆਉਣ ਅਤੇ ਵਿਕਾਸ ਹੋਣ ਨਾਲ ਸਮਾਜਿਕ ਸੰਚਾਰ ਵਿੱਚ ਬਹੁਤ ਤਬਦੀਲੀ ਆਈ। ਚਿੱਠੀਆਂ ਦੀ ਥਾਂ ਬਹੁਤ ਸਾਰੇ ਸੁਨੇਹੇ ਈਮੇਲ ਰਾਹੀਂ ਘੱਲੇ ਜਾਣ ਲੱਗੇ ਅਤੇ ਸੰਪਰਕ ਈਮੇਲ ਰਾਹੀਂ ਹੋਣ ਲੱਗ ਪਿਆ ਜੋ ਕੁਝ ਹੀ ਪਲਾਂ ਵਿੱਚ ਦੂਜੇ ਪਾਸੇ ਪਹੁੰਚ ਜਾਂਦੀ ਸੀ। ਪਰ ਹਿੰਦੁਸਤਾਨ ਵਰਗੇ ਮੁਲਕਾਂ ਵਿੱਚ ਇੰਟਰਨੈੱਟ ਅਤੇ ਈਮੇਲ ਦਾ ਵਿਕਾਸ ਬਹੁਤ ਹੌਲੀ ਹੌਲੀ ਹੋਇਆ ਅਤੇ ਹਾਲੇ ਵੀ ਬਹੁਤ ਸਾਰੇ ਲੋਕ ਕਿਸੇ ਨਾ ਕਿਸੇ ਵਜਾ ਕਰ ਕੇ ਈਮੇਲ ਨਹੀਂ ਵਰਤ ਸਕਦੇ। ਪਰ ਈਮੇਲ ਦੇ ਵਿਕਾਸ ਨਾਲ ਚਿੱਠੀਆਂ ਲਿਖਣ ਦਾ ਕੰਮ ਬਹੁਤ ਘੱਟ ਗਿਆ ਅਤੇ ਲੋਕਾਂ ਵਿੱਚ ਸੰਪਰਕ ਜ਼ਿਆਦਾ ਈਮੇਲ ਰਾਹੀਂ ਹੋਣ ਲੱਗ ਪਿਆ। ਭਾਵੇਂ ਹਾਲੇ ਵੀ ਈਮੇਲ ਸਮਾਜਿਕ ਸੰਚਾਰ ਦਾ ਇਕ ਮਹੱਤਵਪੂਰਨ ਸਾਧਨ ਹੈ ਪਰ ਕਈ ਨਵੀਆਂ ਤਕਨਾਲੋਜੀ ਦੀਆਂ ਕਾਢਾਂ ਨੇ ਇਸ ਨੂੰ ਥੋੜ੍ਹਾ ਪਿੱਛੇ ਪਾ ਦਿੱਤਾ ਹੈ।

ਸਾਲ 2004 ਤੋਂ ਹੁਣ ਤੱਕ ਸਮਾਜਿਕ ਸੰਚਾਰ ਦੀਆਂ ਅਨੇਕਾਂ ਨਵੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ ਜਿਨ੍ਹਾਂ ਵਿੱਚੋਂ ਕੁਝ ਕਾਫ਼ੀ ਮਸ਼ਹੂਰ ਹੋ ਗਈਆਂ, ਕੁਝ ਮਸ਼ਹੂਰ ਨਹੀਂ ਹੋ ਸਕੀਆਂ ਅਤੇ ਕੁਝ ਲਗਭਗ ਖ਼ਤਮ ਹੀ ਹੋ ਗਈਆਂ। ਇਨ੍ਹਾਂ ਨਵੀਆਂ ਸੰਸਥਾਵਾਂ ਨੇ ਸਮਾਜਿਕ ਸੰਚਾਰ ਦੇ ਸਾਧਨਾਂ ਵਿੱਚ ਅਸਚਰਜ ਕਰਨ ਵਾਲੀ ਤਬਦੀਲੀ ਲੈ ਆਂਦੀ ਹੈ ਅਤੇ ਇਨ੍ਹਾਂ ਸਾਧਨਾਂ ਨੇ ਸਮਾਜਿਕ ਸੰਚਾਰ

ਦਾ ਮੁਹਾਂਦਰਾ ਬਿਲਕੁਲ ਹੀ ਬਦਲ ਦਿੱਤਾ ਹੈ। ਇਨ੍ਹਾਂ ਨਵੀਆਂ ਸੰਸਥਾਵਾਂ ਵਿੱਚੋਂ ਕੁਝ ਇਕ ਦੇ ਨਾਂ ਹਨ:Myspace, Facebook, Twitter, Google+, WhatsApp, Instagram, Vine, Snapchat, and Tango. ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਇਹੋ ਜਿਹੀਆਂ ਸਮਾਜਿਕ ਸੰਚਾਰ ਦੀਆਂ ਸੰਸਥਾਵਾਂ ਹਨ ਅਤੇ ਸਮੇਂ ਸਮੇਂ ਨਵੀਆਂ ਸੰਸਥਾਵਾਂ ਹੋਂਦ ਵਿੱਚ ਆ ਰਹੀਆਂ ਹਨ।

ਸਭ ਤੋਂ ਪਹਿਲਾਂ 2003 ਵਿੱਚ ਮਾਈਸਪੇਸ (www.myspace.com) ਸੰਸਥਾ ਸ਼ੁਰੂ ਹੋਈ ਸੀ ਜਿਹੜੀ ਕਿ ਥੋੜ੍ਹੀ ਬਹੁਤੀ ਅੱਜ ਵਾਲੀ ਫੇਸਬੁੱਕ ਵਰਗੀ ਹੀ ਸੀ। ਇਸ ਉੱਤੇ ਲੋਕੀ ਆਪਣਾ ਖਾਤਾ ਖੁਲ੍ਹਾ ਕੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਸੰਪਰਕ ਕਾਇਮ ਕਰ ਸਕਦੇ ਸਨ, ਗੀਤ ਅਤੇ ਹੋਰ ਲਿਖਤਾਂ ਸਾਂਝੀਆਂ ਕਰ ਸਕਦੇ ਸਨ, ਅਤੇ ਕਈ ਕਿਸਮ ਦੀਆਂ ਖੇਡਾਂ ਵੀ ਖੇਡ ਸਕਦੇ ਸਨ। ਸਾਲ 2005 ਤੋਂ 2008 ਤੱਕ ਇਹ ਵੈੱਬਸਾਈਟ ਸਭ ਤੋਂ ਵੱਧ ਪ੍ਰਸਿੱਧ ਸੀ ਅਤੇ ਸਭ ਤੋਂ ਵੱਧ ਵਰਤੀ ਜਾਂਦੀ ਸੀ। ਇਸ ਦੇ ਆਉਣ ਨਾਲ ਬਹੁਤ ਸਾਰੇ ਲੋਕ ਇਕ ਦੂਜੇ ਨਾਲ ਈਮੇਲ ਦੀ ਥਾਂ ਇਸ ਵੈੱਬਸਾਈਟ ਰਾਹੀਂ ਸੰਪਰਕ ਰੱਖਣ ਲੱਗ ਪਏ। ਮਾਈਸਪੇਸ ਤੋਂ ਛੇਤੀਂ ਬਾਦ ਹੀ ਪਹਿਲਾਂ ਯੂਟਿਊਬ (Youtube), ਫਿਰ ਫੇਸਬੁੱਕ (Facebook), ਅਤੇ ਫਿਰ ਟਵਿਟਰ (Twitter) ਦੀਆਂ ਸੰਸਥਾਵਾਂ ਹੋਂਦ ਵਿੱਚ ਆਈਆਂ। ਜੇ ਦੇਖੀਏ ਤਾਂ ਇਨ੍ਹਾਂ ਤਿੰਨਾਂ ਸੰਸਥਾਵਾਂ ਦੇ ਆਉਣ ਨਾਲ ਦੁਨੀਆਂ ਦਾ ਸਾਰਾ ਢਾਂਚਾ ਹੀ ਅਤੇ ਸਾਡੀ ਜ਼ਿੰਦਗੀ ਹੀ ਬਦਲ ਗਈ ਹੈ। ਸਾਰੀ ਦੁਨੀਆਂ ਇਕ ਛੋਟਾ ਜਿਹਾ ਪਿੰਡ ਬਣ ਕੇ ਰਹਿ ਗਈ ਹੈ।

ਯੂਟਿਊਬ ਵੈੱਬਸਾਈਟ 2005 ਵਿੱਚ ਸ਼ੁਰੂ ਹੋਈ ਅਤੇ 2006 ਵਿੱਚ ਗੂਗਲ ਨੇ ਇਸ ਨੂੰ ਖ਼ਰੀਦ ਲਿਆ ਅਤੇ ਇਸ ਉੱਤੇ ਉਦੋਂ ਦੀ ਗੂਗਲ ਦੀ ਹੀ ਮਲਕੀਅਤ ਹੈ। ਯੂਟਿਊਬ ਉੱਤੇ ਕੋਈ ਵੀ ਇਨਸਾਨ ਆਪਣਾ ਖਾਤਾ ਖ਼ੋਲ ਕੇ ਵੀਡੀਓ ਪਾ ਸਕਦਾ ਹੈ ਪਰ ਇਸ ਵੀਡੀਓ ਦੀ ਲੰਬਾਈ ਯੂਟਿਊਬ ਵੱਲੋਂ ਨਿਸ਼ਚਿਤ ਕੀਤੀ ਲੰਬਾਈ ਤੋਂ ਵੱਧ ਨਹੀਂ ਹੋਣੀ ਚਾਹੀਦੀ। ਯੂਟਿਊਬ ਉੱਤੇ ਅਜਿਹੀਆਂ ਵਧੀਆ ਤੋਂ ਵਧੀਆ ਵੀਡੀਓ ਹਨ ਜੋ ਸਾਡੇ ਲਈ ਜ਼ਿੰਦਗੀ ਵਿੱਚ ਬਹੁਤ ਸਹਾਈ ਹੁੰਦੀਆਂ ਹਨ। ਜਿਵੇਂ ਕਿ ਮੈਂ ਪਿੱਛੇ ਜਿਹੇ ਨਵੀਂ ਕਾਰ ਖ਼ਰੀਦੀ ਜਿਸ ਵਿੱਚ ਬਲੂਟੂਥ (Bluetooth ਹੈ ਜਿਸ ਨਾਲ ਤੁਸੀਂ ਆਪਣਾ ਸਮਾਰਟ (Smart) ਫ਼ੋਨ ਅਤੇ ਆਈਪੌਡ (Ipod) ਲਾ ਸਕਦੇ ਹੋ। ਮੈਂ ਯੂਟਿਊਬ ਤੇ ਜਾ ਕੇ ਆਪਣੀ ਕਾਰ ਦੇ ਬਲੂਟੂਥ ਵਾਲੀਆਂ ਵੀਡੀਓ ਦੀ ਥੋੜ੍ਹੀ ਖੋਜ ਕੀਤੀ, ਉਨ੍ਹਾਂ ਵੀਡੀਓ ਨੂੰ ਦੇਖਿਆ, ਅਤੇ ਆਪਣਾ ਫ਼ੋਨ ਅਤੇ ਆਈਪੌਡ ਕਾਰ ਨਾਲ ਜੋੜ ਲਿਆ। ਮੈਨੂੰ ਕਿਸੇ ਮਕੈਨਿਕ ਦੀ ਲੋੜ ਨਹੀਂ ਪਈ। ਇਸ ਤਰ੍ਹਾਂ ਦੀਆਂ ਹਰ ਕਿਸਮ ਦੀਆਂ ਵੀਡੀਓ ਤੁਹਾਨੂੰ ਯੂਟਿਊਬ ਉੱਤੇ ਮਿਲ ਜਾਂਦੀਆਂ ਹਨ ਜੋ ਬਹੁਤ ਹੀ ਸਹਾਈ ਹੁੰਦੀਆਂ ਹਨ। ਇਸ ਵੈੱਬਸਾਈਟ ਤੇ ਵੱਖ ਵੱਖ ਵਿਸ਼ਿਆਂ ਉੱਤੇ ਬਹੁਤ ਸਾਰੀਆਂ ਵੀਡੀਓ ਹਨ ਜੋ ਦੇਖ ਕੇ ਤੁਸੀਂ ਉਨ੍ਹਾਂ ਵਿਸ਼ਿਆਂ ਬਾਰੇ ਜਾਣਕਾਰੀ ਲੈ ਸਕਦੇ ਹੋ। ਤੁਸੀਂ ਕਾਫ਼ੀ ਪੁਰਾਣੇ ਤੋਂ ਪੁਰਾਣੇ ਦੁਰਲੱਭ ਗੀਤ ਵੀ ਯੂਟਿਊਬ ਤੇ ਲੱਭ ਸਕਦੇ ਹੋ ਅਤੇ ਸਾਹਿਤਕ ਰਚਨਾਵਾਂ ਵੀ ਸੁਣ ਸਕਦੇ ਹੋ। ਤੁਸੀਂ ਕਿਸੇ ਵੀ ਇਨਸਾਨ ਜਾਂ ਵਿਸ਼ੇ ਦਾ ਨਾਂ ਯੂਟਿਊਬ ਉੱਤੇ ਖੋਜ ਵਾਲੇ ਖ਼ਾਨੇ ਵਿੱਚ ਪਾ ਕੇ ਉਸ ਬਾਰੇ ਸਾਰੀਆਂ ਵੀਡੀਓ ਲੱਭ ਸਕਦੇ ਹੋ ਅਤੇ ਦੇਖ ਸਕਦੇ ਹੋ। ਜਿਵੇਂ ਕਿ ਤੁਸੀਂ ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦਾ ਨਾਂ ਯੂਟਿਊਬ ਤੇ ਪਾ ਕੇ ਇਸ ਦੀਆਂ ਸਾਰੀਆਂ ਵੀਡੀਓ ਦੇਖ ਸਕਦੇ ਹੋ। ਮੁੱਕਦੀ ਗੱਲ ਇਹ ਕਿ ਤੁਸੀਂ ਕਿਸੇ ਵੀ ਇਨਸਾਨ, ਸੰਸਥਾ, ਗੀਤ-ਸੰਗੀਤ, ਅਤੇ ਕੰਮ ਬਾਰੇ ਯੂਟਿਊਬ ਤੇ ਵੀਡੀਓ ਲੱਭ ਸਕਦੇ ਹੋ ਅਤੇ ਦੇਖ ਸਕਦੇ ਹੋ ਜੇ ਉਹ ਵੀਡੀਓ ਯੂਟਿਊਬ ਉੱਤੇ ਹੈ। ਅਮਰੀਕਾ ਵਰਗੇ ਮੁਲਕਾਂ ਵਿੱਚ ਤਾਂ ਯੂਟਿਊਬ ਕਾਲਜਾਂ ਅਤੇ ਸਕੂਲਾਂ ਵਿੱਚ ਬਹੁਤ ਸਾਰੇ ਪ੍ਰੋਫੈਸਰ ਅਤੇ ਅਧਿਆਪਕ ਪੜ੍ਹਾਉਣ ਲਈ ਵੀ ਵਰਤਦੇ ਹਨ।



ਜਿੱਥੇ ਯੂਟਿਊਬ ਉੱਤੇ ਸਾਨੂੰ ਲੋਕਾਂ ਵੱਲੋਂ ਪਾਈਆਂ ਜ਼ਿੰਦਗੀ ਵਿੱਚ ਸਹਾਈ ਹੋਣ ਵਾਲੀਆਂ ਬਹੁਤ ਸਾਰੀਆਂ ਵੀਡੀਓ ਮਿਲਦੀਆਂ ਹਨ, ਉੱਥੇ ਬਹੁਤ ਸਾਰੇ ਲੋਕਾਂ ਵੱਲੋਂ ਪਾਈਆਂ ਹਰ ਕਿਸਮ ਦੀਆਂ ਬਹੁਤ ਸਾਰਿਆਂ ਲੱਚਰ ਅਤੇ ਅਸ਼ਲੀਲ ਵੀਡੀਓ ਵੀ ਮਿਲਦੀਆਂ ਹਨ। ਭਾਵੇਂ ਇਹ ਵੀਡੀਓ ਪੂਰੀਆਂ ਅਸ਼ਲੀਲ ਤਾਂ ਨਹੀਂ ਪਰ ਫਿਰ ਵੀ ਕਾਫ਼ੀ ਅਸ਼ਲੀਲ ਹਨ। ਕੁਝ ਪੰਜਾਬੀਆਂ ਨੇ ਗਾਲ੍ਹਾਂ ਦੀਆਂ ਵੀਡੀਓ, ਫ਼ੋਨ ਰਾਹੀਂ ਭੈੜੀਆਂ ਗੱਲਾਂ ਕਰਨ ਦੀਆਂ ਵੀਡੀਓ, ਅਸ਼ਲੀਲ ਬੋਲੀਆਂ ਦੀਆਂ ਵੀਡੀਓ ਆਦਿ ਪਾ ਕੇ ਆਪਣੇ ਚਾਲਚਲਣ ਦਾ ਖ਼ੂਬ ਦਿਖਾਵਾ ਕੀਤਾ ਹੈ। ਕਿਸੇ ਬੱਗਾ ਸਫ਼ਰੀ ਨੇ ਤਾਂ ਆਪਣੇ ਬਹੁਤ ਸਾਰੇ ਅਸ਼ਲੀਲ ਗੀਤ ਪਾ ਕੇ ਅੱਤ ਹੀ ਕਰ ਦਿੱਤੀ ਹੈ ਜਿਨ੍ਹਾਂ ਸਾਹਮਣੇ ਚਮਕੀਲਾ ਪੂਰਾ ਸਾਧ ਲਗਦਾ ਹੈ। ਕਈ ਫ਼ਿਰਕਾਪ੍ਰਸਤ ਲੋਕਾਂ ਨੇ ਸਿੱਖ ਸੰਤਾਂ ਦੀਆਂ ਵੀਡੀਓ ਪਾ ਕੇ ਉੱਪਰ ਗਾਲ੍ਹਾਂ ਰਿਕਾਰਡ ਕੀਤੀਆਂ ਹੋਈਆਂ ਹਨ। ਮੁੱਕਦੀ ਗੱਲ ਇਹ ਕਿ ਜਿੱਥੇ ਯੂਟਿਊਬ ਉੱਤੇ ਵਧੀਆ ਤੋਂ ਵਧੀਆ ਵੀਡੀਓ ਮਿਲਦੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ ਉੱਥੇ ਇਸ ਵੈੱਬਸਾਈਟ ਉੱਤੇ ਭੈੜੀਆਂ ਤੋਂ ਭੈੜੀਆਂ ਵੀਡੀਓ ਵੀ ਮਿਲਦੀਆਂ ਹਨ। ਜੇ ਤੁਸੀਂ ਕਿਸੇ ਚੰਗੀ ਵੀਡੀਓ ਦੀ ਖੋਜ ਕਰੋ ਤਾਂ ਕਈ ਵਾਰੀ ਨਾਲ ਮਾੜੀ ਵੀਡੀਓ ਵੀ ਤੁਹਾਡੇ ਕੰਪਿਊਟਰ ਤੇ ਸਾਹਮਣੇ ਆ ਜਾਂਦੀ ਹੈ ਜੋ ਤੁਹਾਨੂੰ ਪਰਵਾਰ ਵਿੱਚ ਬੈਠਿਆਂ ਨੂੰ ਸ਼ਰਮਿੰਦਾ ਕਰ ਸਕਦੀ ਹੈ। ਯੂਟਿਊਬ ਤੇ ਜਿੱਥੇ ਬਹੁਤ ਸਾਰੇ ਫੁੱਲ ਹਨ ਉੱਥੇ ਕਾਫ਼ੀ ਕੰਡੇ ਵੀ ਹਨ ਜਿਨ੍ਹਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਜੇ ਇਸ ਨੂੰ ਠੀਕ ਢੰਗ ਨਾਲ ਵਰਤੀਏ ਤਾਂ ਇਹ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਹੋ ਰਹੀਆਂ ਖ਼ੂਬਸੂਰਤ ਗੱਲਾਂ ਨੂੰ ਕੋਨੇ ਕੋਨੇ ਵਿੱਚ ਪਹੁੰਚਾਉਣ ਦਾ ਬਹੁਤ ਵਧੀਆ ਸੰਚਾਰਕ ਸਾਧਨ ਹੈ।

ਯੂਟਿਊਬ ਵਾਂਗ ਹੀ ਫੇਸਬੁੱਕ ਨੇ ਸਮਾਜਿਕ ਸੰਚਾਰ ਦੇ ਤੌਰ ਤਰੀਕਿਆਂ ਵਿੱਚ ਬੇਹੱਦ ਤਬਦੀਲੀਆਂ ਲਿਆਂਦੀਆਂ ਹਨ। ਜੇ ਇਸ ਦੀ ਠੀਕ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਫੇਸਬੁੱਕ ਸੰਚਾਰ ਦਾ ਬਹੁਤ ਹੀ ਵਧੀਆ ਸਾਧਨ ਹੈ। ਕੋਈ ਵੀ ਖ਼ਬਰ ਦੁਨੀਆਂ ਦੇ ਕਿਸੇ ਵੀ ਹਿੱਸੇ ਦੀ ਹੋਵੇ, ਕੋਈ ਵੀ ਘਟਨਾ ਧਰਤੀ ਦੇ ਕਿਸੇ ਵੀ ਕੋਨੇ ਵਿੱਚ ਵਾਪਰੀ ਹੋਵੇ, ਫੇਸਬੁੱਕ ਤੋਂ ਉਸ ਦੀ ਜਾਣਕਾਰੀ ਝੱਟ ਮਿਲ ਜਾਂਦੀ ਹੈ। ਕੁਝ ਮਿੰਟਾਂ ਸਕਿੰਟਾਂ ਵਿੱਚ ਹੀ ਸੰਸਾਰ ਦੇ ਇਕ ਕੋਨੇ ਵਿੱਚ ਵਾਪਰੀਆਂ ਗੱਲਾਂ ਜਾਂ ਘਟਨਾਵਾਂ ਦੀ ਖ਼ਬਰ ਦੁਨੀਆਂ ਦੇ ਦੂਜੇ ਕੋਨੇ ਵਿੱਚ ਪਹੁੰਚ ਜਾਂਦੀ ਹੈ। ਲੋਕ ਆਪਣੀਆਂ ਅਤੇ ਆਪਣੇ ਪਰਵਾਰ ਦੀਆਂ ਖ਼ਬਰਾਂ ਅਤੇ ਫ਼ੋਟੋ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਝੱਟ ਸਾਂਝੀਆਂ ਕਰ ਸਕਦੇ ਹਨ। ਅਸੀਂ ਵਧੀਆ ਤੋਂ ਵਧੀਆ ਵਿਸ਼ਿਆਂ ਤੇ ਆਪਣੇ ਵਿਚਾਰ ਪੇਸ਼ ਕਰ ਸਕਦੇ ਹਾਂ ਅਤੇ ਦੂਜਿਆਂ ਦੇ ਵਿਚਾਰ ਸੁਣ-ਪੜ੍ਹ ਸਕਦੇ ਹਾਂ। ਵੱਖ ਵੱਖ ਵਿਸ਼ਿਆਂ ਤੇ ਦੋਸਤ ਬਹੁਤ ਹੀ ਵਧੀਆ ਤਰੀਕੇ ਨਾਲ ਬਹਿਸ ਕਰ ਸਕਦੇ ਹਨ। ਸਾਹਿਤਕਾਰ ਆਪਣੀਆਂ ਨਵੀਆਂ ਰਚਨਾਵਾਂ ਜਾਂ ਨਵੀਆਂ ਕਿਤਾਬਾਂ ਬਾਰੇ ਜਾਣਕਾਰੀ ਦੇ ਸਕਦੇ ਹਨ। ਗਰੁੱਪ ਬਣਾ ਕੇ ਦੋਸਤ ਵਧੀਆ ਤਰੀਕੇ ਨਾਲ ਗੱਲਾਂ ਬਾਤਾਂ ਕਰ ਸਕਦੇ ਹਨ। ਅਸੀਂ ਆਪਣੀ ਪਸੰਦ ਦੇ ਗੀਤ ਸੰਗੀਤ ਸਾਂਝੇ ਕਰ ਸਕਦੇ ਹਾਂ। ਪਰ ਜਿੱਥੇ ਫੇਸਬੁੱਕ ਦੇ ਬਹੁਤ ਸਾਰੇ ਫ਼ਾਇਦੇ ਹਨ ਉੱਥੇ ਇਸ ਦੇ ਕਈ ਔਗੁਣ ਅਤੇ ਨੁਕਸਾਨ ਵੀ ਹਨ ਜੋ ਅਸੀਂ ਆਪ ਹੀ ਇਸ ਦੀ ਦੁਰਵਰਤੋਂ ਕਰ ਕੇ ਪੈਦਾ ਕਰਦੇ ਹਾਂ। ਬਹੁਤ ਸਾਰੇ ਦੋਸਤ ਫੇਸਬੁੱਕ ਉੱਤੇ ਗ਼ਲਤ ਬਹਿਸਾਂ ਵਿੱਚ ਪੈ ਜਾਂਦੇ ਹਨ ਜਿਨ੍ਹਾਂ ਕਾਰਨ ਕਈ ਵਾਰੀ ਗਾਲ੍ਹੀ-ਗਲੋਚ ਤੱਕ ਗੱਲ ਪਹੁੰਚ ਜਾਂਦੀ ਹੈ। ਕਈ ਦੋਸਤ ਤਾਂ ਸਾਰਾ ਸਾਰਾ ਦਿਨ ਜਾਂ ਸਾਰੀ ਸਾਰੀ ਰਾਤ ਹੀ ਫੇਸਬੁੱਕ ਉੱਤੇ ਲੰਘਾ ਦਿੰਦੇ ਹਨ ਪਰ ਇਸ ਵਿੱਚੋਂ ਉਨ੍ਹਾਂ ਨੂੰ ਸ਼ਾਇਦ ਹੀ ਕੁਝ ਲੱਭਦਾ ਹੋਵੇ। ਕਈ ਦੋਸਤ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਚੋਰੀ ਕੀਤੀਆਂ ਸਾਹਿਤਕ ਰਚਨਾਵਾਂ ਆਪਣੇ ਨਾਂ ਤੇ ਪਾਈ ਜਾਂਦੇ ਹਨ। ਬਹੁਤ ਸਾਰੀਆਂ ਲਿਖਤਾਂ ਕੱਟ-ਪੇਸਟ ਕਰ ਕੇ ਫੇਸਬੁੱਕ ਤੇ ਥਾਂ ਥਾਂ ਦੋਸਤਾਂ ਨੇ ਲਾਈਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਸਿਰਫ਼ ਸਮਾਂ ਹੀ ਖ਼ਰਾਬ ਹੁੰਦਾ ਹੈ।

ਬਹੁਤ ਸਾਰੇ ਲੋਕ ਫੇਸਬੁੱਕ ਤੇ ਪ੍ਰੇਮੀ ਜਾਂ ਪ੍ਰੇਮਿਕਾ ਨੂੰ ਲੱਭਣ ਦੇ ਚੱਕਰ ਵਿੱਚ ਲੱਗੇ ਰਹਿੰਦੇ ਹਨ। ਕੁਝ ਆਦਮੀ ਔਰਤਾਂ ਦੀ ਐਵੇਂ ਝੂਠੀ ਤਾਰੀਫ਼ ਕਰਦੇ ਨਹੀਂ ਰੱਜਦੇ। ਕਈ ਆਦਮੀ ਅਜਿਹੇ ਹਨ ਜੋ ਔਰਤਾਂ ਬਾਰੇ ਗ਼ਲਤ ਸ਼ਬਦ ਲਿਖ ਲਿਖ ਕੇ ਮਜ਼ਾ ਲੈਂਦੇ ਹਨ। ਕੁਝ ਔਰਤਾਂ ਵੀ ਹਨ ਜੋ ਆਦਮੀਆਂ ਨੂੰ ਭੰਡ ਕੇ ਖ਼ੁਸ਼ੀ ਪ੍ਰਾਪਤ ਕਰਦੀਆਂ ਹਨ। ਅਮਰੀਕਾ ਰਹਿੰਦੀ ਇਕ ਲੇਖਕਾ ਤਾਂ ਹਮੇਸ਼ਾ ਹੀ ਕਿਸੇ ਨਾ ਕਿਸੇ ਨੂੰ ਗਾਲ੍ਹਾਂ ਕੱਢਣ ਤੇ ਤੁਲੀ ਰਹਿੰਦੀ ਹੈ। ਇਕ ਵਾਰੀ ਉਸ ਨੇ ਪਹਿਲਾਂ ਤਾਂ ਪੰਜਾਬ ਤੋਂ ਆਈ ਇਕ ਪ੍ਰਸਿੱਧ ਲੇਖਕਾ ਨੂੰ ਆਪਣੇ ਘਰ ਆਪ ਸੱਦ ਕੇ ਰੱਖਿਆ ਅਤੇ ਫਿਰ ਉਸ ਦੀਆਂ ਭੈੜੀਆਂ ਆਦਤਾਂ ਦਾ ਢੰਡੋਰਾ ਫੇਸਬੁੱਕ ਤੇ ਖ਼ੂਬ ਪੁੱਟਿਆ ਅਤੇ ਉਸ ਦੀ ਬੇਹੱਦ ਭੰਡੀ ਕੀਤੀ। ਸਾਨੂੰ ਕਿਸੇ ਦੂਜੇ ਦਾ ਨਾਂ ਲੈ ਕੇ ਉਸ ਦੇ ਔਗੁਣਾਂ ਦੀ ਤਾਂ ਹੀ ਗੱਲ ਕਰਨੀ ਚਾਹੀਦੀ ਹੈ ਜੇ ਅਸੀਂ ਆਪ ਸੰਪੂਰਨ ਹੋਈਏ ਅਤੇ ਸਾਡੇ ਵਿੱਚ ਕੋਈ ਔਗੁਣ ਨਾ ਹੋਵੇ। ਫਿਰ ਇਸੇ ਔਰਤ ਨੇ ਇਕ ਪ੍ਰਸਿੱਧ ਕਹਾਣੀਕਾਰ ਬਾਰੇ ਬਹੁਤ ਕੁਝ ਲਿਖਿਆ। ਫਿਰ ਇਕ ਵਾਰੀ ਉਸ ਨੇ ਕੁਝ ਇਸ ਤਰ੍ਹਾਂ ਲਿਖਿਆ ਕਿ ਆਦਮੀਆਂ ਨੂੰ ਔਰਤ, ਸੈਕਸ, ਅਤੇ ਸ਼ਰਾਬ ਤੋਂ ਵਗੈਰ ਕੋਈ ਹੋਰ ਗੱਲ ਨਹੀਂ ਆਉਂਦੀ। ਮੈਂ ਇਸ ਉੱਤੇ ਇਕ ਛੋਟੀ ਜਿਹੀ ਟਿੱਪਣੀ ਕਰ ਦਿੱਤੀ ਜਿਸ ਦਾ ਭਾਵ ਸੀ ਕਿ ਸਾਰੇ ਆਦਮੀ ਇਕੋ ਜਿਹੇ ਨਹੀਂ। ਪਰ ਇਹ ਔਰਤ ਕਿਸੇ ਦੇ ਚੁੱਕਣ ਤੇ ਮੈਨੂੰ ਗਾਲ੍ਹਾਂ ਕੱਢਣ ਲੱਗ ਪਈ। ਪਰ ਇਹੋ ਜਿਹੀਆਂ ਗੱਲਾਂ ਫੇਸਬੁੱਕ ਤੇ ਕਰ ਕੇ ਕਈ ਵਾਰੀ ਅਸੀਂ ਆਪਣੀ ਅਕਲ ਦਾ ਹੀ ਦੀਵਾਲ਼ਾ ਕੱਢਦੇ ਹਾਂ। ਕਈ ਤਮਾਸ਼ਬੀਨ ਲੋਕ ਫੇਸਬੁੱਕ ਤੇ ਇਹੋ ਜਿਹੇ ਲੋਕਾਂ ਨੂੰ ਚੁੱਕ ਕੇ ਲੜਾਈਆਂ ਕਰਾ ਦਿੰਦੇ ਹਨ ਅਤੇ ਆਪ ਤਮਾਸ਼ਾ ਦੇਖਦੇ ਹਨ। ਫੇਸਬੁੱਕ ਤੇ ਬਹੁਤ ਸਾਰੇ ਅਜਿਹੇ ਆਦਮੀ ਅਤੇ ਔਰਤਾਂ ਹਨ ਜੋ ਰੋਜ਼ਾਨਾ ਹੀ ਕਿਸੇ ਨਾ ਕਿਸੇ ਗੱਲ ਤੇ ਗਾਲ਼ੀ-ਗਲੋਚ ਅਤੇ ਲੜਾਈਆਂ ਕਰਦੇ ਹਨ ਜਿਨ੍ਹਾਂ ਵਿੱਚੋਂ ਕਿਸੇ ਨੂੰ ਵੀ ਕੁਝ ਨਹੀਂ ਮਿਲਦਾ। ਕਈ ਦੋਸਤ ਤਾਂ ਫੇਸਬੁੱਕ ਤੇ ਆਪਣੀ ਹਉਮੈ ਅਤੇ ਈਰਖਾ ਦਾ ਪ੍ਰਗਟਾਵਾ ਕਰਨ ਹੀ ਆਉਂਦੇ ਹਨ। ਉਹ ਆਪਣੀਆਂ ਅਜੀਬ ਅਜੀਬ ਫ਼ੋਟੋ ਲਾ ਕੇ ਦਿਖਾਵਾ ਕਰਦੇ ਹਨ ਅਤੇ ਅਨੇਕਾਂ ਬੇਅਰਥ ਲਿਖਤਾਂ ਪਾ ਕੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਵਿਹਲੇ ਲੋਕ ਤਾਂ ਆਪਣੀ ਸ਼ੁਹਰਤ ਲਈ ਕਈ ਕਈ ਫ਼ਜ਼ੂਲ ਗਰੁੱਪ ਬਣਾ ਕੇ ਸਾਰਾ ਸਾਰਾ ਦਿਨ ਟਿੱਪਣੀਆਂ ਕਰਨ ਤੇ ਲੱਗੇ ਰਹਿੰਦੇ ਹਨ। ਕਾਸ਼ ਇਹ ਲੋਕ ਇਹ ਸਮਾਂ ਆਪਣੇ ਪਰਵਾਰਾਂ, ਰਿਸ਼ਤੇਦਾਰਾਂ, ਅਤੇ ਦੋਸਤਾਂ ਨਾਲ ਬਿਤਾਉਣ ਜਾਂ ਕੋਈ ਉਸਾਰੂ ਕੰਮ ਕਰਨ ਵਿੱਚ ਲਾਉਣ। ਕੁਝ ਦੋਸਤਾਂ ਨੇ ਬਹੁਤ ਵਧੀਆਂ ਗਰੁੱਪ ਵੀ ਬਣਾਏ ਹਨ ਜਿਨ੍ਹਾਂ ਤੇ ਬਹੁਤ ਵਧੀਆ ਸਾਹਿਤਕ ਅਤੇ ਹੋਰ ਵਿਸ਼ਿਆਂ ਤੇ ਉਸਾਰੂ ਬਹਿਸ ਹੁੰਦੀ ਹੈ ਜਿਸ ਤੋਂ ਅਸੀਂ ਸਾਰੇ ਬਹੁਤ ਕੁਝ ਸਿੱਖਦੇ ਹਾਂ। ਕਈ ਦੋਸਤ ਤਾਂ ਫੇਸਬੁੱਕ ਤੇ ਬਹੁਤ ਘਟੀਆ ਘਟੀਆ ਗੱਲਾਂ ਲਿਖੀ ਜਾਂਦੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਉਨ੍ਹਾਂ ਦੀ ਅਕਲ ਤੇ ਰੋਣਾ ਵੀ ਆਉਂਦਾ ਹੈ ਅਤੇ ਹਾਸਾ ਵੀ। ਕਈ ਦੋਸਤ ਬਾਰ ਬਾਰ ਹਰ ਘੜੀ ਹਰ ਪਲ ਲਿਖੀ ਜਾਂਦੇ ਹਨ ਕਿ ਹੁਣ ਉਹ ਕਿੱਥੇ ਹਨ ਅਤੇ ਕੀ ਕਰ ਰਹੇ ਹਨ। ਭਲਾ ਕਿਸੇ ਨੂੰ ਇਸ ਨਾਲ ਕੀ ਭਾਅ? ਕਈ ਸਾਹਿਤਕਾਰ ਆਪਣੀਆਂ ਰਚਨਾਵਾਂ ਬਾਰ ਬਾਰ ਫੇਸਬੁੱਕ ਤੇ ਲਾਈ ਜਾਂਦੇ ਹਨ ਅਤੇ ਦੂਜਿਆਂ ਨੂੰ ਪੜ੍ਹਨ ਲਈ ਕਹਿੰਦੇ ਹਨ ਪਰ ਆਪ ਕਿਸੇ ਦਾ ਲਿਖਿਆ ਕੁਝ ਨਹੀਂ ਪੜ੍ਹਦੇ। ਕਈ ਦੋਸਤ ਹਰ ਛੋਟੀ ਛੋਟੀ ਗੱਲ ਤੇ ਦੂਜਿਆਂ ਨੂੰ ਟੈਗ ਕਰੀ ਜਾਂਦੇ ਹਨ (ਜਾਣੀ ਕਿ ਆਪਣੀਆਂ ਚੀਜ਼ਾਂ ਭੇਜੀ ਜਾਂਦੇ ਹਨ) ਜੋ ਫ਼ਜ਼ੂਲ ਵਿੱਚ ਸਮਾਂ ਬਰਬਾਦ ਕਰਨ ਵਾਲੀ ਗੱਲ ਹੈ। ਅਸਲ ਵਿੱਚ ਅਸੀਂ ਫੇਸਬੁੱਕ ਦਾ ਬਹੁਤ ਫ਼ਾਇਦਾ ਉਠਾ ਸਕਦੇ ਹਾਂ ਜੇਕਰ ਇਸ ਨੂੰ ਠੀਕ ਢੰਗ ਨਾਲ ਵਰਤੀਏ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਚੰਗੀਆਂ ਅਤੇ ਉਸਾਰੂ ਗੱਲਾਂ ਹੀ ਫੇਸਬੁੱਕ ਤੇ ਕਰਨੀਆਂ ਚਾਹੀਦੀਆਂ ਹਨ, ਮਾੜੀਆਂ ਅਤੇ ਗ਼ਲਤ ਗੱਲਾਂ ਨਹੀਂ। ਇਸ ਨੂੰ ਅਸੀਂ ਆਪਣੀ ਹਉਮੈ ਜਾਂ ਈਰਖਾ ਦਾ ਪ੍ਰਗਟਾਵਾ ਕਰਨ ਲਈ ਨਾ ਵਰਤੀਏ। ਅਸੀਂ ਦੂਜਿਆਂ ਦੇ ਵਿਚਾਰਾਂ ਦੀ ਇੱਜ਼ਤ



ਕਰੀਏ ਅਤੇ ਬਹੁਤ ਸਲੀਕਾ ਤਰੀਕੇ ਨਾਲ ਬਹਿਸ ਕਰੀਏ ਅਤੇ ਲੜਾਈ ਝਗੜਿਆਂ ਤੋਂ ਗੁਰੇਜ਼ ਕਰੀਏ। ਸਾਨੂੰ ਫੇਸਬੁੱਕ ਤੇ ਬਿਤਾਉਣ ਦਾ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ ਜਿਵੇਂ ਰੋਜ਼ਾਨਾ ਇਕ ਘੰਟੇ ਤੋਂ ਵੱਧ ਸਮਾਂ ਇਸ ਤੇ ਨਾ ਗੁਜ਼ਾਰਿਆ ਜਾਵੇ।

ਪਿਛਲੇ ਤਿੰਨ ਚਾਰ ਸਾਲਾਂ ਵਿੱਚ ਸਮਾਜਿਕ ਸੰਚਾਰ ਦਾ ਇਕ ਹੋਰ ਸਾਧਨ ਜੋ ਕਾਫ਼ੀ ਮਸ਼ਹੂਰ ਹੋਇਆ ਹੈ ਉਹ ਹੈ ਟਵਿਟਰ (Twitter) ਜਿਸ ਉੱਤੇ ਤੁਸੀਂ ਖਾਤਾ ਖ਼ੋਲ ਕੇ ਕੁਝ ਲਫ਼ਜ਼ਾਂ ਵਿੱਚ ਲੋਕਾਂ ਨੂੰ ਸੁਨੇਹਾ ਅਤੇ ਕੁਝ ਫ਼ੋਟੋ ਭੇਜ ਸਕਦੇ ਹੋ। ਸੁਨੇਹੇ ਵਿੱਚ ਤੁਸੀਂ ਬਹੁਤਾ ਕੁਝ ਨਹੀਂ ਲਿਖ ਸਕਦੇ, ਸਿਰਫ਼ ਕੁਝ ਲਫ਼ਜ਼ਾਂ ਵਿੱਚ ਖਾਸ ਗੱਲ ਹੀ ਲਿਖ ਸਕਦੇ ਹੋ। ਟਵਿਟਰ ਉੱਤੇ ਤੁਸੀਂ ਆਪਣੇ ਸ਼ਰਧਾਲੂ ਵੀ ਬਣਾ ਸਕਦੇ ਹੋ ਜਾਂ ਲੋਕ ਖ਼ੁਦ ਤੁਹਾਡੇ ਸ਼ਰਧਾਲੂ ਬਣ ਸਕਦੇ ਹਨ। ਫਿਰ ਇਹ ਸ਼ਰਧਾਲੂ ਤੁਹਾਡਾ ਭੇਜਿਆ ਹਰ ਸੁਨੇਹਾ ਦੇਖ ਸਕਦੇ ਹਨ। ਆਮ ਤੌਰ ਤੇ ਬਹੁਤ ਸਾਰੇ ਮਸ਼ਹੂਰ ਲੋਕਾਂ ਨੇ ਟਵਿਟਰ ਤੇ ਆਪਣੇ ਹਜ਼ਾਰਾਂ ਜਾਂ ਲੱਖਾਂ ਚੇਲੇ ਬਣਾ ਰੱਖੇ ਹਨ ਜੋ ਹਰ ਵੇਲੇ ਉਨ੍ਹਾਂ ਦੇ ਸੁਨੇਹਿਆਂ ਦੀ ਉਡੀਕ ਕਰਦੇ ਰਹਿੰਦੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਯੂਟਿਊਬ, ਫੇਸਬੁੱਕ, ਅਤੇ ਟਵਿਟਰ ਨੇ ਦੁਨੀਆਂ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਲਿਆਉਣ ਵਿੱਚ ਬੇਹੱਦ ਮੱਦਦ ਕੀਤੀ ਹੈ। ਜਦੋਂ 2011 ਦੇ ਸ਼ੁਰੂ ਵਿੱਚ ਤੁਨੀਸ਼ੀਆ ਵਿੱਚ ਉੱਥੋਂ ਦੀ ਸਰਕਾਰ ਵਿਰੁੱਧ ਮੁਜ਼ਾਹਰੇ ਹੋਣੇ ਸ਼ੁਰੂ ਹੋਏ ਤਾਂ ਉਸ ਦੀਆਂ ਖ਼ਬਰਾਂ ਅਤੇ ਫ਼ੋਟੋ ਹਰ ਘੜੀ ਹਰ ਪਲ ਯੂਟਿਊਬ, ਫੇਸਬੁੱਕ, ਅਤੇ ਟਵਿਟਰ ਰਾਹੀਂ ਦੁਨੀਆਂ ਦੇ ਹਰ ਕੋਨੇ ਵਿੱਚ ਲਗਾਤਾਰ ਪਹੁੰਚ ਰਹੀਆਂ ਸਨ ਜਿਨ੍ਹਾਂ ਕਾਰਨ ਇਹ ਮੁਜ਼ਾਹਰੇ ਇੰਨੇ ਤਾਕਤਵਰ ਹੋ ਗਏ ਕਿ ਉਨ੍ਹਾਂ ਨੇ ਤੁਨੀਸ਼ੀਆ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। ਫਿਰ ਇਹੋ ਕੰਮ ਮਿਸਰ ਵਿੱਚ ਹੋਇਆ ਜਦੋਂ 30 ਸਾਲਾਂ ਤੋਂ ਚਲੇ ਆ ਰਹੇ ਤਾਨਾਸ਼ਾਹ ਹਸਨੀ ਮੁਬਾਰਕ ਵਿਰੁੱਧ ਮੁਜ਼ਾਹਰੇ ਸ਼ੁਰੂ ਹੋਏ। ਯੂਟਿਊਬ, ਫੇਸਬੁੱਕ, ਅਤੇ ਟਵਿਟਰ ਦੇ ਕਾਰਨ ਹੀ ਹਸਨੀ ਮੁਬਾਰਕ ਦੀ ਸਰਕਾਰ ਲਈ ਉਨ੍ਹਾਂ ਮੁਜ਼ਾਹਰਿਆਂ ਨੂੰ ਕੰਟਰੋਲ ਕਰਨਾ ਬਿਲਕੁਲ ਅਸੰਭਵ ਹੋ ਗਿਆ ਅਤੇ ਮਹੀਨੇ ਕੁ ਵਿੱਚ ਹੀ ਮੁਬਾਰਕ ਨੂੰ ਗੱਦੀ ਛੱਡਣੀ ਪਈ। ਉਸ ਤੋਂ ਛੇਤੀਂ ਬਾਦ ਹੀ ਲਿਬੀਆ ਵਿੱਚ ਯੂਟਿਊਬ, ਫੇਸਬੁੱਕ, ਅਤੇ ਟਵਿਟਰ ਨੇ ਅਜਿਹੀ ਭੂਮਿਕਾ ਨਿਭਾਈ ਕਿ 40 ਸਾਲ ਦੇ ਲਗਭਗ ਰਾਜ ਕਰਨ ਵਾਲਾ ਤਾਨਾਸ਼ਾਹ ਗਦਾਫ਼ੀ ਵੀ ਲੋਕਾਂ ਵੱਲੋਂ ਉਸ ਦੇ ਵਿਰੁੱਧ ਉੱਠੀ ਲਹਿਰ ਨੂੰ ਕੰਟਰੋਲ ਨਾ ਕਰ ਸਕਿਆ ਅਤੇ ਉਸ ਨੂੰ ਰਾਜ ਛੱਡ ਕੇ ਨੱਠਣਾ ਪਿਆ ਅਤੇ ਕੁਝ ਦੇਰ ਬਾਦ ਹੀ ਲੋਕਾਂ ਨੇ ਉਸ ਨੂੰ ਫੜ ਕੇ ਮਾਰ ਦਿੱਤਾ। ਇਨ੍ਹਾਂ ਸਾਰੇ ਮੁਲਕਾਂ ਵਿੱਚ ਇਹ ਸਾਰੇ ਇਨਕਲਾਬ ਯੂਟਿਊਬ, ਫੇਸਬੁੱਕ, ਅਤੇ ਟਵਿਟਰ ਦੀ ਸਹਾਇਤਾ ਨਾਲ ਹੀ ਆਏ। ਪਰ ਇਹ ਸਭ ਕੁਝ ਪਿਛਲੇ ਕੁਝ ਸਾਲਾਂ ਵਿੱਚ ਸਮਾਰਟ (Smart) ਫ਼ੋਨ ਦੇ ਆਉਣ ਨਾਲ ਹੀ ਹੋਇਆ। ਅਸੀਂ ਜਿੱਥੇ ਮਰਜ਼ੀ ਹੋਈਏ, ਜੇ ਸਾਡੇ ਕੋਲ ਸਮਾਰਟ ਫ਼ੋਨ ਹੈ ਤਾਂ ਅਸੀਂ ਇਨ੍ਹਾਂ ਸਾਧਨਾਂ ਨੂੰ ਵਰਤ ਕੇ ਦੁਨੀਆਂ ਦੇ ਕੋਨੇ ਕੋਨੇ ਦੀਆਂ ਖ਼ਬਰਾਂ ਦੇਖ ਸੁਣ ਸਕਦੇ ਹਾਂ ਅਤੇ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਸੁਨੇਹੇ ਪੜ੍ਹ ਸਕਦੇ ਹਾਂ। ਇਸ ਸਮਾਰਟ ਫ਼ੋਨ ਰਾਹੀਂ ਅਸੀਂ ਦੁਨੀਆਂ ਵਿੱਚ ਵਾਪਰ ਰਹੀਆਂ ਹਰ ਤਰ੍ਹਾਂ ਦੀਆਂ ਖ਼ਬਰਾਂ ਨਾਲ ਜੁੜੇ ਰਹਿ ਸਕਦੇ ਹਾਂ।

ਵੈਸੇ ਵੇਖਿਆ ਜਾਵੇ ਤਾਂ ਸਭ ਤੋਂ ਵੱਧ ਜਿਸ ਕਾਢ ਨੇ ਸਮਾਜਿਕ ਸੰਚਾਰ ਦੇ ਸਾਧਨਾਂ ਵਿੱਚ ਇਕ ਕਿਸਮ ਦੀ ਇੰਨੀ ਵੱਡੀ ਤਬਦੀਲੀ ਲਿਆਂਦੀ ਹੈ ਉਹ ਹੈ ਮੋਬਾਈਲ ਫ਼ੋਨ ਦੀ ਕਾਢ ਅਤੇ ਫਿਰ ਸਮਾਰਟ ਮੋਬਾਈਲ ਫ਼ੋਨ ਦਾ ਆਉਣਾ। ਸਮਾਰਟ ਫ਼ੋਨ ਨੇ ਤਾਂ ਸਾਡੀ ਜ਼ਿੰਦਗੀ ਨੂੰ ਇਕ ਬਹੁਤ ਵਧੀਆ ਮੋੜ ਦੇ ਦਿੱਤਾ ਹੈ। ਜੇ ਅਸੀਂ ਇਨ੍ਹਾਂ ਸਾਧਨਾਂ ਦੀ ਠੀਕ ਤਰ੍ਹਾਂ ਵਰਤੋਂ ਕਰੀਏ ਤਾਂ ਅਸੀਂ ਇਨ੍ਹਾਂ ਤੋਂ ਬੇਹੱਦ ਫ਼ਾਇਦੇ ਲੈ ਸਕਦੇ ਹਾਂ। ਪਰ ਬਦਕਿਸਮਤੀ ਨਾਲ ਅਸੀਂ ਇਨ੍ਹਾਂ ਨਾਲ ਗ਼ਲਤ ਪਾਸੇ ਨੂੰ ਵੀ ਜਾ ਸਕਦੇ ਹਾਂ। ਚੋਣ ਸਾਡੀ ਆਪਣੀ ਹੈ। ਫ਼ੈਸਲਾ ਸਾਡਾ ਆਪਣਾ ਹੈ।

# ਦਾਇਰਿਆਂ ਤੋਂ ਪਾਰ ਜਾਣ ਦੀ ਜੁਸਤਜੂ: ਬੱਦਲਾਂ ਤੋਂ ਪਾਰ

-ਗੁਰਪਾਲ ਸਿੰਘ ਸੰਧੂ

ਮਹਿੰਦਰ ਗਿੱਲ ਸਮਕਾਲੀ ਪੰਜਾਬੀ ਕਵਿਤਾ ਵਿਚ ਵੱਖਰੀ ਕਾਵਿ-ਸ਼ੈਲੀ ਅਤੇ ਵਿਚਾਰ-ਪ੍ਰਬੰਧ ਨੂੰ ਸਿਰਜਣ ਵਾਲਾ ਕਵੀ ਹੈ। ਲਗਭਗ ਤਿੰਨ ਦਹਾਕਿਆਂ ਤੋਂ ਕਾਵਿ-ਰਚਨਾ ਕਰ ਰਹੇ ਇਸ ਸ਼ਾਇਰ ਦੀਆਂ ਇਸ ਤੋਂ ਪਹਿਲਾਂ ਚਾਰ ਕਾਵਿ-ਪੁਸਤਕਾਂ; ਮੇਰੇ ਲੋਕ (1983), ਬਿਨ ਬਰਸਾਤੀਂ ਮੇਘਲੇ (1989), ਅੱਖ ਦੇ ਬੋਲ (1995) ਅਤੇ 'ਓਦੋਂ ਤੇ ਹੁਣ' (2009) ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਦੀ ਸਮੁੱਚੀ ਕਵਿਤਾ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਇਕ ਪਾਸੇ ਤਾਂ ਪੰਜਾਬੀ ਕਵਿਤਾ ਦੇ ਬਰਤਾਨਵੀ ਰੂਪ ਵਿਚ ਪਿਛਲੇ ਤਿੰਨ ਦਹਾਕਿਆਂ ਵਿਚ ਵਾਪਰੇ ਸਮਾਜਿਕ, ਵਿਚਾਰਾਤਮਕ ਅਤੇ ਸੁਹਜਾਤਮਕ ਫੇਰ ਬਦਲ ਨਾਲ ਰਿਸ਼ਤਾ ਜੋੜ ਕੇ ਤੁਰਦੀ ਹੈ ਅਤੇ ਨਾਲ ਦੀ ਨਾਲ ਹੀ ਇਹ ਉਹਨਾਂ ਸਥਾਈ ਅਤੇ ਤਸਦੀਕੀ ਮਾਨਵੀ ਮੁੱਲ-ਵਿਧਾਨ ਦੇ ਧਰਾਤਲ ਉਤੇ ਖੜੀ ਹੈ, ਜੋ ਸਮਿਆਂ ਨਾਲ ਰਿਸ਼ਤਾ ਰੱਖਦਾ ਹੋਇਆ ਵੀ ਸਮਿਆਂ ਤੋਂ ਪਾਰ ਜਾਣ ਦੀ ਵਿਸ਼ੇਸ਼ਤਾ ਰੱਖਦਾ ਹੈ। 'ਬੱਦਲਾਂ ਤੋਂ ਪਾਰ' ਕਾਵਿ-ਸੰਗ੍ਰਹਿ ਦੀ ਕਵਿਤਾ ਇਸ ਮੁੱਲ-ਵਿਧਾਨ ਦੀ ਪੇਸ਼ਕਾਰੀ ਦੇ ਵਰਤਮਾਨ ਸੰਦਰਭ ਨੂੰ ਮੁਖਾਤਿਬ ਹੋਣ ਵਾਲੀ ਕਵਿਤਾ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ।

ਇਸ ਕਾਵਿ-ਸੰਗ੍ਰਹਿ ਦੇ ਅਧਿਐਨ ਸਮੇਂ ਅਸੀਂ ਆਪਣੀ ਗੱਲ ਉਸ ਦੀ ਲੰਮੀ ਕਵਿਤਾ 'ਬਿਨ ਬਰਸਾਤੀਂ ਮੇਘਲੇ' ਦੇ ਹਵਾਲੇ ਨਾਲ ਵੀ ਸ਼ੁਰੂ ਕਰ ਸਕਦੇ ਹਾਂ। ਇਹ ਦੋਵੇਂ ਰਚਨਾਵਾਂ ਆਪਣੇ ਆਪਣੇ ਸਮੇਂ ਦੇ ਬਰਤਾਨਵੀ ਪੰਜਾਬੀ ਭਾਈਚਾਰੇ ਦੇ ਸੱਚ ਨੂੰ ਆਪਣੇ ਆਪਣੇ ਸੰਦਰਭਾਂ ਵਿਚ ਪੇਸ਼ ਕਰ ਰਹੀਆਂ ਹਨ; ਪਹਿਲੀ, ਉਸ ਸਮੇਂ ਦੇ ਸੱਚ ਨੂੰ 'ਬਿਨ ਬਰਸਾਤੀਂ ਮੇਘਲੇ' ਦੇ ਇਸ਼ਤਿਆਰੇ ਨਾਲ ਬਿਆਨ ਕਰ ਰਹੀ ਹੈ, ਜਦ ਕਿ ਦੂਜੀ 'ਬੱਦਲਾਂ ਤੋਂ ਪਾਰ' ਜਾਣ ਦੀ ਅਭਿਲਾਸ਼ਾ ਅਤੇ ਜੁਸਤਜੂ ਦੇ ਪ੍ਰਤੀਕਾਂ ਨਾਲ ਰੂਪਮਾਨ ਕਰਦੀ ਹੈ। ਪਹਿਲੀ ਕਵਿਤਾ ਦਾ ਆਪਣਾ ਸਮਾਜਿਕ ਅਤੇ ਰਚਨਾਤਮਕ ਸੰਦਰਭ ਹੈ ਅਤੇ ਦੂਜੀ ਕਵਿਤਾ ਦਾ ਆਪਣਾ। ਪਰ, ਇਹ ਦੋਵੇਂ ਰਚਨਾਵਾਂ ਹੀ ਸੱਚ ਦੇ ਵਿਸ਼ੇਸ਼ ਕਾਲਿਕ ਸੰਦਰਭ ਦੀ ਸੀਮਾ-ਬੱਧਤਾ ਨੂੰ ਮੁਖ਼ਾਤਬ ਹੋ ਕੇ ਇਸ ਤੋਂ ਪਾਰ ਜਾਣ ਦੀ ਲੋੜ ਅਤੇ ਅਹਿਮੀਅਤ ਨੂੰ ਰੂਪਮਾਨ ਕਰ ਰਹੀਆਂ ਹਨ। ਮਹਿੰਦਰ ਗਿੱਲ ਦੀ ਕਾਵਿ-ਸੰਵੇਦਨਾ ਦੀ ਇਹ ਗਤੀ ਹੀ ਉਸ ਦੀ ਸਮੁੱਚੀ ਕਾਵਿ-ਸਾਧਨਾ ਦੇ ਅੰਤਰੀਵੀ ਤਰਕ ਨੂੰ ਉਭਾਰਦੀ ਹੈ। ਉਸ ਦੀ ਕਵਿਤਾ 'ਅੰਗ' ਸਮਕਾਲ ਤੇ ਪਾਰਕਾਲ ਦੀ ਇਸ ਵਿਚਾਰਾਤਮਕ ਖੇਡ ਦੇ ਅਸਰਦਾਰ ਦ੍ਰਿਸ਼ ਨੂੰ ਇਸ ਤਰ੍ਹਾਂ ਪੇਸ਼ ਕਰਦੀ ਹੈ;

ਮੇਰੇ ਤੇ ਥੋਪ
ਰਹੇ ਨੇ ਨਵੇਂ ਨਵੇਂ ਅੰਗ
ਕੀ ਹੋਰ ਰਿਹਾ ਹੈ, ਮੇਰੇ ਸਰੀਰ ਨੂੰ
ਮੈਂ ਨਹੀਂ ਸਨ ਮੰਗੇ
ਇਹ ਓਪਰੇ-ਓਪਰੇ ਅੰਗ
ਆਲੇ ਦੁਆਲਾ ਸ਼ਾਇਦ ਨਿਪੁੰਸਕ ਹੈ
ਕਿ ਅਚੇਤ ਬਾਹਰਲੇ ਨੂੰ ਲੋਚਾਂ
ਜੋ ਵੀ ਮਿਲਦਾ ਹੈ
ਹੂੰਝਦਾ ਜਾਂਦਾ ਹਾਂ
ਮੇਰਾ ਆਪਾ, ਬਨਿਆਂ ਕਬਾੜ ਖਾਨਾ



.....
ਮੈਨੂੰ ਜਚਦੇ ਤਾਂ ਹਨ
ਪਰ ਇਹਨਾਂ ਦੀ ਆਦਤ ਨਹੀਂ ਮੈਨੂੰ
ਮੇਰੇ ਜਜ਼ਬਾਤ ਦਾ ਹਿੱਸਾ ਨਹੀਂ
ਸਹਿਜ ਨਾਲ ਉਗੇ
ਅੰਗਾਂ ਨੂੰ
ਆਖਰ ਕਿੰਦਾਂ ਵਰਤਾਂ ? (ਮਹਿੰਦਰ ਗਿੱਲ; 2014, ਪੰਨਾ 9)

ਇਹ ਕਵਿਤਾ ਇਕ ਪਾਸੇ ਤਾਂ ਸਮਕਾਲੀ ਵਿਸ਼ਵੀਕ੍ਰਿਤ ਮੁਆਸ਼ਰੇ ਦੀ ਉਪਭੋਗਤਾਵਾਦੀ ਸੰਵੇਦਨਾ ਦੀ ਪੇਸ਼ਕਾਰੀ ਕਰਦੀ ਹੈ ਅਤੇ ਨਾਲ ਦੀ ਨਾਲ ਉਸ ਕੋਫ਼ਤ ਨੂੰ ਵੀ ਚਿਤਰ ਰਹੀ ਹੈ, ਜੋ ਇਹ ਸੰਵੇਦਨਸ਼ੀਲ ਮਨੁੱਖੀ ਜੀਵਨ ਵਿਚ ਭਰ ਰਹੀ ਹੈ। 'ਥੋਪੇ ਜਾ ਰਹੇ ਅੰਗ' ਇਕ ਪਾਸੇ ਤਾਂ ਸਾਡੇ ਉਤੇ ਮੁਆਸ਼ਰੇ ਦਾ ਅਰੋਪਣ ਹੈ ਅਤੇ ਨਾਲ ਦੀ ਨਾਲ ਸਾਡੇ ਹਿਰਸ ਨੁਮਾ ਚੇਤਨਾ ਦੀ ਤਲਬ ਅਤੇ ਸੀਮਾ ਬੱਧਤਾ ਵੀ। ਇਸ ਕਰਕੇ ਅਸੀਂ ਇਹਨਾਂ ਨੂੰ ਸਵੀਕਾਰ ਵੀ ਕਰ ਰਹੇ ਹਾਂ ਅਤੇ ਇਹਨਾਂ ਤੋਂ ਮੁਨਕਰ ਵੀ ਹੋ ਰਹੇ ਹਾਂ। ਅਸੀਂ ਇਹਨਾਂ ਨੂੰ ਲੋਚਦੇ ਵੀ ਹਾਂ ਅਤੇ ਇਹ ਸਾਡੇ 'ਸਵੈ' ਨੂੰ ਕਬਾੜਖਾਨਾ ਵੀ ਬਣਾ ਰਹੇ ਹਨ। ਇਹੀ ਸਾਡੇ ਸਮੇਂ ਦਾ ਸੱਚ ਹੈ।

'ਬੱਦਲਾਂ ਤੋਂ ਪਾਰ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਸਾਡੀਆਂ ਇਹਨਾਂ ਦੋਵਾਂ ਪ੍ਰਵਿਰਤੀਆਂ ਦੇ ਮਿਲਣ ਬਿੰਦੂ ਤੇ ਖਲੋ ਕੇ ਕਾਵਿ-ਅਰਥਾਂ ਦਾ ਨਿਰਮਾਣ ਕਰਦੀਆਂ ਹਨ। ਇਸੇ ਵਾਸਤੇ ਇਹ ਦੋਵਾਂ ਵਿਚੋਂ ਕਿਸੇ ਇਕ ਦੀ ਚੋਣ ਕਰਨ ਦੀ ਥਾਂ, ਦੋਹਾਂ ਵਿਚ ਸੰਤੁਲਨ ਸਿਰਜਣ ਦਾ ਸੰਦੇਸ਼ ਦਿੰਦੀਆਂ ਹਨ। ਇਹ ਉਪਭੋਗ ਦੇ ਵਹਾਓ ਤੋਂ ਵੀ ਮੁਨਕਰ ਨਹੀਂ ਪਰ ਇਹ ਮਾਨਵਵਾਦੀ ਮੁੱਲ-ਵਿਧਾਨ ਦੀ ਰੱਖਿਆ ਕਰਨ ਅਤੇ ਉਸ ਨੂੰ ਨਿਭਾਉਣ ਦੀ ਪ੍ਰਵਿਰਤੀ ਉਪਰ ਪਹਿਰਾ ਦੇਣ ਦੇ ਭਾਵ-ਪ੍ਰਬੰਧ ਦੀ ਸਿਰਜਣਾ ਵੀ ਕਰਦੀਆਂ ਹਨ। ਇਹੀ ਸਥਿਤੀ ਹੀ ਸ਼ਾਇਦ ਸਮੇਂ ਦੇ ਬੱਦਲਾਂ ਤੋਂ ਪਾਰ ਜਾਣ ਦੀ ਸਥਿਤੀ ਹੈ।

ਇਸ ਸਥਿਤੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਦੁਬਿਧਾਵਾਂ, ਦੁਚਿੱਤੀਆਂ ਅਤੇ ਹੀਣ ਭਾਵਨਾ ਦੀਆਂ ਮਨੋ-ਸਥਿਤੀਆਂ ਤੋਂ ਪਾਰ ਜਾਣ ਦੀ ਕੋਸ਼ਿਸ਼ ਵਿਚ ਨਿਰੰਤਰ ਗਤੀਮਾਨ ਹੈ। ਹਾਲਾਂਕਿ ਮਹਿੰਦਰ ਗਿੱਲ ਦੀ ਪਹਿਲੀ ਕਵਿਤਾ ਵਿਚ ਪਰਵਾਸੀ ਹੋਣ ਦੀ ਦੁਬਿਧਾ ਅਤੇ ਚੌਗਿਰਦੇ ਦੀਆਂ ਸਿਤਮ ਜ਼ਰੀਫੀਆਂ ਵਿਚ ਉਲਝੇ ਹੋਏ ਬੰਦੇ ਦੀਆਂ ਦੁਚਿੱਤੀਆਂ ਨਿਰੰਤਰ ਸਰਗਰਮ ਰਹਿੰਦੀਆਂ ਹਨ, ਪਰ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਅਜਿਹੀਆਂ ਸਥਿਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਹਨ। ਇਹ ਤਾਂ ਹਾਲਾਤ ਦੇ ਵਿਰੋਧਾਂ ਨੂੰ ਉਜਾਗਰ ਕਰਕੇ, ਉਹਨਾਂ ਨਾਲ ਤਾਲਮੇਲ ਸਥਾਪਤ ਕਰਨ ਦੀ ਜਗਿਆਸਾ ਦੇ ਰਾਹਗੀਰ ਮਨੁੱਖ ਦੀਆਂ ਗਤੀਵਿਧੀਆਂ ਨੂੰ ਨਿਆਂਸ਼ੀਲ ਬਣਾ ਰਹੀ ਹੈ;

ਕੀ ਕਹਾਂ ਇਹ ਸਮੇਂ ਨੂੰ
ਦਰਖਤ ਆਪਣੀ
ਛਾਂ ਨੂੰ ਸਿਰ ਤੇ ਚੁੱਕੀ
ਭਾਲਦੇ ਫਿਰਦੇ ਨੇ
ਉਸ ਨੂੰ
ਜਿਸ ਦੇ ਮੇਚ ਆ ਜਾਵੇ
ਇਹਨਾਂ ਦੀ ਛਾਂ।
(ਮਹਿੰਦਰ ਗਿੱਲ; 2014, ਪੰਨਾ 13)

ਇਸ ਤਰ੍ਹਾਂ ਇਹ ਕਵਿਤਾ ਕਿਸੇ ਸੁਪਨਮਈ ਸੰਸਾਰ ਜਾਂ ਅਦਭੁਤ ਭਾਵ-ਮੰਡਲ ਦੀ ਕਲਪਨਾ ਨਹੀਂ ਕਰਦੀ। ਨਾ ਹੀ ਇਹ ਵਰਤਮਾਨ ਯਥਾਰਥ ਵਿਚ ਲੀਨ ਹੋਣ ਦੀ ਖਸਲਤ ਜਾਂ ਅਕਾਂਖਿਆ ਨੂੰ ਮੁਖਾਤਿਬ ਹੈ। ਇਸ ਦੇ ਉਲਟ ਇਹ ਤਾਂ ਯਥਾਰਥ ਦੀ ਤਹਿ ਵਿਚ ਛੁਪੀ 'ਹਕੀਕਤ' ਦੀ ਖ਼ਸਲਤ ਦੀ ਟੋਹ ਲਾਉਣ ਦੀ ਕੋਸ਼ਿਸ਼ ਕਰਦੀ ਹੈ। ਇਸੇ ਕਰਕੇ ਇਹ ਯਥਾਰਥ ਦੀ ਪੇਸ਼ਕਾਰੀ ਅਤੇ ਯਥਾਰਥ ਦੀ ਹਕੀਕਤ ਵਿਚਲੀ ਦੁਫੇੜ ਬਾਰੇ ਪੂਰੀ ਤਰ੍ਹਾਂ ਚੇਤਨ ਹੈ। ਹੋਰ ਸਪੱਸ਼ਟ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਸ ਕਵਿਤਾ ਵਿਚ ਪੇਸ਼ ਮਨੁੱਖ ਮਹਾਂ ਕਾਰਜਾਂ ਦੇ ਦਾਅਵਿਆਂ ਨਾਲ ਭਰੇ ਆਦਰਸ਼ ਦੀ ਸਿਰਜਨਾ ਕਰਨ ਦੀ ਥਾਂ, ਆਪਣੇ ਸੱਚ ਦੀਆਂ ਸੇਵਾਵਾਂ ਤੋਂ ਚੇਤਨ ਹੋ ਕੇ ਸੱਚ ਨਾਲ ਨੈਗੋਸ਼ੀਏਟ ਕਰਦਾ ਹੈ;

ਪੂਜਿਆ
ਦਰਖਤਾ ਨੂੰ, ਨਦੀਆਂ ਨੂੰ
ਸੂਰਜਾਂ ਨੂੰ, ਤਾਰਿਆਂ ਨੂੰ
ਸੱਪਾਂ ਨੂੰ, ਅਗਨੀ ਨੂੰ
——————
ਬੁੱਤਾਂ ਬਹੁਤਿਆਂ ਤੋਂ
ਪਹੁੰਚ ਗਿਆ ਮੈਂ ਇਕ ਤੇ
ਕੌਣ ਜਾਣੇ
ਇਕ ਤੋਂ ਮੈਂ
ਕਿਧਰ ਜਾਵਾਂਗਾ (ਮਹਿੰਦਰ ਗਿੱਲ; 2014, ਪੰਨਾ 24)

ਇਸੇ ਨੈਗੋਸ਼ੀਏਸ਼ਨ ਦੀ ਸਰਗਰਮੀ ਵਿਚ ਹੀ ਕਵੀ 'ਕਵਿਤਾ ਦੀ ਭਾਲ', 'ਰਿਆਜ਼', 'ਕੈਨਵਸ', 'ਸੁਪਨੇ', ਅਤੇ 'ਤਥਾ ਅਸਤੂ' ਆਦਿ ਵਰਗੀਆਂ ਖੂਬਸੂਰਤ ਕਵਿਤਾਵਾਂ ਦੀ ਸਿਰਜਣਾ ਕਰਦਾ ਹੈ। ਪਰ, ਇਹ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਮਹਿੰਦਰ ਗਿੱਲ ਦੀ ਕਾਵਿ ਸੰਵੇਦਨਾ ਵਿਚ ਨੈਗੋਸ਼ੀਏਸ਼ਨ ਹਾਰ ਨੂੰ ਸਵੀਕਾਰ ਕਰਨ ਦਾ ਇਸ਼ਤਿਆਰਾ ਨਹੀਂ। ਇਸ ਦੇ ਉਲਟ ਇਹ ਸਥਿਤੀ ਤਾਂ ਹਾਰਨ ਜਾਂ ਹਰਾਉਣ ਦੀ ਹਿਰਸ ਤੋਂ ਪਾਰ ਜਾਣ ਦੀ ਸਥਿਤੀ ਹੈ। ਇਕ ਦੂਜੇ ਨੂੰ ਸਮਾਨਅੰਤਰ ਮੰਨਣ ਦੀ ਅਵਸਥਾ। ਆਪਣੇ ਆਪ ਵਿਚ ਬਿਰਾਜਮਾਨ ਐਬਾਂ, ਕਮੀਆਂ ਅਤੇ ਸੀਮਾਵਾਂ ਨੂੰ ਸਵੀਕਾਰ ਕਰਨ ਦੇ ਨਾਲ ਨਾਲ ਦੂਸਰੇ ਦੀ ਸੰਪੂਰਨਤਾ ਦੇ ਰੂਬਰੂ ਹੋਣ ਦੀ ਹਿੰਮਤ ਨੂੰ ਧਾਰਨ ਕਰਨ ਦੀ ਮਨੋਅਵਸਥਾ। ਦੂਸਰੇ ਦੇ ਦੂਸਰੇਪਨ ਨੂੰ ਫਨਾਹ ਕਰਨ ਦੀ ਅਕਾਂਖਿਆ ਦੀ ਥਾਂ ਉਸ ਨਾਲ ਧੁਰ ਅੰਦਰ ਤਕ ਸੰਵਾਨ ਸਿਰਜਣ ਦੀ ਅਭਿਲਾਸ਼ਾ। ਇਸ ਸੰਗ੍ਰਹਿ ਦੀਆਂ ਇਕ ਤੋਂ ਵੱਧ ਕਵਿਤਾਵਾਂ ਇਸ ਕਿਸਮ ਦੇ ਕਾਵਿ ਅਰਥਾਂ ਦੀ ਰਚਨਾ ਕਰਦੀਆਂ ਹਨ;

ਜੁਆਹਰੀ ਪਰਖ ਕਰਦਾ ਹੈ
ਹੀਰੇ ਦਾ ਮੁੱਲ ਪੈਂਦਾ ਹੈ
ਕਵਿਤਾ ਦਾ ਪਾਰਖੂ
ਕਿਹੜਾ ਤਰਾਜੂ ਲੈ ਕੇ ਆਉਂਦਾ
————
ਰੱਤ ਨੂੰ ਪਛਣਨਾ ਹੈ
ਅਲੋਚਕ
ਜਾਂ, ਸ਼ਬਦਾਂ ਦੇ ਹਨੇਰੇ ਵਿਚ ਹੈ



ਇਸ ਦੀ ਸੰਵੇਦਨਾ
ਇਹ ਮੇਰੀ ਕੱਸਵੱਟੀ
ਆਲੋਚਕ ਤੂੰ ਤਾਂ ਪਰਖਿਆ ਜਾਂਦਾ ਹੈਂ (ਮਹਿੰਦਰ ਗਿੱਲ; 2014, ਪੰਨਾ 60)

ਯਥਾਰਥ ਦੇ ਵਿਵੇਕ ਨਾਲ ਸੰਵਾਦ ਸਿਰਜਣ ਦੀ ਇਸ ਰੁਚੀ ਅਧੀਨ ਹੀ ਇਹ ਕਵਿਤਾ ਇਸਦੇ ਸਾਕਾਰ ਦ੍ਰਿਸ਼ ਪ੍ਰਤੀ ਉਤੇਜਤ ਹੋਣ ਦੀ ਥਾਂ, ਉਸ ਪ੍ਰਤੀ ਸਹਿਜਤਾ ਦਾ ਇਜ਼ਹਾਰ ਕਰਦੀ ਹੈ। ਇਹ ਸਹਿਜਤਾ ਯਥਾਰਥ ਦੀਆਂ ਤਹਿ ਵਿਚ ਛੁਪੀਆਂ ਹਕੀਕਤਾਂ ਨੂੰ ਸਮਝਣ ਲਈ ਵੀ ਸੁਚੇਤ ਹੈ ਅਤੇ ਉਸ ਦੀਆਂ ਸੀਮਾਵਾਂ ਨੂੰ ਬਿਆਨ ਕਰਨ ਲਈ ਵੀ। ਜਿਸ ਪ੍ਰਕਾਰ ਸਾਡੀ ਮੁਢਲੀ ਬਰਤਾਨਵੀ ਕਵਿਤਾ ਪੱਛਮੀ ਸਮਾਜਕ ਯਥਾਰਥ ਪ੍ਰਤੀ ਆਕਰਸ਼ਮਈ ਜਾਂ ਖੌਫਮਈ ਰੁਝਾਨ ਰੱਖਣ ਦੀ ਕਮਜ਼ੋਰੀ ਦਾ ਸ਼ਿਕਾਰ ਸੀ, ਇਹ ਕਵਿਤਾ ਇਸ ਵਿਚ ਸੁੰਤਲਨ ਸਿਰਜਣ ਲਈ ਸਰਗਰਮ ਹੈ। ਜਿਥੇ ਇਹ ਪੱਛਮੀ ਮੁਆਸ਼ਰੇ ਦੇ ਚੰਗੇ ਗੁਣਾਂ ਨੂੰ ਉਭਾਰਦੀ ਹੈ ਉਥੇ ਉਸ ਦੀ ਆਲੋਚਨਾ ਵੀ ਕਰਦੀ ਹੈ। ਇਸੇ ਪ੍ਰਕਾਰ ਇਹ ਪੂਰਬੀ ਜੀਵਨ-ਵਿਧੀ ਅਤੇ ਸਮਾਜਕ ਆਰਥਕ ਯਥਾਰਥ ਦੇ ਵੀ ਵੱਖਰੇ ਕਿਸਮ ਦੇ ਦ੍ਰਿਸ਼ ਚਿਤਰਣ ਦੀ ਕੋਸ਼ਿਸ਼ ਕਰਦੀ ਹੈ। ਇਸ ਸੰਦਰਭ ਵਿਚ ਉਸ ਦੀ ਕਵਿਤਾ 'ਤਰੱਕੀ' ਨੂੰ ਵਿਚਾਰਨਾ ਲਾਹੇਵੰਦ ਹੋਵੇਗਾ;

ਧਟਰੋਟਿ, ਦਿਵਾਲੀਆ, ਕਰਜ਼ਦਾਰ, ਏਦਾਂ ਡਿਗਦੇ ਨੇ ਹਿਮਾਲਾ
ਮੇਰਾ ਪਿੰਡ, ਉਮਰ ਛੇ ਸੌ ਸਾਲ, ਜਾਂ ਹਜ਼ਾਰ ਸਾਲ, ਪਤਾ ਨਹੀਂ,
ਕਦੇ ਨਾ ਹੋਇਆ ਦੀਵਾਲੀਆ
ਕਿੱਦਾਂ ਦੀ ਤਰੱਕੀ ਹੈ ਇਹ (ਮਹਿੰਦਰ ਗਿੱਲ; 2014, ਪੰਨਾ 71)

ਜ਼ਾਹਿਰ ਹੈ ਕਿ ਇਹ ਕਵਿਤਾ ਕਿਸੇ ਵੀ ਥਾਂ ਉਤੇ ਰਹਿੰਦੇ ਪਰਵਾਸੀ, ਮੂਲਵਾਸੀ ਜਾਂ ਡਾਇਸਪੋਰਕ ਸਬਜੈਕਟ ਦੀ ਧਿਰ ਬਣ ਕੇ ਆਪਣੇ ਕਾਵਿ ਪ੍ਰਵਚਨ ਦਾ ਨਿਰਮਾਣ ਨਹੀਂ ਕਰਦੀ। ਇਸ ਦੇ ਉਲਟ ਇਸ ਵਿਚ ਇਹ ਸਾਰੀਆਂ ਕੋਟੀਆਂ ਇਕ ਦੂਜੇ ਵਿਚ ਰਲ਼ ਮਿਲ਼ ਕੇ ਪਹਿਲੇ ਪੱਧਰ ਤੇ ਸਮਜਾਕ ਯਥਾਂਰਥ ਦੀਆਂ ਬੇਤਰਤੀਬੀਆਂ ਦੀ ਪੇਸ਼ਕਾਰੀ ਕਰਦੀਆਂ ਹਨ। ਦੂਜੇ ਪੱਧਰ ਤੇ ਇਹ ਮਾਨਵਵਾਦੀ ਮੁੱਲ-ਵਿਧਾਨ ਦਾ ਨਿਰਮਾਣ ਕਰਨ ਲਈ ਸਰਗਰਮ ਹਨ। ਇਹੀ ਵਜ੍ਹਾ ਹੈ ਕਿ ਇਸ ਵਿਚ ਤਾਹਨੇ, ਮਿਹਣੇ, ਉਦਾਸੀਆਂ, ਬੇਵਸੀਆਂ ਅਤੇ ਵਿਡੰਬਨਾਵਾਂ ਦਾ ਚਿਤਰਣ ਹੀ ਨਹੀਂ ਸਗੋਂ ਇਹਨਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਹੈ। ਇਹ ਕੋਸ਼ਿਸ਼ ਸਮਾਜਕ ਯਥਾਰਥ ਨਾਲ ਰਸਾਈ ਕਾਇਮ ਕਰਨ ਦੀ ਵੀ ਹੈ ਅਤੇ ਇਸ ਨੂੰ ਦਿਸ਼ਾ ਪ੍ਰਦਾਨ ਕਰਨ ਵਾਲੇ ਵਿਚਾਰਾਂ ਨੂੰ ਪ੍ਰਸਤੁਤ ਕਰਨ ਦੀ ਵੀ।

ਯਥਾਰਥ ਦੀ ਸੁਚੇਤ ਦ੍ਰਿਸ਼ਟੀਕੋਨ ਤੋਂ ਵਿਆਖਿਆ ਤੇ ਪੇਸ਼ਕਾਰੀ ਕਰਨ ਤੋਂ ਬਚਣ ਦੀ ਇਸ ਰੁਚੀ ਕਰਕੇ ਹੀ ਕਵੀ ਕਦੇ ਵੀ ਪੂਰਬ-ਪੱਛਮ, ਮੈਂ-ਤੁਸੀਂ, ਮੂਲਵਾਸੀ-ਪਰਵਾਸੀ, ਸੱਚ-ਸੁਪਨੇ ਅਤੇ ਹਕੀਕਤ-ਆਦਰਸ਼ ਨੂੰ ਵਿਰੋਧੀ ਧਿਰਾਂ ਦੇ ਰੂਪ ਵਿਚ ਪੇਸ਼ ਨਹੀਂ ਕਰਦਾ। ਇਸ ਦੇ ਉਲਟ ਇਥੇ ਗੁਰੂ ਅਰਜਨ ਦੇਵ, ਮਹਾਤਮਾ ਬੁੱਧ, ਈਸਾ ਮਸੀਹ ਅਤੇ ਹਜ਼ਰਤ ਮੁਹੰਮਦ ਸਾਰੇ ਇਕੋ ਸੱਚ ਨੂੰ ਪੇਸ਼ ਕਰਨ ਵਾਲੇ ਦੈਵੀ ਪੁਰਸ਼ ਬਣਦੇ ਹਨ। ਸਿੱਟੇ ਵਜੋਂ ਇਹ ਕਵਿਤਾ ਦਾਇਰੇ ਰਚਣ ਦੇ ਕਾਰਜ ਵਿਚ ਪੈਣ ਦੀ ਥਾਂ ਹਰ ਤਰ੍ਹਾਂ ਦੇ ਦਾਇਰਿਆਂ ਤੋਂ ਪਾਰ ਜਾਣ ਦੇ ਕਾਵਿ-ਅਰਥਾਂ ਦੀ ਰਚਨਾ ਕਰਨ ਦੇ ਰਾਹੇ ਪੈਂਦੇ ਹਨ।

ਪਰ ਦਾਇਰਿਆਂ ਤੋਂ ਪਾਰ ਜਾਣ ਦਾ ਅਰਥ ਸੱਚ ਤੋਂ ਬੇਮੁੱਖ ਹੋਣਾ ਨਹੀਂ, ਸਗੋਂ ਇਸ ਦੀ ਅਸਲੀਅਤ ਦੇ ਰੂਬਰੂ ਹੋਣਾ ਹੈ। ਆਪਣੇ ਸਮਕਾਲੀ ਸੰਦਰਭ ਵਿਚ ਇਹ ਸੱਚ ਵਿਸ਼ਵੀਕ੍ਰਿਤ ਉਪਭੋਗਵਾਦ, ਪਾਸਾਰਵਾਦ ਅਤੇ ਦਮਨਕਾਰੀ ਮੰਡੀਕਰਨ ਦੇ ਸੱਚੇ ਦੇ ਸਨਮੁੱਖ ਹੋਣਾ ਹੈ। ਇਹ ਸੱਚ ਨਾ ਕੇਵਲ ਮਨੁੱਖ ਦੇ ਸੁਚੇਤ ਵਿਹਾਰ ਨੂੰ ਪੇਸ਼ ਕਰ ਰਿਹਾ ਹੈ ਸਗੋਂ ਉਸ ਦੀਆਂ ਸਭਿਆਚਾਰਕ ਯਾਦਾਂ,

ਪਰੰਪਰਾਵਾਂ ਅਤੇ ਅਵਚੇਤਨੀ ਕਿਰਿਆਵਾਂ-ਪ੍ਰਤੀਕਿਰਿਆਵਾਂ ਨੂੰ ਰੂਪਗਤ ਵੀ ਕਰ ਰਿਹਾ ਹੈ। ਇਸ ਕਾਵਿ-ਸੰਗ੍ਰਹਿ ਦੀ ਕਵਿਤਾ 'ਤਖ਼ਤ ਹਜ਼ਾਰਾ' ਇਸ ਉਪਭੋਗਤਾਵਾਦੀ ਨਿਜ਼ਾਮ ਦੇ ਦਿਸਦੇ ਪਾਸਾਰਾਂ ਅਤੇ ਅਦ੍ਰਿਸ਼ ਸਰੋਕਾਰਾਂ ਨੂੰ ਬਹੁ-ਅਰਥੀ ਬਿੰਬ-ਵਿਧਾਨ ਅਧੀਨ ਇਸ ਤਰ੍ਹਾ ਪੇਸ਼ ਕਰਦੀ ਹੈ;

ਤਖ਼ਤ ਹਜ਼ਾਰੇ ਪਰਤਣ ਦੀ
ਕੋਸ਼ਿਸ਼ ਨਾ ਕਰਨਾ
ਇਹਦੀਆਂ ਗਲੀਆਂ
ਹੁਣ, ਝੰਗ ਸਿਆਲ ਦੇ
ਦਿਲਕਸ਼ ਨਜ਼ਾਰੇ ਨੇ
ਇਹਦੇ ਰੰਗਢੰਗ
ਹੋ ਗਏ ਨੇ ਝੰਗ ਸਿਆਲੀ
ਇਹਦੀ ਗੁੰਮਦੀ ਜਾਵੇ ਬੋਲੀ
ਹੌਲੀ ਹੌਲੀ ਖਰੀਦੇ ਦੇ ਨੇ
ਝੰਗ ਸਿਆਲ
ਵਿਕਦਾ ਹੈ ਸਹਿਜੇ ਸਹਿਜੇ
ਤਖ਼ਤ ਹਜ਼ਾਰਾ (ਮਹਿੰਦਰ ਗਿੱਲ; 2014, ਪੰਨਾ 83)

ਜ਼ਾਹਿਰ ਹੈ ਕਿ ਇਥੇ ਤਖ਼ਤ ਹਜ਼ਾਰਾ ਇਕ ਬਹੁ-ਅਰਥੀ ਕਾਵਿ-ਪ੍ਰਤੀਕ ਹੈ। ਹੁਣ ਇਹ ਰਾਂਝੇ ਦਾ ਉਹ ਤਖ਼ਤ ਹਜ਼ਾਰਾ ਨਹੀਂ ਜੋ ਝੰਗ ਸਿਆਲ ਦੇ ਅਸਰਾਂ ਤੋਂ ਮੁਕਤ ਹੋ ਕੇ ਉਸ ਦੇ ਬਰਾਬਰ ਖੜਾ ਹੁੰਦਾ ਸੀ। ਹੁਣ ਤਾਂ ਇਹ ਮੰਡੀ ਦੀ ਵਸਤੂ ਬਣ ਚੁੱਕਿਆ ਹੈ। ਇਥੇ ਰਾਂਝੇ ਦੇ ਇਸ਼ਕ ਤੋਂ ਲੈ ਕੇ ਉਥੋਂ ਦੇ ਚੌਧਰੀਆਂ ਸੰਗ ਸਾਰਾ ਤਖ਼ਤ ਹਜ਼ਾਰੇ ਹੀ ਚੂਚਕ ਅਤੇ ਖੇੜਿਆਂ ਦੀ ਸਿੱਕਦਾਰੀ ਅਤੇ ਮਾਇਆ ਦੇ ਬੱਦਲਾਂ ਵਿਚ ਉਪਭੋਗ ਦੀ ਵਸਤੂ ਬਣ ਗਿਆ ਹੈ। ਪਰ, ਇਸ ਕਵਿਤਾ ਦੀ ਖ਼ੂਬਸੂਰਤੀ ਇਸ ਨੂੰ ਦ੍ਰਿਸ਼ ਪੇਸ਼ ਕਰਨ ਤੋਂ ਵੱਧ ਅਜਿਹੇ ਅਰਥਾਂ ਦੀ ਰਚਨਾ ਕਰਨਾ ਹੈ, ਜਿਥੇ ਕਵਿਤਾ ਦਾ ਸੱਚ ਮੁਆਸ਼ਰੇ ਦੇ ਉਪਰੋਕਤ ਸੱਚ ਨੂੰ ਸਵੀਕਾਰ ਕਰਨ ਦੀ ਥਾਂ ਉਸ ਪ੍ਰਤੀ ਨਾਬਰੀ ਦਾ ਹੁੰਘਾਰਾ ਭਰਨ ਦੇ ਭਾਵ-ਪ੍ਰਬੰਧ ਦੀ ਸਿਰਜਣਾ ਕਰਦਾ ਹੈ।

ਉਪਰੋਕਤ ਵਿਚਾਰ ਚਰਚਾ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਹਿੰਦਰ ਗਿੱਲ ਦਾ ਕਾਵਿ ਸੰਗ੍ਰਹਿ 'ਬੱਦਲਾਂ ਤੋਂ ਪਾਰ' ਸਮਕਾਲੀ ਪੰਜਾਬੀ ਕਵਿਤਾ ਦੇ ਨਵੇਂ ਬਰਤਾਨਵੀ ਪ੍ਰਸੰਗ ਦੀ ਅਰਥਪੂਰਨ ਪੇਸ਼ਕਾਰੀ ਕਰ ਰਿਹਾ ਹੈ। ਇਹ ਇਥੋਂ ਦੀ ਰਵਾਇਤੀ ਕਾਵਿ-ਸਿਰਜਣ ਦੀ ਪ੍ਰਕਿਰਿਆ ਤੋਂ ਵਿੱਥ 'ਤੇ ਵੀ ਖੜਾ ਹੋ ਰਿਹਾ ਹੈ ਅਤੇ ਉਸ ਨੂੰ ਨਵਾਂ ਕਾਵਿ-ਪ੍ਰਸੰਗ ਵੀ ਪ੍ਰਦਾਨ ਕਰ ਰਿਹਾ ਹੈ। ਦੂਜੇ ਸ਼ਬਦਾਂ ਵਿਚ ਮਹਿੰਦਰ ਗਿੱਲ ਦੀ ਵਰਤਮਾਨ ਕਵਿਤਾ ਨਾਲ ਪੰਜਾਬੀ ਕਵਿਤਾ ਮੂਲਵਾਦ-ਪਰਵਾਸ, ਪੂਰਬ-ਪੱਛਮ, ਨਿੱਜ-ਪਰ ਅਤੇ ਬੰਧਨਾਂ ਆਦਿ ਦਾਇਰਿਆਂ ਦੇ ਮੰਜ਼ਰਾਂ ਦੀ ਸਿਰਜਣਾ ਕਰਨ ਦੀ ਥਾਂ ਇਸ ਤੋਂ ਪਾਰ ਜਾਣ ਦੇ ਅਰਥਾਂ ਦਾ ਕਾਵਿ-ਨਿਰਮਾਣ ਕਰਦੀ ਹੈ। ਇਹ ਯਥਾਰਥ ਦੀ ਪੇਸ਼ਕਾਰੀ ਦੇ ਸੱਚ ਤੋਂ ਅੱਗੇ ਜਾ ਕੇ ਯਥਾਰਥ ਦੀ ਹਕੀਕਤ ਦੇ ਰੂਬਰੂ ਹੋਣ ਲਈ ਸਰਗਰਮ ਹੈ। ਸ਼ਾਇਦ ਇਹ ਪ੍ਰਵਿਰਤੀ ਹੀ ਭਵਿੱਖ ਵਿਚ ਰਚੀ ਜਾਣ ਵਾਲੀ ਪੰਜਾਬੀ ਕਵਿਤਾ ਦੇ ਬਰਤਾਨਵੀ ਪ੍ਰਸੰਗ ਨੂੰ ਨਵੀਂ ਦਿਸ਼ਾ ਅਤੇ ਸਰੂਪ ਪ੍ਰਦਾਨ ਕਰਨ ਵਿਚ ਸਹਾਈ ਹੋਵੇਗੀ।



## ਸੁਰਿੰਦਰ ਸੀਹਰਾ ਦੀ ਪੁਸਤਕ 'ਹਵਨ' : ਸਿਨਫ਼ ਤੇ ਮਾਨਵੀਂ ਹੋਂਦ ਦੇ ਸੰਦਰਭ

**-ਆਤਮ ਰੰਧਾਵਾ (ਡਾ.)**

ਸੁਰਿੰਦਰ ਸੀਹਰਾ ਇੰਗਲੈਂਡ ਵਿਚ ਵੱਸਦਾ ਸਾਡਾ ਪੰਜਾਬੀ ਸ਼ਇਰ ਹੈ ਤੇ ਗ਼ਜ਼ਲ-ਸੰਗ੍ਰਹਿ 'ਹਵਨ' ਉਸਦੀ ਤੀਜੀ ਕਿਤਾਬ ਹੈ, ਜੋ 2014 ਵਿਚ ਹੀ ਛਪ ਕੇ ਆਈ ਹੈ । ਇਸ ਤੋਂ ਪਹਿਲਾਂ ਉਸਦੀ ਕਵਿਤਾਵਾਂ ਦੀ ਕਿਤਾਬ 'ਵੇ ਮੇਰੇ ਸਿਰਜਣਹਾਰੋ' ਅਤੇ ਗ਼ਜ਼ਲ-ਸੰਗ੍ਰਹਿ 'ਹੁਣ ਮੈਂ ਕਵੀਆਂ ਵਾਂਗ' ਕਾਫੀ ਚਰਚਿਤ ਹੋ ਚੁੱਕੇ ਹਨ । ਗ਼ਜ਼ਲ-ਸੰਗ੍ਰਹਿ 'ਹਵਨ' ਪੜ੍ਹਦਿਆਂ ਮਨ ਵਿਚ ਜੋ ਪ੍ਰਸੰਗ ਉਭਰਦੇ ਹਨ, ਉਨ੍ਹਾਂ ਵਿਚ ਇਕ ਦੋਪੱਖੀ ਜ਼ਿੰਦਗੀ ਜਿਉਂਦੇ ਪਰਵਾਸੀ (ਮੂਲਵਾਸੀ ਦਾ ਵੀ) ਬੰਦੇ ਦੀ ਲਿਖਣ ਦੀ ਦਾਸਤਾਂ ਦਾ ਪ੍ਰਸੰਗ ਹੈ, ਜਿਸ ਵਿਚ ਸੀਹਰਾ ਅਜੋਕੇ ਜ਼ਮਾਨੇ ਵਿਚ ਘੜ੍ਹੇ ਜਾ ਰਹੇ ਸਵੈ ਦੀ ਕਈ ਕੋਣਾਂ ਤੋਂ ਨਿਸ਼ਾਨਦੇਹੀ ਕਰਦਾ ਹੈ ਤੇ ਅਰਥਹੀਣ/ਬੇਮਾਅਨੇ ਹੁੰਦੀ ਜਾਂਦੀ ਮਾਨਵੀਂ ਹੋਂਦ ਦੇ ਅਰਥ ਤਲਾਸ਼ਣ ਦਾ ਯਤਨ ਕਰਦਾ ਹੈ । ਦੂਜਾ ਪ੍ਰਸੰਗ ਪੰਜਾਬੀ ਵਿਚ 'ਗ਼ਜ਼ਲ' ਕਾਵਿ-ਰੂਪ ਦਾ ਹੈ । ਸੀਹਰਾ ਆਪਣੀਆਂ ਗ਼ਜ਼ਲਾਂ ਵਿਚ ਗ਼ਜ਼ਲ ਸਿਰਜਣ ਤੇ ਇਸਦੇ ਵਿਧਾਨ ਬਾਰੇ ਕਾਫੀ ਕੁਝ ਕਹਿੰਦਾ ਹੈ ਤੇ ਇਸ ਕਰਕੇ ਪੰਜਾਬੀ ਵਿਚ ਗ਼ਜ਼ਲ ਦੇ ਰੂਪਾਕਾਰਕ ਬਹਿਸ ਜਾਂ ਇਸ ਤੋਂ ਕੀ ਆਸਾਂ ਜਾਂ ਸੰਭਾਵਨਾਵਾਂ ਪ੍ਰਗਟ ਹੋ ਰਹੀਆਂ ਹਨ ? ਬਾਰੇ ਵੀ ਵਿਚਾਰ ਹੋਣਾ ਲੋੜੀਂਦਾ ਹੈ । ਇਸ ਤਰ੍ਹਾਂ ਮੈਂ ਸਹਿਜ ਸੁਭਾਅ ਹੀ ਆਪਣੇ ਕੰਮ ਨੂੰ ਵਿਚਾਰਧਾਰਕ ਤੇ ਰੂਪਗਤ ਦੋ ਸੀਮਤ ਜਹੇ ਹਿੱਸਿਆਂ ਵਿਚ ਨਿਸਚਿਤ ਕਰ ਲਿਆ ਹੈ ਭਾਵੇਂ ਇਸ ਸੰਗ੍ਰਹਿ ਵਿਚ ਕਈ ਹੋਰ ਸੰਦਰਭਾਂ 'ਤੇ ਵਧੇਰੇ ਗੱਲ ਵੀ ਕੀਤੀ ਜਾ ਸਕਦੀ ਹੈ।

ਪੰਜਾਬੀ ਬੰਦਾ ਰੁਜ਼ਗਾਰ ਤੇ ਰੂਹ ਦੇ ਸਕੂਨ ਨੂੰ ਤਲਾਸ਼ਦਾ ਦਰ ਦਰ ਭਟਕਦਾ ਹੈ । ਉਹ ਬੇਚਾਰਗੀ 'ਚ ਲਘੂਪੁਣੇ ਦੀ ਅਰਥਹੀਣ ਹੋਂਦ ਤੇ ਬੇਗਾਨਗੀ ਭੋਗ ਰਿਹਾ ਹੈ । ਪੰਜਾਬ ਦੇ ਸਮੇਂ ਸਮੇਂ ਦੇ ਹਾਕਮਾਂ ਨੇ ਪੰਜਾਬੀ ਬੰਦੇ ਪੱਲੇ ਬੇਰੁਜ਼ਗਾਰੀ ਤੋਂ ਇਲਾਵਾ ਅਨਿਆਂ, ਹਿੰਸਾ, ਡਰ, ਨਸ਼ੇਖੋਰੀ ਤੇ ਦਹਿਸ਼ਤ ਦੀ ਜਿਹੜੀ ਵਿਵਸਥਾ ਪਾਈ ਹੈ, ਉਸ ਕਰਕੇ ਸਭ ਪੰਜਾਬੀ ਨਾ-ਚਾਹੁੰਦੇ ਹੋਏ ਵੀ ਇਥੋਂ ਦੂਰ ਨਿਕਲ ਜਾਣਾ ਚਾਹੁੰਦੇ ਰਹੇ ਹਨ ਅਤੇ ਅੱਜ ਵੀ ਪੰਜਾਬ ਦੀ ਜਵਾਨੀ ਜਾਂ ਇਸ ਵਿਵਸਥਾ ਵਿਚ ਗਰਕ ਰਹੀ ਹੈ ਜਾਂ ਇਥੋਂ ਵਾਹ ਲੱਗਦੇ ਦੌੜ ਜਾਣਾ ਚਾਹੁੰਦੀ ਹੈ । ਅਜਿਹੀ ਭਟਕਣਾ ਤੋਂ ਟਿਕਾਓ ਪਾਉਣ ਲਈ ਸੀਹਰੇ ਵਰਗੇ ਹਜ਼ਾਰਾਂ ਲੋਕ 'ਕਾਗਜ਼ਾਂ 'ਚ ਆਪਣੀ ਜ਼ਮੀਰ' ਲੈ ਕੇ ਪਰਦੇਸੀ ਹੋ ਜਾਂਦੇ ਹਨ । ਇਸ ਪੁਸਤਕ ਦੀ ਪਹਿਲਾ ਸ਼ਿਅਰ ਹੀ ਵੇਖੋ-

ਦਰ ਦਰ 'ਤੇ ਭਟਕਦਾ ਮੈਂ, ਇਥੇ ਅਖੀਰ ਆਇਆਂ।
ਤੇ ਕਾਗਜ਼ਾਂ 'ਚ ਲੈ ਕੇ, ਅਪਣੀ ਜ਼ਮੀਰ ਆਇਆਂ। (ਪ.11)

ਸੀਹਰਾ ਇਸ ਪੁਸਤਕ ਵਿਚ ਉਨ੍ਹਾਂ 'ਦੋ ਸਾਲਾਂ' ਦੀ ਗੱਲ ਕਰਦਾ ਹੈ, ਜਿਨ੍ਹਾਂ ਉਸਨੂੰ 'ਵੀਹ ਸਾਲ' ਟਿਕਣ ਨਹੀਂ ਦਿੱਤਾ । ਇਹ ਹਰ ਪਰਵਾਸੀ ਦੀ 'ਦਾਸਤਾਂ' ਹੈ ਅਤੇ ਹਰ ਪਰਵਾਸੀ ਦੀ 'ਲਿਖਣ ਦੀ ਦਾਸਤਾਂ' ਹੈ । ਪੰਜਾਬੀ ਬੇਹਤਰ ਟਿਕਾਓ, ਮਾਣ-ਤਾਣ ਤੇ ਹਵਨਮਈ ਜੀਵਨ ਜੀਣ ਲਈ ਬਦੇਸ਼ਾਂ ਨੂੰ ਨਿਕਲ ਤੁਰਿਆ ਸੀ ਪਰ ਉਸਦੇ ਜੀਵਨ ਵਿਚ 'ਹਵਨ' ਲਈ 'ਅਹੂਤੀ' ਬਹੁਤੀ ਚੜ੍ਹਦੀ ਰਹੀ ਹੈ । ਬੰਦੇ ਅੰਦਰ ਪਏ ਇਕ ਖ਼ੂਹ ਨੂੰ ਪੂਰਨ/ਭਰਨ ਲਈ, ਦੂਜਾ ਖ਼ੂਹ ਤਿਆਰ ਹੋ ਜਾਂਦਾ ਰਿਹਾ ਹੈ । ਇਹ ਬੰਦੇ ਦੇ ਅੰਦਰਲਾ ਅਥਾਹ ਸੁੰਨਾਪਨ ਹੈ । ਇਹ ਹੀ ਅਜੋਕੇ ਬੰਦੇ ਦੀ ਹੋਣੀ ਹੈ । ਨਿਰੰਤਰ ਖ਼ੂਹਾਂ ਦੇ ਬਣਨ ਤੇ ਭਰਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ, ਕਦੇ ਮੁਕਦਾ ਨਹੀਂ -

ਮੁੜਿਆ ਨਾ ਉਂਝ ਤਾਂ ਖ਼ੁਦ ਨੂੰ, ਸੌ ਵਾਰ ਮੋੜਿਆ ਮੈਂ।
ਇਕ ਖ਼ੂਹ ਨੂੰ ਪੂਰਦੇ ਨੇ, ਖ਼ੂਹ ਹੋਰ ਪੁੱਟ ਲਿਆ ਮੈਂ।(ਪ.57)

ਮਨੁੱਖ ਦੀ ਵਿਡੰਬਨਾ ਇਹ ਹੈ ਕਿ ਉਹ ਸ਼ਾਂਤ-ਚਿੱਤ ਟਿੱਕਣ ਲਈ ਸੌ ਸੌ ਪਾਪੜ ਵੇਲਦਾ ਹੈ ।ਉਹ ਚਾਹੁੰਦਾ ਹੈ ਕਿ ਉਹ ਵੀ ਜਾਣਿਆਂ, ਸਨਮਾਨਿਆਂ ਜਾਵੇ (ਪ.41) ਤੇ ਉਹਦਾ ਮਾਣ-ਤਾਣ ਹੋਵੇ ਪਰ ਇਸਦੇ ਬਾਵਜੂਦ ਭਟਕਣਾ ਦਾ ਸ਼ਿਕਾਰ ਹੁੰਦਾ ਹੈ ।ਇਹ ਤੀਜੀ ਦੁਨੀਆਂ ਦੇ ਮਨੁੱਖੀ ਜੀਵਨ ਦੀ ਵਿਡੰਬਨਾ ਹੈ ।ਬੰਦੇ ਦੀਆਂ ਇੱਛਾਵਾਂ ਜਦੋਂ ਹਕੀਕਤਾਂ ਦੇ ਝੱਕੜ ਵਿਚ ਉੱਡ ਜਾਂਦੀਆਂ ਹਨ ਤਾਂ ਉਸ ਕੋਲ ਇਕ ਸੱਖਣਾਪਨ, ਬੇਗਾਨਗੀ ਤੇ ਨਿਗੁਣੇਪਨ ਦਾ ਅਹਿਸਾਸ ਰਹਿ ਜਾਂਦਾ ਹੈ । ਨਿੱਤ ਨਵੇਂ ਅਸਤਿਤਵੀ ਸੰਘਰਸ਼ਾਂ 'ਚ ਬੰਦੇ ਦੀ ਹੋਂਦ ਦਾ ਭੇਂਟ ਚੜ੍ਹੀ ਜਾਣ ਦੀ ਜਦੋਂ ਸਮਝ ਪੈਂਦੀ ਹੈ, ਤਾਂ ਇਲਮ ਹੁੰਦਾ ਹੈ ਕਿ ਸੀਹਰੇ ਦੀ ਲਿਖਣ ਦੀ ਦਾਸਤਾਂ ਪਿੱਛੇ ਬਹੁਤੀ 'ਅਹੂਤੀ' ਕਿਉਂ ਹੈ-
ਇਹ ਲੱਗਦਾ ਨਹੀਂ ਅਜ, ਕਿ ਮੇਰਾ ਹੀ ਮਨ ਹੈ।
ਨਾ ਹੱਸੇ ਨਾ ਰੋਵੇ, ਬਹੁਤ ਸੁੰਨਾਪਨ ਹੈ।
ਇਦ੍ਹੇ ਵਿਚ ਕਦੋਂ ਦਾ, ਤੇ ਕੀ ਕੀ ਦਫ਼ਨ ਹੈ।
ਮੈਂ ਖ਼ੁਦ ਨੂੰ ਕੁਰੇਦਾਂ, ਇਹ ਕੈਸਾ ਖ਼ਨਨ ਹੈ।

ਮੇਰੇ ਲਿਖਣ ਦੀ ਦਾਸਤਾਂ, ਇਸ ਤਰਾਂ ਹੈ,
ਇਹ ਬਹੁਤੀ ਅਹੂਤੀ, ਤੇ ਥੋੜ੍ਹਾ ਹਵਨ ਹੈ।(ਪ.25)

ਅਜੋਕਾ ਬੰਦਾ ਕਈ ਵਿਰੋਧਾਂ ਨੂੰ ਇਕੋ ਵੇਲੇ ਨਾਲ ਲਈ ਫਿਰਦਾ ਹੈ ।ਆਪੇ 'ਸੌ ਵਾਰ ਮੋੜਨ' ਦੇ ਬਾਵਜੂਦ ਜਦੋਂ ਬੰਦਾ ਮੁੜਦਾ ਨਹੀਂ ਤਾਂ ਉਹ ਆਪਣੇ ਅੰਦਰ ਤੇ ਬਾਹਰ ਇਕ ਵਿਰੋਧ ਸਹੇੜ ਲੈਂਦਾ ਹੈ ।ਅਜੋਕਾ ਉਤਰ-ਆਧੁਨਿਕ ਜੀਵਨ ਇਸਨੂੰ ਹੋਰ ਪ੍ਰਚੰਡ ਕਰਦਾ ਹੈ ।ਇਹ ਹੀ ਮਨੁੱਖੀ ਹੋਂਦ ਦਾ ਵਿਰੋਧਾਭਾਸ ਹੈ, ਆਪਣੀ ਧਰਤੀ 'ਤੇ ਵੀ ਤੇ ਪਰਦੇਸਾਂ ਵਿਚ ਵਿਚਰਦਿਆਂ ਵੀ, ਪਰ ਪਰਵਾਸੀ ਦੇ ਸੰਬੰਧ ਵਿਚ ਵਧੇਰੇ ਅੰਤਰ-ਵਿਰੋਧੀ ਹੋ ਜਾਂਦਾ ਹੈ ।ਅਜਿਹਾ ਵਿਰੋਧਾਭਾਸ ਸਭ ਤੋਂ ਵਧੇਰੇ ਉਸਦੇ ਜੀਵਨ ਤੇ ਸਾਹਿਤ ਵਿਚ ਸਾਹਮਣੇ ਆਉਂਦਾ ਹੈ ਕਿਉਂਕਿ ਜਦੋਂ ਉਹ ਆਪਣੇ ਸਮਾਜ-ਸਭਿਆਚਾਰ ਨਾਲੋਂ ਟੁੱਟਦਾ ਹੈ ਉਦੋਂ ਆਪਣੇ ਮਨ-ਮਸਤਕ ਵਿਚ ਕਈ ਵੱਡੇ ਦਵੰਦ ਤੇ ਵਿਰੋਧ ਸਹੇੜ ਲੈਂਦਾ ਹੈ, ਜੋ ਉਸਦੀ ਪਛਾਣ 'ਤੇ ਸਦਾ ਮੰਡਰਾਉਂਦਾ ਹੈ ।ਇਕ ਪਾਸੇ ਵਿਦੇਸ ਵਿਚ ਹੋਸਟ ਦੇਸ਼ ਦਾ ਰਹਿਣ ਸਹਿਣ, ਕੰਮ ਕਾਜ ਤੇ ਉਨ੍ਹਾਂ ਦਾ ਸਭਿਆਚਾਰ ਉਸ 'ਤੇ ਸਦਾ ਭਾਰੂ ਰਹਿੰਦਾ ਹੈ ਦੂਜੇ ਪਾਸੇ ਪਰਵਾਸੀ ਪੰਜਾਬੀ ਜਾਗੀਰਵਾਦੀ ਰੁਚੀਆਂ, ਮੂਲ ਸਭਿਆਚਾਰ ਦੀਆਂ ਕੀਮਤਾਂ ਤੇ ਟੈਬੂ ਅਤੇ ਮੂਲ ਭਾਸ਼ਾਈ ਚਿਹਨਾਂ ਵਾਲਾ ਮੱਥਾ ਲੈ ਕੇ ਜਦੋਂ ਭਾਰੂ ਸਭਿਆਚਾਰ ਵਿਚ ਜਾਂਦਾ ਹੈ ਤਾਂ ਉਸਦੇ ਮੱਥੇ 'ਤੇ ਉਹ ਸਭਿਆਚਾਰ ਵੀ ਆਪਣੀ ਲਿਖਤ ਉਕਾਰਨੀ ਸ਼ੁਰੂ ਕਰ ਦਿੰਦਾ ਹੈ ਤੇ ਉਸਨੂੰ ਓਪਰੀ ਧਰਤੀ ਦੇ ਅਣਜਾਣੂ ਜਨ-ਜੀਵਨ ਵਿਚ ਇਕ ਮਾਨਸਿਕ ਸਦਮੇ, ਮਾਤਹਿਤਪੁਣੇ, ਦੁਜੈਲੇਪਨ, ਬੇਗਾਨਗੀ, ਨਿਗੁਣੇਪਨ ਤੇ ਅਧੀਨਤਾ ਦਾ ਅਹਿਸਾਸ ਹੁੰਦਾ ਹੈ ।ਅੱਜਕਲ ਇਹ ਅਹਿਸਾਸ ਆਪਣੀ ਧਰਤੀ 'ਤੇ ਗਲੋਬਲਾਈਜੇਸ਼ਨ, ਬਾਜ਼ਾਰੀਕਰਨ, ਨਿੱਜੀ ਮੁਨਾਫੇ ਤੇ ਖ਼ਪਤ ਦੇ ਸਭਿਆਚਾਰ ਦੇ ਉਭਾਰ ਤੋਂ ਉਭਰੀ ਭਰਿਸ਼ਟ ਵਿਵਸਥਾ ਵੀ ਆਮ ਲੋਕਾਂ ਨੂੰ ਕਰਾ ਰਹੀ ਹੈ ।ਸੀਹਰੇ ਦੀ ਲਗਭਗ ਸਮੁੱਚੀ ਗ਼ਜ਼ਲ ਵਿਚ ਉਪਰੋਕਤ ਅਹਿਸਾਸ ਦੇ ਝੰਬੇ ਬੰਦੇ ਦੀ ਬਿੰਬਕਾਰੀ ਹੋਈ ਹੈ-



ਰੋਜ਼ ਘੜੀ ਨੂੰ ਚਾਬੀ ਦੇ ਕੇ, ਮਸਤਕ ਵਿਚ ਟਿਕਾਵਾਂ।
ਫਿਰ ਖ਼ੁਦ ਏਸ ਤਣੇ ਤਾਣੇ ਵਿਚ, ਆਪ ਉਲ੍ਹਝਦਾ ਜਾਵਾਂ।(ਪ.72)
ਹਵਨ ਵਿਚ ਬਲ਼ ਰਹੇ ਬੂਟੇ, ਹਵਨ ਵਿਚ ਸੜ ਰਹੇ ਪੰਛੀ,
ਤੇ ਮੰਤਰ ਪੜ੍ਹ ਰਹੇ ਨੇ ਲੋਕ, ਵਗਦੇ ਚਸ਼ਮਿਆਂ ਵਾਲੇ।(ਪ.18)
ਇਹ ਲੱਗਦਾ ਨਹੀਂ ਅਜ, ਕਿ ਮੇਰਾ ਹੀ ਮਨ ਹੈ।
ਨਾ ਹੱਸੇ ਨਾ ਰੋਵੇ, ਬਹੁਤ ਸੁੰਨਾਪਨ ਹੈ।
ਇਦ੍ਹੇ ਵਿਚ ਕਦੋਂ ਦਾ, ਤੇ ਕੀ ਕੀ ਦਫ਼ਨ ਹੈ।
ਮੈਂ ਖ਼ੁਦ ਨੂੰ ਕੁਰੇਦਾਂ, ਇਹ ਕੈਸਾ ਖ਼ਨਨ ਹੈ।(ਪ.25)

ਉਪਰੋਕਤ ਪ੍ਰਸੰਗ ਵਿਚ ਹੀ ਸੀਹਰੇ ਦੀ ਗ਼ਜ਼ਲ ਦੀ ਇਕ ਵਿਸ਼ੇਸ਼ਤਾ ਦੁਵੱਲਤਾ, ਦਵੰਦ, ਦੁਮੁਖਤਾ ਜਾਂ ਦੋਹਰੀ ਜ਼ਿੰਦਗੀ ਜੀਂਦੇ ਅਜੋਕੇ ਮਨੁੱਖ ਦੀ ਮਾਨਸਿਕਤਾ ਨੂੰ ਫੜ੍ਹਨ ਤੇ ਇਸ ਨੂੰ ਤਨਜ਼ੀਆ ਲਹਿਜੇ ਵਿਚ ਪੇਸ਼ ਕਰਨ ਵਿਚ ਹੈ ।ਇਹ ਦੁਵੱਲਤਾ ਹੀ ਬੰਦੇ ਦਾ ਅਸਤਿਤਵੀ ਸੰਕਟ ਹੈ ।ਜ਼ਿੰਦਗੀ ਦੀ ਅਸਲੀਅਤ ਕੁਝ ਹੋਰ ਹੁੰਦੀ ਹੈ ਤੇ ਦਿਸਦੀ ਜਾਂ ਦਿਖਾਈ ਹੋਰ ਜਾਂਦੀ ਹੈ ।ਅਜੋਕੀ ਅਵਸਥਾ ਦੇ ਅਜਿਹੇ ਵਰਤਾਰੇ ਨੂੰ 'ਹਾਈਪਰ ਰੀਐਲਿਟੀ' ਕਰਕੇ ਜਾਣਿਆਂ ਜਾਂਦਾ ਹੈ, ਜਿਥੇ ਅਸਲ ਨੂੰ ਲਕੋ/ਦਬਾ ਕੇ ਨਕਲ ਨੂੰ ਉਭਾਰਿਆ ਜਾਂਦਾ ।ਇਹ ਹੀ ਮਨੁੱਖੀ ਹਸਤੀ ਦਾ ਦੁਪੱਖਾ ਸੱਚ ਹੈ ਜਿਸ ਵਿਚ ਬੰਦਾ ਕਈ ਵਿਰੋਧਾਂ ਨਾਲ ਬਣਦੇ ਬਿਨਸਦੇ ਸਵੈ ਨੂੰ ਚੁਕੀ ਫਿਰਦਾ ਹੈ ।ਸਾਡਾ ਦੋਹਰਾ ਵਿਵਹਾਰ ਇਸੇ ਤੋਂ ਨਿਰਦੇਸ਼ਤ ਹੁੰਦਾ ।ਇਹ ਕੀ ਵਿਵਸਥਾ ਜਾਂ ਵਰਤਾਰਾ ਹੈ ਜਿਸ ਵਿਚ ਮਨੁੱਖ ਨੂੰ ਦੋਹਰੀ ਜ਼ਿੰਦਗੀ ਜੀਣੀ ਪੈ ਰਹੀ ।ਇਕ ਜੀਣਾ, ਦੂਜੇ ਜੀਣ ਤੋਂ ਬਿਲਕੁਲ ਉਲਟ ਹੈ-
ਹਉਕੇ ਤੇ ਹੰਝੂ ਸਿਸਕੀਆਂ, ਉਹ ਪਹਿਨਦੀ ਘਰੇ,
ਕੰਗਣ ਤੇ ਬਿੰਦੀ ਝਾਂਜਰਾਂ, ਤਾਂ ਆਉਣ ਜਾਣ ਲਈ।(ਪ.23)

ਮਹਿੰਦੀ 'ਚ ਲੁਕ ਨੇ ਗਈਆਂ, ਸਭ ਤੇਰੀਆਂ ਲਕੀਰਾਂ,
ਬਾਹਰ ਹਜ਼ਾਰ ਰਸਮਾਂ, ਹੋਏ ਨਾ ਸਗਨ ਅੰਦਰ।(ਪ.28)

ਲਾਹੁਣਾ ਪਵੇਗਾ ਮੁਕਟ ਤੇ ਖੁਰਨੇ ਨੇ ਰੰਗ ਵੀ,
ਤਾਂ ਹੀ ਤਾਂ ਉਹ ਚਿਹਰਾ ਕਦੀ, ਧੋਵੇ ਨਾ ਸਾਮ੍ਹਣੇ।(ਪ.15)

ਸੁਰਿੰਦਰ ਸੀਹਰੇ ਦੀ ਗ਼ਜ਼ਲਕਾਰੀ ਦਾ ਅਗਲਾ ਪ੍ਰਸੰਗ ਉਸਦੀਆਂ ਗ਼ਜ਼ਲਾਂ ਵਿਚ 'ਲੇਖਣੀ' ਤੇ ਗ਼ਜ਼ਲ ਕਾਵਿ-ਰੂਪ ਸੰਬੰਧੀ ਚੇਤਨਤਾ ਦਾ ਹੈ ।ਇਸਨੂੰ ਉਸਦੀ ਕਾਵਿ-ਸਾਸ਼ਤਰੀ ਚੇਤਨਾ ਵੀ ਕਹਿ ਸਕਦੇ ਹਾਂ, ਜਿਸ ਤੋਂ ਕਈ ਵਾਰ ਕਵੀ ਅਭਿੱਜ ਹੁੰਦਾ ਹੈ ।ਕਿਸੇ ਵੀ ਲੇਖਕ ਦੀ ਲੇਖਣੀ ਪਿੱਛੇ 'ਅਹੂਤੀ' ਪਈ ਹੁੰਦੀ ਹੈ ।ਹਰਿਭਜਨ ਸਿੰਘ ਨੇ ਵੀ ਹਰ ਰਿਸ਼ੀ ਦੇ ਅਤੀਤ ਵਿਚ ਜਖ਼ਮ ਅਤੇ ਕਿਸੇ ਦਰਦ ਦੀ ਵਿਆਖਿਆ ਨੂੰ ਗੀਤ ਗਿਆਨ ਕਿਹਾ ਸੀ ।ਦਰਦ/ਦੁੱਖ/ਤਣਾਓ ਨੂੰ ਕਵਿਤਾ ਬਣਾ ਕੇ ਉਸ 'ਚੋਂ ਜ਼ਿੰਦਗੀ ਤਰਾਸ਼ਣਾ ਸੀਹਰੇ ਨੂੰ ਵੀ ਆਉਂਦਾ ਹੈ ।ਉਹ ਬੇਅਰਥ ਹੋਈ ਜ਼ਿੰਦਗੀ ਨੂੰ ਮਾਅਨੇਖੇਜ਼ ਬਣਾਉਣਾ ਚਾਹੁੰਦਾ ਹੈ ।ਉਹ ਤੜਪ ਤੋਂ ਨਾਚ ਜਾਂ ਤਣਾਓ ਤੋਂ ਮੁਕਤ ਕਰਨ ਦੀ ਕਰਾਮਾਤ 'ਲੇਖਣੀ' 'ਚ ਵੇਖਦਿਆਂ ਮਾਨਵੀਂ ਹੋਂਦ ਨੂੰ ਮੁੜ ਅਰਥਵਾਨ ਬਣਾਉਣ ਦਾ ਹੀਲਾ ਕਰਦਾ ਹੈ-

ਇਸ ਦੁੱਖ ਦਾ ਅਜ ਉਬਾਲ਼ਾ, ਆਉਣਾ ਸੀ ਆ ਗਿਆ ਹੈ,
ਦੋ ਚਾਰ ਗ਼ਜ਼ਲਾਂ ਲਿਖੀਆਂ, ਸੀਹਰੇ ਫਿਰ ਉਹ ਕਹਾਣੀਆਂ।(ਪ.27)

ਮੇਰੇ ਪੈਰਾਂ ਹੇਠਾਂ, ਤਾਂ ਜ਼ਖ਼ਮਾਂ ਦਾ ਘਰ ਹੈ,
ਇਨ੍ਹਾਂ 'ਤੇ ਹੀ ਹੈ ਜੋ, ਇਹ ਛਨਨ ਛਨਨ ਹੈ।(ਪ.25)

ਮੇਰੇ ਤਾਂ ਰਹਿੰਦੇ ਇਸ ਤਰਾਂ, ਖੁੱਲੇ ਹੀ ਜ਼ਖ਼ਮ ਇਹ,
ਮੱਲ੍ਹਮ ਨਾ ਲਾਈ ਮੈਂ ਕਦੀ, ਕੀਤੀ ਟਕੋਰ ਨ੍ਹੀ ।
ਸੀਹਰਾ ਜਦੋਂ ਤਕ ਇਸ ਤਰਾਂ, ਲਿਖਦਾ ਨਹੀਂ ਗ਼ਜ਼ਲ,
ਅੰਦਰ ਇਹ ਰਹਿੰਦਾ ਤੜਪਦਾ, ਨੱਚਦਾ ਇਹ ਮੋਰ ਨ੍ਹੀ ।(ਪ.13)

ਅਜਿਹੀ ਚੇਤਨਾ ਅਜੋਕੇ ਕਾਵਿ ਲਈ ਨਰੋਈ ਮੰਨੀ ਜਾ ਸਕਦੀ ਹੈ । ਇਹ ਸਿਰਜਣ ਦੀ ਸਿਆਸਤ ਹੈ, ਜੋ ਆਮ ਬੰਦੇ ਦੇ ਜੀਣ ਲਈ ਲੜੇ ਜਾ ਰਹੇ ਵੰਨ ਸੁਵੰਨੇ ਯੁੱਧ ਵਿਚ ਆਪਣੀ ਚੇਤੰਨ ਹਾਜ਼ਰੀ ਲਵਾਉਂਦੀ ਹੈ । ਸੀਹਰਾ ਵੀ ਸਿਰਜਨਾਤਮਕ ਸਿਆਸਤ ਰਾਹੀਂ ਬੰਦੇ 'ਚੋ 'ਬੰਦਾ' ਲੱਭਣ ਦਾ ਯਤਨ ਕਰਦਾ । ਵਿਚਾਰਧਾਰਕ ਬੇਵਿਸ਼ਵਾਸੀ ਦੀ ਅਵਸਥਾ 'ਚ ਬੰਦੇ ਦੀ ਹੋਂਦ ਦਾ ਮਸਲਾ ਵਿਸ਼ਵ ਪੱਧਰ 'ਤੇ ਗੁੰਝਲਦਾਰ ਬਣ ਚੁੱਕਾ ਹੈ ਤੇ ਅੱਜ ਸੰਵੇਦਨਸ਼ੀਲ਼ ਬੰਦਾ ਪ੍ਰਮਾਨਿਕ ਹੋਂਦ/ਪਛਾਣ ਦੀ ਤਲਾਸ਼ ਲਈ ਛਟਪਟਾਉਂਦਾ ਨਜ਼ਰ ਆਉਂਦਾ ਹੈ। ਅਜਿਹੀ ਛਟਪਟਾਹਟ ਇਨ੍ਹਾਂ ਗ਼ਜ਼ਲਾਂ ਵਿਚ ਦਿਸਦੀ ਹੈ ਪਰ ਇਹ ਸੰਕਟ ਬਹੁਤ ਜਟਿਲ ਹੈ ਤੇ ਇਸਦੇ ਠੋਸ ਹੱਲ ਦਾ ਨਿਰਧਾਰਤ ਰਾਹ ਨਹੀਂ ਲੱਭਦਾ।

ਇਸੇ ਪ੍ਰਸੰਗ ਤੋਂ ਉਹ ਗ਼ਜ਼ਲ ਕਾਵਿ-ਰੂਪ ਨੂੰ ਪੁਨਰ- ਪਰਿਭਾਸ਼ਤ ਕਰਨ ਦਾ ਯਤਨ ਵੀ ਕਰ ਰਿਹਾ ਹੈ । ਉਹ ਆਪਣੀਆਂ ਗ਼ਜ਼ਲਾਂ ਵਿਚ ਇਸਦੇ ਪਰੰਪਰਕ ਤੋਲ ਤੁਕਾਂਤ ਤੇ ਵਜ਼ਨ ਦੀ ਬੰਦਸ਼ ਵਿਰੁੱਧ ਟਿੱਪਣੀਆਂ ਕਰਦਾ ਹੈ, ਸਾਇਦ ਇਸੇ ਕਰਕੇ ਉਸਦੀਆਂ ਕੁਝ ਗ਼ਜ਼ਲਾਂ ਦੀਆਂ ਚੂਲ਼ਾਂ ਢਿੱਲੀਆਂ ਰਹੀਆਂ ਹਨ ਪਰ ਕਾਫੀ ਗ਼ਜ਼ਲਾਂ ਬੰਦਸ਼ੀ ਗ਼ਜ਼ਲ ਦੇ ਨੇੜੇ ਤੇੜੇ ਹਨ । ਹਾਂ ਕੁਝ ਪ੍ਰਯੋਗ ਜ਼ਰੂਰ ਕਰ ਰਿਹਾ ਹੈ । ਉਸਦੀ ਹਰ ਗ਼ਜ਼ਲ ਦਾ ਦੂਜਾ ਸ਼ਿਅਰ ਮਤਲੇ ਵਾਂਗ ਹਮ-ਕਾਫ਼ੀਆ ਤੇ ਹਮ-ਰਦੀਫ਼ ਹੈ । ਮਤਲਾ ਮਤਲਬ 'ਉਦੈ ਹੋਣ ਦੀ ਥਾਂ' ਭਾਵ ਗ਼ਜ਼ਲ ਦਾ ਪਹਿਲਾ ਸ਼ਿਅਰ ਜਿਸਦੇ ਮਿਸਰੇ ਹਮ-ਕਾਫ਼ੀਆ ਤੇ ਹਮ-ਰਦੀਫ਼ ਹੁੰਦੇ ਹਨ । ਪਰੰਪਰਕ ਨਿਯਮ ਨੂੰ ਛੱਡ, ਉਸਦੀ ਹਰ ਗ਼ਜ਼ਲ ਵਿਚ ਦੋ ਮਤਲੇ ਹਨ । ਕਿਤੇ ਕਿਤੇ ਇਹ ਰੜਕਦੇ ਵੀ ਹਨ । ਸ਼ਾਇਦ ਉਹ ਇਹ ਸਭ ਕੁਝ ਚੇਤਨ ਤੌਰ 'ਤੇ ਗ਼ਜ਼ਲ ਵਿਚ ਆਪਣੀ ਵੱਖਰੀ ਪਛਾਣ/ਮੋਹਰ-ਛਾਪ ਲਈ ਕਰ ਰਿਹਾ ਹੈ।

ਸੀਹਰਾ ਗ਼ਜ਼ਲ ਕਾਵਿ-ਰੂਪ ਨੂੰ ਚੁਣਦਾ ਵੀ ਹੈ ਤੇ ਨਜ਼ਮ ਵਰਗੇ ਸੁਭਾਅ ਦੀ ਤਵੱਕੋ ਵੀ ਕਰਦਾ ਹੈ । ਉਸਦੇ ਅਵਚੇਤਨ ਵਿਚ ਕੁਝ ਪਿਆ ਹੈ । ਪੰਜਾਬੀ ਵਿਚ ਗ਼ਜ਼ਲ ਨੂੰ ਪਹਿਲਾਂ ਪਹਿਲ ਪਿਆਰ ਅਨੁਭਵ, ਨਿੱਜੀ ਜਜ਼ਬੇ ਜਾਂ ਉਪ-ਭਾਵੁਕਤਾ ਨੂੰ ਪ੍ਰਗਟਾਉਣ ਤਕ ਸੀਮਤ ਕਰਕੇ ਵੇਖਿਆ ਤੇ ਦੱਸਿਆ ਜਾਂਦਾ ਰਿਹਾ ਪਰ ਸਮਕਾਲੀ ਗ਼ਜ਼ਲਕਾਰਾਂ ਇਸ ਵਿਧਾ ਤੋਂ ਜਿਵੇਂ ਸਮਾਜਿਕ ਮੁੱਦਿਆਂ ਨੂੰ ਮੁਖ਼ਾਤਿਬ ਹੋਏ ਤਾਂ ਗ਼ਜ਼ਲ ਦੇ ਨਿੰਦਕ ਜਨਤਕ ਤੌਰ 'ਤੇ ਚੁੱਪ ਹੋ ਗਏ । ਅਜੋਕੇ ਸਮੇਂ ਗ਼ਜ਼ਲ ਇਸ ਤੋਂ ਅਗਾਂਹ ਪੰਜਾਬੀ ਬੰਦੇ ਦੇ ਸਥਾਨਕ, ਅਸਤਿਤਵੀ, ਸਮਾਜ-ਵਿਗਿਆਨਕ ਜਾਂ ਮਨੋ-ਵਿਗਿਆਨਕ ਮਸਲਿਆ ਨੂੰ ਸੰਬੋਧਿਤ ਹੋ ਪੰਜਾਬੀ ਸ਼ਾਇਰੀ ਨੂੰ ਇਕ ਚਿੰਤਨੀ ਗਹਿਰਾਈ ਦੇ ਰਹੀ ਹੈ ।

ਕਿਸੇ ਵੇਲੇ ਗ਼ਜ਼ਲ ਨੂੰ ਮਿਹਣੇ ਮਿਲਦੇ ਰਹੇ ਹਨ ਤੇ ਪੰਜਾਬੀ ਵਿਚ ਇਕ ਸਿਨਫ਼ ਵਜੋਂ



'ਗ਼ਜ਼ਲ' 'ਤੇ ਵਿਵਾਦ ਛਿੜਿਆ ਰਿਹਾ ਹੈ । ਇਸਨੂੰ ਅਨੇਕਾਂ ਧਿਰਾਂ ਵੱਲੋਂ ਤਿੱਖੀ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ । ਕਈਆਂ ਨੇ ਤਾਂ ਇਥੋਂ ਤਕ ਫ਼ਤਵੇ ਜਾਰੀ ਕਰ ਦਿੱਤੇ ਕਿ ਪੰਜਾਬੀ ਵਿਚ ਗ਼ਜ਼ਲ਼ ਦੀ ਕੋਈ ਥਾਂ ਨਹੀਂ ਹੈ । ਉਹਨਾਂ ਵੱਲੋਂ ਇਸਨੂੰ ਅਸਵੀਕਾਰ ਜਾਂ ਰੱਦ ਕੀਤੇ ਜਾਣ ਦੇ ਬਾਵਜੂਦ ਪੰਜਾਬੀ ਗ਼ਜ਼ਲ ਨੇ ਪੰਜਾਬੀ ਜਗਤ ਵਿਚ ਆਪਣੀ ਥਾਂ ਬਣਾਈ ਹੈ ਅਤੇ ਅਜੋਕੇ ਸਮੇਂ ਇਸ ਨੂੰ ਆਪਣੀ ਰੂਪਗਤ ਵਿਸ਼ੇਸ਼ਤਾ ਕਰਕੇ ਜ਼ਿੰਦਗੀ ਦੀ ਵੰਨ-ਸੁਵੰਨਤਾ ਨੂੰ ਫੜਨ ਵਾਲਾ ਬਹੁਤ ਮਹੱਤਵਪੂਰਨ ਕਾਵਿ-ਰੂਪ ਮੰਨਿਆਂ ਜਾਣ ਲੱਗਿਆ ਹੈ । ਇਹ ਇਸਦੀ ਰੂਪਗਤ ਵਿਸ਼ੇਸ਼ਤਾ ਕਰਕੇ ਵੀ ਹੈ ਤੇ ਪੰਜਾਬੀ ਬੰਦੇ ਦੇ ਪਰੰਪਰਾਗਤ ਸੰਗੀਤ-ਖ਼ਪਤੀ ਸੁਭਾਅ ਕਰਕੇ ਵੀ ਹੈ ਕਿ ਇਸਨੇ ਪੰਜਾਬੀ ਪਾਠਕਾਂ ਤੋਂ ਪ੍ਰਵਾਨਗੀ ਪਾ ਲਈ ਹੈ । ਇਸਦੇ ਵੱਖਰੇ ਵੱਖਰੇ ਸ਼ਿਅਰ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਅਜ਼ਾਦਾਨਾ ਤੇ ਉਸਦੀ ਵੰਨ-ਸੁਵੰਨਤਾ ਸਹਿਤ ਬਿਆਨ ਕਰਨ ਦੇ ਵਧੇਰੇ ਸਮਰੱਥ ਹਨ । ਵਜ਼ਨ ਜਾਂ ਹੋਰ ਰੂਪਗਤ ਬੰਦਸ਼ ਦੇ ਨਿਸਚਿਤ ਵਿਧਾਨ ਵਿਚ ਇਹ ਗ਼ਜ਼ਲ ਦੀ ਖੁੱਲੀ ਤੇ ਆਜ਼ਾਦ ਤਬੀਅਤ ਦਾ ਆਲਮ ਹੈ, ਜਿਸਨੂੰ ਗੰਭੀਰਤਾ ਨਾਲ ਸਮਝਣਾ ਅਜੇ ਬਾਕੀ ਹੈ । ਇਹ ਇਕ ਤਰ੍ਹਾਂ ਦਾ ਵਿਰੋਧਾਭਾਸ ਹੈ, ਵੰਨ ਸੁਵੰਨੇ ਬੰਦਨਾਂ 'ਚ ਘਿਰੇ ਬੰਦੇ ਦਾ ਸੁਤੰਤਰ ਤੇ ਖੁੱਲਾ-ਡੁੱਲਾ ਵਿਚਰਨ ਵਰਗਾ ਵਿਰੋਧਾਭਾਸ ਅਤੇ ਖਾਸ ਕਰਕੇ ਪਰਵਾਸੀ ਬੰਦੇ ਦੇ ਸਰਾਪੇ ਵਰ ਨੂੰ ਹੰਢਾਉਣ ਤੇ ਹੋਂਦ-ਹਸਤੀ ਬਣਾਉਂਦਿਆਂ ਖ਼ੁਰਦੇ ਜਾਣ ਵਰਗਾ ਵਿਰੋਧਾਭਾਸ । ਪੰਜਾਬੀ ਵਿਚ ਗ਼ਜ਼ਲ ਹੁਣ ਮਿਹਣਾ ਨਹੀਂ ਰਹੀ, ਵਡਿਆਈ ਬਣ ਗਈ ਹੈ । ਸੀਹਰੇ ਦੀਆਂ ਗ਼ਜ਼ਲਾਂ ਦੀ ਵਡਿਆਈ ਜ਼ਿੰਦਗੀ ਦੀ ਵੰਨ ਸੁਵੰਨਤਾ 'ਚੋਂ ਇਸ ਵਿਰੋਧਾਭਾਸ ਫੜ੍ਹਨ ਤੇ ਪੇਸ਼ ਕਰਨ 'ਚ ਹੈ ।

**ਨਵੀਆਂ ਛਪੀਆਂ ਪੁਸਤਕਾਂ**

**ਮੇਰੀ ਪਹਿਲੀ ਕਮਾਈ/ਨ੍ਰਿਪਇੰਦਰ ਰਤਨ-ਚੇਤਨਾ ਪ੍ਰਕਾਸ਼ਨ ਲੁਧਿਆਣਾ**

**ਕੇਹੀ ਵਗੇ ਹਵਾ/ਅਜ਼ੀਜ਼ ਸਰੋਏ-ਚੇਤਨਾ ਪ੍ਰਕਾਸ਼ਨ ਲੁਧਿਆਣਾ**

**ਖਾਮੋਸ਼ ਚੀਕਾਂ/ਹਰਕੀਰਤ ਕੌਰ-ਸ਼ਿਲਾਲੇਖ ਪ੍ਰਕਾਸ਼ਨ ਦਿੱਲੀ**

# ਆਫੀਆ ਸਦੀਕੀ ਦਾ ਜੇਹਾਦ : ਹਰਮਿੰਦਰ ਚਹਿਲ

–ਡਾ. ਕੰਵਲਪ੍ਰੀਤ ਕੌਰ

ਸਾਹਿਤ ਸਮਾਜ ਦੀ ਸਮਝ ਦਾ ਸਾਧਨ ਹੈ। ਸਮਾਜ—ਇਤਿਹਾਸ ਦੀ ਜਾਣਕਾਰੀ ਨਾਲ ਸਾਹਿਤ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ। ਹਰਮਿੰਦਰ ਚਹਿਲ ਹੱਥਲੇ ਨਾਵਲ ਤੋਂ ਪਹਿਲਾਂ 'ਬਲੀ' ਤੇ 'ਹੋਣੀ' ਨਾਵਲਾਂ ਰਾਹੀਂ ਪਰਵਾਸੀ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਪਛਾਣ ਕਾਇਮ ਕਰ ਚੁੱਕਾ ਹੈ। ਹੱਥਲੇ ਨਾਵਲ ਰਾਹੀਂ ਉਸਨੇ ਜੇਹਾਦੀ ਇਸਲਾਮਕ ਔਰਤ ਦੀ ਹੋਂਦ, ਹਸਤੀ ਤੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਨ ਦੇ ਨਾਲ-ਨਾਲ ਪਾਕਿਸਤਾਨ ਦੀ ਰਾਜਨੀਤਿਕ, ਧਾਰਮਿਕ, ਆਰਥਿਕ ਤੇ ਸਭਿਆਚਾਰਕ ਪ੍ਰਸਥਿਤੀ ਦਾ ਚਿਤਰਨ ਵੀ ਕੀਤਾ ਹੈ।

ਅਕਸਰ ਹੀ ਘਟਨਾਵਾਂ ਜਾਂ ਲਹਿਰਾਂ ਦੀ ਧੂੜ ਦੇ ਬੈਠ ਜਾਣ ਤੋਂ ਬਾਅਦ ਦੀ ਘੋਖ ਜਾਂ ਪਰਖ ਵਧੇਰੇ ਕਾਰਗਰ ਰਹਿੰਦੀ ਹੈ। ਪਰ ਤਾਲਿਬਾਨਾਂ ਦਾ ਜੇਹਾਦ ਤਾਂ ਨਿਰੰਤਰ ਜਾਰੀ ਹੈ। ਫਲਸਰੂਪ ਅਜਿਹੀਆਂ ਰਚਨਾਵਾਂ ਦੀ ਹੋਂਦ ਗੁੰਮ ਗਵਾਚ ਜਾਣ ਦਾ ਖ਼ਦਸ਼ਾ ਵੀ ਬਰਕਰਾਰ ਹੈ। ਕਈ ਵਾਰ ਕੁਝ ਇਸ ਤਰ੍ਹਾਂ ਵੀ ਵਾਪਰ ਜਾਂਦਾ ਹੈ ਕਿ ਵਿਅਕਤੀ ਭਾਵੇਂ ਕਿੰਨਾ ਵੀ ਆਪਣੇ ਮਨ ਅੰਦਰ ਗੁੱਭ-ਗੁਲਾਟ ਭਰੀ ਰੱਖੇ ਪਰ ਸੰਵੇਦਨਸ਼ੀਲ ਵਿਅਕਤੀ ਕੋਲੋਂ ਇਕ ਨਾ ਇਕ ਦਿਨ ਇਹ ਸਭ ਕੁਝ ਉਕਰਿਆ ਹੀ ਜਾਂਦਾ ਹੈ। ਭਾਵੇਂ ਕਿ ਆਪਣੇ-ਆਪ ਨਾਲ ਅਨੇਕਾਂ ਸਮਝੌਤੇ ਹੀ ਕਿਉਂ ਨਾ ਕੀਤੇ ਹੋਣ ਪਰ ਫਿਰ ਵੀ ਵਰਜਿਤ ਵਿਸ਼ਿਆਂ ਉੱਤੇ ਕਲਮ ਚੱਲ ਹੀ ਪੈਂਦੀ ਹੈ। ਪੰਜਾਬੀ ਸਾਹਿਤ ਵਿਚ ਵੀ ਤਾਲਿਬਾਨਾਂ ਨਾਲ ਸੰਬੰਧਿਤ ਹੱਥਲੀ ਰਚਨਾ ਹੀ ਪਹਿਲ ਦੇ ਤੌਰ 'ਤੇ ਪਾਠਕਾਂ ਲਈ ਰਾਹ ਮੋਕਲਾ ਕਰਦੀ ਹੈ।

ਨਾਵਲੀ-ਪਾਠ ਪੜ੍ਹਦਿਆਂ ਇਹ ਨੁਕਤਾ ਵੀ ਧਿਆਨ ਖਿੱਚਦਾ ਹੈ ਕਿ ਜੇਕਰ ਕਿਸੇ ਵਧੀਆ ਮਕਸਦ ਲਈ ਜੇਹਾਦ ਕੀਤਾ ਜਾਵੇ ਤਾਂ ਪੇਸ਼ਕਾਰੀ ਕਰਨੀ ਵੀ ਠੀਕ ਹੁੰਦੀ ਹੈ ਪਰ ਹੱਥਲੇ ਨਾਵਲ ਦੀ ਨਾਇਕਾ 'ਆਫੀਆ' ਤਾਂ ਕੇਵਲ ਆਪਣੇ ਧਰਮ ਨੂੰ ਵਡਿਆਉਣਾ ਤੇ ਉੱਚਾ ਦਰਜਾ ਦਿਵਾਉਣਾ ਚਾਹੁੰਦੀ ਹੈ। ਅਜਿਹੀਆਂ ਰਚਨਾਵਾਂ ਪਾਠਕਾਂ/ਸਮਾਜ ਨੂੰ ਗੁੰਮਰਾਹ ਵੀ ਕਰ ਸਕਦੀਆਂ ਹਨ। ਪਰ ਦੂਜੇ ਪਾਸੇ ਜੇਕਰ ਆਫੀਆ ਦੀ ਹੋਣੀ ਤੋਂ ਪਾਠਕ/ਸਮਾਜ ਸੇਧ ਲੈਣੀ ਚਾਹਵੇ ਤਾਂ ਇਹ ਨੁਕਤਾ ਕੁਝ ਵੱਖਰੀ ਤਰ੍ਹਾਂ ਦੇ ਅਰਥ ਵੀ ਅਖ਼ਤਿਆਰ ਕਰ ਜਾਂਦਾ ਹੈ। ਪਾਠਕ ਇਕ ਤਰ੍ਹਾਂ ਨਾਲ ਸੁਚੇਤ ਵੀ ਵੀ ਹੋ ਜਾਂਦਾ ਹੈ, ਅਜਿਹੇ ਜਹਾਦਾਂ ਪਿੱਛੇ ਸਮਾਂ ਗੁਆ ਕੇ ਆਪਣੇ-ਆਪ ਦੀ ਬਰਬਾਦੀ ਤੋਂ ਬਿਨ੍ਹਾਂ ਹੋਰ ਕੁੱਝ ਪੱਲੇ ਨਹੀਂ ਪੈਂਦਾ।

ਦੁਨੀਆਂ ਦੇ ਧਰਮਾਂ ਵਿਚ ਈਸਾਈ, ਯਹੂਦੀ ਤੇ ਮੁਸਲਿਮ ਵੱਡੇ ਧਰਮ ਮੰਨੇ ਗਏ ਹਨ। ਅਸਲੀ ਮੁਸਲਿਮ ਆਪਣੇ-ਆਪ ਨੂੰ ਮੋਮਨ ਤੇ ਬਾਕੀਆਂ ਨੂੰ ਕਾਫ਼ਰ ਸਮਝਦਾ ਹੈ। ਮੁਸਲਿਮ ਧਰਮ ਵਿਚ ਮੋਮਨ ਨੂੰ ਤਾਂ ਬਹਿਸ਼ਤ ਵਿਚ ਪਰੀਆਂ ਮਿਲਣ ਦਾ ਜ਼ਿਕਰ ਮਿਲਦਾ ਹੈ ਪਰ ਔਰਤ ਮੋਮਨ ਲਈ ਇਹੋ ਜਿਹਾ ਕੋਈ ਜ਼ਿਕਰ ਨਹੀਂ ਹੋਇਆ। ਇਸੇ ਲਈ ਆਫੀਆ ਦਾ ਜੇਹਾਦ ਕੇਵਲ ਜਹਾਦ ਨਹੀਂ ਸਗੋਂ ਜਨੂੰਨ ਹੈ। ਦੂਜਾ ਪੱਖ ਇਹ ਵੀ ਹੈ ਕਿ ਇਸਲਾਮ ਪਾਕਿਸਤਾਨ ਦਾ ਰਾਸ਼ਟਰੀ ਧਰਮ ਹੋਣ ਕਰਕੇ ਜ਼ਿੰਦਗੀ, ਸ਼ਾਸਨ, ਪ੍ਰਸ਼ਾਸਨ, ਨਿਆਂਪਾਲਿਕਾ, ਸਮਾਜਕ ਮਾਨਸਿਕ ਪ੍ਰਬੰਧ ਔਰਤ ਦੀ ਮਾਨਸਿਕ ਤੇ ਪਰਿਵਾਰਕ ਵਿਉਂਤਬੰਦੀ ਉੱਤੇ ਹਾਵੀ ਹੀ ਨਹੀਂ ਹੈ ਸਗੋਂ ਲੋੜੀਂਦੀ ਭੂਮਿਕਾ ਵੀ ਨਿਭਾਉਂਦਾ ਹੈ। ਔਰਤ ਇਸਲਾਮੀ ਦ੍ਰਿਸ਼ਟੀ ਤੋਂ ਮਰਦ ਨਾਲੋਂ ਅਮਲੀ ਪੱਧਰ 'ਤੇ ਬਹੁਤ ਪਿੱਛੇ ਰੱਖੀ ਗਈ ਹੈ। ਉਸ ਲਈ ਵਿਕਾਸ ਦੇ ਮੌਕੇ 'ਤੇ ਦਰ ਮੁਕਾਬਲਤਨ ਬਹੁਤ ਘੱਟ ਹਨ। ਉਸ ਉੱਤੇ ਬੰਦਿਸ਼ਾਂ, ਬੰਧੇਜਾਂ, ਸੀਮਾਵਾਂ ਤੇ ਸੰਜਮਾਂ ਵਿਚ ਰਹਿਣ ਲਈ ਮਜ਼ਬੂਰੀ ਹੈ। ਪਰ ਲੇਖਕ ਨੇ 'ਆਫੀਆ' ਨੂੰ ਉਪਰੋਕਤ ਕਿਸਮ ਦੀ ਔਰਤ



ਨਾਲੋਂ ਬਿਲਕੁੱਲ ਵੱਖਰੀ ਤਰ੍ਹਾਂ ਦੀ ਚਿਤਰਿਆ ਹੈ। ਆਫੀਆ ਨੂੰ ਮਾਪਿਆਂ ਨੇ ਤਾਲੀਮ ਇਸ ਕਰਕੇ ਦਿਵਾਈ ਸੀ ਤਾਂ ਕਿ ਉਹ ਉਸਨੂੰ ਰਾਜਨੀਤੀ ਦੇ ਚਮਕਦੇ ਸਿਤਾਰੇ ਦੀ ਤਰ੍ਹਾਂ ਵੇਖ ਸਕਣ, ਭਵਿੱਖ ਵਿਚ ਉਸਦੇ ਹੱਥ ਵਿਚ ਪਾਕਿਸਤਾਨ ਦੀ ਸੱਤਾ ਹੋਵੇ ਪਰ ਆਫੀਆ ਜੇਹਾਦੀ ਬਣ ਗਈ। ਆਫ਼ੀਆ ਦੇ ਇਸ ਜੇਹਾਦ ਨੂੰ ਕਹਾਣੀਕਾਰ ਜਿੰਦਰ ਨੇ 'ਜਨੂੰਨ' ਦਾ ਨਾਂਅ ਦਿੱਤਾ ਹੈ। ਇਸੇ ਜਨੂੰਨ ਨੇ ਆਫੀਆ ਦੀ ਖਾਮੋਸ਼ੀ ਖੋਹ ਲਈ ਤੇ ਉਸਦੀ ਹੋਂਦ ਤੇ ਹਸਤੀ ਦੋਵੇਂ ਮਿਟ ਗਈਆਂ।

ਨਾਵਲਕਾਰ ਨੇ 176 ਸਫਿਆਂ ਵਾਲੇ ਇਸ ਨਾਵਲ ਨੂੰ 18 ਕਾਂਡਾ ਵਿਚ ਵੰਡਿਆ ਹੈ। ਪਹਿਲੇ ਕਾਂਡ ਦਾ ਆਰੰਭ ਪਿੱਛਲ ਝਾਤੀ ਜੁਗਤ ਨਾਲ ਹੋਇਆ ਹੈ। ਆਫੀਆ ਦੀ ਹੋਣੀ ਦੇ ਅੰਤਿਮ ਸਮੇਂ ਦੀ ਪੇਸ਼ਕਾਰੀ ਇਥੇ ਹੀ ਕਰ ਦਿੱਤੀ ਗਈ ਹੈ। ਇਸ ਵਿਚੋਂ ਹੋਣੀ ਦੇ ਹਰ ਸੱਚ ਨੂੰ ਮੰਨ ਲੈਣ ਦੀ ਗਹਿਰੀ ਟੋਹ ਮਿਲਦੀ ਹੈ। ਅਜਿਹੇ ਵੇਰਵੇ ਵਿਅੰਜਣਭਾਵੀ ਹੋਣ ਕਰਕੇ ਬਹੁਅਰਥਕ ਹਨ। ਇਸਦੇ ਨਾਲ ਹੀ ਫੋਰਸ਼ੈਡੋਇੰਗ (Foreshadowing) ਦੀ ਤਰਕੀਬ ਰਾਹੀਂ ਨਾਵਲ ਸਿਰਜਨਾ ਕੀਤੀ ਗਈ ਹੈ। ਇਸ ਤਰਕੀਬ ਅਨੁਸਾਰ ਨਾਵਲ ਦੇ ਮੁੱਢ ਵਿਚ ਦਿੱਤੀਆਂ ਘਟਨਾਵਾਂ ਅਤੇ ਸਥਿਤੀਆਂ ਤੋਂ ਹੀ ਆਉਣ ਵਾਲੀਆਂ ਘਟਨਾਵਾਂ ਦਾ ਸੰਕੇਤ ਮਿਲ ਜਾਂਦਾ ਹੈ। ਅਜਿਹੇ ਨਾਵਲ ਵਿਚ ਇਹ ਜਗਿਆਸਾ ਨਹੀਂ ਰਹਿੰਦੀ ਕਿ ਨਾਵਲ ਦਾ ਨਤੀਜਾ ਕੀ ਨਿਕਲਦਾ ਹੈ। ਕੇਵਲ ਇਹ ਜਾਣਨ ਦੀ ਉਤਸੁਕਤਾ ਰਹਿ ਜਾਂਦੀ ਹੈ, ਕਿ ਪਹਿਲਾਂ ਦੱਸਿਆ ਨਤੀਜਾ ਕਿਵੇਂ ਨਿਕਲੇਗਾ। ਆਫੀਆ ਦੇ ਅੰਤ ਬਾਰੇ ਇਥੇ ਪਹਿਲਾਂ ਹੀ ਦੱਸ ਦਿੱਤਾ ਗਿਆ ਹੈ। ਬਾਕੀ ਦਾ ਨਾਵਲ ਤਾਂ ਇਸਦੀ ਵਿਆਖਿਆ ਕਰਦਾ ਹੈ।

ਨਾਵਲੀ-ਕਥਾ ਖ਼ਬਰ ਵਾਂਗ ਸ਼ੁਰੂ ਹੁੰਦੀ ਹੈ। ਅਹਿਮ ਘਟਨਾ ਬੀਤੇ ਵਿਚ ਵਾਪਰ ਚੁਕੀ ਹੈ। ਪਰ ਇਸ ਸਬੰਧੀ ਕੁੱਝ ਲੁਕਾਵਾ ਵੀ ਹੈ। ਇਸੇ ਕਰਕੇ ਇਸਦਾ ਪ੍ਰਭਾਵ ਜਾਂ ਅਸਰ ਵਰਤਮਾਨ ਵਿਚ ਵੀ ਕਾਇਮ ਹੈ। ਇਹ ਨਾਵਲ ਖ਼ਬਰ-ਨੁਮਾ ਵੇਰਵੇ ਤੋਂ ਤੁਰੰਤ ਬਾਅਦ ਸਮਾਨਾਂਤਰ ਵਿਰੋਧ-ਚਿਤਰ ਦਾ ਗਲਪੀ ਰੁਖ਼ ਅਖ਼ਤਿਆਰ ਕਰ ਜਾਂਦਾ ਹੈ।

ਨਾਵਲ ਦੇ ਆਰੰਭ ਵਿਚ ਅਫ਼ਗਾਨਿਸਤਾਨ ਦੇ ਗਜ਼ਨੀ ਸ਼ਹਿਰ ਦਾ ਜ਼ਿਕਰ ਹੋਇਆ ਹੈ। ਉਥੋਂ ਦੇ ਖ਼ੌਫਨਾਕ ਮਾਹੌਲ ਦੇ ਨਾਲ-ਨਾਲ 17 ਜੁਲਾਈ, 2008 ਦੇ ਇਤਿਹਾਸਕ ਵੇਰਵੇ ਵੀ ਜ਼ਿਕਰਯੋਗ ਹਨ। ਅਮਰੀਕਣ ਐਫ. ਬੀ. ਆਈ. ਦੁਆਰਾ ਐਲਾਨੀ ਗਈ ਦੁਨੀਆਂ ਦੀ ਸਭ ਤੋਂ ਖਤਰਨਾਕ ਅੱਤਵਾਦੀ ਔਰਤ ਆਫੀਆ ਸਦੀਕੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਇਸ ਤੋਂ ਅਗਲੇ ਕਾਂਡਾਂ ਵਿਚ ਆਫੀਆ ਦੇ ਪਰਿਵਾਰ, ਰਿਸ਼ਤੇਦਾਰਾਂ, ਪੜ੍ਹਾਈ, ਵਿਆਹ, ਜੇਹਾਦ ਆਦਿ ਨਾਲ ਸਬੰਧਿਤ ਵੇਰਵਿਆਂ ਨਾਲ ਉਸਦੀ ਬੀਤ ਚੁਕੀ ਜ਼ਿੰਦਗੀ ਉੱਤੇ ਝਾਤ ਪਵਾਈ ਗਈ ਹੈ। ਵਾਸਤਵਿਕ ਵੇਰਵਿਆਂ ਤੇ ਠੋਸ ਤੱਥਾਂ 'ਤੇ ਆਧਾਰਿਤ ਹੋਣ ਕਰਕੇ ਇਸ ਨੂੰ ਦਸਤਾਵੇਜ਼ੀ ਨਾਵਲ ਮੰਨਿਆ ਜਾ ਸਕਦਾ ਹੈ।

ਇਹ ਨਾਵਲ ਆਮ ਨਾਵਲਾਂ ਤੋਂ ਕੁਝ ਵੱਖਰਾ ਹੈ। ਇਸ ਦਾ ਇਕ ਖ਼ਾਸ ਵਿਧੀ-ਵਿਧਾਨ ਹੈ। ਇਹ ਵਰਤਮਾਨ ਦੇ ਸੰਦਰਭ ਵਿਚ ਨਹੀਂ ਸਗੋਂ ਅੱਜ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਦੇ ਰੂਪ ਵਿਚ ਲਿਖਿਆ ਗਿਆ ਹੈ। ਪਰ ਇਸਦੇ ਡੂੰਘੇ ਅਰਥਾਂ ਦਾ ਸੰਬੰਧ ਦਾਰਸ਼ਨਿਕ ਤੇ ਇਤਿਹਾਸਕ ਦੋਵਾਂ ਪਹਿਲੂਆਂ ਤੋਂ ਵਰਤਮਾਨ ਤੇ ਭਵਿੱਖ ਨਾਲ ਬਣਦਾ ਹੈ।

ਇਸ ਨਾਵਲ ਵਿਚ ਪਾਕਿਸਤਾਨ ਦੇ ਅਮੀਰ ਘਰਾਣਿਆਂ ਨਾਲ ਸੰਬੰਧਿਤ ਤਿੰਨ ਤਰ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਪ੍ਰਾਪਤ ਹਨ। ਇਨ੍ਹਾਂ ਵਿਚ ਸਦੀਕੀ, ਫਾਰੂਕੀ ਤੇ ਖਾਨ ਪਰਿਵਾਰ ਸ਼ਾਮਲ ਹਨ। ਇਹ ਘਰਾਣੇ ਅਮੀਰ ਹੋਣ ਦੇ ਨਾਲ-ਨਾਲ ਪਾਕਿਸਤਾਨ ਦੇ ਸ਼ਾਹੀ ਪਰਿਵਾਰਾਂ ਨਾਲ ਨੇੜੇ ਦੇ ਸਬੰਧ ਰੱਖਦੇ ਹਨ। ਸਦੀਕੀ ਪਰਿਵਾਰ ਦਾ ਮੁਖੀ ਮੁਹੰਮਦ ਸੁਲੇਮਾਨ ਹੈ, ਜੋ ਪੇਸ਼ੇ ਵਜੋਂ ਡਾਕਟਰ ਹੈ। ਇਸਮਤ

ਜਹਾਨ ਉਸਦੀ ਬੀਵੀ ਹੈ ਤੇ ਬੱਚਿਆਂ ਵਿਚ ਮੁਹੰਮਦ ਅਲੀ, ਫ਼ੌਜੀਆ ਤੇ ਆਫੀਆ ਸ਼ਾਮਲ ਹਨ। ਦੂਜਾ ਪਰਿਵਾਰ ਫਾਰੂਕੀ ਦਾ ਹੈ। ਫਾਰੂਕੀ ਇਸਮਤ ਜਹਾਨ ਦਾ ਭਰਾ ਤੇ ਆਫੀਆ ਦਾ ਮਾਮਾ ਹੈ। ਫਾਰੂਕੀ ਦੇ ਪਰਿਵਾਰ ਵਿਚ ਉਸਦੀ ਬੀਵੀ ਵੀ ਸ਼ਾਮਲ ਹੈ। ਖਾਨ ਪਰਿਵਾਰ ਵਿਚ ਆਗਾ ਨਈਮ ਖਾਂ ਤੇ ਜਾਹਿਰਾ ਖਾਂ ਸ਼ਾਮਲ ਹਨ। ਖਾਨ ਪਰਿਵਾਰ ਇਕ ਸ਼ਾਂਤ ਅਤੇ ਦੀਨੀ ਅਕੀਦੇ ਮੰਨਣ ਵਾਲਾ ਬਾਵੱਕਾਰ ਪਰਿਵਾਰ ਹੈ। ਉਨ੍ਹਾਂ ਜ਼ਿੰਦਗੀ 'ਚ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਸੀ। ਉਨ੍ਹਾਂ ਦੇ ਬੱਚੇ ਬਦੇਸ਼ਾਂ 'ਚ ਪੜ੍ਹਦੇ ਹਨ ਅਤੇ ਚੰਗੇ ਅਹੁਦਿਆਂ 'ਤੇ ਹਨ। ਨਈਮ ਖਾਂ ਭਾਵੇਂ ਰਾਜਨੀਤਿਕ ਨਹੀਂ ਹੈ, ਪਰ ਉਸਦੀ ਸੂਝ-ਬੂਝ ਡੂੰਘੀ ਹੈ। ਨਾਵਲ ਵਿਚ ਖਾਨ ਪਰਿਵਾਰ ਸੰਬੰਧੀ ਜ਼ਿਕਰ ਆਫੀਆ ਦੇ ਵਿਆਹ ਤੋਂ ਬਾਅਦ ਵਿਚ ਹੁੰਦਾ ਹੈ।

ਦੇਸ਼ ਵੰਡ ਤੋਂ ਬਾਅਦ ਮੁਹਮਦ ਸੁਲੇਮਾਨ ਸਦੀਕੀ ਪਰਵਿਾਰ ਸਮੇਤ ਜੈਂਬੀਆ (ਅਫ਼ਰੀਕਾ) ਚਲੇ ਜਾਂਦਾ ਹੈ। ਇਸਮਤ ਜਹਾਨ ਉਥੇ ਇਸਲਾਮ ਦੀ ਚਰਚਾ ਕਰਨ ਲਈ UIO (United Islamic organization) ਬਣਾ ਲੈਂਦੀ ਹੈ। ਉਸਦਾ ਮੁੱਖ ਉਦੇਸ਼ ਇਸਲਾਮ ਦੀ ਚਰਚਾ ਦੇ ਨਾਲ-ਨਾਲ ਕ੍ਰਿਸ਼ਚੀਅਨ ਮੂਲ ਦੇ ਲੋਕਾਂ ਨੂੰ ਇਸਲਾਮ ਧਰਮ ਵਿਚ ਸ਼ਾਮਲ ਕਰਨਾ ਸੀ। ਸਦੀਕੀ ਦੀ ਰਿਟਾਇਰਮੈਂਟ ਉਪਰੰਤ 1980 ਵਿਚ ਸਾਰਾ ਪਰਿਵਾਰ ਪਾਕਿਸਤਾਨ ਵਾਪਸ ਆ ਜਾਂਦਾ ਹੈ। ਜਿਆ ਉੱਲ ਹੱਕ ਨਾਲ ਨੇੜੇ ਦੇ ਸਬੰਧ ਹੋਣ ਕਰਕੇ ਇਸਮਤ ਨੂੰ ਬੋਰਡ ਦੀ ਮੈਂਬਰ ਬਣਾ ਦਿੱਤਾ ਜਾਂਦਾ ਹੈ। ”9® ਦੀ ਕਾਮਯਾਬੀ ਲਈ ਜਿਆ ਉਲ ਹੱਕ ਦੀ ਪਤਨੀ ਸ਼ੈਫੀਕ ਵੀ ਇਸਮਤ ਜੇਹਾਨ ਦਾ ਸਾਥ ਦਿੰਦੀ ਹੈ। ਉਸ ਵੇਲੇ ਜਿਆ ਦੇ ਹੱਥਾਂ ਵਿਚ ਪਾਕਿਸਤਨ ਦੀ ਸੱਤਾ ਸੀ ਤੇ ਉਹ ਪਾਕਿਸਤਾਨ ਨੂੰ ਧਾਰਮਿਕ ਸਟੇਟ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਸੀ। ਅਫਰੀਕਾ ਵਿਚ ਚੱਲ ਰਹੇ ਜੇਹਾਦ ਲਈ ਪਹਿਲਾ ਲੜਾਕਾ ਜੇਹਾਦੀ ਗਰੁੱਪ ਵੀ ਇਸਮਤ ਤੇ ਸ਼ੈਫੀਕ ਨੇ ਹੀ ਤੋਰਿਆ ਸੀ।

ਆਪਣੀ ਮਾਂ ਦੇ ਪ੍ਰਭਾਵ ਅਧੀਨ ਆਫੀਆ ਵੀ ਦਿਨੋਂ-ਦਿਨ ਧਾਰਮਿਕ ਬਣਦੀ ਗਈ। ਸੱਤ ਸਾਲ ਦੀ ਉਮਰ ਵਿਚ ਉਸਨੇ ਆਪਣੀ ਉਮਰ ਨਾਲੋਂ ਕਿਤੇ ਵੱਧ ਜਾਣਕਾਰੀ ਹਾਸਲ ਕਰ ਲਈ ਸੀ। ਜੇਹਾਦ ਸਬੰਧੀ ਜਾਣਕਾਰੀ ਦੇ ਨਾਲ-ਨਾਲ ਉਸਨੂੰ ਲਗਾਉ ਵੀ ਸੀ। ਉਸਦੀ ਮਾਂ ਦਾ ਉਦੇਸ਼ ਸੀ ਕਿ ਇਸਲਾਮ ਦੀ ਧਰਤੀ ਤੋਂ ਕਮਿਊਨਿਸਟਾਂ ਦਾ ਸਫਾਇਆ ਕਰਕੇ ਸੱਚਾ ਇਸਲਾਮਕ ਰਾਜ ਕਾਇਮ ਕੀਤਾ ਜਾਵੇ। ਇਸੇ ਤਰ੍ਹਾਂ ਅਫਰੀਕਾ ਵਿਚੋਂ ਸੋਵੀਅਤ ਯੂਨੀਅਨ ਨੂੰ ਖਦੇੜਿਆ ਗਿਆ ਤੇ ਅਫਗਾਨੀਆਂ ਨੇ ਆਪਣੀ ਜਿੱਤ ਮਹਿਸੂਸ ਕੀਤੀ। ਏਸੇ ਸਮੇਂ ਦੌਰਾਨ ਜਿਆ ਦੀ ਹਵਾਈ ਹਾਦਸੇ ਵਿਚ ਮੌਤ ਹੋ ਗਈ। ਇਸ ਮੌਤ ਦੇ ਸ਼ੱਕ ਵਜੋਂ ਅਮਰੀਕਾ, ਰੂਸ ਤੇ ਭਾਰਤ ਦੇਸ਼ਾਂ ਨੂੰ ਦੋਸ਼ੀ ਠਹਿਰਾਇਆ ਗਿਆ। ਜਿਆ ਦੀ ਮੌਤ ਤੋਂ ਬਾਅਦ ਪਾਕਿਸਤਾਨ ਦੀ ਸੱਤਾ ਬੇਨਜ਼ੀਰ ਭੁੱਟੋ ਦੇ ਹੱਥਾਂ ਵਿਚ ਆ ਗਈ। ਆਫ਼ੀਆ ਦੀ ਮਾਂ ਨੇ ਆਉਣ ਵਾਲੇ ਸਮੇਂ ਵਿਚ ਬੇਨਜ਼ੀਰ ਦੀ ਥਾਂ ਆਫ਼ੀਆ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਏਸੇ ਮਕਸਦ ਦੀ ਪੂਰਤੀ ਲਈ ਉਸਨੇ ਆਫੀਆ ਨੂੰ ਉਚੇਰੀ ਤਾਲੀਮ ਦਿਵਾਉਣ ਲਈ ਅਮਰੀਕਾ ਭੇਜ ਦਿੱਤਾ। ਆਫ਼ੀਆ ਦਾ ਭਰਾ ਮੁਹੰਮਦ ਅਲੀ ਪਹਿਲਾਂ ਤੋਂ ਹੀ ਓਥੇ ਹੂਸਟਨ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਨਾਲ-ਨਾਲ ਆਰਕੀਟੈਕਟ ਦਾ ਕੰਮ ਵੀ ਕਰਦਾ ਸੀ। ਉਹ ਮੁਸਲਿਮ ਕਮਿਊਨਿਟੀ ਦਾ ਸਿਰਕੱਢ ਲੀਡਰ ਵੀ ਸੀ। ਆਫ਼ੀਆ ਵੀ ਮੁਸਲਿਮ ਧਰਮ ਦੀ ਹੀ ਮੁਦਈ ਸੀ। ਧਰਮ ਦੀ ਵਡਿਆਈ ਦੇ ਨਾਲ-ਨਾਲ ਇਸ ਨੂੰ ਸਭ ਤੋਂ ਉੱਚਾ ਤੇ ਅਸਲੀ ਧਰਮ ਦੱਸਦੀ ਸੀ। ਉਹ ਹਰ ਵੇਲੇ ਅੱਲਾ ਦੀ ਇਬਾਦਤ ਕਰਦੀ ਸੀ ਜਾਂ ਫਿਰ ਸਮਾਜ ਭਲਾਈ ਦੇ ਕੰਮਾਂ ਨੂੰ ਤਰਜ਼ੀਹ ਦੇਂਦੀ ਸੀ। ਟੀ. ਵੀ. ਵੇਖਣਾ, ਸੰਗੀਤ ਸੁਣਨਾ ਜਾਂ ਸਮਾਂ ਟਪਾਉਣ ਲਈ ਸਾਹਿਤ ਪੜ੍ਹਨਾ ਉਸ ਦੀਆਂ ਰੁਚੀਆਂ ਵਿਚ ਸ਼ਾਮਲ ਨਹੀਂ ਸੀ। ਉਸਦੇ ਲਈ ਆਪਣੀ ਪੜ੍ਹਾਈ ਤੇ ਧਰਮ ਕੇਵਲ ਦੋਵੇਂ ਗੱਲਾਂ ਅਹਿਮ ਸਨ। ਉਹ



ਡਿਕਟੇਟਰਾਂ, ਸੁਲਤਾਨਾਂ ਤੇ ਖਲੀਫ਼ਿਆਂ ਨੂੰ ਸ਼ੈਤਾਨ ਆਖਦੀ ਸੀ ਕਿਉਂਕਿ ਉਹ ਮੁਸਲਮਾਨ ਧਰਮ ਨੂੰ ਢਾਹ ਲਾ ਰਹੇ ਸਨ। ਉਹ ਇਨ੍ਹਾਂ ਦੇ ਖਾਤਮੇ ਵਿਚ ਯਕੀਨ ਰੱਖਦੀ ਸੀ। ਆਫੀਆ ਦਾ ਕਹਿਣਾ ਸੀ ਕਿ ਅਰਬ ਮੁਲਕਾਂ ਦੇ ਸਾਰੇ ਡਿਕਟੇਟਰਾਂ ਤੇ ਸ਼ੇਖ਼ਾਂ ਦਾ ਖ਼ਾਤਮਾ ਜ਼ਰੂਰੀ ਹੈ ਤੇ ਇਸੇ ਵਿਚ ਹੀ ਇਸਲਾਮ ਦੀ ਤਰੱਕੀ ਹੈ। ਉਸਦੀ ਸੋਚ ਸੀ ਕਿ ਜਿਆ ਦਾ ਹਵਾਈ ਹਾਦਸਾ ਅਮਰੀਕਣ 391 ਨੇ ਕਰਵਾਇਆ ਸੀ। ਉਸ ਵੇਲੇ ਅਮਰੀਕਾ ਵੱਲੋਂ ਖੇਡੀਆਂ ਜਾਣ ਵਾਲੀਆਂ ਚਾਲਾਂ ਤੋਂ ਉਹ ਭਲੀ-ਭਾਂਤ ਜਾਣੂੰ ਹੋ ਚੁਕੀ ਹੈ। ਕਿਉਂਕਿ ਇਰਾਕ ਵੱਲੋਂ ਇਰਾਨ ਜਾਂ ਕੁਵੇਤ 'ਤੇ ਹਮਲਾ ਤੇ ਇਰਾਨ ਵੱਲੋਂ ਸਾਊਦੀ ਅਰਬ 'ਤੇ ਕੀਤੇ ਹਮਲੇ ਪਿੱਛੇ ਅਮਰੀਕਾ ਦਾ ਹੀ ਹੱਥ ਸੀ। ਅਮਰੀਕਾ ਨੇ ਕੁਵੇਤ ਤੋਂ ਇਰਾਕ ਜਾ ਰਹੀਆਂ ਨਿਹੱਥੀਆਂ ਫ਼ੌਜਾਂ 'ਤੇ ਗੋਲਾਬਾਰੀ ਕਰਕੇ ਤਬਾਹੀ ਮਚਾਈ ਸੀ। ਆਫ਼ੀਆ ਨੇ ਅਮਰੀਕਾ ਰਹਿੰਦਿਆਂ ਓਥੋਂ ਦੇ ਵਸਨੀਕਾਂ ਨੂੰ ਕ੍ਰਿਸ਼ਚੀਅਨ ਧਰਮ ਛੱਡ ਕੇ ਮੁਸਲਮਾਨ ਬਣਨ ਦੀ ਪ੍ਰੇਰਨਾ ਵੀ ਦਿੱਤੀ ਸੀ। ਉਹ ਜਾਣਦੀ ਸੀ ਕਿ ਮੁਸਲਿਮ ਧਰਮ ਵਿਚ ਜੇਕਰ ਕੋਈ ਮੁਸਲਮਾਨ, ਕਿਸੇ ਹੋਰ ਧਰਮ ਦੇ ਇਨਸਾਨ ਨੂੰ ਮੁਸਲਿਮ ਧਰਮ ਵਿਚ ਲੈ ਆਵੇ ਤਾਂ ਉਸ ਤੋਂ ਵੱਡਾ ਪੁੰਨ ਦਾ ਕਾਰਜ ਕੋਈ ਵੀ ਨਹੀਂ ਹੈ। ਆਫ਼ੀਆ ਨੂੰ ਕਿਸੇ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਸੀ। ਉਸਨੂੰ ਸਿਰਫ਼ ਤੇ ਸਿਰਫ਼ ਆਪਣਾ ਧਰਮ ਹੀ ਪਿਆਰਾ ਸੀ। ਅਮਰੀਕਾ ਰਹਿੰਦਿਆਂ ਛੇਤੀ ਹੀ ਉਹ MIT (ਮੈਸਾਚੂਸਸ ਇੰਸਟੀਚਿਊਟ ਆਫ਼ ਟੈਕਨਾਲੌਜੀ) ਵਿਚ ਦਾਖ਼ਲਾ ਲੈਣ ਲਈ ਬਾਸਟ ਸ਼ਹਿਰ ਚਲੇ ਗਈ। ਇਥੇ ਉਸਨੇ MSA (ਮੁਸਲਿਮ ਸਟੂਡੈਂਟ ਐਸੋਸੀਏਸ਼ਨ) ਦੀ “rue sister ਬਣ ਕੇ ਇਸਲਾਮ ਦੀ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ। ਇਥੇ ਇਕ ਮੀਟਿੰਗ ਵਿਚ ਉਸਨੇ ਕਿਹਾ ਕਿ ਅੱਲਾ ਦੀਆਂ ਰਹਿਮਤਾਂ ਹਾਸਲ ਕਰਨ ਦਾ ਇਕੋ ਇਕ ਢੰਗ ਇਹ ਹੈ ਕਿ ਯੂਨੀਵਰਸਿਟੀ ਸਟੂਡੈਂਟਸ ਨੂੰ ਵੱਧ ਤੋਂ ਵੱਧ ਇਸਲਾਮ ਦੀ ਸਿੱਖਿਆ ਦਿੱਤੀ ਜਾਵੇ, ਇਸਲਾਮ ਧਰਮ ਅਪਨਾਉਣ 'ਤੇ ਜ਼ੋਰ ਦਿੱਤਾ ਜਾਵੇ। ਅਸਲੀਅਤ ਤਾਂ ਇਹ ਸੀ ਕਿ ਉਹ ਸਾਰੀ ਦੁਨੀਆਂ ਉੱਤੇ ਇਸਲਾਮ ਦਾ ਝੰਡਾ ਝੂਲਦਾ ਵੇਖਦਾ ਚਾਹੁੰਦੀ ਸੀ। ਉਹ ਜੇਹਾਦ ਨੂੰ ਇਸਲਾਮੀਆਂ ਦੀ ਜ਼ਿੰਮੇਵਾਰੀ ਸਮਝਦੀ ਸੀ।

ਅਫ਼ਗਾਨਿਸਤਾਨ ਵਿਚ ਵੀ ਸਥਿਤੀ ਬਦਲ ਚੁੱਕੀ ਸੀ। ਸੋਵੀਅਤ ਯੂਨੀਅਨ ਓਥੋਂ ਨਿਕਲ ਚੁੱਕੀ ਸੀ ਤੇ ਵੱਖ ਵੱਖ ਗਰੁੱਪਾਂ ਦੇ 'ਵਾਰ ਲੌਰਡਾਂ' ਨੇ ਮਿਲ ਕੇ ਨਵੀਂ ਜਥੇਬੰਦੀ 'ਤਾਲੀਬਾਨ' ਬਣਾ ਲਈ ਸੀ। 'ਤਾਲੀਬਾਨ' ਦਾ ਅਰਥ ਸੀ ਵਿਦਿਆਰਥੀ। ਅਫ਼ਗਾਨਿਸਤਾਨ ਤੋਂ ਆਏ ਰਿਫਊਜ਼ੀਆਂ ਦੇ ਬੱਚਿਆਂ ਲਈ, ਪਾਕਿਸਤਾਨ ਵਿਚ ਜੋ ਮਦਰੱਸੇ ਖੋਲ੍ਹੇ ਗਏ ਸਨ, ਇਨ੍ਹਾਂ ਅੰਦਰ ਉਨ੍ਹਾਂ ਨੂੰ ਮਜ਼ਹਬੀ ਤਾਲੀਮ ਦੇਣ ਤੋਂ ਬਿਨ੍ਹਾਂ ਉਨ੍ਹਾਂ ਨੂੰ ਲੜਾਈ ਲਈ ਤਿਆਰ ਕੀਤਾ ਜਾਂਦਾ ਸੀ। ਇਨ੍ਹਾਂ ਦਾ ਮੁਖੀ ਮੁੱਲਾ ਉਮਰ ਸੀ, ਜੋ ਅਫਗਾਨਿਸਤਾਨ ਦਾ ਮੰਨਿਆ ਪ੍ਰਮੰਨਿਆ ਮਜ਼ਹਬੀ ਰਹਿਨੁਮਾ ਸੀ। ਮੁੱਲਾ ਉਮਰ ਨੇ ਸੋਵੀਅਤ ਯੂਨੀਅਨ ਨਾਲ ਲੜਾਈ ਵੇਲੇ ਵੱਡਾ ਰੋਲ ਅਦਾ ਕੀਤਾ ਸੀ। ਮੁੱਲਾ ਉਮਰ ਦੇ ਤਾਲੀਬਾਲਾਂ ਨੂੰ ਪਾਕਿਸਤਾਨ ਤੋਂ ਬਿਨ੍ਹਾਂ ਸਾਊਦੀ ਅਰਬ ਦੀ ਸਰਕਾਰ ਦੀ ਪੂਰੀ ਹਮਾਇਤ ਹਾਸਲ ਸੀ। ਅਫਗਾਨਿਸਤਾਨ ਦੇ ਵਾਰ ਲੌਰਡ ਤਾਲੀਬਾਨਾਂ ਦੀ ਫ਼ੌਜ ਵੇਖ ਕੇ ਘਬਰਾ ਗਏ ਤੇ ਉਨ੍ਹਾਂ ਅੱਗੇ ਹਾਰਦੇ ਗਏ। 1995 ਵਿਚ ਤਾਲੀਬਾਨਾਂ ਨੇ ਸਾਰੇ ਅਫਗਾਨਿਸਤਾਨ 'ਤੇ ਕਬਜਾ ਕਰ ਲਿਆ। ਓਥੋਂ ਦੇ ਲੋਕ ਸੌਖੇ ਹੋਣ ਦੀ ਥਾਂ ਹੋਰ ਔਖੇ ਹੋ ਗਏ, ਕਿਉਂਕਿ ਉਨ੍ਹਾਂ ਨੂੰ ਤਾਲੀਬਾਨਾਂ ਦੀਆਂ ਸ਼ਰਤਾਂ ਅਨੁਸਾਨ ਜਿਉਣਾ ਪਿਆ। ਤਾਲੀਬਾਨਾਂ ਨੇ ਸ਼ਰੀਅਤ ਕਾਨੂੰਨ ਲਾਗੂ ਕਰ ਦਿੱਤੇ। ਔਰਤ ਦੀ ਆਜ਼ਾਦੀ ਖ਼ਤਮ ਕਰ ਦਿੱਤੀ ਗਈ। ਔਰਤਾਂ ਦੇ ਸਕੂਲ, ਕਾਲਜ ਬੰਦ ਕਰ ਦਿੱਤੇ ਗਏ ਤੇ ਨੌਕਰੀ ਕਰਨ ਤੋਂ ਰੋਕ ਦਿੱਤਾ ਗਿਆ। ਇਕੱਲੀ ਔਰਤ ਦੇ ਘਰੋਂ ਨਿਕਲਣ 'ਤੇ ਮਨਾਹੀ ਸੀ। ਇਸ ਤੋਂ ਇਲਾਵਾ ਉਸਦੇ ਹਾਰ ਸ਼ਿੰਗਾਰ, ਨੱਚਣ-ਗਾਉਣ ਤੇ ਸਾਹਿਤ ਪੜ੍ਹਨ ਤੱਕ ਪਾਬੰਦੀਆਂ ਹੀ ਪਾਬੰਦੀਆਂ ਸਨ। ਇਸ ਤਾਲੀਬਾਨ

ਲੀਡਰਸ਼ਿਪ ਨੂੰ ਪਾਕਿਸਤਾਨ ਦੀ ਪੂਰੀ ਸਰਪਰਸਤੀ ਹਾਸਲ ਸੀ। ”NO ਨੇ ਅਫ਼ਗਾਨਿਸਤਾਨ ਦੀ ਮਦਦ ਕਰਨੀ ਬੰਦ ਕਰ ਦਿੱਤੀ। ਕੱਟੜ ਲੀਡਰਾਂ ਨੇ 'ਅਲ ਰਸ਼ੀਦ' ਨਾਂਅ ਦੀ ਜਥੇਬੰਦੀ ਕਾਇਮ ਕਰ ਲਈ ਜੋ ਤਾਲੀਬਾਨਾਂ ਲਈ ਫੰਡ ਇਕੱਠਾ ਕਰਨ ਲੱਗ ਪਈ। ਇਸ ਜਥੇਬੰਦੀ ਨੇ ਆਪਣੇ ਅਖ਼ਬਾਰ ਵੀ ਸ਼ੁਰੂ ਕੀਤੇ ਤੇ ਆਫੀਆ ਇਨ੍ਹਾਂ ਲਈ ਲੇਖ ਲਿਖਣ ਲੱਗ ਪਈ। ਇਸੇ ਦਰਮਿਆਨ ਅਮਰੀਕਾ ਨੇ ਅਫਗਾਨ ਸਰਕਾਰ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸਾਊਦੀ ਅਰਬ ਦੇ ਕਰੋੜਾਂ ਪਤੀ, ਉਸਾਮਾ ਬਿਨ ਲਾਦੇਨ ਨੂੰ ਪਨਾਹ ਦੇਣੀ ਬੰਦ ਕਰ ਦੇਵੇ। ਪਰ ਤਾਲੀਬਾਨ ਸਰਕਾਰ ਨੇ ਇਸ ਗੱਲ ਦੀ ਕੋਈ ਪ੍ਰਵਾਹ ਨਾ ਕੀਤੀ। ਆਫ਼ੀਆ ਉਸਾਮਾ ਬਿਨ ਲਾਦੇਨ ਨੂੰ ਹੀਰੋ ਮੰਨਦੀ ਸੀ ਤੇ ਤਾਲੀਬਾਨ ਸਰਕਾਰ ਦੇ ਨਾਲ ਵੀ ਸੀ।

ਉਸਾਮਾ ਬਿਨ ਲਾਦੇਨ ਪਹਿਲੀ ਵਾਰ ਅਮਰੀਕਾ ਦੀਆਂ ਨਜ਼ਰਾਂ ਵਿਚ 1993 ਵਿਚ ਆਇਆ ਸੀ ਜਦੋਂ ਕਿ ਵਰਲਡ ਟਰੇਡ ਸੈਂਟਰ ਦੇ ਨਾਰਥ ਟਾਵਰ ਅੰਦਰ ਰਮਜੀ ਯੂਸਫ ਦੁਆਰਾ ਕੀਤੇ ਗਏ ਬੰਬ ਧਮਾਕੇ ਵਾਲਾ ਕੇਸ ਸ਼ੁਰੂ ਹੋਇਆ। ਜਾਂਚ ਦਰਮਿਆਨ ਪਤਾ ਲੱਗਾ ਚੁੱਕਿਆ ਸੀ ਕਿ ਰਮਜ਼ੀ ਯੂਸਫ ਆਪਣੀ ਰੂਪੋਸ਼ ਜ਼ਿੰਦਗੀ ਦਰਮਿਆਨ ਉਸਾਮਾ ਬਿਨ ਲਾਦਿਨ ਦੇ ਗੈਸਟ ਹਾਊਸ ਵਿਚ ਠਹਿਰਦਾ ਰਿਹਾ ਸੀ। ਲਾਦਿਨ ਸਬੰਧੀ ਮਿਲੀ ਜਾਣਕਾਰੀ ਮੁਤਾਬਕ ਉਹ ਸਾਊਦੀ ਅਰਬ ਦਾ ਇਕ ਅਮੀਰ ਵਿਅਕਤੀ ਸੀ ਜੋ ਅਫਗਾਨਿਸਤਾਨ ਦੀ ਲੜਾਈ ਵੇਲੇ ਆਪਣੀ ਨਿੱਜੀ ਫ਼ੌਜ ਨਾਲ ਸੋਵੀਅਤ ਯੂਨੀਅਨ ਖਿਲਾਫ਼ ਲੜਦਾ ਰਿਹਾ ਸੀ। ਉਸ ਦੀਆਂ ਬਗਾਵਤੀ ਕਾਰਵਾਈਆਂ ਸਦਕਾ ਉਸਨੂੰ ਸਾਊਦੀ ਅਰਬ ਵਿਚੋਂ ਕੱਢ ਦਿੱਤਾ ਗਿਆ ਸੀ। ਕੁਝ ਦੇਰ ਸੁਡਾਨ ਰਹਿਣ ਉਪਰੰਤ ਮੁੱਲਾ ਉਮਰ ਦੀ ਤਾਲੀਬਾਨ ਸਰਕਾਰ ਦੀ ਸਰਪਰਸਤੀ ਅਧੀਨ ਉਹ ਅਫਗਾਨਿਸਤਾਨ ਰਹਿਣ ਲੱਗ ਪਿਆ ਸੀ। ਆਫੀਆ ਲਾਦਿਨ ਦੀ ਜੀਵਨ ਸ਼ੈਲੀ ਤੋਂ ਬਹੁਤ ਪ੍ਰਭਾਵਿਤ ਸੀ। ਆਫੀਆ ਦੇ ਦਿਲ ਵਿਚ ਮੁਹੰਮਦ ਸਾਹਿਬ ਤੋਂ ਬਾਅਦ ਕੇਵਲ ਲਾਦਿਨ ਦੀ ਹੀ ਇੱਜ਼ਤ ਸੀ।

5 ਅਗਸਤ 2008 ਵਿਚ ਆਫੀਆ ਨੂੰ ਪਹਿਲੀ ਵਾਰ ਕੋਰਟ ਵਿਚ ਪੇਸ਼ ਕੀਤਾ ਗਿਆ। ਆਫੀਆ ਨੇ ਆਪਣੇ ਉੱਤੇ ਲੱਗੇ ਸਾਰੇ ਦੋਸ਼ ਪ੍ਰਵਾਨ ਕਰ ਲਏ। ਉਸਨੂੰ ਆਪਣੇ ਕੀਤੇ ਕਰਾਏ ਉੱਤੇ ਕੋਈ ਅਫ਼ਸੋਸ ਨਹੀਂ ਸੀ, ਸਗੋਂ ਮਾਣ ਸੀ ਕਿ ਅੱਲਾ ਦੇ ਦੱਸੇ ਰਾਹ 'ਤੇ ਚਲਦਿਆਂ ਉਸਨੂੰ ਜੇਹਾਦ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਜੱਜ ਨੇ ਆਫੀਆ ਨੂੰ ਛਿਆਸੀ ਸਾਲ ਦੀ ਲੰਮੀ ਸਜ਼ਾ ਸੁਣਾ ਦਿੱਤੀ।

ਨਾਵਲੀ ਕਥਾ ਇਥੇ ਮੁੱਕ ਜਾਂਦੀ ਹੈ, ਇਹ ਦਰਾਉਂਦੀ ਹੋਈ ਕਿ ਕਿਵੇਂ ਇਤਿਹਾਸ ਅਤੇ ਸੁਪਨੇ ਤਨਾਊ ਦੀ ਅਵਸਥਾ ਵਿਚ ਆਪਸ ਵਿਚ ਟਕਰਾਉਂਦੇ ਹੋਏ ਆਕਾਸ਼ ਵਿਚ ਉੱਡਦੇ ਵੀ ਹਨ, ਜ਼ਮੀਨ ਉੱਤੇ ਡਿੱਗਦੇ ਵੀ ਹਨ ਫਿਰ ਟੁੱਟਦੇ ਵੀ। ਜ਼ਿੰਦਗੀ ਸੁਪਨਿਆਂ ਅਤੇ ਯਥਾਰਥ ਦਾ ਕੰਬਦਾ ਹੋਇਆ ਸੰਤੁਲਨ ਹੈ ਜੋ ਕਦੇ ਵੀ ਕਿਸੇ ਵੇਲੇ ਵੀ ਵਿਗੜ ਸਕਦਾ ਹੈ। ਚੰਗਾ ਸਮਾਜ ਉਸਾਰਨ ਵਾਲੇ ਆਪਣੀ ਦੁਨੀਅਦਾਰੀ ਨੂੰ ਵਿਉਂਤਣ ਤੋਂ ਅਸਮਰਥ ਵਿਖਾਈ ਦੇਂਦੇ ਹਨ। ਨਾਵਲਕਾਰ ਨੇ ਨਾਟਕੀਕਰਨ ਦੀ ਜੁਗਤ ਰਾਹੀਂ ਨਾਵਲ ਦੀਆਂ ਸਥਿਤੀਆਂ ਨੂੰ 'ਵਾਪਰਦਾ' ਦੱਸਣ ਦੀ ਥਾਂ 'ਵਾਪਰਦਾ' ਦਰਸਾਇਆ ਹੈ। ਉਸਨੇ ਸ਼ਬਦਾਂ ਰਾਹੀਂ ਘਟਨਾਵਾਂ ਨੂੰ ਬਿਆਨ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਵਾਪਰਦਿਆਂ ਵੀ ਵਿਖਾਇਆ ਹੈ। ਪਾਤਰਾਂ ਦੇ ਸੁਭਾਅ ਦਾ ਵਰਣਨ ਕਰਨ ਦੀ ਬਜਾਇ ਉਨ੍ਹਾਂ ਦੇ ਕਾਰਜ ਤੇ ਗੱਲਬਾਤ ਨੂੰ ਚਿਤਰਿਆ ਹੈ।

ਸਾਹਿਤ ਰਚਨਾਵਾਂ ਦਾ ਅਸਲ ਧਰਮ ਪਾਠਕ ਦੀ ਸੋਚ ਜਾਂ ਜਗਿਆਸਾ ਨੂੰ ਜੁੰਬਸ਼ ਦੇਣਾ ਹੀ ਹੈ। ਸਮੇਂ ਤੇ ਸਮਾਜ ਦਾ ਭਾਵੇਂ ਸਾਹਿਤ ਰੂਪਾਂ ਨਾਲ ਇਕ-ਬਰਾਬਰ-ਇਕ ਵਾਲਾ ਰਿਸ਼ਤਾ ਤਾਂ ਨਹੀਂ ਹੁੰਦਾ, ਪਰ ਸਾਹਿਤ ਰੂਪ ਸਦਾ ਆਪਣੇ ਸਮਾਜ-ਇਤਿਹਾਸ ਨਾਲ ਪਰਨਾਏ ਹੁੰਦੇ ਹਨ। 'ਆਫੀਆ ਸਦੀਕੀ ਦਾ ਜੇਹਾਦ' ਪਾਠਕ ਦਾ ਕਥਾਰਸਿਸ ਨਹੀਂ ਕਰਦਾ। ਪਾਠਕ ਆਫ਼ੀਆ ਨਾਲ ਕਲਪਿਤ ਇਕਮਿਕਤਾ ਸਥਾਪਤ



ਨਹੀਂ ਕਰ ਪਾਉਂਦਾ ਤੇ ਨਾ ਹੀ ਆਫੀਆ ਵਾਂਗ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਨਾ ਤਾਂ ਨਾਇਕ ਦੇ ਭਾਵਾਂ ਦਾ ਹੀ ਨਿਕਾਸ ਹੁੰਦਾ ਹੈ ਤੇ ਨਾ ਹੀ ਪਾਠਕ ਦੇ ਭਾਵ ਸ਼ਾਂਤ ਹੁੰਦੇ ਹਨ। ਨਾਵਲਕਾਰ ਨੇ ਯਥਾਰਥ ਨੂੰ ਸਮਝਣ ਤੇ ਚਿਤ੍ਰਣ ਲਈ ਵਿਡੰਬਨਾ ਵਿਧੀ ਦੀ ਵਰਤੋਂ ਕੀਤੀ ਹੈ। ਵਿਡੰਬਨਾ ਸਥਿਤੀ ਦਾ ਉਲਟਾਊ ਹੈ, ਸਿਧੀ ਸੋਚ ਦਾ ਪੁੱਠਾ ਪੈ ਜਾਣਾ ਹੈ ਜਾਂ ਪ੍ਰਾਪਤੀ ਅਥਵਾ ਪ੍ਰਾਪਤੀ ਦੀ ਸੰਭਾਵਨਾ ਦੀ ਸਥਿਤੀ ਦਾ ਖੀਣ ਹੋ ਜਾਣਾ ਹੈ। ਨਾਵਲੀ ਪਾਤਰਾਂ ਦੀਆਂ ਇੱਛਾਵਾਂ ਜਦੋਂ ਆਪਣੇ ਸੁਭਾ ਕਰਕੇ, ਯਤਨਾਂ ਦੀ ਕਮਜ਼ੋਰੀ ਕਰਕੇ ਜਾਂ ਹਾਲਾਤ ਦੀ ਕਠੋਰਤਾ ਕਰਕੇ ਅਪੂਰਣ ਜਾਂ ਅਧੂਰੀਆਂ ਰਹਿ ਜਾਂਦੀਆਂ ਹਨ ਤਾਂ ਪਾਤਰ ਵਿਡੰਬਨਾ ਦੀ ਸਥਿਤੀ ਦੇ ਭੋਗਣਹਾਰ ਹੋ ਨਿਬੜਦੇ ਹਨ। ਇਉਂ ਨਾਕਾਮੀ ਵਿਡੰਬਨਾ ਦਾ ਮੂਲ ਤੱਤ ਹੈ।[2] ਆਫੀਆ ਸਮਝਦੀ ਹੈ ਕਿ ਉਸਦੇ ਯਤਨਾਂ ਨਾਲ ਅਫ਼ਗਾਨੀਆ ਦਾ ਸੁਧਾਰ ਸੰਭਵ ਹੈ ਪ੍ਰੰਤੂ ਸਿੱਟਾ ਇਸਦੇ ਉਲਟ ਨਿਕਲਦਾ ਹੈ, ਜਿਸ ਨੂੰ ਉਹ ਭੋਗਦੀ ਹੈ। ਪਾਤਰਾਂ ਦੀ ਸ਼ਹੀਦੀ ਵੀ ਵਿਡੰਬਨਾ ਮਈ ਤਰਸ ਪੈਦਾ ਕਰਦੀ ਹੈ। ਜ਼ਾਹਰ ਹੈ ਕਿ ਵਿਡੰਬਨਾ ਤ੍ਰਾਸਦ ਵੀ ਹੋ ਸਕਦੀ ਹੈ ਤੇ ਤਰਸਮਈ ਹੈ।

ਹਵਾਲੇ ਤੇ ਟਿੱਪਣੀਆਂ


1. ਟੀ. ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼,' ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999, ਪੰਨਾ 41
2. ਉਹੀ, ਪੰਨਾ 52


---

**ਪੰਨਾ ਨੰ : 160 ਦਾ ਬਾਕੀ**

ਇਸ ਤਰ੍ਹਾਂ 'ਖੰਡਰ' ਵਿਚਲੀਆਂ ਕਹਾਣੀਆਂ ਦਾ ਕਥਾਨਕ ਅਨੇਕਾਂ ਹੀ ਵਿਸ਼ਿਆਂ ਨੂੰ ਆਪਣੇ ਕਲੇਵਰ ਵਿਚ ਸਮੋਈ ਬੈਠਾ ਹੈ। ਪਾਠ ਵਿਚ ਕੈਨੇਡਾ ਦੀ ਧਰਤੀ ਦੇ ਇਤਿਹਾਸਕ ਤੇ ਭੂਗੋਲਿਕ ਵੇਰਵੇ ਵੀ ਪਾਠਕ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਬਹੁਤੀਆਂ ਕਹਾਣੀਆਂ ਉੱਤਮ ਪੁਰਖੀ ਵਿਧੀ ਵਿਚ ਰਚੀਆਂ ਗਈਆਂ ਹਨ। ਕਥਾਨਕ ਦੀ ਕੇਂਦਰੀ ਤੇ ਮੁਹਾਵਰੇਦਾਰ ਬੋਲੀ ਰੋਚਕਤਾ ਦੇ ਅੰਸ਼ ਭਰ ਪਾਠ ਨੂੰ ਵਧੇਰੇ ਉਤਸੁਕਤਾ ਭਰਪੂਰ ਬਣਾਉਂਦੀ ਹੈ। ਅੰਗਰੇਜ਼ੀ ਦੇ ਸ਼ਬਦਾਂ ਦੀ ਭਰਮਾਰ ਸਥਾਨਕ ਰੰਗਣ ਭਰਦੀ ਕਿਧਰੇ ਵੀ ਰੜਕਦੀ ਨਹੀਂ ਹੈ। ਇਸ ਤਰ੍ਹਾਂ ਨਾਲ ਬਲਬੀਰ ਕੌਰ ਸੰਘੇੜਾ ਦਾ ਇਹ ਕਹਾਣੀ ਸੰਗ੍ਰਹਿ ਹਰ ਤਰ੍ਹਾਂ ਦੇ ਕਲਾਤਮਕ ਰੰਗ ਭਰਦਾ ਨਾਰੀ ਪ੍ਰਵਚਨ ਤੇ ਵਿਚਾਰਧਾਰਾ ਦੇ ਹਵਾਲੇ ਨਾਲ ਪਰਵਾਸ ਦੇ ਵਿਕੋਲਿਤਰੇ ਸਰੋਕਾਰਾਂ ਨੂੰ ਵਾਚਣ ਦਾ ਉਪਰਾਲਾ ਕਰਦਾ ਹੈ। ਜਿਸ ਵਿਚੋਂ ਬਿਰਤਾਂਤਕਾਰ ਦੀ ਨਿਵੇਕਲੀ ਬਿਰਤਾਂਤਕੀ ਪ੍ਰਤਿਭਾ ਉੱਭਰ ਕੇ ਸਾਹਮਣੇ ਆਉਂਦੀ ਹੈ।

ਹਵਾਲੇ ਤੇ ਟਿੱਪਣੀਆਂ:


1 ਪਰਵਾਸ ਤੇ ਪਰਵਾਸੀ ਸਾਹਿਤ: ਡਾ ਹਰਚੰਦ ਸਿੰਘ ਬੇਦੀ, ਅੰਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ। 2 ਪਰਵਾਸੀ ਪੰਜਾਬੀ ਸਾਹਿਤ,(ਸੰਪ) ਸੁਰਿੰਦਰਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ। 3 ਪਰਵਾਸ ਤੋਂ ਆਵਾਸ ਵੱਲ (ਉਤਰੀ ਅਮਰੀਕੀ ਪੰਜਾਬੀ ਕਹਾਣੀ), ਜਲੰਧਰ: ਪਰਵਾਜ਼ ਪ੍ਰਕਾਸ਼ਨ। 4 ਖੋਜ ਪਤ੍ਰਿਕਾ, ਪਰਵਾਸੀ ਵਿਸ਼ੇਸ਼ ਅੰਕ, ਸਤੰਬਰ 1994

5 ਪ੍ਰਵਚਨ, ਜੁਲਾਈ -ਸਤੰਬਰ 2013 6 ਖੰਡਰ, ਬਲਬੀਰ ਕੌਰ ਸੰਘੇੜਾ, ਲੋਕਗੀਤ ਪ੍ਰਕਾਸ਼ਨ, 2014 7 ਸਮਕਾਲੀ ਪੰਜਾਬੀ ਸਾਹਿਤ, ਸਰੋਕਾਰ ਤੇ ਸੰਭਾਵਨਾਵਾਂ, ਪਬਲੀਕੇਸ਼ਨ ਬਿਊਰੋ, ਪਟਿਆਲਾ ਯੂਨੀਵਰਸਿਟੀ, 2012

# ਸੁਭਾਸ਼ ਨੀਰਵ ਦਾ ਕਥਾ ਜਗਤ/ਡਾ. ਮਿਨਾਕਸ਼ੀ ਰਾਠੌਰ

ਸੁਭਾਸ਼ ਨੀਰਵ ਦਾ ਹਿੰਦੀ ਕਥਾ ਜਗਤ ਵਿਚ ਪ੍ਰਮੁੱਖ ਸਥਾਨ ਹੈ। ਉਹ ਹੁਣ ਤੱਕ 5 ਕਹਾਣੀ ਸੰਗ੍ਰਹਿ, 2 ਕਾਵਿ ਸੰਗ੍ਰਹਿ ਤੇ 25 ਪੁਸਤਕਾਂ ਦਾ ਪੰਜਾਬੀ ਤੋਂ ਹਿੰਦੀ ਅਨੁਵਾਦ ਕਰ ਚੁੱਕਾ ਹੈ। ਹਥਲਾ ਕਹਾਣੀ ਸੰਗ੍ਰਹਿ 'ਸੁਭਾਸ਼ ਨੀਰਵ ਦੀਆਂ ਚੋਣਵੀਆਂ ਕਹਾਣੀਆਂ' 2013 ਵਿਚ ਛਪਦਾ ਹੈ। ਇਸ ਸੰਗ੍ਰਹਿ ਵਿਚ ਕੁਲ 22 ਕਹਾਣੀਆਂ ਹਨ। ਇਹ ਪੁਸਤਕ ਬਲਬੀਰ ਮਾਧੋਪੁਰੀ ਦੁਆਰਾ ਸੰਪਾਦਿਤ ਹੈ। ਇਹਨਾਂ ਕਹਾਣੀਆਂ ਵਿਚ ਬਿਰਤਾਂਤਕਾਰ ਨੇ ਸਮਾਜ ਦੇ ਵਿਭਿੰਨ ਸਰੋਕਾਰਾਂ ਨੂੰ ਛੋਹਿਆ ਹੈ। ਜਿਹਨਾਂ ਵਿਚ ਇਕ ਵਿਸ਼ੇਸ਼ ਬਿਰਤਾਂਤਕੀ ਵਿਧੀ ਤੇ ਗਲਪੀ ਤਰਕ ਛੁਪਿਆ ਹੈ। ਬਹੁਤੀਆਂ ਕਹਾਣੀਆਂ ਕੋਈ ਨਾ ਕੋਈ ਜੀਵਨ ਸੇਧ ਦੇਂਦੀਆਂ ਪ੍ਰਤੀਤ ਹੁੰਦੀਆਂ ਹਨ।

ਇਹਨਾਂ ਕਹਾਣੀਆ ਵਿਚ ਪ੍ਰੋਖ ਤੇ ਅਪ੍ਰੋਖ ਰੂਪ ਵਿਚ ਜੀਵਨ ਯਥਾਰਥ ਦੇ ਅਸਤਿੱਤਵੀ ਸੰਕਟ, ਬੇਗਾਨਗੀ, ਪੂੰਜੀਵਾਦੀ ਵਿਵਸਥਾ ਵਿਚ ਮਨੁੱਖੀ ਪਛਾਣ ਦੇ ਖ਼ੁਰਦੇ ਜਾਣ ਦੀ ਵੇਦਨਾ, ਖ਼ਪਤ ਸੱਭਿਆਚਾਰ, ਨਾਰੀ ਵੇਦਨਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ , ਦਲਾਲਬਾਜ਼ੀ, ਚਾਪਲੂਸੀ, ਭ੍ਰਿਸ਼ਟ ਰਾਜਨੀਤੀ, ਆਦਿ ਨੂੰ ਪ੍ਰਮੁੱਖ ਰੂਪ ਵਿਚ ਰਚਨਾ ਵਸਤੂ ਬਣਾਇਆ ਗਿਆ ਹੈ। ਜਿਸ ਵਿਚ ਵਿਸ਼ਵੀਕਰਨ ਦੀ ਪ੍ਰਕ੍ਰਿਆ ਅਧੀਨ ਮਾਨਵਤਾ ਦੇ ਉਪਭੋਗੀ ਸੁਹਜ ਸੁਆਦ ਦੀ ਵੀ ਅਜਿਹੀ ਤਸਵੀਰ ਉੱਭਰਦੀ ਹੈ ਜੋ ਮਾਨਵ ਪੱਖੀ ਰੁੱਚੀਆਂ ਦਾ ਮਲੀਆਮੇਟ ਕਰ ਅਮਾਨਵੀਕਰਨ ਨੂੰ ਹੱਲਾਸ਼ੇਰੀ ਦੇਂਦੀ ਹੈ। ਜਿਸ ਵਿਚੋਂ ਮਾਨਵੀ ਰਿਸ਼ਤਿਆਂ ਦਾ ਨਿੱਘ ਵੀ ਗ਼ਾਇਬ ਹੋ ਰਿਹਾ ਹੈ। ਇਹ ਵਿਸ਼ੇ ਅਜਿਹੇ ਹਨ, ਜਿਹਨਾਂ ਉੱਤੇ ਪੰਜਾਬੀ ਦੇ ਅਨੇਕਾਂ ਕਹਾਣੀਕਾਰਾਂ ਨੇ ਆਪਣੀ ਕਲਮ ਅਜਮਾਈ ਕੀਤੀ ਹੈ। ਪਰ ਸੁਭਾਸ਼ ਨੀਰਵ ਦਾ ਬਿਆਨੀਆ ਢੰਗ ਕੁਝ ਵੱਖਰੀ ਹੀ ਸੂਝ ਵਾਲਾ ਹੈ। ਉਹ ਵੱਖਰੀ ਜੁਗਤ ਵਿਧੀ ਵਿਚ ਲਿਖਣ ਵਾਲਾ ਅਜਿਹਾ ਕਹਾਣੀਕਾਰ ਹੈ, ਜਿਸ ਨੇ ਮਾਨਵੀ ਜੀਵਨ ਦੀਆਂ ਅਨੇਕਾਂ ਪਰਤਾਂ ਨੂੰ ਫ਼ਰੋਲਿਆ ਹੈ। ਪਾਠ ਵਿਚ ਪ੍ਰਵੇਸ਼ ਕਰਦਿਆਂ ਸਭ ਤੋਂ ਪਹਿਲਾਂ 'ਬੁੱਢੀਆਂ ਅੱਖਾਂ ਦਾ ਆਕਾਸ਼' ਕਹਾਣੀ ਪਾਠਕ ਦਾ ਧਿਆਨ ਆਕਰਸ਼ਿਤ ਕਰਦੀ ਹੈ। ਬਿਰਤਾਂਤਕਾਰ ਨੇ ਕਹਾਣੀ ਪਾਠ ਵਿਚ ਇਕ ਤਰਕ ਬਜ਼ੁਰਗਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਉਭਾਰਿਆ ਹੈ। ਜਿਸ ਵਿਚ ਬਜ਼ੁਰਗਾਂ ਦੀਆਂ ਸਮੱਸਿਆਵਾਂ ਦੇ ਕਿੰਨੇ ਹੀ ਪਾਸਾਰ ਬਣਦੇ ਹਨ। ਮਹਾਂਨਗਰਾਂ ਵਿਚਲੇ ਸ਼ਹਿਰੀ ਜੀਵਨ ਵਿਚ ਬਜ਼ੁਰਗ ਉੱਥੋਂ ਦੀ ਸਭ ਤੋਂ ਪੀੜ੍ਹਤ ਧਿਰ ਬਣਦੇ ਹਨ। ਇਹਨਾਂ ਬੁਜ਼ਰਗਾਂ ਵਿਚ ਵੱਡੀ ਗਿਣਤੀ ਉਹਨਾਂ ਦੀ ਹੈ ਜੋ ਰਿਟਾਇਰਮੈਂਟ ਤੋਂ ਬਾਅਦ ਨੂੰਹਾਂ ਪੁੱਤਰਾਂ ਦੁਆਰਾ ਕੇਵਲ ਫ਼ਾਲਤੂ ਵਸਤ ਬਣਾ ਦਿੱਤੇ ਜਾਂਦੇ ਹਨ। ਇਸੇ ਲਈ ਪਾਠ ਵਿਚ ਬਜ਼ੁਰਗ ਸੋਚਦਾ ਹੈ ਕਿ ਚੰਗਾ ਹੁੰਦਾ ਜੇ ਇਸ ਬੁਢਾਪੇ ਨਾਲੋਂ ਉਸ ਨੂੰ ਮੌਤ ਆ ਜਾਂਦੀ ਹੈ। ਸਥਿਤੀ ਦਾ ਵਿਅੰਗ ਪਾਠ ਵਿਚ ਉਦੋਂ ਹੋਰ ਤ੍ਰਾਸਦਿਕ ਅੰਸ਼ ਭਰਦਾ ਹੈ, ਜਦੋਂ ਪੁੱਤਰ ਰਾਕੇਸ਼ ਘਰ ਆਏ ਆਪਣੇ ਦੋਸਤਾਂ ਮਿੱਤਰਾਂ ਨੂੰ ਆਪਣੀ ਸ਼ਾਨ ਬਣਾਉਣ ਲਈ ਪਿਉ ਨੂੰ ਘਰ ਦਾ ਨੌਕਰ ਦੱਸਦਾ ਹੈ।

" ਬਾਬੂ ਦੀਨ ਦਿਆਲ ...ਕਿਥੇ ਏਂ ਤੂੰ।..ਅੰਦਰ ਆ ਕੇ ਰਮਾ ਨਾਲ ਕੰਮ ਕਿਉਂ ਨਹੀਂ ਕਰਾ ਰਿਹਾ। ਬਾਹਰ ਬੈਠ ਕੇ ਕੀ ਬੁੱਢੀ ਨਾਲ ਆਸ਼ਕੀ ਚਲ ਰਹੀ ਏ "। ( ਪੰਨਾ, 37)

ਗੁਆਂਢ ਵਿਚ ਰਹਿੰਦੀ ਹਰਦੇਈ ਦੀ ਵੀ ਇਹੋ ਹਾਲਤ ਹੈ , ਜਿਸ ਨੂੰ ਉਸ ਦੀ ਔਲਾਦ ਪੁੱਛਦੀ ਤੱਕ ਨਹੀਂ ਤੇ ਉਹ ਕੋਠੜੀ ਦੇ ਇਕ ਖੂੰਜੇ ਵਿਚ ਪਈ ਸੜਦੀ ਰਹਿੰਦੀ ਹੈ। ਦੋਨੋਂ ਬਜੁਰਗ ਜੇਕਰ ਮਿਲ ਬੈਠ ਦੁੱਖ ਸੁੱਖ ਫ਼ੋਲਣਾ ਚਾਹੁੰਦੇ ਹਨ ਤਾਂ ਨੂੰਹ ਪੁੱਤ ਪਾਰਕ ਵਿਚ ਬੈਠੇ ਬਜ਼ੁਰਗਾਂ ਤੇ ਚਰਿੱਤਰਹੀਣ ਹੋਣ ਦਾ ਦੋਸ਼ ਲਗਾ ਜ਼ਲੀਲ ਕਰਦੇ ਹਨ। ਪਰ ਉਹਨਾਂ ਵਿਚਲੀ ਆਪਸੀ ਸਾਂਝ



ਆਖ਼ਰੀ ਦਮ ਤੱਕ ਬਰਕਰਾਰ ਰਹਿੰਦੀ ਹੈ। ਨੂੰਹਾਂ ਪੁੱਤਰਾਂ ਨੂੰ ਵਿਆਹ ਤੋਂ ਬਾਅਦ ਬੱਚਿਆਂ ਦੇ ਪਾਲਣ ਪੋਸ਼ਣ ਲਈ ਤਾਂ ਬਜ਼ੁਰਗਾਂ ਦੀ ਲੋੜ ਹੈ। ਇਹ ਬਜ਼ੁਰਗ ਉਦੋਂ ਤੱਕ ਹੀ ਜ਼ਰੂਰਤ ਬਣਦੇ ਹਨ, ਜਦੋਂ ਤੱਕ ਉਹਨਾਂ ਦੇ ਬੱਚੇ ਉਡਾਰ ਨਹੀਂ ਹੋ ਜਾਂਦੇ ਤੇ ਜਦੋਂ ਲੋੜ ਪੂਰੀ ਹੋ ਗਈ ਤਾਂ ਬਜ਼ੁਰਗ ਬੋਝ ਬਣ ਜਾਂਦੇ ਹਨ। ਵਸਤੂਕਰਨ ਦੀ ਪ੍ਰਕ੍ਰਿਆ ਨੇ ਮਨੁੱਖ ਅਤੇ ਉਸ ਦੇ ਰਿਸ਼ਤਿਆਂ ਦਾ ਵੀ ਵਸਤੂਕਰਨ ਕਰ ਦਿੱਤਾ ਹੈ। ਜਿਸ ਦਾ ਨਿਘਾਰ ਤੇ ਨਿਰਦਈਪੁਣਾ ਪਰਿਵਾਰਕ ਰਿਸ਼ਤਿਆਂ ਵਿਚ ਵੀ ਪ੍ਰਵੇਸ਼ ਕਰ ਗਿਆ ਹੈ। ਵਾਧੂ ਪੂੰਜੀ ਦਾ ਖ਼ਾਸਾ ਸਾਂਝੇ ਪਰਿਵਾਰਾਂ ਦੇ ਟੁੱਟਣ ਦਾ ਐਲਾਨਨਾਮਾ ਲੈ ਕੇ ਆਉਂਦਾ ਹੈ। ਜਿਸ ਦੇ ਲਈ ਬਿਰਤਾਂਤਕਾਰ ਹਾਅ ਦਾ ਨਾਅਰਾ ਮਾਰਦਾ ਹੈ। ਇਸੇ ਲਈ ਉਹ ਪਰੰਪਰਕ ਜੀਵਨ ਮੁੱਲਾਂ ਦਾ ਭੰਜਕ ਨਾ ਹੋ ਕੇ ਪਰਿਵਾਰਕ ਸੰਬੰਧਾਂ ਤੇ ਰਿਸ਼ਤਿਆਂ ਨੂੰ ਸੁਦਿੜ੍ਹ ਕਰਨ ਦੇ ਹੱਕ ਵਿਚ ਭੁਗਤਦਾ ਹੈ।

ਬਿਰਤਾਂਤਕੀ ਪਾਠ ਵਿਚ ' ਹੁਣ ਹੋਰ ਨਹੀਂ', 'ਇੰਨੇ ਮਾੜੇ ਦਿਨ', 'ਆਖ਼ਰੀ ਪੜਾਅ ਦਾ ਦੁੱਖ', ' ਨਵੇਂ ਸਾਲ ਦੀ ਧੁੱਪ', ਉਸ ਦੀ ਹਿੱਸੇਦਾਰੀ, 'ਲੁੱਟੇ ਹੋਏ ਲੋਕ', ਕਹਾਣੀਆਂ ਵੀ ਇਸੇ ਤਰ੍ਹਾਂ ਦਾ ਮੈਟਾਫ਼ਰ ਉਭਾਰਦੀਆਂ ਹਨ।

ਪਾਠ ਦੌਰਾਨ ਉਸ ਦੀਆਂ ਕਹਾਣੀਆਂ ਵਿਚ ਨਾਰੀ ਹੋਂਦ ਤੇ ਹੋਣੀ ਨਾਲ ਜੁੜਿਆ ਨਾਰੀ ਚੇਤਨਾ ਦਾ ਪੈਰਾਡਾਈਮ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਪੱਖ ਤੋਂ ਉਸ ਦੀ ਕਹਾਣੀ 'ਔਰਤ' ਵਾਚਣਯੋਗ ਹੈ। ਇਹ ਪਾਠ ਦੀ ਇਕ ਸਸ਼ਕਤ ਕਹਾਣੀ ਹੈ। ਜਿਸ ਵਿਚ ਨਾਇਕਾ ਅੰਦਰਲੇ ਸਵੈਮਾਣ ਤੇ ਗ਼ੈਰਤ ਦਾ ਹੀ ਪ੍ਰਗਟਾਵਾ ਕੀਤਾ ਗਿਆ ਹੈ। ਉਹ ਅਜਿਹੇ ਸਵੈਮਾਣ ਨਾਲ ਜਿਉਣ ਵਾਲੀ ਔਰਤ ਵਜੋਂ ਉੱਭਰਦੀ ਹੈ ਜੋ ਆਪਣੇ ਜੀਣ ਤੇ ਥੀਣ ਦੇ ਨਿੱਗਰ ਅਰਥ ਤਲਾਸ਼ਦੀ ਆਪਣੀ ਨਾਰੀ ਹੋਂਦ ਤੇ ਚੇਤਨਾ ਨੂੰ ਕਿਸੇ ਤਰ੍ਹਾਂ ਵੀ ਖ਼ੋਰਦੀ ਨਹੀਂ ਸਗੋਂ ਬੁਲੰਦ ਹੌਂਸਲੇ ਨਾਲ ਜਾਵੇਦ ਨਾਲ ਆਪਣੇ ਸੰਬੰਧਾਂ ਨੂੰ ਬਰਕਰਾਰ ਰੱਖਦੀ ਹੈ। ਪਾਠ ਦੇ ਆਰੰਭ ਵਿਚ ਉਹ ਤਿੰਨ ਸਾਲ ਤੱਕ ਵਿਆਹੁਤਾ ਜ਼ਿੰਦਗੀ ਦਾ ਨਰਕ ਭੋਗਣ ਤੋਂ ਬਾਅਦ ਬੇਰਹਿਮੀ ਨਾਲ ਕਤਲ ਹੋਏ ਆਪਣੇ ਸੁਪਨਿਆਂ ਦੀ ਲਾਸ਼ ਢੋਂਦੀ ਮਾਨਸਿਕ ਤੌਰ ਤੇ ਵੀ ਟੁੱਟਦੀ ਵੀ ਹੈ ਪਰ ਸਹੁਰਿਆਂ ਨਾਲੋਂ ਵਧੇਰੇ ਉਤਪੀੜਨ ਉਸ ਨੂੰ ਆਪਣੇ ਪੇਕੇ ਘਰ ਵਿਚ ਸਹਿਣਾ ਪੈਂਦਾ ਹੈ। ਪਿਤਾ, ਭਰਾ ਤੇ ਭਾਬੀਆਂ ਕੋਈ ਵੀ ਉਸ ਦਾ ਦੁੱਖ ਸਮਝਣ ਲਈ ਤਿਆਰ ਨਹੀਂ ਹੁੰਦਾ। ਸਹੁਰੇ ਘਰ ਨੂੰ ਛੱਡਣ ਦਾ ਹਰ ਪਾਸੇ ਤੋਂ ਵਿਰੋਧ ਹੁੰਦਾ ਹੈ। ਪਤੀ ਨਾਲ ਨਾ ਬਣਨ ਦਾ ਦੋਸ਼ ਵੀ ਉਸੇ ਦੇ ਸਿਰ ਮੜ੍ਹਿਆ ਜਾਂਦਾ ਹੈ।

" ...ਕਹਿੰਦੀ ਛੱਡ ਆਈ ਹਾਂ ਉਸ ਘਰ ਨੂੰ ਸਦਾ ਲਈ...ਕਦੀ ਏਦਾਂ ਵੀ ਹੁੰਦਾ ਹੈ ?" "ਵਿਆਹੀ ਲੜਕੀ ਆਪਣੇ ਘਰ ਵਿਚ ਹੀ ਚੰਗੀ ਲੱਗਦੀ ਹੈ। ਮਾਂ ਬਾਪ ਦੇ ਘਰ ਨਹੀਂ "। ਉਹ ਮੈਨੂੰ ਫਿਰ ਉਸੇ ਤਸੀਹਾ ਘਰ ਵਿਚ ਪਰਤ ਜਾਣ ਦੀ ਮੱਤ ਦੇ ਰਹੀਆਂ ਸਨ, "ਆਦਮੀ ਲੱਖ ਬੁਰਾ ਹੋਵੇ ਪਰ ਆਪਣਾ ਆਦਮੀ ਆਪਣਾ ਹੁੰਦਾ ਹੈ। ਉਹਦੇ ਘਰੋਂ ਪੈਰ ਬਾਹਰ ਕੱਢ ਕੇ ਤੂੰ ਬਹੁਤ ਵੱਡੀ ਗਲਤੀ ਕੀਤੀ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਛ ਨਹੀਂ ਵਿਗੜਿਆ, ਤੈਨੂੰ ਆਪਣੇ ਘਰ ਚਲੇ ਜਾਣਾ ਚਾਹੀਦਾ ਹੈ "। ( ਪੰਨਾ, 105)

ਪਰ ਨਾਇਕਾ ਇਥੇ ਇਕ ਅਜਿਹੀ ਸਵੈਮਾਣ ਵਾਲੀ ਔਰਤ ਦੇ ਰੂਪ ਵਿਚ ਉੱਭਰਦੀ ਹੈ ਜੋ ਸਹੁਰੇ ਤੇ ਪੇਕਿਆਂ ਦੋਨਾਂ ਤੋਂ ਬਾਗ਼ੀ ਹੋ ਆਪਣੇ ਸੰਬੰਧ ਜਾਵੇਦ ਨਾਲ ਜੋੜ ਲੈਂਦੀ ਹੈ। ਜਿਸ ਦਾ ਮੁੱਲ ਉਸ ਨੂੰ ਸ਼ਹਿਰ ਵਿਚ ਦੋ ਫ਼ਿਰਕਿਆਂ ਵਿਚਕਾਰ ਹੋਏ ਦੰਗੇ ਫ਼ਸਾਦਾਂ ਵਿਚ ਆਪਣੀ ਇੱਜ਼ਤ ਲੁੱਟੇ ਜਾਣ ਤੋਂ ਲੈ ਕੇ ਜਿੰਦਾ ਜਲਾ ਦੇਣ ਦੇ ਤਸੀਹਿਆਂ ਰਾਹੀਂ ਉਤਾਰਨਾ ਪੈਂਦਾ ਹੈ।

ਪਿਤਾ ਪੁਰਖੀ ਅਰਥਚਾਰੇ ਵਿਚ ਨਾਰੀ ਦੀ ਤ੍ਰਾਸਦਿਕ ਸਥਿਤੀ ਬਹੁਪਾਸਾਰੀ ਹੈ।

ਕਿਉਂਕਿ ਇਸ ਦੀ ਰਹਿਤਲ ਵਿਚ ਪਿਤਾ ਪੁਰਖੀ ਚਿਹਨ ਪ੍ਰਬੰਧ ਦੀ ਪਕੜ ਇਤਨੀ ਕਰੜੀ ਹੈ ਕਿ ਸਮੁੱਚਾ ਚਿਹਨਾਤਮਕ ਪ੍ਰਸੰਗ ਪਿਤਾ ਪੁਰਖੀ ਚਿਹਨ ਪ੍ਰਬੰਧ ਦੀ ਪ੍ਰਭੂਸੱਤਾ ਅਧੀਨ ਹੀ ਹੋਂਦ ਗ੍ਰਹਿਣ ਕਰਦਾ ਹੈ। ਜਿਸ ਦੇ ਸੰਕਟਾਂ ਦੀ ਨਵਿਰਤੀ ਲਈ ਸਮਾਜਕ ਅਰਥਚਾਰਾ ਕੋਈ ਸੁਖਾਵਾਂ ਰਾਹ ਪ੍ਰਦਾਨ ਨਹੀਂ ਕਰਦਾ।

ਪਿਛਲੇ ਦੋ ਕੁ ਦਹਾਕਿਆਂ ਤੋਂ ਪੰਜਾਬੀ ਕਹਾਣੀ ਵਿਚ ਦਲਿਤ ਪਰਿਪੇਖ ਵੀ ਬੜੇ ਸ਼ਕਤੀਸ਼ਾਲੀ ਰੂਪ ਵਿਚ ਉੱਭਰ ਕੇ ਸਾਹਮਣੇ ਆਇਆ ਹੈ। ਹਾਸ਼ੀਆਗਤ ਲੋਕਾਂ ਦੀਆਂ ਸਮਾਜਿਕ ਯਥਾਰਥ ਦੀਆਂ ਵਿਭਿੰਨ ਪਰਤਾਂ ਸਮੇਂ ਨਾਲ ਸੰਵਾਦ ਰਚਾ ਨਵੀਨ ਦਿਸਹੱਦੇ ਸਿਰਜਦੀਆਂ ਹਨ। ਇਸ ਸੰਦਰਭ ਵਿਚ 'ਥੱਕੇ ਪੈਰਾਂ ਦਾ ਸਫ਼ਰ' ਕਹਾਣੀ ਦਾ ਬਿਰਤਾਂਤ ਮਹਤੱਵਪੂਰਨ ਅਰਥਾਂ ਦਾ ਧਾਰਨੀ ਹੈ। ਬਿਰਤਾਂਤਕੀ ਪਾਠ ਵਿਚ ਠਾਕੁਰ ਦੀ ਧੀ ਇਕ ਦਲਿਤ ਨਾਲ ਪਿਆਰ ਕਰਦੀ ਹੈ। ਸ਼ਿਵ ਪ੍ਰਸਾਦ ਤੇ ਉਸ ਦੀ ਪਤਨੀ ਨੂੰ ਧੀ ਦੇ ਇਕ ਦਲਿਤ ਨਾਲ ਸੰਬੰਧ ਪ੍ਰਵਾਨ ਨਹੀਂ। ਪਰ ਸ਼ਿਵ ਪ੍ਰਸਾਦ ਦੇ ਮਨ ਵਿਚ ਇਕ ਕਸ਼ਮਕਸ਼ ਹਮੇਸ਼ਾਂ ਚੱਲਦੀ ਰਹਿੰਦੀ ਹੈ ਕਿਉਂਕਿ ਉਹ ਵੱਡੀ ਧੀ ਵੱਲੋਂ ਵੀ ਦੁਖੀ ਹੈ। ਜਿਸ ਦਾ ਵਿਆਹ ਉਸ ਨੇ ਆਪਣੀ ਮਰਜ਼ੀ ਨਾਲ ਆਪਣੀ ਜ਼ਾਤ ਬਰਾਦਰੀ ਵਿਚ ਕੀਤਾ ਸੀ। ਹੁਣ ਉਸ ਦੀ ਆਪਣੀ ਬਰਾਦਰੀ ਵੀ ਕੋਈ ਸਾਥ ਨਹੀਂ ਦੇ ਰਹੀ। ਇਸੇ ਲਈ ਪਾਠ ਦੇ ਅੰਤ ਵਿਚ ਮਨ ਅੰਦਰ ਚੱਲਦੀ ਕਸ਼ਮਕਸ਼ ਉਸ ਨੂੰ ਛੋਟੀ ਧੀ ਦੀ ਖੁਸ਼ੀ ਲਈ ਉਸ ਦਾ ਵਿਆਹ ਇਕ ਦਲਿਤ ਨਾਲ ਕਰਨ ਲਈ ਰਜ਼ਾਮੰਦ ਕਰ ਲੈਂਦੀ ਹੈ।

ਪਾਠ ਵਿਚ ਬਿਰਤਾਂਤਕਾਰ ਨੇ ਥਾਂ ਪਰ ਥਾਂ ਸਿਸਟਮ ਦੀਆਂ ਧੱਜੀਆਂ ਵੀ ਉਡਾਈਆਂ ਹਨ। ਉਹ ਆਪਣੀ ਪੇਸ਼ਕਾਰੀ ਵਿਚ ਵਿਅੰਗ ਤੋਂ ਵਿਡੰਬਨਾ ਤੱਕ ਦੀ ਮੰਜ਼ਲ ਤੈਅ ਕਰਦਾ ਸਿਸਟਮ ਦੀਆਂ ਕਮਜ਼ੋਰੀਆਂ ਨੂੰ ਉਭਾਰਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਅੱਜ ਵੀ 'ਹੱਕ ਤੇ ਸੱਚ' ਦੀ ਲੜਾਈ ਲੜਨ ਵਾਲਿਆਂ ਦੇ ਰਾਹ ਵਿਚ ਉੱਨੀਆਂ ਹੀ ਔਕੜਾਂ ਤੇ ਰੁਕਾਵਟਾਂ ਨੇ ਜਿੰਨੀਆਂ ਸਦੀਆਂ ਪਹਿਲਾਂ ਸਨ। 'ਗੋਲੀ ਦਾਗੋ ਰਾਮ ਸਿੰਘ' ਕਹਾਣੀ ਵਿਚ ਬਿਰਤਾਂਤਕਾਰ ਮੰਤਰੀਆਂ ਤੋਂ ਲੈ ਕੇ ਅਫ਼ਸਰਸ਼ਾਹੀ ਤੇ ਵਿਅੰਗ ਕਰਦਾ ਹੈ। ਬਿਰਤਾਂਤਕਾਰ ਨੂੰ ਕਿਧਰੇ ਵੀ ਕੋਈ ਭਲਾਮਾਣਸ ਨਜ਼ਰ ਨਹੀਂ ਆਉਂਦਾ। ਇਥੋਂ ਤੱਕ ਕਿ ਹੱਕ ਤੇ ਸੱਚ ਦੀ ਲੜਾਈ ਲੜਨ ਵਾਲੇ ਨੂੰ ਨੀਵਾਂ ਤੇ ਕਮਜ਼ੋਰ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਾਠ ਵਿਚ ਅਸੀਂ ਵੇਖਦੇ ਹਾਂ ਕਿ ਰਾਮ ਸਿੰਘ ਨੂੰ ਆਪਣੀ ਇਮਾਨਦਾਰੀ ਦਾ ਖ਼ਮਿਆਜ਼ਾ ਇਹ ਭੁਗਤਣਾ ਪੈਂਦਾ ਹੈ ਕਿ ਮੰਤਰੀ ਜੀ ਦੁਆਰਾ ਉਸ ਦੀ ਬਦਲੀ ਸਰਹੱਦੀ ਇਲਾਕੇ ਦੀ ਕਰ ਦਿੱਤੀ ਜਾਂਦੀ ਹੈ। ਪਹਿਲਾਂ ਪਹਿਲ ਤਾਂ ਰਾਮ ਸਿੰਘ ਮੰਤਰੀ ਜੀ ਦੇ ਤਰਲੇ ਮਿੰਨਤਾਂ ਕਰਦਾ ਹੈ। ਪਰ ਅਚਾਨਕ ਉਸ ਅੰਦਰ ਇਕ ਸਿਪਾਹੀ ਦਾ ਪੈਦਾ ਹੋਇਆ ਸਵੈਮਾਣ ਉਸ ਨੂੰ ਇਹਨਾਂ ਤਰਲਿਆਂ ਮਿੰਨਤਾਂ ਤੇ ਆਤਮਗਿਲਾਨੀ ਦੇ ਭਾਵਾਂ ਤੋਂ ਉੱਪਰ ਉੱਠ ਸਵੈਮਾਣ ਤੇ ਅਣਖ ਨਾਲ ਜਿਉਣ ਲਈ ਵੰਗਾਰਦਾ ਹੈ।

"...ਰਾਮ ਸਿੰਘ ਅੰਦਰੋਂ ਇਕਦਮ ਆਤਮਗਿਲਾਨੀ ਨਾਲ ਭਰ ਉੱਠਿਆ। ਉਹ ਇਕ ਸਿਪਾਹੀ ਹੈ, ਸਿਪਾਹੀ ਨੂੰ ਹਰ ਛਿਣ ਕਿਤੇ ਵੀ, ਕਿਸੇ ਵੀ ਇਲਾਕੇ 'ਚ ਤੈਨਾਤ ਹੋਣ ਲਈ ਤਿਅਰ ਰਹਿਣਾ ਚਾਹੀਦਾ ਹੈ"। ( ਪੰਨਾ, 160 )

ਬਿਰਤਾਂਤਕੀ ਪਾਠ ਵਿਚ ਰਾਮ ਸਿੰਘ ਦੀ ਹੋਂਦ ਤੇ ਹੋਣੀ ਦੇ ਨਾਲ ਅਫ਼ਸਰਸ਼ਾਹੀ ਦੀ ਹਰੇਕ ਛੋਟੀ ਵੱਡੀ ਇਕਾਈ ਦੇ ਸਰੂਪ ਤੇ ਪ੍ਰਕਾਰਜ ਦਾ ਬੋਧ ਵੀ ਭਲੀ-ਭਾਂਤ ਹੁੰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਵੱਡੇ ਵੱਡੇ ਭਾਸ਼ਣ ਦੇਣ ਵਾਲਾ ਨੇਤਾ ਆਿਪਣੀ ਕਥਨੀ ਤੇ ਕਰਨੀ ਵਿਚ ਢੇਰ ਅੰਤਰ ਹੈ। ਉਹ ਆਪਣੇ ਭਾਸ਼ਣ ਵਿਚ ਤਾਂ ਮਿਹਨਤ, ਲਗਨ ਤੇ ਇਮਾਨਦਾਰੀ ਦਾ ਪਾਠ



ਪੜ੍ਹਾਉਂਦਾ ਹੈ ਪਰ ਪਰਦੇ ਪਿਛਲੀ ਸੱਚਾਈ ਕੁਝ ਹੋਰ ਹੀ ਉੱਭਰਦੀ ਹੈ ਜਦੋਂ ਇਮਾਨਦਾਰ ਰਾਮ ਸਿੰਘ ਨੂੰ ਬਿਨਾ ਕਾਰਨ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ। ਪਾਠ ਵਿਚ ਇਸੇ ਤਰ੍ਹਾਂ ਦਾ ਬੋਧ 'ਸੁਰਾਖ਼' ਕਹਾਣੀ ਵਿਚ ਹੁੰਦਾ ਹੈ। 'ਸੁਰਾਖ਼' ਪ੍ਰਤੀਕਾਤਮਕ ਰੂਪ ਵਿਚ ਮੰਤਰੀ ਜੀ ਦੀ ਭ੍ਰਿਸ਼ਟ ਰਾਜਨੀਤੀ ਦਾ ਪ੍ਰਗਟਾਵਾ ਕਰਦਾ ਕਾਨੂੰਨੀ ਤੇ ਪ੍ਰਬੰਧਕੀ ਸ਼ਕਤੀ ਦੇ ਡਿੱਗ ਰਹੇ ਗਰਾਫ਼ ਦਾ ਚਿਤਰਨ ਕਰਦਾ ਹੈ। ਐਕੁਰੀਅਮ ਵਿਚਲੀ ਕਿਸ਼ਤੀ ਵਿਚ ਸੁਰਾਖ਼ ਹੋਣ ਕਰਕੇ ਉਸ ਦੇ ਡੁੱਬ ਜਾਣ ਦਾ ਚਿਹਨਕੀ ਪਰਿਪੇਖ ਮੰਤਰੀ ਜੀ ਦੀ ਭ੍ਰਿਸ਼ਟ ਰਾਜਨੀਤੀ ਦਾ ਪਰਦਾਫ਼ਾਸ ਹੋਣ ਤੇ ਉਸ ਦੇ ਡੁੱਬ ਜਾਣ ਦਾ ਖ਼ਦਸ਼ਾ ਹੈ। ਮੰਤਰੀ ਜੀ ਐਕੁਰੀਅਮ ਵਿਚਲੇ ਸੁਰਾਖ਼ ਤੋਂ ਪ੍ਰੇਰਿਤ ਹੋ ਅਸਤੀਫ਼ਾ ਦੇਣ ਲਈ ਤਿਆਰ ਹੋ ਜਾਂਦੇ ਹਨ ਕਿਉਂਕਿ ਜਿਸ ਕਿਸ਼ਤੀ ਵਿਚ ਉਹ ਸਵਾਰ ਹੈ, ਉਸ ਵਿਚ ਤਾਂ ਬਹੁਤ ਸਾਰੇ 'ਸੁਰਾਖ਼' ਹਨ।

ਇਸ ਤਰ੍ਹਾਂ ਅਜੋਕੀ ਪੰਜਾਬੀ ਕਹਾਣੀ ਨਵੀਨ ਦਿੱਸਹੱਦਿਆਂ ਨੂੰ ਛੋਂਹਦੀ ਵਿਸਥਾਰ ਧਾਰਨ ਕਰਦੀ ਹੈ। ਜਿਸ ਵਿਚ ਸਾਡੇ ਕਥਾਕਾਰਾਂ ਨੇ ਭਰਪੂਰ ਯੋਗਦਾਨ ਪਾਇਆ ਹੈ। ਇਹਨਾਂ ਕਥਾਕਾਰਾਂ ਵਿਚ ਸੁਭਾਸ਼ ਨੀਰਵ ਇਕ ਅਜਿਹੀ ਪ੍ਰਪਕਤਾ ਸੋਚ ਤੇ ਜ਼ਹੀਨ ਬੁੱਧੀ ਵਾਲਾ ਕਹਾਣੀਕਾਰ ਹੈ, ਜਿਸ ਦੀਆਂ ਕਹਾਣੀਆਂ ਸਮਾਜੀ ਤੇ ਵਿਚਾਰਧਾਰਕ ਚੇਤਨਾ ਦੀ ਹਾਮੀ ਭਰਦੀਆਂ ਹਨ। ਇਸ ਅਧੀਨ 'ਦੈਂਤ' ਕਹਾਣੀ ਵੀ ਵਾਚਣਯੋਗ ਹੈ। ਕਹਾਣੀਕਾਰ ਅਜੋਕੇ ਮਨੁੱਖ ਨੂੰ ਨਵੀਨ ਸੰਦਰਭਾਂ ਵਿਚ ਪੇਸ਼ ਕਰ ਰਿਸ਼ਤਿਆਂ ਦੇ ਬਦਲਦੇ ਸਮੀਕਰਣ ਦੀ ਦਾਸਤਾਨ ਪੇਸ਼ ਕਰਦਾ ਹੈ। ਜਿਸ ਵਿਚ ਪੂੰਜੀ ਦਾ ਵਿਸਥਾਰ ਬੰਦੇ ਵਿਚੋਂ ਮਾਨਵਤਾ ਤੇ ਆਦਰਸ਼ਕ ਕਦਰਾਂ-ਕੀਮਤਾਂ ਨੂੰ ਖ਼ਤਮ ਕਰ ਸਵਾਰਥ ਹਿੱਤ ਮਾਨਵੀ ਰਿਸ਼ਤਿਆਂ ਨੂੰ ਵੀ ਮੰਡੀ ਦੇ ਮੁਨਾਫ਼ੇ ਵਿਚ ਤਬਦੀਲ ਕਰਦਾ ਹੈ। ਸਮੁੱਚਾ ਵਰਤਾਰਾ ਪੂੰਜੀਵਾਦੀ ਅਰਥਵਿਵਸਥਾ ਦੇ ਇਰਦ ਗਿਰਦ ਘੁੰਮਦਾ ਮਨੁੱਖੀ ਵਿਵਹਾਰ ਤੇ ਮਾਨਸਿਕਤਾ ਨੂੰ ਪ੍ਰਗਟਾਉਂਦਾ ਨਜ਼ਰ ਆਉਂਦਾ ਹੈ। ਇੰਜ ਬਿਰਤਾਂਤਕਾਰ ਨੇ ਵਰਤਮਾਨ ਵਿਚ ਮਨੁੱਖ ਅੰਦਰ ਮਨਫ਼ੀ ਹੋ ਰਹੀਆਂ ਮਾਨਵੀ ਕਦਰਾਂ ਕੀਮਤਾਂ ਦਾ ਬਿਰਤਾਂਤ ਸਿਰਜ ਭਾਵਨਾਤਮਕ ਸੱਖਣੇਪਣ ਦਾ ਵੀ ਪ੍ਰਗਟਾਵਾ ਕੀਤਾ ਹੈ ।

ਪਾਠ ਵਿਚਲਾ ਕਲਾਤਮਕ ਪੱਖ ਵੀ ਮਹਤੱਵਪੂਰਨ ਹੈ। ਉੱਤਮ ਪੁਰਖੀ ਵਿਧੀ ਵਿਚ ਰਚੀ ਲੰਮੀ ਕਹਾਣੀ ਪਾਠਕ ਦਾ ਧਿਆਨ ਖਿੱਚਦੀ ਹੈ। ਪਾਠ ਵਿਚਲੇ ਦਿਲਚਸਪ ਵੇਰਵੇ ਰੋਚਕਤਾ ਭਰ ਪਾਠਕੀ ਮਨ ਨੂੰ ਧੂੰਹਦੇ ਚਲੇ ਜਾਂਦੇ ਹਨ। ਯਥਾਰਥਕ ਛੋਹਾਂ ਨਾਲ ਆਪਣੇ ਅਨੁਭਵ ਨੂੰ ਪੇਸ਼ ਕਰਨਾ ਸੁਭਾਸ਼ ਨੀਰਵ ਦੀ ਕਹਾਣੀ ਕਲਾ ਦੇ ਅਹਿਮ ਲੱਛਣ ਹਨ।ਕਥਾ ਰਸ, ਮਨੋਵਿਗਿਆਨਕ ਛੋਹਾਂ, ਜੀਵਨ ਕਾਰਜ ਦੇ ਜੀਵੰਤ ਚਿੱਤਰ ਸਿਰਜਣਾ, ਵਿਅੰਗ ਵਿਧੀ, ਸੰਗਠਿਤ ਕਥਾਨਕ ਰਾਹੀਂ ਰਸ ਪੈਦਾ ਕਰਨਾ ਆਦਿ ਉਸ ਦੀਆਂ ਪ੍ਰਮੁੱਖ ਬਿਰਤਾਂਤਕ ਜੁਗਤਾਂ ਹਨ। ਕਹਾਣੀਆਂ ਵਿਚਲੇ ਬਹੁਤੇ ਵੇਰਵੇ ਲੇਖਕ ਦੇ ਆਪਣੇ ਵਿਅਕਤੀਤੱਵ ਤੇ ਨਿੱਜਤੱਵ ਦਾ ਹੀ ਪ੍ਰਗਟਾਵਾ ਕਰਦੇ ਭਾਸਦੇ ਹਨ। ਪਰ ਫ਼ਿਰ ਵੀ ਉਹ ਕਹਾਣੀ ਰਸ ਨਾਲ ਪਾਠਕ ਉੱਤੇ ਆਪਣੀ ਪਕੜ ਮਜ਼ਬੂਤ ਕਰਨ ਵਿਚ ਸਫ਼ਲ ਰਹਿੰਦਾ ਹੈ। ਕਹਾਣੀਆਂ ਵਿਚ ਪੜ੍ਹਨਯੋਗਤਾ ਹੈ। ਸਾਰੀਆ ਗੱਲਾਂ ਬੜੀ ਸਹਿਜਤਾ ਨਾਲ ਪੇਸ਼ ਹੁੰਦੀਆਂ ਹਨ। ਜਿਸ ਤੋਂ ਸੁਭਾਸ਼ ਨੀਰਵ ਦੀਆਂ ਕਹਾਣੀਆਂ ਵਿਚੋਂ ਨਿਕਟ ਭਵਿੱਖ ਵਿਚ ਬਹੁਤ ਸਾਰੀਆਂ ਨਵੀਨ ਸੰਭਾਵਨਾਵਾਂ ਵੀ ਜਾਗਦੀਆਂ ਹਨ।

## ਦਲਵੀਰ ਕੌਰ ਦੀ ਕਵਿਤਾ ਦਾ 'ਹਾਸਿਲ' /ਗੁਰਬੀਰ ਸਿੰਘ ਬਰਾੜ

ਬਰਤਾਨਵੀ ਪੰਜਾਬੀ ਕਾਵਿ ਸਿਰਜਣਾ ਦੇ ਖੇਤਰ ਵਿਚ ਦਲਵੀਰ ਕੌਰ ਇਕ ਸਥਾਪਤ ਹੋਇਆ ਨਾਂ ਹੈ ਜਿਸ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਤਿੰਨ ਪੁਸਤਕਾਂ ਸੋਚ *ਦੀ ਦਹਿਲੀਜ਼ 'ਤੇ*(2003) ਅਹਿਦ (2004) ਅਤੇ ਹਾਸਿਲ (2013) ਪ੍ਰਕਾਸ਼ਿਤ ਕਰਕੇ ਆਪਣੇ ਕਾਵਿ ਸਿਰਜਕ ਹੋਣ ਦਾ ਪ੍ਰਮਾਣ ਪੇਸ਼ ਕੀਤਾ ਹੈ। ਬਰਤਾਨੀਆਂ ਵਿਚ ਕਵਿਤਾ ਲਿਖਣ ਵਾਲੀਆਂ ਇਸਤਰੀਆਂ ਦੀ ਗਿਣਤੀ ਉਂਗਲਾਂ 'ਤੇ ਕੀਤੀ ਜਾ ਸਕਦੀ ਹੈ ਪਰ ਦਲਵੀਰ ਕੌਰ ਦੀ ਕਵਿਤਾ ਜਿਸਮ, ਮਨ, ਸੰਵੇਦਨਾ, ਔਰਤ, ਇਤਿਹਾਸ ਤੇ ਪਰਵਾਸ ਨਾਲ ਬੱਝੀ ਹੋਈ ਹੈ। ਉਸ ਦੇ ਅਨੁਭਵ ਨਾਰੀ ਸੰਵੇਦਨਾ ਦੀ ਅਭਿਵਿਅਕਤੀ ਤੇ ਪਰਕਰਮਾ ਨਾਲ ਜੁੜੇ ਹੋਏ ਹਨ । ਉਸ ਨੇ ਆਪਣੀ ਸੋਚ ਤੇ ਸੰਵੇਦਨਾ ਦੀ ਤਰਜਮਾਨੀ ਲਈ ਭਾਸ਼ਾ ਨੂੰ ਪਿਘਲੇ ਹੋਏ ਲੋਹੇ ਵਾਂਗ ਵਰਤਿਆ ਹੈ। ਉਸ ਦੀ ਕਵਿਤਾ ਭਾਵੁਕਤਾ, ਤਰਲਤਾ ਦੇ ਨਾਲ ਨਾਲ ਕਰੜੇ ਲੋਹੇ ਦੀ ਅਨੁਭੂਤੀ ਵੀ ਕਰਵਾਉਂਦੀ ਹੈ। ਉਸ ਦੀ ਲਿਖਤ ਜਿੱਥੇ ਅਨੰਦ ਦੀ ਅਨੁਭੂਤੀ ਕਰਵਾਉਂਦੀ ਹੈ ਉੱਥੇ ਨਾਰੀ ਅਨੁਭਵਧਾਰਾ ਦੀ ਸ਼ਬਦ ਸਭਿਆਚਾਰ ਨਾਲ ਸਾਂਝ ਵੀ ਪਵਾਉਂਦੀ ਹੈ। ਉਸ ਦੀ ਕਵਿਤਾ ਵਿਚ ਭਾਵਾਂ ਦੀ ਰਵਾਨੀ ਹੈ। ਉਸ ਨੇ ਇਸਤਰੀ ਮਨ ਦੇ ਤਰਲ, ਦ੍ਰਿੜ੍ਹ ਤੇ ਕਠੋਰ ਵੇਰਵੇ ਪੇਸ਼ ਕੀਤੇ ਹਨ । ਇਉਂ ਉਸ ਦੀ ਕਵਿਤਾ ਉਸ ਦੇ ਜੀਵਨ ਦਾ ਹੀ ਹਾਸਿਲ ਹੈ। ਇਹ ਹਾਸਿਲ ਉਹ ਪ੍ਰਿਜ਼ਮ ਹੈ ਜਿਸ ਵਿਚੋਂ ਜ਼ਿੰਦਗੀ ਦੇ ਤਲਖ਼-ਤੁਰਸ਼-ਸ਼ੀਰੀ ਮਨੋਭਾਵਾਂ ਦੀ ਬਲਦੀ ਹੋਈ ਮਤਾਬੀ ਦੇ ਦੀਦਾਰ ਕੀਤੇ ਜਾ ਸਕਦੇ ਹਨ । ਉਹ ਲਿਖਦੀ ਹੈ:

* ਤੂੰ ਹੁਣ ਲੀਰਾਂ ਗਿਣਦਾ ਜਾਵੀਂ
ਹੈ ਉਧੜਨ 'ਤੇ ਤੁਲ ਗਿਆ
ਦੇਹੀ ਲਿਬਾਸ ।
ਡੂੰਘੇ ਪਾਣੀਆਂ 'ਚੋਂ
ਚੋਭੇ ਖਾਲੀ ਹੱਥ ਪਰਤ ਗਏ
ਤੇ ਉਹ !
ਸੁੱਚੇ ਮੋਤੀ ਨਾਲ ਪਰਚ ਗਿਆ
ਫੇਰ ਸਾਂਭਾਗੀ
ਮਿੱਟੀ ਦਾ ਕਿਣਕਾ
ਸਿਰਜਾਂਗੀ ਸੁੱਚਮ
ਆਵਾਗਵਣ ਦੀ ਕੁੱਖ
ਮੈਂ ਦੋਫਾੜ ਸਿੱਪੀ !(ਪੰਨਾ 20)

ਦਲਵੀਰ ਕੌਰ ਆਪਣੀ ਪੁਸਤਕ ਹਾਸਿਲ ਵਿਚ ਇਕ ਖਾਸ ਵਿਚਾਰਧਾਰਕ ਬਿੰਦੂ ਤੇ ਚਿੰਤਾ ਚਿੰਤਨ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਇਸ ਪ੍ਰਸੰਗ ਵਿਚ ਇਹ ਦੋ ਕਵਿਤਾਵਾਂ 'ਦੋਫਾੜ *ਸਿੱਪੀ*' ਤੇ 'ਅਦਿੱਖ' ਨੇ ਮੇਰਾ ਉਚੇਚਾ ਧਿਆਨ ਖਿਚਿਆ ਹੈ। ਉਸ ਦੀ ਕਵਿਤਾ ਵਿਚ ਹੋਰ ਵੀ ਕਈ ਮਸਲੇ ਹਨ ਪਰ ਮੂਲ ਮਸਲਾ ਇਹ ਹੈ ਕਿ ਉਸ ਦੀ ਜ਼ਿੰਦਗੀ ਜਾਂ ਸਮਾਨਯ ਔਰਤ ਦੀ ਜ਼ਿੰਦਗੀ ਦਾ ਹਾਸਿਲ ਕੀ ਹੈ ? ਉਸ ਨੂੰ ਲਗਦਾ ਹੈ ਕਿ ਔਰਤ ਦੀ ਦੇਹ ਤੇ ਮਨ, ਉਸ ਸਿੱਪੀ ਦੀ ਨਿਆਈ ਹਨ ਜਿਸ ਵਿਚ ਵਕਤ ਦੀ ਪ੍ਰਹਾਰ ਸ਼ੈਲੀ, ਉਸ ਨੂੰ ਮੋਤੀ ਸਿਰਜਨ ਦੀ ਪ੍ਰਕਿਰਿਆ ਵਿਚ ਪਾਉਂਦੀ ਹੈ ਪਰ ਜ਼ਰੂਰੀ ਨਹੀਂ ਕਿ ਹਰ ਸਿੱਪੀ ਮੋਤੀ ਦੀ ਹੀ ਜਨਨੀ ਬਣੇ, ਜਿਹੜੀਆਂ ਸਿੱਪੀਆਂ ਮੋਤੀ ਪੈਦਾ ਨਹੀਂ ਕਰ ਸਕਦੀਆਂ,



ਉਹਨਾਂ ਸਿੱਪੀਆਂ ਦੀ ਹੋਂਦ ਤੇ ਹਸਤੀ ਬਾਰੇ ਵਿਚਾਰ ਕਰਦੀ ਹੋਈ ਦਲਵੀਰ ਕੌਰ ਇਸ ਗੱਲ 'ਤੇ ਬਲ ਦਿੰਦੀ ਹੈ ਕਿ ਔਰਤ ਸਿਰਜਣਾ ਦੀ ਭੂਮਿਕਾ ਤੋਂ ਮੁਨਕਰ ਨਹੀਂ ਪਰ ਸਿਰਜਣ ਲਈ ਹਮਵਾਰ ਪ੍ਰਸਥਿਤੀਆਂ ਵੀ ਤਾਂ ਹੋਣੀਆਂ ਚਾਹੀਦੀਆਂ ਹਨ । ਨੱਚਣ ਲਈ ਪੈਰ ਤਾਂ ਹਨ ਪਰ ਜੇ ਸੰਗੀਤ ਨਹੀਂ ਤਾਂ ਨਾਚ ਦਾ ਕੀ ਭਵਿੱਖ ।

ਦਲਵੀਰ ਕੌਰ ਦੀ ਕਵਿਤਾ ਇਸ ਹਵਾਲੇ ਨਾਲ ਪਰੰਪਰਕ ਮਾਨਵੀ ਸਥਿਤੀ ਤੇ ਮਰਦ ਦੀ ਭੂਮਿਕਾ ਨੂੰ ਪ੍ਰਸ਼ਨ ਹੇਠ ਲਿਆਉਣ ਦੀ ਕੋਸ਼ਿਸ਼ ਕਰਦੀ ਹੈ। ਦੂਜੇ ਸ਼ਬਦਾਂ ਵਿਚ ਉਹ ਨਾਰੀਵਾਦੀ ਚਿੰਤਨ ਦੇ ਅੰਤਰਗਤ ਔਰਤ ਨੂੰ ਆਪਣੀਆਂ ਸੀਮਿਤ ਸੀਮਾਵਾਂ ਤੋਂ ਬਾਹਰ ਨਿਕਲ, ਮੂਕ ਸੰਵਾਦ ਵਿਚ ਹੀ ਉਲਝੇ ਰਹਿਣ ਦੀ ਥਾਂ, ਦਸਤਪੰਜਾ ਲੈਣ ਲਈ ਪ੍ਰੇਰਦੀ ਹੈ। ਉਸ ਦੀ ਕਵਿਤਾ ਭੂਤ, ਭਵਿੱਖ ਤੇ ਵਰਤਮਾਨ ਨਾਲ ਪ੍ਰਸ਼ਨਧਾਰਕ ਸੰਵਾਦ ਰਚਾਉਂਦੀ ਹੈ। ਉਹ ਚਾਹੁੰਦੀ ਹੈ ਕਿ ਉਸ ਦੀ ਕਵਿਤਾ ਦੇ ਰਾਹੀਂ ਔਰਤ ਸਮਕਾਲੀਨ ਪ੍ਰਸੰਗਾਂ ਨੂੰ ਵਿਚਾਰਿਆ ਜਾਵੇ ਤੇ ਔਰਤ ਦੀ ਹੋਣੀ ਨੂੰ ਬਦਲਣ ਲਈ ਸਾਰਥਿਕ ਜ਼ਮੀਨ ਤਿਆਰ ਕੀਤੀ ਜਾਵੇ । ਉਹ ਆਪਣੇ ਸਭਿਆਚਾਰਕ ਪਰੰਪਰਕ ਮੁਹਾਵਰਾ ਤੋੜ ਕੇ ਪਰਵਾਸ ਤੇ ਨਾਰੀ ਦੇ ਅੰਤਰ ਸੰਗਮ ਦੀਆਂ ਅੰਤਰੀਵ ਤੋਟਾਂ ਤ੍ਰਿਪਤੀਆਂ ਤੇ ਪ੍ਰਾਪਤੀਆਂ ਨੂੰ ਖੁੱਲ੍ਹੇ ਸਮਾਜ ਦੀਆਂ ਆਜ਼ਾਦ ਸਮੀਕਰਨਾਂ ਵਿਚ ਵੇਖਣ ਦਾ ਉਪਰਾਲਾ ਕਰਦੀ ਹੈ। ਉਹ ਚਾਹੁੰਦੀ ਹੈ ਕਿ ਔਰਤ ਦੇ ਮਨ ਦਾ ਪੰਛੀ ਨੀਲੇ ਗਗਨ ਵਿਚ ਮਨਇੱਛਤ ਪ੍ਰਵਾਜ਼ ਭਰ ਸਕੇ ।

ਦਲਬੀਰ ਆਪਣੀ ਨਜ਼ਮ ਹਾਸਿਲ ਵਿਚ ਲਿਖਦੀ ਹੈ:

* ਜਿਸਮ ਤੋਂ ਚਮੜੀ ਉਧੇੜ
ਕੱਜ ਲੈਣੀਆਂ ਗ਼ਰਜ਼ਾਂ
ਤਾਂ ਹੁਨਰ ਹੀ ਸੀ
ਪਰ ਖ਼ੁਦ ਨੂੰ....
ਖ਼ੁਦ ਖਾ ਕੇ
ਰੱਜ ਜਾਣਾ ਵੀ
ਬਾ-ਕਮਾਲ ਰਿਹਾ !(ਪੰਨਾ 11)

ਇਹ ਕਵਿਤਾ ਮਨੁੱਖੀ ਮਨ ਅੰਦਰ ਬੈਠੇ ਉਸ ਭੇੜੀਏ, ਬਾਂਦਰ ਤੇ ਲਹੂ ਪੀਣੇ ਸ਼ੇਰ, ਚੀਤਿਆਂ ਦੀ ਖ਼ੁਦਗਰਜ਼ ਭੂਮਿਕਾ ਦੇ ਉੱਤਰਫਲ ਵਜੋਂ ਇਸਤਰੀ ਮਨ ਦੇ ਸੰਕਟ ਨੂੰ ਇਉਂ ਪੇਸ਼ ਕਰਦੀ ਹੈ ਕਿ ਪਾਠਕ ਲਰਜ਼ ਕੇ ਰਹਿ ਜਾਂਦਾ ਹੈ। ਉਹ ਇਸਤਰੀ ਮਰਦ ਦੇ ਪ੍ਰਸੰਗ ਵਿਚ ਹੀ ਰਿਸ਼ਤਿਆਂ ਦੀ ਸ਼ਤਰੰਜ ਦਾ ਜ਼ਿਕਰ ਨਹੀਂ ਕਰਦੀ, ਜਿਸਮ ਤੇ ਤਸ਼ੱਦਦ ਦੇ ਮਸਲੇ ਨੂੰ ਵੀ ਆਪਣੀ ਕਵਿਤਾ ਵਿਚ ਅੰਗੀਕਾਰ ਕਰਦੀ ਹੈ। ਜ਼ਾਹਰਾ ਤੌਰ 'ਤੇ ਉਹ ਮਰਦ ਪਾਤਰਾਂ ਦੀ ਨਕਾਬ ਕੁਸ਼ਾਈ ਕਰਦੀ ਨਜ਼ਰ ਆਉਂਦੀ ਹੈ ਪਰ ਵਾਸਤਵ ਵਿਚ ਉਹ ਜੈਂਡਰ ਦੇ ਧਰਾਤਲ ਤੋਂ ਹੀ ਔਰਤ, ਮਰਦ ਨੂੰ ਮਨੁੱਖ ਵਿਚ ਰੂਪਾਂਤਰਿਤ ਕਰਨ ਦੇ ਆਹਰ ਵਿਚ ਰੁੱਝੀ ਨਜ਼ਰ ਆਉਂਦੀ ਹੈ।

ਉਸ ਨੇ ਮਨੁੱਖ ਦੇ ਆਪਣੀ ਸਹਿਹੋਂਦ ਦੇ ਮਸਲੇ ਨੂੰ ਲਿੰਗਕ ਸੰਵੇਦਨਾ ਦੇ ਪ੍ਰਸੰਗ ਵਿਚ ਹੀ ਨਹੀਂ ਲਿੰਗ ਸੰਵੇਦਨਾ ਤੋਂ ਪਾਰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਹੋਏ ਜੀਵਨ ਦੇ ਆਤਮ ਵਿਰੋਧ ਨੂੰ ਆਤਮ ਵਿਸ਼ਲੇਸ਼ਣ ਵੱਲ ਮੋੜਦੇ ਹੋਏ ਲਿਖਿਆ ਹੈ:

* ਧਰ ਮੇਰੇ ਮੱਥੇ ਸਾਹਵੇਂ
ਆਪਣਾ ਮੱਥਾ
ਤੇ ਸੁਣ...

ਮਿੱਟੀ ਪਏ ਬੀਜ ਦੀ ਓਹੀਓ ਗੱਲ
"ਕਿ ਇਕੋ ਸਮੇਂ
ਸਾਹਾਂ ਵਿੱਚ ਜੀਉਣਾ
ਮਹਿਜ਼ ਇਤਫਾਕ ਤਾਂ ਨਹੀਂ ਹੁੰਦਾ"
ਭਾਵੇਂ ਅਮਲਾਂ ਦੀ ਸੱਟ
ਘੜਦੀ ਹੈ
ਸੁਰਤ ਮੱਤ ਮਨ ਬੁੱਧ !(ਪੰਨਾ 13)

ਉਹ ਆਪਣੀ ਕਵਿਤਾ ਬਾਰੇ ਲਿਖਦੀ ਹੈ ਕਿ ਔਰਤ ਨੂੰ ਸੁਣਨ ਲਈ ਪਿਤਰੀ ਮਨ ਦੀ ਮਾਨਸਿਕਤਾ ਤੇ ਇਤਿਹਾਸਕ ਬੋਧ ਕਦੀ ਰਾਜ਼ੀ ਨਹੀਂ ਹੁੰਦਾ । ਮਰਦ ਪਿਤਰੀ ਅਧਿਕਾਰ ਨਾਲ ਪਿਤਰੀ ਭਾਸ਼ਾ ਨਾਲ ਪਿਤਰੀ ਵਿਹਾਰ ਨਾਲ ਤੇ ਪਿਤਰੀ ਇਤਿਹਾਸ ਤੇ ਸਭ ਤੋਂ ਵੱਧ ਪਿਤਰੀ ਸਮਾਜ ਸਭਿਆਚਾਰ ਨਾਲ ਔਰਤ ਨੂੰ ਨਿਰੰਤਰ ਮੁਖ਼ਾਤਿਬ ਹੁੰਦਾ ਹੈ। ਕਵਿਤਾ ਉਸ ਲਈ ਕੀ ਹੈ ?

* ਕਾਗਜ਼ ਤੇ ਉੱਕਰੇ ਹਿੰਦਸੇ
ਨਾ ਬਹਿਸ਼ਤ
ਨਾ ਦੋਜ਼ਖ !
ਗੋਲ ਦਾਇਰਾ
ਮੇਰੇ ਹਿੱਸੇ ਦਾ ਰੌਲਾ !
ਮੱਥੇ 'ਚ ਸ਼ਬਦ ਉੱਗਿਆ ਹੈ
ਘੁਮਾ ਫਿਰ ਕੇ
ਗੱਲ ਤਾਂ ਮੇਰੀ ਹੀ ਹੋਵੇਗੀ !
ਅਣਪਛਾਤੇ ਪੈਰੀਂ ਖਲੋਤੀ
ਦੱਬਵੀਂ ਆਵਾਜ਼ੇ
ਆਪਣੀ ਲਿਖਤ
ਪੜ੍ਹਦੀ ਹਾਂ !
ਲੋਗ ਮੈਨੂੰ
ਸਿਰ ਤੋਂ ਪੈਰਾਂ ਤੱਕ ਵੇਖਦੇ ਨੇ !
ਕਵਿਤਾ ਖ਼ਤਮ ਹੁੰਦੀ ਹੈ
ਸਭ ਜਾ ਚੁੱਕੇ ਨੇ ।
ਮੈਂ ਅਜੇ ਵੀ ਅਦਬ ਸਹਿਤ
ਮੁਖਾਤਿਬ ਹਾਂ !
ਆਪਣੀ ਕਵਿਤਾ ਨਾਲ !!(ਪੰਨਾ 16)

ਇਸ ਪ੍ਰਸੰਗ ਵਿਚ ਉਸ ਦੀ ਇਕ ਮਹਤੱਵਪੂਰਨ ਕਵਿਤਾ 'ਜ਼ਿੰਦਗੀ *ਦਾ ਕਾਇਦਾ*' ਵਾਚਣਯੋਗ ਹੈ ਜੋ ਉਸ ਦੀ, ਉਪਰ ਅੰਕਿਤ ਧਾਰਨਾ ਦੀ ਪੁਸ਼ਟੀ ਹੀ ਨਹੀਂ ਕਰਦੀ ਸਗੋਂ ਵਿਆਕੁਲ ਰੂਪ ਵਿਚ ਉਦੈਮਾਨ ਹੁੰਦੀ ਹੈ। ਇਹ ਜਿੱਤ ਹਾਰ ਦੇ ਮਸਲੇ ਮਾਨਵੀ ਹਉਮੈ ਦਾ ਵਿਸਥਾਰ ਹਨ । ਜਿੱਤ ਕਿਸੇ ਨੂੰ ਵੀ ਖੂੰਖਾਰ ਤੇ ਅਮਾਨਵੀ ਬਣਾ ਸਕਦੀ ਹੈ। ਕੀ ਜਦੋਂ ਕੋਈ ਧਰਤੀ ਦਾ ਹਿੱਸਾ ਜਿੱਤ ਲੈਂਦਾ ਹੈ ਤਾਂ ਉਹ ਜੇਤੂ ਹੋ ਜਾਂਦਾ ਹੈ। ਜਿੱਤਣ ਦਾ ਸੰਬੰਧ ਮਨ ਨਾਲ ਹੈ, ਮਨ ਕਰਮ ਤੇ ਕੁਕਰਮ ਵਿਚ ਤਮੀਜ਼ ਕਰਦਾ ਹੈ।



ਕੁਕਰਮ ਸਮੇਂ ਤੇ ਸਥਾਨ ਦਾ ਮੁਹਤਾਜ ਹੈ। ਜਿੱਤ ਵਾਸਤਵ ਵਿਚ ਕੋਈ ਚੀਜ਼ ਨਹੀਂ ਹੈ। ਜਿੱਤ ਇਕ ਅਹਿਸਾਸ ਹੈ ਜੋ ਮਨੁੱਖ ਨੂੰ ਜ਼ਾਲਮ ਬਣਾਉਂਦਾ ਹੈ। ਇਹੋ ਕਾਰਨ ਹੈ ਕਿ ਜ਼ੁਲਮ, ਜ਼ਾਲਮ ਤੇ ਮਜ਼ਲੂਮ ਤਮੀਜ਼ ਕਰਨ ਲਈ ਮਨੁੱਖੀ ਚਿੰਤਨ ਦੀ ਅੰਤਰ-ਦ੍ਰਿਸ਼ਟੀ ਚਾਹੀਦੀ ਹੈ ਜੋ ਜੇਤੂ ਬੰਦਿਆਂ ਕੋਲ ਨਹੀਂ ਹੁੰਦੀ, ਉਹ ਲਿਖਦੀ ਹੈ:

* ਸਿਕੰਦਰ ਜੱਗ ਜਿੱਤਣ ਚੜ੍ਹਿਆ ਸੀ
ਮੈਂ ਤਨ ਜਿੱਤਣਾ ਹੈ
ਅਵਾਮ ਦਾ ਮਨ ਜਿੱਤਣ ਵੱਲ ਇਸ਼ਾਰਾ ਹੈ
ਮੇਰੀ ਇੱਕ ਅੱਖ
ਲੋਕ ਇਸ਼ਾਰੇ ਵੱਲ ਹੈ
ਦੂਜੀ ਮੱਥੇ 'ਚ ਟੱਪਕਦੀ ਨਾੜ 'ਤੇ
ਰਾਖੀ ਲਈ ਦਰਾਂ 'ਚ ਬੰਨ੍ਹਿਆ
ਬੁਲਟੀਰੀਆ ਕੁੱਤਾ
ਅੱਖਾਂ ਮੀਟੀ ਚੁੱਪ ਬੈਠਾ ਹੈ।(ਪੰਨਾ 32)

ਇਉਂ ਅਸੀਂ ਵੇਖਦੇ ਹਾਂ ਕਿ ਇਹ ਜਿੱਤ ਦਾ ਸੰਬੰਧ ਆਜ਼ਾਦੀ ਨਾਲ ਘੱਟ ਤੇ ਗੁਲਾਮੀ ਨਾਲ ਵਧੇਰੇ ਹੈ। ਆਜ਼ਾਦੀ ਗ਼ੁਲਾਮੀ ਦੇ ਇਸ ਵਿਰੋਧੀ ਜੁੱਟ ਨੂੰ ਵੱਖਰੇ ਜ਼ਾਵੀਏ ਤੋਂ ਵੇਖਣ ਲਈ ਉਹ ਆਜ਼ਾਦੀ ਬਾਰੇ ਲਿਖਦੀ ਹੈ:

* ਸੁਲੱਖਣੇਂ ਵਿਹੜਿਆਂ ਦੀ ਵਲਗਣ
ਗਲੋਂ ਲਾਹ
ਰੱਤੇ ਸਾਲੂਆਂ ਦੇ ਦਿਨੀਂ
ਕਿਧਰ ਤੁਰੀ ਪਈਆਂ !
ਆਜ਼ਾਦ ਹੋਣ ਚਿੜੀਓ ਕੁੜੀਓ !
ਪਰਤ ਆਓ ਘਰਾਂ ਨੂੰ ।
ਕੁੜੀਆਂ ਤਾਂ ਹੁੰਦੀਆਂ ਮਾਵਾਂ, ਮਾਸੀਆਂ
ਨਾਨੀਆਂ ਦਾਦੀਆਂ
ਮੱਥੇ ਇਨ੍ਹਾਂ ਦੇ
ਬਰਕਤਾਂ ਰਹਿਮਤਾਂ !
ਮਾਣ-ਮੱਤੀਆਂ ਧੀਆਂ ਭੈਣਾਂ
ਕੁਖਾਂ ਵਿਚ ਫੁੱਲ ਕਲੀਆਂ ਪਾਲਦੀਆਂ !
ਨਾਨਕ ਨੀਪੋਲੀਅਨ ਨੈਲਸਨ ਮੰਡੇਲਾ
ਪੈਣੀਂ ਸਮੇਂ ਨੂੰ ਬੜੀ ਲੋੜ ਇਨ੍ਹਾਂ ਦੀ
ਨੰਨੇ ਹੱਥ ਤੁਸਾਂ ਹੀ ਫੜਨੇਂ
ਵੱਡੇ ਜਿੰਮੇਂ ਤੁਸਾਂ ਸਿਰ ਕੁੜੀਓ
ਸਾਂਭ ਰੱਖਣੀ ਪੈਰਾਂ ਦੀ ਮਿੱਟੀ
ਨਾ ਜਾਣਾ ਘਰਾਂ ਤੋਂ ਦੂਰ !(ਪੰਨਾ 51)

ਇਸ ਕਵਿਤਾ ਨੇ ਆਜ਼ਾਦੀ ਨੂੰ ਇਤਿਹਾਸ ਤੇ ਅੰਤਰ-ਰਾਸ਼ਟਰੀ ਪ੍ਰਸੰਗ ਵਿਚ ਨਵੇਂ ਦ੍ਰਿਸ਼ਟੀਕੋਣ

ਤੋਂ ਵੇਖਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ।ਉਹ ਇਸ ਗੱਲ 'ਤੇ ਬਲ ਦਿੰਦੀ ਹੈ ਕਿ ਆਜ਼ਾਦੀ ਦਾ ਸੰਬੰਧ ਮੱਥੇ ਨਾਲ ਹੈ।ਮੱਥੇ ਗਹਿਣੇ ਨਹੀਂ ਪਾਏ ਜਾਂਦੇ ।ਮੱਥੇ ਨੂੰ ਸਮਝਣ ਲਈ ਮੱਥੇ ਦੀ ਲੋੜ ਹੈ ਪਰ ਮੱਥਾ ਗ਼ੈਰਹਾਜ਼ਰ ਹੈ।ਪਿਤਰੀ ਸੋਚ ਪ੍ਰਸੰਗ ਤੇ ਪਰਿਪੇਖ ਖੁੱਲ੍ਹੇ ਅਸਮਾਨੀ ਉੱਡਣ ਲਈ ਖੁੱਲ੍ਹੀ ਸਪੇਸ ਤਲਾਸ਼ ਕਰ ਰਿਹਾ ਹੈ।

ਦਲਵੀਰ ਦੀ ਪੁਸਤਕ 'ਹਾਸਿਲ' ਇਕ ਅਜਿਹੀ ਕਾਵਿ ਪੁਸਤਕ ਹੈ ਜਿਸ ਵਿਚ ਇਸਤਰੀ ਸੰਵੇਦਨਾ ਤੇ ਪਰਵਾਸੀ ਸੰਵੇਦਨਾ ਦੇ ਅਜਿਹੇ ਵੇਰਵੇ ਪ੍ਰਸਤੁਤ ਹਨ ਜਿਹੜੇ ਵਰਤਮਾਨ ਵਿਚ ਔਰਤ ਦੀ ਸਥਿਤੀ ਤੇ ਮਰਦ ਦੀ ਭੂਮਿਕਾ ਬਾਰੇ ਚਰਚਾ ਹੀ ਨਹੀਂ ਕਰਦੇ ਸਗੋਂ ਔਰਤ ਦੀ ਆਪਣੇ ਪ੍ਰਤੀ ਵਧ ਰਹੀ ਸਮਝ ਤੇ ਮਰਦ ਪ੍ਰਤੀ ਪੈਦਾ ਹੋ ਰਹੀ ਗਿਲਾਨੀ ਨੂੰ ਬੜੇ ਕਲਾਤਮਿਕ ਢੰਗ ਨਾਲ ਪ੍ਰਸਤੁਤ ਕਰਦੇ ਹਨ । ਇਹ ਪੁਸਤਕ ਨਿਸ਼ਚਿਤ ਹੀ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਵਿਚ ਆਪਣਾ ਵੱਖਰਾ ਮੁਕਾਮ ਬਣਾਉਣ ਦੀ ਭਰਪੂਰ ਕੋਸ਼ਿਸ਼ ਹੈ।ਮੈਂ ਸਮਝਦਾ ਹਾਂ ਕਿ ਇਸ ਕਿਤਾਬ ਦੇ ਪ੍ਰਕਾਸ਼ਿਤ ਹੋਣ ਨਾਲ ਪਰਵਾਸੀ ਪੰਜਾਬੀ ਕਵਿਤਾ ਵਿਚ ਦਲਵੀਰ ਕੌਰ ਦੀ ਇਕ ਵੱਖਰੀ ਪਹਿਚਾਨਣਯੋਗ ਥਾਂ ਬਣੀ ਹੈ।ਅਜਿਹੀਆਂ ਕਲਮਾਂ ਤੇ ਪੁਸਤਕਾਂ ਜਿੱਥੇ ਖ਼ੁਦ ਕਵਿਤਾ ਦਾ ਹਾਸਿਲ ਹਨ, ਉੱਥੇ ਅਦਬੀ ਦੁਨੀਆ ਦਾ ਪ੍ਰਮਾਣਿਕ ਹਾਸਿਲ ਬਣ ਜਾਂਦੀਆਂ ਹਨ । ਇਸ ਕਵਿਤਾ ਦਾ ਵਾਸਤਵ ਵਿਚ ਹਾਸਿਲ ਉਹ ਕਾਵਿ ਸੰਵੇਦਨਾ ਹੈ ਜਿਹੜੀ ਔਰਤ ਨੂੰ ਮਨੁੱਖ ਸਮਝ ਕੇ ਬਰਾਬਰ ਦੇ ਅਧਿਕਾਰ ਤੇ ਵਿਹਾਰ ਨਾਲ ਜੋੜਨ ਦੀ ਵਕਾਲਤ ਕਰਦੀ ਹੈ।ਇਹੀ ਇਸਦਾ ਹਾਸਿਲ ਹੈ।

---


ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ ਦੀਆਂ ਨਵੀਆਂ ਛਪੀਆਂ ਪੁਸਤਕਾਂ

**ਸਾਊਥਾਲ ਦਾ ਸੂਰਜ/ਰਣਜੀਤ ਧੀਰ**
**ਬੇਦਖ਼ਲ/ਐਸ. ਸਾਕੀ**
**ਚੰਡੀਗੜ੍ਹ ਵਾਇਆ ਨਵਾਂ ਸ਼ਹਿਰ/ਜਿੰਦਰ**
**ਮੈਨੂੰ ਹਨ੍ਹੇਰਾ ਨਹੀਂ ਲੱਗਦਾ/ਕੁਲਦੀਪ ਨਾਇਯਰ**
**ਠੰਢੀ ਧਰਤੀ ਤਪਦੇ ਲੋਕ/ਨਿੰਦਰ ਘੁਗਿਆਣਵੀ**
**ਸੰਗੀਤਾਚਾਰੀਆ ਭਾਈ ਕਾਨ੍ਹ ਸਿੰਘ ਨਾਭਾ/ਡਾ. ਰਵਿੰਦਰ ਕੌਰ ਰਵੀ**
**ਕੁਲ ਕਹਾਣੀਆਂ/ਗੁਲਜ਼ਾਰ ਸਿੰਘ ਸੰਧੂ**
**ਮਿੱਟੀ ਬੋਲਦੀ ਹੈ/ਬਲਬੀਰ ਮਾਧੋਪੁਰੀ**


---


ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਦੀਆਂ ਨਵੀਆਂ ਛਪੀਆਂ ਪੁਸਤਕਾਂ

**ਬੁੱਲ੍ਹਾ ਨੱਚੇ ਤਾਰ ਦਵੱਲੇ/ਯੋਧ ਸਿੰਘ**
**ਸਰਹੰਦ ਕੰਢੇ/ਅਬਦਾਲ ਬੇਲਾ**
**(ਅਨੁਵਾਦ :ਗੁਲਜ਼ਾਰ ਸਿੰਘ ਪੰਧੇਰ)**
**ਲੋਟਾ/ਦਰਸ਼ਨ ਸਿੰਘ**
**ਸਾਹਿਬਾਂ ਦੀ ਦੋਚਿੱਤੀ/ਸਿੱਧੂ ਦਮਦਮੀ**




## ਬਲਬੀਰ ਕੌਰ ਸੰਘੇੜਾ ਦੀ ਕਥਾ ਸੰਵੇਦਨਾ/ ਡਾ ਮਿਨਾਕਸ਼ੀ ਰਾਠੌਰ

ਬਲਬੀਰ ਕੌਰ ਸੰਘੇੜਾ ਪਰਵਾਸੀ ਪੰਜਾਬੀ ਗਲਪ ਸਾਹਿਤ ਵਿਚ ਉਭਰਦਾ ਨਾਮ ਹੈ।ਉਹ ਪੰਜਾਬੀ ਸਾਹਿਤ ਜਗਤ ਨਾਲ ਕਈ ਦਹਾਕਿਆਂ ਤੋਂ ਜੁੜੀ ਹੋਈ ਹੈ।ਉਸ ਨੇ ਹੁਣ ਤੱਕ ਤਿੰਨ ਨਾਵਲ 'ਹੱਕ ਦੀ ਮੰਗ', 'ਇਕ ਖ਼ੱਤ ਨਾਂ ਸੱਜਣਾ ਦੇ' ਤੇ 'ਜਾਲ਼' ਨਾਵਲ ਲਿਖੇ ਹਨ।'ਆਪਣੇ ਹੀ ਓਹਲੇ' , 'ਖੰਭੇ' , 'ਠੰਡੀ ਹਵਾ' , 'ਪ੍ਰਛਾਈਆਂ ਦੇ ਓਹਲੇ' ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਹਿ ਹਨ।'ਖੰਡਰ' ਉਸ ਦਾ 2014 ਵਿਚ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਹੈ।ਜਿਸ ਵਿਚ ਕੁਲ ਅੱਠ ਕਹਾਣੀਆਂ ਸੰਮਲਿਤ ਹਨ। ਜਿਹਨਾਂ ਵਿਚਲਾ ਬਿਰਤਾਂਤ ਪਰਵਾਸ ਵਿਚਲੇ ਭਿੰਨ ਭਿੰਨ ਸਰੋਕਾਰਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ।

ਸੰਸਾਰ ਦੇ ਇਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਪਰਵਾਸ ਕਰਨ ਦੀ ਬਿਰਤੀ ਬਹੁਤ ਪ੍ਰਬਲ ਰਹੀ ਹੈ।ਜਿਸ ਦੇ ਬਹੁਤ ਸਾਰੇ ਕਾਰਨ ਹਨ।ਜਿਹਨਾਂ ਵਿਚ ਦੇਸ਼ ਦੀ ਵੱਡੀ ਅਬਾਦੀ, ਆਰਥਿਕ ਮੰਦਹਾਲੀ , ਬੇਰੁਜ਼ਗਾਰੀ ਤੇ ਨੀਵਾਂ ਜੀਵਨ ਪੱਧਰ ਆਦਿ ਪ੍ਰਮੁੱਖ ਹਨ।ਛੇਵੇਂ ਦਹਾਕੇ ਦੇ ਨੇੜੇ ਬਹੁਤ ਸਾਰੇ ਪੰਜਾਬੀਆਂ ਨੇ ਪਰਵਾਸ ਕੀਤਾ, ਜਿਹਨਾਂ ਵਿਚ ਪੜ੍ਹੇ ਲਿਖੇ ਲੋਕਾਂ ਦੇ ਨਾਲ ਬਹੁਤ ਸਾਰੇ ਲੇਖਕ ਵੀ ਸਨ।ਪਰਵਾਸ ਕੀਤੇ ਇਹਨਾਂ ਲੇਖਕਾਂ ਨੂੰ ਉੱਥੇ ਬਹੁਤ ਸਾਰੀਆਂ ਚੁਣੌਤੀਆਂ ਦੇ ਸਨਮੁੱਖ ਹੋਣਾ ਪਿਆ।ਬੇਗਾਨੀ ਧਰਤੀ ਤੇ ਜਾ ਕੇ ਉਹਨਾਂ ਨੂੰ ਕਿਸ ਤਰ੍ਹਾਂ ਦੀਆਂ ਦੁਸ਼ਵਾਰੀਆਂ ਤੇ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ , ਉਸ ਦਾ ਪ੍ਰਗਟਾਵਾ ਉਹਨਾਂ ਨੇ ਸਾਹਿਤਕ ਰਚਨਾਵਾਂ ਵਿਚ ਕੀਤਾ ਹੈ। ਆਖ਼ਰ ਉਹਨਾਂ ਨੇ ਜਦੋਂ ਕੈਨੇਡਾ ਦੀ ਧਰਤੀ ਤੇ ਆਪਣੇ ਪੈਰ ਜਮਾਏ ਤੇ ਆਰਥਿਕ ਮੰਦਹਾਲੀ ਤੇ ਕਾਬੂ ਪਾਇਆ ਤਾਂ ਉੱਥੋਂ ਦੇ ਹਾਲਾਤ ਨਾਲ ਵੀ ਜੂਝਣਾ ਪਿਆ।ਜਦੋਂ ਮਨੁੱਖ ਆਰਥਿਕ ਤੰਗੀ ਤੋਂ ਉੱਭਰ ਆਉਂਦਾ ਹੈ ਤਾਂ ਸੁਭਾਵਿਕ ਉਸ ਦੇ ਮਾਨਸਿਕ ਪਾਸਾਰ ਖੁੱਲ੍ਹਣ ਲੱਗਦੇ ਹਨ। ਅਜਿਹੀ ਅਵਸਥਾ ਵਿਚ ਪੰਜਾਬੀ ਲੇਖਕਾਂ ਨੇ ਵੀ ਆਪਣੀ ਮਾਨਸਿਕ ਭੁੱਖ ਪੂਰੀ ਕਰਨ ਲਈ ਆਪਣਾ ਹੀ ਸਭਿਆਚਾਰ ਉਸ ਧਰਤੀ ਤੇ ਸਿਰਜਣ ਦਾ ਪੁਰਜ਼ੋਰ ਯਤਨ ਕੀਤਾ , ਜਿਸ ਅਧੀਨ ਬਹੁਤ ਸਾਰਾ ਸਾਹਿਤ ਵੀ ਰਚਿਆ ਗਿਆ। ਜੋ ਵੀ ਸਾਹਿਤ ਇਹਨਾਂ ਸਾਹਿਤਕਾਰਾਂ ਨੇ ਪਰਵਾਸ ਵਿਚ ਜਾ ਕੇ ਰਚਿਆ ,ਉਹ ਸਾਹਿਤ ਪਰਵਾਸੀ ਪੰਜਾਬੀ ਸਾਹਿਤ ਨਾਲ ਪ੍ਰਚਲੱਤ ਹੋਇਆ।ਇਸ ਵਿਚ ਹੀ ਕੈਨੇਡੀਅਨ ਪੰਜਾਬੀ ਕਹਾਣੀ ਸੰਮਲਿਤ ਹੈ।ਜੋ ਪੰਜਾਬ ਵਿਚ ਰਚੇ ਜਾ ਰਹੇ ਸਾਹਿਤ ਨਾਲੋਂ ਵਿਸ਼ੇ ਦੇ ਪੱਖ ਤੋਂ ਕਈ ਤਰ੍ਹਾਂ ਨਾਲ ਵੱਖਰੀ ਹੈ। ਕਿਉਂਕਿ ਪੰਜਾਬ ਵਿਚ ਬੈਠਾ ਲੇਖਕ ਕੁਝ ਹੋਰ ਪ੍ਰਸਥਿਤੀਆਂ ਵਿਚ ਬੈਠਾ ਸਾਹਿਤ ਰਚ ਰਿਹਾ ਹੈ ਤੇ ਕੈਨੇਡੀਅਨ ਧਰਤੀ ਤੇ ਬੈਠੇ ਲੇਖਕ ਦਾ ਆਪਣਾ ਇਕ ਪਰਿਵੇਸ਼ ਤੇ ਆਲਾ ਦੁਆਲਾ ਹੈ। ਸਭਿਆਚਾਰਕ ਪ੍ਰਸਥਿਤੀਆਂ, ਜੀਵਨ ਮੁੱਲ ਤੇ ਕਦਰਾਂ ਕੀਮਤਾਂ ਬਿਲਕੁਲ ਵੱਖਰੀਆਂ ਹਨ। ਕਿਉਂਕਿ ਹਰ ਖਿੱਤੇ ਦੀਆਂ ਆਪਣੀਆਂ ਸਮਾਜਿਕ, ਸਭਿਆਚਾਰਕ , ਰਾਜਨੀਤਕ ਤੇ ਆਰਥਿਕ ਪ੍ਰਸਥਿਤੀਆਂ ਹੁੰਦੀਆਂ ਹਨ। ਜਿਸ ਵਿਚੋਂ ਉਸ ਖਿੱਤੇ ਦਾ ਸਾਹਿਤ ਪੈਦਾ ਹੁੰਦਾ ਹੈ। ਜਿਥੋਂ ਤੱਕ ਕੈਨੇਡੀਅਨ ਪੰਜਾਬੀ ਕਹਾਣੀ ਦਾ ਸੰਬੰਧ ਹੈ, ਉਸ ਵਿਚ ਹੱਡੀਂ ਹੰਢਾਏ ਸੰਤਾਪ ਦੀ ਭਾਵਪੂਰਤ ਝਲਕ ਬਾਖ਼ੂਬੀ ਹੋਈ ਮਿਲਦੀ ਹੈ। ਜਿਹਨਾਂ ਵਿਚ ਨਸਲੀ ਵਿਤਕਰੇ, ਭੂ-ਹੇਰਵਾ, ਪੂੰਜੀਵਾਦੀ ਨਿਜ਼ਾਮ ਵਿਚ ਔਰਤ ਮਰਦ ਸੰਬੰਧਾਂ ਦੇ ਬਦਲਦੇ ਸਮੀਕਰਣ, ਪੀੜ੍ਹੀ ਪਾੜਾ, ਬਜ਼ੁਰਗਾਂ ਦੀਆਂ ਸਮੱਸਿਆਵਾਂ, ਘਰ ਪਰਿਵਾਰ ਦੀਆਂ ਸਮੱਸਿਆਵਾਂ, ਪੰਜਾਬੀ ਬੰਦੇ ਦੀ ਸ਼ਨਾਖ਼ਤ ਦਾ ਮਸਲਾ, ਸਭਿਆਚਾਰਕ ਤਣਾਓ, ਸਥਾਪਨ ਤੇ ਵਿਸਥਾਪਨ ਦੀਆਂ ਡਾਇਸਪੋਰਕ ਸਥਿਤੀਆਂ ਆਦਿ ਅਨੇਕਾਂ ਹੀ ਅਜਿਹੇ ਸਰੋਕਾਰ ਹਨ, ਜੋ ਪਰਵਾਸੀ ਪੰਜਾਬੀ ਕਹਾਣੀ ਵਿਚ ਬੜੇ ਉੱਭਰਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿਹਨਾਂ ਵਿਚ ਪਰਵਾਸੀ ਚੇਤਨ ਅਵਚੇਤਨ ਨਾਲ ਜੁੜੇ ਮਸਲੇ ਵੀ ਸੰਮਲਿਤ

ਹਨ।

ਜਿਥੋਂ ਤੱਕ ਬਲਬੀਰ ਕੌਰ ਸੰਘੇੜਾ ਦਾ ਸੰਬੰਧ ਹੈ, ਉਸ ਦਾ ਕਹਾਣੀ ਸੰਗ੍ਰਹਿ 'ਖੰਡਰ' ਇਕ ਚਰਚਿਤ ਵਰਤਾਰਾ ਹੈ। ਬਿਰਤਾਂਤਕੀ-ਪਾਠ ਵਿਚ ਪ੍ਰਵੇਸ਼ ਕਰਨ ਵੇਲੇ ਕਹਾਣੀ ਦਾ ਸਿਰਲੇਖ 'ਖੰਡਰ' ਸਭ ਤੋਂ ਪਹਿਲਾਂ ਪਾਠਕ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਸਿਰਲੇਖ ਕਿਸੇ ਵੀ ਸਾਹਿਤਕ ਵਿਧਾ ਦਾ ਝਰੋਖਾ ਹੁੰਦਾ ਹੈ। ਜਿਸ ਦੇ ਰਾਹੀਂ ਸਮੁੱਚੇ ਵਰਤਾਰੇ ਦੀ ਇਕ ਝਲਕ ਸਪਸ਼ਟ ਰੂਪ ਵਿਚ ਨਜ਼ਰ ਆ ਜਾਂਦੀ ਹੈ। ਇਸੇ ਤਰ੍ਹਾਂ ਹੀ ਪਾਠ ਦੇ ਆਰੰਭ ਵਿਚ 'ਖੰਡਰ' ਦਾ ਬਿਰਤਾਂਤਕੀ ਸੰਦਰਭ ਪ੍ਰਤੀਕਾਤਮਕ ਰੂਪ ਵਿਚ ਬਿਰਤਾਂਤਕੀ ਪਾਤਰਾਂ ਦੇ ਜੀਵਨ ਵੇਰਵਿਆਂ ਨੂੰ ਉਘਾੜਦਾ ਦੇਸ-ਪਰਦੇਸ ਦੇ ਵਿਕੋਲਿਤਰੇ ਸਰੋਕਾਰਾਂ , ਸਥਿਤੀਆਂ ਤੇ ਘਟਨਾਵਾਂ ਦੀ ਪੇਸ਼ਕਾਰੀ ਕਰਦਾ ਹੈ। ਜੋ ਇਕ ਮੋਟਿਫ਼ ਵਾਂਗ ਸਮੁੱਚੇ ਸਿਰਜਤ ਪ੍ਰਵਚਨ ਵਿਚ ਫ਼ੈਲਿਆ ਹੋਇਆ ਹੈ। ਤੁਲਨਾਤਮਕਤਾ ਉਸ ਦੀ ਕਹਾਣੀ ਦੀ ਪ੍ਰਮੁੱਖ ਕਹਾਣੀ ਜੁਗਤ ਵਜੋਂ ਪੇਸ਼ ਹੁੰਦੀ ਹੈ। ਪੂਰਬੀ ਤੇ ਪੱਛਮੀਂ ਸਮਾਜਾਂ ਦੀਆਂ ਟਕਰਾਵੀਆਂ ਜੀਵਨ ਝਾਕੀਆਂ ਤੇ ਮੁੱਲ ਵਿਧਾਨ ਦੇ ਸੰਗਠਨ ਰਾਹੀਂ ਆਪਣੇ ਕਥਾ ਜਗਤ ਦਾ ਬਿਰਤਾਂਤ ਉਸਾਰਿਆ ਹੈ। ਇਸੇ ਤਰ੍ਹਾਂ ਦੀ ਪੇਸ਼ੀਨਗੋਈ ਉਸ ਦੀ ਕਹਾਣੀ 'ਖੰਡਰ' ਵਿਚ ਮਿਲਦੀ ਹੈ । ਜਿਸ ਵਿਚ ਉਹ ਮਾਰਥਾ ਦੇ ਪਾਤਰ ਤੇ ਆਪਣੇ ਪਿੰਡ ਦੀ ਬੁੜੀ ਈਸਰੋ ਦੇ ਪਾਤਰ ਰਾਹੀਂ ਪੱਛਮੀਂ ਤੇ ਪੂਰਬੀ ਜੀਵਨ ਦਾ ਪ੍ਰਗਟਾਵਾ ਕਰਦੀ ਹੈ।

"ਕਹਿੰਦੇ ਇਸ ਨੇ ਕਦੇ ਵਿਆਹ ਨ੍ਹੀ ਕਰਾਇਆ । ਭਰਾ ਉਸ ਦਾ ਪੂਰਾ ਮਾਣ ਤਾਣ ਕਰਦੇ ਹਨ। ਪਿੰਡ ਵਿਚ ਉਸ ਦਾ ਪੂਰਾ ਆਦਰ ਸਤਿਕਾਰ ਹੈ। ਪਰ ਢਲਦੀ ਉਮਰ ਵਿਚ ਇਕ ਖਲਾਅ ਸੀ ਜੋ ਸਭ ਨੂੰ ਨਜ਼ਰ ਨਹੀਂ ਆਉਂਦਾ। ਭੈਣ ਭਰਾਵਾਂ ਦੇ ਬੱਚੇ ਪਾਲ ਕੇ ਵੀ ਇਕੱਲੀ ਰਹਿ ਗਈ ਸੀ। ਉਹ ਜਿੱਥੇ ਬੈਠੀ ਹੁੰਦੀ ਬੈਠੀ ਹੀ ਰਹਿੰਦੀ। ਨਾ ਕਿਸੇ ਨਾਲ ਬੋਲਦੀ ਤੇ ਨਾ ਕਿਸੇ ਨਾਲ ਕਿਧਰੇ ਜਾਂਦੀ"। (ਪੰਨਾ, 75)

ਪਰ ਦੂਜੇ ਪਾਸੇ 'ਮੈਂ' ਪਾਤਰ ਦੇ ਗੁਆਂਢ ਕੈਨੇਡਾ ਵਿਚ ਰਹਿੰਦੀ ਮਾਰਥਾ ਹੈ। ਮਾਰਥਾ ਵੀ ਇਕੱਲੀ ਰਹਿੰਦੀ ਹੈ। ਉਸ ਕੋਲ ਕੁੱਤੇ ਹਨ। ਜਦੋਂ ਉਸ ਦਾ ਸਾਥੀ ਹੈਰੀ ਉਸ ਨੂੰ ਛੱਡ ਕੇ ਚਲਾ ਜਾਂਦਾ ਹੈ ਤਾਂ ਉਹ ਜ਼ਿੰਦਗੀ ਤੋਂ ਨਿਰਾਸ ਨਹੀਂ ਹੁੰਦੀ। ਸ਼ਾਮ ਨੂੰ ਆਪਣੇ ਕੁੱਤੇ ਬਿੱਲੀਆਂ ਨੂੰ ਘੁੰਮਾਉਂਦੀ ਤੇ ਸ਼ੁੱਕਰਵਾਰ ਨੂੰ ਬਿੰਗੋ ਖੇਡਣ ਜਾਂਦੀ ਹੈ। ਆਪਣੇ ਹਾਣੀਆਂ ਨਾਲ ਗੇਮਾਂ ਖੇਡਦੀ , ਗੱਪਾਂ ਮਾਰਦੀ ਜ਼ਿੰਦਗੀ ਨੂੰ ਪੂਰੀ ਸੁਚੱਜਤਾ ਨਾਲ ਜਿਉਂਦੀ ਹੈ। ਇਕ ਦਿਨ ਅਚਾਨਕ ਉਹ ਆਪਣਾ ਸਾਰਾ ਸਮਾਨ ਵੇਚ ਕੇ ਸੀਨੀਅਰ ਸਿਟੀਜ਼ਨ ਵਾਲੀ ਰੈਂਜੀਡੈਂਸ ਵਿਚ ਜਾ ਕੇ ਰਹਿਣ ਲੱਗ ਪੈਂਦੀ ਹੈ। ਉਹ ਆਪਣੀ ਜਿੰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ ਤੇ ਮੁੜ ਕਦੇ ਆਪਣੇ ਖੰਡਰ ਬਣੇ ਘਰ ਨੂੰ ਵੇਖਣ ਵੀ ਨਹੀਂ ਆਉਂਦੀ। ਕਿਉਂਕਿ ਉਸ ਨੇ ਆਪਣੀ ਜ਼ਿੰਦਗੀ ਨੂੰ ਪੂਰੇ ਹਿਸਾਬ ਕਿਤਾਬ ਨਾਲ ਜੀਵਿਆ ਸੀ ਤੇ ਉਸ ਨੇ ਖੰਡਰ ਹੋ ਰਹੇ ਘਰ ਵਿਚ ਆਪਣੀ ਆਤਮਾ ਨੂੰ ਖੰਡਿਤ ਨਹੀਂ ਹੋਣ ਦਿੱਤਾ ਸੀ। ਇਸ ਤਰ੍ਹਾਂ ਕਥਾਤਮਕ ਵਰਤਾਰੇ ਵਿਚ 'ਮੈਂ' ਪਾਤਰ ਦੇ ਗੁਆਂਢ ਵਿਚ ਰਹਿੰਦੀ ਮਾਰਥਾ ਤੇ ਪੰਜਾਬ ਦੇ ਪਿੰਡ ਦੀ ਈਸਰੋ ਬੁੜੀ ਦੇ ਤੁਲਨਾਤਮਕ ਜੀਵਨ ਵੇਰਵੇ ਭਾਰਤੀ ਔਰਤ ਦੀ ਵਸਤੂ ਸਥਿਤੀ ਦੇ ਵਿਭਿੰਨ ਪਾਸਾਰਾਂ ਨੂੰ ਵੀ ਉਭਾਰਦੇ ਹਨ।

ਇਸ ਦੇ ਨਾਲ ਹੀ ਸੰਘੇੜਾ ਆਪਣੀਆਂ ਕਹਾਣੀਆਂ ਵਿਚ ਪਰਵਾਸ ਹੰਢਾਉਂਦੀ ਪੰਜਾਬੀ ਔਰਤ ਦੇ ਸੁਪਨਿਆ ਤੇ ਪ੍ਰਾਪਤੀ ਦੇ ਦਵੰਦ ਦਾ ਬਿਰਤਾਂਤ ਵੀ ਉਸਾਰਦੀ ਹੈ। ਇਥੇ ਬਿਰਤਾਂਤਕਾਰ ਇਹ ਵੀ ਸਪਸ਼ਟ ਕਰਦੀ ਹੈ ਕਿ ਔਰਤ ਅਜ਼ਾਦੀ ਦੇ ਨਾਮ ਉੱਤੇ ਆਪਣਾ ਕਿੰਨਾ ਕੁਝ ਗੁਆ ਵੀ ਰਹੀ ਹੈ। 'ਹੁਣ ਅਸੀਂ ਠੀਕ ਠਾਕ ਹਾਂ' ਵਿਚ ਕਥਾਕਾਰ ਬੱਚਿਆਂ ਦੀ ਗੁੱਡੇ ਗੁੱਡੀਆਂ ਦੀ ਖੇਡ ਵਿਚ ਇਕ ਛੋਟੀ ਜਿਹੀ ਬੱਚੀ ਸੈਰਾ ਦੇ ਰਾਹੀਂ ਇਸ ਦਾ ਪ੍ਰਗਟਾਵਾ ਕਰਦੀ ਹੈ:

ਤੇ ਫੇਰ ਸੈਰਾ ਨੇ ਫੁੱਲ ਸਿੱਟ ਦਿੱਤੇ ਸਨ, ਤਾਜ ਵੀ ਲਾਹ ਦਿੱਤਾ ਸੀ ਅਤੇ ਉਹ 'ਰੂਪੀ' ਨੂੰ



ਕਹਿਣ ਲੱਗ ਪਈ ਸੀ, " ਮੈਨੂੰ ਹੁਣੇ ਤਲਾਕ ਚਾਹੀਦਾ। ਮੈਨੂੰ ਇਕ ਘੰਟਾ ਹੋ ਗਿਆ ਵਿਆਹੀ ਨੂੰ। ਇਟਸ ਟੂ ਲੌਂਗ। ਆਈ ਵਾਂਟ ਟੂ ਵੀ ਫ਼ਰੀਅ। ਆਈ ਡੌਂਟ ਵਾਂਟ ਟੂ ਬੀ ਮੈਰਿਡ।

ਪੱਛਮ ਵਿਚ ਔਰਤ ਵਰਗ ਕਾਫ਼ੀ ਹੱਦ ਤੱਕ ਚੇਤੰਨ ਹੈ। ਉਹ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤਿ ਵੀ ਜਾਗ਼ਰੂਕ ਹੈ। ਖ਼ਾਸ ਕਰਕੇ ਉਥੋਂ ਦੀ ਜੰਮਪਲ ਨਵੀਂ ਪੀੜ੍ਹੀ ਜੋ ਕਿਸੇ ਤਰ੍ਹਾਂ ਨਾਲ ਵੀ ਹਾਲਾਤ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ। ਪੱਛਮ ਦੇ ਲੋਕ ਕਿਸੇ ਵੀ ਰਿਸ਼ਤੇ ਨੂੰ ਬੋਝ ਵਾਂਗ ਨਹੀਂ ਢੋਂਦੇ ਸਗੋਂ ਜਦੋਂ ਜੀਅ ਕਰਦਾ ਸਭ ਕੁਝ ਛੱਡ ਛੁਡਾ ਕੇ ਵੱਖਰੇ ਹੋ ਜਾਣ ਵਿਚ ਵਿਸ਼ਵਾਸ ਰੱਖਦੇ ਹਨ। ਬਲਬੀਰ ਕੌਰ ਸੰਘੇੜਾ ਪਰਵਾਸੀ ਪੰਜਾਬੀ ਔਰਤ ਨਾਲ ਜੁੜੇ ਅਨੇਕਾਂ ਮਸਲਿਆਂ ਦੇ ਰੂਬਰੂ ਹੁੰਦੀ ਹੋਈ ਉਸ ਦੇ ਅਨੇਕਾਂ ਰੂਪਾਂ ਤੇ ਪਰਤਾਂ ਨੂੰ ਉਭਾਰਦੀ ਹੈ। ਬਿਰਤਾਂਤਕਾਰ ਸਮੇਂ ਨਾਲ ਸੰਵਾਦ ਰਚਾਉਂਦੀ ਪੱਛਮੀਂ ਮੁਲਕਾਂ ਬਾਰੇ ਹੈ। ਨਵੀਆਂ ਲੋਕੇਸ਼ਨਾਂ ਵਿਚ ਕਈ ਨਾਰੀ ਪਾਤਰ ਨਾਰੀ ਚੇਤਨਾ ਅਧੀਨ ਮਰਦ ਹਓਂ ਨੂੰ ਸੱਟ ਮਾਰਦੇ ਹਨ। ਇਸੇ ਲਈ ਮਾਨਸਿਕ ਤੇ ਸਰੀਰਕ ਸੰਤਾਪ ਹੰਢਾਉਣ ਦੇ ਬਾਵਜੂਦ ਵੀ ਇਹ ਨਾਰੀ ਪਾਤਰ ਟੁੱਟਦੇ ਨਹੀਂ ਸਗੋਂ ਹਾਲਾਤ ਦਾ ਡੱਟ ਕੇ ਮੁਕਾਬਲਾ ਕਰਦੇ ਹਨ।

'ਬੱਸ ! ਹੋਰ ਨ੍ਹੀ' ਦੀ ਨਾਇਕਾ ਸਾਰੀ ਉਮਰ ਸਰੀਰਕ ਤੇ ਮਾਨਸਿਕ ਤਸ਼ਦੱਦ ਸਹਿੰਦਿਆਂ ਗੁਜ਼ਾਰ ਦੇਂਦੀ ਹੈ। ਪਰ ਉਸ ਦੀ ਧੀ ਨੀਤੀ ਨੂੰ ਪਿਉ ਦਾ ਮਾਂ ਨਾਲ ਮਾਰ ਕੁੱਟ ਕਰਨਾ ਕਿਸੇ ਤਰ੍ਹਾਂ ਵੀ ਮਨਜ਼ੂਰ ਨਹੀਂ। ਉਹ ਮਾਂ ਨਾਲ ਹੁੰਦੀ ਕੁੱਟ ਮਾਰ ਦੇ ਖ਼ਿਲਾਫ਼ ਖੜ੍ਹੀ ਹੁੰਦੀ ਪਿਉ ਨੂੰ ਵੰਗਾਰਦੀ ਹੈ।

" ਸ਼ੱਟ ਅੱਪ ਯੂ ਸਨ ਆਫ਼ ਏ ਬਿੱਚ। ਆਈ ਕੈਨ ਨੌਟ ਟੇਕ ਯੂਅਰ ਬਲੱਡੀ ਨੌਨਸੈਂਸ। ਯੂ ਆਰ ਏ ਸਟੂਪਿੱਡ ਮੈਨ ਐਂਡ ਐਂ ਐਬਿਊਸਿਵ ਪਰਸਨ। ਤੂੰ ਸ਼ੁਕਰ ਕਰ ਮੌਮ ਨੇ ਤੇਰੇ ਤੇ ਕਦੀ ਪੁਲੀਸ ਨ੍ਹੀ ਸੱਦੀ। ਵਟ ਆਈ ਐਮ ਨੌਟ ਮੌਮ, ਸੋ ! ਬੀ ਕੇਅਰਫੁੱਲ ਵੱਟ ਯੂ ਸਟ ਟੂ ਮੀ। ਜੇ ਇਕ ਹੋਰ ਫਿਲਥੀ ਵਰਡ ਕਿਹਾ , ਮੈਂ ਪੁਲੀਸ ਨੂੰ ਫੋਨ ਕਰ ਦਿਆਂਗੀ "। (ਪੰਨਾ, 17)

ਆਪਣੀ ਧੀ ਨੀਤੀ ਦੀ ਹਿੰਮਤ ਸਦਕਾ ਹੀ ਨਾਇਕਾ ਆਪਣੇ ਜ਼ੁਲਮੀ ਪਤੀ ਹਰਦੇਵ ਦੀ ਕੈਦ ਵਿਚੋਂ ਛੁਟਕਾਰਾ ਪਾਉਣ ਵਿਚ ਸਫ਼ਲ ਹੋ ਜਾਂਦੀ ਹੈ ਤੇ ਪਾਠ ਦੇ ਅੰਤ ਵਿਚ ਤਲਾਕ ਲੈਣ ਦਾ ਤਲਖ਼ ਫ਼ੈਸਲਾ ਲੈ ਲੈਂਦੀ ਹੈ। ਪਹਿਲਾਂ ਪਹਿਲ ਤਾਂ ਉਹ ਪਰੰਪਰਕ ਜੀਵਨ ਮੁੱਲਾਂ ਦੇ ਅਧੀਨ ਹੋ ਪਤੀ ਦੀਆਂ ਵਧੀਕੀਆਂ ਸਹਿਨ ਕਰਦੀ ਰਹਿੰਦੀ ਹੈ ਪਰ ਬਾਅਦ ਵਿਚ ਪੱਛਮੀਂ ਸਮਾਜ-ਸਭਿਆਚਾਰ ਦੀ ਪ੍ਰਚਲੱਤ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਸਵੈ-ਮਾਣ ਨਾਲ ਜਿਉਣ ਨੂੰ ਹੀ ਤਰਜੀਹ ਦੇਂਦੀ ਵੱਖਰੀ ਹੋ ਜਾਂਦੀ ਹੈ। ਆਰਥਿਕ ਤੌਰ ਤੇ ਅਜ਼ਾਦ ਹੋਣ ਨਾਲ ਉਸ ਦਾ ਜੀਵਨ ਪ੍ਰਤੀ ਵਤੀਰਾ ਹੀ ਬਦਲ ਜਾਂਦਾ ਹੈ, ਜਿਸ ਦੇ ਫ਼ਲਸਰੂਪ ਉਹ ਹਰਦੇਵ ਦੇ ਹਿੰਸਕ ਰਵੱਈਏ ਤੋਂ ਇਨਕਾਰੀ ਹੋ ਵੱਖਰੇ ਰਹਿਣ ਦਾ ਫ਼ੈਸਲਾ ਕਰ ਲੈਂਦੀ ਹੈ। ਵਾਸਤਵ ਵਿਚ ਬਿਰਤਾਂਤਕਾਰ ਨੇ ਕੇਂਦਰੀ ਪਾਤਰ ਨੂੰ ਬਿਰਤਾਂਤ ਦੇ ਫ਼ੋਕਸ ਵਿਚ ਰੱਖ ਨਾਰੀਵਾਦੀ ਪੱਖ ਨੂੰ ਵਧੇਰੇ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਜਿਸ ਵਿਚ ਉਹ ਆਪਣੀ ਧੀ ਨੀਤੀ ਦੇ ਸਹਾਰੇ ਮਰਦਊਂ ਹਓਮੈਂ ਨੂੰ ਚੁਣੌਤੀ ਦੇਂਦੀ ਵਿਕੋਲਿਤਰੇ ਸਮਾਜਕ ਪ੍ਰਤਿਮਾਨ ਸਥਾਪਤ ਕਰਨ ਵੱਲ ਅਗਰਸਰ ਹੁੰਦੀ ਹੈ।

ਇਸੇ ਤਰ੍ਹਾਂ ਦੀ ਨਾਰੀ ਚੇਤਨਾ 'ਖੰਡਰ' ਕਹਾਣੀ ਵਿਚ ਸਬੀਨਾ ਵਿਚ ਵੇਖਣ ਨੂੰ ਮਿਲਦੀ ਹੈ। ਸਬੀਨਾ ਜੋ ਕੈਨੇਡਾ ਵਿਚ ਹੀ ਪੜ੍ਹ- ਲਿਖ ਕੇ ਜਵਾਨ ਹੁੰਦੀ ਹੈ। ਆਧੁਨਿਕ ਨਾਰੀ ਚੇਤਨਾ ਅਧੀਨ ਆਪਣੇ ਮਨ ਦੇ ਹਾਣੀ ਗੋਰੀ ਨਾਲ ਰਹਿਣ ਲੱਗ ਜਾਂਦੀ ਹੈ। ਇਸੇ ਲਈ ਉਹ ਆਪਣੀ ਮਾਂ ਨੂੰ ਸੰਬੋਧਿਤ ਹੁੰਦੀ ਕਹਿੰਦੀ ਹੈ:

" ਮੌਮ ! ਮੈਂ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ ਜੀਣਾ ਚਾਹੁੰਦੀ ਹਾਂ। ਜੇ ਕਰ ਤੁਹਾਡੀਆਂ ਇੱਛਾਵਾਂ ਨੂੰ ਕਿਸੇ ਨੇ ਨਹੀਂ ਪੁੱਛਿਆ ਸਮਝਿਆ, ਇਹ ਜ਼ਰੂਰੀ ਤਾਂ ਨਹੀਂ ਮੈਂ ਉਸੇ ਤਰ੍ਹਾਂ ਦੀ ਘੁੱਟਣ

ਵਿਚ ਜੀਵਾਂ ?ਅਜ ਦੀ ਜਨਰੇਸ਼ਨ ਬਹੁਤ ਕਲੀਅਰ ਹੈ ਕਿ ਉਸ ਨੂੰ ਕੀ ਅਤੇ ਕੌਣ ਚਾਹੀਦਾ ਹੈ ”।( ਪੰਨਾ, 92)

ਪਰ ਜਿਹਨਾਂ ਨਾਰੀ ਪਾਤਰਾਂ ਨੇ ਪੰਜਾਬ ਦੀ ਧਰਤੀ ਤੋਂ ਪਰਵਾਸ ਕੀਤਾ ਹੈ, ਉਹਨਾਂ ਅੰਦਰ ਆਪਣੇ ਸਭਿਆਚਾਰ ਤੇ ਜੀਵਨ ਮੁੱਲਾਂ ਲਈ ਇਕ ਆਕਸ਼ਰਣ ਜ਼ਰੂਰ ਹੈ, ਇਸੇ ਲਈ ‘ ਬੱਸ ! ਹੋਰ ਨ੍ਹੀ’ ਦੀ ਨਾਇਕਾ ਆਪਣੀ ਧੀ ਨੀਤੀ ਨੂੰ ਐਲਿਨ ਨਾਲ ‘ਲਿਵ ਇਨ ਰਿਲੈਸ਼ਨਸ਼ਿਪ’ ਤੋਂ ਹੋੜਦੀ ਵਿਆਹ ਕਰਵਾਉਣ ਲਈ ਰਜ਼ਾਮੰਦ ਕਰਨ ਵਿਚ ਸਫ਼ਲ ਹੋ ਭਾਰਤੀ ਕਦਰਾਂ ਕੀਮਤਾਂ ਦੀ ਸਨਾਖ਼ਤ ਨੂੰ ਬਰਕਰਾਰ ਰੱਖਦੀ ਹੈ। ਅਸਲ ਵਿਚ ਨੀਤੀ ਘਰ ਵਿਚ ਮਾਂ ਦੀ ਹੁੰਦੀ ਦੁਰਗਤ ਨੂੰ ਦੇਖ ਇਹ ਦਬੰਗ ਫ਼ੈਸਲਾ ਲੈਂਦੀ ਵਿਆਹ ਤੋਂ ਦੂਰ ਭੱਜਣ ਲੱਗਦੀ ਹੈ। ਉਹ ਆਪਣੀ ਮਾਂ ਵਾਂਗ ਦੱਬੂ ਬਣ ਜਿਊਣਾ ਨਹੀਂ ਚਾਹੁੰਦੀ ਤੇ ਨਾ ਹੀ ਕਿਸੇ ਦੀ ਅਧੀਨਗੀ ਸਹਿਣਾ ਚਾਹੁੰਦੀ ਹੈ। ਵਿਆਹ ਬੰਧਨ ਤੋਂ ਅਲਗਾਵ ਦੀ ਇਹ ਸਥਿਤੀ ਅਤੇ ਪੱਛਮ ਦੀ ਧਰਤੀ ਦੀ ਖੁੱਲ੍ਹ ਨੌਜਵਾਨ ਪੀੜ੍ਹੀ ਨੂੰ ‘ਲਿਵ ਇਨ ਰਿਲੈਸ਼ਨਸ਼ਿਪ’ ਲਈ ਪ੍ਰੇਰਿਤ ਕਰਦੀ ਹੈ। ਪਰ ਪੰਜਾਬੀ ਕਹਾਣੀ ਇਸ ਦਾ ਵਿਰੋਧ ਕਰਦੀ ਇਸ ਦੀ ਨਿਰਾਰਥਕਤਾ ਨੂੰ ਸਿੱਧ ਕਰਦੀ ਹੈ। ਜਿਸ ਦੇ ਲਈ ਕਈ ਥਾਵਾਂ ਤੇ ਸੱਭਿਆਚਾਰਕ ਤਣਾਓ ਵੀ ਪੇਸ਼ ਹੁੰਦਾ ਹੈ। ਜਿਸ ਦੀ ਨਿਸ਼ਾਨਦੇਹੀ ‘ਚੱਪਾ ਕੁ ਸੂਰਜ’ ਕਹਾਣੀ ਵਿਚ ਵੀ ਹੋਈ ਵੀ ਮਿਲਦੀ ਹੈ। ਜਦੋਂ ਕਿਰਨ ਦਾ ਬੇਟਾ ਜੌਹਨੀ ਮਾਂ ਦੀ ਵਿਰੋਧਤਾ ਕਰਦਾ ਕਹਿੰਦਾ ਹੈ:

“ ਮਾਮ ਯੂਅਰ ਟਾਈਮਜ਼ ਵਰ ਡਿਫ਼ਰੈਂਟ। ਆਈ ਵਾਂਟ ਏ ਕੰਮਪੈਨੀਅਨ ਨਾਟ ਖਾਨਦਾਨੀ। ਆਈ ਐਮ ਨਾਟ ਮੈਰਿੰਗ ਏ ਖਾਨਦਾਨੀ। ਦਿਸ਼ ਇਜ਼ ਆਲ ਬੁੱਲ। ਤੁਹਾਨੂੰ ਸੋਚ ਬਦਲਣੀ ਪਵੇਗੀ। ਇਹ ਇੰਡੀਆ ਨ੍ਹੀ ਹੈ। ਹੁਣ ਇਕੀਵੀਂ ਸਦੀ ਹੈ। ਤੁਸੀਂ ਇੰਡੀਅਨਜ਼ ਅਠਾਰਵੀਂ ਸਦੀ ਵਿਚ ਜਿਊਂਦੇ ਹੋ।( ਪੰਨਾ, 68)

ਬਿਰਤਾਂਤਕੀ ਪਾਠ ਵਿਚ ਇਹ ਤਣਾਓ ਉਦੋਂ ਹੋਰ ਗਹਿਰੇ ਭਾਵ ਧਾਰਨ ਕਰ ਜਾਂਦਾ ਹੈ, ਜਦੋਂ ਕਿਰਨ ਦੀ ਧੀ ਰੂਪੀ ਕੁਆਰੀ ਮਾਂ ਬਣਨ ਨੂੰ ਪਹਿਲ ਦੇਂਦੀ ਅਬਾਰਸ਼ਨ ਕਰਵਾਉਣ ਤੋਂ ਇਨਕਾਰ ਕਰ ਦੇਂਦੀ ਹੈ।

“ ਓਹ , ਮੈਂ ਕਿਹੜਾ ਨਿਆਣੀ ਆਂ ਮੈਂ ਐਜੂਕੇਟਿਡ ਵੋਮਨ ਹਾਂ। ਆਈ ਵਿਲ ਲੁਕ ਆਫ਼ਟਰ ਮਾਈ ਚਾਇਲਡ। ਵਟ ਇਜ਼ ਦਿਸ ਨੌਨਸੈਂਸ ਕਲਚਰ ? ਮੈਂ ਕੇਅਰ ਨ੍ਹੀ ਕਰਦੀ ਕਿ ਲੋਕ ਕੀ ਸੋਚਦੇ ਹਨ। ਮਿਲੀਅਨ ਔਰਤਾਂ ਪਰੈਗਨੈਂਟ ਹੋ ਜਾਂਦੀਆਂ ਹਨ। ਐਕਸੀਡੈਂਟ ਇਜ਼ ਐਕਸੀਡੈਂਟ। ਮੈਂ ਅਗਾਂਹ ਤੋਂ ਵੱਧ ਧਿਆਨ ਰੱਖੂੰਗੀ। ਦੈਟਸ ਆਲ ”।( ਪੰਨਾ, 72)

ਤੀਜੇ ਸੰਸਾਰ ਦੇ ਲੋਕਾਂ ਨੇ ਜਦੋਂ ਪੱਛਮੀਂ ਦੇਸ਼ਾਂ ਵਿਚ ਪਰਵਾਸ ਕੀਤਾ ਤਾਂ ਉੱਥੇ ਉਹਨਾਂ ਦਾ ਕਈ ਤਰ੍ਹਾਂ ਦੇ ਸਭਿਆਚਾਰਕ ਟਕਰਾਵਾਂ, ਵਿਰੋਧਤਾਈਆਂ ਤੇ ਸੰਕਟਾਂ ਨਾਲ ਵਾਹ ਪਿਆ। ਜਿਸ ਦਾ ਇਕ ਬਹੁਪੱਖੀ ਪਾਸਾਰ ਪੰਜਾਬੀ ਕਹਾਣੀ ਵਿਚ ਵੀ ਵੇਖਣ ਨੂੰ ਮਿਲਦਾ ਹੈ। ਇਹਨਾਂ ਸੰਕਟਾਂ ਦੀ ਸਥਿਤੀ ਨੇ ਪਰਵਾਸੀ ਚੇਤਨਾ ਤੇ ਮਾਨਸਿਕਤਾ ਵਿਚ ਜੋ ਹੱਲਚਲ ਪੈਦਾ ਕੀਤੀ, ਉਸ ਦੀ ਪੇਸ਼ਕਾਰੀ ਵੀ ਪੰਜਾਬੀ ਕਹਾਣੀ ਦਾ ਮੂਲ ਬਣੀ। ਇਸ ਨੂੰ ਅਸੀਂ ਪੂਰਬ ਅਤੇ ਪੱਛਮ ਦੇ ਵਿਰੋਧ ਵਿਚ ਵੀ ਵੇਖ ਸਕਦੇ ਹਾਂ:

“ ਜ਼ਮੀਨ ਮੈਨੂੰ ਵਿਹਲ ਨਾ ਦੇਵੇ। ਮੈਂ ਕੀ ਸੁਣ ਰਹੀ ਸਾਂ। ਇਹ ਸਾਡੀ ਸੋਚ ਵਿਚ ਪਾੜਾ ਕਦੋਂ ਤੇ ਕਿਸ ਤਰ੍ਹਾਂ ਪੈ ਗਿਆ ਸੀ ? ਮੈਨੂੰ ਨਹੀਂ ਸੀ ਪਤਾ। ਅਸੀਂ ਤਾਂ ਸੋਚਦੇ ਸਾਂ ਕਿ ਮਿਹਨਤ ਮੁਸ਼ੱਕਤ ਕਰਕੇ ਅਸੀਂ ਬੱਚਿਆਂ ਦੀ ਜ਼ਿੰਦਗੀ ਸੰਵਾਰ ਰਹੇ ਹਾਂ। ਪਰ ਨਹੀਂ ਇਹ ਸੋਚਾਂ ਦੇ ਪਾੜੇ ਤਾਂ ਸਦੀਆਂ ਜੇਡੇ ਵੱਡੇ ਸਨ। ਜਿਨ੍ਹਾਂ ਨੂੰ ਚਾਹ ਕੇ ਵੀ ਟੱਪ ਸਕਣਾ ਮੇਰੇ ਵੱਸ ਵਿਚ ਨਹੀਂ ਸੀ ”।( ਪੰਨਾ, 72)

ਇਹ ਵਿਚਾਰਧਾਰਕ ਅੰਤਰਾਲ ਹੀ ਬਹੁਤ ਵਾਰ ਮਾਪਿਆਂ ਤੇ ਬੱਚਿਆਂ ਵਿਚ ਪੀੜ੍ਹੀ ਪਾੜੇ



ਦਾ ਕਾਰਨ ਬਣਦਾ ਹੈ।

ਪਰਵਾਸੀ ਪੰਜਾਬੀ ਕਹਾਣੀ ਵਿਚ ਅਕਸਰ ਪੂਰਬੀ ਤੇ ਪੱਛਮੀਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਸਹੀ ਸੰਦਰਭ ਵਿਚ ਸਮਝਣ ਦੀ ਚੇਸ਼ਟਾ ਵੀ ਕਰਦੀ ਹੈ। ‘ ਚੱਪਾ ਕੁ ਸੂਰਜ’ ਕਹਾਣੀ ਦਾ ਬਿਰਤਾਂਤ ਇਸ ਪਰਿਪੇਖ ਤੋਂ ਮਹਤੱਵ ਦਾ ਧਾਰਨੀ ਹੈ। ਜਿਸ ਵਿਚ ਕਿਸੇ ਤਰ੍ਹਾ ਦੇ ਵੀ ਸਭਿਆਚਾਰਕ ਟਕਰਾਅ ਦੇ ਨਾਲ ਮਾਨਵ ਪੱਖੀ ਸਭਿਆਚਾਰਕ ਕਦਰਾਂ ਕੀਮਤਾਂ ਦੀ ਗੱਲ ਕੀਤੀ ਗਈ ਹੈ। ਪਾਠ ਦੀ ਕੇਂਦਰੀ ਪਾਤਰ ਵਿਧਵਾ ਹੋਣ ਦੇ ਬਾਵਜੂਦ ਆਪਣੇ ਬੱਚਿਆ ਦੀ ਪਰਿਵਰਸ਼ ਪੂਰੀ ਤਨਦੇਹੀ ਨਾਲ ਕਰਦੀ ਹੈ। ਉਸ ਨੂੰ ਆਪਣੇ ਨਾਲ ਕੰਮ ਕਰਦੀ ਮਾਰਗਰੇਟ ਦੀ ਆਪਣੇ ਨਿੱਜ ਓਤੇ ਆਪਣੇ ਵਕਤ ਦੀ ਕਦਰ ਕਰਨ ਦੀ ਗੱਲ ਬੜੀ ਅਜੀਬ ਲੱਗਦੀ ਹੈ। ਪਰ ਢਲਦੀ ਉਮਰੇ ਜਦੋਂ ਆਪਣੇ ਬੱਚਿਆਂ ਦੀ ਪੜਚੋਲ ਕਰਦੀ ਹੈ ਤਾਂ ਉਸ ਨੂੰ ਇੰਜ ਪ੍ਰਤੀਤ ਹੁੰਦਾ ਹੈ ਕਿ ਉਸ ਦੀ ਦੁਨੀਆਂ ਸੁੰਗੜ ਕੇ ਚੱਪਾ ਕੁ ਰਹਿ ਗਈ ਹੈ। ਕਿਉਂਕਿ ਉਸ ਦੇ ਬੱਚੇ ਕਹਿਣ ਤੋਂ ਬਾਹਰ ਹਨ ਤੇ ਮਨਮਰਜ਼ੀ ਕਰ ਆਪਣੀ ਜ਼ਿੰਦਗੀ ਆਪਣੇ ਅਨੁਸਾਰੀ ਹੋ ਜਿਉਣਾ ਚਾਹੁੰਦੇ ਹਨ। ਛੋਟੀ ਧੀ ਗੁਰਿੰਦਰ ਇਕ ਗੋਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ,ਜਿਸ ਦੇ ਲਈ ਨਾਇਕਾ ਰਜ਼ਾਮੰਦ ਨਹੀਂ। ਉਸ ਨੂੰ ਜਾਪਦਾ ਹੈ ਕਿ ਉਸ ਦੀ ਧੀ ਗੋਰਿਆਂ ਦੀ ਸਭਿਅਤਾ ਵਿਚ ਅਡਜਸਟ ਨਹੀਂ ਕਰ ਸਕੇਗੀ। ਪਰ ਬਦਲਦੇ ਪਰਿਪੇਖ ਵਿਚ ਗੋਰੇ ਰਿਚਰਡ ਦੇ ਮੂੰਹੋਂ ਸੰਸਕਾਰਾਂ ਤੇ ਪਰਿਵਾਰਕ ਕਦਰਾਂ ਕੀਮਤਾਂ ਦੀ ਗੱਲ ਸੁਣਦੀ ਹੈ ਤਾਂ ਦੰਗ ਰਹਿ ਜਾਂਦੀ ਹੈ। ਜਿਸ ਦੇ ਲਈ ਉਸ ਨੂੰ ਰਿਚਰਡ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਤੇ ਸੋਚ ਬਦਲਣੀ ਪੈਂਦੀ ਹੈ ਤੇ ਨਾਇਕਾ ਨੂੰ ਜਾਪਦਾ ਹੈ ਜਿਵੇਂ ‘ ਚੱਪਾ ਕੁ ਸੂਰਜ’ ਰਿਚਰਡ ਹੈ । ਜਿਸ ਦੀ ਲਾਲੀ ਉਸ ਦੀ ਢਲਦੀ ਉਮਰ ਲਈ ਸਹਾਰਾ ਬਣ ਸਕਦੀ ਹੈ। ਬਿਰਤਾਂਤਕੀ ਪਾਠ ਵਿਚ ਭਾਰਤੀ ਮਾਨਸਿਕਤਾ ਨਾਲ ਜੁੜੀ ਨਸਲਵਾਦ ਦੀ ਸਮੱਸਿਆ ਨੂੰ ਨਵੀਨ ਪਰਿਪੇਖ ਅਧੀਨ ਪੇਸ਼ ਕੀਤਾ ਗਿਆ ਹੈ। ਪਰਵਾਸੀਆਂ ਵਿਚ ਨਸਲੀ ਵਿਤਕਰੇ ਦੀ ਭਾਵਨਾ ਜੋ ਸਮਾਜਕ-ਸਭਿਆਚਾਰਕ ਅਣਮੇਲ ਦੀ ਸਥਿਤੀ ਨੂੰ ਜਨਮ ਦੇਂਦੀ ਸੀ। ਉਸ ਵਿਚ ਪਰੀਵਰਤਨ ਆ ਰਿਹਾ ਹੈ। ਜਿਸ ਅਧੀਨ ਭਾਰਤੀ ਪਰਵਾਸੀ ਹੁਣ ਦੂਸਰੀ ਨਸਲ ਦੇ ਲੋਕਾਂ ਨਾਲ ਸੰਬੰਧ ਬਣਾਉਣੇ ਆਪਣੀ ਹੇਠੀ ਨਹੀਂ ਸਮਝਦੇ।

ਕਹਾਣੀ ਪਾਠ ਵਿਚ ਇਕ ਤਰਕ ਬਜ਼ੁਰਗਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਤ ਹੈ। ਪਰਵਾਸ ਵਿਚ ਬਜ਼ੁਰਗਾਂ ਦੀ ਸਥਿਤੀ ਦੇ ਕਿੰਨੇ ਹੀ ਪਾਸਾਰ ਬਣਦੇ ਹਨ। ਬਜ਼ੁਰਗ ਪਰਵਾਸ ਦੀ ਸਭ ਤੋਂ ਪੀੜ੍ਹਤ ਧਿਰ ਹਨ। ਇਹਨਾਂ ਬੁਜ਼ਰਗਾਂ ਵਿਚ ਵੱਡੀ ਗਿਣਤੀ ਉਹਨਾਂ ਦੀ ਹੈ ਜੋ ਰਿਟਾਇਰਮੈਂਟ ਤੋਂ ਬਾਅਦ ਪੁੱਤਰਾਂ ਧੀਆਂ ਦੁਆਰਾ ਇਸ ਲਈ ਸੱਦ ਲਏ ਜਾਂਦੇ ਹਨ ਕਿਉਂਕਿ ਪੁੱਤਰਾਂ ਧੀਆਂ ਨੂੰ ਵਿਆਹ ਤੋਂ ਬਾਅਦ ਬੱਚਿਆ ਦੇ ਪਾਲਣ ਪੋਸ਼ਣ ਲਈ ਉਹਨਾਂ ਦੀ ਲੋੜ ਹੈ। ਇਹ ਬਜ਼ੁਰਗ ਉਦੋਂ ਤੱਕ ਹੀ ਜ਼ਰੂਰਤ ਬਣਦੇ ਹਨ, ਜਦੋਂ ਤੱਕ ਪੁੱਤਾਂ ਧੀਆਂ ਦੇ ਬੱਚੇ ਉਡਾਰ ਨਹੀਂ ਹੋ ਜਾਂਦੇ ਤੇ ਜਦੋਂ ਲੋੜ ਪੂਰੀ ਹੋ ਗਈ ਤਾਂ ਬਜ਼ੁਰਗ ਬੋਝ ਬਣ ਜਾਂਦੇ ਹਨ। ਜਿਸ ਦਾ ਇਕ ਵੇਰਵਾ ਬਲਬੀਰ ਕੌਰ ਸੰਘੇੜਾ ਦੀ ਕਹਾਣੀ ‘ ਹਾਈਪੋਥਰਮੀਆਂ’ ਵਿਚ ਵੀ ਮਿਲਦਾ ਹੈ। ਧੀਆਂ ਪੁੱਤਰਾਂ ਨੂੰ ਬਾਪੂ ਤੇ ਬੇਜੀ ਦੀ ਲੋੜ ਬੱਚੇ ਸਾਂਭਣ ਲਈ ਹੈ।

“ ਬੀਜੀ ਤੇ ਬਾਪੂ ਜੀ ਵੱਲ ਉਸ ਦਾ ਝੁਕਾਅ ਜ਼ਰੂਰ ਹੋ ਗਿਆ ਸੀ । ਉਹ ਵੀ ਲੋੜ ਕਾਰਨ। ਉਸ ਨੂੰ ਲੋੜ ਸੀ ਕਿ ਕੋਈ ਉਸ ਦੇ ਬੱਚੇ ਸਾਂਭੇ ਤੇ ਉਹ ਦੋਨੋਂ ਮੀਆਂ ਬੀਵੀ ਕੰਮ ਕਰ ਸਕਣਗੇ। ਬੇਵੀ ਸਿਟਰ ਦਾ ਇਨ੍ਹਾਂ ਦੇਸ਼ਾਂ ਵਿਚ ਖ਼ਰਚਾ ਬਹੁਤ ਸੀ। ਦੂਜਾ ਬੀਜੀ ਤੇ ਬਾਪੂ ਜੀ ਥੋੜਾ ਬਹੁਤ ਰੋਟੀ ਪਾਣੀ ਦਾ ਖ਼ਰਚਾ ਵੀ ਦਿੰਦੇ ਸਨ। ਬੀਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਸ ਨੂੰ ਬਾਪੂ ਜੀ ਵੀ ਬੋਝ ਜਾਪਣ ਲੱਗ ਪਏ ਸਨ। ਪਹਿਲਾ ਬੀਜੀ ਬੱਚੇ ਵੀ ਸਾਂਭਦੇ ਤੇ ਰੋਟੀ ਟੁੱਕ ਦਾ ਕੰਮ ਵੀ ਕਰ ਲੈਂਦੀ ਸੀ। ਤੇ ਹੁਣ ਬਾਪੂ ਜੀ

ਲਈ ਮਿੰਦਰੋ ਨੂੰ ਖੜੀ ਲੱਤੇ ਰਹਿਣਾ ਪੈਂਦਾ ਸੀ ”।( ਖੰਡਰ, ਪੰਨਾ, 57)

ਇਸੇ ਤਰ੍ਹਾਂ ਦਾ ਬਿਰਤਾਂਤ ਅਗਲੀ ਕਹਾਣੀ ‘ਖੰਡਰ’ ਵਿਚ ਉੱਭਰਦਾ ਹੈ।

“ ਪਰ ਕੀ ਗੱਲ ਐ ਜੇ ਹੱਥ ਹਿਲਾ ਲੈਣ।ਮੁੰਡਿਆਂ ਨੂੰ ਵੀ ਮਾਂ ਕੰਮ ਕਰਦੀ ਨ੍ਹੀ ਦਿਖਾਈ ਦਿੰਦੀ।ਸਾਰੇ ਵਾਰੋ ਵਾਰੀ ਆਪਣੇ ਨਿਆਣੇ ਮੇਰੇ ਕੋਲ ਛੱਡ ਜਾਂਦੇ ਐ।ਸਾਰਾ ਦਿਨ ਮੇਰਾ ਸਿਰ ਖਪ ਜਾਂਦੈ ਨਿਆਂਣਿਆਂ ਦੇ ਨਾਲ। ਪਰ ਉਨ੍ਹਾਂ ਨੂੰ ਮਾਂ ਦਾ ਕੰਮ ਨ੍ਹੀ ਦੀਂਹਦਾ। ਤੀਵੀਂਆਂ ਦੀ ਥਕਾਵਟ ਬਥੇਰੀ ਦੀਂਹਦੀ ਐ। ਵੀਕ ਐਂਡ ਤੇ ਲੈ ਜਾਣਗੇ ਘਰ ਵਾਲੀਆਂ ਨੂੰ ਡਿਨਰ ਕਰਾਉਣ। ਮੈਂ ਪੂਰਾ ਸਾਲ ਕੰਮ ਕਰਦੀ ਰਹਾਂ ਤਾਂ ਮਦਰਜ਼ ਡੇ ਵਾਲੇ ਦਿਨ ਵੀ ਵੀਹ ਡਾਲਰ ਦਾ ਗਿਫ਼ਟ ਲਿਆਉਂਦਿਆਂ ਹੋਇਆਂ, ਉਨ੍ਹਾਂ ਨੂੰ ਟੈਮ ਕੱਢਣਾ ਪੈਂਦੈ।( ਖੰਡਰ, ਪੰਨਾ, 89)

ਇਸ ਤਰ੍ਹਾਂ ਬਲਬੀਰ ਕੌਰ ਸੰਘੇੜਾ ਪਰਵਾਸ ਨਾਲ ਜੁੜੇ ਅਨੇਕਾਂ ਮਸਲਿਆਂ ਦੇ ਰੂਬਰੂ ਹੁੰਦਿਆਂ ਉਸ ਦੇ ਅਨੇਕਾਂ ਰੂਪਾਂ ਤੇ ਪਰਤਾਂ ਨੂੰ ਉਭਾਰਦੀ ਹੈ।ਬਿਰਤਾਂਤਕੀ ਪਾਠ ਵਿਚ ਪੇਸ਼ ਪਰਵਾਸੀ ਪੰਜਾਬੀ ਭਾਈਚਾਰੇ ਦੀ ਇਕ ਵਿਡੰਬਨਾ ਇਹ ਵੀ ਹੈ ਕਿ ਉਹ ਪਰੰਪਰਾ ਨਾਲੋਂ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ ਤੇ ਆਧੁਨਿਕਤਾ ਨਾਲ ਪੂਰੀ ਤਰ੍ਹਾਂ ਨਾਲ ਜੁੜ ਨਹੀਂ ਸਕਦਾ। ਇਸੇ ਲਈ ਪਾਤਰ ਆਪੋ-ਆਪਣੀ ਮਨੋਸਥਿਤੀ ਵਿਚ ਉਲਝੇ ਇਕ ਦੂਸਰੇ ਨਾਲ ਮੋਹ-ਪਿਆਰ, ਘਿਰਣਾ, ਕਾਮਨਾ, ਲਾਲਸਾ, ਬੇਰੁਖੀ ਤੇ ਅਲਗਾਵ ਦੀਆਂ ਸਮੱਸਿਆਵਾਂ ਦੇ ਮੱਕੜੀ ਜਾਲ਼ ਵਿਚੋਂ ਨਿਕਲਣ ਲਈ ਤਰਲੋਮੱਛੀ ਤਾਂ ਹੁੰਦੇ ਹਨ ਪਰ ਪੂਰੀ ਤਰ੍ਹਾਂ ਮੁਕਤ ਹੋਣ ਤੋਂ ਅਸਮਰੱਥ ਰਹਿੰਦੇ ਹਨ।ਇਸ ਸੰਦਰਭ ਵਿਚ ‘ਚੀਕ’ ਕਹਾਣੀ ਵਾਚਣਯੋਗ ਹੈ।‘ਮੈਂ’ ਪਾਤਰ ਨੂੰ ਆਪਣਾ ਆਪ ਇਕ ਸੋਟੀ ਤੇ ਵਾਕਿੰਗ ਕੇਨ ਤੋਂ ਵੱਧ ਕੁਝ ਨਹੀਂ ਲੱਗਦਾ। ਇਕ ਵਸਤ, ਇਕ ਅਬਜੈਕਟ ਤੋਂ ਵੱਧ ਕੁਝ ਵੀ ਨਹੀਂ।ਪਤੀ ਨਿਰਾ ਪੈਸੇ ਦਾ ਪੁੱਤ ਹੈ।ਪਰ ਪਿਤਾ ਪੁਰਖੀ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਉਲਝੀ ਉਹ ਆਪਣੇ ਪਤੀ ਨੂੰ ਛੱਡ ਵੀ ਨਹੀਂ ਸਕਦੀ।ਪਤੀ ਪਤਨੀ ਵਿਚਕਾਰ ਅਸਾਵੇਂ ਸੰਬੰਧਾਂ ਦਾ ਇਕ ਆਧਾਰ ਵਿਚਾਰਧਾਰਾਈ ਵੀ ਬਣਦਾ ਹੈ। ਜਿਸ ਦੇ ਫ਼ਲਸਰੂਪ ਪਤੀ ਦਾ ਅਣਮਨੁੱਖੀ ਤੇ ਹਿੰਸਕ ਵਤੀਰਾ ਪਤਨੀ ਦੇ ਅੰਦਰ ਨਫ਼ਰਤ ਤੇ ਬੇਰੁਖੀ ਦੇ ਭਾਵ ਵੀ ਭਰਦਾ ਹੈ।ਪਰ ਸਭਿਆਚਾਰਕ ਟੈਬੂ ਵਾਰ ਵਾਰ ਰਾਹ ਰੋਕਦਾ ਸੋਚਣ ਲਈ ਮਜ਼ਬੂਰ ਕਰਦਾ ਹੈ। ਤਣਾਓਗ੍ਰਸਤ ਦਵੰਦਮੂਲਕ ਸਥਿਤੀਆਂ ਵਿਚ ਘਿਰੇ ਹੋਏ ਮਰਦ ਔਰਤ ਸੰਬੰਧ ਜਦੋਂ ਟੁੱਟਣ ਕਿਨਾਰੇ ਆਉਂਦੇ ਹਨ ਤਾਂ ਔਰਤ ਮਰਦ ਦੀਆਂ ਧਮਕੀਆਂ ਨੂੰ ਅੱਖੋਂ ਓਹਲੇ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ :

“ ਧੀਏ ਪਿੱਛਾ ਟੁੱਟੀ ਤੀਵੀਂ ਦੀ ਕੋਈ ਜੂਨ ਨ੍ਹੀ ਹੁੰਦੀ। ਤੀਵੀਂ ਨੂੰ ਛੱਤ ਚਾਹੀਦੀ ਐ। ਮਜ਼ਬੂਤ।ਵਰਨਾ ਤੀਵੀਂ ਖੁਰ ਜਾਂਦੀ ਐ ਮਿੱਟੀ ਦੀ ਡਲੀ ਆਂਗ ਤੇ ਰੁੜ੍ਹ ਜਾਂਦੀ ਐ ਨਾਲੀਆਂ-ਬਹੀਣਾਂ ਰਾਹੀਂ।ਬਾਹਰ ਨਿਕਲੇ ਤਾਂ ਕਾਂ ਖਾਂਦੇ ਨੇ ਤੇ ਅੰਦਰ ਵੜੇ ਤਾਂ ਚੂਹੇ ”।(ਪੰਨਾ, 101)

ਪਰਵਾਸੀ ਪੰਜਾਬੀ ਕਹਾਣੀ ਵਿਚ ਸਾਮੰਤਵਾਦੀ ਚੇਤਨਾ ਅਧੀਨ ਪਤੀ ਤੇ ਉਸ ਦੇ ਪਰਿਵਾਰ ਦੁਆਰਾ ਸਰੀਰਕ ਤੇ ਮਾਨਸਿਕ ਸ਼ੌਸ਼ਣ ਦਾ ਸ਼ਿਕਾਰ ਔਰਤ ਦਾ ਬਿੰਬ ਵੀ ਉਸਾਰਦੀ ਹੈ। ਜਿਸ ਦੀ ਪੇਸ਼ਕਾਰੀ ਸੰਘੇੜਾ ਇਕ ਵੱਖਰੇ ਜ਼ਾਵੀਏ ਤੋਂ ਕਰਦੀ ਹੈ:

“ ਮੰਮੀ ਡੈਡੀ ਕੈਨੇਡਾ ਬਿਹਤਰ ਜ਼ਿੰਦਗੀ ਲਈ ਆਏ ਸਨ।ਸੁੱਖ ਕੈਨੇਡਾ ਦੇ ਮਾਣਦੇ ਪਰ ਮਾਨਸਿਕ ਤੌਰ ਤੇ ਰਹਿੰਦੇ ਉਹ ਪੰਜਾਬ ਵਿਚ ਹੀ ਸਨ।ਪੰਜਾਬ ਵਿਚ ਸਮਾਂ ਨਵੇਂ ਰੰਗ ਲਿਆ ਰਿਹਾ ਸੀ ਪਰ ਸਾਡੇ ਘਰ ਰੁੱਤਾਂ ਬਦਲਦੀਆਂ ਸਨ, ਦੁਨੀਆਂ ਬਦਲ ਰਹੀ ਸੀ ਪਰ ਸਾਡਾ ਰਹਿਣ ਸਹਿਣ ਨਾ ਬਦਲਦਾ ”।( ਪੰਨਾ, 27)

ਬਿਰਤਾਂਤਕਾਰ ਇਥੇ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਨਾਲ ਵਿਸ਼ਵ ਦੇ ਮਸਲਿਆਂ ਨੂੰ ਵੀ ਛੋਂਹਦੀ ਹੈ।ਜਿਸ ਦੀ ਸਰਵੋਤਮ ਮਿਸਾਲ ‘ਹੁਣ ਅਸੀਂ ਠੀਕ ਠਾਕ ਹਾਂ’ ਵਿਚ ਮਿਲਦੀ



ਹੈ।ਵਿਸ਼ਵ ਸਰੋਕਾਰਾਂ ਨਾਲ ਸੰਬੰਧਤ ਇਹ ਕਹਾਣੀ ਅਜੋਕੇ ਦੌਰ ਵਿਚ ਸਮੁੱਚੀ ਮਨੁੱਖਤਾ ਨੂੰ ਦਰਪੇਸ਼ ਸੰਕਟਾਂ ਨੂੰ ਮਾਨਵੀ ਦ੍ਰਿਸ਼ਟੀ ਤੋਂ ਪ੍ਰਸਤੁਤ ਕਰਦੀ ਹੈ।ਇਸ ਬਿਰਤਾਂਤ ਰਾਹੀਂ ਬਿਰਤਾਂਤਕਾਰ ਯੁੱਧਾਂ ਜੰਗਾਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਵਿਭਿੰਨ ਕੂਟਨੀਤੀਆਂ, ਸਰਕਾਰੀ ਨੀਤੀਆਂ ਦੇ ਦੋਹਰੇ ਮਾਪਦੰਡ ਤੇ ਮਨੁੱਖਤਾ ਦੇ ਹੁੰਦੇ ਘਾਣ ਦੀ ਆਲੋਚਨਾਤਮਕ ਸੁਰ ਮਾਨਵਵਾਦੀ ਨਜ਼ਰੀਏ ਤੋਂ ਪੇਸ਼ ਕਰਦੀ ਹੈ:

“ ਕਦੋਂ ਤੱਕ ਦੁਨੀਆਂ ਵਿਚ ਕਤਲੋ-ਗਾਰਤ ਹੁੰਦੀ ਰਹੇਗੀ ?ਕਿਹੜਾ ਧਰਮ, ਕਿਹੜੀ ਸਿਆਸਤ ਹੈ ਜੋ ਇਨਸਾਨ ਨੂੰ ਇਨਸਾਨ ਨਾਲੋਂ ਨਿਖੇੜ ਕੇ ਉਸ ਦਾ ਵੈਰੀ ਬਣਾ ਦਿੰਦਾ ਹੈ ? ”( ਪੰਨਾ, 155)

ਬਿਰਤਾਂਤਕੀ ਪਾਠ ਵਿਚ ਬਿਰਤਾਂਤਕਾਰ ਗਲੋਬਲ ਮੰਡੀ ਦੇ ਮਸਲਿਆਂ ਨੂੰ ਵੀ ਵਸਤ ਬਣਾਉਂਦੀ ਦਿਖਾਈ ਦੇਂਦੀ ਹੈ। ਵਿਸ਼ਵ ਮੰਡੀ ਵਿਚ ਮਨੁੱਖ ਆਪਣੀ ਪਛਾਣ ਵੀ ਗੁਆ ਰਿਹਾ ਹੈ। ਵਸਤਾਂ ਦੇ ਉਤਪਾਦਨ ਵਿਚ ਮਨੁੱਖ ਵੀ ਇਕ ਵਸਤ ਬਣਦਾ ਜਾ ਰਿਹਾ ਹੈ।ਪੈਸੇ ਪਿੱਛੇ ਅੰਨ੍ਹੀ ਦੌੜ ਘਰ ਬਾਰ ਤੇ ਰਿਸ਼ਤੇ ਨਾਤੇ ਸਭ ਕੁਝ ਦਾ ਮਲੀਆਮੇਟ ਹੁੰਦਾ ਜਾ ਰਿਹਾ ਹੈ। ਜਿਸ ਦਾ ਜ਼ਿਕਰ ਬਿਰਤਾਂਤਕਾਰ ‘ਖੰਡਰ’ ਕਹਾਣੀ ਵਿਚ ਵੀ ਕਰਦੀ ਹੈ।

“ ਦੁਨੀਆਂ ਦੀ ਮੰਡੀ ਵਿਚ ਹੁਣ ਕਿਸੇ ਚੀਜ਼ ਦੀ ਕੀਮਤ ਨਹੀਂ ਰਹੀ।ਇਸ ਦੇ ਨਾਲ ਰਿਸ਼ਤੇ ਵੀ ਖੇਰੂੰ ਖੇਰੂੰ ਹੋ ਗਏ ਹਨ।ਹੁਣ ਲੋੜ ਹੈ ਇਨਸਾਨ ਪਹਿਲਾਂ ਹੀ ਆਪਣੇ ਦਿਮਾ.ਗ ਨੂੰ ਤਿਆਰ ਕਰ ਲਵੇ ਕਿ ਮੈਂ ਆਪਣਾ ਕੰਮ ਆਪ ਕਰਨਾ ਹੈ ਅਤੇ ਬਾਅਦ ਵਿਚ ਮਸ਼ੀਨ ਦੇ ਸਵਿੱਚ ਔਨ -ਔਫ ਕਰਨ ਵਾਂਗ ਬੰਦ ਹੋ ਜਾਣਾ ਹੈ ”।( ਪੰਨਾ, 86)

ਵਿਸ਼ਵੀਕਰਨ ਨੇ ਸਾਡੇ ਖਾਣ, ਪੀਣ ਤੇ ਰਹਿਣ- ਸਹਿਣ ਨੂੰ ਵੀ ਬੜੇ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ ।ਬਜ਼ਾਰ ਵਿਚ ਆ ਰਹੇ ਨਿੱਤ ਨਵੇਂ ਖ਼ਾਧ ਪਦਾਰਥ ਇਸ਼ਤਿਹਾਰਾਂ ਰਾਹੀਂ ਬੱਚਿਆਂ ਨੂੰ ਆਕਰਸ਼ਿਤ ਕਰ ਰਹੇ ਹਨ। ਮੈਕਡਾਨਲਡ, ਕਿੰਗ ਬਰਗਰ , ਪੀਜ਼ਾ ਹੱਟਸ ਨੇ ਫ਼ਾਸਟ ਫ਼ੂਡ ਦੇ ਕਾਰੋਬਾਰ ਨੂੰ ਬੜੀ ਤੇਜ਼ੀ ਨਾਲ ਉੱਨਤ ਕੀਤਾ ਹੈ। ਰਾਤੋ-ਰਾਤ ਅਮੀਰ ਹੋਣ ਦੇ ਸੁਪਨਿਆਂ ਵਿਚ ਉਲਝਿਆ ਮਨੁੱਖ ਫ਼ਾਸਟ-ਫ਼ੂਡ ਖਾਣ ਲਈ ਮਜ਼ਬੂਰ ਹੈ । ਵਿਸ਼ਵੀਕਰਨ ਦਾ ਸਭਿਆਚਾਰ ਲੋਕਾਂ ਦੀਆ ਆਦਤਾਂ , ਰੁੱਚੀਆਂ ਤੇ ਸੁਹਜ ਸੁਆਦ ਨੂੰ ਬਦਲਣ ਵਿਚ ਅਹਿਮ ਰੋਲ ਨਿਭਾ ਰਿਹਾ ਹੈ।

“ ਪਰ ਅੱਜ ਦੀ ਪੀੜ੍ਹੀ ਇਸ ਤਰ੍ਹਾਂ ਤੁਰ ਰਹੀ ਹੈ ਜਿਵੇਂ ਪੂਛ ਨੂੰ ਅੱਗ ਲੱਗੀ ਹੋਵੇ।ਹਾਲੀਂ ਹੁਣੇ ਮੇਰਾ ਪੋਤਾ ਕੰਮ ਤੋਂ ਬਰੇਕ ਕਰਨ ਆਇਆ ਸੀ।ਕਹਿਣ ਲੱਗਾ, “ ਗਰੈਂਡ ਮਾਂ !ਛੇਤੀ ਸੈਂਡਵਿੱਚ ਬਣਾ ਦੇ, ਮੈਂ ਕਾਰ ਵਿਚ ਹੀ ਖਾ ਲਵਾਂਗਾ ”।( ਪੰਨਾ, 88)

ਇਸੇ ਲਈ ਪੰਜਾਬੀਆਂ ਅੰਦਰ ਵਿਦੇਸ਼ਾਂ ਵਿਚ ਜਾ ਪੌਂਡ ਤੇ ਡਾਲਰ ਕਮਾਉਣ ਦੀ ਲਾਲਸਾ ਵੱਧਦੀ ਹੈ।ਬਹੁਤ ਵਾਰ ਉਹ ਆਪਣੇ ਧੀਆਂ ਪੁੱਤਾਂ ਨੂੰ ਦਾਅ ਤੇ ਲਗਾ ਵਿਕੋਲਿਤਰੇ ਤਰੀਕਿਆਂ ਰਾਹੀਂ ਪਰਵਾਸ ਕਰਨ ਦੇ ਵਸੀਲੇ ਲੱਭਦੇ ਹਨ। ਜਿਸ ਦਾ ਜ਼ਿਕਰ ‘ਬੱਸ ਹ਼ੋਰ ਨ੍ਹੀ’ ਦੀ ਨਾਇਕ ਕੁਝ ਇਸ ਤਰ੍ਹਾਂ ਕਰਦੀ ਹੈ:

“ ਮੇਰੇ ਰਿਸ਼ਤੇ ਦਾ ਵੀ ਮੁੱਲ ਹੀ ਪਿਆ ਸੀ। ਮੈਨੂੰ ਕੈਨੇਡਾ ਭੇਜ ਕੇ ਬਾਕੀ ਟੱਬਰ ਕੈਨੇਡਾ ਪਹੁੰਚ ਗਿਆ ਸੀ।ਕੰਜ਼ਿਊਮਰ ਕਲਚਰ ਨੇ ਮਨੁੱਖ ਦੀ ਕੀਮਤ ਘਟਾ ਕੇ ਸਿਫ਼ਰ ਕਰ ਦਿੱਤੀ ਹੈ।ਰਿਸ਼ਤੇ ਇਸ ਕਲਚਰ ਦੀ ਭੇਂਟ ਚੜ੍ਹ ਗਏ ”।( ਪੰਨਾ, 33)

ਦੇਖੋ ਬਾਕੀ ਪੰਨਾ ਨੰ : 144 ’ਤੇ

ਜਿੰਦਰ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਡੀ-218, ਫੋਕਲ ਪੁਆਇੰਟ, ਪਟਿਆਲਾ ਤੋਂ ਛਪਵਾ ਕੇ 984, ਮਾਡਲ ਹਾਊਸ, ਜਲੰਧਰ ਤੋਂ ਜਾਰੀ ਕੀਤਾ।